ਉੱਤਰਾਰਧਃ ।

ਅਨੁਭੂਮਿਕਾ ।

ਇਹ ਬਾਤ ਸਿੱਧ ਹੈ ਕਿ ਪੰਜ ਹਜ਼ਾਰ ਵਰ੍ਹੇਆਂ ਤੋਂ ਪਹਿਲੇ ਵੇਦ ਮਤ ਥੀਂ ਭਿੰਨ ਦੂਜਾ ਕੋਈਭੀ ਮਤ ਨਾ ਸੀ, ਕਿਉਂਕਿ ਵੇਦ ਵਿੱਚ ਕਹੀਆਂ ਹੋਈਆਂ ਸਬ ਬਾਤਾਂ ਵਿਦਿਆ ਥੀਂ ਅਵਿਰੁੱਧ ਹਨ, ਵੇਦਾਂ ਦੀ ਪ੍ਰਵ੍ਰਿੱਤੀ ਰੁਕਨ ਦਾ ਕਾਰਣ ਮਹਾਭਾਰਤ ਦਾ ਯੁੱਧ ਹੋਇਆ, ਇਨ੍ਹਾਂ ਦੀਅਪ੍ਰਵ੍ਰਿੱਤੀ ਥੀਂ ਅਵਿਦਿਆ ਅੰਧਕਾਰ ਦੇ ਸਾਰੀ ਪ੍ਰਿਥਿਵੀ ਵਿਚ ਫੈਲ ਜਾਨ ਕਰਕੇ ਮਨੁਸ਼ਾਂ ਦੀ ਬੁੱਧੀ ਭ੍ਰਮ ਵਾਲੀ ਹੋਗਈ, ਜਿਸ ਦੇ ਮਨ ਵਿਚ ਜੇਹਾਆਇਆ ਤੇਹਾ ਮਤ ਚ-ਲਾਇਆ, ਉਨ੍ਹਾਂ ਸਾਰੇ ਮਤਾਂ ਵਿਚ ਚਾਰ ਮਤ ਅਰਥਾਤ ਜੋ ਵੇਦ ਵਿਰੁੱਧ ਪੁਰਾਣੀ, ਜੈਨੀ, ਕਿਰਾਨੀ ਅਰ ਕੁਰਾਨੀ, ਸਬ ਮਤਾਂ ਦੇ ਮੂਲ ਹਨ, ਓਹ ਕ੍ਰਮ ਨਾਲ ਇਕ ਦੇ ਪਿੱਛੇ ਦੂਜਾ, ਤੀਜਾ, ਚੌਥਾ ਚੱਲਿਆ ਹੈ, ਹੁਨ ਇਨ੍ਹਾਂ ਚੌਂਹਾ ਦੀਆਂ ਸ਼ਾਖਾ ਇਕ ਹਜ਼ਾਰ(੧੦੦੦) ਥੀਂ ਘੱਟ ਨਹੀਂ ਹਨ, ਇਨ੍ਹਾਂ ਸਾਰੇ ਮਤਵਾਦੀਆਂ ਨੂੰ ਇਨ੍ਹਾਂ ਦੇ ਚੇਲਿਆਂ, ਅਰ ਹੋਰ ਸਬ ਨੂੰ ਆਪਸ ਵਿਚ ਸੱਤ ਅਸੱਤ ਦੇ ਵਿਚਾਰ ਕਰਨ ਵਿਚ ਵ੍ਰਧੀਕਯਤਨ ਹੋਵੇ ਏਸ ਲਈ ਇਹ ਗ੍ਰੰਥ ਬਨਾਇਆ ਹੈ, ਜੋ ਜੋ ਏਸ ਵਿਚ ਸੱਚੇ ਮਤ ਦਾ ਮੰਡਨ ਅਰ ਅਸੱਤ ਦਾ ਖੰਡਨ ਲਿਖਿਆ ਹੈ ਓਹ ਸਬ ਨੂੰ ਜਨਾਨਾ ਹੀ ਪ੍ਰਯੋਜਨ ਸਮਝਿਆ ਗਿਆ ਹੈ, ਏਸ ਵਿਚ ਜੇਹੋ ਜਿਹੀ ਮੇਰੀ ਬੁੱਧੀ, ਜਿੱਨੀ ਵਿਦਿਆ, ਅਰ ਜਿੱਨਾਂ ਇਨ੍ਹਾਂ ਚੌਂਹਾ ਮਤਾਂ ਦੇ ਮੂਲ ਗ੍ਰੰਥ ਵੇਖਨ ਨਾਲ ਬੋਧ ਹੋਇਆ ਹੈ ਉਸ ਨੂੰ ਸਬ ਦੇ ਅੱਗੇ ਨਿਵੇਦਨ ਕਰ ਦੇਨਾ ਮੈਨੇ ਉੱਤਮ ਸਮਝਿਆ ਹੈ ਕਿਉਂ ਕਿਵਿਗਿਆਨ ਗੁਪਤ ਹੋ-ਏਦਾ ਫੇਰ ਮਿਲਨਾਸਹਿਜ ਨਹੀਂ ਹੈ ਪਖਛਪਾਤ ਛੱਡਕੇ ਏਸ ਨੂੰ ਵੇਖਨਨਾਲ ਸੱਤ ਅਸੱਤ ਮਤ ਸਬ ਨੂੰ ਮਲੂਮ ਹੋ ਜਾਵੇਗਾ, ਪਸ਼ਚਾਤ ਸਬ ਨੂੰ ਅਪਨੀ ਅਪਨੀ ਸਮਝਦੇ ਅਨੁਸਾਰ ਸੱਤ ਮਤ ਦਾ ਗ੍ਰਹਣ ਕਰਨਾ ਅਰ ਅਸੱਤ ਮਤ ਦਾ ਛੱਡਨਾ ਸਹਿਜ ਹੋਵੇਗਾ । ਇਨ੍ਹਾਂ ਵਿਚੋਂ ਜੋ ਪੁਰਾਣ ਆਦੀ ਗ੍ਰੰਥਾਂ ਥੀਂ ਸ਼ਾਖਾ ਸ਼ਾਖਾਂਤਰ ਰੂਪ ਮਤ ਆਰਯਾਵਰਤ ਦੇਸ਼ ਵਿਚ ਚੱਲੇ ਹਨ ਉਨ੍ਹਾਂ ਦਾ ਸੰਖੇਛਪ ਨਾਲ ਗੁਣ ਦੋਸ਼ ਏਸ ਯਾਰ੍ਹਵੇਂ ਸਮੁੱਲਾਸ ਵਿਚ ਵਿਖਾਇਆ ਜਾਂਦਾ ਹੈ । ਏਸ ਮੇਰੇ ਕਰਮ ਥੀਂ

ਜੇਕਰ ਉਪਕਾਰ ਨਾ ਮੰਨਨ ਤਾਂ ਵਿਰੋਧ ਭੀ ਨਾ ਕਰਨ, ਕਿਉਂਕਿ ਮੇਰਾ ਤਾਤਪਰਯ ਕਿਸੇ ਦੀ ਹਾਨੀ ਵਾ ਵਿਰੋਧ ਕਰਨ ਵਿਚ ਨਹੀਂ ਕਿੰਤੂ ਸੱਤ ਅਸੱਤ ਦਾ ਨਿਰਣਯ ਕਰਨ ਕਰਾਨ ਦਾ ਹੈ, ਇੱਸੇ ਪ੍ਰਕਾਰ ਸਬ ਮਨੁਸ਼ਾਂ ਨੂੰ ਨਿਆਇ ਦ੍ਰਿਸ਼ਟੀ ਨਾਲ ਵਰਤਨਾ ਅਤੀ ਉਚਿਤ ਹੈ, ਮਨੁਸ਼ ਜਨਮ ਦਾ ਹੋਨਾ ਸਚ ਝੂਠ ਦੇ ਨਿਰਣਯ ਕਰਨੇ ਕਰਾਨੇ ਦੇ ਲਈ ਹੈ, ਨਾ ਕਿ ਝਗੜਾ, ਬਖੇੜਾ, ਵਿਰੋਧ ਕਰਨ ਕਰਾਨ ਦੇ ਲਈ, ਇੱਸੇ ਮਤ ਮਤਾਂਤਰਾ ਦੇ ਝਗੜੇ ਕਰਕੇ ਜਗਤ ਵਿੱਚ ਜੋ ਜੋ ਅਨਿਸ਼ਟ (ਮੰਦੇ) ਫਲ ਹੋਏ, ਹੁੰਦੇ ਹਨ ਅਰ ਹੋਨਗੇ ਉਨ੍ਹਾਂ ਨੂੰ ਪਖਛਪਾਤ ਤੋਂ ਰਹਿਤ ਵਿਦਵਾਨ ਲੋਗ ਜਾਨ ਸਕਦੇ ਹਨ, ਜਦ ਤਕ ਏਸ ਮਨੁਸ਼ ਜਾਤੀ ਵਿਚ ਆਪਸ ਵਿਚ ਮਿਥਿਆ ਮਤ ਮਤਾਂਤਰਾਂ ਦਾ ਵਿਰੋਧਵਾਦ ਨਾ ਛੁੱਟੇਗਾ ਤਦ ਤਕ ਇੱਕ ਨੂੰ ਦੂਜੇ ਪਾਸੋਂ ਆਨੰਦ ਨਾਹੋਵੇਗਾ, ਜੇਕਰ ਅਸੀਂ ਸਾਰੇ ਮਨੁਸ਼ ਅਰ ਵਿਸ਼ੇਸ਼ ਕਰਕੇ ਵਿਦਵਾਨ ਲੋਗ ਈਰਸ਼ਾ ਦ੍ਵੇਸ਼ ਛੱਡ, ਸੱਚ ਝੂਠ ਦਾ ਨਿਰਣਯ ਕਰਕੇ ਸੱਚ ਦਾ ਗ੍ਰਹਣ ਅਰ ਝੂਠ ਦਾ ਤਿਆਗ ਕਰਨਾ ਕਰਾਨਾ ਚਾਹੀਏ ਤਾਂ ਸਾਡੇ ਲਈ ਇਹ ਬਾਤ ਕਠਿਨ ਨਹੀਂ ਹੈ, ਇਹ ਨਿਸ਼ਚੇ ਹੈ ਕਿ ਇਨ੍ਹਾਂ ਵਿਦਵਾਨਾਂ ਦਾ ਵਿਰੋਧ ਹੈ ਨਹੀਂ, ਸਬ ਨੂੰ ਵਿਰੋਧ ਜਾਲ ਵਿਚ ਫਸਾ ਰਖਿਆ ਹੈ, ਜੇਕਰ ਏਹ ਲੋਗ ਅਪਨੇ ਪ੍ਰਯੋਜਨ ਵਿਚ ਨਾ ਫਸਕੇ ਸਬ ਦੇ ਪ੍ਰਯੋਜਨ ਨੂੰ ਸਿੱਧ ਕਰਨਾ ਚਾਹੁੰਨ ਤਾਂ ਹੁਨ ਇੱਕ ਮਤ ਹੋ ਜਾਨ, ਏਸਦੇ ਹੋਨ ਦੀ ਯੁਕਤੀ ਏਸ ਗ੍ਰੰਥ ਦੀ ਪੂਰਤੀ ਵਿਚ ਲਿਖਾਂਗੇ। ਸਰਵਸ਼ਕਤੀਮਾਨ ਪਰਮਾਤਮਾ ਇਸ ਮਤ ਵਿਚ ਪ੍ਰਵ੍ਰਿੱਤ ਹੋਨ ਦਾ ਉਤਸਾਹ ਸਬ ਮਨੁਸ਼ਾਂਦੇ ਆਤਮਾ ਵਿਚ ਪ੍ਰਕਾਸ਼ ਕਰੇ।

ਅਲਮਿਤਿਵਿਸਤਰੇਣ ਵਿਪਸ਼ਚਿਦਵਰਸ਼ਿਰੋਮਣਿਸੁ॥

श्रीदयानन्द गढ़, दीनानगर
(ज़िला गुरदासपुर)

ਉੱਤਰਾਰਧਃ।

ਯਾਰ੍ਹਵਾਂ ਸਮੁੱਲਾਸ

ਆਰਯਾਵਰਤੀਯ ਮਤ ਮਤਾਂਤਰਾਂ ਦੇ ਖੰਡਨ ਮੰਡਨ ਦੇ ਵਿਸ਼ਯ ਵਿਚ।

———o———

ਹੁਨ ਆਰਯ ਲੋਗਾਂ ਦੇ ਕਿ ਜੋ ਆਰਯਾਵਰਤ ਦੇਸ਼ ਵਿੱਚ ਰਹਿਨ ਵਾਲੇ ਹਨ, ਉਨਾਂਦੇ ਮਤਦੇ ਖੰਡਨ ਤਥਾ ਮੰਡਨਦਾ ਵਿਧਾਨ ਕਰਾਂਗੇ, ਏਹ ਆਰਯਾਵਰਤ ਦੇਸ਼ ਅਜੇਹਾ ਹੈ ਕਿ ਜਿਸਦੇ ਵਰਗਾ ਭੂਗੋਲ ਵਿਚ ਦੂਜਾ ਕੋਈ ਦੇਸ਼ ਨਹੀਂ ਹੈ, ਇੱਸੇ ਕਰਕੇ ਇਸ ਭੂਮੀ ਦਾ ਨਾਮ ਸੁਵਰਣਭੂਮੀ ਹੈ, ਕਿਉਂਕਿ ਇਹੋ ਹੀ ਸੁਵਰਣ (ਸੋਨਾ) ਆਦੀ ਰਤਨਾਂ ਨੂੰ ਉਤਪੰਨ ਕਰਦੀ ਹੈ, ਇੱਸੇ ਵਾਸਤੇ ਸ੍ਰਿਸ਼ਟੀਦੇਆਦਿ ਵਿਚ ਆਰਯ ਲੋਕ ਇੱਸੇ ਦੇਸ਼ ਵਿਚ ਆਕੇ ਵੱਸੇ ਇਸੇ ਵਾਸਤੇ ਅਸੀਂ ਸ੍ਰਿਸ਼ਟੀ ਵਿਸ਼ੇ ਵਿਚ ਕਹਿ ਆਏ ਹਾਂ ਕਿ ਆਰਯ ਨਾਮ ਉੱਤਮ ਪੁਰੁਸ਼ਾਂ ਦਾ ਹੈ, ਅਰ ਆਰਯਾਂ ਥੀਂ ਭਿੰਨ ਮਨੁੱਸ਼ਾਂ ਦਾ ਨਾਮ ਦਸਯੂ ਹੈ। ਜਿੱਨੇ ਭੂਗੋਲ ਵਿਚ ਦੇਸ਼ ਹਨ ਓਹ ਸਾਰੇ ਇਸੇ ਦੇਸ਼ ਦੀ ਵਡਿਆਈ ਕਰਦੇ ਅਰ ਆਸ਼ਾ ਰੱਖਦੇ ਹਨ, ਕਿ ਪਾਰਸਮਣੀ ਪੱਥਰ ਸੁਣਿਆ ਜਾਂਦਾ ਹੈ ਓਹ ਬਾਤ ਭਾਂ ਝੂਠੀ ਹੈ ਪਰੰਤੂ ਆਰਯਾਵਰਤ ਦੇਸ਼ ਹੀ ਸਚਾ ਪਾਰਸਮਣੀ ਹੈ, ਕਿ ਜਿਸਨੂੰ ਲੋਹਾ ਰੂਪੀ ਗਰੀਬ ਵਿਦੇਸ਼ੀ ਛੋਹਨ ਦੇ ਨਾਲ ਹੀ ਸੁਵਰਣ ਅਰਥਾਤ ਧਨੀ ਹੋ ਜਾਂਦੇ ਹਨ॥

ਏਤਦੇਸ਼ਪ੍ਰਸੂਤਸਜ ਸਕਾਸ਼ਾਦਗ੍ਰਜਨਮਨਃ।
ਸੰ ਸੰ ਚਰਿਤ੍ਰੰ ਸ਼ਿਖਛੇਰਨ ਪ੍ਰਿਥਿਵਜਾਂ ਸਰਵਮਾਨਵਾਃ॥

ਮਨੁਸਮ੍ਰਿਤੀ ਅਧਜਾਯ ੨। ਸ਼ਲੋਕ ੨੦॥

ਸ੍ਰਿਸ਼ਟੀ ਥੀਂ ਲੈਕੇ ਪੰਜ ਹਜ਼ਾਰ ਵਰ੍ਹੇਆਂ ਤੋਂ ਪੂਰਵ ਸਮਯ ਤਕ ਆਰਯਾਂ ਦਾ ਸਾਰਵਭੌਮ ਚਕ੍ਰਵਰਤੀ ਅਰਥਾਤ ਭੂਗੋਲ ਵਿਚ ਸਰਵੋਪਰੀ ਇਕਮਾਤ੍ਰ ਰਾਜ ਸੀ, ਹੋਰ ਦੇਸ਼ਾਂ ਵਿਚ ਮਾਂਡਲਿਕ ਅਰਥਾਤ ਛੋਟੇ ਛੋਟੇ ਰਾਜਾ ਰਹਿੰਦੇ ਸਨ, ਕਿਉਂਕਿ ਕੈਰੋ ਪਾਂਡੋ ਤਰ ਏਥੇ ਦੇ ਰਾਜ ਅਰ ਰਾਜਸ਼ਾਸਨ

ਵਿਚ ਸਥ ਭੂਗੋਲ ਦੇ ਸਾਰੇ ਰਾਜਾ ਅਰ ਪ੍ਰਜਾ ਚੱਲਦੇ ਸੀ, ਕਿਉਂਕਿ ਇਹ ਮਨੁਸਮ੍ਰਿਤੀ ਜੋ ਸ੍ਰਿਸ਼ਟੀ ਦੇ ਆਦਿ ਵਿਚ ਹੋਈ ਹੈ ਉਸਦਾ ਪ੍ਰਮਾਣ ਹੈ, ਇਸੇ ਆਰਯਾਵਰਤ ਦੇਸ਼ ਵਿਚ ਉਤਪੰਨ ਹੋਏ ਬ੍ਰਾਹਮਣ ਅਰਥਾਤ ਵਿਦਵਾਨਾਂ ਥੀਂ ਭੂਗੋਲ ਦੇ ਮਨੁੱਸ਼ ਬ੍ਰਾਹਮਣ, ਖਛਤ੍ਰੀ, ਵੈਸ਼, ਸ਼ੂਦ੍ਰ, ਦਸਯੂ ਮਲੇਛ ਆਦੀ ਸਾਰੇ ਅਪਨੇ ਅਪਨੇ ਯੋਗਯ ਵਿਦਿਆ ਚਰਿਤ੍ਰਾਂ ਦੀ ਸ਼ਿਖਛਾ ਅਰ ਵਿਦਿਆ ਦਾ ਅਭ੍ਯਿਆਸ ਕਰਨ, ਅਰ ਮਹਾਰਾਜਾ ਯੁਧਿਸ਼ਠਿਰ ਦੇ ਰਾਜਸੂ ਯੱਗ ਅਰ ਮਹਾਭਾਰਤ ਦੇ ਯੁੱਧ ਤਕ ਏਥੋਂ ਦੇ ਰਾਜ ਅਧੀਨ ਸਥ ਰਾਜਾ ਸਨ, ਸੁਨੋ ! ਚੀਨ ਦਾ ਭਗਦੱਤ, ਅਮਰੀਕਾ ਦਾ ਬਬ੍ਰੁਵਾਹਨ, ਯੂਰਪ ਦੇਸ਼ ਦਾ ਵਿਡਾਲਾਖਛ ਅਰਥਾਤ ਬਿੱਲੇ ਵਰਗੀਆਂ ਅੱਖਾਂ ਵਾਲੇ, ਯਵਨ ਜਿਸ ਨੂੰ ਯੂਨਾਨ ਕਹਿ ਆਏ, ਅਰ ਈਰਾਨ ਦਾ ਸ਼ਲਯ ਆਦੀ ਸਥ ਰਾਜਾ ਰਾਜਸੂ ਯੱਗ ਅਰ ਮਹਾਭਾਰਤ ਦੇ ਯੁੱਧ ਵਿਚ ਆਗਿਆ ਅਨੁਸਾਰ ਆਏ ਸਨ, ਜਦ ਰਘੂ ਗਣ ਰਾਜਾ ਸਨ ਤਦ ਰਾਵਣ ਭੀ ਏਥੋਂ ਦੇ ਅਧੀਨ ਸੀ, ਜਦ ਰਾਮਚੰਦ੍ਰ ਜੀ ਦੇ ਸਮਯ ਵਿਚ ਵਿਰੋਧ ਹੋਗਿਆ ਤਾਂ ਉਸ ਨੂੰ ਰਾਮਚੰਦ੍ਰ ਜੀ ਨੇ ਦੰਡ ਦੇਕੇ ਰਾਜ ਤੋਂ ਨਸ਼ਟ ਕਰ ਉਸਦੇ ਭਰਾ ਵਿਭੀਸ਼ਣ ਨੂੰ ਰਾਜ ਦਿੱਤਾ ਸੀ, ਸ੍ਵਾਯੰਭਵ ਰਾਜਾ ਥੀਂ ਲੈਕੇ ਪਾਂਡਵ ਤਕ ਆਰਯਾਂ ਦਾ ਚਕ੍ਰਵਰਤੀ ਰਾਜ ਰਹਿਆ, ਤਤ ਪਸ਼ਚਾਤ ਆਪਸ ਦੇ ਵਿਰੋਧ ਨਾਲ ਲੜਕੇ ਨਸ਼ਟ ਹੋਗਏ, ਕਿਉਂਕਿ ਇਸ ਪਰਮੇਸ਼੍ਵਰ ਦੀ ਸ੍ਰਿਸ਼ਟੀ ਵਿਚ ਅਭਿਮਾਨੀ, ਅਨਿਆਯਕਾਰੀ, ਅਵਿਦ੍ਵਾਨ ਲੋਗਾਂ ਦਾ ਰਾਜ ਬਹੁਤ ਦਿਨਾਂ ਤਕ ਨਹੀਂ ਚਲਦਾ, ਅਰ ਇਹ ਸੰਸਾਰ ਦੀ ਸ੍ਵਾਭਾਵਿਕੀ ਪ੍ਰਵ੍ਰਿੱਤੀ ਹੈ ਕਿ ਜਦ ਬਹੁਤ ਸਾਰਾ ਧਨ ਅਸੰਖ ਪ੍ਰਯੋਜਨ ਥੀਂ ਵਧੀਕ ਹੁੰਦਾ ਹੈ ਤਦ ਆਲਸ, ਪੁਰੁਸ਼ਾਰਥ ਤੋਂ ਰਹਿਤ ਹੋਨਾ, ਈਰਸ਼ਾ, ਦ੍ਵੇਸ਼, ਵਿਸ਼ਯਾਸਕਤੀ, ਅਰ ਪ੍ਰਮਾਦ ਵਧਦਾ ਹੈ, ਉਸ ਤੋਂ ਦੇਸ਼ ਵਿਚ ਵਿਦਿਆ, ਸੁਸ਼ਿਖਛਾ ਨਸ਼ਟ ਹੋਕੇ ਦੁਰਗੁਣ ਅਰ ਦੁਸ਼ਟ ਵ੍ਯਸਨ ਵਧ ਜਾਂਦੇ ਹਨ, ਜਿਸ ਤਰਾਂ ਨਾਲ ਕਿ ਸ਼ਰਾਬ, ਮਾਂਸ ਦਾ ਖਾਨਾ, ਛੋਟੀ ਉਮਰ ਵਿਚ ਵਿਆਹ, ਅਰ ਮਨ ਮੰਨੇ ਕੰਮ ਕਰਨਾ ਆਦੀ ਦੋਸ਼ ਵਧ ਜਾਂਦੇ ਹਨ, ਅਰ ਜਦ ਯੁੱਧ ਵਿਭਾਗ ਵਿਚ ਯੁੱਧ ਵਿਦਿਆ ਕੌਸ਼ਲ ਅਰ ਸੈਨਾ ਇੱਨੀ ਵਧੇ ਕਿ ਜਿਸਦਾ ਸਾਮਨਾ ਕਰਨ ਵਾਲਾ ਭੂਗੋਲ ਵਿਚ ਦੂਜਾ ਨਾ ਹੋਵੇ ਤਦ ਉਨਾਂ ਲੋਗਾਂ ਦਾ ਪਖਛਪਾਤ, ਅਭਿਮਾਨ ਵਧਕੇ ਅਨਿਆਯ ਵਧ ਜਾਂਦਾ ਹੈ, ਤਦ ਏਹ ਦੋਸ਼ ਹੋ ਜਾਂਦੇ ਹਨ ਤਦ ਆਪਸ ਵਿਚ ਵਿਰੋਧ ਹੋਕੇ ਅਥਵਾ ਉਨਾਂ ਤੋਂ ਵਧੀਕ ਦੂਜੀਆਂ ਛੋਟੀਆਂ ਕੁਲਾਂ ਵਿਚੋਂ ਕੋਈ ਅਜੇਹਾ ਸਾਮਰਥ ਪੁਰੁਸ਼ ਖੜਾ ਹੁੰਦਾ ਹੈ ਕਿ ਉਨਾਂ ਦੀ ਹਾਰ ਕਰਨ ਵਿਚਸਾਮਰਥ ਹੋਵੇ, ਜਿਸ ਤਰਾਂ ਮੁਸਲਮਾਨਾਂ ਦੀ ਬਾਦਸ਼ਾਹੀ ਦੇ ਸਾਮਨੇ ਸੇਵਾਜੀ ਅਰ ਗੋਬਿੰਦ-ਸਿੰਘਜੀ ਨੇ ਖੜੇ ਹੋਕੇ ਮੁਸਲਮਾਨਾਂ ਦੇ ਰਾਜ ਨੂੰ ਛਿੰਨ ਭਿੰਨ ਕਰ ਦਿੱਤਾ ॥

ਅਥ ਕਿਮੇਤੈਰਵਾ ਪਰੇਅਨਜੇ ਮਹਾਧਨੁਰਧਰਾਸ਼ਚ ਕ੍ਰਵਰਤਿਨਃ ਕੇਚਿਤ ਸੁਦਜੁਮਨਭੂਰਿਦਜੁਮਨੇਂਦ੍ਰਦਜੁਮਨ ਕੁਵਲਯਾਸ਼੍ਵਯੌਵਨਾਸ਼੍ਵਦਧਜ੍ਰਸ਼੍ਵਾਸ਼੍ਵਪਤਿ ਸ਼ਸ਼ਵਿੰਦੂ ਹਰਿ ਸ਼ਚੰਦ੍ਰਾ ਅੰਬਰੀਸ਼ ਨਨਕਤੁਸਰਯਾਤਿਯਯਾਤਜਨਰਣਜਾ-ਖਛਸੇਨਾਦਯਃ । ਅਥ ਮਰੁੱਤਭਰਤਪ੍ਰਭ੍ਰਿਤਯੋ ਰਾਜਾਨਃ ॥

ਮੈਤ੍ਰਜੁਪਨਿਸ਼ਦ ਪ੍ਰਪਾਠਕ ੧ । ਖੰਡ ੪ ॥

ਇਤਿਆਦੀ ਪ੍ਰਮਾਣਾਂ ਥੀਂ ਸਿੱਧ ਹੈ ਕਿ ਸ੍ਰਿਸ਼ਟੀ ਤੋਂ ਲੈਕੇ ਮਹਾਭਾਰਤ ਤਕ ਚਕ੍ਰਵਰਤੀ ਸਾਰਵਭੌਮ ਰਾਜਾ ਆਰਯ ਕੁਲ ਵਿਚ ਹੀ ਹੋਏ ਸਨ, ਹੁਨ ਇਨਾਂ ਦੀ ਸੰਤਾਨਾਂ ਦਾ ਅਭਾਗ ਉਦੇ ਹੋਨ ਕਰਕੇ ਰਾਜ ਭ੍ਰਸ਼ਟ ਹੋਨ ਕਰਕੇ ਵਿਦੇਸ਼ੀਆਂ ਦੇ ਪੈਰਾਂ ਦੇ ਹੇਠਾਂ ਰਗੜੀਂਦੇ ਹਨ, ਜਿਸ ਤਰਾਂ ਏਥੇ ਸੁਦਜੁਮਨ, ਭੂਰੀਮਜੁਮਨ, ਇੰਦ੍ਰਦਜੁਮਨ ਕੁਵਲਯਾਸ਼੍ਵ, ਯੌਵਨਾਸ਼੍ਵ, ਬੱਧਰਜਸ਼੍ਵ, ਅਸ਼੍ਵਪਤੀ, ਸ਼ਸ਼ਬਿੰਦੂ, ਹਰਿਸ਼ਚੰਦ੍ਰ, ਅੰਬਰੀਸ਼, ਨਨਕਤੂ, ਸਰਯਾਤੀ, ਯਯਾਤੀ, ਅਨਰਣਜ, ਅਖਛਸੇਨ, ਮਰੁੱਤ, ਭਾਰਤ ਸਾਰਵਭੌਮ ਸਬ ਭੂਮੀ ਵਿਚ ਪ੍ਰਸਿੱਧ ਚਕ੍ਰਵਰਤੀ ਰਾਜਿਆਂ ਦੇ ਨਾਮ ਲਿਖੇ ਹਨ, ਉਸੇ ਤਰਾਂ ਸ੍ਵਾਯੰਭਵ ਆਦੀ ਚਕ੍ਰਵਰਤੀ ਦੇ ਨਾਮ ਸਪਸ਼ਟ ਮਨੁਸਮ੍ਰਿਤੀ ਮਹਾਭਾਰਤ ਆਦੀ ਗ੍ਰੰਥਾਂ ਵਿਚ ਲਿਖੇ ਹਨ ਏਸ ਨੂੰ ਮਿਥਿਆ ਕਰਨਾ ਅਗਿਆਨੀ ਅਰ ਪਖਛਪਾਤੀਆਂ ਦਾ ਕੰਮ ਹੈ ॥

(ਪ੍ਰਸ਼ਨ) ਜੋਆਗਨੇਯਾਸਤ੍ਰ ਆਦੀ ਵਿਦਿਆ ਲਿਖੀਆਂ ਹਨ ਓਹ ਸੱਚ ਹਨ ਵਾ ਨਹੀਂ ? ਅਰ ਤੋਪ ਤਥਾ ਬੰਦੂਕ ਤਾਂ ਉਸ ਸਮਯ ਵਿਚ ਹੈਗੀਆਂ ਸਨ, ਵਾ ਨਹੀਂ ?

(ਉੱਤਰ) ਇਹ ਬਾਤ ਸੱਚੀ ਹੈ ਏਹ ਸ਼ਸਤ੍ਰ ਭੀ ਸਨ, ਕਿਉਂਕਿਪਦਾਰਥ ਵਿਦਿਆ ਥੀਂ ਇਨਾਂ ਦਾ ਹੋਨਾ ਸੰਭਵ ਹੈ ॥

(ਪ੍ਰਸ਼ਨ) ਕੀ ਏਹ ਦੇਵਤਿਆਂ ਦੇ ਮੰਤ੍ਰਾਂ ਨਾਲ ਸਿੱਧ ਹੁੰਦੇ ਸਨ ?

(ਉੱਤਰ) ਨਹੀਂ ਏਹ ਸਬ ਬਾਤਾਂ ਜਿਨ੍ਹਾਂ ਕਰਕੇ ਅਸਤ੍ਰ ਸ਼ਸਤ੍ਰਾਂ ਦੀ ਸਿੱਧੀ ਕਰਦੇ ਸਨ ਓਹ ਮੰਤ੍ਰ ਅਰਥਾਤ ਵਿਚਾਰ ਥੀਂ ਸਿੱਧ ਕਰਦੇ ਅਰ ਚਲਾਂਦੇ ਸਨ, ਅਰ ਜੋ ਮੰਤ੍ਰ ਅਰਥਾਤ ਸ਼ਬਦਮਯ ਹੁੰਦਾ ਹੈ ਉਸ ਥੀਂ ਕੋਈ ਦ੍ਰਵਜ ਉਤਪੰਨ ਨਹੀਂ ਹੁੰਦਾ, ਅਰ ਜੇ ਕੋਈ ਕਹੇ ਕਿ ਮੰਤ੍ਰ ਥੀਂ ਅਗਨੀ ਉਤਪੰਨ ਹੁੰਦੀ ਹੈ ਤਾਂ ਓਹ ਮੰਤ੍ਰ ਦੇ ਜਪ ਕਰਨ ਵਾਲੇ ਦੇ ਹਿਰਦੇ ਅਰ ਜ਼ਬਾਨ ਨੂੰ ਭਸਮ ਕਰ ਦੇਵੇ, ਮਾਰਨ ਜਾਵੇ ਸ਼ਤ੍ਰੂ ਨੂੰ ਅਰ ਮਰ ਰਹੇ ਆਪ । ਏਸ ਲਈ ਮੰਤ੍ਰ ਨਾਮ ਹੈ ਵਿਚਾਰਦਾ ਜਿਸਤਰਾਂ ਰਾਜਮੰਤ੍ਰੀ ਅਰਥਾਤ ਰਾਜਦੇ ਕੰਮਾਂ ਦਾ ਵਿਚਾਰ ਕਰਨ ਵਾਲਾ

ਕਹਾਂਦਾ ਹੈ ਉਸੇ ਤਰਾਂ ਮੰਤ੍ਰ ਅਰਥਾਤ ਵਿਚਾਰ ਨਾਲ ਸ੍ਰਿਸ਼ਟੀ ਦੇ ਪਦਾਰਥਾਂ ਦਾ ਪਹਿਲੋਂ ਗਿਆਨ, ਅਰ ਫੇਰ ਕ੍ਰਿਆ ਕਰਨ ਨਾਲ ਅਨੇਕ ਪ੍ਰਕਾਰ ਦੇ ਪਦਾਰਥ ਅਰ ਕ੍ਰਿਆ ਕੌਸ਼ਲ ਉਤਪੰਨ ਹੁੰਦੇ ਹਨ, ਜਿਸਤਰਾਂ ਕੋਈ ਇਕਲੋਹੇ ਦਾ ਬਾਣ ਵਾ ਗੋਲਾ ਬਨਾਕੇ ਉਸ ਵਿਚ ਅਜੇਹੇ ਪਦਾਰਥ ਰੱਖੇ ਕਿ ਜੋ ਅੱਗ ਦੇ ਲਗਾਨ ਨਾਲ ਹਵਾ ਵਿਚ ਧੂੰਆਂ ਫੈਲੇ ਅਰ ਸੂਰਯ ਦੀ ਕਿਰਣ ਵਾ ਹਵਾਦੇ ਛੁਹਨ ਨਾਲ ਅੱਗ ਥਲ ਪਵੇ ਇੱਸੇ ਦਾਨਾਮ ਆਗਨੇਯਾਸਤ੍ਰ ਹੈ,ਜਦ ਦੂਜਾ ਏਸਦਾਨਿਵਾਰਣ ਕਰਨਾ ਚਾਹੇ ਤਾਂ ਉਸਦੇ ਉਤੇ ਵਰੁਣ ਅਸਤ੍ਰ ਛੱਡ ਦੇਵੇ ਅਰਥਾਤ ਜਿਸ ਤਰਾਂ ਸ਼ਤ੍ਰੂ ਨੇ ਸ਼ਤ੍ਰੂ ਦੀ ਸੈਨਾ ਉੱਤੇ ਆਗਨੇਯਾਸਤ੍ਰ ਛੱਡਕੇ ਨਸ਼ਟ ਕਰਨਾ ਚਾਹਿਆ ਉੱਸੇ ਤਰਾਂ ਅਪਨੀ ਸੈਨਾ ਦੀ ਰਖਛਾ ਲਈ ਸੈਨਾਪਤੀ ਵਰੁਣਾਸਤ੍ਰ ਨਾਲ ਅਗਨੇਯਾਸਤ੍ਰ ਦਾ ਨਿਵਾਰਣ ਕਰੇ। ਓਹ ਅਜੇਹੇ ਪਦਾਰਥਾਂ ਦੇ ਯੋਗ ਨਾਲ ਹੁੰਦਾ ਹੈ। ਜਿਸਦਾ ਧੂੰਆਂ ਹਵਾ ਨਾਲ ਲਗਦੇਆਂ ਹੀ ਬੱਦਲ ਹੋਕੇ ਝਟ ਵੱਸਨ ਲੱਗ ਪਵੇ ਅਰ ਅੱਗ ਨੂੰ ਬੁਝਾ ਦੇਵੇ, ਇਸੇ ਤਰਾਂ ਹੀ ਨਾਗਫਾਂਸ ਅਰਥਾਤ ਜੋ ਸ਼ਤ੍ਰੂ ਉੱਤੇ ਛੱਡਨ ਨਾਲ ਉਸਦੇ ਅੰਗਾਂ ਨੂੰ ਜਕੜਕੇ ਬੰਨ੍ਹ ਲੈਂਦਾ ਹੈ ਉੱਸੇ ਤਰਾਂ ਹੀ ਇਕ ਮੋਹਿਨਾਸਤ੍ਰ ਅਰਥਾਤ ਜਿਸ ਵਿਚ ਨਸ਼ੇ ਦੀਆਂ ਚੀਜ਼ਾਂ ਪਾਨ ਨਾਲ ਜਿਸਦੇ ਧੂੰਏਂ ਦੇ ਲਗਨੇ ਨਾਲ ਸਬ ਸ਼ਤ੍ਰੂ ਦੀ ਸੈਨਾ ਮੂਰਛਿਤ ਹੋ ਜਾਵੇ, ਇੱਸੇ ਤਰਾਂ ਨਾਲ ਸਬ ਸ਼ਸਤ੍ਰ ਅਸਤ੍ਰ ਹੁੰਦੇ ਸਨ, ਅਰ ਇਕ ਤਾਰ ਨਾਲ ਵਾ ਸ਼ੀਸ਼ੇ ਨਾਲ ਅਥਵਾ ਕਿਸੇ ਹੋਰ ਪਦਾਰਥ ਨਾਲ ਬਿਜਲੀ ਉਤਪੰਨ ਕਰਕੇ ਸ਼ਤ੍ਰੂਆਂ ਦਾ ਨਾਸ਼ ਕਰਦੇ ਸਨ ਉਸ ਨੂੰ ਭੀ ਆਗਨੇਯਾਸਤ੍ਰ ਤਥਾ ਪਾਸ਼ੁਪਤਾਸਤ੍ਰ ਕਹਿੰਦੇ ਹਨ, ਤੋਪ ਅਰ ਬੰਦੂਕ ਏਹ ਨਾਮ ਦੂਜੇ ਦੇਸ਼ ਦੀ ਭਾਸ਼ਾ ਦੇ ਹਨ, ਸੰਸਕ੍ਰਿਤ ਅਰ ਆਰਯਾਵਰਤੀ ਭਾਸ਼ਾ ਦੇ ਨਹੀਂ, ਕਿੰਤੂ ਜਿਸ ਨੂੰ ਵਿਦੇਸ਼ੀ ਲੋਗ ਤੋਪ ਕਹਿੰਦੇ ਹਨ, ਸੰਸਕ੍ਰਿਤ ਅਰ ਆਰਯ ਭਾਸ਼ਾ ਵਿਚ ਉਸਦਾ ਨਾਮ ਸ਼ਤਘਨੀ, ਅਰ ਜਿਸ ਨੂੰ ਬੰਦੂਕ ਕਹਿੰਦੇ ਹਨ ਉਸਨੂੰ ਸੰਸਕ੍ਰਿਤ ਅਰ ਆਰਯ ਭਾਸ਼ਾ ਵਿਚ ਭੁਸ਼ੁੰਡੀ ਕਹਿੰਦੇ ਹਨ, ਜੋ ਸੰਸਕ੍ਰਿਤ ਵਿਦਿਆ ਨੂੰ ਨਹੀਂ ਪੜ੍ਹੇ ਓਹ ਭ੍ਰਮ ਵਿਚ ਪੈਕੇ ਕੁਝ ਦਾ ਕੁਝ ਲਿਖਦੇ ਅਰ ਕੁਝ ਦਾ ਕੁਝ ਬਕਦੇ ਹਨ। ਉਸਨੂੰ ਬੁੱਧੀਮਾਨ ਲੋਗ ਪ੍ਰਮਾਣ ਨਹੀਂ ਕਰ ਸਕਦੇ,ਅਰ ਜਿੱਨੀ ਵਿਦਿਆ ਭੂਗੋਲ ਵਿਚ ਫੈਲੀ ਹੈ ਓਹ ਸਬ ਆਰਯਾਵਰਤ ਦੇਸ਼ ਥੀਂ ਮਿਸਰ ਵਾਲਿਆਂ ਵਿਚ, ਉਨ੍ਹਾਂ ਤੋਂ ਯੂਨਾਨੀਆਂ ਵਿਚ, ਉਨ੍ਹਾਂ ਥੀਂ ਰੋਮ, ਅਰ ਉਨ੍ਹਾਂ ਥੀਂ ਯੂਰਪ ਦੇਸ਼ ਵਿਚ, ਅਰ ਉਨ੍ਹਾਂ ਥੀਂ ਅਮਰੀਕਾ ਆਦੀ ਦੇਸ਼ਾਂ ਵਿਚ ਫੈਲੀ ਹੈ, ਹੁਨ ਤਕ ਜਿੱਨਾ ਪ੍ਰਚਾਰ ਸੰਸਕ੍ਰਿਤ ਵਿਦਿਆ ਦਾ ਆਰਯਾਵਰਤ ਦੇਸ਼ ਵਿਚ ਹੈ ਉੱਨਾਂ ਕਿਸੇ ਹੋਰ ਦੇਸ਼ ਵਿਚ ਨਹੀਂ ਜੇਹੜੇ ਲੋਗ ਕਹਿੰਦੇ ਹਨ ਕਿ ਜਰਮਨੀ ਦੇਸ਼ ਵਿਚ ਸੰਸਕ੍ਰਿਤ ਵਿਦਿਆ ਦਾ ਬਹੁਤ ਪ੍ਰਚਾਰ ਹੈ ਅਰ ਜਿੱਨਾ ਸੰਸਕ੍ਰਿਤ ਮੈਕਸਮੂਲਰ ਸਾਹਿਬ ਪੜ੍ਹੇ ਹਨ ਉੱਨਾ ਕੋਈ ਨਹੀਂ ਪੜ੍ਹਿਆ ਇਹ ਬਾਤ ਕਹਿਨ ਮਾਤ੍ਰ ਹੈ ਕਿਉਂਕਿ

"ਨਿਰਸਤਪਾਦਪੇ ਦੇਸ਼ੇ ਏਰੰਡੋਅਪਿਦ੍ਰਮਾਯਤੇ" ਅਰਥਾਤ ਜਿਸ ਦੇਸ਼ ਵਿਚ ਕੋਈ ਦ੍ਰਖਤ ਨਹੀਂ ਹੁੰਦਾ ਉਸ ਦੇਸ਼ ਵਿਚਅੱਰਿੰਡ ਨੂੰ ਹੀ ਵੱਡਾ ਦ੍ਰਖਤ ਮੰਨ ਲੈਂਦੇ ਹਨ, ਉਸੇ ਤਰਾਂ ਯੂਰਪ ਦੇਸ਼ ਵਿਚ ਸੰਸਕ੍ਰਿਤ ਵਿਦਜਾ ਦਾ ਪ੍ਰਚਾਰ ਨਾ ਹੋਨ ਕਰਕੇ ਜਰਮਨੀ ਦੇ ਲੋਕਾਂ ਅਰ ਮੈਕਸਮੂਲਰ ਸਾਹਿਬ ਨੇ ਥੋੜਾ ਜਿੱਨਾ ਪੜ੍ਹਿਆ ਓਹੋਹੀ ਉਸਦੇਸ਼ ਦੇ ਵਾਸਤੇ ਬਹੁਤ ਹੈ।ਪਰੰਤੂ ਆਰਯਾਵਰਤ ਦੇਸ਼ ਵਲ ਦੇਖੀਏ ਤਾਂ ਉਨਾਂ ਦੀ ਬਹੁਤ ਹੇਠਾਂ ਗਿਨਤੀ ਹੈ,ਕਿਉਂਕਿ ਮੈਨੇ ਜਰਮਨੀ ਦੇਸ਼ ਨਿਵਾਸੀ ਦੇ ਇਕ ਪ੍ਰਿੰਸੀਪਲ ਦੇ ਖ਼ਤਥੀਂ ਜਾਨਿਆ ਕਿ ਜਰਮਨੀ ਦੇਸ਼ ਵਿਚ ਸੰਸਕ੍ਰਿਤਚਿੱਠੀ ਦੇ ਅਰਥ ਕਰਨ ਵਾਲੇ ਭੀ ਬਹੁਤ ਘੱਟ ਹਨ, ਅਰ ਮੈਕਸਮੂਲਰ ਸਾਹਿਬਦੇ ਸੰਸ-ਕ੍ਰਿਤ ਸਾਹਿਤਜ ਅਰ ਥੋੜੀਜੇਹੀ ਵੇਦਦੀ ਵਿਆਖਿਆ ਵੇਖਕੇ ਮੈਨੂੰ ਮਲੂਮ ਹੁੰਦਾ ਹੈ ਕਿ ਮੈਕਸਮੂਲਰ ਸਾਹਿਬ ਨੇ ਇਧਰ ਉਧਰ ਆਰਯਾਵਰਤੀ ਲੋਕਾਂ ਦੀ ਕੀਤੀ ਹੋਈ ਟੀਕਾ ਦੇਖਕੇ ਕੁਝ ਕੁਝ ਯਥਾ ਤਥਾ ਲਿਥਿਆ ਹੈ। ਜਿਸ ਤਰਾਂ ਕਿ "ਯੁੰਜੰਤਿ ਵ੍ਰਧਨਮਰੁਸ਼ੰ ਚਰੰਤੰ ਪਰਿਤਸਥੁਸ਼ਃ । ਰੋਚੰਤੇ ਰੋਚਨਾ ਦਿਵਿ" ਏਸ ਮੰਤ੍ਰ ਦਾ ਅਰਥ ਘੋੜਾ ਕੀਤਾ ਹੈ, ਏਸਤੋਂ ਤਾਂ ਸਾਯਣਾਚਾਰਯ ਨੇ ਸੂਰਯ ਅਰਥ ਕੀਤਾ ਹੈ ਸੋ ਅੱਛਾ ਹੈ। ਪਰੰਤੂ ਏਸਦਾ ਠੀਕ ਅਰਥ ਪਰਮੇਸ਼ੁਰ ਹੈ ਸੋ ਮੇਰੀ ਬਨਾਈ ਰਿਗਵੇਦਾਦੀਭਾਸ਼ਜਭੂਮਿਕਾ ਵਿੱਚ ਵੇਖਲੋ ਉਸ ਵਿਚ ਏਸ ਮੰਤ੍ਰ ਦਾ ਅਰਥ ਯਥਾਰਥ ਕੀਤਾ ਹੈ ਇੱਨੇ ਤੋਂ ਹੀ ਜਾਨ ਲੋ ਕਿ ਜਰਮਨੀ ਦੇਸ਼ ਅਰ ਮੈਕਸਮੂਲਰ ਸਾਹਿਬ ਵਿਚ ਸੰਸਕ੍ਰਿਤ ਵਿਦਿਆ ਦੀ ਕਿੱਨੀਪੰਡਿਤਾਈ ਹੈ, ਇਹ ਨਿਸ਼ਚੈ ਹੈ ਕਿ ਜਿੱਨੀ ਵਿਦਿਆ ਅਰ ਮਤ ਭੂਗੋਲ ਵਿਚ ਫੈਲੇ ਹਨ ਓਹ ਸਬ ਆਰਯਾਵਰਤਦੇਸ਼ਹੀ ਤੋਂ ਪ੍ਰਚਲਿਤ ਹੋਏ ਹਨ,ਵੇਖੋ ਇਕ "ਜੇਕਾਲੀਯਟ" ਸਾ-ਹਿਬ ਪੈਰਿਸ ਅਰਥਾਤ ਫ੍ਰਾਂਸ ਦੇਸ਼ ਨਿਵਾਸੀ ਅਪਨੇ ਗ੍ਰੰਥ "ਬਾਇਬਲ ਇਨ ਇੰਡੀਆ" ਵਿਚ ਲਿਖਦੇ ਹਨ ਕਿ ਸਬ ਵਿਦਿਆ ਅਰ ਭਲਿਆਈਆਂ ਦਾ ਭੰਡਾਰ ਆਰਯਾਵਰਤ ਦੇਸ਼ ਹੈ, ਅਰ ਸਬ ਵਿਦਜਾ ਤਥਾ ਮਤ, ਏਸ ਦੇਸ਼ ਤੋਂ ਪ੍ਰਚਲਿਤ ਹੋਏ ਹਨ, ਅਰ ਪਰਮਾਤਮਾ ਦੀ ਪ੍ਰਾਰਥਨਾ ਕਰਦੇ ਹਨ, ਕਿ ਹੇ ਪਰਮੇਸ਼ੁਰ ਜਿਸ ਤਰਾਂ ਦੀ ਉੱਨਤੀ ਆਰਯਾਵਰਤ ਦੇਸ਼ ਦੀ ਪਹਿਲੇ ਜ਼ਮਾਨੇ ਵਿਚ ਸੀ ਉਹੋ ਜੇਹੀ ਸਾਡੇ ਦੇਸ਼ਦੀ ਕਰੋ। ਏਹ ਲਿਖਦੇ ਹਨ ਉਸ ਗ੍ਰੰਥ ਵਿਚ ਵੇਖ ਲੋ, ਤਥਾ "ਦਾਰਾਸ਼ਕੋਹ" ਬਾਦਸ਼ਾਹ ਨੇ ਭੀ ਇਹ ਨਿਸ਼ਚੇ ਕੀਤਾ ਸੀ ਕਿਜਿਸ ਤਰਾਂ ਦੀ ਪੂਰੀ ਵਿਦਿਆ ਸੰਸਕ੍ਰਿਤ ਵਿਚ ਹੈ ਉਸਤਰਾਂ ਦੀ ਕਿਸੇ ਭਾਸ਼ਾ ਵਿੱਚ ਨਹੀਂ ਓਹ ਏਸਤਰਾਂ ਦੀ ਬਾਤ ਉਪਨਿਸ਼ਦਾਂ ਦੇ ਤਰਜਮੇ ਵਿਚ ਲਿਖਦੇ ਹਨ ਕਿ ਮੈਂਨੇ ਅਰਬੀ ਆਦੀ ਬਹੁਤੇਰੀਆਂ ਭਾਸ਼ਾ ਪੜ੍ਹੀਆਂ ਪਰੰਤੂ ਮੇਰੇ ਮਨ ਦਾ ਸੰਦੇਹ ਛੁੱਟਕੇ ਆਨੰਦ ਨਾ ਹੋਇਆ, ਜਦ ਸੰਸਕ੍ਰਿਤ ਦੇਖੀ ਅਰ ਸੁਨੀ ਤਦ ਨਿੱਸੰਦੇਹ ਹੋਕੇ ਮੈਨੂੰ ਵਡਾ ਆਨੰਦ ਹੋਇਆ ਹੈ। ਦੇਖੋ ਕਾਸ਼ੀ ਦੇ ਮਾਨ ਮੰਦਿਰ ਵਿਚ ਸ਼ਿਸ਼ੁਮਾਰ ਚਕ੍ਰ ਨੂੰ ਕਿ ਜਿਸ ਦੀ ਪੂਰੀ ਰਖਛਾ ਭੀ ਨਹੀਂ ਰਹੀ ਹੈ ਤਾਂ ਭੀ ਕਿੱਨਾ ਉੱਤਮ ਹੈ

ਕਿ ਜਿਸ ਵਿੱਚ ਹੁਨ ਤਕ ਭੀ ਖਗੋਲ ਦਾ ਬਹੁਤ ਸਾਰਾ ਬ੍ਰਿੱਤਾਂਤ ਮਲੂਮ ਹੁੰਦਾਹੈ, ਜੇਕਰ ਸਵਾਈ ਜੈਪੁਰਾਧੀਸ਼ ਉਸਦੀ ਸੰਭਾਲਨਾ ਕਰਨਗੇ ਅਰ ਟੁੱਟੇ ਫੁੱਟੇ ਨੂੰ ਬਨਵਾਂਦੇ ਰਿਹਾ ਕਰਨਗੇ ਤਾਂ ਬਹੁਤ ਅੱਛਾ ਹੋਵੇਗਾ ਪਰੰਤੂ ਅਜੇਹੇ ਸ਼ਿਰੋਮਣੀ ਦੇਸ਼ ਨੂੰ ਮਹਾਭਾਰਤ ਦੇ ਯੁੱਧ ਨੇ ਅਜੇਹਾ ਧੱਕਾ ਮਾਰਿਆ ਹੈ ਕਿ ਹੁਨ ਤਕ ਭੀ ਏਹ ਅਪਨੀ ਪਹਿਲੀ ਅਵਸਥਾ ਵਿਚ ਨਹੀਂ ਆਇਆ, ਕਿਉਂਕਿ ਜਦ ਭਰਾ ਨੂੰ ਭਰਾ ਮਾਰਨ ਲਗੇ ਤਾਂ ਨਾਸ਼ ਹੋਨ ਵਿਚ ਕੀ ਸੰਦੇਹ !

ਵਿਨਾਸ਼ਕਾਲੇ ਵਿਪਰੀਤ ਬੁੱਧਿਃ॥

ਬ੍ਰਿੱਧਚਾਣਕ੍ਯ ਅਧ੍ਯਾਯ ੧੬। ੧੭॥

ਜਦ ਨਾਸ਼ ਹੋਨ ਦਾ ਸਮਯ ਨਜ਼ਦੀਕ ਆਉਂਦਾ ਹੈ ਤਦ ਉਲਟੀ ਬੁੱਧ ਹੋਕੇ ਉਲਟੇ ਕੰਮ ਕਰਦੇ ਹਨ, ਕੋਈ ਉਨਾਂ ਨੂੰ ਸਿੱਧਾ ਸਮਝ੍ਹਾਵੇ ਤਾਂ ਉਲਟਾ ਮੰਨਨ, ਅਰ ਉਲਟਾ ਸਮਝ੍ਹਾਵੇ ਉਸਨੂੰ ਸਿੱਧਾ ਮੰਨਨ, ਜਦ ਵਡੇ ਵਡੇ ਵਿਦਵਾਨ, ਰਾਜਾ, ਮਹਾਰਾਜਾ, ਰਿਸ਼ੀ, ਮਹਾਰਿਸ਼ੀ ਲੋਗ ਮਹਾਭਾਰਤ ਦੇ ਯੁੱਧ ਵਿਚ ਬਹੁਤ ਸਾਰੇ ਮਾਰੇ ਗਏ ਤਦ ਵਿਦਿਆ ਅਰ ਵੇਦੋਕਤ ਧਰਮ ਦਾ ਪ੍ਰਚਾਰ ਨਸ਼ਟ ਹੋਗਿਆ, ਈਰਸ਼ਾ, ਦ੍ਵੇਸ਼, ਅਭਿਮਾਨ, ਆਪਸ ਵਿਚ ਕਰਨ ਲੱਗੇ, ਜੋ ਬਲਵਾਨ ਹੋਇਆ ਓਹ ਦੇਸ਼ ਨੂੰ ਦਬਾਕੇ ਰਾਜਾ ਬਨ ਬੈਠਾ, ਉਸੇ ਤਰਾਂ ਹੀ ਸਰਵਤ੍ਰ ਆਰਯਾਵਰਤ ਦੇਸ਼ ਵਿਚ ਖੰਡਬੰਡ ਰਾਜ ਹੋਗਿਆ ਫੇਰ ਦੀਪ ਦੀਪਾਂਤਰ ਦੇ ਰਾਜ ਦੀ ਵ੍ਯਵਸਥਾ ਕੌਨ ਕਰੇ, ਜਦ ਬ੍ਰਾਹਮਣ ਲੋਗ ਵਿਦਿਆ ਹੀਨ ਹੋਏ ਤਦ ਖਛਤ੍ਰੀ ਵੈਸ਼ ਅਰ ਸ਼ੂਦ੍ਰਾਂ ਦੇ ਅਵਿਦਵਾਨ ਹੋਨ ਦੀ ਤਾਂ ਕਥਾ ਹੀ ਕੀ ਕਹਿਨੀ, ਜੋ ਪਰੰਪਰਾ ਥੀਂ ਵੇਦ ਆਦੀ ਸ਼ਾਸਤ੍ਰਾਂ ਦਾ ਅਰਥ ਸਹਿਤ ਪੜ੍ਹਨ ਦਾ ਪ੍ਰਚਾਰ ਸੀ ਓਹ ਭੀ ਛੁੱਟ ਗਿਆ, ਕੇਵਲ ਗੁਜ਼ਾਰੇ ਲਈ ਪਾਠਮਾਤ੍ਰ ਬ੍ਰਾਹਮਣ ਲੋਗ ਪੜ੍ਹਦੇ ਰਹੇ, ਸੋ ਪਾਠਮਾਤ੍ਰ ਭੀ ਖਛਤ੍ਰੀਆਂ ਨੂੰ ਨਾ ਪੜ੍ਹਾਇਆ, ਕਿਉਂਕਿ ਜਦ ਅਵਿਦਵਾਨ ਹੋਏ ਗੁਰੂ ਬਨ ਗਏ ਤਦ ਛਲ, ਕਪਟ, ਅਧਰਮ ਭੀ ਉਨਾਂ ਵਿਚ ਵ੍ਰਧਨ ਲੱਗਾ, ਬ੍ਰਾਹਮਣਾਂ ਨੇ ਵਿਚਾਰਿਆ ਕਿ ਅਪਨੀ ਰੋਟੀ ਦਾ ਪ੍ਰਬੰਧ ਬਨ੍ਹਨਾ ਚਾਹੀਏ, ਸੱਮਤੀ ਕਰਕੇ ਏਹੀ ਨਿਸ਼ਚੇ ਕਰਕੇ ਖਛਤ੍ਰੀ ਆਦੀ ਨੂੰ ਉਪਦੇਸ਼ ਕਰਨ ਲੱਗੇ ਕਿ ਅਸੀਂ ਹੀ ਤੁਹਾਡੇ ਪੂਜ੍ਯਦੇਵ ਹਾਂ, ਬਗੈਰ ਸਾਡੀ ਸੇਵਾ ਕੀਤੇ ਤੁਹਾਨੂੰ ਸ੍ਵਰਗ ਵਾ ਮੁਕਤੀ ਨਾ ਮਿਲੇਗੀ, ਕਿੰਤੂ ਜੇ ਤੁਸੀਂ ਸਾਡੀ ਸੇਵਾ ਨਾ ਕਰੋਗੇ ਤਾਂ ਘੋਰ ਨਰਕ ਵਿਚ ਪਵੋਗੇ, ਜੋ ਜੋ ਪੁਰਣ ਵਿਦਿਆ ਵਾਲੇ ਧਾਰਮਿਕਾਂ ਦਾ ਨਾਮ ਬ੍ਰਾਹਮਣ ਅਰ ਪੂਜਾ ਦੇ ਯੋਗ ਵੇਦ ਅਰ ਰਿਸ਼ੀ ਮੁਨੀਆਂ ਦੇ ਸ਼ਾਸਤ੍ਰਾਂ ਵਿਚ ਲਿਖਿਆ ਸੀ ਉਨਾਂ ਨੂੰ ਅਪਨੇ ਜੇਹੇ ਮੂਰਖ, ਵਿਸ਼ਯੀ,ਕਪਟੀ, ਲੰਪਟ, ਅਧਰਮੀਆਂ ਉੱਤੇ ਘਟਾ ਬੈਠੇ, ਭਲਾ ਓਹ ਆਪਤ ਵਿਦਵਾਨਾਂ ਦੇ ਲਖਛਣ ਇਨ੍ਹਾਂ ਮੂਰਖਾਂ ਉਤੇ ਕਦ ਘਟ ਸਕਦੇ ਹਨ,ਪਰੰਤੂ ਜਦ ਖਛਤ੍ਰੀ ਆਦੀ

यजमान संस्कृत विद्या से अत्यन्त रहित होवे तब उनके सामने जो जो गप्प मारी सो सो विचारों ने सब मान ली, तब इन्हों नाम के ब्राह्मणों की बन पड़ी, सब को अपने वचन जाल विच बन्धुके वश विच कर लीता अर कहिन लगे कि :—

ब्रह्म वाक्यं जनार्दनः । पांडवगीता ।

अरथात जो कुछ ब्राह्मणों के मुख से वचन निकलदा है ओह जानो साक्षात भगवान के मुख से निकलिआ । जद खछत्री आदी वरण अखदे अंने अर गीछदेपुरे अरथात अंदरली विद्या दी अख फुटी होई अर जिन्हों के पास धन बहुतेरा है ऐहो जेहे चेले मिले फेर तां इनां विअरथ ब्राह्मण ठाम वालिआं नूं विशखानंद दा बाग मिल गिआ, ऐह भी उनां लोका ने प्रसिध कीता कि जो कुछ प्रिथिवी विच उत्तम पदारथ हन ओह सब ब्राह्मणों के लई हन, अरथात जो गुण, करम, सुभाव से ब्राह्मण आदी वरण विवसथा सी उस नूं नशट करके जनम उत्ते रख दित्ती, अर मोऐ होऐ तक दा भी दान यजमानां कोलों लैन लगे, जिस तरां अपनी इछिआ होई उसे तरां वरतन लगे, ऐथों तक कीता कि असीं भूदेव हां, साडी सेवा तों बगैर देव लोक किसे नूं नहीं मिल सकदा, इन्हां कोलों पुछना चाहीऐ कि तुसीं किस लोक विच पवोगे, तुहाडे कंम तां घोर नरक भोगन दे हन, कीड़े, मकौड़े, जनावर आदी बनोगे तब तां वड़े गुस्से होके कहिंदे हन असीं शाप देवांगे तां तुहाडा नाश होजावेगा, किउंकि लिखिआ है "ब्रहमद्रोही विनशजती" कि जो ब्राह्मणां नाल विरोध करदाहै उसदा नाश हो जांदा है, हां इह बात तां सच्ची है कि जो पूरण वेद अर परमेशूर नूं जानन वाले धरमातमा, सब जगत दे उपकारक पुरुशां नाल कोई द्वेश करेगा ओह ज़रूर नशट होवेगा, परंतू जो ब्राह्मण ना होन,उनां दा ना ब्राह्मण नाम अर ना उनां दी सेवा करनी योगज है॥

(प्रशन) तां असीं कौण हां ?

(उत्तर) तुसीं पोप हो ।

(प्रशन) पोप किस नूं कहिंदे हन ?

(उत्तर) उसदी सूचना रोमन भाशा विच तां वड्डे अर पिता दा नाम पोप है, परंतू हुन छल कपट नाल दूजे नूं ठगके अपना प्रयोजन साधन वाले नूं पोप कहिंदे हन ।

(ਪ੍ਰਸ਼ਨ) ਅਸੀਂ ਭਾਂ ਬ੍ਰਾਹਮਣ ਅਰ ਸਾਧੂ ਹਾਂ ਕਿਉਂਕਿ ਸਾਡਾ ਪਿਉ ਬ੍ਰਾਹਮਣ ਅਰ ਮਾਂ ਬ੍ਰਾਹਮਣੀ ਤਥਾ ਅਸੀਂ ਫਲਾਨੇ ਸਾਧੂ ਦੇ ਚੇਲੇ ਹਾਂ।

(ਉੱਤਰ) ਏਹ ਸੱਚ ਹੈ, ਪਰੰਤੂ ਸੁਨੋ ਭਰਾਓ! ਮਾਂ ਪਿਉ ਬ੍ਰਾਹਮਣ ਬ੍ਰਾਹਮਣੀ ਹੋਨ ਕਰਕੇ ਅਰ ਕਿਸੇ ਸਾਧੂ ਦੇ ਚੇਲੇ ਹੋਨ ਉੱਤੇ ਬ੍ਰਾਹਮਣ ਵਾ ਸਾਧੂ ਨਹੀਂ ਹੋ ਸਕਦੇ ਕਿੰਤੂ ਬ੍ਰਾਹਮਣ ਅਰ ਸਾਧੂ ਅਪਨੇ ਉਤਮ ਗੁਣ, ਕਰਮ, ਸ੍ਵਭਾਵ ਕਰਕੇ ਹੁੰਦੇ ਹਨ, ਜੋਕਿ ਪਰਉਪਕਾਰੀ ਹੋਵੇ, ਸੁਨਿਆ ਹੈ ਕਿ ਜਿਸ ਤਰਾਂ ਰੋਮ ਦੇ ਪੋਪ ਅਪਨੇ ਚੇਲਿਆਂ ਨੂੰ ਕਹਿੰਦੇ ਸਨ ਕਿ ਤੁਸੀਂ ਅਪਨੇ ਪਾਪ ਸਾਡੇ ਸਾਮ੍ਹਨੇ ਕਹੋਗੇ ਤਾਂ ਅਸੀਂ ਖਿਛਮਾ ਕਰ ਦਿਆਂਗੇ, ਬਗੈਰ ਸਾਡੀ ਸੇਵਾ ਅਰ ਆਗਿਆ ਦੇ ਕੋਈ ਭੀ ਸ੍ਵਰਗ ਵਿਚ ਨਹੀਂ ਜਾ ਸਕਦਾ, ਜੇ ਤੁਸੀਂ ਸ੍ਵਰਗ ਵਿਚ ਜਾਨਾ ਚਾਹੋ ਤਾਂ ਸਾਡੇ ਪਾਸ ਜਿੰਨੇ ਰੁਪਯੇ ਜਮਾ ਕਰੋਗੇ ਉੱਨੇ ਦੀ ਹੀ ਸਾਮਗ੍ਰੀ ਤੁਹਾਨੂੰ ਸ੍ਵਰਗ ਵਿਚ ਮਿਲੇਗੀ, ਏਸਤਰਾਂ ਜਦ ਕੋਈ ਸੁਨਕੇ ਅੱਖ ਦਾ ਅੱਨ੍ਹਾ ਅਰ ਗੰਢ ਦਾ ਪੂਰਾ ਸ੍ਵਰਗ ਵਿਚ ਜਾਨ ਦੀ ਇੱਛਿਆ ਕਰਕੇ ਪੋਪ ਜੀ ਨੂੰ ਪੂਰੇ ਰੁਪਯੇ ਦੇਂਦਾ ਸੀ ਤਦ ਓਹ ਪੋਪ ਜੀ ਈਸਾ ਅਰ ਮਰਯਮ ਦੀ ਮੂਰਤੀ ਦੇ ਸਾਮਨੇ ਖਲੋਕੇ ਏਸ ਪ੍ਰਕਾਰ ਦੀ ਹੁੰਡੀ ਲਿਖਕੇ ਦੇਂਦਾ ਸੀ, "ਹੇ ਖੁਦਾਵੰਦ ਈਸਾਮਸੀਹ! ਫਲਾਨੇ ਮਨੁਸ਼ ਨੇ ਤੇਰੇ ਨਾਮ ਉੱਤੇ ਲੱਖ ਰੁਪਯੇ ਸ੍ਵਰਗ ਵਿਚ ਆਵਨ ਦੇ ਵਾਸਤੇ ਸਾਡੇ ਪਾਸ ਜਮਾ ਕਰ ਦਿੱਤੇ ਹਨ, ਜਦ ਓਹ ਸ੍ਵਰਗ ਵਿਚ ਆਵੇ ਤਦ ਤੂੰ ਅਪਨੇ ਪਿਉ ਦੇ ਸ੍ਵਰਗ ਦੇ ਰਾਜ ਵਿਚ ਪੰਜੀ ਹਜ਼ਾਰ ੨੫੦੦੦ ਰੁਪੱਯਾ ਵਿਚ ਬਾਗ਼ ਬਗੀਚਾ, ਅਰ ਮਕਾਨ ਆਦੀ, ਪੰਜੀ ਹਜ਼ਾਰ ੨੫੦੦੦ ਰੁਪੱਯਾ ਵਿਚ ਸਵਾਰੀ ਸ਼ਿਕਾਰੀ ਅਰ ਨੌਕਰ ਚਾਕਰ, ਪੰਜੀ ਹਜ਼ਾਰ ੨੫੦੦੦ ਰੁਪੱਯਾਂ ਵਿਚ ਖਾਨਾ ਪੀਨਾ, ਕਪੜਾ ਲੱਤਾ, ਅਰ ਪੰਜੀ ਹਜ਼ਾਰ ੨੫੦੦੦ ਰੁਪਯੇ ਏਸ ਦੇ ਇਸ਼ਟ ਮਿਤ੍ਰ, ਭਾਰਾ ਸੰਬੰਧੀ ਆਦੀ ਦੀ ਸ਼ਿਆਫ਼ਤ ਦੇ ਵਾਸਤੇ ਦਿਵਾ ਦੇਨੇ।" ਫੇਰ ਉਸ ਹੁੰਡੀ ਦੇ ਹੇਠਾਂ ਪੋਪ ਜੀ ਅਪਨੀ ਸਹੀ ਕਰਕੇ ਹੁੰਡੀ ਉਸਦੇ ਹਥ ਵਿਚ ਦੇਕੇ ਕਹ ਦਿੰਦੇ ਸਨ ਕਿ "ਜਦ ਤੂੰ ਮਰੇਂ ਤਦਏਸ ਹੁੰਡੀ ਨੂੰ ਕਬਰ ਵਿਚ ਅਪਨੇ ਸਿਰ੍ਹਾਨੇ ਧਰ ਲੈਨ ਦੇ ਵਾਸਤੇ ਅਪਨੇ ਕੁਟੰਬ ਨੂੰ ਕਹਿ ਰੱਖਨਾ, ਫੇਰ ਤੈਨੂੰ ਲੈ ਜਾਨ ਦੇ ਵਾਸਤੇ ਫਰਿਸ਼ਤੇ ਆਵਨਗੇ ਤਦ ਤੈਨੂੰ ਅਰ ਤੇਰੀ ਹੁੰਡੀ ਨੂੰ ਸ੍ਵਰਗ ਵਿਚ ਲਿਜਾਕੇ ਲਿਖੇ ਪ੍ਰਮਾਣ ਸਬ ਚੀਜ਼ਾਂ ਤੈਨੂੰ ਦਿਵਾ ਦੇਨਗੇ"। ਹੁਨ ਵੇਖੋ ਜਾਨੋ ਸ੍ਵਰਗ ਦਾ ਠੇਕਾ ਪੋਪ ਜੀ ਨੇ ਲੀਤਾ ਹੈ! ਜਦ ਤਕ ਯੂਰਪ ਦੇਸ਼ ਵਿਚ ਮੂਰਖਤਾ ਸੀ ਤਦ ਤਕ ਉਥੇ ਪੋਪ ਜੀ ਦੀ ਲੀਲਾ ਚਲਦੀ ਸੀ ਪਰੰਤੂ ਹੁਨ ਵਿਦਿਆਦੇ ਹੋਨ ਕਰਕੇ ਪੋਪ ਜੀ ਦੀ ਝੂਠੀ ਲੀਲਾ ਬਹੁਤ ਨਹੀਂ ਚਲਦੀ ਕਿੰਤੂ ਜੜ੍ਹ ਤੋਂ ਪੁੱਟੀ ਭੀ ਨਹੀਂ ਗਈ, ਉਸੇਤਰਾਂ ਆਰਯਾਵਰਤ ਦੇਸ਼ ਵਿਚ ਭੀ ਜਾਨੋ ਪੋਪ ਜੀ ਨੇ ਲੱਖ ਅਵਤਾਰ ਲੈਕੇ ਲੀਲਾ ਫਲਾਈ ਹੈ ਅਰਥਾਤ ਰਾਜਾ ਅਰ ਪ੍ਰਜਾ ਨੂੰ ਵਿਦਿਆ ਨ ਪੜ੍ਹਨ ਦੇਨਾ, ਚੰਗੇ

ਪੁਰੁਸ਼ਾਂ ਦਾ ਸੰਗ ਨ ਹੋਨ ਦੇਨਾ, ਰਾਤ ਦਿਨ ਬਹਕਾਨ ਤੋਂ ਬਗੈਰ ਦੂਜਾ ਕੁਝ ਭੀ ਕੰਮ ਨਾ ਕਰਨਾ, ਪਰੰਤੂ ਏਹ ਬਾਤ ਧਿਆਨ ਵਿਚ ਰਖਨੀ ਕਿ ਜੋ ਜੋ ਛਲ, ਕਪਟ, ਆਦੀ ਖਰਾਬ ਵਿਹਾਰ ਕਰਦੇ ਹਨ ਓਹੋ ਹੀ ਪੋਪ ਕਹਾਂਦੇ ਹਨ, ਜੋ ਕੋਈ ਉਨਾਂ ਵਿਚ ਭੀ ਧਾਰਮਿਕ ਵਿਦਵਾਨ ਪਰਉਪਕਾਰੀ ਹਨ ਓਹ ਸਚੇ ਬ੍ਰਾਹਮਣ ਅਰ ਸਾਧੂ ਹਨ। ਹੁਨ ਉਨਾਂ ਛਲੀਏ, ਕਪਟੀ, ਸ੍ਵਾਰਥੀ ਲੋਕਾਂ (ਮਨੁਸ਼ਾਂ ਨੂੰ ਠਗਕੇ ਅਪਨਾ ਪ੍ਰਯੋਜਨ ਸਿੱਧ ਕਰਨ ਵਾਲੇ) ਹੀ ਦਾ ਗ੍ਰਹਣ 'ਪੋਪ' ਸ਼ਬਦ ਕਰਕੇ ਕਰਨਾ, ਅਰ ਬ੍ਰਾਹਮਣ ਤਥਾ ਸਾਧੂ ਨਾਮ ਕਰਕੇ ਉੱਤਮ ਪੁਰੁਸ਼ਾਂ ਦਾ ਸ੍ਵੀਕਾਰ ਕਰਨਾ ਯੋਗ ਹੈ, ਦੇਖੋ! ਜੋ ਕੋਈ ਭੀ ਉੱਤਮ ਬ੍ਰਾਹਮਣ ਵਾ ਸਾਧੂ ਨਾ ਹੁੰਦਾ ਤਾਂ ਵੇਦ ਆਦੀ ਸਤ ਸ਼ਾਸਤ੍ਰਾਂ ਦੇ ਪੁਸਤਕ ਸ੍ਵਰ ਸਹਿਤ ਦਾ ਪਠਨ ਪਾਠਨ, ਜੈਨ, ਮੁਸਲਮਾਨ, ਈਸਾਈ ਆਦੀ ਦੇ ਜਾਲ ਥੀਂ ਬਚਕੇ ਆਰਯਾਂ ਨੂੰ ਵੇਦ ਆਦੀ ਸਤ ਸ਼ਾਸਤ੍ਰਾਂ ਵਿਚ ਪ੍ਰੀਤੀ ਯੁਕਤ ਵਰਣ ਆਸ਼੍ਰਮ ਵਿਚ ਰਖਨਾ ਏਸ ਤਰਾਂ ਕੌਨ ਕਰ ਸਕਦਾ ਬਗੈਰ ਬ੍ਰਾਹਮਣ ਸਾਧੂਆਂ ਦੇ "विशादपजमृतंगृाहजम मनु०" ਵਿਸ਼ ਥੀਂ ਅੰਮ੍ਰਿਤ ਦੇ ਗ੍ਰਹਣ ਕਰਨ ਦੇ ਸਮਾਨ, ਪੋਪ ਲੀਲਾ ਦੀ ਬਹਕਾਵਟ ਵਿਚੋਂ ਭੀ ਆਰਯਾਂ ਦਾ ਜੈਨ ਆਦੀ ਮਤਾਂ ਥੀਂ ਬਚ ਰਹਨਾ ਜਾਨੋ ਵਿਸ਼ ਵਿਚ ਅੰਮ੍ਰਿਤ ਦੇ ਸਮਾਨ ਗੁਣ ਸਮਝਨਾ ਚਾਹੀਏ ਜਦ ਯਜਮਾਨ ਵਿਦਿਆ ਹੀਨ ਹੋਏ ਅਰ ਆਪ ਕੁਝ ਪਾਠ ਪੂਜਾ ਪੜ੍ਹਕੇ ਅਭਿਮਾਨ ਵਿਚ ਆਕੇ ਸਬ ਲੋਕਾਂ ਨੇ ਇਕ ਦੂਜੇ ਨਾਲ ਸੱਮਤੀ ਕਰਕੇ ਰਾਜਾ ਆਦੀ ਨੂੰ ਆਖਿਆ ਕਿ ਬ੍ਰਾਹਮਣ ਅਰ ਸਾਧੂ ਅਦੰਡ ਹਨ ਦੇਖੋ! "ब्राहमणो न हंतव्यः" "साधुरन हंतव्यः" ਅਜੇਹੇ ਅਜੇਹੇ ਵਚਨ ਜੋਕਿ ਸੱਚੇ ਬ੍ਰਾਹਮਣ ਅਰ ਸਾਧੂਆਂ ਦੇ ਵਿਸ਼ਯ ਵਿਚ ਸਨ ਸੋ ਪੋਪਾਂ ਨੇ ਅਪਨੇ ਉੱਤੇ ਘਟਾ ਲੀਤੇ, ਹੋਰ ਭੀ ਝੂਠੇ ਝੂਠੇ ਵਚਨਾਂ ਵਾਲੇ ਗ੍ਰੰਥ ਰਚਕੇ ਉਨਾਂ ਵਿਚ ਰਿਸ਼ੀ ਮੁਨੀਆਂ ਦੇ ਨਾਮ ਧਰਕੇ ਉਨਾਂ ਦੇ ਹੀ ਨਾਮ ਕਰਕੇ ਸੁਨਾਂਦੇ ਰਹੇ, ਉਨਾਂ ਮੰਨੇ ਪ੍ਰਮੰਨੇ ਰਿਸ਼ੀ ਮਹਾਰਿਸ਼ੀਆਂ ਦੇ ਨਾਮ ਕਰਕੇ ਅਪਨੇ ਉੱਤੇ ਦੰਡ ਦੀ ਵਜਵਸਥਾ ਦੂਰ ਕਰਵਾ ਦਿੱਤੀ, ਫੇਰ ਮਨ ਮੰਨੀਆਂ ਗੱਲਾਂ ਕਰਨ ਲੱਗੇ ਅਰਥਾਤ ਇਹੋ ਜੇਹੇ ਡਾਢੇ ਕਾਨੂੰਨ ਬਨ੍ਹੇ ਕਿ ਉਨਾਂ ਪੋਪਾਂ ਦੀ ਆਗਿਆ ਦੇ ਬਗੈਰ ਸੌਨਾ, ਉੱਠਨਾ, ਬੈਠਨਾ, ਜਾਨਾ, ਆਨਾ, ਖਾਨਾ, ਪੀਨਾ ਆਦੀ ਭੀ ਨਹੀਂ ਕਰ ਸਕਦੇ ਸਨ, ਰਾਜਿਆਂ ਨੂੰ ਅਜੇਹਾ ਨਿਸ਼ਚਾ ਕਰਾਇਆ ਕਿ ਪੋਪ ਜਿਨ੍ਹਾਂ ਦਾ ਨਾਮ ਹੈ ਅਰ ਕਹਿਨ ਵਿਚ ਬ੍ਰਾਹਮਣ ਸਾਧੂ ਕਹੇ ਜਾਂਦੇ ਹਨ ਓਹ ਜੋ ਚਾਹਨ ਸੋ ਕਰਨ, ਉਨ੍ਹਾਂ ਨੂੰ ਕਦੀ ਦੰਡ ਨਾ ਦੇਨਾ ਅਰਥਾਤ ਉਨ੍ਹਾਂ ਨੂੰ ਮਨ ਵਿਚ ਦੰਡ ਦੇਨਦੀ ਇਛਿਆ ਨ ਕਰਨੀ ਚਾਹੀਏ॥

ਜਦ ਅਜੇਹੀ ਮੂਰਖਤਾ ਹੋਈ ਤਦ ਜਿਸਤਰਾਂ ਪੋਪਾਂ ਦੀ ਇਛਿਆ ਹੋਈ ਉੱਸੇ ਤ੍ਰਹਾਂ ਕਰਨ ਕਰਾਨ ਲਗੇ ਅਰਥਾਤ ਏਸ ਵਿਗਾੜ ਦੇ ਮੂਲ ਮਹਾਭਾਰਤ ਦੇ

ਯੁੱਧ ਥੀਂ ਪਹਲੇ ਇਕ ਹਜ਼ਾਰ ਵਰੇਹਾਂ ਤੋਂ ਪ੍ਰਵ੍ਰਿੱਤ ਹੋਏ ਸਨ, ਕਿਉਂਕਿ ਉਸ ਸਮੇ ਵਿਚ ਰਿਸ਼ੀ ਮੁਨੀ ਭੀ ਸਨ, ਤਥਾਪੀ ਕੁਝ ਕੁ ਝ ਆਲਸ ਪ੍ਰਮਾਦ ਈਰਸ਼ਾ ਦ੍ਵੇਸ਼ ਦੇ ਅੰਕੁਰ ਉੱਗ ਪਏ ਸਨ ਓਹ ਵਧਦੇ ਵਧਦੇ ਵੱਡੇ ਹੋ ਗਏ,ਜਦ ਸੱਚਾ ਉਪਦੇਸ਼ ਨਾ ਰਹਿਆ ਤਦ ਆਰਯਾਵਰਤ ਵਿਚ ਅਵਿਦਿਆ ਫੈਲ ਗਈ ਅਰ ਆਪਸ ਵਿਚ ਲੜਨ ਝਗੜਨ ਲੱਗੇ ਕਿਉਂਕਿ:—

ਉਪਦੇਸ਼ਜੋਪਦੇਸ਼ਟਰਿਤ੍ਵਾਤ ਤਤਸਿੱਧਿ:। ਇਤਰਥਾਂ-ਧਪਰੰਪਰਾ।

ਸਾਂਖ੍ਯ० ਅਧ੍ਯਾਯ ੩। ਸੂਤ੍ਰ ੭੯। ੯੧॥

ਅਰਥਾਤ ਜਦ ਉੱਤਮ ਉੱਤਮ ਉਪਦੇਸ਼ਕ ਹੁੰਦੇ ਹਨ ਤਦ ਅੱਛੇ ਪ੍ਰਕਾਰ ਧਰਮ, ਅਰਥ, ਕਾਮ ਅਰ ਮੋਖਛ ਸਿੱਧ ਹੁੰਦੇ ਹਨ ਅਰ ਜਦ ਉੱਤਮ ਉਪਦੇਸ਼ਕ ਅਰ ਸ਼ੋਤਾ ਨਹੀਂ ਰਹਿੰਦੇ ਤਦ ਅੰਧਮਪਰੰਪਰਾ ਚਲਦੀ ਹੈ, ਫੇਰ ਭੀ ਜਦ ਸਤਪੁਰੁਸ਼ ਉਤਪੰਨ ਹੋਕੇ ਸਤ ਉਪਦੇਸ਼ ਕਰਦੇ ਹਨ ਤਦ ਅੰਧਮਪਰੰਪਰਾ ਨਸ਼ਟ ਹੋਕੇ ਪ੍ਰਕਾਸ਼ ਦੀ ਪਰੰਪਰਾ ਚਲਦੀ ਹੈ, ਫੇਰ ਓਹ ਪੋਪ ਲੋਗ ਅਪਨੀ ਅਰ ਅਪਨੇ ਚਰਣਾਂ ਦੀ ਪੂਜਾ ਕਰਾਨੇ ਅਰ ਕਹਿਨ ਲੱਗੇ ਕਿ ਇਸੇ ਵਿਚ ਤੁਹਾਡਾ ਕਲਿਆਣ ਹੈ, ਜਦ ਏਹ ਲੋਗ ਇਨ੍ਹਾਂ ਦੇ ਵਸ਼ ਵਿਚ ਹੋਗਏ ਤਦ ਪ੍ਰਮਾਦ ਅਰ ਵਿਸ਼ਯ ਭੋਗ ਵਿਚ ਛੁੱਬਕੇ ਗਡਰੀਏ ਦੀ ਨਿਆਈਂ ਝੂਠੇ ਗੁਰੂ ਅਰ ਚੇਲੇ ਫਸੇ,ਵਿਦਿਆ, ਬਲ, ਬੁੱਧੀ, ਪਰਾਕ੍ਰਮ, ਸ਼ੂਰਵੀਰਤਾ ਆਦੀ ਸ਼ੁਭ ਗੁਣ ਸਭ ਨਸ਼ਟ ਹੁੰਦੇ ਗਏ,ਫੇਰ ਜਦ ਵਿਸ਼ਯ ਭੋਗ ਵਿਚ ਛੁੱਬੇ ਤਾਂ ਮਾਂਸ ਸ਼ਰਾਬ ਦਾ ਸੇਵਨ ਚੋਰੀ ਚੋਰੀ ਕਰਨ ਲੱਗੇ ਪਸ਼ਚਾਤ ਉਨ੍ਹਾਂ ਵਿਚੋਂਹੀ ਇਕ ਵਾਮਮਾਰਗ ਖੜਾ ਕੀਤਾ, "ਸ਼ਿਵੋਵਾਚ" "ਪਾਰਵਤੀ ਉਵਾਚ" "ਭੈਰਵੋਵਾਚ" ਇਤ੍ਯਾਦੀ ਨਾਮ ਲਿਖਕਰ ਉਨ੍ਹਾਂ ਦਾ ਤੰਤ੍ਰ ਨਾਮ ਧਰਿਆ ਉਨਾਂ ਗ੍ਰੰਥਾਂ ਵਿਚ ਅਜੇਹੀ ਅਜੇਹੀ ਵਿਚਿਤ੍ਰ ਲੀਲਾ ਦੀਆਂ ਗਲਾਂ ਲਿਖੀਆਂ ਕਿ:—

ਮਦ੍ਯੰ ਮਾਂਸੰ ਚ ਮੀਨੰ ਚ ਮੁਦ੍ਰਾ ਮੈਥੁਨਮੇਵ ਚ।
ਏਤੇ ਪੰਚ ਮਕਾਰਾ: ਸਜੁਰਮੋਖਛਦਾ ਹਿ ਯੁਗੇ ਯੁਗੇ॥

ਕਾਲੀ ਤੰਤ੍ਰਾਦਿ ਵਿੱਚ॥

ਪ੍ਰਵ੍ਰਿੱਤੇ ਭੈਰਵੀਚਕ੍ਰੇ ਸਰਵੇ ਵਰਣਾ ਦ੍ਵਿਜਾਤਯ:।
ਨਿਵ੍ਰਿੱਤੇ ਭੈਰਵੀਚਕ੍ਰੇ ਸਰਵੇ ਵਰਣਾ: ਪ੍ਰਿਥਕ ਪ੍ਰਿਥਕ॥

ਕੁਲਾਰਣਵ ਤੰਤ੍ਰ॥

पीत्वा पीत्वा पुनः पीत्वा यावत पतति भूतले।
पुनरुत्थाय वै पीत्वा पुनरजनम न विदजते॥

महानिरमाण तैत्र॥

मातृयोनिं परितजजज विहरेत सरवयोनिशु।
वेदशासत्रपुराणानि सामानजगणिका इव।
एकैवशांभवी मुद्रा गुपता कुलवधूरिव।

जञानसंकलनी तैत्र॥

वेखो इनां गबरगीड पोपां दी लीला जो कि वेदविरुद्धमहा अधरम दे कंम हन उनुं नूं ही चंगा वाममारगीआं नेमं निआ शराब, मांस, मछी, मुद्रा, पूरी, कचौरी अर वड़े, रोटी आदी चरथन योनीपात्रापार मुद्रा अर पंजवां मैथुन अरथात पुरुश सब शिव अर इसत्रीआं सब पारवती दी निआईं मंनके—

अहं भैरवसत्वं भैरवी हजावयोरसतु संगमः।

भावें कोई पुरुश वा इसत्री होवे एस ऊटपटांग वचन नूं पड़के समागम करन विच वाममारगी दोश नहीं मंनदे अरथात जिनां नीच इसत्रीआं नूं छुहना नहीं उनुं नूं अती पवित्र उनांने मंनिआ है, जिस तरां शासत्रां विच रजसूला आदी इसत्रीआं दे छोहन दा निशेध है उनां नूं वाममारगीआं ने अतीपवित्र मंनिआं है, सुनो इनां दे शलोक अंडबंड—

रजसूला पुशकरं तीरथं चांडाली तु सूयं काशी
चरमकारी पूजागः सजादूजकी मथुरा मता।
अयोधजा पुंकसी पोकता॥ रुद्यामल तैत्र॥

इतिआदी रजसूला दे नाल समागम करन नाल जानो पुशकर दा सनान, चंडालनी दे नाल समागम विच काशी दी यात्रा, चमारी दे नाल समागम करन विच मानो पूजाग दा सनान, धोबी दी इसत्री दे नाल समागम करन विच मथुरा दी यात्रा अर कंजरी दे नाल लीला करन विच मानो अयोधिआ तीरथ कर आए, शराब दा

ਨਾਮ ਧਰਿਆ "ਤੀਰਥ" ਮਾਂਸ ਦਾ ਨਾਮ "ਸ਼ੁੱਧੀ" ਅਰ "ਪੁਸ਼ਪ" ਮੱਛੀ ਦਾ ਨਾਮ "ਤ੍ਰਿਤੀਆ" "ਜਲਤੁੰਬਿਕਾ" ਮੁਦ੍ਰਾ ਦਾ ਨਾਮ "ਚਤੁਰਥੀ" ਅਰ ਮੈਥੁਨ ਦਾ ਨਾਮ "ਪੰਚਮੀ" ਏਸ ਲਈ ਅਜੇਹੇ ਨਾਮ ਧਰੇ ਹਨ ਕਿ ਜਿਸ ਕਰਕੇ ਦੂਜਾ ਨਾ ਸਮਝ ਸੱਕੇ। ਅਪਨੇ ਕੌਲ, ਆਰਦ੍ਰਵੀਰ, ਸ਼ਾਂਭਵ ਅਰ ਗਣ ਆਦੀ ਨਾਮ ਰੱਖੇ ਹਨ, ਅਰਜੋ ਵਾਮਮਾਰਗ ਮਤ ਵਿਚ ਨਹੀਂ ਹਨ ਉਨਾਂ ਦਾ ਕੰਟਕ, ਬੇਮੁਖ, ਸ਼ੁਸ਼ਕਪਸ਼ੂ ਆਦੀ ਨਾਮ ਧਰੇ ਹਨ ਅਰ ਕਹਿੰਦੇ ਹਨ, ਕਿ ਜਦ ਭੈਰਵੀ ਚਕ੍ਰ ਹੋਵੇ ਤਦ ਉਸ ਵਿਚ ਬ੍ਰਾਹਮਣ ਤੋਂ ਲੈਕੇ ਚੰਡਾਲ ਤਕ ਦਾ ਨਾਮ ਦ੍ਵਿਜ ਹੋ ਜਾਂਦਾ ਹੈ ਅਰ ਜਦ ਭੈਰਵੀ ਚਕ੍ਰ ਤੋਂ ਵਖਰੇ ਹੋਨ ਤਦ ਸਬ ਅਪਨੇ ਅਪਨੇ ਵਰਣਵਿਚ ਹੋ ਜਾਨ, ਭੈਰਵੀਚਕ੍ਰ ਵਿਚ ਵਾਮਮਾਰਗੀ ਲੋਗ ਜ਼ਮੀਨ ਵਾ ਪਟਰੇ ਉਪਰ ਇਕ ਬਿੰਦੂ ਤ੍ਰਿਕੋਨ, ਚਤੁਸ਼ਕੋਣ, ਗੋਲ ਬਨਾਕੇ ਉਸ ਉਤੇ ਸ਼ਰਾਬ ਦਾ ਘੜਾ ਰਖਕੇ ਉਸ ਦੀ ਪੂਜਾ ਕਰਦੇ ਹਨ ਫੇਰ ਇਹ ਮੰਤ੍ਰ ਪੜ੍ਹਦੇ ਹਨ "ਬ੍ਰਹਮ ਸ਼ਾਪੰ ਵਿਮੋਚਥ" ਹੇ ਸ਼ਰਾਬ ਤੂੰ ਬ੍ਰਹਮਾ ਆਦੀ ਦੇ ਸ਼ਰਾਪ ਤੋਂ ਰਹਿਤ ਹੋਜਾ। ਇੱਕ ਗੁਪਤ ਜਗਹ ਵਿਚ ਕਿ ਜਿਥੇ ਬਿਨਾ ਵਾਮਮਾਰਗੀ ਦੇ ਦੂਜੇ ਨੂੰ ਨਹੀਂ ਆਵਨ ਦਿੰਦੇ ਉਥੇ ਇਸਤ੍ਰੀ ਅਰ ਪੁਰੁਸ਼ ਇੱਕਠੇ ਹੁੰਦੇ ਹਨ ਉਥੇ ਇਕ ਇਸਤ੍ਰੀ ਨੂੰ ਨੰਗੀ ਕਰਕੇ ਪੂਜਦੇ, ਅਰ ਇਸਤ੍ਰੀਆਂ ਕਿਸੇ ਪੁਰੁਸ਼ ਨੂੰ ਨੰਗਾ ਕਰਕੇ ਪੂਜਦੀਆਂ ਹਨ, ਫੇਰ ਕੋਈ ਕਿਸੇ ਦੀ ਇਸਤ੍ਰੀ, ਕੋਈ ਅਪਨੀ ਵਾ ਦੂਜੇ ਦੀ ਕੰਨਿਆਂ, ਕੋਈ ਕਿਸੇ ਦੀ ਵਾ ਅਪਨੀ ਮਾਂ, ਭੈਣ, ਨੂੰਹ, ਆਦੀ ਆਉਂਦੀਆਂ ਹਨ, ਫੇਰ ਇਕ ਭਾਂਡੇ ਵਿਚ ਸ਼ਰਾਬ ਭਰਕੇ ਮਾਂਸ ਅਰ ਵੜੇ ਆਦੀ ਇਕ ਥਾਲੀ ਵਿਚ ਧਰ ਰਖਦੇ ਹਨ, ਉਸ ਸ਼ਰਾਬ ਦੇ ਪਿਆਲੇ ਨੂੰ ਜੋ ਕਿ ਉਨ੍ਹਾਂ ਦਾ ਆਚਾਰਜ ਹੁੰਦਾ ਹੈ ਓਹ ਹਥ ਵਿਚ ਲੈਕੇ ਬੋਲਦਾ ਹੈ ਕਿ ਭੈਰਵੋਹੰ, ਸ਼ਿਵੋਹੰ, ਅਰਥਾਤ ਮੈਂ ਭੈਰਵ ਹਾਂ ਵਾ ਸ਼ਿਵ ਹਾਂ ਕਹਿਕੇ ਪੀ ਜਾਂਦਾ ਹੈ ਫੇਰ ਉਸੇ ਜੂਠੇ ਪਾਤ੍ਰ ਵਿਚੋਂ ਸਬ ਪੀਂਦੇ ਹਨ, ਅਰ ਜਦ ਕਿਸੇ ਦੀ ਇਸਤ੍ਰੀ ਵਾ ਕੰਜਰੀ ਨੂੰ ਨੰਗੀ ਕਰਕੇ ਅਥਵਾ ਕਿਸੇ ਪੁਰੁਸ਼ ਨੂੰ ਨੰਗਾ ਕਰਕੇ ਹਥ ਵਿਚ ਤਲਵਾਰ ਦੇਕੇ ਉਸਦਾ ਨਾਮ ਦੇਵੀ ਅਰ ਪੁਰੁਸ਼ ਦਾ ਨਾਮ ਮਹਾਦੇਵ ਧਰਦੇ ਹਨ ਉਨਾਂ ਦੀ ਉਪਸਥ ਇੰਦ੍ਰੀ ਦੀ ਪੂਜਾ ਕਰਦੇ ਹਨ, ਤਦ ਉਸ ਦੇਵੀ ਵਾ ਸ਼ਿਵ ਨੂੰ ਸ਼ਰਾਬਦਾ ਪਿਆਲਾ ਪਿਆਕੇ ਉਸੇ ਜੂਠੇ ਭਾਂਡੇ ਨਾਲ ਸਬ ਲੋਕ ਇਕ ਇਕ ਪਿਆਲਾ ਪੀਂਦੇ, ਫੇਰ ਉਸੇ ਤਰਾਂ ਕ੍ਰਮ ਨਾਲ ਪੀਪੀਕੇ ਮਸਤ ਹੋਕੇ ਭਾਵੇਂ ਕੋਈ ਕਿਸੇ ਦੀ ਭੈਣ, ਧੀ ਵਾ ਮਾਂ ਕਿਉਂ ਨਾ ਹੋਵੇ ਜਿਸਦੀ ਜਿਸਦੇ ਨਾਲ ਇਛਿਆ ਹੋਵੇ ਉਸਦੇ ਨਾਲ ਕੁਕਰਮ ਕਰਦੇ ਹਨ। ਕਦੀ ਕਦੀ ਬਹੁਤ ਨਸ਼ਾ ਚੜ੍ਹਨ ਕਰਕੇ ਜੁੱਤੀਆਂ ਲੱਤਾਂ ਮੁੱਕਾ ਮੁੱਕੀ ਵਾਲ-ਪੁਟਾਈ, ਆਪਸ ਵਿਚ ਲੜਦੇ ਹਨ, ਕਿਸੇ ਕਿਸੇ ਨੂੰ ਉਥੇ ਹੀ ਉਪਰਛਲ ਆਉਂਦੀ ਹੈ, ਉਨ੍ਹਾਂ ਵਿਚ ਜੇਹੜਾ ਪਹੁੰਚਿਆ ਹੋਇਆ ਅਘੋਰੀ ਅਰਥਾਤ ਸਬਨਾਂ ਵਿੱਚ ਸਿੱਧ ਗਿਣਿਆ ਜਾਂਦਾ ਹੈ ਓਹ ਉਪਰਛਲ ਨੂੰ ਭੀ ਖਾ ਲੈਂਦਾ ਹੈ

ਅਰਥਾਤ ਇਨਾਂ ਦੇ ਸਬ ਤੋਂ ਵੱਡੇ ਸਿੱਧ ਦੀਆਂ ਏਹ ਬਾਤਾਂ ਹਨ ਕਿ :–

ਹਾਲਾਂ ਪਿਵਤਿ ਦੀਖਛਿਤਸਜ਼ ਮੰਦਿਰੇਸੁਪਤੋ ਨਿਸ਼ਾਯਾਂ ਗਣਿਕਾਗ੍ਰਿਹੇਸ਼ੁ। ਵਿਰਾਜਤੇ ਕੌਲਵਚਕ੍ਰਵਰਤੀ।

ਜੋ ਦੀਖਛਿਤ ਅਰਥਾਤ ਕਲਾਲ ਦੇ ਘਰ ਵਿਚ ਜਾਕੇ ਬੋਤਲ ਤੇ ਬੋਤਲ ਚੜ੍ਹਾਵੇ ਕੰਜਰੀਆਂ ਦੇ ਘਰ ਵਿਚ ਜਾਕੇ ਉਨ੍ਹਾਂ ਨਾਲ ਕੁਕਰਮ ਕਰਕੇ ਸਵੇਂ, ਜੋ ਏਸ ਤਰਾਂ ਦੇ ਕਰਮ ਨਿਰਲੱਜ ਨਿਸ਼ੰਕ ਹੋਕੇ ਕਰੇ ਓਹ ਵਾਮਮਾਰਗੀਆਂ ਵਿਚ ਸਰਵੋਪਰੀ ਮੁੱਖ ਚਕ੍ਰਵਰਤੀ ਰਾਜਾ ਦੇ ਸਮਾਨ ਮੰਨਿਆਂ ਜਾਂਦਾ ਹੈ ਅਰਥਾਤ ਜੋ ਵੱਡਾ ਕੁਕਰਮੀ ਓਹੋ ਹੀ ਉਨ੍ਹਾਂ ਵਿਚ ਵੱਡਾ, ਅਰ ਜੋ ਚੰਗੇ ਕਰਮ ਕਰੇ ਅਰ ਬੁਰੇ ਕੰਮਾਂ ਥੀਂ ਡਰੇ ਓਹੋ ਛੋਟਾ ਹੈ। ਕਿਉਂਕਿ :—

ਪਾਸ਼ਬੱਧੋ ਭਵੇੱਜੀਵਃ ਪਾਸ਼ਮੁਕਤਃ ਸਦਾ ਸ਼ਿਵਃ।

ਜਵਾਨਸੰਕਲਨੀ ਤੰਤ੍ਰ। ਸ਼ਲੋਕ ੪੩ ॥

ਏਸ ਤਰਾਂ ਨਾਲ ਤੰਤ੍ਰ ਵਿਚ ਕਹਿੰਦੇ ਹਨ ਕਿ ਜੋ ਲੋਕ ਲੱਜਾ, ਸ਼ਾਸਤ੍ਰ ਲੱਜਾ,ਕੁਲ ਲੱਜਾ,ਦੇਸ਼ ਲੱਜਾ ਆਦੀ ਫਾਹੀਆਂ ਵਿਚ ਬੰਨਿਆ ਹੋਇਆ ਹੈਓਹ ਜੀਵ, ਅਰ ਜੋ ਨਿਰਲੱਜ ਹੋਕੇ ਬੁਰੇ ਕੰਮ ਕਰੇ ਓਹੋ ਹੀ ਸਦਾਸ਼ਿਵ ਹੈ॥

ਉੱਡੀਸ ਤੰਤ੍ਰ ਗ੍ਰੰਥ ਵਿਚ ਇਕ ਪ੍ਰਯੋਗ ਲਿਖਿਆ ਹੈ ਕਿ ਇਕ ਘਰ ਵਿਚ ਚੌਹਾਂ ਪਾਸੇ ਆਲੇ ਹੋਨ ਉਨ੍ਹਾਂ ਵਿਚ ਸ਼ਰਾਬ ਦੀਆਂ ਬੋਤਲਾਂ ਭਰਕੇ ਧਰ ਦੇਵੇ ਇਨ੍ਹਾਂ ਆਲਿਆਂ ਵਿਚੋਂ ਇਕ ਬੋਤਲ ਪੀਕੇ ਦੂਜੇ ਆਲੇ ਤੇ ਜਾਵੇ ਉਸ ਵਿਚੋਂ ਪੀਕੇ ਤੀਜੇ ਅਰ ਤੀਜੇ ਵਿਚੋਂ ਪੀਕੇ ਚੌਥੇ ਆਲੇ ਵਿਚ ਜਾਵੇ ਖਲੋਤਾ ਖਲੋਤਾ ਤਦ ਤਕ ਸ਼ਰਾਬ ਪੀਵੇ ਕਿ ਜਦ ਤਕ ਲਕੜ ਦੀ ਨਿਆਈਂ ਜ਼ਮੀਨ ਉੱਤੇ ਨਾ ਡਿੱਗ ਪਵੇ, ਫੇਰ ਜਦ ਨਸ਼ਾ ਉਤਰੇ ਤਦ ਉਸੇ ਤਰਾਂ ਪੀਕੇ ਡਿੱਗ ਪਵੇ, ਫੇਰ ਤੀਜੀ ਵਾਰ ਪੀਕੇ ਡਿਗ ਕੇ ਉੱਠੇ ਤਾਂ ਉਸਦਾ ਪੁਨਰਜਨਮ ਨਾ ਹੋਵੇ ਅਰਥਾਤ ਸਚ ਤਾਂ ਇਹ ਹੈ ਕਿ ਅਜੇਹੇ ਅਜੇਹੇ ਮਨੁੱਸ਼ਾਂ ਦਾ ਫੇਰ ਮਨੁੱਸ਼ ਜਨਮ ਹੋਨਾ ਹੀ ਕਠਿਨ ਹੈ, ਕਿੰਤੂ ਨੀਚ ਯੋਨੀ ਵਿਚ ਪੈਕੇ ਬਹੁਤ ਕਾਲ ਤਕ ਪਇਆ ਰਹੇਗਾ, ਵਾਮੀਆਂ ਦੇ ਤੰਤ੍ਰ ਗ੍ਰੰਥਾਂ ਵਿਚ ਇਹ ਨਿਯਮ ਹੈ ਕਿ ਇਕ ਮਾਂ ਨੂੰ ਛੱਡਕੇ ਕਿਸੇ ਇਸਤ੍ਰੀ ਨੂੰ ਭੀ ਨਾ ਛੱਡਨਾ ਚਾਹੀਏ ਅਰਥਾਤ ਭਾਵੇਂ ਕੰਨਿਆਂ ਹੋਵੇ, ਭਾਵੇਂ ਭੈਣ ਆਦੀ ਕਿਉਂ ਨਾ ਹੋਵੇ ਸਬ ਦੇ ਨਾਲ ਮੈਗਮ ਕਰਨਾ ਚਾਹੀਏ, ਇਨ੍ਹਾਂ ਵਾਮਮਾਰਗੀਆਂ ਵਿਚ ਦਸ ਮਹਾਵਿਦਿਆ ਪ੍ਰਸਿੱਧ ਹਨ ਉਨ੍ਹਾਂ ਵਿਚੋਂ ਇਕ ਮਾਤੰਗੀ ਵਿਦਿਆ ਵਾਲਾ ਕਹਿੰਦਾਹੈ ਕਿ"ਮਾਤਰਮਪਿ ਨ ਤ੍ਯਜੇਤ" ਅਰਥਾਤ ਮਾਂ ਨੂੰ ਭੀ ਸਮਾਗਮ ਕੀਤੇ ਬਗੈਰ ਨਾ ਛੱਡਨਾ ਚਾਹੀਏ, ਅਰ ਇਸਤ੍ਰੀ ਪੁਰੁਸ਼ ਦੇ ਸਮਾਗਮ ਵਿਚ ਮੰਤ੍ਰ ਜਪਦੇ ਹਨ ਕਿ ਸਾਨੂੰ ਸਿੱਧੀ ਪ੍ਰਾਪਤ

ਹੋ ਜਾਵੇ, ਅਜੇਹੇ ਪਾਗਲ ਮਹਾਮੂਰਖ ਭੀ ਸੰਸਾਰ ਵਿਚ ਬਹੁਤ ਘੱਟ ਹੋਨਗੇ। ਜੋ ਮਨੁਸ਼ ਝੂਠ ਚਲਾਨਾ ਚਾਹੁੰਦਾ ਹੈ ਓਹ ਸਚਦੀ ਨਿੰਦਿਆ ਜ਼ਰੂਰ ਹੀ ਕਰਦਾ ਹੈ, ਵੇਖੋ ਵਾਮਮਾਰਗੀ ਕਹਿੰਦੇ ਹਨ ਵੇਦ, ਸ਼ਾਸਤ੍ਰ ਅਰ ਪੁਰਾਣ ਇਹ ਸਭ ਸਾਮਾਨਜ ਵੇਸ਼ਯਾਓਂ ਦੇ ਸਮਾਨ ਹਨ, ਅਰ ਜੋ ਇਹ ਸ਼ਾਂਭਵੀ ਵਾਮਮਾਰਗ ਦੀ ਮੁਦ੍ਰਾ ਹੈ ਓਹ ਗੁਪਤ ਕੁਲ ਦੀ ਇਸਤ੍ਰੀ ਦੇ ਤੁੱਲ ਹੈ, ਇਸੇ ਵਾਸਤੇ ਇਨ੍ਹਾਂ ਲੋਕਾਂ ਨੇ ਕੇਵਲ ਵੇਦ ਵਿਰੁੱਧ ਮਤ ਖੜਾ ਕੀਤਾ ਹੈ, ਪਸ਼ਚਾਤ ਇਨ੍ਹਾਂ ਲੋਕਾਂ ਦਾ ਮਤ ਬਹੁਤ ਚੱਲਿਆ ਤਦ ਧੂਰਤਤਾ ਕਰਕੇ ਵੇਦਾਂ ਦਾ ਨਾਮ ਲੈਕੇ ਭੀ ਵਾਮਮਾਰਗ ਦੀ ਥੋੜੀ ਥੋੜੀ ਲੀਲਾ ਚਲਾਈ ਅਰਥਾਤ:—

ਸੌਤ੍ਰਾਮਣ੍ਯਾਂ ਸੁਰਾਂ ਪਿਵੇਤ । ਪ੍ਰੋਖ੍ਸ਼ਿਤੰ ਭਖ੍ਸ਼ਯੇਨਮਾਂਸੰ ਵੈਦਿਕੀ ਹਿੰਸਾ ਹਿੰਸਾ ਨ ਭਵਤਿ ॥
ਨ ਮਾਂਸਭਖ੍ਸ਼ਣੇ ਦੋਸ਼ੋ ਨ ਮਦ੍ਯੇ ਨ ਚ ਮੈਥੁਨੇ ।
ਪ੍ਰਵ੍ਰੁੱਤਿਰੇਸ਼ਾ ਭੂਤਾਨਾਂ ਨਿਵ੍ਰੁੱਤਿਸ੍ਤੁ ਮਹਾਫਲਾ ॥

ਮਨੁਸਮ੍ਰਿਤੀ ਅਧ੍ਯਾਯ ੫। ਸ਼ਲੋਕ ੫੬ ॥

ਸੌਤ੍ਰਾਮਣੀ ਯੱਗ ਵਿਚ ਸ਼ਰਾਬ ਪੀਵੇ, ਏਸ ਦਾ ਅਰਥ ਤਾਂ ਇਹ ਹੈ ਕਿ ਸੌਤ੍ਰਮਣੀ ਯੱਗ ਵਿਚ ਸੋਮਰਸ ਅਰਥਾਤ ਸੋਮਬੱਲੀ ਦਾ ਰਸ ਪੀਵੇ । ਪ੍ਰੋਖ੍ਛਿਤ ਅਰਥਾਤ ਯੱਗ ਵਿਚ ਮਾਂਸ ਖਾਨ ਵਿਚ ਦੋਸ਼ ਨਹੀਂ, ਅਜੇਹੇ ਪਾਮਰਪਨ ਦੀਆਂ ਗੱਲਾਂ ਵਾਮਮਾਰਗੀਆਂ ਨੇ ਚਲਾਈਆਂ ਹਨ। ਉਨ੍ਹਾਂ ਨੂੰ ਪੁੱਛਨਾ ਚਾਹੀਏ ਕਿ ਜੇ ਵੈਦਿਕੀ ਹਿੰਸਾ ਹਿੰਸਾ ਨਾ ਹੋਵੇ ਤਾਂ ਤੈਨੂੰ ਅਰ ਤੇਰੇ ਕੁਟੰਬ ਨੂੰ ਮਾਰਕੇ ਹੋਮ ਕਰ ਦੇਈਏ ਤਾਂ ਕੀ ਚਿੰਤਾ ਹੈ, ਮਾਂਸ ਖਾਨੇ, ਸ਼ਰਾਬ ਪੀਨੇ ਪਰਇਸਤ੍ਰੀ ਗਮਨ ਕਰਨੇ ਆਦੀ ਵਿਚ ਦੋਸ਼ ਨਹੀਂ ਹੈ ਇਹ ਛੋਕਰਾਪਨ ਹੈ, ਕਿਉਂਕਿ ਬਿਨਾ ਪ੍ਰਾਣੀਆਂ ਨੂੰ ਪੀੜਾ ਦਿਤੇ ਮਾਂਸ ਪ੍ਰਾਪਤ ਨਹੀਂ ਹੁੰਦਾ, ਅਰ ਬਿਨਾ ਅਪਰਾਧ ਦੇ ਪੀੜਾ ਦੇਨਾ ਧਰਮ ਦਾ ਕੰਮ ਨਹੀਂ, ਸ਼ਰਾਬ ਪੀਨਦਾ ਤਾਂ ਸਰਵਥਾ ਨਿਸ਼ੇਧ ਹੀ ਹੈ, ਕਿਉਂਕਿ ਹੁਨ ਤਕ ਵਾਮਮਾਰਗੀਆਂ ਦੇ ਬਿਨਾ ਕਿਸੇ ਗ੍ਰੰਥ ਵਿਚ ਨਹੀਂ ਲਿਖਿਆ, ਕਿੰਤੂ ਸਭ ਥਾਂ ਨਿਸ਼ੇਧ ਹੈ, ਅਰ ਬਗੈਰ ਵਿਆਹ ਦੇ ਮੈਥੁਨ ਵਿਚ ਭੀ ਦੋਸ਼ ਹੈ, ਏਸਨੂੰ ਨਿਰਦੋਸ਼ ਕਹਨ ਵਾਲਾ ਸਦੋਸ਼ ਹੈ, ਅਜੇਹੇ ਅਜੇਹੇ ਵਚਨ ਭੀ ਰਿਸ਼ੀਆਂ ਦੇ ਗ੍ਰੰਥਾਂ ਵਿਚ ਪਾਕੇ ਕਿੱਨੇਹੀ ਰਿਸ਼ੀਆਂ ਮੁਨੀਆਂ ਦੇ ਨਾਮ ਧਰਕੇ ਗ੍ਰੰਥ ਬਨਾਕੇ ਗੋਮੇਧ, ਅਸ਼੍ਵਮੇਧ ਦੇ ਨਾਮ ਦੇ ਯੱਗ ਭੀ ਕਰਾਨ ਲੱਗੇ, ਅਰਥਾਤ ਇਨ੍ਹਾਂ ਪਸ਼ੂਆਂ ਨੂੰ ਮਾਰਕੇ ਹੋਮ ਕਰਨ ਨਾਲ ਯਜਮਾਨ ਅਰ ਪਸ਼ੂ ਨੂੰ ਸ੍ਵਰਗ ਦੀ ਪ੍ਰਾਪਤੀ ਹੁੰਦੀ ਹੈ, ਅਜੇਹੀ ਪ੍ਰਸਿੱਧੀ ਦਾ ਨਿਸ਼ਚੇ ਤਾਂ ਏਹ ਹੈ ਕਿ ਬ੍ਰਾਹਮਣ

ग्रंथां विच अश्वमेध, गोमेध, नरमेम आदी शबद हन उन्हां दा ठीक ठीक अरथ नहीं जानिआ है। किउंकि जे जानदे तां अजेहा अनरथ किउं करदे॥

(प्रशन)अश्वमेध, गोमेध, नरमेध आदी शबदां दा अरथ कीहै?
(उत्तर) इन्हां दा अरथ तां इह है कि :—

राश्ट्रं वा अश्वमेधः। शतपथ० १३।१।६।३॥
अंनगुअं हि गौः। शतपथ० ४।३।१।२५॥
अगनिरवा अश्वः। आजंै मेधः। शतपथबराहमणे।

घोड़े, गउ आदी पशु तथा मनुॅश मारके होम करना किदे नहीं लिखिआ, केवल वाममारगीआं दे ग्रंथां विच अजेहा अनरथ लिखआ है, किंतु एह भी बात वाममारगीआं ने चलाई, अर जिॅथे जिॅथे लेख है उॅथे उॅथे भी वाममारगीआं ने मिलावट कीती है, वेखो राजा निआइ धरम नाल पूजा दा पालन करे, विदिआ आदी दा दान देनहारा यजमान अर अॅग विच घिउ आदी दा होम करना अश्वमेध है, अंन इंद्रीआं, किरण प्रिथिवी आदी नूं पवित्र रखना गोमेध, जद मनुॅश मर जावे तद उसदे शरीर दा विधी पूरवक दाह करना नरमेध कहांदा है॥

(प्रशन) यॅग करता कहिंदे हन कि यॅग करन नाल यजमान अर पशु सुरगगामी तथा होम करके फेर पशु नूं जींउदा करदे सन, इह बात सॅची है वा नहीं?

(उत्तर) नहीं जे सुरग नूं जांदे होन तां अजेही बात कहिन वाले नूं मारके होम करके सुरग विच पुचाना चाहीऐ, वा उसदी पिआरी माता पिता इसत्री अर पुत्र आदी नूं मार होम करके किउं नहीं पुचांदे वा वेदी विचों फेर किउं नहीं जुआ लैंदे॥

(प्रशन) जद यॅग करदे हन तद वेदां दे मंत्र पड़दे हन, वेद विच ना हुंदा तां किथों पड़दे॥

(उत्तर) मंत्र किसे नूं किदे पड़न थीं नहीं रोकदा,किउंकिओह इक शबद है, परंतु उन्हांदा अरथ अजेहा नहीं है कि पशु नूं मारके होम करना। जिमतरां"अगनयेसुाहा"इतिआदी मंत्रां दा अरथ अॅग वच हवी पुशी आदी कारक घिउ आदी उॅतम पदारथां दे होम करन

ਥੀਂ ਹਵਾ,ਮੀਂਹ,ਪਾਨੀ,ਸ਼ੁੱਧ ਹੋਕੇ ਜਗਤ ਨੂੰ ਸੁਖ ਕਾਰਕ ਹੁੰਦੇ ਹਨ, ਪਰੰਤੂ ਇਨ੍ਹਾਂ ਸੱਚੇ ਅਰਥਾਂ ਨੂੰ ਓਹ ਮੂੜ੍ਹ ਨਹੀਂ ਸਸਝਦੇ ਸਨ, ਕਿਉਂਕਿ ਜੋ ਸ੍ਵਾਰਥਬੁੱਧੀ ਹੁੰਦੇ ਹਨ ਓਹ ਕੇਵਲ ਅਪਨੇ ਸ੍ਵਾਰਥ ਸਿੱਧ ਕਰਨੇ ਦੇ ਬਗੈਰ ਹੋਰ ਕੁਝ ਭੀ ਨਹੀਂ ਜਾਨਦੇ ਮੰਨਦੇ, ਜਦ ਇਨ੍ਹਾਂ ਪੋਪਾਂ ਦਾ ਅਜੇਹਾ ਅਨਾਚਾਰ ਵੇਖਿਆ ਅਰ ਦੂਜਾ ਮੁਰਦੇ ਦਾ ਤਰਪਣ, ਸ਼੍ਰਾਧ ਆਦੀ ਕਰਨੇ ਨੂੰ ਵੇਖਕੇ ਇਕ ਮਹਾਂ ਭਯੰਕਰ ਵੇਦ ਆਦੀ ਸ਼ਾਸਤ੍ਰਾਂ ਦਾ ਨਿੰਦਕ ਬੌਧ ਵਾ ਜੈਨ ਮਤ ਪ੍ਰਚਲਿਤ ਹੋਇਆ ਹੈ ! ਸੁਨਨ ਵਿੱਚ ਆਂਵਦਾ ਹੈ ਕਿ ਇਕ ਇੱਸੇ ਦੇਸ਼ ਵਿੱਚ ਗੋਰਖਪੁਰ ਦਾ ਰਾਜਾ ਸੀ ਉਸਥੀਂ ਪੋਪਾਂ ਨੇ ਯੱਗ ਕਰਾਇਆ, ਉਸਦੀ ਪਿਆਰੀ ਰਾਣੀ ਦਾ ਸਮਾਗਮ ਘੋੜੇ ਦੇ ਨਾਲ ਕਰਾਨ ਕਰਕੇ ਉਸਦੇ ਮਰਜਾਨ ਉੱਤੇ ਫਿਰ ਵਿਰਾਗਵਾਨ ਹੋਕੇ ਅਪਨੇ ਪੁਤ੍ਰ ਨੂੰ ਰਾਜ ਦੇਕੇ ਸਾਧੂ ਹੋਕੇ ਪੋਪਾਂ ਦੀ ਪੋਲ ਖੋਲਨ ਲੱਗਾ, ਇਸੇ ਦਾ ਸ਼ਾਖਾ ਰੂਪੀ ਚਾਰਵਾਕ ਅਰ ਆਭਾਣਕ ਮਤ ਭੀ ਹੋਇਆ ਸੀ, ਉਨ੍ਹਾਂ ਨੇ ਏਸ ਪ੍ਰਕਾਰ ਦੇ ਸ਼ਲੋਕ ਬਨਾਏ ਹਨ :—

पशुश्चेतनिहतः स्वरगं ज्योतिशोमे गमिश्यति ।
स्वपिता यजमानेन तत्र कस्मात्तन हिंस्यते ॥
मृतानामिह जंतूनां श्राद्धं चेत्तृप्तिकारणम ।
गच्छतामिह जंतूनां वृथा पाथेयकल्पनम ॥

ਜੋ ਪਸ਼ੂ ਨੂੰ ਮਾਰਕੇ ਅੱਗ ਵਿੱਚ ਹੋਮ ਕਰਨ ਨਾਲ ਪਸ਼ੂ ਸ੍ਵਰਗ ਨੂੰ ਜਾਂਦਾ ਹੈ ਤਾਂ ਯਜਮਾਨ ਅਪਨੇ ਪਿਉ ਆਦੀ ਨੂੰ ਮਾਰਕੇ ਸ੍ਵਰਗ ਵਿੱਚ ਕਿਉਂ ਨਹੀਂ ਭੇਜਦੇ ? ਜੋ ਮਰੇ ਹੋਏ ਮਨੁੱਸ਼ਾਂ ਦੀ ਤ੍ਰਿਪਤੀ ਦੇ ਵਾਸਤੇ ਸ਼੍ਰਾਧ ਅਰ ਤਰਪਣ ਹੁੰਦਾ ਹੈ ਤਾਂ ਪਰਦੇਸ਼ ਵਿਚ ਜਾਨ ਵਾਲੇ ਮਨੁੱਸ਼ ਨੂੰ ਰਾਹਦਾ ਖਰਚ ਖਾਨਪੀਨ ਦੇ ਲਈ ਬੰਨ੍ਹਨਾ ਵ੍ਯਰਥ ਹੈ, ਕਿਉਂਕਿ ਜਦ ਮੁਰਦੇ ਨੂੰ ਸ਼੍ਰਾਧ ਤਰਪਣ ਕਰਕੇ ਅੰਨ ਪੁੱਜਦਾ ਹੈ ਤਾਂ ਜੀਂਵਦੇ ਹੋਏ ਪਰਦੇਸ਼ ਵਿਚ ਰਹਨ ਵਾਲੇ ਮਾਰਗ ਵਿਚ ਚੱਲਨ ਵਾਲਿਆਂ ਨੂੰ ਘਰ ਵਿਚ ਰਸੋਈ ਬਨੀ ਹੋਈ ਦੀ ਪੱਤਲ ਪਰੋਸ ਗਡਵਾ ਭਰਕੇ ਉਨ੍ਹਾਂ ਦੇ ਨਾਮ ਉੱਤੇ ਰੱਖਨ ਨਾਲ ਕਿਉਂ ਨਹੀਂ ਪੁੱਜਦਾ ? ਜੋ ਜੀਂਵਦੇ ਹੋਏ ਦੂਰ ਦੇਸ਼ ਅਥਵਾ ਦਸ ਹੱਥ ਉੱਤੇ ਦੂਰ ਬੈਠੇ ਹੋਏ ਨੂੰ ਦਿੱਤਾ ਹੋਇਆ ਨਹੀਂ ਪੁੱਜਦਾ ਤਾਂ ਮੋਏ ਹੋਏ ਦੇ ਪਾਸ ਕਿਸੇ ਤਰਾਂ ਨਾਲ ਨਹੀਂ ਪੁੱਜ ਸਕਦਾ, ਉਨ੍ਹਾਂ ਦੇ ਅਜੇਹੇ ਯੁਕਤੀ ਸਿੱਧ ਉਪਦੇਸ਼ਾਂ ਨੂੰ ਮੰਨਨ ਲੱਗੇ, ਅਰ ਉਨ੍ਹਾਂ ਦਾ ਮਤ ਵ੍ਯਧਨ ਲੱਗਾ, ਜਦ ਬਹੁਤ ਸਾਰੇ ਰਾਜਾ ਜ਼ਮੀਨ ਦੇ ਮਾਲਕ ਉਨ੍ਹਾਂ ਦੇ ਮਤ ਵਿਚ ਹੋਏ ਤਦ ਪੋਪ ਜੀ ਭੀ ਉਨ੍ਹਾਂ ਦੇ ਵਲ ਝੁਕੇ, ਕਿਉਂਕਿ ਇਨ੍ਹਾਂ ਨੂੰ ਜਿਧਰ ਗੱਫਾ ਚੰਗਾ

मिले उॅधर ही चले जान, झट जैन बनन लॅगे, जैनीआं विच भी होर प्रकार दी पोप लीला बहुत है सो बारुवें १२ समुॅलास विच लिखांगे। बहुतिआं ने इनां दा मत सीकार कीता, परंतु किंनेआं ने किदे किदे जो परबत, कांशी, कनौज पॅछम, दॅखछन देश वाले सन उन्हां ने जैनीआं दा मत सीकार नहीं कीता सी, उह जैनी वेद दा अरथ नहीं जानदे सन, बाहिरदी पोप लीला नूं भ्रांती नाल वेदां दी मंनके वेदां दी भी निंदिआ करन लॅगे, उस दे पठन, पाठन, यॅगजोपवीत आदी, अर ब्रहमचरज आदी निजमांदा भी नाश कीता, जिॅथे जिॅने पुसतक वेद आदी दे लॅभे नशट कीते, आरजां उते बहुत सारी राजसॅता चलाई, दुॅख दिॅता, जद उन्हां नूं भै, शंका ना रही तद अपने मत वाले गिहसथ, अर साधुआं दी प्रतिशठा, अर वेद मारगीआं दा अपमान, अर पखछपात नाल दंड भी देन लॅगे अर आप सुख, आराम अर घमंड विच आ फुॅलके फिरन लगे, रिशभदेव थीं लैके महाबीर तक अपने तीरबंकरां दी वडी वडी मुरतां बनाके पुजा करन लगे, अरथात पाशाण आदी मुरतीपुजा दी जड़ जैनीआं कोलों चॅली। परमेशुर दा मंनना घॅट होइआ, पाशाण आदी मुरती पुजा विच पैगइे, एस तरां तिंन सौ ३०० वरिहां तक आरजावरत विच जैनीआं दा राज रिहा। प्रायः (बहुत लोग) वेद दे अरथां दे गिआन आदी तों रहित हो गइे सन, एस बात नूं लग भग ढाई हज़ार २५०० वरुे बीते होनगे॥

बाई सौ वरुे २२०० होइे कि इॅक शंकराचारज द्राविड़ देश उतपंन ब्राहमण, ब्रहमचरज करके विआकरण आदी सब शासतरां नूं पड़के सोचन लगे कि हाइे सॅत आसतिक वेद मत दा छुॅटना अर जैन नासतिक मत दा चलना बडी हानी दी बात होई है एस नूं किसे तरां हटाना चाहीइे। शंकराचारज जी शासतर तां पड़े ही सन, परंतु जैन मत दीआं पुसतकां नूं भी पड़े सन, अर उन्हां दी जुकती भी बहुत प्रबल सी, उन्हां ने विचारिआ कि इन्हां नूं किसे तरां हटावीइे, निशचे होइआ कि उपदेश अर शासतरारथ करन नाल इह लोग हटन गे एस तरां दा विचार करके उॅजैन नगरी विच आइे, उॅथे उस वेले सुधंनवा राजा सी, जो जैनीआं दे गंथ अर कुछ संसकरित भी पड़िआ सी, उॅथे जाके वेद दा उपदेश करन लगे, अर राजा नूं मिलके कहिआ कि तुसीं संसकरित अर जैनीआं दे भी गंथ पड़े हो अर

ਜੈਨ ਮਤ ਨੂੰ ਮੰਨਦੇ ਹੋ ਏਸ ਲਈ ਤੁਹਾਨੂੰ ਮੈਂ ਕਹਿੰਦਾ ਹਾਂ ਕਿ ਜੈਨੀਆਂ ਦੇ ਪੰਡਿਤਾਂ ਦੇ ਨਾਲ ਮੇਰਾ ਸ਼ਾਸਤ੍ਰਾਰਥ ਕਰਾਈਏ, ਏਸ ਪ੍ਰਤਗਿਆ ਉਤੇ ਜੋ ਹਾਰੇ ਸੋ ਜਿੱਤਨ ਵਾਲੇ ਦਾ ਮਤ ਸ੍ਵੀਕਾਰ ਕਰ ਲਵੇ, ਅਰ ਤੁਸੀਂ ਭੀ ਜਿੱਤਨ ਵਾਲੇ ਦਾ ਮਤ ਸ੍ਵੀਕਾਰ ਕਰ ਲੈਨਾ, ਯੱਦਪੀ ਸੁਧੰਨਵਾ ਰਾਜਾ ਜੈਨ ਮਤ ਵਿਚ ਸਨ ਤਥਾਪੀ ਸੰਸਕ੍ਰਿਤ ਦੇ ਗ੍ਰੰਥ ਪੜ੍ਹਨ ਨਾਲ ਉਨਾਂ ਦੀ ਬੁੱਧੀ ਵਿਚ ਕੁਝ ਵਿਦਿਆ ਦਾ ਪ੍ਰਕਾਸ਼ ਸੀ ਏਸ ਕਰਕੇ ਉਨ੍ਹਾਂ ਦੀ ਬੁੱਧੀ ਵਿਚ ਅਤਯੰਤ ਪਸ਼ੁਤਾ ਨਹੀਂ ਛਾਈ ਸੀ, ਕਿਉਂਕਿ ਜੋ ਵਿਦਵਾਨ ਹੁੰਦਾ ਹੈ ਓਹ ਸੱਤ ਅਸੱਤ ਦੀ ਪਰੀਖਛਾ ਕਰਕੇ ਸੱਚ ਦਾ ਗ੍ਰਹਣ ਅਰ ਝੂਠ ਨੂੰ ਛੱਡ ਦਿੰਦਾ ਹੈ, ਜਦ ਤਕ ਸੁਧੰਨਵਾ ਰਾਜਾ ਨੂੰ ਵਡਾ ਵਿਦਵਾਨ ਉਪਦੇਸ਼ਕ ਨਹੀਂ ਮਿਲਿਆ ਸੀ, ਤਦ ਤਕ ਸੰਦੇਹ ਵਿਚ ਪਏ ਹੋਏ ਸਨ ਕਿ ਇਨ੍ਹਾਂ ਵਿਚੋਂ ਕੇਹੜਾ ਸੱਚਾ ਅਰ ਕੇਹੜਾ ਝੂਠਾ ਹੈ ਜਦ ਸ਼ੰਕ੍ਰਾਚਾਰਯ ਦੀ ਇਹ ਬਾਤ ਸੁਨੀ ਤਾਂ ਬਡੀ ਪ੍ਰਸੰਨਤਾ ਦੇ ਨਾਲ ਬੋਲੇ ਕਿ ਅਸੀਂ ਸ਼ਾਸਤ੍ਰਾਰਥ ਕਰਾਕੇ ਸੱਤ ਅਸੱਤ ਦਾ ਨਿਰਣਾ ਜ਼ਰੂਰ ਕਰਾਵਾਂਗੇ, ਜੈਨੀਆਂ ਦੇ ਪੰਡਿਤਾਂ ਨੂੰ ਦੂਰ ਦੂਰ ਥੀਂ ਬੁਲਾਕੇ ਸਭਾ ਕਰਾਈ, ਉਸ ਵਿਚ ਸ਼ੰਕ੍ਰਾਚਾਰਯ ਦਾ ਵੈਦਮਤ, ਅਰ ਜੈਨੀਆਂ ਦਾ ਵੇਦ ਵਿਰੁੱਧ ਮਤ ਸੀ ਅਰਥਾਤ ਸ਼ੰਕ੍ਰਾਚਾਰਯ ਦਾ ਪਖਛ ਵੈਦਮਤ ਦਾ ਸਥਾਪਨ, ਅਰ ਜੈਨੀਆਂ ਦਾ ਖੰਡਨ, ਅਰ ਜੈਨੀਆਂ ਦਾ ਪਖਛ ਅਪਨੇ ਮਤ ਦਾ ਸਥਾਪਨ, ਅਰ ਵੇਦ ਦਾ ਖੰਡਨ ਸੀ, ਸ਼ਾਸਤ੍ਰਾਰਥ ਕਈਆਂ ਦਿਨਾਂ ਤਕ ਹੋਇਆ, ਜੈਨੀਆਂ ਦਾ ਮਤ ਇਹ ਸੀ ਕਿ ਸ੍ਰਿਸ਼ਟੀ ਦਾ ਕਰਤਾ ਅਨਾਦੀ ਈਸ਼੍ਵਰ ਕੋਈ ਨਹੀਂ ਇਹ ਜਗਤ ਅਰ ਜੀਵ ਅਨਾਦੀ ਹਨ, ਇਨ੍ਹਾਂ ਦੋਹਾਂ ਦੀ ਉਤਪੱਤੀ ਅਰ ਨਾਸ਼ ਕਦੀ ਨਹੀਂ ਹੁੰਦਾ, ਏਸ ਤੋਂ ਵਿਰੁੱਧ ਸ਼ੰਕ੍ਰਾਚਾਰਯ ਦਾ ਮਤ ਸੀ ਕਿ ਅਨਾਦੀ ਸਿੱਧ ਪਰਮੇਸ਼੍ਵਰ ਹੀ ਜਗਤ ਦਾ ਕਰਤਾ ਹੈ ਇਹ ਜਗਤ ਅਰ ਜੀਵ ਝੂਠਾ ਹੈ, ਕਿਉਂਕਿ ਉਸ ਪਰਮੇਸ਼੍ਵਰ ਨੇ ਅਪਨੀ ਮਾਇਆਨਾਲ ਜਗਤ ਬਨਾਇਆ, ਓਹੋ ਧਾਰਣ ਅਰ ਪਰਲੈ ਕਰਦਾ ਹੈ, ਅਰ ਇਹ ਜੀਵ ਅਰ ਪ੍ਰਪੰਚ ਸੁਪਨੇ ਦੀ ਨਿਆਈਂ ਹੈ ਪਰਮੇਸ਼੍ਵਰ ਆਪਹੀ ਸਬ ਜਗਤ ਰੂਪ ਹੋਕੇ ਲੀਲਾ ਕਰ ਰਹਿਆ ਹੈ, ਬਹੁਤ ਦਿਨਾਂ ਤਕ ਸ਼ਾਸਤ੍ਰਾਰਥ ਹੁੰਦਾ ਰਹਿਆ ਪਰੰਤੂ ਅੰਤ ਵਿਚ ਯੁਕਤੀ ਅਰ ਪ੍ਰਮਾਣ ਨਾਲ ਜੈਨੀਆਂ ਦਾ ਮਤ ਖੰਡਿਤ, ਅਰ ਸ਼ੰਕ੍ਰਾਚਾਰਯ ਦਾ ਮਤ ਅਖੰਡਿਤ ਰਹਿਆ, ਤਦ ਉਨ੍ਹਾਂ ਜੈਨੀਆਂਦੇ ਪੰਡਿਤਾਂ, ਅਰ ਸੁਧੰਨਵਾ ਰਾਜਾ ਨੇ ਵੇਦ ਮਤ ਦਾ ਸ੍ਵੀਕਾਰ ਕਰ ਲੀਤਾ, ਜੈਨ ਮਤ ਨੂੰ ਛੱਡ ਦਿੱਤਾ, ਫੇਰ ਬਡਾ ਹੱਲਾ ਗੁੱਲਾ ਹੋਇਆ ਅਰ ਸੁਧੰਨਵਾ ਰਾਜਾ ਨੇ ਦੇਸ਼ ਵਿਚ ਉਨ੍ਹਾਂ ਅਪਨੇ ਇਸ਼ਟ ਮਿਤ੍ਰ ਰਾਜਿਆਂ ਨੂੰ ਲਿਖਕੇ ਸ਼ੰਕ੍ਰਾਚਾਰਯ ਲਿਖਦਾ ਹੈ, ਜਦ ਅਪਨੇ ਹੀ ਕਰਾਇਆ, ਪਰੰਤੂ ਜੈਨੀਆਂ ਦਾ ਪਰਾਜਯ ਸਮਯ ਹੋਨ ਕਰ ਆਪ ਰੋਂਦਾ ਅਰ ਉਪਰ ਪਸ਼ਚਾਤ ਸ਼ੰਕ੍ਰਾਚਾਰਯ ਦੇ ਸਾਰੇ ਆਰਯਾਵਰਤ ਮੰਤ੍ਰ ਵਿਚ ਅਦ੍ਵੈਤ ਦੇ ਅਰੋਪਣ ਪ੍ਰਬੰਧ ਸੁਧੰਨਵਾ ਆਦੀ ਰਾਜਿਆਂ ਨੇ ਕਰ ਦਿੱਖਚਨ ਵਾਲੇ ਪਹਿਲੇ ਤੋਂ ਦੇਖੇ ਸੁਨੇ

ਦੇ ਵਾਸਤੇ ਨਾਲ ਨੌਕਰ ਚਾਕਰ ਭੀ ਰੱਖ ਦਿੱਤੇ, ਉਸ ਵੇਲੇ ਤੋਂ ਸਬਦੇ ਯਗਯੋ-ਪਵੀਤ ਹੋਨ ਲੱਗੇ ਅਰ ਵੇਦਾਂ ਦਾ ਪਠਨ ਪਾਠਨ ਭੀ ਚਲਿਆ, ਦਸਾਂ ਵਰੇਹਾਂ ਦੇ ਅੰਦਰ ਸਾਰੇ ਆਰਯਾਵਰਤ ਦੇਸ਼ ਵਿਚ ਫਿਰਕੇ ਜੈਨੀਆਂ ਦਾ ਖੰਡਨ ਅਰ ਵੇਦਾਂ ਦਾ ਮੰਡਨ ਕੀਤਾ, ਪਰੰਤੂ ਸ਼ੰਕ੍ਰਾਚਾਰਯ ਦੇ ਸਮਯਵਿਚ ਜੈਨ ਮਤ ਵਿਧ੍ਵੰਸ ਅਰਥਾਤ ਜਿੰਨੀਆਂ ਮੂਰਤਾਂ ਜੈਨੀਆਂ ਦੀਆਂ ਨਿਕਲਦੀਆਂ ਹਨ ਓਹ ਸ਼ੰਕ੍ਰਾਚਾਰਯ ਦੇ ਸਮਯ ਵਿਚ ਟੁੱਟੀਆਂ ਸਨ, ਅਰ ਜੋ ਸਬੂਤ ਨਿਕਲਦੀਆਂ ਹਨ ਓਹ ਜੈਨੀਆਂ ਨੇ ਜ਼ਮੀਨ ਵਿਚ ਗੱਡ ਦਿੱਤੀਆਂ ਸਨ ਕਿ ਤੋੜੀਆਂ ਨਾ ਜਾਨ, ਓਹ ਹੁਨ ਤਕ ਕਿਦੇ ਕਿਦੇ ਜ਼ਮੀਨ ਵਿਚੋਂ ਨਿਕਲਦੀਆਂ ਹਨ । ਸ਼ੰਕ੍ਰਾਚਾਰਯ ਥੀਂ ਪਹਿਲੇ ਸ਼ੈਵਮਤ ਭੀ ਥੋੜਾ ਜਿਹਾ ਪ੍ਰਚਲਿਤ ਸੀ, ਉਸਦਾ ਭੀ ਖੰਡਨ ਕੀਤਾ, ਵਾਮਮਾਰਗ ਦਾ ਖੰਡਨ ਕੀਤਾ, ਉਸ ਸਮਯ ਏਸ ਦੇਸ਼ ਵਿਚ ਧਨ ਬਹੁਤ ਸੀ, ਅਰ ਸ੍ਵਦੇਸ਼ ਭਗਤੀ ਭੀ ਸੀ, ਜੈਨੀਆਂ ਦੇ ਮੰਦਿਰ ਸ਼ੰਕ੍ਰਾਚਾਰਯ ਅਰ ਸੁਧੰਨਵਾ ਰਾਜਾ ਨੇ ਨਹੀਂ ਤੁੜਵਾਏ ਸਨ, ਕਿਉਂਕਿ ਉਨਾਂ ਵਿਚ ਵੇਦ ਆਦੀ ਦੀ ਪਾਠਸ਼ਾਲਾ ਕਰਨ ਦੀ ਇਛਿਆ ਸੀ, ਜਦ ਵੇਦਮਤ ਦਾ ਸਥਾਪਨ ਹੋ ਚੁਕਿਆ ਅਰ ਵਿਦਿਆ ਪ੍ਰਚਾਰ ਕਰਨ ਦਾ ਵਿਚਾਰ ਕਰਦੇ ਹੀ ਸਨ ਇੱਨੇ ਵਿਚ ਦੋ ਜੈਨੀ ਉਪਰੋਂ ਕਹਿਨ ਮਾਤ੍ਰ ਵੇਦ ਮਤ ਅਰ ਅੰਦਰੋਂ ਕੱਟਰ ਜੈਨ ਅਰਥਾਤ ਕਪਟਮੁਨੀ ਸਨ, ਸ਼ੰਕ੍ਰਾਚਾਰਯ ਉਨਾਂ ਉੱਤੇ ਅਤਿ ਪ੍ਰਸੰਨ ਸਨ । ਉਨਾਂ ਦੋਹਾਂ ਨੇ ਵੇਲਾ ਪਾਕੇ ਸ਼ੰਕ੍ਰਾਚਾਰਯ ਨੂੰ ਅਜੇਹੀ ਜ਼ਹਰ ਵਿਚ ਮਿਲੀ ਹੋਈ ਚੀਜ਼ ਖਵਾਈ ਕਿ ਉਨ੍ਹਾਂ ਦਾ ਭੁੱਖ ਬੰਦ ਹੋ ਗਈ, ਪਸ਼ਚਾਤ ਸ਼ਰੀਰ ਵਿਚ ਫੋੜੇ ਫੁੰਸੀ ਹੋਕੇ ਛੀਆਂ ਮਹੀਨਿਆਂ ਦੇ ਅੰਦਰ ਸ਼ਰੀਰ ਛੁਟ ਗਿਆ ਤਦ ਸਾਰੇ ਨਿਰੁਤਸਾਹੀ ਹੋ ਗਏ, ਅਰ ਜੋ ਵਿਦਿਆ ਦਾ ਪ੍ਰਚਾਰ ਹੋਨ ਵਾਲਾ ਸੀ ਓਹ ਭੀ ਨਾ ਹੋਇਆ, ਜੋ ਜੋ ਉਨ੍ਹਾਂ ਨੇ ਸ਼ਾਰੀਰਿਕਭਾਸ਼ਯ ਆਦੀ ਬਨਾਏ ਸਨ ਉਨ੍ਹਾਂ ਦਾ ਪ੍ਰਚਾਰ ਸ਼ੰਕ੍ਰਾਚਾਰਯ ਦੇ ਚੇਲੇ ਕਰਨ ਲੱਗੇ, ਅਰਥਾਤ ਜੋ ਜੈਨੀਆਂ ਦੇ ਖੰਡਨ ਦੇ ਵਾਸਤੇ ਬ੍ਰਹਮਸੱਤ ਜਗਤ ਮਿਥਿਆ ਅਰ ਜੀਵ ਬ੍ਰਹਮ ਦੀ ਏਕਤਾ ਕਥਨ ਕੀਤੀ ਸੀ ਉਸਦਾ ਉਪਦੇਸ਼ ਕਰਨ ਲੱਗੇ, ਦਖਛਿਣ ਵਿਚ ਸ਼੍ਰਿੰਗੇਰੀ, ਪੂਰਵ ਵਿਚ ਭੂਗੋਵਰਧਨ, ਉੱਤਰ ਵਿਚ ਜੋਸ਼ੀ, ਅਰ ਦੁਆਰਕਾ ਵਿਚ ਸ਼ਾਰਦਾ ਮਠ ਬਨਾਕੇ ਸ਼ੰਕ੍ਰਾਚਾਰਯ ਦੇ ਚੇਲੇ ਮਹੰਤ ਬਨਕੇ ਅਰ ਸ਼੍ਰੀਮਾਨ ਹੋਕੇ ਆਨੰਦ ਕਰਨ ਲੱਗੇ, ਕਿਉਂਕਿ ਸ਼ੰਕ੍ਰਾਚਾਰਯ ਦੇ ਪਿਛੋਂ ਉਨ੍ਹਾਂ ਦੇ ਚੇਲਿਆਂ ਦੀ

ਮਤ [illegible] ਹੋਨ ਲੱਗੀ ॥

ਪ੍ਰਬਲ ਸੀ, ਉਨ੍ਹ [illegible] ਵਿਚਾਰਨਾ ਚਾਹੀਏ, ਕਿ ਜੋ ਜੀਵ ਬ੍ਰਹਮ ਦੀ ਏਕਤਾ ਨਿਸ਼ਚੇ ਹੋਇਆ ਕਿ [illegible] ਦਾ ਨਿਜਮਤ ਸੀ ਤਾਂ ਓਹ ਚੰਗਾ ਮਤ ਨਹੀਂ ਹਟਨ ਗੇ ਏਸ ਤਰਾਂ ਦ[illegible] ਵਾਸਤੇ ਉਸ ਮਤ ਨੂੰ ਸ੍ਵੀਕਾਰ ਕੀਤਾ ਹੋਵੇ ਤਾਂ ਕੁਝ ਵੇਲੇ ਸੁਧੰਨਵਾ ਰਾਜਾ ਸੀ, [illegible] ਮਤ ਅਜੇਹਾ ਹੈ ॥

ਪੜ੍ਹਿਆ ਸੀ, ਉਥੇ ਜਾਕੇ ਵੇ[illegible]

ਮਿਲਕੇ ਕਹਿਆ ਕਿ ਤੁਸੀਂ ਸ[illegible]

(ਪ੍ਰਸ਼ਨ) ਜਗਤ ਸੁਪਨੇ ਦੀ ਨਿਆਈਂ ਰੱਸੀ ਵਿਚ ਸੱਪ, ਸਿੱਪ ਵਿਚ ਚਾਂਦੀ, ਮ੍ਰਿਗਤ੍ਰਿਸ਼ਨਾ ਵਿਚ ਪਾਨੀ, ਗੰਧਰਵ ਨਗਰ, ਇੰਦ੍ਰਜਾਲਵਤ ਇਹ ਸੰਸਾਰ ਝੂਠਾ ਹੈ, ਇਕ ਬ੍ਰਹਮ ਹੀ ਸੱਚਾ ਹੈ। (ਸਿੱਧਾਂਤੀ) ਝੂਠਾ ਤੁਸੀਂ ਕਿਸ ਨੂੰ ਕਹਿੰਦੇ ਹੋ ? (ਨਵੀਨ) ਜੋ ਵਸਤੂ ਨਾ ਹੋਵੇ ਅਰ ਪ੍ਰਤੀਤ ਹੋਵੇ (ਸਿੱਧਾਂਤੀ) ਜੋ ਵਸਤੂ ਹੀ ਨਹੀਂ ਉਸਦੀ ਪ੍ਰਤੀਤੀ ਕਿਸ ਤਰਾਂ ਹੋ ਸਕਦੀ ਹੈ ? (ਨਵੀਨ) ਅਧਿਆਰੋਪ ਕਰਕੇ। (ਸਿੱਧਾਂਤੀ) ਅਧਿਆਰੋਪ ਕਿਸ ਨੂੰ ਕਹਿੰਦੇ ਹਨ ? (ਨਵੀਨ) " ਵਸਤੁਨਯਵਸਤ੍ਵਾਰੋਪਣਮਧਯਾਸਃ " " ਅਧਯਾਰੋਪਾਪਵਾਦਾਭ੍ਯਾਂ ਨਿਸ਼ਪ੍ਰਪੰਚੰ ਪ੍ਰਪੰਚਯਤੇ" ਪਦਾਰਥ ਕੁਝ ਹੋਰ ਹੋਵੇ ਉਸ ਵਿਚ ਹੋਰ ਵਸਤੂ ਦਾ ਅਰੋਪਣ ਕਰਨਾ ਅਧਿਆਸ, ਅਧਿਆਰੋਪ ਅਰ ਉਸ ਦਾ ਨਿਰਾਕਰਣ ਕਰਨਾ ਅਪਵਾਦ ਕਹਾਂਦਾ ਹੈ, ਇਨਾਂ ਦੋਹਾਂ ਥੀਂ ਪ੍ਰਪੰਚ ਰਹਿਤ ਬ੍ਰਹਮ ਵਿਚ ਪ੍ਰਪੰਚ ਰੂਪੀ ਜਗਤ ਵਿਸਤਾਰ ਕਰਦੇ ਹਨ। (ਸੱਧਾਂਤੀ) ਤੁਸੀਂ ਰੱਸੀ ਨੂੰ ਵਸਤੂ ਅਰ ਸੱਪ ਨੂੰ ਅਵਸਤੂ ਮੰਨਕੇ ਏਸ ਭ੍ਰਮ ਜਾਲ ਵਿਚ ਪਏ ਹੋ ਕਿ ਸੱਪ ਵਸਤੂ ਨਹੀਂ ਹੈ? ਜੇ ਕਹੋ ਰੱਸੀ ਵਿਚ ਨਹੀਂ ਤਾਂ ਦੂਜੇ ਦੇਸ਼ ਵਿਚ ਤਾਂ ਹੈ, ਅਰ ਉਸਦਾ ਸੰਸਕਾਰ ਮਾਤ੍ਰ ਹਿਰਦੇ ਵਿਚ ਹੈ ਫੇਰ ਓਹ ਸੱਪ ਭੀ ਅਵਸਤੂ ਨਹੀਂ ਰਹਿਆ, ਉਸੇ ਤਰਾਂ ਥੰਮ ਵਿਚ ਪੁਰੁਸ਼, ਸਿੱਪ ਵਿਚ ਚਾਂਦੀ ਆਦੀ ਦੀ ਵਸਤਵਸਥਾ ਸਮਝ ਲੈਨੀ ਅਰ ਸੁਪਨੇ ਵਿਚ ਭੀ ਜਿਨ੍ਹਾਂ ਦਾ ਭਾਨ ਹੁੰਦਾ ਹੈ ਓਹ ਦੂਜੇ ਦੇਸ਼ ਵਿਚ ਭੀ ਹਨ ਅਰ ਉਨ੍ਹਾਂ ਦੇ ਸੰਸਕਾਰ ਆਤਮਾ ਵਿਚ ਭੀ ਹਨ ਏਸ ਲਈ ਓਹ ਸੁਪਨਾ ਭੀ ਵਸਤੂ ਵਿਚ ਅਵਸਤੂ ਅਰੋਪਣ ਦੇ ਸਮਾਨ ਨਹੀਂ। (ਨਵੀਨ) ਜੋ ਕਦੀ ਨਾ ਡਿਠਾ ਨਾ ਸੁਨਿਆਂ ਜਿਸ ਤਰਾਂ ਕਿ ਅਪਨਾ ਸਿਰ ਕੱਟਿਆ ਹੈ ਅਰ ਆਪ ਰੋਂਦਾ ਹੈ, ਪਾਨੀ ਦੀ ਧਾਰ ਉਪਰ ਵਲ ਚਲੀ ਜਾਂਦੀ ਹੈ, ਜੋ ਕਦੀ ਨਾ ਹੋਇਆ ਸੀ ਦੇਖਿਆ ਜਾਂਦਾ ਹੈ ਓਹ ਸੱਚ ਕਿਸ ਤਰਾਂ ਹੋ ਸੱਕੇ ? (ਸੱਧਾਂਤੀ) ਏਹ ਭੀ ਦ੍ਰਿਸ਼ਟਾਂਤ ਤੁਹਾਡੇ ਪਖ ਨੂੰ ਸਿੱਧ ਨਹੀਂ ਕਰਦਾ ਕਿਉਂਕਿ ਬਗੈਰ ਦੇਖੇ ਸੁਨੇ ਸੰਸਕਾਰ ਨਹੀਂ ਹੁੰਦਾ, ਸੰਸਕਾਰ ਦੇ ਬਿਨਾ ਸਮ੍ਰਿਤੀ ਅਰ ਸਮ੍ਰਿਤੀ ਦੇ ਬਿਨਾ ਸਾਖਛਾਤ ਅਨੁਭਵ ਨਹੀਂ ਹੁੰਦਾ ਜਦ ਕਿਸੇ ਕੋਲੋਂ ਸੁਨਿਆ ਵਾ ਡਿੱਠਾ ਕਿ ਫਲਾਨੇ ਦਾ ਸਿਰ ਕੱਟਿਆ ਅਰ ਉਸਦੇ ਭਰਾ ਵਾ ਪਿਉ ਆਦੀ ਨੂੰ ਲੜਾਈ ਵਿਚ ਪ੍ਰਤਖਛ ਰੋਂਦੇ ਡਿੱਠਾ, ਅਰ ਫੁਹਾਰੇ ਦਾ ਪਾਨੀ ਉਪਰ ਚੜ੍ਹਦੇ ਡਿੱਠਾ ਵਾ ਸੁਨਿਆ ਉਸਦਾ ਸੰਸਕਾਰ ਉਸੇ ਦੇ ਆਤਮਾ ਵਿਚ ਹੁੰਦਾ ਹੈ, ਜਦ ਏਹ ਜਾਗ੍ਰਤ ਦੇ ਪਦਾਰਥਾਂ ਥੀਂ ਵਖਰਾ ਹੋਕੇ ਦੇਖਦਾ ਹੈ ਤਦ ਅਪਨੇ ਆਤਮਾ ਵਿਚ ਉਨ੍ਹਾਂ ਪਦਾਰਥਾਂ ਨੂੰ ਜਿਨਾਂ ਨੂੰ ਦੇਖਿਆ ਵਾ ਸੁਨਿਆ ਹੋਵੇ ਦੇਖਦਾ ਹੈ, ਜਦ ਅਪਨੇ ਹੀ ਵਿਚ ਦੇਖਦਾ ਹੈ ਤਦ ਜਾਨੋ ਅਪਨਾ ਸਿਰ ਕੱਟਿਆ ਆਪ ਰੋਂਦਾ ਅਰ ਉਪਰ ਜਾਂਦੀ ਪਾਨੀ ਦੀ ਧਾਰ ਨੂੰ ਦੇਖਦਾ ਹੈ ਏਹ ਭੀ ਵਸਤੂ ਵਿਚ ਅਵਸਤੂ ਦੇ ਅਰੋਪਣ ਦੇ ਸਦ੍ਰਿਸ਼ ਨਹੀਂ ਕਿੰਤੂ ਜਿਸ ਤਰਾਂ ਨਕਸ਼ਾ ਖਿਚਨ ਵਾਲੇ ਪਹਿਲੇ ਤੋਂ ਦੇਖੇ ਸੁਨੇ

ਦਾ ਵਾ ਕੀਤੇ ਹੋਏ ਕੰਮਾਂ ਨੂੰ ਆਤਮਾ ਵਿਚੋਂ ਕਢਕੇ ਕਾਗਜ਼ ਉੱਤੇ ਲਿਖ ਦੇਂਦੇ ਹਨ ਅਥਵਾ ਪ੍ਰਤੀਬਿੰਬ ਦਾ ਲਾਹਨ ਵਾਲਾ ਬਿੰਬ ਨੂੰ ਦੇਖਕੇ ਆਤਮਾ ਵਿਚ ਮੂਰਤੀ ਨੂੰ ਧਰਕੇ ਬਰਾਬਰ ਲਿਖ ਦੇਂਦਾ ਹੈ। ਹਾਂ ਇੰਨਾ ਹੈ ਕਿ ਕਿਦੇ ਕਿਦੇ ਸੁਪਨੇ ਵਿਚ ਸਮਰਣ ਯੁਕਤ ਪ੍ਰਤੀਤੀ ਜਿਸ ਤਰਾਂ ਕਿ ਅਪਨੇ ਅਧਿਆਪਕ ਨੂੰ ਦੇਖਦਾ ਹੈ, ਅਰ ਕਦੀ ਬਹੁਤ ਕਾਲ ਦੇਖਨੇ ਅਰ ਸੁਨਨੇ ਵਿਚ ਬੀਤੇ ਹੋਏ ਗਿਆਨ ਨੂੰ ਸਾਖਛਾਤਕਾਰ ਕਰਦਾ ਹੈ ਤਦ ਸਮਰਣ ਨਹੀਂ ਰਹਿੰਦਾ ਕਿ ਜੋਮੈਨੇ ਉਸ ਸਮਯ ਦੇਖਿਆ ਸੁਨਿਆ ਵਾ ਕੀਤਾ ਸੀ ਉੱਸੇ ਨੂੰ ਦੇਖਦਾ ਸੁਨਦਾ ਵਾ ਕਰਨਾ ਹਾਂ, ਜਿਸ ਤਰਾਂ ਜਾਗ੍ਰਤ ਵਿਚ ਸਮਰਣ ਕਰਦਾ ਹੈ ਉਸੇ ਤਰਾਂ ਸੁਪਨੇ ਵਿਚਨਹੀਂ ਹੁੰਦਾ, ਏਸ ਲਈ ਤੁਹਾਡਾ ਅਧਿਆਸ ਅਰ ਅਰੋਪਦਾ ਲਖਛਣ ਝੂਠਾ ਹੈ, ਅਰ ਜੋ ਵੇਦਾਂਤੀ ਲੋਕ ਵਿਵਰਤਵਾਦ ਅਰਥਾਤ ਰੱਜੂ ਵਿਚ ਸਰਪ ਆਦੀ ਦੇ ਭਾਨ ਹੋਨਦਾ ਦ੍ਰਿਸ਼ਟਾਂਤ ਬ੍ਰਹਮ ਵਿਚ ਜਗਤ ਦੇ ਭਾਨ ਹੋਨ ਦੇ ਵਿਚ ਦੇਂਦੇਹਨ ਓਹਭੀ ਠੀਕ ਨਹੀਂ। (ਨਵੀਨ) ਅਧਿਸ਼ਠਾਨ ਦੇ ਬਗੈਰ ਅਧਿਅਸਤ ਪ੍ਰਤੀਤ ਨਹੀਂ ਹੁੰਦਾ, ਜਿਸ ਤਰਾਂ ਰੱਜੂ ਨਾ ਹੋਵੇ ਤਾਂ ਸਰਪ ਦਾ ਭੀ ਭਾਨ ਨਹੀਂ ਹੋ ਸਕਦਾ, ਜਿਸ ਤਰਾਂ ਰੱਜੂ ਵਿਚ ਸੱਪ ਤਿੰਨ ਕਾਲ ਵਿਚ ਨਹੀਂ ਹੈ ਪਰੰਤੂ ਅੰਧਕਾਰ ਅਰ ਕੁਝ ਚਾਨਨੇ ਦੇ ਮੇਲ ਵਿਚ ਅਕਸਮਾਤ ਰੱਜੂ ਨੂੰ ਵੇਖਨ ਥੀਂ ਸੱਪ ਦਾ ਭਰਮ ਹੋਕੇ ਭੈ ਨਾਲ ਕੰਬਦਾ ਹੈ ਜਦ ਉਸ ਨੂੰ ਦੀਵੇ ਆਦੀ ਨਾਲ ਦੇਖ ਲੈਂਦਾ ਹੈ ਉਸ ਵੇਲੇ ਭ੍ਰਮ ਅਤੇ ਭੈ ਨਿਵ੍ਰਿਤ ਹੋ ਜਾਂਦਾ ਹੈ, ਉੱਸੇ ਤਰਾਂ ਬ੍ਰਹਮ ਵਿਚ ਜੋ ਜਗਤ ਦੀ ਮਿਥਿਆ ਪ੍ਰਤੀਤੀ ਹੋਈ ਹੈ ਓਹ ਬ੍ਰਹਮ ਦੇ ਸਾਖਛਾਤਕਾਰ ਹੋਨ ਵਿਚ ਜਗਤ ਦੀ ਨਿਵ੍ਰਿਤੀ ਅਰ ਬ੍ਰਹਮ ਦੀ ਪ੍ਰਤੀਤੀ ਹੋ ਜਾਂਦੀ ਹੈ, ਜਿਸ ਤਰਾਂ ਕਿ ਸੱਪ ਦੀ ਨਿਵ੍ਰਿਤੀ ਅਰ ਰੱਸੀ ਦੀ ਪ੍ਰਤੀਤੀ ਹੁੰਦੀ ਹੈ। (ਸਿੱਧਾਂਤੀ) ਬ੍ਰਹਮ ਵਿਚ ਜਗਤ ਦਾ ਭਾਨ ਕਿਸ ਨੂੰ ਹੋਇਆ ? (ਨਵੀਨ) ਜੀਵ ਨੂੰ। (ਸਿੱਧਾਂਤੀ) ਜੀਵ ਕਿਥੋਂ ਹੋਇਆ ? (ਨਵੀਨ) ਅਗਿਆਨ ਕਰਕੇ। (ਸਿੱਧਾਂਤੀ) ਅਗਿਆਨ ਕਿਥੋਂ ਹੋਇਆ ਅਰ ਕਿੱਥੇ ਰਹਿੰਦਾ ਹੈ ? (ਨਵੀਨ) ਅਗਿਆਨ ਅਨਾਦੀ ਅਰ ਬ੍ਰਹਮ ਵਿਚ ਰਹਿੰਦਾ ਹੈ। (ਸਿੱਧਾਂਤੀ) ਬ੍ਰਹਮ ਵਿਚ ਬ੍ਰਹਮ ਦਾ ਅਗਿਆਨ ਹੋਇਆ ਵਾ ਕਿਸੇ ਹੋਰਦਾ ਅਰ ਓਹ ਅਗਿਆਨ ਕਿਸ ਨੂੰ ਹੋਇਆ ? (ਨਵੀਨ) ਚਿਦਾਭਾਸ ਨੂੰ। (ਸਿੱਧਾਂਤੀ) ਚਿਦਾਭਾਸ ਦਾ ਸ੍ਵਰੂਪ ਕੀ ਹੈ। (ਨਵੀਨ) ਬ੍ਰਹਮ, ਬ੍ਰਹਮ ਨੂੰ ਬ੍ਰਹਮ ਦਾ ਅਗਿਆਨ ਅਰਥਾਤ ਅਪਨੇ ਸ੍ਵਰੂਪ ਨੂੰ ਆਪ ਹੀ ਭੁਲ ਜਾਂਦਾ ਹੈ (ਸਿੱਧਾਂਤੀ) ਉਸ ਦੇ ਭੁੱਲਨ ਵਿਚ ਨਿਮਿੱਤ ਕੀ ਹੈ (ਨਵੀਨ) ਅਵਿਦਿਆ। (ਸਿੱਧਾਂਤੀ) ਅਵਿਦਿਆ ਸਰਵਵਿਆਪੀ ਸਰਵੱਗ ਦਾ ਗੁਣ ਹੈ ਵਾ ਅਲਪੱਗ ਦਾ ? (ਨਵੀਨ) ਅਲਪੱਗ ਦਾ। (ਸਿੱਧਾਂਤੀ) ਝਾਂ ਤੁਹਾਡੇ ਮਤ ਵਿਚ ਬਗੈਰ ਇਕ ਅਨੰਤ ਸਰਵੱਗ ਚੈਤਨ ਦੇ ਦੂਜਾ ਕੋਈ ਚੈਤਨ ਹੈ ਵਾ ਨਹੀਂ ? ਅਰ ਅਲਪੱਗ ਕਿਥੋਂ ਆਇਆ। ਹਾਂ ਜੇ ਅਲਪੱਗ ਚੈਤਨ ਬ੍ਰਹਮ ਥੀਂ ਵਖਰਾ ਮੰਨੋ

ਤਾਂ ਠੀਕ ਹੈ ਜਦ ਇਕ ਠਿਕਾਨੇ ਬ੍ਰਹਮ ਨੂੰ ਅਪਨੇ ਸ੍ਵਰੂਪ ਦਾ ਅਗਿਆਨ ਹੋਵੇ ਤਾਂ ਸਰਵਤ੍ਰ ਅਗਿਆਨ ਫੈਲ ਜਾਵੇ। ਜਿਸ ਤਰਾਂ ਸ਼ਰੀਰ ਵਿਚ ਫੋੜੇ ਦੀ ਪੀੜ ਸਬ ਸ਼ਰੀਰ ਦੇ ਅੰਗਾਂ ਨੂੰ ਨਿਕੰਮਾਂ ਕਰ ਦੇਂਦੀ ਹੈ, ਇਸੇ ਪ੍ਰਕਰ ਬ੍ਰਹਮ ਭੀ ਇਕ ਦੇਸ਼ ਵਿਚ ਅਗਿਆਨੀ ਅਰ ਕਲੇਸ਼ ਯੁਕਤ ਹੋਵੇ ਤਾਂ ਸਬ ਬ੍ਰਹਮ ਭੀ ਅਗਿਆਨੀ ਅਰ ਪੀੜਾ ਦੇ ਅਨੁਭਵ ਯੁਕਤ ਹੋ ਜਾਵੇ । (ਨਵੀਨ) ਏਹ ਸਬ ਉਪਾਧੀ ਦਾ ਧਰਮ ਹੈ ਬ੍ਰਹਮ ਦਾ ਨਹੀਂ। (ਸਿੱਧਾਂਤੀ)ਉਪਾਧੀ ਜੜ੍ਹ ਹੈ ਵਾਚੈਤਨ ਅਰ ਸੱਤ ਹੇ ਵਾ ਅਸੱਤ ? (ਨਵੀਨ) ਅਨਿਰਵਚਨੀਯ ਹੈ ਅਰਥਾਤ ਜਿਸ ਨੂੰ ਜੜ੍ਹ ਵਾ ਚੈਤਨ, ਸੱਤ ਵਾ ਅਸੱਤ ਨਹੀਂ ਕਹ ਸਕਦੇ। (ਸਿੱਧਾਂਤੀ) ਏਹ ਤੁਹਾਡਾ ਕਹਨਾ "ਵਦਤੋਵਿਆਘਾਤ" ਦੇ ਤੁੱਲ ਹੈ, ਕਿਉਂਕਿ ਕਹਿੰਦੇ ਹੋ ਅਵਿਦਿਆ ਹੈ ਜਿਸ ਨੂੰ ਜੜ੍ਹ, ਚੈਤਨ, ਸੱਤ, ਅਸੱਤ ਨਹੀਂ ਕਹ ਸਕਦੇ, ਏਹ ਅਜੇਹੀ ਗੱਲ ਹੈ ਕਿ ਜਿਸ ਤਰਾਂ ਸੋਨੇ ਵਿਚ ਪਿੱਤਲ ਮਿਲਿਆ ਹੋਵੇ ਉਸ ਨੂੰ ਸਰਾਫ ਦੇ ਪਾਸ ਪਰੀਖਛਾ ਕਰਾਵੇ ਕਿ ਇਹ ਸੋਨਾ ਹੈ ਵਾ ਪਿੱਤਲ ? ਤਦ ਏਹੋ ਆਖੋਗੇ ਕਿ ਏਸ ਨੂੰ ਅਸੀਂ ਨਾ ਸੋਨਾ ਨ ਪਿੱਤਲ ਕਹ ਸਕਦੇ ਹਾਂ ਕਿੰਤੂ ਏਸ ਵਿਚ ਦੋਨੋਂ ਧਾਤਾਂ ਮਿਲੀਆਂ ਹਨ। (ਨਵੀਨ) ਵੇਖੋ ਜਿਸ ਤਰਾਂ ਘਟਾਕਾਸ਼ ਮਠਾਕਾਸ਼, ਮੇਘਾਕਾਸ਼, ਅਰ ਮਹਾਕਾਸ਼ ਉਪਾਧੀ ਅਰਥਾਤ ਘੜੇ, ਘਰ ਅਰ ਮੇਘ ਦੇ ਹੋਨ ਕਰਕੇ ਭਿੰਨ ਭਿੰਨ ਪ੍ਰਤੀਤ ਹੁੰਦੇ ਹਨ ਵਾਸਤਵ ਵਿਚ ਮਹਾਕਾਸ਼ ਹੀ ਹੈ, ਇਸੇ ਤਰਾਂ ਹੀ ਮਾਇਆ, ਅਵਿਦਿਆ, ਸਮਸ਼ਟੀ, ਵ੍ਯਸ਼ਟੀ ਅਰ ਅੰਤਹਕਰਣਾਂ ਦੀਆਂ ਉਪਾਧੀਆਂ ਥੀਂ ਬ੍ਰਹਮਅਗਿਆਨੀਆਂ ਨੂੰ ਵੱਖੋ ਵੱਖਰਾ ਪ੍ਰਤੀਤ ਹੋ ਰਹਿਆ ਹੈ ਵਾਸਤਵ ਵਿਚ ਇਕ ਹੀ ਹੈ, ਵੇਖੋ ਅਗਲੇ ਪ੍ਰਮਾਣ ਵਿਚ ਕੀ ਕਹਿਆ ਹੈ :—

ਅਗਨਿਰਯਥੈਕੋ ਭੁਵਨੰ ਪ੍ਰਵਿਸ਼ਟੋ ਰੂਪੰ ਰੂਪੰ ਪ੍ਰਤਿਰੂਪੋ ਬਭੂਵ। ਏਕਸਤਥਾ ਸਰਵਭੂਤਾਂਤਰਾਤਮਾ ਰੂਪੰ ਰੂਪੰ ਪ੍ਰਤਿਰੂਪੋ ਬਹਿਸ਼ਚ ॥ ਕਠੋਪਨਿਸ਼ਦ ਵੱਲੀ ੫। ਮੰਤ੍ਰ ੯॥

ਜਿਸ ਤਰਾਂ ਅੱਗ ਲੰਮੇ, ਚੌੜੇ ਗੋਲ, ਛੋਟੇ, ਵਡੇ ਸਬ ਸ਼ਕਲ ਵਾਲੇ ਪਦਾਰਥਾਂ ਵਿਚ ਵਿਆਪਕ ਹੋਕੇ ਤਦਾਕਾਰ ਨਜ਼ਰ ਆਉਂਦੀ, ਅਰ ਉਨਾਂ ਥੀਂ ਵਖਰੀ ਹੈ,ਉਸੇ ਤਰਾਂ ਸਰਵ ਵਿਆਪਕ ਪਰਮੇਸ੍ਵਰ ਅੰਤਹਕਰਣਾਂ ਵਿਚ ਵ੍ਯਾਪਕ ਹੋਕੇ ਅੰਤਹਕਰਣ ਰੂਪ ਹੋ ਰਹਿਆ ਹੈ, ਪਰੰਤੂ ਉਨ੍ਹਾਂ ਥੀਂ ਵੱਖਰਾ ਹੈ । (ਸਿੱਧਾਂਤੀ) ਏਹ ਭੀ ਤੁਹਾਡਾ ਕਹਨਾ ਵਿਅਰਥ ਹੈ, ਕਿਉਂਕਿ ਜਿਸ ਤਰਾਂ ਘੜੇ, ਕੋਠੇ, ਬੱਦਲ, ਅਰ ਆਕਾਸ਼ ਨੂੰ ਭਿੰਨ ਮੰਨਦੇ ਹੋ ਉਸੇ ਤਰਾਂ ਕਾਰਣ ਕਾਹਯ ਰੂਪੀ ਜਗਤ ਅਰ ਜੀਵ ਨੂੰ ਬ੍ਰਹਮ ਥੀਂ ਅਰ ਬ੍ਰਹਮ ਨੂੰ ਇਨ੍ਹਾਂ ਥੀਂ

ਵੱਖਰਾ ਮੰਨ ਲੌ। (ਨਵੀਨ) ਜਿਸ ਤਰਾਂ ਅੱਗ ਸਥ ਵਿਚ ਪ੍ਰਵਿਸ਼ਟ ਹੋਕੇ ਦਿੱਸਨ ਵਿਚ ਤਦਾਕਾਰ ਨਜ਼ਰ ਆਉਂਦੀ ਹੈ ਇਸੇ ਤਰਾਂ ਪਰਮੇਸ਼ੁਰ ਜੜ ਅਰ ਜੀਵ ਵਿਚ ਵਿਆਪਕ ਹੋਕੇ ਆਕਾਰ ਵਾਲਾ ਅਗਿਆਨੀਆਂ ਨੂੰ ਆਕਾਰ ਯੁਕਤ ਨਜ਼ਰ ਆਉਂਦਾ ਹੈ, ਵਾਸਤਵ ਵਿਚ ਬ੍ਰਹਮ ਨਾ ਜੜ, ਅਰ ਨਾ ਜੀਵ ਹੈ, ਜਿਸ ਤਰਾਂ ਪਾਨੀ ਦੇ ਹਜ਼ਾਰ ਕੁੰਡੇ ਧਰੇ ਹੋਨ ਉਨ੍ਹਾਂ ਵਿਚ ਸੂਰਯ ਦੇ ਹਜ਼ਾਰ ਪ੍ਰਤੀਬਿੰਬ ਨਜ਼ਰ ਆਉਂਦੇ ਹਨ ਵਾਸਤਵ ਵਿਚ ਸੂਰਯ ਇਕ ਹੈ ਕੁੰਡਿਆਂ ਦੇ ਨਸ਼ਟ ਹੋਨ ਨਾਲ ਪਾਨੀ ਦੇ ਚੱਲਨ ਵਾ ਫੈਲਨ ਕਰਕੇ ਸੂਰਯ ਨਾ ਨਸ਼ਟ ਹੁੰਦਾ ਨਾ ਚਲਦਾ ਅਰ ਨਾ ਫੈਲਦਾ ਹੈ, ਇੱਸੇ ਪ੍ਰਕਾਰ ਅੰਤਹਕਰਣਾਂ ਵਿਚ ਬ੍ਰਹਮ ਦਾ ਆਭਾਸ ਜਿਸ ਨੂੰ ਚਿਦਾਭਾਸ ਕਹਿੰਦੇ ਹਨ ਪਿਆ ਹੈ ਜਦ ਤਕ ਅੰਤਹਕਰਣ ਹੈ ਤਦੋਂ ਤਕ ਜੀਵ ਹੈ, ਜਦ ਅੰਤਹਕਰਣ ਗਿਆਨ ਕਰਕੇ ਨਸ਼ਟ ਹੁੰਦਾ ਹੈ ਤਦ ਜੀਵ ਬ੍ਰਹਮਸ੍ਵਰੂਪ ਹੈ, ਏਸ ਚਿਦਾਭਾਸ ਨੂੰ ਅਪਨੇ ਬ੍ਰਹਮ ਸ੍ਵਰੂਪ ਦਾ ਅਗਿਆਨ, ਕਰਤਾ, ਭੋਗਤਾ, ਸੁਖੀ, ਦੁਖੀ, ਪਾਪੀ, ਪੁੰਨਆਤਮਾ, ਜਨਮ, ਮਰਨ, ਅਪਨੇ ਵਿਚ ਆਰੋਪਣ ਕਰਦਾ ਹੈ ਤਦ ਤਕ ਸੰਸਾਰ ਦੇ ਬੰਧਨਾਂ ਥੀਂ ਨਹੀਂ ਛੁੱਟਦਾ। (ਸਿੱਧਾਂਤੀ) ਏਹ ਦ੍ਰਿਸ਼ਟਾਂਤ ਤੁਹਾਡਾ ਵਿਅਰਥ ਹੈ, ਕਿਉਂਕਿ ਸੂਰਯ ਆਕਾਰ ਵਾਲਾ ਜਲ ਦੇ ਕੁੰਡੇ ਭੀ ਸਾਕਾਰ ਹਨ, ਸੂਰਯ ਜਲਦੇ ਕੁੰਡਿਆਂ ਥੀਂ ਭਿੰਨ, ਅਰ ਸੂਰਯ ਥੀਂ ਜਲ ਦੇ ਕੁੰਡੇ ਭਿੰਨ ਹਨ ਤਦੇ ਹੀ ਪ੍ਰਤੀਬਿੰਬ ਪੈਂਦਾ ਹੈ, ਜੇਕਰ ਨਿਰਾਕਾਰ ਹੁੰਦੇ ਤਾਂ ਉਨ੍ਹਾਂ ਦਾ ਪ੍ਰਤੀਬਿੰਬ ਕਦੀ ਨਾ ਹੁੰਦਾ, ਅਰ ਜਿਸ ਤਰਾਂ ਪਰਮੇਸ਼ੁਰ ਨਿਰਾਕਾਰ ਸਰਵਤ੍ਰ ਆਕਾਸ਼ਵਤ ਵਿਆਪਕ ਹੋਨ ਕਰਕੇ ਬ੍ਰਹਮ ਥੀਂ ਕੋਈ ਪਦਾਰਥ ਵਾ ਪਦਾਰਥਾਂ ਥੀਂ ਬ੍ਰਹਮ ਵੱਖਰਾ ਨਹੀਂ ਹੋ ਸਕਦਾ, ਅਰ ਵਿਆਪਜ, ਵਿਆਪਕ ਸੰਬੰਧ ਕਰਕੇ ਇਕ ਭੀ ਨਹੀਂ ਹੋ ਸਕਦਾ ਅਰਥਾਤ ਅਨ੍ਵੈਯਜਤੀਰੇਕ ਭਾਵੰਕਰਕੇ ਦੇਖਨ ਨਾਲ ਵਿਆਪਜ ਵਿਆਪਕ ਮਿਲੇ ਹੋਏ ਅਰ ਸਦਾ ਵਖਰੇ ਰਹਿੰਦੇ ਹਨ, ਜੇ ਇਕ ਹੋਨ ਤਾਂ ਅਪਨੇ ਵਿਚ ਵਿਆਪਜ ਵਿਆਪਕ ਭਾਵ ਸੰਬੰਧ ਕਦੀ ਨਹੀਂ ਘਟ ਸਕਦਾ, ਸੋ ਬ੍ਰਿਹਦਾਰਣਯਕ ਦੇ ਅੰਤਰਯਾਮੀ ਬ੍ਰਾਹਮਣ ਵਿਚ ਸਪਸ਼ਟ ਲਿਖਿਆ ਹੈ, ਅਰ ਬ੍ਰਹਮ ਦਾ ਆਭਾਸ ਭੀ ਨਹੀਂ ਪੈ ਸਕਦਾ, ਕਿਉਂਕਿ ਬਿਨਾ ਆਕਾਰ ਦੇ ਆਭਾਸ ਦਾ ਹੋਨਾ ਅਸੰਭਵ ਹੈ, ਜੋ ਅੰਤਹਕਰਣ ਉਪਾਧੀ ਥੀਂ ਬ੍ਰਹਮ ਨੂੰ ਜੀਵ ਮੰਨਦੇ ਹੋ ਸੋ ਤੁਹਾਡੀ ਬਾਤ ਬਾਲਕ ਦੀ ਨਿਆਈਂ ਹੈ, ਅੰਤਹਕਰਣ ਚੱਲਨ ਵਾਲਾ, ਖੰਡ ਖੰਡ, ਅਰ ਬ੍ਰਹਮ ਅਚਲ ਅਰ ਅਖੰਡ ਹੈ। ਜੇਕਰ ਤੁਸੀਂ ਬ੍ਰਹਮ ਅਰ ਜੀਵ ਨੂੰ ਵੱਖੋ ਵੱਖਰਾ ਨਾ ਮੰਨੋਗੇ ਤਾਂ ਏਸਦਾ ਉੱਤਰ ਦੇਓ ਕਿ ਜਿੱਥੇ ਜਿੱਥੇ ਅੰਤਹਕਰਣ ਚਲਿਆ ਜਾਵੇਗਾ ਉੱਥੋਂ ਉੱਥੋਂ ਦੇ ਬ੍ਰਹਮ ਨੂੰ ਅਗਿਆਨੀ, ਅਰ ਜਿਸ ਜਿਸ ਦੇਸ਼ ਨੂੰ ਛੱਡੇਗਾ ਉੱਥੋਂ ਉੱਥੋਂ ਦੇ ਬ੍ਰਹਮ ਨੂੰ ਗਿਆਨੀ ਕਰ ਦੇਵੇਗਾ ਵਾ ਨਹੀਂ ? ਜਿਸ ਤਰਾਂ ਛਤਰੀ ਪ੍ਰਕਾਸ਼ ਦੇ ਵਿਚ ਜਿੱਥੇ ਜਿੱਥੇ ਜਾਂਦੀ ਹੈ

ਉੱਥੇ ਉੱਥੇ ਪ੍ਰਕਾਸ਼ ਨੂੰ ਢੱਕ ਲੈਂਦੀ, ਅਰ ਜਿੱਥੋਂ ਹਟਦੀ ਹੈ ਉੱਥੋਂ ਉੱਥੋਂ ਦੇ ਪ੍ਰਕਾਸ਼ ਨੂੰ ਆਵਰਣ ਤੋਂ ਰਹਿਤ ਕਰ ਦਿੰਦੀ ਹੈ, ਉੱਸੇ ਤਰਾਂ ਅੰਤਹਕਰਣ ਬ੍ਰਹਮ ਨੂੰ ਛਿਨ ਛਿਨ ਵਿਚ ਗਿਆਨੀ, ਅਗਿਆਨੀ, ਬੱਧ ਅਰ ਮੁਕਤ ਕਰਦਾ ਜਾਵੇਗਾ, ਅਖੰਡ ਬ੍ਰਹਮ ਦੇ ਇਕ ਦੇਸ਼ ਵਿਚ ਆਵ੍ਰਣ ਦਾ ਪ੍ਰਭਾਵ ਸਰਵ ਦੇਸ਼ ਵਿਚ ਹੋਨ ਕਰਕੇ ਸਭ ਬ੍ਰਹਮ ਅਗਿਆਨੀ ਹੋ ਜਾਵੇਗਾ, ਕਿਉਂਕਿ ਓਹ ਚੈਤਨ ਹੈ, ਅਰ ਮਥੁਰਾ ਵਿਚ ਜਿਸ ਅੰਤਹਕਰਣ ਵਾਲੇ ਬ੍ਰਹਮ ਨੇ ਜੋ ਵਸਤੂ ਦੇਖੀ ਉਸਦਾ ਸਮਰਣ ਉਸੇ ਅੰਤਹਕਰਣ ਥੀਂ ਕਾਸ਼ੀ ਵਿਚ ਨਹੀਂ ਹੋ ਸਕਦਾ ਕਿਉਂਕਿ "ਅਨਜਦ੍ਰਿਸ਼ਟਮਨਜੋ ਨ ਸਮਰਤੀਤਿ ਨਜਾਯਾਤ" ਹੋਰਦੇ ਦੇਖੇ ਦਾ ਸਮਰਣ ਹੋਰਨੂੰ ਨਹੀਂ ਹੁੰਦਾ, ਜਿਸ ਚਿਦਾਭਾਸ ਨੇ ਮਥੁਰਾ ਵਿਚ ਦੇਖਿਆ ਓਹ ਚਿਦਾਭਾਸ ਕਾਸ਼ੀ ਵਿਚ ਨਹੀਂ ਰਹਿੰਦਾ, ਕਿੰਤੂ ਜੋ ਮਥੁਰਾ ਵਿਚ ਹੋਨ ਵਾਲੇ ਅੰਤਹਕਰਣ ਦਾ ਪ੍ਰਕਾਸ਼ਕ ਹੈ ਓਹ ਕਾਸ਼ੀ ਵਿਚ ਹੋਨ ਵਾਲਾ ਬ੍ਰਹਮ ਨਹੀਂ ਹੁੰਦਾ ਜੇਕਰ ਬ੍ਰਹਮ ਹੀ ਜੀਵ ਹੈ ਕਿੰਤੂ ਵੱਖਰਾ ਨਹੀਂ ਤਾਂ ਜੀਵ ਨੂੰ ਸਰਵੱਗ ਹੋਨਾ ਚਾਹੀਏ, ਯਦੀ ਬ੍ਰਹਮ ਦਾ ਪ੍ਰਤੀਬਿੰਬ ਵੱਖਰਾ ਹੈ ਤਾਂ ਪ੍ਰਤਜਭਿਗਿਆ ਅਰਥਾਤ ਪਿਛੇ ਵੇਖੇ ਸੁਨੇ ਦਾ ਗਿਆਨ ਕਿਸੇ ਨੂੰ ਨਹੀਂ ਹੋ ਸਕੇਗਾ, ਜੇ ਕਹੋ ਕਿ ਬ੍ਰਹਮ ਇਕ ਹੈ ਏਸ ਲਈ ਸਮਝਣ ਹੁੰਦਾ ਹੈ ਤਾਂ ਇਕ ਠਿਕਾਨੇ ਅਗਿਆਨ ਵਾ ਦੁੱਖ ਹੋਨਕਰਕੇ ਸਭ ਬ੍ਰਹਮ ਨੂੰ ਅਗਿਆਨ ਵਾ ਦੁੱਖ ਹੋ ਜਾਨਾ ਚਾਹੀਏ ਅਜੇਹੇ ਅਜੇਹੇ ਦ੍ਰਿਸ਼ਟਾਂਤਾਂ ਥੀਂ ਨਿੱਤ, ਸ਼ੁੱਧ, ਬੁੱਧ, ਮੁਕਤ ਸੁਭਾਵ ਬ੍ਰਹਮ ਨੂੰ ਤੁਸਾਂ ਨੇ ਅਸ਼ੁੱਧ, ਅਗਿਆਨੀ ਅਰ ਬੱਧ ਆਦੀ ਦੋਸ਼ ਵਾਲਾ ਕਰ ਦਿੱਤਾ ਹੈ, ਅਰ ਅਖੰਡ ਨੂੰ ਖੰਡ ਖੰਡ ਕਰ ਦਿੱਤਾ ॥

(ਨਵੀਨ) ਨਿਰਾਕਾਰ ਦਾ ਭੀ ਆਭਾਸ ਹੁੰਦਾ ਹੈ,ਜਿਸ ਤਰਾਂ ਕਿ ਦਰਪਣ ਵਾ ਜਲ ਆਦੀ ਵਿਚ ਆਕਾਸ਼ ਦਾ ਆਭਾਸ ਪੈਂਦਾ, ਓਹ ਨੀਲਾ ਵਾ ਕਿਸੇ ਹੋਰ ਤਰਾਂ ਗੰਭੀਰ ਗਹਿਰਾ ਦਿੱਸਦਾ ਹੈ, ਉਸੇ ਤਰਾਂ ਬ੍ਰਹਮ ਦਾ ਭੀ ਸਭ ਅੰਤਹਕਰਣਾਂ ਵਿਚ ਆਭਾਸ ਪੈਂਦਾ ਹੈ। (ਸਿੱਧਾਂਤੀ) ਜਦ ਆਕਾਸ਼ ਦਾ ਰੂਪ ਹੀ ਨਹੀਂ ਹੈ ਤਾਂ ਉਸਨੂੰ ਅੱਖ ਨਾਲ ਕੋਈ ਭੀ ਨਹੀਂ ਦੇਖ ਸਕਦਾ, ਜੋ ਪਦਾਰਥ ਦਿੱਸਦਾ ਹੀ ਨਹੀਂ ਓਹ ਦਰਪਣ ਅਰ ਜਲ ਆਦੀ ਵਿਚ ਕਿਸ ਤਰਾਂ ਨਜ਼ਰ ਆਵੇਗਾ, ਗਹਿਰੀ ਵਾ ਛਿਦਰੀ ਸਾਕਾਰ ਵਸਤੂ ਨਜ਼ਰ ਆਉਂਦੀ ਹੈ ਨਿਰਾਕਾਰ ਨਹੀਂ ॥

(ਨਵੀਨ) ਤਾਂ ਫੇਰ ਜੇਹੜਾ ਏਹ ਉੱਪਰ ਨੀਲਾ ਜੇਹਾ ਨਜ਼ਰ ਆਉਂਦਾ ਹੈ ਓਹ ਆਦਰਸ਼ ਵਿਚ ਭਾਨ ਹੁੰਦਾ ਹੈ ਓਹ ਕੀ ਪਦਾਰਥ ਹੈ ? (ਸਿੱਧਾਂਤੀ) ਓਹ ਪ੍ਰਿਥਿਵੀ ਥੀਂ ਉਡਕੇ ਜਲ, ਪ੍ਰਿਥਿਵੀ ਅਰ ਅੱਗ ਦੇ ਤ੍ਰਿਸਰੇਣੂ ਹਨ ਜਿਥੋਂ ਵਰਸ਼ਾ ਹੁੰਦੀ ਹੈ ਉੱਥੇ ਜਲ ਨਾ ਹੋਵੇ ਤਾ ਵਰਸ਼ਾ ਕਿਥੋਂ ਹੋਵੇ ? ਏਸ ਲਈ ਜੋ ਦੂਰ ਦੂਰ ਤੰਬੂ ਦੀ ਨਿਆਈਂ ਨਜ਼ਰ ਆਉਂਦਾ ਹੈ ਓਹ ਪਾਨੀ ਦਾ ਚਕ੍ਰ ਹੈ, ਜਿਸ ਤਰਾਂ ਕੁਹਰ ਦੂਰ ਥੋਂ ਸੰਘਣੀ ਨਜ਼ਰ ਆਉਂਦੀ ਹੈ ਅਰ ਕੋਲੋਂ ਛਿਦਰੀ

ਅਰ ਡੇਰੇ ਵਾਛਣ ਭੀ ਦਿੱਸਦੀ ਹੈ ਉਸੇ ਤਰਾਂ ਆਕਾਸ਼ ਵਿਚ ਪਾਨੀ ਨਜ਼ਰ ਆਉਂਦਾ ਹੈ ॥

(ਨਵੀਨ) ਕੀ, ਸਾਡੇ ਰੱਸੀ, ਸੱਪ, ਅਰ ਸੁਪਨੇ ਆਦੀ ਦੇ ਦ੍ਰਿਸ਼ਟਾਂਤ ਮਿਥਿਆ ਹਨ ? (ਸਿੱਧਾਂਤੀ) ਨਹੀਂ, ਤੁਹਾਡੀ ਸਮਝ ਮਿਥਿਆ ਹੈ, ਸੋ ਅਸਾਂ ਨੇ ਪਹਲੋਂ ਲਿਖ ਦਿੱਤਾ, ਭਲਾ ਏਹ ਤਾਂ ਦੱਸੋ ਪਹਿਲੋਂ ਅਗਿਆਨ ਕਿਸ ਨੂੰ ਹੁੰਦਾ ਹੈ। (ਨਵੀਨ) ਬ੍ਰਹਮ ਨੂੰ । (ਸਿੱਧਾਂਤੀ) ਬ੍ਰਹਮ ਅਲਪੱਗ ਹੈ ਵਾ ਸਰਵੱਗ ? (ਨਵੀਨ) ਨਾ ਸਰਵੱਗ,ਅਰ ਨਾ ਅਲਪੱਗ, ਕਿਉਂਕਿ ਸਰਵੱਗਤਾਂ ਅਰ ਅਲਪੱਗਤਾ ਉਪਾਧੀ ਸਹਿਤ ਵਿਚ ਹੁੰਦੀ ਹੈ । (ਸਿੱਧਾਂਤੀ) ਉਪਾਧੀ ਸਹਿਤ ਕੌਨ ਹੈ ? (ਨਵੀਨ) ਬ੍ਰਹਮ। (ਸਿੱਧਾਂਤੀ) ਤਾਂ ਬ੍ਰਹਮ ਹੀ ਸਰਵੱਗ ਅਰ ਅਲਪੱਗ ਹੋਇਆ ਤਾਂ ਤੁਸਾਂ ਨੇ ਸਰਵੱਗ ਅਰ ਅਲਪੱਗ ਦਾ ਨਿਸ਼ੇਧ ਕਿਉਂ ਕੀਤ ਸੀ ? ਜੇ ਆਖੋ ਕਿ ਉਪਾਧੀ ਕਲਪਿਤ ਅਰਥਾਤ ਮਿਥਿਆ ਹੈ ਤਾਂ ਕਲਪਨਾ ਕਰਨੇ ਵਾਲਾ ਕੌਨ ਹੈ ?

(ਨਵੀਨ) ਜੀਵ ਬ੍ਰਹਮ ਹੈ ਵਾ ਹੋਰ ? (ਸਿੱਧਾਂਤੀ) ਹੋਰ ਹੈ, ਕਿਉਂਕਿ ਜੋ ਬ੍ਰਹਮ ਸ੍ਵਰੂਪ ਹੈ ਤਾਂ ਜਿਸਨੇ ਮਿਥਿਆ ਕਲਪਨਾ ਕੀਤੀ ਓਹ ਬ੍ਰਹਮ ਹੀ ਨਹੀਂ ਹੋ ਸਕਦਾ, ਜਿਸਦੀ ਕਲਪਨਾ ਮਿਥਿਆ ਹੈ ਓਹ ਸੱਚਾ ਕਦ ਹੋ ਸਕਦਾ ਹੈ? (ਨਵੀਨ)ਅਸੀਂ ਸਤ ਅਰ ਅਸਤ ਨੂੰ ਝੂਠ ਮੰਨਦੇ ਹਾਂ, ਅਰ ਥਾਨੀ ਥੀਂ ਬੋਲਨਾ ਭੀ ਮਿਥਿਆ ਹੈ।(ਸਿੱਧਾਂਤੀ)ਜਦ ਤੁਸੀਂ ਝੂਠ ਕਹਨੇ ਅਰ ਮੰਨਨੇਵਾਲੇ ਹੋ ਤਾਂ ਝੂਠੇ ਕਿਉਂ ਨਹੀਂ? (ਨਵੀਨ) ਰਹੋ ਝੂਠ ਅਰ ਸੱਚ ਸਾਡੇ ਵਿਚ ਹੀ ਕਲਪਿਤ ਹੈ ਅਰ ਅਸੀਂ ਦੋਹਾਂ ਦੇ ਸਾਖਛੀ ਅਧਿਸ਼ਠਾਨ ਹਾਂ। (ਸਿੱਧਾਂਤੀ) ਜਦ ਤੁਸੀਂ ਸੱਚ ਅਰ ਝੂਠ ਦੇ ਆਧਾਰਹੋਏ ਤਾਂ ਸ਼ਾਹੂਕਾਰ ਅਰ ਚੋਰ ਦੇ ਸਦ੍ਰਿਸ਼ ਤੁਸੀਂ ਹੀ ਹੋਏ, ਏਸ ਲਈ ਤੁਸੀਂ ਪ੍ਰਮਾਣਿਕ ਭੀ ਨਹੀਂ ਰਹੇ, ਕਿਉਂਕਿ ਪ੍ਰਮਾਣਿਕ ਓਹ ਹੁੰਦਾ ਹੈ ਜੋ ਸਰਵਦਾ ਸੱਚ ਮੰਨੇ, ਸੱਚ ਬੋਲੇ, ਸੱਚ ਕਰੇ, ਝੂਠ ਨਾ ਮੰਨੇ, ਝੂਨ ਨਾ ਬੋਲੇ, ਅਰ ਝੂਠ ਕਦਾਚਿਤ ਨਾ ਕਰੇ, ਜਦ ਤੁਸੀਂ ਅਪਨੀ ਬਾਤ ਨੂੰ ਆਪ ਹੀ ਝੂਠਾ ਕਰਦੇ ਹੋ ਤਾਂ ਤੁਸੀਂ ਅਪਨੇ ਆਪ ਮਿਥਿਆਵਾਦੀ ਹੋ।

(ਨਵੀਨ) ਅਨਾਦੀ ਮਾਇਆ ਜੋ ਕਿ ਬ੍ਰਹਮ ਦੇ ਆਸ਼੍ਰੇ ਅਰ ਬ੍ਰਹਮ ਹੀ ਦਾ ਆਵਰਣ ਕਰਦੀ ਹੈ ਉਸ ਨੂੰ ਮੰਨਦੇ ਹੋ ਵਾ ਨਹੀਂ? (ਸਿੱਧਾਂਤੀ) ਨਹੀਂ ਮੰਨਦੇ, ਕਿਉਂਕਿ ਤੁਸੀਂ ਮਾਇਆ ਦਾ ਅਰਥ ਅਜੇਹਾ ਕਰਦੇ ਹੋ ਜੋਕਿ ਵਸਤੂ ਨਾ ਹੋਵੇ ਅਰ ਭਾਸੇ, ਭਾਂ ਏਸ ਬਾਤ ਨੂੰ ਓਹ ਮੰਨੇਗਾ ਜਿਸਦੇ ਹਿਰਦੇ ਦੀ ਅੱਖ ਫੁੱਟ ਗਈ ਹੋਵੇ; ਕਿਉਂਕਿ ਜੋ ਵਸਤੂ ਨਹੀਂ ਉਸਦਾ ਭਾਸਨਾ ਸਰਵਥਾ ਅਸੰਭਵ ਹੈ, ਜਿਸ ਤਰਾਂ ਬਾਂਝ ਦੇ ਪੁਤ੍ਰ ਦਾ ਪ੍ਰਤੀਬਿੰਬਦੀ ਕਦੀ ਨਹੀ ਹੋਸਕਦਾ ਅਰ ਏਹ "ਸਨਮੂਲਾਃ ਸੋਮਯੇਮਾਃ ਪ੍ਰਜਾਃ" ।ਇਤਿਆਛੀ ਛਾਂਦੋਗਯੋ-ਪਨਿਸ਼ਦ ਦੇ ਵਚਨਾਂ ਥੀਂ ਵਿਰੁੱਧ ਕਹਿੰਦੇ ਹੋ।

(ਨਵੀਨ) ਕੀ, ਤੁਸੀਂ ਵਸ਼ਿਸ਼ਠ, ਸ਼ੰਕ੍ਰਾਚਾਰਯ ਆਦੀ ਅਰ ਨਿਸ਼ਚਲ਼ਦਾਸ ਤਕ ਜੋ ਤੁਹਾਡੇ ਕੋਲੋਂ ਵਧੀਕ ਪੰਡਿਤ ਹੋਏ ਹਨ, ਅਰ ਜੋ ਉਨ੍ਹਾਂ ਨੇ ਲਿਖਿਆ ਹੈ ਉਸਨੂੰ ਖੰਡਨ ਕਰਦੇ ਹੋ ਸਾਨੂੰ ਤਾਂ ਵਸ਼ਿਸ਼ਠ, ਸ਼ੰਕ੍ਰਾਚਾਰਯ, ਅਰ ਨਿਸ਼ਚਲ਼ਦਾਸ ਆਦੀ ਵਧੀਕ ਨਜ਼ਰ ਆਉਂਦੇ ਹਨ । (ਸਿੱਧਾਂਤੀ) ਤੁਸੀਂ ਵਿਦਵਾਨ ਹੋ ਵਾ ਅਵਿਦਵਾਨ ? (ਨਵੀਨ) ਅਸੀਂ ਕੁਝ ਤਾਂ ਵਿਦਵਾਨ ਹਾਂ। (ਸਿੱਧਾਂਤੀ) ਅੱਛਾ ਤਾਂ ਵਸ਼ਿਸ਼ਟ ਸ਼ੰਕ੍ਰਾਚਾਰਯ ਅਰ ਨਿਸ਼ਚਲ਼ਦਾਸ ਦੇ ਪਖ਼ ਦੀ ਸਾਡੇ ਸਾਮਨੇ ਸਥਾਪਨਾ ਕਰੋ, ਅਸੀਂ ਖੰਡਨ ਕਰਦੇ ਹਾਂ, ਜਿਸਦਾ ਪਖ਼ ਸਿੱਧ ਹੋਵੇ ਉਹੋ ਹੀ ਵੱਡਾ ਹੈ, ਜੋ ਉਨ੍ਹਾਂ ਦੀ ਅਰ ਤੁਹਾਡੀ ਬਾਤ ਅਖੰਡਨੀਯ ਹੁੰਦੀ ਤਾਂ ਤੁਸੀਂ ਉਨ੍ਹਾਂ ਦੀਆਂ ਯੁਕਤੀਆਂ ਲੈਕੇ ਸਾਡੀ ਬਾਤ ਨੂੰ ਖੰਡਨ ਕਿਉਂ ਨਾ ਕਰ ਸੱਕਦੇ, ਤਦ ਤੁਹਾਡੀ ਅਰ ਉਨ੍ਹਾਂ ਦੀ ਬਾਤ ਮੰਨਨ ਯੋਗ ਹੋਵੇ, ਅਨੁਮਾਨ ਹੈ ਕਿ ਸ਼ੰਕ੍ਰਾਚਾਰਯ ਆਦੀ ਨੇ ਤਾਂ ਜੈਨੀਆਂ ਦੇ ਮਤ ਦੇ ਖੰਡਨ ਕਰਨ ਦੇ ਵਾਸਤੇ ਏਹ ਮਤ ਸ੍ਵੀਕਾਰਕੀਤਾ ਹੋਵੇਗਾ, ਕਿਉਂਕਿ ਦੇਸ਼ ਕਾਲ ਦੇ ਅਨੁਕੂਲ ਅਪਨੇ ਪਖ਼ਨੂੰ ਸਿੱਧ ਕਰਨ ਦੇ ਵਾਸਤੇ ਬਹੁਤ ਸਾਰੇ ਸ਼ਾਰਥੀ ਵਿਦਵਾਨ ਅਪਨੇ ਆਤਮਾ ਦੇ ਗਿਆਨ ਤੋਂ ਵਿਰੁੱਧ ਭੀ ਕਰ ਲੈਂਦੇ ਹਨ, ਅਰ ਜੋ ਇਨ੍ਹਾਂ ਬਾਤਾਂ ਨੂੰ ਅਰਥਾਤ ਜੀਵ ਈਸ਼੍ਵਰ ਦੀ ਏਕਤਾ, ਜਗਤ ਮਿਥਿਆ ਆਦੀ ਵਿਹਾਰ ਸੱਚਾ ਨਹੀਂ ਮੰਨਦੇ ਸਨ ਤਾਂ ਉਨ੍ਹਾਂ ਦੀ ਬਾਤ ਸੱਚੀ ਨਹੀਂ ਹੋ ਸਕਦੀ ਅਰ ਨਿਸ਼ਚਲ਼ਦਾਸ ਦੀ ਪੰਡਿਤਾਈ ਵੇਖੋ ਅਜੇਹੀ ਹੈ "ਜੀਵੋ ਬ੍ਰਹਮਾਅਭਿੰਨਸ਼ਚੇਤਨਤ੍ਵਾਤ" ਉਨ੍ਹਾਂ ਨੇ "ਬ੍ਰਿੱਤੀਪ੍ਰਭਾਕਰ" ਵਿਚ ਜੀਵ ਬ੍ਰਹਮ ਦੀ ਏਕਤਾ ਦੇ ਵਾਸਤੇ ਅਨੁਮਾਨ ਲਿਖਿਆ ਹੈ ਕਿ ਚੇਤਨ ਹੋਨ ਕਰਕੇ ਹੀ ਜੀਵ ਬ੍ਰਹਮ ਥੀਂ ਅਭਿੰਨ ਹੈ, ਏਹ ਬਹੁਤ ਕਮਸਮਝ ਪੁਰੁਸ਼ਾਂ ਦੀ ਬਾਤ ਦੇ ਸਦ੍ਰਿਸ਼ ਬਾਤ ਹੈ, ਕਿਉਂਕਿ ਸਾਧਰਮਜ ਮਾਤ੍ਰ ਥੀਂ ਇਕ ਦੂਜ ਦੇ ਨਾਲ਼ ਏਕਤਾ ਨਹੀਂ ਹੁੰਦੀ, ਵੈਧਰਮਜ ਭੇਦ ਕਰਨ ਵਾਲਾ ਹੁੰਦਾ ਹੈ, ਜਿਸਤਰਾਂ ਕੋਈ ਆਖੇ ਕਿ "ਪ੍ਰਿਥਿਵੀ ਜਲ਼ਾਅਭਿੰਨਾ ਜਡਤ੍ਵਾਤ" ਜੜ ਦੇ ਹੋਨ ਕਰਕ਼ੇ ਪ੍ਰਿਥਿਵੀ ਜਲ ਥੀਂ ਅਭਿੰਨ ਹੈ, ਜਿਸਤਰਾਂ ਏਹ ਵਾਕ ਸੰਗਤ ਕਦੀ ਨਹੀਂ ਹੋਸਕਦਾ ਉੱਸੇਤਰਾਂ ਨਿਸ਼ਚਲ਼ਦਾਸ ਦਾ ਭੀ ਲੱਖਛਣ ਵਿਅਰਥ ਹੈ, ਕਿਉਂਕਿ ਜੋ ਅਲਪ ਅਲਪਗਤਾ ਅਰ ਭ੍ਰਾਂਤੀਮਾਤ੍ਰਦੀ ਧਰਮ ਜੀਵ ਵਿਚ ਬ੍ਰਹਮ ਥੀਂ, ਅਰ ਸਰਵਗਤ, ਸਰਵੱਗਤਾ, ਅਰ ਨਿਰਭ੍ਰਾਂਤਿਤ੍ਵ ਆਦੀ ਵੈਧਰਮਜ ਬ੍ਰਹਮ ਵਿਚ ਜੀਵ ਥੀਂ ਵਿਰੁੱਧ ਹਨ ਏਸ ਥੀਂ ਬ੍ਰਹਮ ਅਰ ਜੀਵ ਭਿੰਨ ਭਿੰਨ ਹਨ, ਜਿਸਤਰਾਂ ਗੰਧਪਨ ਕਠਿਨਾਈ ਆਦੀ ਭੂਮੀ ਦੇ ਧਰਮ, ਰਸਪਨਾ ਆਦੀ ਜਲ ਦੇ ਧਰਮ ਥੀਂ ਵਿਰੁੱਧ ਹੋਨ ਕਰਕੇ ਪ੍ਰਿਥਿਵੀ ਅਰ ਜਲ ਇਕ ਨਹੀਂ, ਉਸੇ ਤਰਾਂ ਜੀਵ ਅਰ ਬ੍ਰਹਮ ਦੇ ਵੈਧਰਮਜ ਹੋਨ ਕਰਕੇ ਜੀਵ ਅਰ ਬ੍ਰਹਮ ਇਕ ਨਾ ਕਦੀ ਸਨ, ਨਾ ਹਨ ਅਰ ਨਾ ਕਦੀ ਹੋਨਗੇ, ਐਨੇ ਤੋਂ ਹੀ ਨਿਸ਼ਚਲ਼ਦਾਸ ਆਦੀ ਨੂੰ ਸਮਝ ਲਓ

ਕਿ ਉਨ੍ਹਾਂ ਵਿਚ ਕਿੱਨੀ ਪੰਡਿਤਾਈ ਸੀ, ਅਰ ਜਿਸਨੇ ਯੋਗਵਸ਼ਿਸ਼ਠ ਬਨਾਇਆ ਹੈ ਓਹ ਕੋਈ ਨਵੀਨ ਵੇਦਾਂਤੀ ਸੀ। ਬਾਲਮੀਕ, ਵਸ਼ਿਸ਼ਠ ਅਰ ਰਾਮਚੰਦ੍ਰ ਦਾ ਬਨਾਇਆ ਵਾ ਕਹਿਆ ਸੁਨਿਆ ਨਹੀਂ ਹੈ, ਕਿਉਂਕਿ ਉਹ ਸਬ ਵੇਦ ਅਨੁਯਾਯੀ ਸਨ, ਵੇਦ ਥੀਂ ਵਿਰੁੱਧ ਨਾ ਬਨਾ ਸਕਦੇ ਅਰ ਨਾ ਕਹ ਸੁਨ ਸਕਦੇ ਸਨ।

(ਪ੍ਰਸ਼ਨ) ਵਿਆਸ ਜੀ ਨੇ ਜੋ ਸ਼ਾਰੀਰਿਕ ਸੂਤ੍ਰ ਬਨਾਏ ਹਨ ਉਨ੍ਹਾਂ ਵਿਚ ਭੀ ਜੀਵ ਬ੍ਰਹਮ ਦੀ ਏਕਤਾ ਦਿੱਸਦੀ ਹੈ ਵੇਖੋ:—

ਸੰਪਦਜਾਵਿਰਭਾਵਃ ਸ੍ਵੇਨ ਸ਼ਬਦਾਤ॥ ੧॥
ਬ੍ਰਾਹਮੇਣ ਜੈਮਿਨਿਰੁਪਨਜਾਸਾਦਿਭਜਃ॥ ੨॥
ਚਿਤਿਤਨਮਾਤ੍ਰੇਣ ਤਦਾਤਮਕਤ੍ਵਾਦਿਤਜੌਡੁਲੋਮਿਃ॥ ੩॥
ਏਵਮਪਜੁਪਨਜਾਸਾਤ ਪੂਰਵਭਾਵਾਦਵਿਰੋਧੰ ਵਾਦਰਾ-ਯਣਃ॥੪॥ ਅਤ ਏਵ ਚਾਨਨਜਾਧਿਪਤਿਃ॥ ੫॥

ਵੇਦਾਂਤਦਰਸ਼ਨ ਅਧਜਾਯ ੪। ਪਾਦ ੪। ਸੂਤ੍ਰ ੧।੫–੭। ੯॥

ਅਰਥਾਤ ਜੀਵ ਅਪਨੇ ਨਿਜ ਸ੍ਵਰੂਪ ਨੂੰ ਪ੍ਰਾਪਤ ਹੋਕੇ ਪ੍ਰਗਟ ਹੁੰਦਾ ਹੈ ਜੋ ਕਿ ਪੂਰਵ ਬ੍ਰਹਮ ਸ੍ਵਰੂਪ ਸੀ, ਕਿਉਂਕਿ ਸ੍ਵ ਸ਼ਬਦ ਥੀਂ ਅਪਨੇ ਬ੍ਰਹਮ ਸ੍ਵਰੂਪ ਦਾ ਗ੍ਰਹਣ ਹੁੰਦਾ ਹੈ॥੧॥ "ਅਯਮਾਤਮਾ ਅਪਹਤਪਾਪਮਾ" ਇਤਿਆਦੀ ਉਪਨਿਆਸ ਐਸ਼੍ਵਰਯ ਪ੍ਰਾਪਤੀ ਹੇਤੂਆਂ ਥੀਂ ਬ੍ਰਹਮ ਸ੍ਵਰੂਪ ਥੀਂ ਜੀਵ ਸਥਿਤ ਹੁੰਦਾ ਹੈ, ਅਜੇਹਾ ਜੈਮੁਨੀ ਆਚਾਰਯ ਦਾ ਮਤ ਹੈ॥ ੨॥ ਅਰ ਔਡੁਲੋਮੀ ਆਚਾਰਯ ਤਦਾਤਮਕ ਸ੍ਵਰੂਪ ਨਿਰੂਪਣ ਆਦੀ ਬ੍ਰਿਹਦਾਰਣਜਕ ਦੇ ਹੇਤੂ ਰੂਪ ਦੇ ਵਚਨਾਂ ਥੀਂ ਚੈਤੰਨ ਮਾਤ੍ਰ ਸ੍ਵਰੂਪ ਥੀਂ ਜੀਵ ਮੁਕਤੀ ਵਿਚ ਸਥਿਤ ਰਹਿੰਦਾ ਹੈ। ਵਿਆਸ ਜੀ ਇਨ੍ਹਾਂ ਹੀ ਉਪਰ ਕਹੇ ਉਪਨਿਆਸ ਆਦੀ ਐਸ਼੍ਵਰਯ ਪ੍ਰਾਪਤੀ ਰੂਪ ਹੇਤੂਆਂ ਥੀਂ ਜੀਵ ਦੇ ਬ੍ਰਹਮ ਸ੍ਵਰੂਪ ਹੋਨ ਵਿਚ ਅਵਿਰੋਧ ਮੰਨਦੇ ਹਨ। ਯੋਗੀ ਐਸ਼੍ਵਰਯ ਸਹਿਤ ਅਪਨੇ ਬ੍ਰਹਮ ਸ੍ਵਰੂਪ ਨੂੰ ਪ੍ਰਾਪਤ ਹੋਕੇ ਦੂਜੇ ਅਧੀਪਤੀ ਤੋਂ ਰਹਿਤ ਅਰਥਾਤ ਸ੍ਵਯੰ ਅਪਨਾ ਆਪ ਅਰ ਸਬਦਾ ਅਧੀਪਤੀ ਰੂਪ ਬ੍ਰਹਮ ਸ੍ਵਰੂਪ ਕਰਕੇ ਮੁਕਤੀ ਵਿਚ ਸਥਿਤ ਰਹਿੰਦਾ ਹੈ॥

(ਉੱਤਰ) ਇਨਾਂ ਸੂਤ੍ਰਾਂ ਦਾ ਅਰਥ ਏਸ ਪ੍ਰਕਾਰ ਦਾ ਨਹੀਂ ਕਿੰਤੂ ਇਨਾਂ ਦਾ ਯਥਾਰਥ ਅਰਥ ਏਹ ਹੈ ਸੁਨੋ! ਜਦ ਤਕ ਜੀਵ ਅਪਨੇ ਨਿਜ ਸ਼ੁੱਧ ਸ੍ਵਰੂਪ ਨੂੰ ਪ੍ਰਾਪਤ ਸਬ ਮਲਾਂ ਥੀਂ ਰਹਿਤ ਹੋਕੇ ਪਵਿਤ੍ਰ ਨਹੀਂ ਹੁੰਦਾ ਤਦ ਤਕ ਯੋਗ ਥੀਂ ਐਸ੍ਵਰਯ ਨੂੰ ਪ੍ਰਾਪਤ ਹੋਕੇ, ਅਪਨੇ ਅੰਤਰਯਾਮੀ ਬ੍ਰਹਮ ਨੂੰ ਪ੍ਰਾਪਤ

ਹੋਕੇ ਆਨੰਦ ਵਿਚ ਸਥਿਤ ਨਹੀਂ ਹੋ ਸਕਦਾ, ਇਸੇ ਪ੍ਰਕਾਰ ਜਦ ਪਾਪ ਆਦੀ ਰਹਿਤ ਐਸ਼੍ਵਰਯ ਯੁਕਤ ਯੋਗੀ ਹੁੰਦਾ ਹੈ ਤਦੋ ਬ੍ਰਹਮ ਦੇ ਨਾਲ ਮੁਕਤੀ ਦੇ ਆਨੰਦ ਨੂੰ ਭੋਗ ਸਕਦਾ ਹੈ, ਇੱਸੇ ਤਰਾਂ ਦਾ ਜੈਮੁਨੀ ਆਚਾਰਯ ਦਾ ਮਤ ਹੈ। ਜਦ ਅਵਿਦਿਆ ਆਦੀ ਦੋਸ਼ਾਂ ਥੀਂ ਛੁੱਟ ਸ਼ੁੱਧ ਚੈਤੰਨ ਮਾਤ੍ਰ ਸ੍ਵਰੂਪ ਥੀਂ ਜੀਵ ਸਥਿਤ ਹੁੰਦਾ ਹੈ ਤਦ ਹੀ ਤਦਾਤਮਕਤ੍ਵ ਅਰਥਾਤ ਬ੍ਰਹਮ ਸ੍ਵਰੂਪ ਦੇ ਨਾਲ ਸੰਬੰਧ ਨੂੰ ਪ੍ਰਾਪਤ ਹੁੰਦਾ ਹੈ, ਜਦ ਬ੍ਰਹਮ ਦੇ ਨਾਲ ਐਸ਼੍ਵਰਯ, ਅਰ ਸ਼ੁੱਧ ਵਿਗਿਆਨ ਦੇ ਜੀਉਂਦਿਆਂ ਹੀ ਜੀਵਨ ਮੁਕਤ ਹੁੰਦਾ ਹੈ ਤਦ ਅਪਨੇ ਨਿਰ-ਮਲ ਪੂਰਵ ਸ੍ਵਰੂਪ ਨੂੰ ਪ੍ਰਾਪਤ ਹੋਕੇ ਆਨੰਦ ਵਾਲਾ ਹੁੰਦਾ ਹੈ ਏਸ ਤਰਾਂ ਦਾ ਵਿਆਸਮੁਨੀ ਜੀ ਦਾ ਮਤ ਹੈ, ਜਦ ਯੋਗੀ ਦਾ ਸਤ ਸੰਕਲਪ ਹੁੰਦਾ ਹੈ ਤਦ ਆਪ ਪਰਮੇਸ਼੍ਵਰ ਨੂੰ ਪ੍ਰਾਪਤ ਹੋਕੇ ਮੁਕਤੀ ਸੁਖ ਨੂੰ ਪਾਂਦਾ ਹੈ, ਉੱਥੇ ਅਪਨੇ ਅਧੀਨ ਸ੍ਵਤੰਤ੍ਰ ਰਹਿੰਦਾ ਹੈ, ਜਿਸ ਤਰਾਂ ਸੰਸਾਰ ਵਿਚ ਇਕ ਪ੍ਰਧਾਨ ਦੂਜਾ ਅਪ੍ਰਧਾਨ ਹੁੰਦਾ ਹੈ ਉਸ ਤਰਾਂ ਮੁਕਤੀ ਵਿਚ ਨਹੀਂ ਕਿੰਤੂ ਸਾਰੇ ਮੁਕਤ ਜੀਵ ਇਕੋ ਜੇਹੇ ਰਹਿੰਦੇ ਹਨ, ਜੇ ਅਜੇਹੀ ਗੱਲ ਨਾ ਹੋਵੇ ਤਾਂ :—

ਨੇਤਰੋਨੁਪਪੱਤੇਃ॥ ੧।੧।੧੬॥

ਭੇਦਵਜ਼ਪਦੇਸ਼ਾੱਚ ॥ ੧।੧।੧੭॥

ਵਿਸ਼ੇਸ਼ਣਭੇਦਵਜ਼ਪਦੇਸ਼ਾਭ੍ਯਾਂ ਚ ਨੇਤਰੌ॥ ੧।੨।੨੨॥

ਅਸਮਿੱਨਸਜ ਚ ਤਦਜੋਗੀ ਸ਼ਾਸਤਿ ॥ ੧।੧।੧੯॥

ਅੰਤਸਤੱਧਰਮੋਪਦੇਸ਼ਾਤ॥ ੧।੧।੨੦॥

ਭੇਦਵਜ਼ਪਦੇਸ਼ੱਾਚਾਨਜ਼ਃ ॥੧।੧।੨੧॥

ਗੁਹਾਂ ਪ੍ਰਵਿਸ਼ਟਾਵਾਤਮਾਨੌ ਹਿ ਤੱਦਰਸ਼ਨਾਤ ॥੧।੨।੧੧॥

ਅਨੁਪਪੱਤੇਸਤੁ ਨ ਸ਼ਾਰੀਰਃ ॥੧।੨।੩॥

ਅੰਤਰਯਾਮਜ਼ਧਿਦੈਵਾਦਿਸ਼ੁਤੱਧਰਮਵਜ਼ਪਦੇਸ਼ਾਤ॥੧।੨।੧੮

ਸ਼ਾਰੀਰਸ਼ਚੋਅਭਯੇਅਪਿ ਹਿ ਭੇਦੇਨੈਨਮਧੀਯਤੇ॥੧।੨।੨੦।

ਵਜ਼ਾਸਮੁਨਿਕ੍ਰਿਤਵੇਦਾਂਤਸੂਤ੍ਰਾਣਿ ॥

ਬ੍ਰਹਮ ਤੋਂ ਇਤਰ ਜੀਵ ਸ੍ਰਿਸ਼ਟੀ ਦਾ ਕਰਨ ਵਾਲਾ ਨਹੀਂ ਹੈ, ਕਿਉ'

ਏਸ ਅਲਪ, ਅਲਪੱਗ ਸਾਮਰਥ ਵਾਲੇ ਜੀਵ ਵਿਚ ਸ੍ਰਿਸ਼ਟੀ ਦਾ ਕਰਨਾ ਨਹੀਂ ਘਟ ਸਕਦਾ, ਏਸ ਕਰਕੇ ਜੀਵ ਬ੍ਰਹਮ ਨਹੀਂ ॥

ਰਸੰ ਹ੍ਯੇਵਾਯੰ ਲਬ੍ਧ੍ਵਾਨੰਦੀ ਭਵਤਿ ॥

ਏਹ ਉਪਨਿਸ਼ਦ ਦਾ ਵਚਨ ਹੈ, ਜੀਵ ਅਰ ਬ੍ਰਹਮ ਭਿੰਨ ਹਨ ਕਿਉਂਕਿ ਇਨਾਂ ਦੋਹਾਂ ਦਾ ਭੇਦ ਪ੍ਰਤੀਪਾਦਨ ਕੀਤਾ ਹੈ, ਜੇਕਰ ਅਜੇਹਾ ਨਾ ਹੁੰਦਾ ਤਾਂ ਰਸ ਅਰਥਾਤ ਆਨੰਦਸਰੂਪ ਬ੍ਰਹਮ ਨੂੰ ਪ੍ਰਾਪਤ ਹੋਕੇ ਜੀਵ ਆਨੰਦ ਸ੍ਵਰੂਪ ਹੁੰਦਾ ਹੈ ਏਹ ਪ੍ਰਾਪਤੀ ਵਿਸ਼ਯ ਬ੍ਰਹਮ ਅਰ ਪ੍ਰਾਪਤ ਹੋਨ ਵਾਲੇ ਜੀਵਦਾ ਨਿਰੂਪਣ ਨਹੀਂ ਘਟ ਸਕਦਾ, ਏਸ ਲਈ ਜੀਵ ਅਰ ਬ੍ਰਹਮ ਇੱਕ ਨਹੀਂ ॥

जद एहो जहे जॅट जी दे वरगे पुरुस होन तां पोप लीला संसार विच ना चॅलै, जो इह लोग कहिंदे हन कि दसगात्र दे पिंडां करके दस अंग, सपिंडी करन नाल सरीर दे नाल जीव दा मेल होके अंगुठे जिॅना सरीर बनके पिॅछों यमलोक नूं जांदा है तां मरदे समें दूतां दा आउना विअरथ हुंदा है, तेहरवीं दे पिॅछों आउना चाहीऐ, जे सरीर बन जांदा होवे तां अपनी इसत्री, संतान, अर इसट मित्रां दे मोह दे मारे किउं नहीं मुड़ आउंदा?

(प्रसन) सुरग विच कुछ भी नहीं मिलदा जो दान कीता जांदा है उहो उथे मिलदा है एस लई सब चीज़ां दे दान करने चाहीदे हन। (उॅतर) उस तुहाडे सुरग कोलों इहो लोक चंगा है जिस विच धरमसाला हन, लोग दान दिंदे हन, सॅजन मित्र अर जाती

ਵਿਚ ਖ਼ੂਬ ਭੋਜਨ ਉਡਦੇ ਹਨ, ਚੰਗੇ ਚੰਗੇ ਕਪੜੇ ਮਿਲਦੇ ਹਨ, ਤੁਹਾਡੇ ਆਖੇ ਹੋਏ ਸ੍ਵਰਗ ਵਿਚ ਕੁਝ ਭੀ ਨਹੀਂ ਮਿਲਦਾ, ਅਜੇਹੇ ਨਿਰਦਈ ਮੱਖੀਮਾਰ ਕੰਗਾਲ, ਸ੍ਵਰਗ ਵਿਚ ਪੋਪਜੀ ਜਾਕੇ ਖਰਾਬ ਹੋਨ ਓਥੇ ਭਲੇਮਨੁੱਸ਼ਾਂਦਾ ਕੀਕੰਮ।

(ਪ੍ਰਸ਼ਨ) ਜਦ ਤੁਹਾਡੇ ਕਹਨ ਕਰਕੇ ਯਮਲੋਕ ਅਰ ਯਮ ਨਹੀਂ ਹਨ ਤਾਂ ਮਰਕੇ ਜੀਵ ਕਿੱਥੇ ਜਾਂਦਾ ਹੈ ? ਅਤ ਇਨ੍ਹਾਂ ਦਾ ਨਿਆਯ ਕੌਨ ਕਰਦਾ ਹੈ।

(ਉੱਤਰ) ਤੁਹਾਡੇ ਗਰੁੜ ਪੁਰਾਣ ਦਾ ਕਹਿਆ ਹੋਇਆ ਤਾਂ ਪ੍ਰਮਾਣ ਦੇ ਯੋਗ ਨਹੀਂ ਪਰੰਤੂ ਜੋ ਵੇਦ ਵਿਚ ਇਹ ਕਹਿਆ ਹੈ ਕਿ:—

ਯਮੇਨ ਵਾਯੁਨਾ ਸਤਜ਼ਰਾਜਨ॥

ਇਤਿਆਦੀ ਵੇਦ ਵਚਨਾਂ ਥੀਂ ਨਿਸ਼ਚੇ ਹੈ ਕਿ ਯਮ ਨਾਮ ਵਾਯੂ ਦਾ ਹੈ ਸ਼ਰੀਰ ਛੱਡਕੇ ਵਾਯੂ ਦੇ ਨਾਲ ਆਕਾਸ਼ ਵਿਚ ਜੀਵ ਰਹਿੰਦੇ ਹਨ, ਅਰ ਜੋ ਸੱਚਾ ਕਰਤਾ, ਪਖਛਪਾਤ ਤੋਂ ਰਹਿਤ ਪਰਮੇਸ਼੍ਵਰ ਧਰਮਰਾਜ ਹੈ ਓਹੀ ਸਬਦਾ ਨਿਆਯ ਕਰਦਾ ਹੈ।

(ਪ੍ਰਸ਼ਨ) ਤੁਹਾਡੇ ਕਹਨ ਤੋਂ ਗਊ ਆਦੀ ਦਾਨ ਕਿਸੇ ਨੂੰ ਨਾ ਦੇਨਾ ਅਰ ਨਾ ਕੁਝ ਦਾਨ ਪੁੰਨ ਕਰਨਾ ਇਹ ਸਿੱਧ ਹੁੰਦਾ ਹੈ।

(ਉੱਤਰ) ਇਹ ਤੁਹਾਡਾ ਕਹਨਾ ਸਰਵਥਾ ਵਿਅਰਥ ਹੈ, ਕਿਉਂਕਿ ਸੁਪਾਤ੍ਰਾਂ ਨੂੰ ਪਰਉਪਕਾਰੀਆਂ ਨੂੰ ਪਰਉਪਕਾਰ ਦੇ ਅਰਥ ਸੋਨਾ, ਚਾਂਦੀ, ਹੀਰਾ, ਮੋਤੀ, ਮਾਣਕ, ਅੰਨ, ਜਲ, ਮਕਾਨ, ਕਪੜੇ ਆਦੀ ਦਾਨ ਜ਼ਰੂਰ ਕਰਨਾ ਉਚਿਤ ਹੈ ਕਿੰਤੂ ਕੁਪਾਤ੍ਰਾਂ ਨੂੰ ਕਦੀ ਨਾ ਦੇਨਾ ਚਾਹੀਏ।

(ਪ੍ਰਸ਼ਨ) ਕੁਪਾਤ੍ਰ ਅਰ ਸੁਪਾਤ੍ਰ ਦਾ ਲੱਖਛਣ ਕੀ ਹੈ?

(ਉੱਤਰ) ਜੋ ਛਲੀਆ, ਕਪਟੀ, ਸੁਆਰਥੀ, ਵਿਸ਼ਯੀ, ਕਾਮ, ਕ੍ਰੋਧ, ਲੋਭ, ਮੋਹ ਥੀਂ ਯੁਕਤ. ਪਰਾਈ ਹਾਨੀ ਕਰਨ ਵਾਲੇ, ਲੰਪਟੀ, ਮਿਥਿਆ ਵਾਦੀ, ਅਵਿਦਵਾਨ, ਕੁਮੰਗੀ, ਆਲਸੀ, ਜੋ ਕੋਈ ਦਾਤਾ ਹੋਵੇ ਉਸ ਕੋਲੋਂ ਬਾਰ ਬਾਰ ਮੰਗੇ, ਧਰਨਾ ਮਾਰੇ, ਨਾਹ ਨੁਕਰ ਕਰਨ ਤੋਂ ਭੀ ਜ਼ਿੱਦ ਨਾਲ ਮੰਗਦੇ ਹੀ ਜਾਨਾ, ਸੰਤੋਸ਼ ਨਾ ਰਖਨਾ, ਜੋ ਨਾ ਦੇਵੇ ਉਸਦੀ ਨਿੰਦਿਆ ਕਰਨਾ, ਸ੍ਰਾਪ ਅਰ ਗਾਲੀ ਦੇਨਾ, ਅਨੇਕ ਵਾਰ ਜੋ ਸੇਵਾ ਕਰੇ ਅਰ ਇਕ ਵਾਰ ਨਾ ਕਰੇ ਤਾਂ ਉਸਦਾ ਦੁਸ਼ਮਨ ਬਨ ਜਾਨਾ ਉਪਰੋਂ ਸਾਧੂ ਦਾ ਭੇਸ ਬਨਾ ਲੋਗਾਂ ਨੂੰ ਬਕਾਕੇ ਠਗਨਾ, ਅਰ ਅਪਨੇ ਪਾਸ ਪਦਾਰਥ ਹੋਵੇ ਤਾਂ ਭੀ ਕਹਨਾ ਕਿ ਮੇਰੇ ਪਾਸ ਕੁਝ ਭੀ ਨਹੀਂ, ਸਬ ਨੂੰ ਫੁਸਲਾ ਫੁਸਲਾ ਕੇ ਸ੍ਵਾਰਥ ਸਿੱਧ ਕਰਨਾ, ਰਾਤ ਦਿਨ ਭੀਖ ਮੰਗਨ ਵਿਚ ਹੀ ਲਗੇ ਰਹਨਾ, ਬੁਲਾਵਾ ਆਉਨ ਉੱਤੇ ਚੰਗੀ ਤਰਾਂ ਨਾਲ ਭੰਗ ਆਦੀ ਨਸ਼ੇ ਵਾਲੀ ਚੀਜ਼ਾਂ ਨੂੰ ਖਾ ਪੀਕੇ ਬਹੁਤ ਸਾਰਾ ਪਰਾਇਆ ਪਦਾਰਥ ਖਾਨਾ, ਫੇਰ ਮਸਤ ਹੋਕੇ ਆਲਸੀ ਹੋਨਾ,

ਸਤਜ ਮਾਰਗ ਦਾ ਵਿਰੋਧ, ਅਰ ਝੂਠੇ ਮਾਰਗ ਵਿਚ ਅਪਨੇ ਮਤਲਬ ਵਾਸਤੇ ਚਲਨਾ, ਉਸੇ ਤਰਾਂ ਅਪਨੇ ਚੇਲਿਆਂ ਨੂੰ ਕੇਵਲ ਅਪਨੀ ਹੀ ਸੇਵਾ ਕਰਨ ਦਾ ਉਪਦੇਸ਼ ਕਰਨਾ, ਹੋਰ ਯੋਗ ਪੁਰੁਸ਼ਾਂ ਦੀ ਸੇਵਾ ਕਰਨ ਦਾ ਨਹੀਂ, ਸੱਤਵਿਦਿਆ-ਦੀ ਪ੍ਰਵ੍ਰਿੱਤੀ ਦੇ ਵਿਰੋਧੀ ਜਗਤਦੇ ਵਿਹਾਰ ਅਰਥਾਤ ਇਸਤ੍ਰੀ, ਪੁਰੁਸ਼, ਮਾਂਪਿਉ, ਸੰਤਾਨ,ਰਾਜਾ,ਪ੍ਰਜਾ,ਸੱਜਨ, ਮਿਤ੍ਰਾਂ ਵਿਚ ਅਪ੍ਰੀਤੀ ਕਰਾਨਾ ਕਿ ਇਹ ਸਬ ਝੂਠੇ ਹਨ,ਅਰ ਜਗਤਭੀ ਝੂਠਾਹੈ ਇਤਿਆਦੀ ਦੁਸ਼ਟ ਉਪਦੇਸ਼ ਕਰਨਾ ਆਦੀਕੁਪਾਤ੍ਰਾਂ ਦੇ ਲੱਖਛਣ ਹਨ। ਅਰ ਜੋ ਬ੍ਰਹਮਚਾਰੀ ਜਿਤੇਂਦ੍ਰੀ ਵੇਦ ਆਦੀਵਿਦਜਾਦੇ ਪੜ੍ਹਨ ਪੜ੍ਹਾਨ ਵਾਲੇ, ਸੁਸ਼ੀਲ, ਸੱਤਵਾਦੀ, ਪਰਉਪਕ਼ਾਰ ਦੇ ਪਿਆਰੇ, ਪੁਰੁਸ਼ਾਰਥੀ, ਉਦਾਥ, ਵਿਦਿਆ, ਧਰਮ ਦੀ ਨਿਰੰਤਰ ਉੱਨਤੀ ਕਰਨ ਵਾਲੇ, ਧਰਮਾਤਮਾ, ਸ਼ਾਂਤ, ਨਿੰਦਿਆ, ਉਸਤਤਿ ਵਿਚ ਹਰਸ਼ ਸ਼ੋਕ ਥੀਂ ਰਹਿਤ, ਨਿਰਭੈ, ਉਤਸਾਹੀ, ਯੋਗੀ, ਗਿਆਨੀ, ਸ੍ਰਿਸ਼ਟੀਕ੍ਰਮ, ਵੇਦ ਦੀ ਆਗਿਆ, ਈਸ਼੍ਵਰ ਦੇ ਗੁਣ ਕਰਮ, ਸੁਭਾਵ ਦੇ ਅਨੁਕੂਲ ਵਰਤਾਓ ਕਰਨਵਾਲੇ, ਨਿਆਯਦੀ ਰੀਤੀ ਕਰਕੇ ਯੁਕਤ, ਪਖਛਪਾਤ ਤੋਂ ਰਹਿਤ, ਸੱਤ ਉਪਦੇਸ਼ ਅਰ ਸੱਤ ਸ਼ਾਸਤ੍ਰਾਂ ਦੇ ਪੜ੍ਹਨ ਪੜ੍ਹਾਨ ਵਾਲਿਆਂ ਦੀ ਪ੍ਰੀਖਛਾ ਕਰਨ ਵਾਲੇ, ਕਿਸੇ ਦੀ ਲਾਲੋ ਪਤੋ ਨਾ ਕਰਨੇ, ਪ੍ਰਸ਼ਨਾਂ ਦਾ ਯਥਾਰਥ ਉੱਤਰ ਦੇਨ ਵਾਲੇ, ਅਪਨੇ ਆਤਮਾ ਵਾਛਣ ਹੋਰ ਦਾ ਭੀ ਸੁਖ, ਦੁੱਖ, ਹਾਨੀ, ਲਾਭ ਸਮਝਨ ਵਾਲੇ, ਅਵਿਦਿਆ ਆਦੀ ਕਲੇਸ਼, ਜ਼ਿਦ, ਹਠ, ਅਭਿਮਾਨ ਤੇਂ ਰਹਿਤ, ਅੰਮ੍ਰਿਤ ਦੇ ਸਮਾਨ ਅਪਮਾਨ ਅਰ ਵਿਸ਼ ਦੀ ਨਿਆਈਂ ਮਾਨ ਨੂੰ ਸਮਝਨ ਵਾਲੇ, ਸੰਤੋਸ਼ੀ ਜੋ ਕੋਈ ਪ੍ਰੀਤੀ ਨਾਲ ਜਿੱਨਾ ਦੇਵੇ ਉੱਨੇ ਵਿਚ ਹੀ ਪ੍ਰਸੰਨ, ਇਕ ਵਾਰ ਵਿਪਦਾ ਕਾਲ ਵਿਚ ਮੰਗਿਆਂ ਭੀ ਨਾ ਦੇਵੇ ਵਾ ਵਰਜਨ ਕਰਨੇ ਤੇ ਭੀ ਦੁੱਖ ਵਾ ਬੁਰੀ ਚੇਸ਼ਟਾ ਨਾ ਕਰਨਾ, ਉਥੋਂ ਝਟ ਹਟ ਆਉਨਾ, ਉਸ ਦੀ ਨਿੰਦਿਆ ਨਾ ਕਰਨੀ, ਮੂਖੀ ਪੁਰੁਸ਼ਾਂ ਦੇ ਨਾਲ ਮਿਤ੍ਰਤਾ ਰਖਨੀ, ਦੁਖੀਆਂ ਉੱਤੇ ਦਇਆ ਕਰਨੀ, ਪੁੰਨ ਆਤਮਾ ਪੁਰੁਸ਼ਾਂ ਨਾਲ ਆਨੰਦ ਵਿਚ ਰਹਿਨਾ, ਅਰ ਪਾਪੀਆਂ ਦੇ ਨਾਲ ਉਪੇਖਛਾ ਅਰਥਾਤ ਰਾਗ ਦ੍ਵੇਸ਼ ਥੀਂ ਰਹਿਤ ਰਹਿਨਾ, ਸੱਤਮਾਨੀ, ਸੱਤਵਾਦੀ, ਸੱਤਕਾਰੀ, ਨਿਸ਼ਕਪਟ, ਈਰਸ਼ਾ, ਦ੍ਵੇਸ਼ ਥੀਂ ਰਹਿਤ, ਗੰਭੀਰ ਆਸ਼ਾ, ਸ਼ੱਤਪੁਰੁਸ਼, ਧਰਮ ਥੀਂ ਯੁਕਤ, ਅਰ ਸਰਵਥਾ ਦੁਸ਼ਟਾਚਾਰ ਥੀਂ ਰਹਿਤ, ਅਪਨੇ ਤਨ, ਮਨ, ਧਨ ਨੂੰ ਪਰਉਪਕਾਰ ਕਰਨ ਵਿਚ ਲਗਾਨ ਵਾਲੇ, ਪਰਾਏ ਸੁਖ ਦੇ ਲਈ ਪ੍ਰਾਣਾਂ ਨੂੰ ਭੀ ਅਰਪਣ ਕਰਨ ਵਾਲੇ, ਇਹੋ ਜਹੇ ਸ਼ੁਭ ਲੱਖਛਣਾ ਵਾਲੇ ਸੁਪਾਤ੍ਰ ਹੁੰਦੇ ਹਨ, ਪਰੰਤੂ ਕਾਲ ਆਦੀ ਦੀ ਵਿਪਦਾ ਦੇ ਵੇਲੇ ਅੰਨ, ਜਲ, ਵਸਤ੍ਰ ਅਰ ਔਸ਼ਧੀ ਪੱਥ, ਸਥਾਨ ਦੇ ਅਧਿਕਾਰੀ ਸਬ ਪ੍ਰਾਣੀ ਮਾਤ੍ਰ ਹੋਸਕਦੇ ਹਨ।

(ਪ੍ਰਸ਼ਨ) ਦਾਤਾ ਕਿੱਨੇ ਪ੍ਰਕਾਰ ਦੇ ਹੁੰਦੇ ਹਨ ?

(ਉੱਤਰ) ਤਿੱਨ ਪ੍ਰਕਾਰ ਦੇ, ਉੱਤਮ, ਮੱਧਜਮ ਅਰ ਨਿਕ੍ਰਿਸ਼ਟ, ਉੱਤਮ

ਦਾਤਾ ਉਸ ਨੂੰ ਕਹਿੰਦੇ ਹਨ ਜੋ ਦੇਸ਼ ਕਾਲ ਪਾਤ੍ਰ ਨੂੰ ਜਾਨ ਕੇ ਸੱਤ ਵਿਦਿਆ, ਧਰਮ ਦੀ ਉੱਨਤੀ ਰੂਪ ਪਰਉਪਕਾਰ ਦੇ ਅਰਥ ਦੇਵੇ। ਮੱਧਮ ਉਹ ਹੈ ਜੋ ਕੀਰਤੀ ਵਾ ਸ੍ਵਾਰਥ ਦੇ ਵਾਸਤੇ ਦਾਨ ਕਰੇ। ਨਿਕ੍ਰਿਸ਼ਟ ਓਹ ਹੈ ਕਿ ਅਪਨਾ ਵਾ ਪਰਾਇਆ ਕੁਝ ਉਪਕਾਰ ਨਾ ਕਰ ਮੱਕੇ, ਕਿੰਤੂ ਬੇਸਵਾ ਗਮਨ ਆਦੀ ਵਾ ਭੰਡ, ਭਟਾਂ ਨੂੰ ਦੇਵੇ, ਦੇਨ ਦੇ ਸਮੇਂ ਤ੍ਰਿਸਕਾਰ ਨਿਰਾਦਰੀ ਰੂਪੀ ਕੁਚੇਸ਼ਟਾ ਕਰੇ, ਪਾਤ੍ਰ ਕੁਪਾਤ੍ਰ ਦਾ ਕੁਝ ਭੀ ਭੇਦ ਨਾ ਜਾਨੇ ਕਿੰਤੂ ਸਬ ਅੰਨ ਬਾਰਾਂ ਪੈਸੇਰੀ ਵੇਚਨ ਵਾਲਿਆਂ ਦੀ ਨਿਆਈਂ ਲੜਾਈ ਝਗੜਾ, ਦੂਜੇ ਧਰਮਾਤਮਾ ਨੂੰ ਦੁੱਖ ਦੇਕੇ ਸੁਖੀ ਹੋਵਨ ਦੇ ਵਾਸਤੇ ਦਇਆ ਕਰੇ ਸੋ ਅਧਮ ਦਾਤਾ ਹੈ ਅਰਥਾਤ ਜੋ ਪਰੀਖਛਾ ਪੂਰਵਕ ਵਿਦਵਾਨ, ਧਰਮਾਤਮਾ ਮਨੁੱਸ਼ਾਂ ਦਾ ਸਤਕਾਰ ਕਰੇ ਓਹ ਉੱਤਮ, ਅਰ ਜੋ ਕੁਝ ਪ੍ਰੀਖਿਆ ਕਰੇ ਵਾ ਨਾ ਕਰੇ ਪਰੰਤੂ ਜਿਸ ਵਿਚ ਅਪਨੀ ਵਡਿਆਈ ਹੋਵੇ ਓਸਨੂੰ ਮਧਯਮ, ਅਰ ਅੰਧਾਧੁੰਧ ਪਰੀਖਛਾ ਰਹਿਤ ਨਿਸ਼ਫਲ ਦਾਨ ਦਿੱਜ਼ਾ ਕਰੇ ਓਹ ਨੀਚ ਦਾਤਾ ਕਹਾਂਦਾ ਹੈ।

(ਪ੍ਰਸ਼ਨ) ਦਾਨ ਦੇ ਫਲ ਏਥੇ ਹੁੰਦੇ ਹਨ ਵਾ ਪ੍ਰਲੋਕ ਵਿਚ?

(ਉੱਤਰ) ਸਬ ਥਾਂ ਹੁੰਦੇ ਹਨ।

(ਪ੍ਰਸ਼ਨ) ਅਪਨੇ ਆਪ ਹੁੰਦੇ ਹਨ ਵਾ ਕੋਈ ਫਲ ਦੇਨ ਵਾਲਾ ਹੈ।

(ਉੱਤਰ) ਫਲ ਦੇਨ ਵਾਲਾ ਈਸ਼੍ਵਰ ਹੈ, ਜਿਸਤਰਾਂ ਕੋਈ ਚੋਰ ਡਾਕੂ ਅਪਨੇ ਆਪ ਕੈਦਖਾਨੇ ਵਿਚ ਜਾਨਾ ਨਹੀਂ ਚਾਹੁੰਦਾ ਰਾਜਾ ਓਸਨੂੰ ਜ਼ਰੂਰ ਭੇਜਦਾ ਹੈ, ਧਰਮਾਤਮਾ ਮਨੁੱਸ਼ਾਂ ਦੇ ਦੁਖ ਦੀ ਰਖਿਆ ਕਰਦਾ, ਭੁਗਾਂਦਾ, ਡਾਕੂ ਆਦੀ ਥੀਂ ਬਚਾਕੇ ਉਨ੍ਹਾਂਨੂੰ ਸੁਖਵਿਚ ਰਖਦਾਹੈ ਉੱਸੇ ਤਰਾਂ ਪਰਮੇਸ਼੍ਵਰ ਸਬਨੂੰ ਪਾਪ ਪੁੰਨ ਦੇ ਦੁਖ ਅਰ ਸੁਖ ਰੂਪੀ ਫਲਾਂ ਨੂੰ ਯਥਾਵਤ ਭੁਗਾਂਦਾ ਹੈ।

(ਪ੍ਰਸ਼ਨ) ਜੋ ਇਹ ਗਰੁੜ ਪੁਰਾਣ ਆਦੀ ਗ੍ਰੰਥ ਹਨ ਵੇਦ ਦੇ ਅਰਥ ਵਾ ਵੇਦ ਦੀ ਪੁਸ਼ਟੀ ਕਰਨ ਵਾਲੇ ਹਨ ਵਾ ਨਹੀਂ?

(ਉੱਤਰ) ਨਹੀਂ, ਕਿੰਤੂ ਵੇਦ ਦੇ ਵਿਰੋਧੀ ਅਰ ਉਲਟੇ ਚੱਲਨ ਵਾਲੇ ਹਨ, ਤਥਾ ਤੰਤ੍ਰ ਗ੍ਰੰਥ ਭੀ ਉਹੋ ਜਹੇ ਹਨ, ਜਿਸ ਤਰਾਂ ਕੋਈ ਮਨੁੱਸ਼ ਇਕ ਦਾ ਮਿਤ੍ਰ ਅਤੇ ਸਬ ਸੰਸਾਰ ਦਾ ਸ਼ਤ੍ਰੂ ਹੋਵੇ ਉੱਸੇ ਤਰਾਂ ਹੀ ਪੁਰਾਣ ਅਰ ਤੰਤ੍ਰ ਦਾ ਮੰਨਨ ਵਾਲਾ ਪੁਰੁਸ਼ ਹੁੰਦਾ ਹੈ, ਕਿਉਂਕਿ ਇਕ ਦੂਜੇ ਥੀਂ ਵਿਰੋਧ ਕਰਾਨ ਵਾਲੇ ਇਹ ਗ੍ਰੰਥ ਹਨ, ਇਨਾਂ ਦਾ ਮੰਨਨਾ ਕਿਸੇ ਵਿਦਵਾਨ ਦਾ ਕੰਮ ਨਹੀਂ, ਕਿੰਤੂ ਇਨਾਂ ਨੂੰ ਮੰਨਨਾ ਮੂਰਖਤਾ ਹੈ। ਦੇਖੋ ਸ਼ਿਵਪੁਰਾਣ ਵਿਚ ਤ੍ਰਯੋਦਸ਼ੀ, ਸੋਮਵਾਰ, ਆਦਿਤ ਪੁਰਾਣ ਵਿਚ ਐਤਵਾਰ, ਚੰਦ੍ ਖੰਡ ਵਿਚ ਸੋਮ ਗ੍ਰਹ ਵਾਲੇ ਮੰਗਲ, ਬੁਧ, ਵੀਰ, ਸ਼ੁਕ੍ਰ, ਛਨਿੱਛਰ, ਰਾਹੂ, ਕੇਤੂ ਦੀ ਵੈਸ਼ਨਵ ਦੀ ਇਕਾਦਸ਼ੀ, ਵਾਮਨ ਦੀ ਦ੍ਵਾਦਸ਼ੀ, ਨਰਸ਼ਿੰਘ ਵਾ ਅਨੰਤ ਦੀ ਚੌਦਸ, ਚੰਦ੍ਰਮਾ ਦੀ ਪੂਰਣਮਾਸੀ, ਦਿਗਪਾਲਾਂ ਦੀ ਦਸ਼ਮੀ, ਦੁਰਗਾ ਦੀ ਨੌਮੀ, ਵਸੂਆਂ ਦੀ

अष्टमी, मुनीआं दी सपत्तमी, स्वामी कारतक दी छठ, नाग दी पंचमी, गणेश दी चौथ, गौरी दी त्रिंजीआ, अश्वनीकुमार दी दूज आदिआदेवी दी एकम, अर पित्रां दी अमावस, पुराण दी रीतीनाल इह दिन उपवास अरथात अंन ना खान दे हन, अर सब थां इहो लिखदा है कि जो मनुॱश इनां दिनां अर तिथीआं विच अंन पान ग्रहण करेगा ओह नरकगामी होवेगा। हुन पोप अर पोप जी दे चेलिआं नूं चाहीऐ कि किसे दिन अथवा किस तिथीविच भोजन ना करन,किउंकि जे भोजन वा पान कीता तां नरकगामी होनगे । हुन 'निरणेसिंधू' 'धरमसिंधू' 'ब्रतारक' आदी गंथां विच जोकि पागल पुरुशां ने बनाए हन इक इक ब्रत दी अजेही दुरदशा कीती है कि जिस तरां इकादशी नूं शैव, दसमी विंधा, कोई दादशी विच इकादशी ब्रत करदे हन अरथात किडी वडी अनोखी पोप लीला है कि भुॱखे मरण विच भी लड़ाई, झगड़ा ही करदे हन, जो इकादशी दा ब्रत चलाइआ है उस विच अपना मतलब ही है अर दइआ कुझ भी नहीं ओह कहिंदे हन :—

एकादशज्जांमंने पापानि वसंति ॥

जिॱन पाप हन ओह सब इकादशी दे दिन अंन विच रहिंदे हन, एस पोप जी नूं पुॱछना चाहीऐ कि किसदे पाप उस विच रहिंदे हन ? तेरे वा तेरे पिता आदी दे? जो सारिआं दे सारे पाप इकादशी विच जा वसन तां इकादशी दे दिन किसेनूं दुख नहीं रहना चाहीऐ, अजेहा तां नहीं हुंदा किंतु उलटा भुख आदी नाल दुख हुंदा है, दुख पाप दा फल है एस लई भुॱखे मरना पाप है, एसदा वडा महातम बनाइआ है जिसदी कथा वाचके बहुत ठॱगे जांदे हन । उस विच इक कथा है कि :—

ब्रहमलोक विच इक बेसवा सी उसने कुझ अपराध कीता उस नूं शाप होइआ कि तूं ज़मीन उॱते डिॱग पौ, उसने मिनत कीती कि मैं फेर सुरग विच कीकन आवांगी ? उसने कहिआ जद कदी इकादशी दे ब्रत दा फल तैनूं कोई देवेगा तद तूं सुरग विच आवेगी, ओह विमानसमेत किसे नगर विच डिॱग पई, ओथों दे राजा ने उस नूं पुछिआ कि तूं कौन हैं? तद उसने सारांबृतांत आखसुनाइआ अर कहिआ कि जो कोई मैनूं इकादशी दा फल अरपण करे तां फेर भी

ਸੁਰਗ ਵਿਚ ਜਾ ਸਕਦੀ ਹਾਂ। ਰਾਜਾ ਨੇ ਨਗਰ ਵਿਚ ਖੋਜ ਕਰਾਈ, ਕੋਈ ਭੀ ਇਕਾਦਸ਼ੀ ਦਾ ਵਰਤ ਰਖਨ ਵਾਲਾ ਨਾ ਮਿਲਿਆ, ਕਿੰਤੂ ਇਕ ਦਿਨ ਕਿਸੇ ਸ਼ੂਦ੍ ਇਸਤ੍ਰੀ ਅਤੇ ੨ ਰੁਸ਼ ਵਿਚ ਲੜਾਈ ਹੋਈ ਸੀ ਕ੍ਰੋਧ ਥੀਂ ਇਸਤ੍ਰੀ ਦਿਨ ਰਾਤ ਭੁੱਖੀ ਰਹੀ ਸੀ, ਦੈਵਯੋਗ ਕਰਕੇ ਉਸ ਦਿਨ ਇਕਾਦਸ਼ੀ ਹੀ ਸੀ, ਉਸ ਨੇ ਕਹਿਆ ਕਿ ਮੈਂ ਨੇ ਇਕਾਦਸ਼ੀ ਜਾਨਕੇ ਤਾਂ ਨਹੀਂ ਕੀਤੀ, ਅਚਨ ਚੇਤੇ ਉਸ ਦਿਨ ਭੁੱਖੀ ਰਹ ਗਈ ਸਾਂ, ਇਹ ਗਲ ਰਾਜਾ ਦੇ ਨੌਕਰਾਂ ਨੂੰ ਕਹੀ ਤਦ ਓਹ ਉਸ ਨੂੰ ਰਾਜਾ ਦੇ ਸਾਮਨੇ ਲੈ ਆਏ, ਉਸ ਨੂੰ ਰਾਜਾ ਨੇ ਕਹਿਆ ਕਿ ਤੂੰ ਏਸ ਬਵਾਨ ਨੂੰ ਹਥ ਲਾ, ਉਸਨੇ ਛੋਹਿਆ ਤਾਂ ਉਸੇ ਵੇਲੇ ਬਵਾਨ ਉੱਪਰ ਨੂੰ ਉਛ ਗਿਆ। ਇਹ ਤਾਂ ਬਿਨਾ ਜਾਨੇ ਇਕਾਦਸ਼ੀ ਦੇ ਵਰਤ ਦਾ ਫਲ ਹੈ ਜੇ ਜਾਨ ਕੇ ਕਰੇ ਤਾਂ ਉਸਦੇ ਫਲ ਦਾ ਕੀ ਠਿਕਾਨਾ ਹੈ, ਵਾਹਰੇ ਅੱਖ ਦੇ ਅੱਨ੍ਹੇ ਲੋਗੋ ! ਜੇ ਇਹ ਗਲ ਸਚੀ ਹੈ ਤਾਂ ਅਸੀਂ ਇਕ ਪਾਨ ਦਾ ਬੀੜਾ ਜੋ ਕਿ ਸੁਰਗ ਵਿਚ ਨਹੀਂ ਹੁੰਦਾ ਭੇਜਨਾ ਚਾਹੁਨੇ ਹਾਂ ਸਾਰੇ ਇਕਾਦਸ਼ੀ ਵਾਲੇ ਅਪਨਾ ਅਪਨਾ ਫਲ ਦੇ ਦੇਓ, ਜੋ ਇਕ ਪਾਨ ਦਾ ਬੀੜਾ ਉਪਰ ਨੂੰ ਚਲਿਆ ਜਾਵੇਗਾ ਤਾਂ ਫਿਰ ਲੱਖਾਂ ਕ੍ਰੋੜਾ ਪਾਨ ਉਥੇ ਭੇਜਾਂਗੇ, ਅਰ ਅਸੀਂ ਭੀ ਇਕਾਦਸ਼ੀ ਕੀਤਾ ਕਰਾਂਗੇ, ਅਰ ਜੋ ਏਸਤਰਾਂ ਨਾ ਹੋਵੇਗਾ ਤਾਂ ਤੁਹਾਨੂੰ ਏਸ ਭੁੱਖੇ ਮਰਨ ਦੀ ਵਿਪਦਾ ਥੀਂ ਬਚਾਵਾਂਗੇ। ਇਨ੍ਹਾਂ ਚੌਵੀ ਇਕਾਦਸ਼ੀਆਂ ਦੇ ਨਾਮ ਵਖੋ ਵਖਤੇ ਹਨ,ਕਿਸੇਦਾ ਨਾਮ'ਧਨਦਾ' ਕਿਸੇ ਦਾ 'ਕਾਮਦਾ' ਅਰ ਕਿਸੇ ਦਾ 'ਪੁਤ੍ਰਦਾ' ਅਰ ਕਿਸੇ ਦਾ 'ਨਿਰਜਲਾ' ਬਹੁਤ ਸਾਰੇ ਗ਼ਰੀਬ ਅਰ ਬਹੁਤ ਸਾਰੇ ਕਾਮੀ ਅਰ ਬਹੁਤ ਸਾਰੇ ਬੇ ਉਲਾਦੇ, ਇਕਾਦਸ਼ੀ ਕਰਦੇ ਬੁਢੇ ਹੋ ਗਏ ਅਰ ਮਰ ਭੀ ਗਏ ਪਰੰਤੂ ਧਨ ਕਾਮਨਾ ਅਰ ਪੁਤ੍ਰ ਦੀ ਪ੍ਰਾਪਤੀ ਨਾ ਹੋਈ, ਅਰ ਜੇਠ ਮਹੀਨੇ ਦੇ ਸ਼ੁਕਲਪਖਛ ਵਿਚ ਕਿ ਜਿਸ ਵੇਲੇ ਇਕ ਘੜੀ ਭਰ ਜਲ ਨਾ ਪੀਵੇ ਤਾਂ ਮਨੁਸ਼ ਵਿਆਕੁਲ ਹੋ ਜਾਂਦਾ ਹੈ, ਵਰਤ ਕਰਨ ਵਾਲਿਆਂ ਨੂੰ ਮਹਾ ਦੁਖ ਪ੍ਰਾਪਤ ਹੁੰਦਾਹੈ ਵਿਸ਼ੇਸ਼ਕਰ ਬੰਗਾਲ ਵਿਚ ਸਭ ਵਿਧਵਾ ਇਸਤ੍ਰੀਆਂ ਦੀ ਇਕਾਦਸ਼ੀ ਦੇ ਦਿਨ ਬੜੀ ਦੁਰਦਸ਼ਾ ਹੁੰਦੀ ਹੈ, ਏਸ ਨਰਦਈ ਕਸਾਈ ਨੂੰ ਲਿਖਨ ਵੇਲੇ ਕੁਝ ਭੀ ਮਨ ਵਿਚ ਦਇਆ ਨਾ ਆਈ, ਨਹੀਂ ਤਾਂ ਨਿਰਜਲਾ ਦਾ ਨਾਮ ਸਜਲਾ, ਅਰ ਪੋਹ ਮਹੀਨੇ ਦੀ ਸ਼ੁਕਲਪਖਛ ਦੀ ਇਕਾਦਸ਼ੀ ਦਾ ਨਾਮ ਨਿਰਜਲਾ ਰਖ ਦਿੰਦਾ ਤਾਂ ਭੀ ਕੁਝ ਤਾਂ ਚੰਗਾ ਹੁੰਦਾ, ਪਰੰਤੂ ਏਸ ਪੋਪ ਨੂੰ ਦਇਆ ਨਾਲ ਕੀ ਕੰਮ ? "ਕੋਈ ਜੀਵੇ ਵਾ ਮਰੋ ਪੋਪ ਜੀ ਦਾ ਪੇਟ ਪੂਰਾ ਭਰੋ" ਗਰਭਵਤੀ ਵਾ ਨਵੀਂ ਵਿਆਈ ਹੋਈ ਇਸਤ੍ਰੀ, ਲੜਕੇ ਵਾ ਜੁਆਨ ਪੁਰੁਸ਼ਾਂ ਨੂੰ ਤਾਂ ਕਦੀ ਭੁੱਖਾ ਨਹੀਂ ਰਹਿਨਾ ਚਾਹੀਦਾ, ਪਰੰਤੂ ਕਿਸੇ ਨੂੰ ਕਰਨਾ ਭੀ ਹੋਵੇ ਤਾਂ ਜਿਸ ਦਿਨ ਪੇਟ ਦਿੱਕ ਹੋਵੇ ਭੁਖ ਨਾ ਲਗੇ ਉਸ ਦਿਨ ਸ਼ਰਬਤ ਵਾ ਦੁੱਧ ਪੀਕੇ ਰਹਨਾ ਚਾਹੀਏ। ਜੋ ਭੁੱਖ ਵਿਚ ਨਹੀਂ ਖਾਂਦੇ ਅਰ ਬਿਨਾ ਭੁੱਖ ਦੇ ਭੋਜਨ ਕਰਦੇ ਹਨ

ਓਹ ਦੋਨੋਂ ਰੋਗ ਸਾਗਰ ਵਿਚ ਗੋਤੇ ਖਾਕੇ ਦੁਖ ਪਾਂਦੇ ਹਨ, ਇਨਾਂ ਪ੍ਰਮਾਦੀਆਂ ਦੇ ਕਹਨੇ ਲਿਖਨੇ ਦਾ ਪ੍ਰਮਾਣ ਕੋਈ ਭੀ ਨਾ ਕਰੇ ॥

ਹੁਨ ਗੁਰੂ ਚੇਲੇ ਦੇ ਮੰਤ੍ਰ ਉਪਦੇਸ਼ ਅਰ ਮਤ ਮਤਾਂਤਰਾਂ ਦੇ ਚਰਿਤ੍ਰਾਂ ਦਾ ਹਾਲ ਲਿਖਨੇ ਹਾਂ, ਮੂਰਤੀਪੂਜਕ ਸੰਪ੍ਰਦਾਯ ਵਾਲੇ ਲੋਕ ਪ੍ਰਸ਼ਨ ਕਰਦੇ ਹਨ ਕਿ ਵੇਦ ਅਨੰਤ ਹਨ, ਰਿਗਵੇਦ ਦੀਆਂ ਇੱਕੀ ੨੧, ਯਜੁਰਵੇਦ ਦੀਆਂ ਇਕੋਤ੍ਰੂੰਮੌ ੧੦੧, ਸਾਮਵੇਦ ਦੀਆਂ ਇਕ ਹਜ਼ਾਰ ੧੦੦੦, ਅਰ ਅਥਰਵਵੇਦ ਦੀਆਂ ਨੌ ਸ਼ਾਖਾ ਹਨ, ਇਨ੍ਹਾਂ ਵਿਚੋਂ ਥੋੜੀਆਂ ਜੇਹੀਆਂ ਸ਼ਾਖਾ ਮਿਲਦੀਆਂ ਹਨ ਬਾਕੀ ਲੋਪ ਹੋ ਗਈਆਂ ਹਨ ਉਨ੍ਹਾਂ ਵਿਚ ਮੂਰਤੀਪੂਜਾ ਅਰ ਤੀਰਥਾਂ ਦਾ ਪ੍ਰਮਾਣ ਹੋਵੇਗਾ, ਜੇ ਨਾ ਹੁੰਦਾ ਤਾਂ ਪੁਰਾਣਾਂ ਵਿਚ ਕਿਥੋਂ ਆਉਂਦਾ ? ਜਦ ਕਾਰਜ ਦੇਖਕੇ ਕਾਰਨ ਦਾ ਅਨੁਮਾਨ ਹੁੰਦਾ ਹੈ ਤਦ ਪੁਰਾਣਾਂ ਨੂੰ ਦੇਖਕੇ ਮੂਰਤੀ ਪੂਜਾ ਵਿਚ ਕੀ ਸ਼ੰਕਾ ਹੈ ?

(ਉੱਤਰ) ਜਿਸ ਤਰਾਂ ਟਾਹਨੀਆਂ ਜਿਸ ਦ੍ਰਖਤ ਦੀਆਂ ਹੁੰਦੀਆਂ ਹਨ ਉਸ ਵਰਗੀਆਂ ਹੋਇਆ ਕਰਦੀਆਂ ਹਨ ਵਿਰੁੱਧ ਨਹੀਂ ਭਾਵੇਂ ਟਾਹਨੀਆਂ ਛੋਟੀਆਂ ਵਡੀਆਂ ਹੋਨ ਉਨ੍ਹਾਂ ਵਿਚ ਵਿਰੋਧ ਨਹੀਂ ਹੋ ਸਕਦਾ, ਉਸੇ ਤਰਾਂ ਜਿੰਨੀਆਂ ਸ਼ਾਖਾ ਮਿਲਦੀਆਂ ਹਨ ਜਦ ਇਨ੍ਹਾਂ ਵਿਚ ਪੱਥਰ ਆਦੀ ਮੂਰਤੀ ਅਰ ਜਲ, ਸਥਲ, ਵਿਸ਼ੇਸ਼ ਤੀਰਥਾਂ ਦਾ ਪ੍ਰਮਾਣ ਨਹੀਂ ਮਿਲਦਾ ਤਾਂ ਉਨ੍ਹਾਂ ਗੁਮਾਚੀਆਂ ਹੋਈਆਂ ਸ਼ਾਖਾ ਵਿਚ ਭੀ ਨਹੀਂ ਸੀ, ਅਰ ਚਾਰ ਵੇਦ ਪੂਰੇ ਮਿਲਦੇ ਹਨ ਉਨ੍ਹਾਂ ਤੋਂ ਵਿਰੁੱਧ ਸ਼ਾਖਾ ਕਦੀ ਨਹੀਂ ਹੋ ਸਕਦੀਆਂ, ਅਰ ਜੋ ਵਿਰੁੱਧ ਹਨ ਉਨ੍ਹਾਂ ਨੂੰ ਸ਼ਾਖਾ ਕੋਈ ਭੀ ਸਿੱਧ ਨਹੀਂ ਕਰ ਸਕਦਾ, ਜਦ ਏਹ ਗੱਲ ਹੈ ਤਦ ਪੁਰਾਣ ਵੇਦਾਂ ਦੀਆਂ ਸ਼ਾਖਾ ਨਹੀਂ ਕਿੰਤੂ ਸੰਪਰਦਾਯੀ ਲੋਕਾਂ ਨੇ ਪਰਸਪਰ ਵਿਰੋਧ ਰੂਪੀ ਗ੍ਰੰਥ ਬਨਾ ਰਖੇ ਹਨ, ਵੇਦਾਂ ਨੂੰ ਤੁਸੀਂ ਪਰਮੇਸ਼੍ਵਰ ਵਲੋਂ ਮੰਨਦੇ ਹੋ ਤਾਂ 'ਆਸ਼੍ਵਲਾਇਨ' ਆਦੀ ਰਿਸ਼ੀ ਮੁਨੀਆਂ ਦੇ ਨਾਮ ਥੀਂ ਪ੍ਰਸਿੱਧ ਗ੍ਰੰਥਾਂ ਨੂੰ ਵੇਦ ਕਿਉਂ ਮੰਨਦੇ ਹੋ ? ਜਿਸ ਤਰਾਂ ਡਾਲੀ ਅਰ ਪੱਤਿਆਂ ਨੂੰ ਦੇਖਨ ਨਾਲ ਪਿੱਪਲ, ਬੋਹੜ, ਅਰ ਅੰਬ ਆਦੀ ਦ੍ਰਖਤਾਂ ਦੀ ਪਛਾਨ ਹੁੰਦੀ ਹੈ, ਉਸੇ ਤਰਾਂ ਹੀ ਰਿਸ਼ੀ ਮੁਨੀਆਂ ਦੇ ਕੀਤੇ ਵੇਦਾਂਗ ਚਾਰੇ ਬ੍ਰਾਹਮਣ, ਅੰਗ, ਉਪਾਂਗ, ਅਰ ਉਪਵੇਦ ਆਦੀ ਥੀਂ ਵੇਦਾਰਥ ਪਛਾਨਿਆ ਜਾਂਦਾ ਹੈ, ਏਸ ਲਈ ਇਨਾਂ ਗ੍ਰੰਥਾਂ ਨੂੰ ਸ਼ਾਖਾ ਮੰਨਿਆ ਹੈ, ਜੋ ਵੇਦਾਂ ਥੀਂ ਵਿਰੁੱਧ ਹੈ ਉਸਦਾ ਪ੍ਰਮਾਣ ਅਰ ਅਨੁਕੂਲ ਦਾ ਅਪ੍ਰਮਾਣ ਨਹੀਂ ਹੋ ਸਕਦਾ ਜੋ ਤੁਸੀਂ ਅਦ੍ਰਿਸ਼ਟ ਸ਼ਾਖਾ ਵਿਚ ਮੂਰਤੀ ਆਦੀ ਦੇ ਪ੍ਰਮਾਣ ਦੀ ਕਲਪਨਾ ਕਰੋਗੇ ਤਾਂ ਜਦ ਕੋਈ ਏਸ ਤਰਾਂ ਦਾ ਪਖਛ ਕਰੇਗਾ ਕਿ ਗੁਮਾਚੀਆਂ ਹੋਈਆਂ ਸ਼ਾਖਾ ਵਿਚ ਵਰਣ ਆਸ਼੍ਰਮ ਵਿਵਸਥਾ ਉਲਟੀ ਅਰਥਾਤ ਚੰਡਾਲ ਅਰ ਸ਼ੂਦ੍ਰ ਦਾ ਨਾਮ ਬ੍ਰਾਹਮਣ ਆਦੀ ਅਰ ਬ੍ਰਾਹਮਣ ਆਦੀ ਦਾ ਨਾਮ ਸ਼ੂਦ੍ਰ, ਚੰਡਾਲ

ਆਦੀ ਨਾ ਪ੍ਰਾਪਤ ਅਰਨ, ਵਾਲੀ ਚੀਜ਼ ਨੂੰ ਪ੍ਰਾਪਤ ਕਰਨਾ ਨਾ ਕਰਨੇ ਯੋਗ ਨੂੰ ਕਰਨਾ, ਝੂਠ ਬੋਲਨਾ ਆਦੀ ਧਰਮ, ਸਚ ਬੋਲਨਾ ਆਦੀ ਅਧਰਮ ਲਿਖਿਆ ਹੋਵੇਗਾ ਤਾਂ ਤੁਸੀਂ ਉਸਨੂੰ ਓਹੋ ਉੱਤਰ ਦੇਵੋਗੇ ਜੋ ਅਸਾਂ ਨੇ ਦਿੱਤਾ ਅਰਥਾਤ ਵੇਦ ਅਰ ਪ੍ਰਸਿੱਧ ਸ਼ਾਖਾ ਵਿਚ ਜਿਸ ਤਰਾਂ ਬ੍ਰਾਹਮਣ ਆਦੀ ਦਾ ਨਾਮ ਬ੍ਰਹਮਣ ਆਦੀ ਅਰ ਸ਼ੂਦ੍ ਆਦੀ ਦਾ ਨਾਮ ਸ਼ੂਦ੍ ਆਦੀ ਲਿਖਿਆ ਹੈ ਉਸੇਤਰਾਂ ਹੀ ਅਦ੍ਰਿਸ਼ਟ ਸ਼ਾਖਾ ਵਿਚ ਭੀ ਮੰਨਨਾ ਚਾਹੀਏ, ਨਹੀਂ ਤਾਂ ਵਰਣ ਆਸ਼੍ਰਮ ਵਿਵਸਥਾ ਆਦੀ ਸਬ ਉਲਟੇ ਹੋ ਜਾਨਗੇ। ਭਲਾ ਜੈਮੁਨੀ, ਵਿਆਸ ਅਰ ਪਤੰਜਲੀ ਦੇ ਸਮਯ ਤਕ ਤਾਂ ਓਹ ਸਬ ਸ਼ਾਖਾ ਹੈਗੀਆਂ ਸਨ ਵਾ ਨਹੀਂ? ਜੇਕਰ ਸਨ ਤਾਂ ਤੁਸੀਂ ਕਦੀ ਨਿਸ਼ੇਧ ਨਾ ਕਰ ਸੱਕੋਗੇ, ਅਰ ਜੇ ਆਖੋ ਕਿ ਨਹੀਂ ਸਨ ਤਾਂ ਫੇਰ ਸ਼ਾਖਾ ਦੇ ਹੋਨ ਦਾ ਕੀ ਪ੍ਰਮਾਣ ਹੈ? ਦੇਖੋ ਜੈਮੁਨੀ ਨੇ 'ਮੀਮਾਂਸਾ' ਵਿਚ ਸਬ ਕਰਮਕਾਂਡ, ਪਤੰਜਲੀ ਮੁਨੀ ਨੇ ਯੋਗ ਸ਼ਾਸਤ੍ਰ ਵਿਚ ਸਬ ਉਪਾਸਨਾ ਕਾਂਡ, ਅਰ ਵਿਆਸ ਮੁਨੀ ਨੇ ਸ਼ਾਰੀਰਿਕ ਸੂਤ੍ਰਾਂ ਵਿਚ ਸਬ ਗਿਆਨਕਾਂਡ, ਵੇਦ ਅਨੁਕੂਲ ਲਿਖਿਆ ਹੈ ਉਨਾਂ ਵਿਚ ਪਾਸ਼ਾਣ ਆਦੀ ਮੂਰਤੀਪੂਜਾ ਵਾ ਪ੍ਰਯਾਗ ਆਦੀ ਤੀਰਥਾਂ ਦਾ ਨਾਮ ਤਕ ਭੀ ਨਹੀਂ ਲਿਖਿਆ ਲਿਖਨ ਕਿਥੋਂ ਥੀਂ? ਜੇ ਕਿਧਰੇ ਵੇਦਾਂ ਵਿਚ ਹੁੰਦੇ ਤਾਂ ਲਿਖੇ ਬਿਨਾ ਕਦੀ ਨਾ ਛੱਡਦੇ, ਏਸ ਲਈ ਗੁਆਚੀਆਂ ਹੋਈਆਂ ਸ਼ਾਖਾ ਵਿਚ ਭੀ ਏਸ ਮੂਰਤੀਪੂਜਾ ਆਦੀਦਾ ਪ੍ਰਮਾਣ ਨਹੀਂ ਸੀ। ਇਹ ਸਬ ਸ਼ਾਖਾਂ ਵੇਦ ਨਹੀਂ ਹਨ, ਕਿਉਂਕਿ ਇਨਾਂ ਵਿਚ ਈਸ਼੍ਵਰ ਕ੍ਰਿਤ ਵੇਦਾਂ ਦੀ ਪ੍ਰਤੀਕ ਧਰਕੇ ਵਿਆਖਿਆ ਅਰ ਮੰਸਾਰੀ ਜਨਾਂ ਦੇ ਇਤਿਹਾਸ ਆਦੀ ਲਿਖੇ ਹਨ, ਏਸ ਲਈ ਵੇਦ ਵਿਚ ਕਦੀ ਨਹੀਂ ਹੋਸਕਦੇ ਵੇਦਾਂ ਵਿਚ ਤਾਂ ਨਿਰਾ ਮਨੁੱਸ਼ਾਂ ਨੂੰ ਵਿਦਿਆ ਦਾ ਉਪਦੇਸ਼ ਕੀਤਾ ਹੈ ਕਿਸੇ ਮਨੁਸ਼ ਦਾ ਨਾਮ ਮਾਤ੍ ਭੀ ਨਹੀਂ ਏਸ ਲਈ ਮੂਰਤੀਪੂਜਾ ਦਾ ਸਰਵਥਾ ਖੰਡਨ ਹੈ॥

ਦੇਖੋ ਮੂਰਤੀਪੂਜਾ ਕਰਕੇ ਸ਼੍ਰੀ ਰਾਮਚੰਦ੍, ਸ਼੍ਰੀ ਕ੍ਰਿਸ਼ਨ, ਨਾਰਾਯਣ, ਅਰ ਸ਼ਿਵ ਆਦੀ ਦੀ ਬਹੁਤ ਨਿੰਦਿਆ ਅਰ ਉਨਾਂ ਦਾ ਮਖੌਲ ਹੁੰਦਾ ਹੈ ਸਬ ਕੋਈ ਜਾਨਦੇ ਹਨ ਕਿ ਓਹ ਵਡੇ ਮਹਾਰਾਜਾਧੀਰਾਜ, ਅਰ ਉਨਾਂ ਦੀਆਂ ਇਸਤ੍ਰੀਆਂ ਸੀਤਾ, ਰੁਕਮਣੀ, ਲਖਛਮੀ ਅਰ ਪਾਰਬਤੀ ਆਦੀ ਮਹਾਰਾਣੀਆਂ ਸਨ, ਪਰੰਤੂ ਜਦ ਉਨਾਂ ਦੀਆਂ ਮੂਰਤੀਆਂ ਮੰਦਿਰ ਆਦੀ ਵਿਚ ਰਖਕੇ ਪੁਜਾਰੀ ਲੋਕ ਉਨਾਂ ਦੇ ਨਾਮ ਲੈਕੇ ਭਿਖਛਾ ਮੰਗਦੇ ਹਨ ਅਰਥਾਤ ਉਨਾਂ ਨੂੰ ਭਿੱਖ ਮੰਗੇ ਬਨਾਂਦੇ ਹਨ ਕਿ ਆਓ! ਮਹਾਰਾਜ ਜੀ, ਸੇਠ ਸਾਹੂਕਾਰੋ! ਦਰਸ਼ਨ ਕਰੋ, ਬੈਠੋ ਚਰਣਾਮ੍ਰਿਤ ਲਵੋ ਕੁਝ ਭੇਟ ਚੜ੍ਹਾਓ, ਸੀਤਾ, ਰਾਮ, ਕ੍ਰਿਸ਼ਨ, ਰੁਕਮਣੀ, ਵਾ ਰਾਧਾ ਕ੍ਰਿਸ਼ਨ, ਲਖਛਮੀ, ਨਾਰਾਇਣ, ਅਰ ਮਹਾਦੇਵ, ਪਾਰਬਤੀ ਜੀ ਨੂੰ ਤਿੰਨਾਂ ਦਿਨਾਂ ਥੀਂ ਬਾਲਭੋਗ ਵਾ ਰਾਜਭੋਗ ਅਤਬਾਤ ਜਲਪਾਨ ਵਾ ਖਾਨ ਪਾਨ ਭੀ ਨਹੀਂ ਮਿਲਿਆ ਹੈ, ਅੱਜ ਇਨਾਂ ਦੇ ਪਾਸ ਕੁਝ ਭੀ ਨਹੀਂ ਹੈ, ਸੀਤਾ ਆਦੀ

ਨੂੰ ਨੱਥ ਆਦੀ, ਰਾਣੀ ਜੀ ਵਾ ਸਿਠਾਨੀ ਜੀ ਬਨਵਾ ਦੇਵੋ, ਅੰਨ ਆਦੀ ਭੇਜੋ ਤਾਂ ਰਾਮ ਕ੍ਰਿਸ਼ਨ ਆਦੀ ਨੂੰ ਭੋਗ ਲਗਾਈਏ, ਵਸਤ੍ਰ ਸਾਰੇ ਪਾਟ ਗਏ ਹਨ, ਮੰਦਿਰ ਦੀਆਂ ਟੁਕਰਾਂ ਸਾਰੀਆਂ ਡਿਗ ਪਈਆਂ ਹਨ, ਉਪਰੋਂ ਦੇਂਦਾ ਹੈ, ਅਰ ਦੁਸ਼ਟ ਚੋਰ ਜੋ ਕੁਝ ਸੀ ਉਸ ਨੂੰ ਉਠਾਕੇ ਲੈਗਏ, ਕੁਝ ਚੂਹਿਆਂ ਨੇ ਕੱਟ ਸੁਟੇ ਹਨ, ਦੇਖੋ ਇਕ ਦਿਨ ਚੂਹਿਆਂ ਨੇ ਅੱਹਾ ਅਨਰਥ ਕੀਤਾ ਕਿ ਇਨਾਂ ਦੀਆਂ ਅੱਖਾਂ ਭੀ ਕਢਕੇ ਲੈ ਨੱਠੇ। ਹੁਨ ਅਸਾਂ ਨੇ ਚਾਂਦੀ ਦੀਆਂ ਅੱਖਾਂ ਨਹੀਂ ਬਨਵਾਈਆਂ ਏਸ ਲਈ ਕੌਡੀਆਂ ਦੀਆਂ ਲਾ ਦਿਤੀਆਂ ਹਨ, ਰਾਮਲੀਲਾ ਅਰ ਰਾਸਮੰਡਲ ਭੀ ਕਰਵਾਨੇ ਹਾਂ, ਸੀਤਾ, ਰਾਮ, ਰਾਧਾ, ਕ੍ਰਿਸ਼ਨ ਨੱਚ ਰਹੇ ਹਨ, ਰਾਜਾ ਅਰ ਮਹੰਤ ਆਦੀ ਉਨਾਂ ਦੇ ਸੇਵਕ ਆਨੰਦ ਵਿਚ ਬੈਠੇ ਹਨ. ਮੰਦਿਰ ਵਿਚ ਸੀਤਾਰਾਮ ਆਦੀ ਖਲੋਤੇ ਅਰ ਪੁਜਾਰੀ ਵਾ ਮਹੰਤ ਜੀ ਆਸਨ ਅਥਵਾ ਗੱਦੀ ਉੱਚ ਤਕੀਏ ਲਾਕੇ ਬੈਠਦੇ ਹਨ, ਗਰਮੀ ਦੀ ਰੁੱਤ ਵਿਚ ਭੀ ਤਾਲਾ ਲਾਕੇ ਅੰਦਰ ਬੰਦ ਕਰ ਦਿੰਦੇ ਹਨ, ਅਰ ਆਪ ਠੰਡੀ ਹਵਾ ਵਿਚ ਪਲੰਘ ਵਿਛਾਕੇ ਸੌਂਦੇ ਹਨ, ਬਹੁਤ ਸਾਰੇ ਪੁਜਾਰੀ ਅਪਨੇ ਨਾਰਾਯਣ ਨੂੰ ਡੱਬੀ ਵਿਚ ਪਾਕੇ ਉਪਰ ਥੀਂ ਕਪੜੇ ਆਦੀ ਬਨ੍ਹ ਗਲੇ ਵਿਚ ਲਮਕਾ ਲੈਂਦੇ ਹਨ, ਜਿਸ ਤਰਾਂ ਕਿ ਬਾਂਦਰੀ ਅਪਨੇ ਬੱਚੇ ਗਲੇ ਵਿਚ ਲਮਕਾ ਲੈਂਦੀ ਹੈ ਉਸੇ ਤਰਾਂ ਪੁਜਾਰੀਆਂ ਦੇ ਗਲੇ ਵਿਚ ਭੀ ਲਮਕਾਂਦੇ ਹਨ, ਜਦ ਕੋਈ ਮੂਰਤੀ ਨੂੰ ਤੋੜਦਾ ਹੈ ਤਦ ਹਾਇ ਹਾਇ ਕਰ ਛਾਤੀ ਪਿਟ ਬਕਦੇ ਹਨ ਕਿ ਸੀਤਾਰਾਮਜੀ ਰਾਧਾਕ੍ਰਿਸ਼ਨ ਜੀ, ਅਰ ਸ਼ਿਵ ਪਾਰਬਤੀ ਜੀ ਨੂੰ ਦੁਸ਼ਟਾਂ ਨੇ ਤੋੜ ਸੁਟਿਆ ! ਹੁਨ ਦੂਜੀ ਮੂਰਤੀ ਮੰਗਵਾਕੇ ਜੋਕਿ ਚੰਗੇ ਕਾਰੀਗਰ ਨੇ ਸੰਗਮਰਮਰ ਦੀ ਬਨਾਈ ਹੋਵੇ ਰੱਖਕੇ ਪੂਜਨੀ ਚਾਹੀਏ, ਨਾਰਾਯਣ ਨੂੰ ਘਿਉ ਦੇ ਬਿਨਾ ਭੋਗ ਨਹੀਂ ਲਗਦਾ, ਬਹੁਤ ਨਹੀਂ ਤਾਂ ਥੋੜਾ ਜੇਹਾ ਜ਼ਰੂਰ ਭੇਜ ਦੇਨਾ ਇਹੋ ਜੇਹੀਆਂ ਗੱਲਾਂ ਇਨਾਂ ਦੀਆਂ ਬਨਾਂਦੇ ਹਨ। ਅਰ ਰਾਸਮੰਡਲ ਵਾ ਰਾਮਲੀਲਾ ਦੇ ਅੰਤ ਵਿਚ ਸੀਤਾਰਾਮ, ਵਾ ਰਾਧਾ ਕ੍ਰਿਸ਼ਨ ਤੋਂ ਭਿਖਛਾ ਮੰਗਵਾਂਦੇ ਹਨ, ਜਿੱਥੇ ਮੇਲਾ ਖੇਲਾ ਹੁੰਦਾ ਹੈ ਉੱਥੇ ਮੁੰਡੇ ਦੇ ਸਿਰ ਉੱਤੇ ਮੁਕਟ ਧਰਕੇ, ਕਨਹਯਾ ਬਨਾਕੇ ਰਸਤੇ ਵਿਚ ਬਿਠਾਕੇ ਭਿਖਛਾ ਮੰਗਵਾਂਦੇ ਹਨ, ਇਤਿਆਦੀ ਗੱਲਾਂ ਨੂੰ ਤੁਸੀਂ ਲੋਗ ਵਿਚਾਰ ਲਵੋ ਕਿ ਕਿਨੇ ਵਡੇ ਸ਼ੋਕ ਦੀ ਗੱਲ ਹੈ, ਭਲਾ ਦਸੋ ਤਾਂ ਕਿ ਸੀਤਾ ਰਾਮ ਆਦੀ ਅਜੇਹੇ ਗਰੀਬ ਅਰ ਭਿਖਛਾਰੀ ਸਨ। ਇਹ ਉਨਾਂ ਦਾ ਮਖੌਲ ਅਰ ਨਿੰਦਿਆ ਨਹੀਂ ਤਾਂ ਕੀ ਹੈ ? ਏਸ ਥੀਂ ਬਹੁਤ ਅਪਨੇ ਮਾਨੀ ਪੁਰੁਸ਼ਾਂ ਦੀ ਨਿੰਦਿਆ ਹੁੰਦੀ ਹੈ ਭਲਾ ਜਿਸ ਵੇਲੇ ਇਹ ਜੀਉਂਦੇ ਸਨ ਉਸ ਵੇਲੇ ਸੀਤਾ, ਰੁਕਮਣੀ, ਲਖਛਮੀ ਅਰ ਪਾਰਬਤੀ ਨੂੰ ਸੜਕ ਉੱਤੇ ਵਾ ਕਿਸੇ ਮਕਾਨ ਵਿਚ ਖਲਵਾਕੇ ਪੁਜਾਰੀ ਕਹਿੰਦੇ ਕਿ ਆਓ ਇਨਾਂ ਦਾ ਦਰਸ਼ਨ ਕਰੋ ਅਰ ਕੁਝ ਭੇਟ ਪੂਜਾ ਧਰੋ ਤਾਂ ਸੀਤਾਰਾਮ ਆਦੀ ਇਨਾਂ ਮੂਰਖਾਂ ਦੇ ਕਹਨ

ਕਕਕੇ ਅਜੇਹਾ ਕੰਮ ਕਦੀ ਨਾ ਕਰਦੇ, ਅਰ ਨਾ ਕਰਨ ਦਿੰਦੇ, ਜੋ ਕੋਈ ਅਜੇਹਾ ਮਖੌਲ ਉਨਾਂ ਦਾ ਕਰਦਾ ਉਸਨੂੰ ਬਿਨਾ ਦੰਡ ਦਿੱਤੇ ਕਦੀ ਨਾ ਛੱਡਦੇ, ਹਾਂ ਜਦ ਉਨਾਂ ਤੋਂ ਦੰਡ ਨਾ ਪਾਇਆ ਤਾਂ ਇਨਾਂ ਦੇ ਕਰਮਾਂ ਨੇ ਪੁਜਾਰੀਆਂ ਨੂੰ ਬਹੁਤ ਮਾਰੇ ਮੂਰਤੀ ਦੇ ਵਿਰੋਧੀਆਂ ਥੀਂ ਪ੍ਰਸਾਦੀ ਦੁਆ ਦਿੱਤੀ ਅਰ ਹੁਨ ਭੀ ਮਿਲਦੀ ਹੈ, ਅਰ ਜਦ ਤੀਕਨ ਏਸ ਕੁਕਰਮ ਨੂੰ ਨਾ ਛੱਡਨਗੇ ਤਦ ਤੀਕਨ ਮਿਲੇਗੀ ਏਸ ਵਿਚ ਕੀ ਸੰਦੇਹ ਹੈ ਕਿ ਜੋ ਆਰਯਾਵਰਤ ਦੀ ਪ੍ਰਤੀਦਿਨ ਮਹਾਹਾਨੀ ਪਾਸ਼ਾਣ ਆਦੀ ਮੂਰਤੀ ਪੂਜਕਾਂ ਦਾ ਪਰਾਜੈ ਇਨਾਂ ਕਰਮਾਂ ਕਰਕੇ ਹੁੰਦਾ ਹੈ, ਕ੍ਯੋਂਕਿ ਪਾਪ ਦਾ ਫਲ ਦੁੱਖ ਹੈ, ਇਨਾਂ ਹੀ ਪਾਸ਼ਾਣ ਆਦੀ ਮੂਰਤੀਆਂ ਦੇ ਵਿਸ਼੍ਵਾਸ ਥੀਂ ਬਹੁਤ ਸਾਰੀ ਹਾਨੀ ਹੋਗਈ, ਜੇ ਨਾ ਛੱਡਨਗੇ ਤਾਂ ਪ੍ਰਤੀਦਿਨ ਵਧੀਕ ਵਧੀਕ ਹੁੰਦੀ ਜਾਵੇਗੀ ॥

ਇਨਾਂ ਵਿਚੋਂ ਵਾਮਮਾਰਗੀ ਵਡੇ ਅਪਰਾਧੀ ਹਨ, ਜਦ ਓਹ ਚੇਲਾ ਕਰਦੇ ਹਨ ਤਦ ਸਾਧਾਰਣ ਨੂੰ :—

ਦੰ ਦੁਰਗਾਯੈ ਨਮਃ। ਭੰ ਭੈਰਵਾਯ ਨਮਃ।
ਐਂ ਹ੍ਰੀ ਕਲੀਂ ਚਾਮੁੰਡਾਯੈ ਵਿੱਚੇ ॥

ਇਤ੍ਯਾਦੀ ਮੰਤ੍ਰਾਂ ਦਾ ਉਪਦੇਸ਼ ਕਰਦੇ ਹਨ, ਅਰ ਬੰਗਾਲ ਵਿਚ ਵਿਸ਼ੇਸ਼ ਕਰਕੇ ਇਕ ਅਖਛਰੀ ਮੰਤ੍ਰ ਉਪਦੇਸ਼ ਕਰਦੇ ਹਨ ਜਿਸਤਰਾਂ:—

ਹ੍ਰੀਂ, ਸ਼੍ਰੀਂ, ਕਲੀਂ ॥ ਸ਼ਾਵਰਤੰ० ਬੰ० ਪ੍ਰਕੀ० ਪ੍ਰ० ੪੪॥

ਇਤ੍ਯਾਦੀ ਅਰ ਧਨਵਾਨ ਪੁਰੁਸ਼ਾਂ ਨੂੰ ਪੂਰਣ ਅਭਿਸ਼ੇਕ ਕਰਦੇ ਹਨ ਇਸੇ ਤਰਾਂ ਦਸ ਮਹਾਵਿਦਿਆ ਦੇ ਮੰਤ੍ਰ:—

ਹ੍ਰਾਂ ਹ੍ਰੀਂ ਹ੍ਰੂ ਵਗਲਾਮੁਖ੍ਯੈ ਫਟ ਸ੍ਵਾਹਾ ॥ ਸ਼ਾ० ਪ੍ਰਕੀ० ਪ੍ਰ० ੪੧

ਕਿਦੇ ਕਿਦੇ **ਹ੍ਰੂੰ ਫਟ ਸ੍ਵਾਹਾ ॥** ਕਾਮਰਤਨ ਤੰਤ੍ਰ ਬੀਜ ਮੰਤ੍ਰ ੪ ॥

ਅਰ ਮਾਰਨ, ਮੋਹਨ, ਉੱਚਾਟਨ, ਵ੍ਸ਼ਪਨਾ, ਵਸ਼ੀਕਰਣ ਆਦੀ ਪ੍ਰਯੋਗ ਕਰਦੇ ਹਨ, ਸੋ ਮੰਤ੍ਰ ਨਾਲ ਤਾਂ ਕੁਝ ਭੀ ਨਹੀਂ ਹੁੰਦਾ ਕਿੰਤੂ ਕ੍ਰਿਆ ਨਾਲ ਸਭ ਕੁਝ ਕਰਦੇ ਹਨ, ਜਦ ਕਿਸੇ ਨੂੰ ਮਾਰਨ ਦਾ ਪ੍ਰਯੋਗ ਕਰਦੇ ਹਨ ਤਦ ਏਧਰੋਂ ਕਰਾਨ ਵਾਲੇ ਕੋਲੋਂ ਧਨ ਲੈਕੇ ਆਏ ਵਾ ਮਿੱਟੀ ਦਾ ਪੁਤਲਾ ਜਿਸਨੂੰ ਮਾਰਨਾ ਚਾਹੁੰਦੇ ਹਨ ਉਸਦਾ ਬਨਾ ਲੈਂਦੇ ਹਨ, ਉਸਦੀ ਛਾਤੀ, ਧੁੰਨੀ, ਗਲੇ ਵਿਚ ਛੁਰੇ ਪਰੋ ਦਿੰਦੇ ਹਨ, ਅੱਖ, ਹੱਥ, ਪੈਰ ਵਿਚ ਕਿੱਲ ਠੋਕਦੇ ਹਨ, ਉਸਦੇ ਉੱਪਰ ਭੈਰੋ ਵਾ ਦੁਰਗਾ ਦੀ ਮੂਰਤੀ ਬਨਾਕੇ ਹੱਥ ਵਿਚ ਤ੍ਰਿਸ਼ੂਲ ਦੇਕੇ ਉਸਦੇ

ਹਿਰਦੇ ਉੱਪਰ ਲਗਾਂਦੇ ਹਨ, ਇਕ ਵੇਦੀ ਬਨਾਕੇ ਮਾਂਸ ਆਦੀ ਦਾ ਹੋਮ ਕਰਨ ਲਗਦੇ ਹਨ, ਅਰ ਉਧਰ ਦੂਤ ਆਦੀ ਭੇਜਕੇ ਉਸਨੂੰ ਜ਼ੈਹਰ ਆਦੀ ਨਾਲ ਮਾਰਨ ਦਾ ਉਪਾਯ ਕਰਦੇ ਹਨ, ਜੇਕਰ ਅਪਨੇ ਪੁਰੁਸ਼ਚਰਣ ਵਿਚ ਉਸਨੂੰ ਮਾਰ ਸੁੱਟਿਆ ਤਾਂ ਅਪਨੇ ਨੂੰ ਭੈਰਵ, ਦੇਵੀ ਦਾ ਸਿੱਧ ਦੱਸਦੇ ਹਨ। "ਭੈਰਵੋ ਭੂਤਨਾਥਸ਼ਚ" ਇਤ੍ਯਿਆਦੀ ਦਾ ਪਾਠ ਕਰਦੇ ਹਨ॥

ਮਾਰਯ ੨, ਉੱਚਾਟਯ ੨, ਵਿਦ੍ਵੇਸ਼ਯ ੨, ਛਿੰਧਿ ੨, ਭਿੰਧਿ ੨, ਵਸ਼ੀਕੁਰੁ ੨, ਖਾਦਯ ੨, ਭਖਛਯ ੨, ਤ੍ਰੋਟਯ ੨, ਨਾਸ਼ਯ ੨, ਮਮ ਸ਼ਤ੍ਰੂਨ ਵਸ਼ੀਕੁਰੁ ੨, ਹੁੰ ਫਟ ਸ੍ਵਾਹਾ॥

=

ਕਾਮਰਤਨਤੰਤ੍ਰ ਉੱਚਾਟਨ ਪ੍ਰਕਰਣ ਮੰ੦ ੫-੭॥

ਇਤ੍ਯਿਆਦੀ ਮੰਤ੍ਰ ਜਪਦੇ, ਸ਼ਰਾਬ, ਮਾਂਸ ਆਦੀ ਜੀਕਨ ਮਰਜ਼ੀ ਖਾਂਦੇ ਪੀਂਦੇ ਭ੍ਰੂਵਟਿਆਂ ਦੇ ਵਿਚਕਾਰ ਵਿਚ ਸੰਧੂਰ ਦੀ ਰੇਖਾ ਦਿੰਦੇ, ਕਦੀ ਕਦੀ ਕਾਲੀ ਆਦੀ ਦੇ ਵਾਸਤੇ ਕਿਸੇ ਆਦਮੀ ਨੂੰ ਪਕੜ ਮਾਰ ਹੋਮ ਕਰਕੇ ਕੁਝ ਉਸਦਾ ਮਾਂਸ ਖਾਂਦੇ ਭੀ ਹਨ, ਜੇਹੜਾ ਕੋਈ ਭੈਰਵੀਚਕ੍ਰ ਵਿਚ ਜਾਵੇ ਸ਼ਰਾਬ ਮਾਂਸ ਨਾ ਪੀਵੇ ਨਾ ਖਾਵੇ ਤਾਂ ਉਸਨੂੰ ਮਾਰ ਹੋਮ ਕਰ ਦਿੰਦੇ ਹਨ, ਉਨ੍ਹਾਂ ਵਿਚੋਂ ਜੋ ਅਘੋਰੀ ਹੁੰਦਾ ਹੈ ਓਹ ਮੁਏ ਹੋਏ ਮਨੁੱਸ਼ ਦਾ ਭੀ ਮਾਂਸ ਖਾਂਦਾ ਹੈ, ਅਜਰੀ, ਬਜਰੀ ਕਰਨ ਵਾਲੇ ਪਖਾਨਾ, ਮੂਤ੍ਰ ਭੀ ਖਾਂਦੇ ਪੀਂਦੇ ਹਨ।

ਇਕ ਚੋਲੀਮਾਰਗੀ ਅਰ ਭੈਜੇ ਬੀਜਮਾਰਗੀ ਭੀ ਹੁੰਦੇ ਹਨ, ਚੋਲੀ ਮਾਰਗ ਵਾਲੇ ਇਕ ਗੁਪਤ ਸਥਾਨ ਵਾ ਜ਼ਮੀਨ ਵਿਚ ਇਕ ਜਗਹ ਬਨਾਂਦੇ ਹਨ ਓਥੇ ਸਾਰਿਆਂ ਦੀਆਂ ਇਸਤ੍ਰੀਆਂ, ਪੁਰੁਸ਼ ਮੁੰਡੇ, ਕੁੜੀ, ਭੈਣ, ਮਾਂ, ਨੂੰਹ ਆਦੀ ਸਾਰੇ ਇਕੱਠੇ ਹੋ ਕੇ ਸਾਰੇ ਲੋਗ ਮਿਲ ਮਿਲਾ ਕੇ ਮਾਂਸ ਖਾਂਦੇ, ਸ਼ਰਾਬ ਪੀਂਦੇ, ਇਕ ਇਸਤ੍ਰੀ ਨੂੰ ਨੰਗਿਆਂ ਕਰ ਉਸਦੀ ਗੁਪਤ ਇੰਦ੍ਰੀ ਦੀ ਪੂਜਾ ਸਾਰੇ ਪੁਰੁਸ਼ ਕਰਦੇ ਹਨ ਅਰ ਉਸਦਾ ਨਾਮ ਦੁਰਗਾ ਦੇਵੀ ਰਖਦੇ ਹਨ, ਇਕ ਪੁਰੁਸ਼ ਨੂੰ ਨੰਗਿਆਂ ਕਰ ਉਸਦੀ ਗੁਪਤ ਇੰਦ੍ਰੀ ਦੀ ਪੂਜਾ ਸਾਰੀਆਂ ਇਸਤ੍ਰੀਆਂ ਕਰਦੀਆਂ ਹਨ, ਜਦ ਸ਼ਰਾਬ ਪੀ ਪੀਕੇ ਮਸਤ ਹੋ ਜਾਂਦੇ ਹਨ ਤਦ ਸਾਰੀਆਂ ਇਸਤ੍ਰੀਆਂ ਦੇ ਛਾਤੀ ਦੇ ਕਪੜੇ, ਜਿਸਨੂੰ ਚੋਲੀ ਕਹਿੰਦੇ ਹਨ ਇਕ ਵੱਡੀ ਮਿੱਟੀ ਦੀ ਪਰਾੜ ਵਿਚ ਸਾਰੇ ਕਪੜੇ ਮਿਲਾਕੇ ਰਖਕੇ ਇਕ ਇਕ ਪੁਰੁਸ਼ ਉਸ ਵਿਚ ਹੱਥ ਪਾਕੇ ਜਿਸਦੇ ਹੱਥ ਵਿਚ ਜਿਸਦਾ ਕਪੜਾ ਆਵੇ ਓਹ ਮਾਂ ਭੈਣ, ਕੰਨਿਆ ਅਰ ਨੂੰਹ ਕਿਉਂ ਨਾ ਹੋਵੇ ਉਸ ਸਮੇ ਦੇ ਵਾਸਤੇ ਉਸ ਦੀ ਇਸਤ੍ਰੀ ਹੋ ਜਾਂਦੀ ਹੈ, ਆਪਸ ਵਿਚ ਕੁਕਰਮ ਕਰਨੇ ਅਰ ਬਹੁਤ ਨਸ਼ਾ ਚੜ੍ਹਨ ਨਾਲ ਜੁੱਤੀ ਆਦੀ ਨਾਲ ਲੜਦੇ ਭਿੜਦੇ ਹਨ, ਜਦ ਪ੍ਰਾਤਹਕਾਲ ਮੂੰਹ ਹਨੇਰੇ

ਅਪਨੇ ਅਪਨੇ ਘਰ ਨੂੰ ਚਲੇ ਜਾਂਦੇ ਹਨ ਤਦ ਮਂ, ਮਾਂ, ਕੰਨਿਆਂ ਕੰਨਿਆਂ ਭੈਣ ਭੈਣ ਅਰ ਨੂੰਹ ਨੂੰਹ ਹੋ ਜਾਂਦੀ ਹੈ । ਅਰ ਬੀਜਮਾਰਗੀ ਇਸਤ੍ਰੀ ਪੁਰੁਸ਼ ਦੇ ਸੰਗ ਕਰਕੇ ਪਾਨੀ ਵਿਚ ਵੀਰਯ ਸੁੱਟਕੇ ਮਿਲਾਕੇ ਪੀਂਦੇ ਹਨ, ਏਹ ਪਾਮਰ ਅਜੇਹੇ ਕਰਮਾਂ ਨੂੰ ਮੁਕਤੀ ਦੇ ਉਪਾਯ ਮੰਨਦੇ ਹਨ, ਵਿਦਿਆ, ਵਿਚਾਰ, ਸੱਜਨਤਾ ਆਦੀ ਥੀਂ ਰਹਿਤ ਹੁੰਦੇ ਹਨ।

(ਪ੍ਰਸ਼ਨ) ਸ਼ੈਵਮਤ ਵਾਲੇ ਤਾਂ ਅੱਛੇ ਹੁੰਦੇ ਹਨ?

(ਉੱਤਰ) ਅੱਛੇ ਕਿਥੋਂ ਹੁੰਦੇ ਹਨ! ਜੇਹਾ "ਪ੍ਰੇਤਨਾਥ ਤੇਹਾ ਭੂਤਨਾਥ" ਜਿਸਤਰਾਂ ਵਾਮਮਾਰਗੀ ਮੰਤ੍ਰ ਉਪਦੇਸ਼ ਆਦੀ ਨਾਲ ਉਨ੍ਹਾਂ ਦਾ ਧਨ ਲੁੱਟਦੇ ਹਨ ਉੱਸੇ ਤਰਾਂ ਸ਼ੈਵ ਭੀ "ਓਮਨਮਃ ਸ਼ਿਵਾਯ" ਇਤਿਆਦੀ ਪੰਜ ਅਖਛਰਾਂ ਦਾ ਉਪਦੇਸ਼ ਕਰਦੇ ਰੁਦ੍ਰਾਖਛ, ਭਸਮ ਲਗਾਂਦੇ, ਮਿੱਟੀ ਦੇ ਅਰ ਪਾਸ਼ਾਣ ਆਦੀ ਦੇ ਲਿੰਗ ਬਨਾਕੇ ਪੂਜਦੇ ਹਨ ਅਰ ਹਰ ਹਰ, ਬਮ ਬਮ ਅਰ ਬਕਰੇ ਦੇ ਵਾਙਣ ਬੜ ਬੜ ਮੁਖਥੀਂ ਸ਼ਬਦ ਕਰਦੇ ਹਨ, ਉਸਦਾ ਕਾਰਣ ਏਹ ਕਹਿੰਦੇ ਹਨ ਕਿ ਤੌੜੀ ਵਜਾਨੇ ਅਰ ਬਮ ਬਮ ਸ਼ਬਦ ਬੋਲਨ ਥੀਂ ਪਾਰਬਤੀ ਪ੍ਰਸੰਨ, ਅਰ ਮਹਾਦੇਵ ਅਪ੍ਰਸੰਨ ਹੁੰਦਾ ਹੈ, ਕਿਉਂਕਿ ਜਦ ਭਸਮਾਸੁਰ ਦੇ ਅੱਗੋਂ ਮਹਾਦੇਵ ਨੱਠੇ ਸਨ ਤਦ ਬਮ ਬਮ ਅਰ ਠੱਠੇ ਦੀਆਂ ਤੌੜੀਆਂ ਵੱਜੀਆਂ ਸਨ ਅਰ ਗੱਲ ਬਜਾਨ ਥੀਂ ਪਾਰਬਤੀ ਅਪ੍ਰਸੰਨ ਅਰ ਮਹਾਦੇਵ ਪ੍ਰਸੰਨ ਹੁੰਦੇ ਹਨ, ਕਿਉਂਕਿ ਪਾਰਬਤੀ ਦੇ ਪਿਉ ਦਖਛ ਪ੍ਰਜਾਪਤੀ ਦਾ ਸਿਰ ਕੱਟਕੇ ਅੱਗ ਵਿਚ ਪਾਕੇ ਉਸਦੇ ਧੜ ਉੱਤੇ ਬਕਰੇ ਦਾ ਸਿਰ ਲਗਾ ਦਿੱਤਾ ਸੀ, ਉੱਸੇ ਨਕਲ ਨੂੰ ਬਕਰੇ ਦੇ ਸ਼ਬਦ ਦੇ ਤੁਲ ਗੱਲ ਬਜਾਨਾ ਮੰਨਦੇ ਹਨ, ਸ਼ਿਵਰਾਤ੍ਰੀ ਪ੍ਰਦੋਸ਼ ਦਾ ਬ੍ਰਤ ਕਰਦੇ ਹਨ, ਇਤਿਆਦੀ ਗੱਲਾਂ ਥੀਂ ਮੁਕਤੀ ਮੰਨਦੇ ਹਨ ਏਸਲਈ ਜੀਕਨ ਵਾਮਮਾਰਗੀ ਭੁਲੇਖੇ ਵਿਚ ਹਨ ਉੱਸੇ ਤਰਾਂ ਸ਼ੈਵਮਤ ਵਾਲੇ ਭੀ ਹਨ, ਇਨ੍ਹਾਂ ਵਿਚ ਵਿਸ਼ੇਸ਼ ਕਰਕੇ ਕਨਫਟੇ ਨਾਥ ਗਿਰੀ, ਪੁਰੀ, ਬਨ, ਆਰਨੱਯ, ਪਰਬਤ ਅਰ ਸਾਗਰ ਤਥਾ ਗ੍ਰਿਹਸਥ ਭੀ ਸ਼ੈਵ ਹੁੰਦੇ ਹਨ, ਕੋਈ ਕੋਈ ਦੁਹਾਂ ਘੋੜਿਆਂ ਉੱਤੇ ਚੜ੍ਹਦੇ ਹਨ ਅਰਥਾਤ ਵਾਮ ਅਰ ਸ਼ੈਵ, ਦੋਹਾਂ ਮਤਾਂ ਨੂੰ ਮੰਨਦੇ ਹਨ, ਅਰ ਕਿੱਨੇ ਵੈਸ਼ਨਵ ਭੀ ਰਹਿੰਦੇ ਹਨ ਉਨ੍ਹਾਂ ਦਾ–

ਅੰਤਃਸ਼ਾਕ੍ਤਾ ਬਹਿੱਸ਼ੈਵਾਃ ਸਭਾਮਧਜੇ ਚ ਵੈਸ਼ਣਵਾਃ।
ਨਾਨਾਰੂਪਧਰਾਃ ਕੌਲਾ ਵਿਚਰੰਤਿ ਮਹੀਤਲੇ॥

ਇਹ ਤੰਤ੍ਰ ਦਾ ਸ਼ਲੋਕਹੈ। ਅੰਦਰੋਂ ਸ਼ਾਕਤ ਅਰਥਾਤ ਵਾਮਮਾਰਗੀ, ਬਾਹਰੋਂ ਸ਼ੈਵ ਅਰਥਾਤ ਰੁਦ੍ਰਾਖਛ, ਭਸਮ ਲਗਾਂਦੇ ਹਨ ਅਰ ਸਭ ਵਿਚ ਵੈਸ਼ਨਵ ਕਹਾਂਦੇ ਹਨ ਕਿ ਅਸੀਂ ਵਿਸ਼ਨੂ ਦੇ ਉਪਾਸਕ ਹਾਂ, ਅਜੇਹੇ ਨਾਨਾਪ੍ਰਕਾਰ ਦੇ ਰੂਪ ਧਾਰਣ ਕਰਕੇ ਵਾਮਮਾਰਗੀ ਲੋਗ ਪ੍ਰਿਥਿਵੀ ਉੱਤੇ ਵਿਚਰਦੇ ਹਨ।

(ਪ੍ਰਸ਼ਨ) ਵੈਸ਼ਨਵ ਤਾਂ ਚੰਗੇ ਹਨ? (ਉੱਤਰ) ਕੀ ਸੁਆਹ ਚੰਗੇ ਹਨ? ਜਿਸਤਰਾਂ ਓਹ ਹਨ ਉੱਸੇ ਤਰਾਂ ਇਹ ਹਨ, ਵੇਖ ਲੌ ਵੈਸ਼ਨਵਾਂ ਦੀ ਲੀਲਾ ਅਪਨੇ ਨੂੰ ਵਿਸ਼ਨੂ ਦਾ ਦਾਸ ਮੰਨਦੇ ਹਨ, ਉਨ੍ਹਾਂ ਵਿਚੋਂ ਸ੍ਰੀ ਵੈਸ਼ਨਵ ਜੋਕਿ ਚਕ੍ਰਾਂਕਿਤ ਹੁੰਦੇ ਹਨ ਓਹ ਅਪਨੇ ਨੂੰ ਸਬਤੋਂ ਵਧੀਕ ਮੰਨਦੇ ਹਨ ਸੋ ਕੁਝ ਭੀ ਨਹੀਂ ਹਨ। (ਪ੍ਰਸ਼ਨ) ਕਿਉਂ! ਸਬ ਕੁਝ ਨਹੀਂ? ਸਬ ਕੁਝ ਹਨ। ਵੇਖੋ! ਮੱਥੇ ਵਿਚ ਨਾਰਾਇਣ ਦੇ ਚਰਣ ਕਮਲ ਦੇ ਵਾਙਣ ਤਿਲਕ ਅਰ ਵਿਚੋਂ ਪੀਲੀ ਰੇਖਾ ਸ੍ਰੀ ਹੁੰਦੀ ਹੈ ਏਸਲਈ ਅਸੀਂ ਸ੍ਰੀ ਵੈਸ਼ਨਵ ਕਹਾਂਦੇ ਹਾਂ, ਇਕ ਨਾਰਾਯਣ ਨੂੰ ਛੱਡਕੇ ਦੂਜੇ ਕਿਸੇ ਨੂੰ ਨਹੀਂ ਮੰਨਦ, ਮਹਾਦੇਵ ਦੇ ਲਿੰਗ ਦਾ ਦਰਸ਼ਨ ਭੀ ਨਹੀਂ ਕਰਦੇ, ਕਿਉਂਕਿ ਸਾਡੇ ਮੱਥੇ ਵਿਚ ਸ੍ਰੀ ਬੈਠੀ ਹੋਈ ਹੈ ਓਹ ਸ਼ਰਮਾਉਂਦੀ ਹੈ, ਆਲ, ਮੰਦਾਰ ਆਦੀ ਸਤੋਤ੍ਰਾਂ ਦਾ ਪਾਠ ਕਰਦੇ ਹਨ, ਨਾਰਾਯਣ ਦੀ ਮੰਤ੍ਰ ਪੂਰਵਕ ਪੂਜਾ ਕਰਦੇ ਹਨ, ਮਾਂਸ ਨਹੀਂ ਖਾਂਦੇ ਨਾ ਸ਼ਰਾਬ ਪੀਂਦ ਹਨ ਫੇਰ ਅੱਛੇ ਕਿਉਂ ਨਹੀਂ? (ਉੱਤਰ) ਏਸ ਤੁਹਾਡੇ ਤਿਲਕ ਨੂੰ 'ਹਰੀ ਦੇ ਪੈਰ' ਏਸ ਪੀਲੀ ਰੇਖਾ ਨੂੰ ਸ੍ਰੀ ਮੰਨਨਾ ਵਿਅਰਥ ਹੈ. ਕਿਉਂਕਿ ਇਹ ਤਾਂ ਹੱਥਦੀ ਕਾਰਾਗਰੀ ਅਰ ਮੱਥੇ ਦਾ ਚਿਤ੍ਰ ਹੈ, ਜਿਸਤਰਾਂ ਹਾਥੀ ਦਾ ਮੱਥਾ ਚਿਤ੍ਰ ਵਿਚਿਤ੍ਰ ਕਰਦੇ ਹਨ, ਤੁਹਾਡੇ ਮੱਥੇ ਵਿਚ ਵਿਸ਼ਨੂ ਦੇ ਪੈਰ ਦਾ ਨਿਸ਼ਾਨ ਕਿੱਥੋਂ ਆਇਆ? ਕੀ, ਕੋਈ ਬੈਕੁੰਠ ਵਿਚ ਜਾਕੇ ਵਿਸ਼ਨੂ ਦੇ ਪੈਰ ਦਾ ਨਿਸ਼ਾਨ ਮੱਥੇ ਵਿਚ ਕਰਾ ਲਿਆਇਆ ਹੈ? (ਵਿਵੇਕੀ) ਸ੍ਰੀ ਜੜ ਹੈ ਵਾ ਚੇਤਨ? (ਵੈਸ਼ਨਵ) ਚੇਤਨ ਹੈ। (ਵਿਵੇਕੀ) ਤਾਂ ਇਹ ਰੇਖਾ ਜੜ ਹੋਨ ਕਰਕੇ ਸ੍ਰੀ ਨਹੀਂ ਅਸੀਂ ਪੁਛਨੇ ਹਾਂ ਕਿ ਸ੍ਰੀ ਬਨਾਈ ਹੋਈ ਹੈ ਵਾ ਬਿਨਾ ਬਨਾਈ? ਜੋ ਬਿਨਾ ਬਨਾਈ ਹੋਈ ਹੈ ਤਾਂ ਇਹ ਸ੍ਰੀ ਨਹੀਂ ਕਿਉਂਕਿ ਏਸ ਨੂੰ ਤਾਂ ਤੁਸੀਂ ਨਿੱਤ ਅਪਨੇ ਹੱਥ ਨਾਲ ਬਨਾਂਦੇ ਹੋ ਫੇਰ ਸ੍ਰੀ ਨਹੀਂ ਹੋਸਕਦੀ, ਜੇ ਤੁਹਾਡੇ ਮੱਥੇ ਵਿਚ ਸ੍ਰੀ ਹੁੰਦੀ ਤਾਂ ਕਈ ਵੈਸ਼ਨਵਾਂ ਦਾ ਚੰਦਰਾ ਮੂੰਹ ਅਰਥਾਤ ਸ਼ੋਭਾ ਰਹਿਤ ਕਿਉਂ ਨਜ਼ਰ ਆਉਂਦਾ ਹੈ? ਮੱਥੇ ਵਿਚ ਸ੍ਰੀ ਅਰ ਘਰ ਘਰ ਭਿਖਛਾ ਮੰਗਦੇ ਫਿਰਦੇ, ਅਰ ਸਦਾਬ੍ਰਤ ਤੋਂ ਲੈਕੇ ਪੇਟ ਭਰਦੇ ਕਿਉਂ ਫਿਰਦੇ ਹੋ? ਇਹ ਗੱਲ ਸਿਰੜੀ ਅਰ ਨਿਰਲੱਜਾਂ ਦੀ ਹੈ ਕਿ ਮੱਥੇਵਿਚ ਸ੍ਰੀ ਅਰ ਮਹਾਕੰਗਾਲਾਂ ਦੇ ਕੰਮਹੋਨ। ਇਨਾਂਵਿਚ ਇਕ 'ਪਰੀਕਾਲ' ਨਾਮੀ ਵੈਸ਼ਨਵਭਗਤ ਹੋਇਆ ਹੈ, ਓਹਚੋਰੀ, ਡਾਕਾ ਮਾਰਕੇ ਛਲ ਕਪਟ ਕਰਕੇ ਪਰਾਇਆ ਧਨ ਲੁੱਟਕੇ ਵੈਸ਼ਨਵਾਂ ਦੇ ਪਾਸ ਰੱਖਕੇ ਪ੍ਰਸੰਨ ਹੁੰਦਾ ਸੀ, ਇਕ ਸਮਯ ਉਸਨੂੰ ਚੋਰੀ ਵਿਚ ਪਦਾਰਥ ਕੋਈ ਨਾ ਮਿਲਿਆ ਕਿ ਜਿਸਨੂੰ ਲੁੱਟੇ, ਵਿਆਕੁਲ ਹੋਕੇ ਫਿਰਦਾ ਸੀ, ਨਾਰਾਯਣ ਨੇ ਸਮਝਿਆ ਕਿ ਸਾਡਾ ਭਗਤ ਦੁੱਖ ਪਾਉਂਦਾ ਹੈ, ਸੇਠ ਜੀ ਦਾ ਰੂਪ ਧਰ ਮੁੰਦਰੀ ਆਦੀ ਗਹਿਣੇ ਪਾ, ਰਥ ਵਿਚ ਬੈਠਕੇ ਸਾਮਨੇ ਆਏ ਤਦ ਤਾਂ ਪਰੀਕਾਲ ਰਥ ਦੇ ਪਾਸ ਗਿਆ ਸੇਠ ਨੂੰ ਕਹਿਆ ਸਾਰੀਆਂ ਚੀਜ਼ਾਂ ਛੇਤੀ ਨਾਲ ਉਤਾਰ ਦੇ ਨਹੀਂ ਤਾਂ ਮਾਰ ਸੁੱਟਾਂਗਾ,

ਉਤਾਰਦਿਆਂ ਉਤਾਰਦਿਆਂ ਮੁੰਦਰੀ ਉਤਾਰਨ ਵਿਚ ਦੇਰ ਲੱਗੀ, ਪਰੀਕਾਲ ਨੇ ਨਾਰਾਯਣ ਦੀ ਉਂਗਲੀ ਕੱਟਕੇ ਮੁੰਦਰੀ ਲੈ ਲਈ ਨਾਰਾਯਣ ਨੇ ਬਡੇ ਪ੍ਰਸੰਨ ਹੋਕੇ ਚਤੁਰਭੁਜ ਸ਼ਰੀਰ ਬਨਾਕੇ ਦਰਸ਼ਨ ਦਿੱਤਾ, ਕਹਿਆ ਕਿ ਤੂੰ ਮੇਰਾ ਬੜਾ ਪਿਆਰਾ ਭਗਤ ਹੈਂ, ਕਿਉਂਕਿ ਸਾਰਾ ਧਨ, ਮਾਲ ਲੁੱਟ, ਚੋਰੀ ਕਰ, ਵੈਸ਼ਨਵਾਂ ਦੀ ਸੇਵਾ ਕਰਦਾ ਹੈਂ ਏਸ ਲਈ ਤੂੰ ਧੰਨ ਹੈਂ, ਫੇਰ ਉਸਨੇ ਜਾਕੇ ਵੈਸ਼ਨਵਾਂ ਦੇ ਪਾਸ ਸਾਰੇ ਗਹਿਣੇ ਧਰ ਦਿੱਤੇ। ਇਕ ਸਮਯ 'ਪਰੀਕਾਲ'ਨੂੰ ਕੋਈ ਸ਼ਾਹੂਕਾਰ ਨੌਕਰ ਬਨਾਕੇ ਜਹਾਜ਼ ਵਿਚ ਬਿਠਾਕੇ ਦੂਜੇ ਦੇਸ਼ ਵਿਚ ਲੈਗਿਆ, ਉਥੋਂ ਜਹਾਜ਼ ਵਿਚ ਸੁਪਾਰੀ ਭਰੀ, ਪਰੀਕਾਲ ਨੇ ਇਕ ਸੁਪਾਰੀ ਤੋੜ ਅੱਧਾ ਟੁਕੜਾ ਕਰ ਬਾਨੀਏ ਨੂੰ ਕਹਿਆ ਕਿ ਇਹ ਮੇਰੀ ਅੱਧੀ ਸੁਪਾਰੀ ਜਹਾਜ਼ ਵਿਚ ਰਖਦੇਓ ਅਰ ਲਿਖਦੇਓ ਕਿ ਜਹਾਜ਼ ਵਿਚ ਅੱਧੀ ਸੁਪਾਰੀ ਪਰੀਕਾਲ ਦੀ ਹੈ, ਬਾਨੀਏ ਨੇ ਕਹਿਆ ਕਿ ਭਾਵੇਂ ਤੂੰ ਹਜ਼ਾਰ ਸੁਪਾਰੀ ਲੈ ਲਵੀਂ, ਪਰੀਕਾਲ ਨੇ ਕਹਿਆ ਨਹੀਂ ਅਸੀਂ ਅਧਰਮੀ ਨਹੀਂ ਜੋ ਅਸੀਂ ਝੂਠ ਮੂਠ ਲਈਏ, ਸਾਨੂੰ ਤਾਂ ਅੱਧੀ ਚਾਹੀਏ, ਬਾਨੀਆਂ ਵਿਚਾਰਾ ਭੋਲਾ ਭਾਲਾ ਸੀ ਉਸ ਨੇ ਲਿਖ ਦਿੱਤਾ, ਜਦ ਅਪਨੇ ਦੇਸ਼ ਵਿਚ ਬੰਦਰ ਉੱਤੇ ਜਹਾਜ਼ ਆਇਆ ਅਰ ਸੁਪਾਰੀ ਉਤਾਰਨ ਦੀ ਤਿਆਰੀ ਹੋਈ ਤਦ ਪਰੀਕਾਲ ਨੇ ਕਹਿਆ ਕਿ ਸਾਡੀ ਅੱਧੀ ਸੁਪਾਰੀ ਦੇ ਦੇਓ, ਬਾਨੀਆਂ ਓਹੋ ਅੱਧੀ ਸੁਪਾਰੀ ਦੇਨ ਲੱਗਾ, ਤਦ ਪਰੀਕਾਲ ਝਗੜਨ ਲੱਗਾ ਕਿ ਮੇਰੀ ਤਾਂ ਜਹਾਜ਼ ਵਿਚ ਅੱਧੀ ਸੁਪਾਰੀ ਹੈ ਅੱਧਾ ਵੰਡ ਲਵਾਂਗਾ, ਰਾਜ ਪੁਰੁਸ਼ਾਂ ਤਕ ਝਗੜਾ ਗਿਆ, ਪਰੀਕਾਲ ਨੇ ਬਾਨੀਏਂ ਦਾ ਲੇਖ ਦਿਖਾਇਆ ਕਿ ਏਸ ਨੇ ਅੱਧੀ ਸੁਪਾਰੀ ਦੇਨੀ ਲਿਖੀ ਹੈ, ਬਾਨੀਆਂ ਬਹੁਤ ਸਾਰਾ ਕਹਿੰਦਾ ਰਹਿਆ ਪਰੰਤੂ ਉਸ ਨੇ ਨਾ ਮੰਨਿਆ,ਅੱਧੀ ਸੁਪਾਰੀਲੈਕੇ ਵੈਸ਼ਨਵਾਂ ਦੇ ਅਰਪਣ ਕਰ ਦਿੱਤੀ, ਤਦ ਤਾਂ ਵੈਸ਼ਨਵ ਬਡੇ ਪ੍ਰਸੰਨ ਹੋਏ,ਹੁਨਤਕ ਉਸ ਡਾਕੂ ਚੋਰ ਪਰੀਕਾਲ ਦੀ ਮੂਰਤੀ ਮੰਦਿਰਾਂ ਵਿਚ ਰਖਦੇ ਹਨ, ਇਹ ਕਥਾ ਭਗਤਮਾਲ ਵਿਚ ਲਿਖੀ ਹੈ ਬੁਧਵਾਨ ਦੇਖਲੈਨ ਕਿ ਵੈਸ਼ਨਵ, ਉਨ੍ਹਾਂ ਦੇ ਸੇਵਕ ਅਰ ਨਾਰਾਯਣ ਤਿਨੋਂ ਚੋਰ ਮੰਡਲੀ ਹਨ ਵਾ ਨਹੀਂ ? ਯੱਦਪੀ ਮਤ ਮਤਾਂਤਰਾਂ ਵਿਚ ਕੋਈ ਥੋੜਾ, ਅੱਛਾ ਭੀ ਹੁੰਦਾ ਹੈ ਤਥਾਪੀ ਉਸ ਮਤ ਵਿਚ ਰਹਕੇ ਸਰਵਥਾ ਅੱਛਾ ਨਹੀਂ ਹੋ ਸਕਦਾ। ਹੁਨ ਜੇਹਾ ਵੈਸ਼ਨਵਾਂ ਵਿਚ ਫੁਟ ਟੁੱਟ ਵੱਖਰੇ ਵੱਖਰੇ ਤਿਲਕ, ਕੰਠੀ ਧਾਰਣ ਕਰਦੇ ਹਨ, ਰਾਮਾਨੰਦੀ ਬਗਲ ਵਿਚ ਗੋਪੀ ਚੰਦਨ, ਵਿਚਕਾਰ ਲਾਲ'ਨੀਮਾਵਤ' ਦੋ ਪਤਲੀ ਲੀਕਾਂ, ਵਿਚਕਾਰ ਕਾਲੀ ਬਿੰਦੀ 'ਮਾਧਵ' ਕਾਲੀ ਟੇਖਾ, ਅਰ ਗੌੜ ਮੰਗਾਲੀ ਕਟਾਰੀ ਵਾਛਣ,ਅਰ ਰਾਮਪ੍ਰਸਾਦ ਵਾਲੇ ਦੋ ਚੰਦ੍ਰਮਾਂ ਵਰਗੀ ਰੇਖਾ ਦੇ ਵਿਚਕਾਰ ਇਕ ਚਿੱਟਾ ਗੋਲ ਟਿੱਕਾ, ਇਤਿਆਦੀ ਇਨਾਂ ਦਾ ਕਹਨਾ ਵੱਖਰਾ ਵੱਖਰਾ ਹੈ, ਰਾਮਾਨੰਦੀ ਲਾਲ ਰੇਖਾ ਨੂੰ ਲਖਛਮੀ ਦਾ ਚਿਨ੍ਹ, ਅਰ ਨਾਰਾਯਣ ਦੇ ਹਿਰਦੇ ਸ਼੍ਰੀ ਕ੍ਰਿਸ਼ਨਚੰਦ੍ ਜੀ,ਹਿਰਦੇ

विच राधा विराजमान है, इतिआदी कथन करदे हन॥

इक कथा भगतमाल विच लिखी है, कोई इक मनुॱश दूखत दे हेठां सौंदा सी, सौंदा सौंदा ही मरगिआ, उपर थीं कां ने विशटा कर दिॱती ओह मॱथे उपर तिलक दी शकल वाछण होगई सी, उॱथे यमदे दूत उसनूं लैन आए, इने विच विशनू दे दूत भी पुॱज पए, दोऐ झगड़ा करदे सन कि एह साडे सुआमी दी आगिआ है, असीं यमलोक विच लै जावांगे, विशनू दे दूतां ने कहिआ कि साडे सुआमी दी आगिआ है बैकुंठ विच लै जावांगे, देखो एसदे मॱथे उॱते वैशनवी तिलक है, तुसीं किस तरां लै जाओगे? तद तां यमदे दूत चुॱप होके चले गऐ, विशनू दे दूत आराम नाल उसनूं बैकुंठ विच लै गऐ, नाराघण ने उस नूं बैकुंठ विच रखिआ। देखो जद अॱचनचेत तिलक थन जान दा अजेहा महातम है तां जो अपनी प्रीती अर हॱथ नाल तिलक करदे हन ओह नरक थीं छुटके बैकुंठ विच जान तां एसविच की आशचरज है? असीं पुछने हां कि जद छोटे जेहे तिलक दे करन नाल बैकुंठ विच जांदे हन तां सारे मुंहदे उॱते लेपन करन नाल वा शरीर उॱते लेपन करन नाल बैकुंठ तों भी अॱगे टुर जांदे हन वा नहीं? इस लई इह गॱलां सब विअरथ हन॥

हुन इनां विच बहुत सारे खाखी लंगोटी लगाके लकड़ी दी धूनी झपदे, जटां वधांदे, सिॱध दा भेख धर लैंदे हन, थगले दी निआईं धिआनावसथित हुंदे हन, गांजा, भंग, चरस दे दैमलगांदे लाल अॱखां करके रखदे, सब कोलों चुटकी चुटकी अंन आटा, कौडां, पैसे, मंगदे गृहसथीआं दे मुंडिआं नूं बकाके चेले थना लैंदे हन, बहुत करके मजूर लोग उनां विच हुंदे हन, कोई विदिआ नूं पड़दा होवे तां उस नूं पड़न नहीं दिंदे कहिंदे हन कि :—

पठितवजं तदपि मरतवजं दंतकटाकटेति किं करतवजम॥

सैंतां नूं विदिआ पड़न नाल की कैम? किउंकि विदिआ पड़न वाले भी मर जांदे हन फेर दैद कटा कट किउं करना, साधां नूं चौहां धामां विच फेर अउंणा, सैंतां दी सेवा करनी, राम जी दा भजन करना, जो किसे ने मूरख अर अविदिआ दी मूरती ना देखी होवे तां खाखी जी दा दरशन कर आवे, उनां दे पास जो कोई जांदा है

ਉਨਾਂ ਨੂੰ ਬੱਚਾ, ਬੱਚੀ ਕਹਿੰਦੇ ਹਨ ਭਾਵੇਂ ਓਹ ਖਾਖੀ ਜੀ ਦੇ ਪਿਤਾ ਮਾਤਾ ਦੇ ਸਮਾਨ ਕਿਉਂ ਨਾ ਹੋਨ, ਜਿਸ ਤਰਾਂ ਖਾਖੀ ਜੀ ਹਨ ਉਸੇ ਤਰਾਂ ਹੀ ਰੂੰਖੜ, ਸੰਖੜ, ਗੋਦੜੀਏ, ਅਰ ਜਮਾਤ ਵਾਲੇ ਸੁਥਰੇਸ਼ਾਹੀ, ਅਰ ਅਕਾਲੀ, ਕੰਨ ਪਾਟੇ ਜੋਗੀ, ਔਘੜ ਆਦੀ ਸਭ ਇਕੋ ਜੇਹੇ ਹਨ॥

ਇਕ ਖਾਕੀ ਦਾ ਚੇਲਾ 'ਸ਼੍ਰੀ ਗਣੇਸ਼ਾਯਨਮਃ' ਘੋਖਦਾ ਘੋਖਦਾ ਖੂਹੇ ਉੱਤੇ ਪਾਨੀ ਭਰਨ ਨੂੰ ਗਿਆ, ਉੱਥੇ ਪੰਡਿਤ ਬੈਠਾ ਸੀ, ਓਹ ਉਸਨੂੰ "ਸ਼੍ਰੀਗਣੇਸਾਜਨਮੇ" ਘੋਖਦੇ ਦੇਖਕੇ ਬੋਲਿਆ ਅਰੇ ਸਾਧੂ ਅਸ਼ੁੱਧ ਘੋਖਦਾ ਹੈ "ਸ਼੍ਰੀਗਣੇਸ਼ਾਯਨਮਃ" ਈਕਨ ਘੋਖ! ਉਸਨੇ ਝਟ ਗਡਵਾ ਭਰ ਗੁਰੂ ਜੀ ਦੇ ਪਾਸ ਜਾਕੇ ਕਹਿਆ ਕਿ ਇਕ ਬੱਮਣ ਮੇਰੇ ਖੋਖਨੇ ਨੂੰ ਅਸ਼ੁੱਧ ਕਹਿੰਦਾ ਹੈ, ਇਹ ਗਲ ਸੁਨਕੇ ਝਟ ਖਾਖੀ ਜੀ ਉਠੇ, ਏਹ ਉੱਤੇ ਗਏ ਅਰ ਪੰਡਿਤ ਨੂੰ ਕਹਿਆ ਕਿ ਤੂੰ ਮੇਰੇ ਚੇਲੇ ਨੂੰ ਬਕਾਨਾ ਹੈਂ, ਤੂੰ ਗੁਰੂ ਦੀ ਲੰਡੀ ਕੀ ਪੜ੍ਹਿਆਂਹੈਂ? ਵੇਖ! ਤੂੰ ਇਕ ਪ੍ਰਕਾਰ ਦਾ ਪਾਠ ਜਾਨਨਾ ਹੈਂ ਅਸੀ ਤਿੰਨ ਪ੍ਰਕਾਰ ਦੇ ਜਾਨਨੇ ਹਾਂ, 'ਸ਼੍ਰੀ ਗਣੇਸਾ ਜੱਨਮੇ,' 'ਸ਼੍ਰੀਗਨੇਸਾਯੱਨਮਮੇਂ,' 'ਸ਼੍ਰੀਗਨੇਸਾਯਨਮੇਂ,' (ਪੰਡਿਤ) ਸੁਨੋ! ਸਾਧੂ ਜੀ ਵਿਦਿਆ ਦੀ ਬਾਤ ਬਹੁਤ ਕਠਿਨ ਹੈ, ਬਿਨਾ ਪੜ੍ਹੇ ਨਹੀਂ ਆਉਂਦੀ। (ਖਾਖੀ) ਚਲਬੇ! ਸਭ ਵਿਦਵਾਨ ਅਸਾਂ ਰਗੜ ਮਾਰੇ ਜੋ ਭੰਗ ਵਿਚ ਘੋਟ ਕੇ ਇਕ ਦੰਮ ਸਭ ਉਡਾ ਦਿੱਤੇ, ਸੰਤਾਂ ਦਾ ਘਰ ਵੱਡਾ ਹੈ ਤੂੰ 'ਬਾਬੂੜਾ' ਕੀ ਜਾਨੇ। (ਪੰਡਿਤ) ਵੇਖੋ! ਜੇ ਤੁਸੀਂ ਵਿਦਿਆ ਪੜ੍ਹੇ ਹੋਏ ਹੁੰਦੇ ਤਾਂ ਅਜੇਹੇ ਮੰਦੇ ਬੋਲ ਕਿਉਂ ਬੋਲਦੇ, ਸਭ ਪ੍ਰਕਾਰ ਦਾ ਤੁਹਾਨੂੰ ਗਿਆਨ ਹੁੰਦਾ। (ਖਾਖੀ) ਅਬੇ ਤੂੰ ਸਾਡਾ ਗੁਰੂ ਬਨਦਾ ਹੈ, ਤੇਰਾ ਉਪਦੇਸ਼ ਅਸੀਂ ਨਹੀਂ ਸੁਨਦੇ। (ਪੰਡਿਤ) ਸੁਨੋ ਕਿੱਥੋਂ ਬੁਧੀ ਹੀ ਨਹੀਂ, ਉਪਦੇਸ਼ ਸੁਨਨੇ, ਸਮਝਨੇ ਦੇ ਵਾਸਤੇ ਵਿਦਿਆ ਚਾਹੀਏ। (ਖਾਖੀ) ਜੋ ਸਾਰੇ ਵੇਦ, ਸ਼ਾਸਤ੍ਰ ਪੜ੍ਹੇ, ਸੰਤਾਂ ਨੂੰ ਨਾ ਮੰਨੇ ਤਾਂ ਜਾਨੋ ਕਿ ਉਹ ਕੁਝ ਭੀ ਨਹੀਂ ਪੜ੍ਹਿਆ। (ਪੰਡਿਤ) ਹਾਂ ਅਸੀਂ ਸੰਤਾਂ ਦੀ ਸੇਵਾ ਕਰਦੇ ਹਾਂ, ਪਰੰਤੂ ਤੁਹਾਡ ਜਹੇ ਹੁੜਦੰਗਿਆਂ ਦੀ ਨਹੀਂ ਕਰਦੇ, ਕਿਉਂਕਿ ਸੰਤ, ਸੱਜਨ, ਵਿਦਵਾਨ, ਧਰਮਾਤਮਾ, ਪਰਉਪਕਾਰੀ ਪੁਰੁਸ਼ਾਂ ਨੂੰ ਕਹਿੰਦੇ ਹਨ। (ਖਾਖੀ) ਵੇਖ ਅਸੀਂ ਰਾਤ ਦਿਨ ਨੰਗੇ ਰਹਿੰਦੇ, ਧੂੰਨੀ ਸੇਕਦੇ, ਗਾਂਜੇ, ਚਰਸ ਦੇ ਸੈਂਕੜੇ ਦੰਮਲਗਾਂਦੇ, ਤਿੰਨ ਤਿੰਨ ਲੋਟੇ ਭੰਗ ਦੇ ਪੀਂਦੇ, ਗਾਂਜੇ, ਭੰਗ, ਧਤੂਰੇ ਦੇ ਪਤ੍ਰਾਂ ਦਾ ਸਾਗ ਬਨਾਕੇ ਖਾਂਦੇ, ਸੰਖੀਆ ਅਰ ਅਫੀਮ ਭੀ ਝਟ ਨਿਗਲ ਜਾਂਦੇ, ਨਸ਼ੇ ਵਿਚ ਡੁੱਬੇ ਹੋਏ ਰਾਤ ਦਿਨ ਬੇਗਮ ਰਹਿੰਦੇ, ਦੁਨੀਆਂ ਨੂੰ ਕੁਝ ਨਹੀਂ ਸਮਝਦੇ, ਭਿਖਯਾ ਮੰਗ ਕੇ ਟਿੱਕੜ ਬਨਾਕੇ ਖਾਂਦੇ, ਰਾਤ ਭਰ ਅਜੇਹੀ ਖੰਗ ਹੁੰਦੀ ਕਿ ਜੋ ਪਾਸ ਸਵੇਂ ਓਸਨੂੰ ਭੀ ਨੀਂਦ ਕਦੀ ਨਾ ਆਵੇ, ਇਤਿਆਦੀ ਸਿੱਧੀਆਂ, ਅਰ ਸਾਧੂਪਨ ਸਾਡੇ ਵਿਚ ਹੈ ਫੇਰ ਤੂੰ ਸਾਡੀ ਨਿੰਦਿਆ ਕਿਉਂ ਕਰਦਾ ਹੈਂ? ਖ਼ਬਰਦਾਰ ਬਾਬੂੜੇ! ਜੋ

ਸਾਨੂੰ ਤੰਗ ਕਰੇਂਗਾ ਤਾਂ ਅਸੀਂ ਤੈਨੂੰ ਭਸਮ ਕਰ ਸੁੱਟਾਂਗੇ। (ਪੰਡਿਤ) ਏਹ ਸਭ ਲੱਖਛਣ ਅਸਾਧੂ, ਮੂਰਖ ਅਰ ਗਰਬਗੀਡਾਂ ਦੇ ਹਨ ਸਾਧੂਆਂ ਦੇ ਨਹੀਂ, ਸੁਨੋ! ਜੋ ਧਰਮ ਥੀਂ ਯੁਕਤ ਉੱਤਮ ਕੰਮ ਕਰੇ, ਸਦਾ ਪਰਉਪਕਾਰ ਵਿਚ ਲਗਿਆ ਰਹੇ, ਕੋਈ ਦੁਰਗੁਣ ਜਿਸ ਵਿਚ ਨਾ ਹੋਵੇ. ਵਿਦਵਾਨ, ਸੱਤ ਉਪਦੇਸ਼ ਨਾਲ ਸਭ ਦਾ ਉਪਕਾਰ ਕਰੇ, ਓਸਨੂੰ ਸਾਧੂ ਕਹਿੰਦੇ ਹਨ। (ਖਾਖੀ) ਚਲਬੇ ਤੂੰ ਸਾਧੂ ਦੇ ਕਰਮ ਕੀ ਜਾਨੇ, ਸੰਤਾਂ ਦਾ ਘਰ ਵੱਡਾ ਹੈ, ਕਿਸੇ ਸੰਤ ਨਾਲ ਅਟਕਨਾ ਨਹੀਂ, ਨਹੀਂ ਤਾਂ ਵੇਖ! ਇਕ ਚਿਮਟਾ ਉਠਾਕੇ ਮਾਰਗਾ ਸਿਰ ਤੁੜਵਾ ਬੈਠੇਂਗਾ। (ਪੰਡਿਤ) ਹੱਛਾ ਖਾਖੀ ਜਾਓ ਅਪਨੇ ਆਸਨ ਉੱਤ ਸਾਡੇ ਨਾਲ ਬਹੁਤ ਗੁੱਸੇ ਨਾ ਹੋਵੋ. ਜਾਨ ਦੇਓ! ਰਾਜ ਕਿਸ ਤਰਾਂ ਦਾ ਹੈ, ਕਿਸੇ ਨੂੰ ਮਾਰੋਗੇ ਤਾਂ ਪਕੜੇ ਜਾਓਗੇ, ਕੈਦਖ਼ਾਨਾ ਭੋਗੋਗੇ, ਬੇਂਤ ਖਾਓਗੇ ਵਾ ਕੋਈ ਤੁਹਾਨੂੰ ਭੀ ਮਾਰ ਬੈਠੇਗਾ ਫੇਰ ਕੀ ਕਰੋਗੇ? ਇਹ ਸਾਧੂ ਦਾ ਲੱਖਛਣ ਨਹੀਂ। (ਖਾਖੀ) ਚਲਬੇ ਚੇਲ਼ੇ ਕਿਸ ਰਾਖਛਸ ਦਾ ਮੂੰਹ ਵਿਖਾਇਆਈ? (ਪੰਡਿਤ) ਤੁਸਾਂ ਨੇ ਕਦੀ ਕਿਸੇ ਮਹਾਤਮਾ ਦਾ ਸੰਗ ਨਹੀਂ ਕੀਤਾ, ਨਹੀਂ ਤਾਂ ਅਜੇਹੇ ਜੜ੍ਹ ਮੂਰਖ ਨਾ ਰਹਿੰਦੇ। (ਖਾਖੀ) ਅਸੀਂ ਆਪ ਹੀ ਮਹਾਤਮਾ ਹਾਂ ਸਾਨੂੰ ਕਿਸੇ ਦੂਜੇ ਦੀ ਗ਼ਰਜ਼ ਨਹੀਂ। (ਪੰਡਿਤ) ਜਿਨ੍ਹਾਂ ਦੇ ਭਾਗ ਨਸ਼ਟ ਹੁੰਦੇ ਹਨ, ਉਨ੍ਹਾਂ ਦੀ ਤੁਹਾਡੇ ਜਹੀ ਬੁਧੀ ਅਰ ਅਭਿਮਾਨ ਹੁੰਦਾ ਹੈ॥ ਖਾਖੀ ਆਸਨ ਉੱਤੇ ਚਲਾ ਗਿਆ ਅਰ ਪੰਡਿਤ ਘਰ ਨੂੰ ਗਏ, ਜਦ ਸੰਧਿਆ ਆਰਤੀ ਹੋ ਗਈ ਤਦ ਓਸ ਖਾਖੀਨੂੰ ਵੱਡਾ ਸਮਝ ਬਹੁਤਸਾਰੇਖਾਖੀ ਡੰਡੌਤਡੰਡੌਤ ਕਹਿੰਦੇ ਸਾਸ਼ਟਾਂਗ ਕਰਕੇ ਬੈਠੇ, ਓਸ ਖਾਖੀ ਨੇ ਪੁਛਿਆ ਅਬੇ ਰਾਮਦਾਸੀਆ ਤੂੰ ਕੀ ਪੜ੍ਹਿਆ ਹੈ? (ਰਾਮਦਾਸ) ਮਹਾਰਾਜ ਮੈਂਨੇ ਬੇਸਨੂੰ ਸਹਸੱਰ ਨਾਮ ਪੜ੍ਹਿਆ, ਅਬੇ ਗੋਬਿੰਦ-ਦਾਸੀਏ ਤੂੰ ਕੀ ਪੜ੍ਹਿਆ ਹੈ? (ਗੋਬਿੰਦਦਾਸ) ਮੈਂ ਰਾਮਸਤਵਰਾਜ ਪੜ੍ਹਿਆ ਹਾਂ ਫਲਾਨੇ ਖਾਖੀ ਜੀ ਦੇ ਪਾਸ, ਤਦ ਰਾਮਦਾਸ ਬੋਲਿਆ ਕਿ ਮਹਾਰਾਜ ਤੁਸੀਂ ਕੀ ਪੜ੍ਹੇ ਹੋ? (ਖਾਖੀ) ਅਸੀਂ ਗੀਤਾ ਪੜ੍ਹੇ ਹਾਂ। (ਰਾਮਦਾਸ) ਕਿਧੇ ਕੋਲੋਂ? (ਖਾਖੀ) ਚਲਬੇ ਛੋਕਰੇ, ਅਸੀਂ ਕਿਸੇ ਨੂੰ ਗੁਰੂ ਨਹੀਂ ਕਰਦੇ, ਵੇਖ ਅਸੀ ਪ੍ਰਾਗ-ਰਾਜ ਵਿਚ ਰਹਿੰਦੇ ਸਾਂ, ਸਾਨੂੰ ਅਖਰ ਨਹੀਂ ਆਉਂਦਾ ਸੀ, ਜਦ ਕਿਸੇ ਲੰਮੀ ਧੋਤੀ ਵਾਲੇ ਪੰਡਿਤ ਨੂੰ ਵੇਖਦੇ ਸਾਂ ਤਦ ਗੀਤਾ ਦੇ ਗੁਟਕੇ ਵਿਚੋਂ ਪੁਛਦਾ ਸਾਂ ਕਿ ਏਸ ਕਲਗੀ ਵਾਲੇ ਅਖਰ ਦਾ ਕੀ ਨਾਉਂ ਹੈ? ਏਸਤਰਾਂਪੁਛਦੇ ਪੁਛਦੇ ਅਠਾਰਾਂ ਅਧਿਆਯ ਗੀਤਾ ਰਗੜ ਮਾਰੀ, ਗੁਰੂ ਇਕ ਭੀ ਨਹੀਂ ਕੀਤਾ। ਭਲਾ ਅਜੇਹੇ ਵਿਦਿਆ ਦੇ ਸ਼ਤਰੂਆਂ ਦੇ ਪਾਸ ਅਵਿਦਿਆ ਠਹਰੇ ਨਾ ਤਾਂ ਕਿੱਥੇ ਜਾਵੇ॥

ਇਹ ਲੋਗ ਦਿਨ ਨਸ਼ਾ, ਪ੍ਰਮਾਦ, ਲੜਨਾ, ਖਾਨਾ, ਸੌਨਾ, ਫੈਨੇਵਜਾਨੇ, ਘੰਟਾ, ਘੜਿਆਲ, ਸੰਖ ਬਜਾਨਾ, ਧੂਣੀ ਜਗਾ ਰਖਨੀ, ਨ੍ਹਾਉਨਾ, ਧੋਨਾ, ਸਭਨਾਂ ਪਾਸਿਆਂ ਵਲ ਵਿਆਰਥ ਭਉਦਿਆਂ ਫਿਰਨਾ ਇਨ੍ਹਾਂ ਗਲਾਂ ਤੋਂ

ਬਿਨਾ ਹੋਰ ਕੌਈ ਅੱਛਾ ਕੰਮ ਨਹੀਂ ਕਰਦੇ, ਭਾਵੇਂ ਕੋਈ ਪੱਥਰ ਨੂੰ ਮੋਮ ਕਰ ਲਵੇ ਪਰੰਤੂ ਇਨਾਂ ਖਾਖੀਆਂ ਦੇ ਆਤਮਾ ਨੂੰ ਬੋਧ ਕਰਾਨਾ ਕਠਿਨ ਹੈ ਕਿਉਂਕਿ ਬਹੁਤ ਕਰਕੇਓਹ ਸ਼ੂਦ੍ਰਵਰਣ ਮਜੂਰ,ਜ਼ਿਮੀਂਦਾਰ,ਮੈਹਰੇ ਆਦੀ ਅਪਨੀ ਮਜੂਰੀ ਛੱਡ ਨਿਰੀ ਸੁਆਹ ਲਗਾ ਕੇ ਬੈਰਾਗੀ ਖਾਖੀ ਆਦੀ ਹੋ ਜਾਂਦੇ ਹਨ,ਓਹਵਿਦਯਾ ਵਾ ਸਤ੍ਸੰਗ ਆਦੀ ਦਾ ਮਹਾਤਮ ਨਹੀਂ ਜਾਨ ਸਕਦੇ ॥

ਇਨ੍ਹਾਂ ਵਿਚੋਂ ਨਾਥਾਂ ਦਾ ਮੰਤ੍ "ਨਮਃ ਸ਼ਿਵਾਯ" ਖਾਖੀਆਂ ਦਾ "ਨਰਸ਼ਿੰਘਾਯਨਮਃ" ਰਾਮ ਅਵਤਾਰਾਂ ਦਾ "ਸ਼੍ਰੀਰਾਮਚੰਦ੍ਰਾਯ ਨਮਃ ਅਥਵਾ ਸੀਤਾਰਾਮਾਭ੍ਯਾਂਨਮਃ" ਕ੍ਰਿਸ਼ਨ ਉਪਾਸਕਾਂ ਦਾ "ਸ਼੍ਰੀ ਰਾਧਾਕ੍ਰਿਸ਼ਨਾ ਭ੍ਯਾਂਨਮਃ" "ਨਮੋ ਭਗਵਤੇ ਵਾਸੁਦੇਵਾਯ" ਅਰ ਬੰਗਾਲੀਆਂ ਦਾ "ਗੋਬਿੰਦਾਯਨਮਃ" ॥

ਇਨ੍ਹਾਂ ਮੰਤ੍ਰਾਂ ਨੂੰ ਕੰਨ ਵਿਚ ਪੜ੍ਹਨ ਮਾਤ੍ ਨਾਲ ਚੇਲਾ ਕਰ ਲੈਂਦੇ ਹਨ। ਅਰ ਅਜੇਹੀ ਅਜੇਹੀ ਸ਼ਿਖਛਾ ਕਰਦੇ ਹਨ ਕਿ ਬੱਚੇ ਤੁੰਬੇ ਦਾ ਮੰਤ੍ ਪੜ੍ਹਲੈ ॥

ਜਲ ਪਵਿਤ੍ ਸਥਲ ਪਵਿਤ੍, ਔਰ ਪਵਿਤ੍ ਕੂਆ।
ਸ਼ਿਵ ਕਹੇ ਸੁਨ ਪਾਰਬਤੀ, ਤੁੰਬਾ ਪਵਿਤ੍ ਹੁਆ॥

ਭਲਾ ਅਜੇਹੇ ਦੀ ਯੋਗਤਾ ਸਾਧੂ ਵਾ ਵਿਦਵਾਨ ਹੋਨੇ ਅਥਵਾ ਜਗਤ ਦੇ ਉਪਕਾਰ ਕਰਨੇ ਦੀ ਕਦੀ ਹੋ ਸਕਦੀ ਹੈ? ਖਾਖੀਰਾਤ੍ਦਿਨ ਲਕੜ ਛਾਨੈ (ਜੰਗਲੀ ਗੋਹੇ) ਬਾਲਿਆ ਕਰਦੇ ਹਨ, ਇਕ ਮਹੀਨੇ ਵਿਚ ਕਈ ਰੁਪਯੇ ਦੀ ਲਕੜੀ ਫੂਕ ਦਿੰਦੇ ਹਨ, ਜੋ ਇਕ ਮਹੀਨੇ ਦੀ ਲਕੜੀ ਦੇ ਮੁੱਲ ਨਾਲ ਕੰਬਲ ਆਦੀ ਕਪੜੇ ਲੈ ਲੈਨ ਤਾਂ ਸੌ ਅੰਸ਼ ਧਨ ਨਾਲ ਆਨੰਦ ਵਿਚ ਰਹਿਨ, ਉਨ੍ਹਾਂ ਨੂੰ ਇੱਨੀ ਬੁਧੀ ਕਿਥੋਂ ਥੀਂ ਆਵੇ? ਅਰ ਅਪਨਾ ਨਾਮ ਉੱਸੇ ਧੂਨੀ ਵਿਚ ਤਪਨੇ ਹੀ ਨਾਲ ਤਪੀ ਧਰ ਰਖਿਆ ਹੈ, ਜੋ ਏਸ ਤਰਾਂ ਤਪੀ ਹੋ ਸੱਕਨ ਤਾਂ ਜੰਗਲੀ ਮਨੁੱਸ਼ ਇਨ੍ਹਾਂ ਨਾਲੋਂ ਭੀ ਵਧੀਕ ਤਪੀ ਹੋ ਜਾਨ, ਜੇ ਜਟਾਂ ਵਧਾਨੇ, ਰਾਖ ਲਗਾਨੇ ਵਾ ਤ੍ਰਿਲਕ ਕਰਨੇ ਨਾਲ ਤਪੀ ਹੋ ਜਾਵੇ ਤਾਂ ਸਬ ਕੋਈ ਕਰ ਸੱਕੇ, ਇਹ ਉਪਰੋਂ ਤ੍ਯਾਗ ਸਰੂਪ ਅਰ ਅੰਦਰ ਦੇ ਵਡੇ ਜੋੜ ਹੁੰਦੇ ਹਨ।

(ਪ੍ਰਸ਼ਨ) ਕਬੀਰ ਪੰਥੀ ਭਾਂ ਅੱਛ ਹਨ ? (ਉੱਤਰ) ਨਹੀਂ।

(ਪ੍ਰਸ਼ਨ) ਕਿਉਂ ਅੱਛੇ ਨਹੀਂ? ਪੱਥਰ ਆਦੀ ਮੂਰਤੀ ਪੂਜਾ ਦਾ ਖੰਡਨ ਕਰਦੇ ਹਨ, 'ਕਬੀਰ ਸਾਹਿਬ' ਫੁਲਾਂ ਥੀਂ ਉਤਪੰਨ ਹੋਏ, ਅਰ ਅੰਤ ਵਿਚ ਭੀ ਫੁਲ ਹੋਗਏ, ਬ੍ਰਹਮਾ, ਵਿਸ਼ਨੂੰ, ਮਹਾਦੇਵ ਦਾ ਜਨਮ ਜਦ ਨਹੀਂ ਸੀ ਤਦ ਭੀ ਕਬੀਰ ਸਾਹਿਬ ਸਨ, ਵਡੇ ਸਿੱਧ ਕਿ ਜਿਸ ਗਲ ਨੂੰ ਵੇਦ, ਪੁਰਾਣ ਭੀ ਨਹੀਂ ਜਾਨ ਸਕਦੇ ਹਨ ਉਸ ਨੂੰ ਕਬੀਰ ਜਾਨਦੇ ਸਨ, ਸੱਚਾ ਰਸਤਾ ਹੈ, ਸੋ ਕਬੀਰ ਹੀ ਨੇ ਦਿਖਾਇਆ ਹੈ, ਇਨ੍ਹਾਂ ਦਾ ਮੰਤ੍ 'ਸਤ ਨਾਮ ਕਬੀਰ' ਆਦੀ ਹੈ ॥

(ਉੱਤਰ) ਪੱਥਰ ਆਦੀ ਨੂੰ ਛਡ ਪਲੰਗ, ਗੱਦੀ, ਤਕੀਏ, ਖੜਾਵਾਂ ਜੋੜੀ, ਅਰਥਾਤ ਦੀਵਾ, ਆਦੀ ਦਾ ਪੂਜਨਾ ਪੱਥਰ ਮੂਰਤੀ ਨਾਲੋਂ ਘਟ ਨਹੀਂ, ਕੀ ਕਬੀਰ ਸਾਹਿਬ ਭੁਨਗਾ ਸੀ ਵਾ ਕਲੀਆਂ ਸੀ ? ਜੋ ਫੁੱਲਾਂ ਥੀਂ ਜੰਮਿਆ, ਅਰ ਅੰਤ ਵਿਚ ਫੁਲ ਹੋਗਿਆ, ਇੱਥੇ ਜੋ ਇਹ ਗੱਲ ਸੁਨੀ ਜਾਂਦੀ ਹੇ ਓਹੀ ਸੱਚੀ ਹੋਵੇਗੀ, ਕਿ ਕੋਈ ਜੁਲਾਹਾ ਕਾਂਸ਼ੀ ਵਿਚ ਰਹਿੰਦਾ ਸੀ, ਉਸਦੇ ਬਾਲ ਬੱਚੇ ਨਹੀਂ ਸਨ, ਇਕ ਸਮਯ ਥੋੜੀ ਜੇਹੀ ਰਾਤ ਸੀ ਇਕ ਗਲੀ ਵਿਚ ਚਲਿਆ ਜਾਂਦਾ ਸੀ ਤਾਂ ਦੇਖਿਆ ਸੜਕ ਦੇ ਕੰਡੇ ਇਕ ਟੋਕਰੀ ਵਿਚ ਫੁਲਾਂ ਦੇ ਵਿਚ ਉਸੇ ਰਾਤਦਾ ਜੰਮਿਆ ਬਾਲਕ ਸੀ,ਓਹ ਉਸ ਨੂੰ ਚੁਕ ਕੇ ਲੈ ਗਇਆ, ਅਪਨੀ ਇਸਤ੍ਰੀ ਨੂੰ ਦਿੱਤਾ, ਉਸਨੇ ਪਾਲਿਆ, ਜਦ ਓਹ ਵਡਾ ਹੋਇਆ ਤਦ ਜੁਲਾਹੇ ਦਾ ਕੰਮ ਕਰਦਾ ਸੀ, ਕਿਸੇ ਪੰਡਿਤ ਦੇ ਕੋਲ ਸੰਸਕ੍ਰਿਤ ਪੜ੍ਹਨ ਵਾਸਤੇ ਗਿਆ, ਉਸਨੇ ਉਸਦਾ ਅਪਮਾਨ ਕੀਤਾ, ਕਿਹਾ ਕਿ ਅਸੀਂ ਜੁਲਾਹੇ ਨੂੰ ਨਹੀਂ ਪੜ੍ਹਾਂਦੇ, ਇਸੇ ਤਰਾਂ ਕਿੱਨੇ ਪੰਡਿਤਾਂ ਦੇ ਕੋਲ ਗਿਆ ਪਰੰਤੂ ਕਿਸੇ ਨੇ ਨਾ ਪੜ੍ਹਾਇਆ, ਤਦ ਊਟਪਟਾਂਗ ਭਾਸ਼ਾ ਬਨਾਕੇ ਜੁਲਾਹੇ ਆਦੀ ਨੀਚ ਲੋਗਾਂ ਨੂੰ ਸਮਝਾਨ ਲਗਾ, ਤੰਬੂਰਾ ਲੈਕੇ ਗਾਉਂਦਾ ਸੀ ਭਜਨ ਬਨਾਉਂਦਾ ਸੀ, ਵਿਸ਼ੇਸ਼ ਕਰਕੇ ਬ੍ਰਾਹਮਣ, ਸ਼ਾਸਤ੍ਰ ਅਰ ਵੇਦ ਦੀ ਨਿੰਦਿਆ ਕਰਦਾ ਸੀ, ਕੁਝ ਮੂਰਖ ਲੋਗ ਉਸਦੇ ਜਾਲ ਵਿਚ ਫਸ ਗਏ, ਜਦ ਮਰਗਿਆ ਤਾਂ ਲੋਕਾਂ ਨੇ ਉਸ ਨੂੰ ਸਿੱਧ ਬਨਾਲਿਆ, ਜੋ ਜੋ ਉਸਨੇ ਜੀਉਂਦੇ ਜੀ ਬਨਾਇਆ ਸੀ ਉਸ ਨੂੰ ਉਸਦੇ ਚੇਲੇ ਪੜ੍ਹਦੇ ਰਹੇ, ਕੰਨਾਂ ਵਿਚ ਉਂਗਲੀਆਂ ਦੇਕੇ ਜੋ ਸ਼ਬਦ ਸੁਨਿਆਂ ਜਾਂਦਾ ਹੈ ਉਸ ਨੂੰ ਅਨਹਦ ਸ਼ਬਦ ਸਿੱਧਾਂਤ ਠਹਰਾਇਆ, ਮਨ ਦੀ ਬ੍ਰਿੱਤੀ ਨੂੰ ਸੁਰਤੀ ਕਹਿੰਦੇ ਹਨ, ਉਸਨੂੰ ਉਸ ਸ਼ਬਦ ਸੁਨਨ ਵਿਚ ਲਗਾਨਾ, ਉਸੇ ਨੂੰ ਸੰਤ ਅਰ ਪਰਮੇਸ਼ੁਰ ਦਾ ਧਿਆਨ ਬਤਾਉਂਦੇ ਹਨ, ਉੱਥੇ ਕਾਲ ਨਹੀਂ ਪੁੱਜਦਾ, ਬਰਛੀ ਵਾਛਣ ਟਿੱਕਾ ਅਰ ਚੰਦਨ ਆਦੀ ਲਕੜ ਦੀ ਕੰਠੀ ਬਨ੍ਹਦੇ ਹਨ, ਭਲਾ ਵਿਚਾਰ ਕੇ ਦੇਖੋ ! ਕਿ ਇਨਾਂ ਗੱਲਾਂ ਥੀਂ ਆਤਮਾ ਦੀ ਉੱਨਤੀ ਅਰ ਗਿਆਨ ਕੀ ਵਧ ਸਕਦਾ ਹੈ ? ਇਹ ਨਿਰੀ ਮੁੰਡਿਆਂ ਦੀ ਖੇਡ ਵਾਛਣ ਲੀਲਾ ਹੈ ॥

(ਪ੍ਰਸ਼ਨ) ਪੰਜਾਬ ਦੇਸ਼ ਵਿਚ ਨਾਨਕ ਜੀ ਨੇ ਇਕ ਮਾਰਗ ਚਲਾਇਆ ਹੈ ਕਿਉਂਕਿ ਓਹ ਭੀ ਮੂਰਤੀ ਦਾ ਖੰਡਨ ਕਰਦੇ ਸਨ, ਮੁਸਲਮਾਨ ਹੋਨ ਥੀਂ ਬਚਾਏ, ਓਹ ਸਾਧੂ ਭੀ ਨਹੀਂ ਹੋਏ ਕਿੰਤੂ ਗ੍ਰਿਹਸਥੀ ਬਨੇਰਹੇ.ਦੇਖੋ ਉਨ੍ਹਾਂਨੇ ਇਹ ਮੰਤ੍ਰ ਉਪਦੇਸ਼ ਕੀਤਾ ਹੈ ਏਥੋਂ ਮਲੂਮਹੁੰਦਾ ਹੈ ਕਿ ਉਨ੍ਹਾਂ ਦਾ ਆਸ਼ਯਚੰਗਾ ਸੀ।

੧ ਓਂਸਤਨਾਮ,ਕਰਤਾਪੁਰਖ,ਨਿਰਭਉ,ਨਿਰਵੈਰ,
ਅਕਾਲਮੂਰਤ,ਅਜੋਨੀਸੈਭੰਗ,ਗੁਰਪ੍ਰਸਾਦ ਜਪ,ਆਦਿ

ਸਚ,ਜੁਗਾਦ ਸਚ,ਹੈ ਭੀ ਸਚ,ਨਾਨਕ ਹੋਸੀਭੀ ਸਚ ॥

ਜਪੁਜੀ ਪੌੜੀ ੧ ।

ਓਂ ਜਿਸਦਾ ਸੱਚਾ ਨਾਮ ਹੈ ਉਹ ਕਰਤਾ ਪੁਰਖ,ਭੈ ਅਰ ਵੈਰ ਥੀਂ ਰਹਿਤ, ਅਕਾਲ ਮੂਰਤ, ਜੋ ਕਾਲ ਵਿਚ ਅਰ ਜੂਨੀ ਵਿਚ ਨਹੀਂ ਆਉਂਦਾ, ਪ੍ਰਕਾਸ਼ਮਾਨ ਹੈ, ਉਸਦਾ ਜਪ ਗੁਰੂ ਦੀ ਕ੍ਰਿਪਾ ਨਾਲ ਕਰ, ਓਹ ਪਰਮੇਸ਼ੁਰ ਆਦਿ ਵਿਚ ਸਚ ਸੀ, ਜੁਗਾਂ ਦੇ ਆਦਿ ਵਿਚ ਸੱਚ, ਵਰਤਮਾਨ ਵਿਚ ਸਚ, ਅਰ ਹੋਸੀ ਭੀ ਸਚ ।

(ਉੱਤਰ) ਨਾਨਕ ਜੀ ਦਾ ਆਸ਼ਯ ਤਾਂ ਚੰਗਾ ਸੀ, ਪਰ ਵਿਦਿਆ ਕੁਝ ਭੀ ਨਹੀਂ ਸੀ, ਹਾਂ ਭਾਸ਼ਾ ਉਸ ਦੇਸ਼ ਦੀ ਜੋ ਕਿ ਪਿੰਡਾਂ ਦੀ ਹੈ ਉਸਨੂੰ ਜਾਨਦੇ ਸਨ, ਵੇਦ ਆਦੀ ਸ਼ਾਸਤ੍ਰ ਅਰ ਸੰਸਕ੍ਰਿਤ ਕੁਝ ਭੀ ਨਹੀਂ ਜਾਨਦੇ ਸਨ, ਜੇ ਜਾਨਦੇ ਹੁੰਦੇ ਤਾਂ ਨਿਰਭੈ ਸ਼ਬਦ ਨੂੰ ਨਿਰਭਉ ਕਿਉਂ ਲਿਖਦੇ? ਅਰ ਏਸਦਾ ਦ੍ਰਿਸ਼ਟਾਂਤ ਉਨ੍ਹਾਂ ਦਾ ਬਨਾਇਆ ਸੰਸਕ੍ਰਿਤੀ ਸਤੋਤ੍ਰ ਹੈ, ਚਾਹੁੰਦੇ ਸਨ ਕਿ ਮੈਂ ਭੀ ਸੰਸਕ੍ਰਿਤ ਵਿਚ ਪੈਰ ਅੜਾਵਾਂ, ਪਰੰਤੂ ਬਿਨਾ ਪੜ੍ਹਿਆਂ ਸੰਸਕ੍ਰਿਤ ਕੀਕਨ ਆ ਸਕਦੀ ਹੈ ? ਹਾਂ ਉਨ੍ਹਾਂ ਪੋਂਙੂਆਂ ਦੇ ਸਾਮਨੇ ਜਿਨ੍ਹਾਂ ਨੇ ਸੰਸਕ੍ਰਿਤ ਕਦੀ ਸੁਨੀ ਭੀ ਨਹੀਂ ਸੀ ਸੰਸਕ੍ਰਿਤ ਬਨਾਕੇ ਸੰਸਕ੍ਰਿਤ ਦੇ ਭੀ ਪੰਡਿਤ ਹਨ ਗਏ ਹੋਂਨਗੇ, ਇਹ ਗਲ ਅਪਨੇ ਮਾਨ, ਪ੍ਰਤਿਸ਼ਠਾ, ਅਰ ਅਪਨੀ ਮਸ਼ਹੂਰੀ ਦੀ ਇਛਿਆ ਦੇ ਬਗੈਰ ਕਦੀ ਨਾ ਕਰਦੇ, ਉਨ੍ਹਾਂ ਨੂੰ ਅਪਨੀ ਪ੍ਰਤਿਸ਼ਠਾ ਦੀ ਇਛਿਆ ਜਰੂਰ ਸੀ, ਨਹੀਂ ਤਾਂ ਜੇਹੋਜੇਹੀ ਬੋਲੀ ਜਾਨਦੇ ਸਨ ਕਹਿੰਦੇ ਰਹਿੰਦੇ, ਅਰ ਇਹ ਭੀ ਕਹ ਦਿੰਦੇ ਕਿਮੈਂ ਸੰਸਕ੍ਰਿਤ ਨਹੀਂ ਪੜ੍ਹਿਆ, ਜਦ ਕੁਝ ਅਭਿਮਾਨ ਸੀ ਤਾਂ ਮਾਨ ਪ੍ਰਤਿਸ਼ਠਾ ਦੇ ਵਾਸਤੇ ਕੁਝ ਦੰਭ ਭੀ ਕੀਤਾ ਹੋਵੇਗਾ, ਏਸ ਲਈ ਉਨ੍ਹਾਂ ਦੇ ਗ੍ਰੰਥ ਵਿਚ ਜਿਥੇ ਕਿਥੇ ਵੇਦਾਂ ਦੀ ਨਿੰਦਿਆ ਅਰ ਉਸਤਤੀ ਭੀ ਹੈ, ਕਿਉਂਕਿ ਜੇ ਏਸਤਰਾਂ ਨਾ ਕਰਦੇ ਤਾਂ ਉਨ੍ਹਾਂ ਕੋਲੋਂ ਭੀ ਕੋਈ ਵੇਦ ਦਾ ਅਰਥ ਪੁਛਦਾ ਜਦ ਨਾ ਅਉਂਦਾ ਤਦ ਪ੍ਰਤਿਸ਼ਠਾ ਨਸ਼ਟ ਹੁੰਦੀ, ਏਸ ਲਈ ਪਹਿਲੋਂ ਹੀ ਅਪਨੇ ਚੇਲਿਆਂ ਦੇ ਸਾਮਨੇ ਕਿਧਰੇ ਕਿਧਰੇ ਵੇਦਾਂ ਦੇ ਵਿਰੁੱਧ ਬੋਲਦੇ ਸਨ ਅਰ ਕਿਧਰੇ ਕਿਧਰੇ ਵੇਦਾਂ ਦੇ ਵਾਸਤੇ ਅੱਛਾ ਭੀ ਕਹਿਆ ਹੈ ਕਿਉਂਕਿ ਜੋ ਕਿਧਰੇ ਅੱਛਾ ਨਾ ਕਹਿੰਦੇ ਤਾਂ ਲੋਕ ਉਨ੍ਹਾਂ ਨੂੰ ਨਾਸਤਿਕ ਕਹਿੰਦੇ ਜਿਸ ਤਰਾਂ :—

'ਵੇਦ ਪੜ੍ਹਤ ਬ੍ਰਹਮਾ ਮਰੇ' 'ਚਾਰੋਂ ਵੇਦ ਕਹਾਨਿ' 'ਸੰਤ ਕੀ ਮਹਿਮਾ ਵੇਦ ਨਾ ਜਾਨੀ' 'ਨਾਨਕ ਬ੍ਰਹਮਗਿਆਨੀ ਆਪ ਪ੍ਰਮੇਸ਼੍ਵਰ' ॥

ਨਾਨਕ ਬ੍ਰਹਮਗਿਆਨੀ ਆਪਿ ਪਰਮੇਸੁਰ॥੬॥ਸਲੋਕ ਸੁਖਮਨੀਸਹਾ ੨੫੪ ।
*ਸਾਧ ਕੀਮਹਿਮਾ ਵੇਦ ਨ ਜਾਨਹਿ।ਗਉੜੀ ਸੁਃ ਮਃ ੫ ਸ਼ਲੋਕ ੭। ਤੁਕ ੮।

की वेद पड़ुन वाले मर गऐ अर नानक जी आदी अपने नूं अमर समझदे सी ? की ओह नहीं मर गऐ ? वेद तां सब विदजा दा भंडार है, परंतू जो चौहां वेदां नूं कहानी कहे ओुसदीआं सब गॱलां कहानी हन, जे मूरखां दा नाम संत हुंदा है तां ओह विचारे वेदां दी महिमा कदी नहीं जान सकदे, जे नानक जी वेदां दा ही मान करदे तां ओुनां दा संप्रदाय न चलदा, ना ओह गुरू बन सकदे सन, किओंकि संसक्रित विदिआ तां पड़े ही नहीं सन तां दूजे नूं पड़ाके चेला किस तरां बना सकदे सन, इह सॱच है कि जिस समय नानक जी पंजाब विच होऐ सन ओुस समय पंजाब संसक्रित विदिआ थीं सरवथा रहित अर मुसलमानां थीं पीड़ित सी, ओुस समय ओुनां ने कुझ लॱकां नूं बचाइआ, नानक जी दे सामने कुझ ओुनां दा संप्रदाय वा बहुत सारे सिॱख नहीं होऐ सन, किओंकि अविदवानां विच इह चाल है कि मरे पिॱछे ओुनां नूं सिॱध बना लैंदे हन, पिछों बहुत सारा महानभम करके ईशूर दी निआईं मंन लैंदे हन,हां नानक जी बडे धनवान, अर अमीर भी नहीं सन, परंतू ओुनां दे चेलिआं ने नानक चंदोदय अर जनमसाखी आदी विच वडे सिॱध अर वडे ऐशूरय वाले सन लिखजा है, नानक जी बृहमा आदी नूं मिले, बडीआं गॱलां कीतीआं, सबने इनां दा मान कीता, नानक जी दे विआह विच बहुत सारे घोड़े, रथ, हाथी, सोने, चांदी, मोती, पंना, आदी रतनां नाल जड़े होऐ अर अमोलक रतनां दा पारावार नहीं सी लिखिआ है, भला इह गपोड़े नहीं तां की हन ? ऐस विच इनां दे चेलिआं दा दोश है नानक जी दा नहीं, दूजा जो ओुनां दे पिॱछे ओुनां दे पुतर थों ओुदासी चले अर रामदास आदी थींनिरमले, किॱने ही गदी वालिआं ने भाशा बनाके गरंथ विच रखी है अरथात इनां दा गुरू गोबिंदसिंघ दसवां होइआ है ओुनां दे पिॱछे ओुस गरंथ विच किसे दी भाशा नहीं मिलाई गई,किंतू ओथों तक जिॱने छोटे छोटे पुसतक सन ओुनां सबनां नूं इकॱठा करके जिलद बनवा दिॱती, इनां लोगां ने भी नानक साहिब दे पिॱछों बहुत सारी भाशा बनाई, किनेआ ने ही नाना प्रकार दी पुराणां दी मिथिआ कथांदे तुॱल बनादिॱते, परंतू बृहमगिआनी आप परमेशूर बनके ओुस ओुॱते करम ओुपासना छॱडके इनां दे चेले शुकदे आऐ, ऐस ने बहुत विगाड़ कर दिॱता, नहीं तां जे नानक जी ने कुझ भगती विशेश ईशूर दी लिखी सी ओुसनूं करदे आओंदे तां चंगा सी । ओुन

ਉਦਾਸੀ ਕਹਿੰਦੇਹਨ ਅਸੀਂ ਵੱਡੇ,ਨਿਰਮਲੇ ਕਹਿੰਦੇਹਨ ਅਸੀਂ ਵੱਡੇ, ਅਕਾਲੀ ਤਥਾ ਸੁਥਰੇਸ਼ਾਹੀ ਕਹਿੰਦੇ ਹਨ ਕਿ ਸਭ ਤੋਂ ਵੱਡੇ ਅਸੀਂ ਹਾਂ, ਇਨ੍ਹਾਂ ਵਿਚ ਗੋਬਿੰਦਸਿੰਘ ਜੀ ਸ਼ੂਰਬੀਰ ਹੋਏ ਹਨ. ਜੋ ਮੁਸਲਮਾਨਾਂ ਨੇ ਓਨ੍ਹਾਂ ਦੇ ਵਡਿਆਂ ਨੂੰ ਬਹੁਤ ਸਾਰਾ ਦੁਖ ਦਿੱਤਾ ਸੀ ਉਨ੍ਹਾਂ ਕੋਲੋਂ ਵੈਰ ਲੈਨਾ ਚਾਹੁੰਦੇ ਸਨ, ਪਰੰਤੂ ਇਨ੍ਹਾਂ ਦੇ ਪਾਸ ਸਮਿਆਨ ਨਹੀਂ ਸੀ, ਅਰ ਉਧਰ ਮੁਸਲਮਾਨਾਂ ਦੀ ਬਾਦਸ਼ਾਹੀ ਜ਼ੋਰ ਵਿਚ ਸੀ, ਇਨ੍ਹਾਂ ਨੇ ਇਕ ਪੁਰਸ਼ਚਰਣ ਕਰਵਾਇਆ, ਪ੍ਰਸਿੱਧੀ ਕੀਤੀ ਕਿ ਮੈਨੂੰ ਦੇਵੀ ਨੇ ਵਰ ਅਰ ਤਲਵਾਰ ਦਿੱਤੀ ਹੈ ਕਿ ਤੁਸੀਂ ਮੁਸਲਮਾਨਾਂ ਨਾਲ ਲੜੋ, ਤੁਹਾਡੀ ਜਿੱਤ ਹੋਵੇਗੀ, ਬਹੁਤ ਸਾਰੇ ਲੋਗ ਉਨ੍ਹਾਂ ਦੇ ਸਾਥੀ ਹੋਗਏ, ਅਰ ਉਨ੍ਹਾਂ ਨੇ ਜਿਸ ਤਰਾਂ ਵਾਮਮਾਰਗੀਆਂ ਨੇ ਪੰਜ ਮਕਾਰ, 'ਚਕ੍ਰਾਂਕਿਤਾਂ' ਨੇ ਪੰਜ 'ਸੰਸਕਾਰ' ਚਲਾਏ ਸਨ, ਉੱਸੇ ਤਰਾਂ ਪੰਜ 'ਕਕਾਰ' ਅਰਥਾਤ ਇਨ੍ਹਾਂ ਦੇ ਪੰਜ 'ਕਕਾਰ' ਲੜਾਈ ਦੇ ਕੰਮ ਦੇ ਸਨ, ਇਕ 'ਕੇਸ' ਅਰਥਾਤ ਜਿਸ ਦੇ ਰੱਖਨ ਨਾਲ ਲੜਾਈ ਵਿਚ ਸੋਟੀ ਅਰ ਤਲਵਾਰ ਥੀਂ ਕੁਝ ਬਚਾ ਹੋਵੇ। ਦੂਸਾ 'ਕੰਛਣ' ਜੋ ਸਿਰ ਦੇ ਉੱਪਰ ਪਗੜੀ ਵਿਚ ਅਕਾਲੀ ਲੋਗ ਰਖਦੇ ਹਨ। ਅਰ ਹੱਥ ਵਿਚ 'ਕੜਾ' ਜਿਸ ਕਰਕੇ ਹੱਥ ਅਰ ਸਿਰ ਬਚ ਸੱਕੇ, ਤੀਜਾ 'ਕੱਛ' ਅਰਥਾਤ ਗੋਡਿਆਂ ਦੇ ਉੱਪਰ ਇਕ ਜਾਂਘੀਆ ਕਿ ਜੋ ਦੌੜਨ ਅਰ ਕੁੱਦਨ ਵਿਚ ਚੰਗਾ ਹੁੰਦਾ ਹੈ, ਬਹੁਤ ਕਰਕੇ ਅਖਾੜੇ ਦੇ ਪਹਿਲਵਾਨ ਅਰ ਨਟ ਭੀ ਏਸਨੂੰ ਏਸ ਵਾਸਤੇ ਪਾਂਦੇ ਹਨ ਕਿ ਜਿਸ ਕਰਕੇ ਸ਼ਰੀਰ ਦਾ ਮਰਮ ਸਥਾਨ ਬਚਿਆ ਰਹੇ, ਅਰ ਅਟਕਾਉ ਨਾ ਹੋਵੇ, ਚੌਥਾ 'ਕੰਘਾ' ਕਿ ਜਿਸ ਨਾਲ ਵਾਲ ਸੁਧਰਦੇ ਹਨ, ਪੰਜਵੀਂ 'ਕਰਦ' ਕਿ ਜਿਸ ਕਰਕੇ ਦੁਸ਼ਮਨ ਨਾਲ ਲੜਾਈ ਭੜਾਈ ਹੋਨ ਨਾਲ ਲੜਾਈ ਵਿਚ ਕੰਮ ਆਵੇ, ਏਸ ਲਈ ਇਹ ਰੀਤੀ ਗੋਬਿੰਦਸਿੰਘ ਜੀ ਨੇ ਅਪਨੀ ਬੁਧਿਮੱਤਾ ਨਾਲ ਓਸ ਸਮੇਂ ਦੇ ਵਾਸਤੇ ਕੀਤੀ ਸੀ। ਹੁਨ ਏਸ ਸਮੇਂ ਵਿਚ ਓਨਾਂ ਦਾ ਰਖਨਾ ਕੁਝ ਕੰਮ ਦੀ ਗੱਲ ਨਹੀਂ, ਪਰੰਤੂ ਜੋ ਯੁੱਧ ਦੇ ਪ੍ਰਯੋਜਨ ਵਾਸਤੇ ਬਾਤਾਂ ਕਰਨੀਆਂ ਸਨ ਉਨ੍ਹਾਂ ਨੂੰ ਧਰਮ ਦੇ ਨਾਲ ਮੰਨ ਲੀਤੀਆਂ ਹਨ॥

ਮੂਰਤੀ ਪੂਜਾ ਤਾਂ ਨਹੀਂ ਕਰਦੇ ਕਿੰਤੂ ਓਸ ਤੋਂ ਵਧੀਕ ਗ੍ਰੰਥ ਦੀ ਪੂਜਾ ਕਰਦੇ ਹਨ। ਕੀ. ਇਹ ਮੂਰਤੀ ਪੂਜਾ ਨਹੀਂ ? ਕਿਸੇ ਜੜ੍ਹ ਪਦਾਰਥ ਦੇ ਸਾਮਨੇ ਮੱਥਾ ਟੇਕਨਾ ਵਾ ਓਸਦੀ ਪੂਜਾ ਕਰਨੀ ਸਭ ਮੂਰਤੀ ਪੂਜਾ ਹੈ, ਜਿਸ ਤਰਾਂ ਮੂਰਤੀ ਵਾਲਿਆਂ ਨੇ ਅਪਨੀ ਦੁਕਾਨ ਜਮਾਕੇ ਜੀਵਕਾ ਠਹਰਾਈ ਹੈ ਉੱਸੇ ਤਰਾਂ ਇਨ੍ਹਾਂ ਲੋਕਾਂ ਨੇ ਭੀ ਠਹਰਾਈ ਹੈ, ਜਿਸ ਤਰਾਂ ਪੁਜਾਰੀ ਲੋਗ ਮੂਰਤੀ ਦਾ ਦਰਸ਼ਨ ਕਰਾਂਦੇ, ਭੇਟਾ ਲੈਂਦੇਹਨ ਉੱਸੇਤਰਾਂ ਨਾਨਕਪੰਥੀ ਲੋਗ ਗ੍ਰੰਥਦੀ ਪੂਜਾ ਕਰਦੇ, ਕਰਾਂਦੇ, ਭੇਟ ਭੀ ਚੜ੍ਹਾਂਵਦੇ ਹਨ, ਪਰੰਤੂ ਮੂਰਤੀਪੂਜਾ ਵਾਲੇ ਜਿੱਨਾ ਵੇਦ ਦਾ ਮਾਨ ਕਰਦੇ ਹਨ ਉਨਾਂ ਇਹ ਲੋਗ ਗ੍ਰੰਥ ਸਾਹਿਬ ਵਾਲੇ ਨਹੀਂ ਕਰਦੇ,

ਹਾਂ ਇਹ ਕਿਹਾ ਜਾਸਕਦਾ ਹੈ ਕਿ ਇਨ੍ਹਾਂਨੇ ਵੇਦਾਂ ਨੂੰ ਨਾ ਸੁਨਿਆ ਨਾ ਵੇਖਿਆ, ਕੀ ਕਰਨ ਜੋ ਸੁਨਨ ਅਰ ਵੇਖਨ ਵਿਚ ਆਉਂਨ ਤਾਂ ਬੁਧਵਾਨ ਲੋਗ ਜੋਕਿ ਹਠ ਅਰ ਜ਼ਿੱਦ ਵਾਲੇ ਨਹੀਂ ਉਹ ਸਬ ਸੰਪ੍ਰਦਾਯ ਵਾਲੇ ਵੇਦ ਮਤ ਵਿਚ ਆ ਜਾਂਦੇ ਹਨ। ਇਨ੍ਹਾਂ ਸਾਰਿਆ ਨੇ ਭੋਜਨ ਦੀ (ਛੋਹ ਛਾਹ) ਦਾ ਬਖੇੜਾ ਬਹੁਤ ਸਾਰਾ ਹਟਾ ਦਿੱਤਾ ਹੈ ਜਿਸ ਤਰਾਂ ਏਸ (ਛੋਹ ਛਾਹ) ਨੂੰ ਹਟਾਇਆ ਹੈ ਉੱਸੇ ਤਰਾਂ ਵਿਸ਼ਯਾਸਕਤਿ ਖੋਟੇ ਅਭਿਮਾਨ ਨੂੰ ਭੀ ਹਟਾਕੇ ਵੇਦ ਮਤ ਦੀ ਉੱਨਤੀ ਕਰਨ ਤਾਂ ਬਹੁਤ ਚੰਗੀ ਗਲ ਹੈ॥

(ਪ੍ਰਸ਼ਨ) ਦਾਦੂ ਪੰਥੀਆਂ ਦਾ ਮਾਰਗ ਤਾਂ ਚੰਗਾ ਹੈ ?

(ਉੱਤਰ) ਚੰਗਾ ਤਾਂ ਵੇਦਮਾਰਗ ਹੈ ਜੇ ਪਕੜਿਆ ਜਾਵੇ ਤਾਂ ਪਕੜੋਨਹੀਂ ਤਾਂ ਸਦਾ ਗੋਤੇ ਖਾਂਦੇ ਰਹੋਗੇ, ਇਨ੍ਹਾਂਦੇ ਮਤ ਵਿਚ ਦਾਦੂਜੀ ਦਾ ਜਨਮ ਗੁਜਰਾਤ ਵਿਚ ਹੋਇਆਸੀ, ਫੇਰ ਜੈਪੁਰ ਦੇ ਪਾਸ 'ਆਜਮੇਰ'ਵਿਚ ਰਹਿੰਦੇ ਸਨ, ਤੇਲੀਦਾ ਕੰਮ ਕਰਦੇ ਸਨ, ਈਸ਼ੁਰ ਦੀ ਸ੍ਰਿਸ਼ਟੀ ਦੀ ਵਿਚਿਤ੍ਰ ਲੀਲਾ ਹੈ ਕਿ ਦਾਦੂਜੀ ਭੀ ਪ੍ਰਜੀਨ ਲਗਗਏ, ਹੁਨ ਵੇਦ ਆਦੀ ਸ਼ਾਸਤ੍ਰਾਂ ਦੀਆਂ ਸਬਗੱਲਾਂ ਛੱਡਕ ਦਾਦੂ ਰਾਮ ਦਾਦੂਰਾਮ ਵਿਚਹੀ ਮੁਕਤੀ ਮੰਨਲੀਤੀਹੈ, ਜਦ ਸੱਚਾ ਉਪਦੇਸ਼ਕ ਨਹੀਂਹੁੰਦਾ ਤਦ ਅਜੇਹੇ ਅਜੇਹੇ ਹੀ ਬਖੇੜੇ ਚਲਿਆ ਕਰਦੇ ਹਨ ਥੋੜੇ ਦਿਨ ਹੋਏ ਰਾਮਸਨੇਹੀ ਮਤ ਸ਼ਾਹਪੁਰਾ ਥੀਂ ਚਲਿਆ ਹੈ, ਉਨ੍ਹਾਂ ਨੇ ਵੇਦੋਕਤ ਧਰਮ ਨੂੰ ਛੱਡ ਕੇ ਰਾਮ ਰਾਮ ਪੁਕਾਰਨਾ ਚੰਗਾ ਮੰਨਿਆ ਹੈ ਉੱਸੇ ਵਿਚ ਗਿਆਨ, ਧਿਆਨ, ਮੁਕਤੀ ਮੰਨਦੇ ਹਨ, ਪਰੰਤੂ ਜਦ ਭੁਖ ਲਗਦੀ ਹੈ ਤਦ ਰਾਮ ਨਾਮ ਵਿਚੋਂ ਰੋਟੀ ਸਾਗ ਨਹੀਂ ਨਿਕਲਦਾ, ਕਿਉਂਕਿ ਦਾਲ ਰੋਟੀ ਆਦੀ ਤਾਂ ਗ੍ਰਿਹਸਥੀਆਂ ਦੇ ਘਰ ਵਿਚ ਹੀ ਮਿਲਦੀ ਹੈ. ਉਹ ਭੀ ਮੂਰਤੀਪੂਜਾ ਦੁਰਕਾਰਦੇ ਹਨ, ਪਰੰਤੂ ਆਪ ਮੂਰਤੀ ਬਨ ਰਹੇ ਹਨ, ਇਸਤ੍ਰੀਆਂ ਦੇ ਸੰਗ ਵਿਚ ਬਹੁਤ ਰਹਿੰਦੇ ਹਨ ਕਿਉਂਕਿ ਰਾਮ ਜੀ ਨੂੰ 'ਰਾਮਕੀ' ਦੇ ਬਿਨਾ ਆਨੰਦ ਨਹੀਂ ਮਿਲ ਸਕਦਾ॥

ਇਕ ਰਾਮਚਰਣ ਨਾਮੀ ਸਾਧੂ ਹੋਇਆ ਹੈ, ਜਿਸਦਾ ਮਤ ਮੁਖ ਕਰਕੇ 'ਸ਼ਾਹਪੁਰਾ' ਸਥਾਨ ਮੇਵਾੜ ਥੀਂ ਚਲਿਆ ਹੈ, ਓਹ ਰਾਮ ਰਾਮ ਕਹਨ ਨੂੰ ਹੀ ਪਰਮ ਮੰਤ੍ਰ ਅਰ ਇਸੇ ਨੂੰ ਸਿੱਧਾਂਤ ਮੰਨਦੇ ਹਨ, ਉਨ੍ਹਾਂ ਦਾ ਇਕ ਗ੍ਰੰਥ ਕਿ ਜਿਸ ਵਿਚ ਸੰਤਦਾਸ ਜੀ ਆਦੀ ਦੀ ਬਾਣੀਆਂ ਹਨ ਏਸ ਤਰਾਂ ਲਿਖਦੇ ਹਨ॥ ਉਨ੍ਹਾਂ ਦਾ ਬਚਨ :—

ਭਰਮ ਰੋਗ ਤਬ ਹੀ ਮਿਟਿਆ ਰਟਿਆ ਨਿਰੰਜਨ ਰਾਇ। ਤਬ ਜਮਕਾ ਕਾਗਜ ਫਟਿਆ ਕਟਿਆ ਕਰਮ ਤਬ ਜਾਇ॥ ਸਾਖੀ॥ ੬॥

ਹੁਨ ਬੁਧਵਾਨ ਲੋਗ ਵਿਚਾਰ ਲੈਨ ਕਿ ਰਾਮ ਰਾਮ ਕਹਨ ਥੀਂ ਭਰਮ ਜੋ ਕਿ ਅਗਿਆਨ ਹੈ ਵਾ ਯਮਰਾਜ ਦਾ ਪਾਪਦੇ ਅਨੁਸਾਰ ਦੰਡ, ਅਥਵਾ ਕੀਤੇ ਹੋਏ ਕਰਮ ਕਦੀ ਛੁਟ ਸਕਦੇ ਹਨ ਵਾ ਨਹੀਂ ? ਇਹ ਨਿਰਾ ਮਨੁਸ਼ਾਂ ਦੇ ਪਾਪਾਂ ਵਿਚ ਫਸਨਾ ਅਰ ਮਨੁੱਸ਼ ਜਨਮ ਨੂੰ ਨਸ਼ਟ ਕਰ ਦੇਨਾ ਹੈ । ਹੁਨ ਇਨਾਂ ਦਾ ਜੋ ਮੁਖ ਗੁਰੂ ਹੋਇਆ ਹੈ ਰਾਮਚਰਣ ਉਸਦੇ ਵਚਨ :–

ਮਹਮਾ ਨਾਮ ਪ੍ਰਤਾਪਕੀ,ਸੁਨੌ ਸਰਵਣ ਚਿਤਲਾਇ।
ਰਾਮਚਰਣ ਰਸਨਾ ਰਟੋ, ਕਰਮ ਸਕਲ ਝੜ ਜਾਇ ॥
ਜਿਨ ਜਿਨ ਸੁਮਿਰਿਆ ਨਾਵਕੂੰ,ਸੋ ਸਬ ਉਤਰਯਾ ਪਾਰ।
ਰਾਮਚਰਣ ਜੋ ਵੀਸਰਿਆ, ਸੋ ਹੀ ਜਮਕੇ ਦ੍ਵਾਰ।
ਰਾਮ ਬਿਨਾ ਸਬ ਝੂਠ ਬਤਾਇਓ ॥

ਰਾਮ ਭਜਤ ਛੂਟਿਆ ਸਭ ਕ੍ਰੰਮਾ । ਚੰਦ ਅਰ ਸੂਰ ਦੇਇ ਪਰਕਮਾ ॥ ਰਾਮ ਕਹੇ ਤਿਨਕੂੰ ਭੈ ਨਾਹੀਂ । ਤੀਨ ਲੋਕ ਮੈਂ ਕੀਰਤੀ ਗਾਂਹੀ ॥

ਰਾਮ ਰਟਤ ਜਮ ਜੋਰ ਨ ਲਾਗੈ ॥

ਰਾਮ ਨਾਮ ਲਿਖ ਪੱਥਰ ਤਰਾਈ । ਭਗਤਿ ਹੇਤ ਅਉਤਾਰ ਹੀ ਧਰਹੀ॥ ਉਚ ਨੀਚ ਕੁਲ ਭੇਦ ਵਿਚਾਰੈ। ਸੋ ਤੋ ਜਨਮ ਆਪਣੋ ਹਾਰੈ ॥ ਸੰਤਾ ਕੇ ਕੁਲ ਦੀਸੈ ਨਾਹੀਂ । ਰਾਮ ਰਾਮ ਕਹ ਰਾਮ ਸਮਹਾਹੀ । ਐਸੋ ਕੁਣ ਜੋ ਕੀਰਤੀ ਗਾਵੈ । ਹਰੀ ਹਰ ਜਨ ਕੋ ਪਾਰ ਨਾ ਪਾਵੈ॥ ਰਾਮ ਸੰਤਾਂ ਕਾ ਅੰਤ ਨਾ ਆਵੈ। ਆਪ ਆਪ ਕੀ ਬੁਧਿ ਸਮ ਗਾਵੈ ॥

ਇਨਾਂ ਦਾ ਖੰਡਨ ।

ਪਹਿਲੋਂ ਤਾਂ ਰਾਮ ਚਰਣ ਆਦੀ ਦੇ ਗ੍ਰੰਥ ਦੇਖਨ ਥੀਂ ਮਲੂਮ ਹੁੰਦਾ ਹੈ ਕਿ ਇਹ ਪਿੰਡ ਦਾ ਰਹਨ ਵਾਲਾ ਇਕ ਸਿੱਧਾ ਸਾਧਾ ਮਨੁਸ਼ ਸੀ, ਨਾ ਓਹ

कुझ पड़िआ सी, नहीं तां अजेहीं गॅपड़चौथ किउं लिखदा, इह निरा इनुं नूं भरम है कि राम राम करन नाल करम छुॅट जांदे हन, निरा इह अपना अर दूजिआं दा जनम गुआंदे हन, यम दा डर तां वॅडा भारा है परंतू राजा दे सिपाही, चोर, डाकू, बघिआड़, सॅप, अठूहां, अर मॅछर आदी दा डर कदी नहीं छुटदा चाहे राती दिहां राम राम कीता करे कुझ भी नहीं होवेगा, जीकन शॅकर शॅकर कहन नाल मुंह मिॅठा नहीं हुंदा उ्रकन सच बोलना आदी करम कीते बिना शाम राम कहन थीं कुझ भी ना होसी, अर जेकर राम राम करना इनुं दा राम नहीं सुनदा तां जनम भर कहन थीं भी नहीं सुनेगा, अर जे सुनदा है झां दूजी वार भी राम राम कहना निकंमा है। इनां लोकां ने अपना पेट भरने अर दूजिआं दा भी जनम नशट करन दे वासते इक पखंड खलवाइआ है, सो इह वडा आशचरज असीं सुनदे अर वेखदे हां कि नाउं तां धरिआ रामसनेही अर कंम करदे हन रांडसनेही दा, जिॅथे वेखो उॅॅबे रांड ही रांड मैंडां नूं घेर रहीआं हन, जेकर अजेहे अजेहे पखंड ना चलदे तां आरयावरत देश दी दुरदशा किउं हुंदी ? इह अपने चेलिआं नूं जूठ खुआंदे हन, अर इशत्रीआं भी लंमीआं पैके डंडे वाङन मॅथा टेकदीआं हन, अर इकांत विच भी इसत्रीआं अर साधूआं दी बैठक हुंदी रहिंदी है। हुन दूजी इनुं दी शाखा 'खेड़ापा' पिंड मारवाड़ देश थीं टुरी है, उुसदा इतिहास—इक राम दास नाम वाला जात दा छेछ चलाक सी, उुसदीआं दे इसत्रीआं सन, उह पहिलां बहुत दिन इक औघड़ होके कुतिआं नाल खांदा रहिआ, पिछे वामी कुंडा पंथी, पिछे 'रामदेव' दा 'कामड़ीया*' बनिआं, अपनी दोहां इसत्रीआं दे नाल गाउंदा सी, एसतरां फिरदा फिरदा 'सीथल†' विच छेछां दा गुरु 'रामदास' सी, उसनूं मिलिआ. उसने उसनूं 'रामदेव' दा पंथ दसके अपना चेला बनाइआ, उुस रामदास ने 'खेड़ापा' पिंड विच

*राजपूताने विच चमिआर लोग भगवे कपड़े रंगके रामदेव आदी दे गीत जिनुं नूं उह शबद कहिंदे हन चमिआरां अर होर जातीआं नूं सुनांदे हन उह कामड़ीए अखवांदे हन।

†सीथल 'जोधपुर' दे राज विच इक वॅडा पिंड है।

ਜਗਹਿ ਬਨਾਈ, ਅਰ ਏਸਦਾ ਇਧਰ ਮਤ ਚਲਿਆ। ਉਧਰ ਸ਼ਾਹਪੁਰੇ ਵਿਚ ਰਾਮਚਰਣ ਦਾ, ਉਸਦਾ ਭੀ ਇਤਿਹਾਸ ਈਕਨ ਸੁਨਿਆ ਹੈ ਕਿ ਓਹ ਜੈਪੁਰ ਦਾ ਬਾਨੀਆਂ ਸੀ, ਉਸਨੇ 'ਦਾਂਤੜਾ' ਪਿੰਡ ਵਿਚ ਇਕ ਸਾਧੂ ਕੋਲੋਂ ਭੇਖ ਲਿਆ, ਅਰ ਉਸਨੂੰ ਗੁਰੂ ਕੀਤਾ, ਅਰ ਸ਼ਾਹਪੁਰੇ ਵਿਚ ਆਕੇ ਟਿੱਕੀ ਜਮਾਈ, ਭੋਲੇ ਮਨੁਸ਼ਾਂ ਵਿਚ ਪਾਖੰਡ ਦੀ ਜੜ੍ਹ ਜਲਦੀ ਜਮ ਜਾਂਦੀ ਹੈ ਜਮਗਈ। ਇਨ੍ਹਾਂ ਸਾਰਿਆਂ ਵਿਚ ਉਪਰਦੇ ਰਾਮਚਰਣ ਦੇ ਵਚਨਾਂ ਦੇ ਪ੍ਰਮਾਣ ਥੀਂ ਚੇਲਾ ਕਰਕੇ ਉੱਚੇ ਨੀਵੇਂ ਦਾ ਕੁਝ ਫਰਕ ਨਹੀਂ, ਬ੍ਰਾਹਮਣ ਥੀਂ ਚੰਡਾਲ ਪਰਯੰਤ ਇਨ੍ਹਾਂ ਵਿਚ ਚੇਲੇ ਬਨਦੇ ਹਨ। ਹੁਨ ਭੀ ਕੁੰਡਾ-ਪੰਥੀ ਜੇਹੇ ਹੀ ਹਨ, ਕਿਉਂਕਿ ਮਿੱਟੀ ਦੇ ਕੁੰਡੇਆਂ ਵਿਚ ਹੀ ਖਾਂਦੇ ਹਨ, ਹੋਰ ਸਾਧੂਆਂ ਦੀ ਜੂਠ ਖਾਂਦੇ ਹਨ, ਵੇਦ ਧਰਮ ਥੀਂ ਮਾਂ, ਪਿਉ ਸੰਸਾਰ ਦੇ ਵਿਹਾਰ ਥੀਂ ਬਕਾਕੇ ਛੁਡਾ ਦਿੰਦੇ, ਅਰ ਚੇਲਾ ਬਨਾ ਲੈਂਦੇ ਹਨ, ਅਰ ਰਾਮ ਨਾਮ ਨੂੰ ਮਹਾਮੰਤ੍ਰ ਮੰਨਦੇ ਹਨ, ਅਰ ਇਸੇ ਨੂੰ ਛੁੱਛਮ* ਵੇਦ ਭੀ ਕਹਿੰਦੇ ਹਨ, ਰਾਮ ਰਾਮ ਕਹਨ ਨਾਲ ਅਨੰਤ ਜਨਮਾਂ ਦੇ ਪਾਪ ਛੁਟ ਜਾਂਦੇ ਹਨ, ਏਸਦੇ ਬਿਨਾ ਮੁਕਤੀ ਕਿਸੇ ਨੂੰ ਨਹੀਂ ਹੁੰਦੀ, ਜੋ ਸ੍ਵਾਸ ਅਰ ਪ੍ਰਸ੍ਵਾਸ ਦੇ ਨਾਲ ਰਾਮ ਰਾਮ ਆਖਨਾ ਦੱਸੇ ਉਸ ਨੂੰ ਸਤਗੁਰੂ ਕਹਿੰਦੇ ਹਨ, ਅਰ ਸਤਗੁਰੂ ਪਰਮੇਸ਼੍ਵਰ ਨਾਲੋਂ ਭੀ ਵੱਡਾ ਮੰਨਦੇ ਹਨ, ਅਰ ਉਸਦੀ ਮੂਰਤੀ ਦਾ ਧਿਆਨ ਕਰਦੇ ਹਨ। ਸਾਧੂਆਂ ਦੇ ਚਰਣ ਧੋਕੇ ਪੀਂਦੇ ਹਨ, ਜਦ ਗੁਰੂ ਥੀਂ ਚੇਲਾ ਦੁਰਾਡਾ ਜਾਵੇ ਤਾਂ ਗੁਰੂ ਦੇ ਨਹੁੰ ਅਰ ਦਾਹੜੀ ਦੇ ਵਾਲ ਅਪਨੇ ਪਾਸ ਰਖ ਲਵੇ, ਉਸਦਾ ਚਰਣਾਮ੍ਰਿਤ ਨਿੱਤ ਲਵੇ, ਰਾਮਦਾਸ ਅਰ ਹਰਰਾਮਦਾਸ ਦੀ ਬਾਨੀ ਦੇ ਪੁਸਤਕ ਨੂੰ ਵੇਦ ਨਾਲੋਂ ਵਧੀਕ ਮੰਨਦੇ ਹਨ, ਉਸਦੀ ਪਰਕ੍ਰਮਾ ਅਰ ਅੱਠ ਡੰਡੌਤ ਪ੍ਰਣਾਮ ਕਰਦੇ ਹਨ, ਅਰ ਜੇ ਗੁਰੂ ਪਾਸ ਹੋਵੇ ਤਾਂ ਗੁਰੂ ਨੂੰ ਡੰਡੌਤ ਪ੍ਰਣਾਮ ਕਰ ਲੈਂਦੇ ਹਨ, ਇਸਤ੍ਰੀ ਵਾ ਪੁਰੁਸ਼ ਨੂੰ ਰਾਮ ਰਾਮ ਇਕੋ ਜੇਹਾ ਹੀ ਮੰਤ੍ਰ ਉਪਦੇਸ਼ ਕਰਦੇ ਹਨ, ਅਰ ਨਾਮ ਸਿਮਰਣ ਹੀ ਥੀਂ ਕਲਿਆਣ ਮੰਨਦੇ ਫੇਰ ਪੜ੍ਹਨ ਵਿਚ ਪਾਪ ਸਮਝਦੇ ਹਨ, ਉਨ੍ਹਾਂ ਦੀ ਸਾਖੀਃ-

ਪੰਡਤਾਈ ਪਾਨੇ ਪੜੀ ਔ ਪੂਰਬ ਲੋ ਪਾਪ। ਰਾਮ ਰਾਮ ਸੁਮਰਜਾਂ ਬਿਨਾ, ਰਇਗਜੋ ਰੀਤੋ ਆਪ॥ ਵੇਦ ਪੁਰਾਣ ਪੜੇ ਪੜ੍ਹ ਗੀਤਾ॥ ਰਾਮਭਜਨ ਬਿਨ ਰਇ ਗਏ ਰੀਤਾ।

ਅਜਹੇ ਅਜੇਹੇ ਪੁਸਤਕ ਬਨਾਏ ਹਨ ਇਸਤ੍ਰੀ ਨੂੰ ਖਾਉਂਦ ਦੀ ਸੇਵਾ

*ਛੁਛੱਮ ਅਰਥਾਤ ਸੂਖਛਮ।

ਕਰਨ ਵਿਚ ਪਾਪ, ਅਰ ਗੁਰੂ ਸਾਧੂ ਦੀ ਸੇਵਾ ਵਿਚ ਧਰਮ ਦੱਸਦੇ ਹਨ, ਵਰਣਾ ਸ਼੍ਰਮ ਨੂੰ ਨਹੀਂ ਮੰਨਦੇ, ਜ ਬ੍ਰਾਹਮਣ ਰਾਮਸਨੇਹੀ ਨਾ ਹੋਵੇ ਤਾਂ ਉਸ ਨੂੰ ਨੀਚ ਅਰ ਚੰਡਾਲ, ਰਾਮਸਾਨੇਹੀ ਹੋਵੇ ਤਾਂ ਉਸ ਨੂੰ ਉੱਤਮ ਜਾਨਦੇ ਹਨ ਹੁਨ ਈਸ਼੍ਵਰ ਦਾ ਅਵਤਾਰ ਨਹੀਂ ਮੰਨਦੇ, ਅਰ ਰਾਮਚਰਣ ਦਾ ਵਚਨ ਜੋ ਉੱਪਰ ਲਿਖ ਆਏ ਕਿ :—

ਭਗਤਿ ਹੇਤਿ ਅਉਤਾਰ ਹੀ ਧਰਹੀ ॥

ਭਗਤ ਅਰ ਸੰਤਾਂ ਦੇ ਵਾਸਤੇ ਅਵਤਾਰ ਨੂੰ ਭੀ ਮੰਨਦੇ ਹਨ, ਇਤਿਆਦੀ ਪਾਖੰਡ ਪ੍ਰਪੰਚ ਇਨ੍ਹਾਂ ਦਾ ਜਿੱਨਾਂ ਹੈ ਸੋ ਸਾਰਾ ਆਰਯਾਵਰਤ ਦੇਸ਼ ਦੀ ਹਾਨੀ ਕਰਨ ਵਾਲਾ ਹੈ, ਇੱਨੇ ਹੀ ਥੀਂ ਬੁਧਵਾਨ ਬਹੁਤ ਸਾਰਾ ਸਮਝ ਲੈਂਨਗੇ ॥

(ਪ੍ਰਸ਼ਨ) ਗੋਕਲੀਏ ਗੁਸਾਈਆਂ ਦਾ ਮਤ ਤਾਂ ਬਹੁਤ ਅੱਛਾ ਹੈ ਦੇਖੋ ਕਿਹਾ ਐਸ਼੍ਵਰਯ ਭੋਗਦੇ ਹਨ, ਕਿ ਇਹ ਐਸ਼੍ਵਰਯ ਲੀਲਾ ਦੇ ਬਿਨਾ ਹੋ ਸਕਦਾ ਹੈ ?

(ਉਤਰ) ਇਹ ਐਸ਼੍ਵਰਯ ਗ੍ਰਿਹਸਥੀ ਲੋਗਾਂ ਦਾ ਹੈ ਗੁਸਾਈਆਂ ਦਾ ਕੁਝ ਨਹੀਂ ॥

(ਪ੍ਰਸ਼ਨ) ਵਾਹ ਵਾਹ ! ਗੁਸਾਂਈਆਂ ਦੇ ਪ੍ਰਤਾਪ ਨਾਲ ਹੈ, ਕਿਉਂਕਿ ਅਜੇਹਾ ਐਸ਼੍ਵਰਯ ਦੂਜਿਆਂ ਨੂੰ ਕਿਉਂ ਨਹੀਂ ਮਿਲਦਾ ?

(ਉੱਤਰ) ਦੂਜੇ ਭੀ ਇਸੇ ਪ੍ਰਕਾਰ ਦਾ ਛਲ ਪ੍ਰਪੰਚ ਰਚਨ ਤਾਂ ਐਸ਼੍ਵਰਯ ਮਿਲਨ ਵਿਚ ਕੀ ਸੰਦੇਹ ਹੈ ? ਅਰ ਜੋ ਇਨਾਂ ਥੀਂ ਵਧੀਕ ਧੂਰਤਤਾ ਕਰੇਂ ਤਾਂ ਵਧੀਕ ਭੀ ਐਸ਼੍ਵਰਯ ਹੋ ਸਕਦਾ ਹੈ ॥

(ਪ੍ਰਸ਼ਨ) ਵਾਹ ਜੀ ਵਾਹ ! ਏਸ ਵਿਚ ਕੀ ਧੂਰਤਪਨਾ ਹੈ, ਇਹ ਤਾਂ ਸਭ ਗੋਲੋਕ ਦੀ ਲੀਲਾ ਹੈ ॥

(ਉੱਤਰ) ਗੋਲੋਕ ਦੀ ਲੀਲਾ ਨਹੀਂ ਕਿੰਤੂ ਗੁਸਾਈਆਂ ਦੀ ਲੀਲਾ ਹੈ, ਜੇ ਗੋਲੋਕ ਦੀ ਲੀਲਾ ਹੈ ਤਾਂ ਗੋਲੋਕ ਭੀ ਅਜੇਹਾ ਹੀ ਹੋਵੇਗਾ, ਇਹ ਮਤ ਤੈਲੰਗ ਦੇਸ਼ ਥੀਂ ਚਲਿਆ ਹੈ, ਕਿਉਂਕਿ ਇਕ ਤੈਲੰਗੀ ਲਖਛਮਣ ਭੱਟ ਨਾਮੀ ਬ੍ਰਾਹਮਣ ਵਿਆਹ ਕਰਕੇ ਕਿਸੇ ਕਾਰਣ ਥੀਂ ਮਾਤਾ ਪਿਤਾ ਅਰ ਇਸਤ੍ਰੀ ਨੂੰ ਛੱਡ ਕਾਸ਼ੀ ਵਿਚ ਜਾਕੇ ਉਸਨੇ ਸੰਨਿਆਸ ਲੈ ਲੀਤਾ ਸੀ, ਅਰ ਝੂਠ ਬੋਲਦਾ ਸੀ ਕਿ ਮੇਰਾ ਵਿਆਹ ਨਹੀਂ ਹੋਇਆ. ਦੈਵਯੋਗ ਨਾਲ ਉਸ ਦੇ ਮਾਤਾ ਪਿਤਾ ਅਰ ਇਸਤ੍ਰੀ ਨੇ ਸੁਨਿਆ ਕਿ ਕਾਸ਼ੀ ਵਿਚ ਸੰਨਿਆਸੀ ਹੋਗਿਆ ਹੈ, ਉਸਦੇ ਮਾਤਾ ਪਿਤਾ ਅਰ ਇਸਤ੍ਰੀ ਨੇ ਕਾਸ਼ੀ ਵਿਚ ਪਹੁੰਚ ਕੇ ਜਿਸਨੇ ਉਸ ਨੂੰ ਸੰਨਿਆਸ ਦਿੱਤਾ ਸੀ, ਉਸ ਨੂੰ ਕਹਿਆ ਕਿ ਏਸ ਨੂੰ ਸੰਨਿਆਸੀ ਕਿਉਂ ਕੀਤਾ ? ਦੇਖੋ ਏਸਦੀ ਜੁਆਨ ਇਸਤ੍ਰੀ ਹੈ, ਅਰ ਇਸਤ੍ਰੀ ਨੇ ਕਹਿਆ ਕਿ ਜੇਕਰ ਤੁਸੀਂ ਮੇਰੇ ਖਾਉਂਦ ਨੂੰ ਮੇਰੇ ਨਾਲ ਨਹੀਂ ਕਰਦੇ ਤਾਂ ਮੈਨੂੰ ਭੀ ਸੰਨਿਆਸ

ਦੇ ਦੇਓ, ਤਦ ਤਾਂ ਉਸਨੂੰ ਬੁਲਾਕੇ ਕਹਿਆ ਕਿ ਤੂੰ ਵਡਾ ਝੂਠਾ ਹੈਂ ਸੰਨਿਆਸ ਛੱਡ ਗ੍ਰਿਹਸਥੀ ਬਨ, ਕਿਉਂਕਿ ਤੂੰਨੇ ਝੂਠ ਬੋਲਕੇ ਸੰਨਿਆਸ ਲੀਤਾ, ਉਸਨੇ ਫੇਰ ਉੱਸੇ ਤਰਾਂ ਕੀਤਾ, ਸੰਨਿਆਸ ਛੱਡ ਉਸਦੇ ਨਾਲ ਹੋਗਿਆ, ਦੇਖੋ! ਏਸ ਮਤ ਦਾ ਮੂਲ ਹੀ ਝੂਠ ਕਪਟ ਨਾਲ ਜੰਮਿਆ ਹੈ, ਜਦ ਤੈਲੰਗ ਦੇਸ਼ ਵਿਚ ਗਏ ਉਸ ਨੂੰ ਜਾੜੀ ਵਿਚ ਕਿਸੇ ਨੇ ਨਾ ਲੀਤਾ, ਤਦ ਉਥੋਂ ਨਿਕਲਕੇ ਫਿਰਨ ਲਗਾ, ਚਰਣਾਰਾਗੜ੍ਹ ਜੋ ਕਾਸ਼ੀ ਦੇ ਪਾਸ ਹੈ, ਉਸਦੇ ਕੋਲ ਚੰਪਾਰਨ ਨਾਮੀ ਜੰਗਲ ਵਿਚ ਚਲੇ ਜਾਂਦੇ ਸਨ, ਉਥੇ ਕੋਈ ਇਕ ਮੁੰਡੇ ਨੂੰ ਜੰਗਲ ਵਿਚ ਛਡ, ਉਸਦੇ ਚੌਹੀਂ ਪਾਸੀਂ ਦੂਰ ਦੂਰ ਤੇ ਅੱਗ ਬਾਲ ਕੇ ਚਲਿਆ ਗਿਆ ਸੀ, ਕਿਉਂਕਿ ਛੱਡਨ ਵਾਲੇ ਨੇ ਏਹ ਸਮਝਿਆ ਸੀ ਕਿ ਜੇ ਅੱਗ ਨਾ ਬਾਲਾਂਗਾ ਤਾਂ ਹੁਨੇ ਕੋਈ ਜੀਵ ਮਾਰ ਸੁੱਟੇਗਾ, ਲਖਛਮਣ ਭੱਟ ਅਰ ਉਸਦੀ ਇਸਤ੍ਰੀ ਨੇ ਮੁੰਡੇ ਨੂੰ ਲੈਕੇ ਅਪਨਾ ਪੁਤ੍ਰ ਬਨਾ ਲੀਤਾ, ਫੇਰ ਕਾਸ਼ੀ ਵਿਚ ਜਾ ਰਹੇ, ਜਦੋਂ ਓ ਮੁੰਡਾ ਵੱਡਾ ਹੋਇਆ ਤਦ ਉਸਦੇ ਮਾਤਾ ਪਿਤਾ ਦਾ ਸ਼ਰੀਰ ਛੁੱਟ ਗਿਆ, ਕਾਸ਼ੀ ਵਿਚ ਬਾਲ ਅਵਸਥਾ ਥੀਂ ਯੁਵਾ ਅਵਸਥਾ ਤਕ ਕੁਝ ਪੜ੍ਹਦਾ ਭੀ ਰਹਿਆ ਫੇਰ ਹੋਰ ਕਿਧੇ ਜਾਕੇ ਇਕ ਵਿਸ਼ਨੂ ਸੁਆਮੀ ਦੇ ਮੰਦਿਰ ਵਿਚ ਚੇਲਾ ਹੋਗਿਆ, ਉਥੋਂ ਕਦੀ ਕੁਝ ਖਟ ਪਟ ਹੋਨ ਦੇ ਕਾਰਣ ਕਾਸ਼ੀ ਨੂੰ ਫੇਰ ਚਲਿਆ ਗਿਆ ਅਰ ਸੰਨਿਆਸ ਲੈ ਲੀਤਾ। ਫੇਰ ਕੋਈ ਉਸੇ ਤਰਾਂ ਦੀ ਹੀ ਜਾਤੀ ਵਿਚੋਂ ਕੱਢਿਆ ਹੋਇਆ ਬ੍ਰਾਹਮਣ ਕਾਸ਼ੀ ਵਿਚ ਰਹਿੰਦਾ ਸੀ, ਉਸਦੀ ਧੀ ਜੁਆਨ ਸੀ, ਉਸਨੇ ਏਸ ਨੂੰ ਕਹਿਆ ਕਿ ਤੂ ਸੰਨਿਆਸ ਛਡਕੇ ਮੇਰੀ ਧੀ ਨਾਲ ਵਿਆਹ ਕਰਲੇ, ਉੱਸੇ ਤਰਾਂ ਹੀ ਹੋਇਆ, ਜਿਸਦੇ ਪਿਤਾ ਨੇ ਜੇਹੀ ਲੀਲਾ ਕੀਤੀ ਸੀ ਓਹੋ ਜਹੀ ਪੁਤ੍ਰ ਕਿਉਂ ਨਾ ਕਰੇ, ਉਸ ਇਸਤ੍ਰੀ ਨੂੰ ਲੈਕੇ ਉਥੋਂ ਚਲਿਆ ਗਿਆ ਕਿ ਜਿਥੇ ਪਹਲੇ ਵਿਸ਼ਨੂ ਸੁਆਮੀ ਦੇ ਮੰਦਿਰ ਵਿਚ ਚੇਲਾ ਹੋਇਆ ਸੀ, ਵਿਆਹ ਕਰਨ ਕਰਕੇ ਉਨ੍ਹਾਂ ਨੂੰ ਉਥੋਂ ਕੱਢ ਦਿੱਤਾ, ਫੇਰ ਬ੍ਰਿਜ ਦੇਸ਼ ਵਿਚ ਕਿ ਜਿੱਥੇ ਅਵਿਦਿਆ ਨੇ ਘਰ ਕਰ ਰਖਿਆ ਹੈ ਜਾਕੇ ਅਪਨਾ ਪ੍ਰਪੰਚ ਅਨੇਕ ਪ੍ਰਕਾਰ ਦੀ ਛਲ ਯੁਕਤੀਆਂ ਨਾਲ ਫਲਾਨ ਲੱਗਾ ਅਰ ਮਿਥਿਆ ਬਾਤਾਂ ਦੀ ਪ੍ਰਸਿੱਧੀ ਕਰਨ ਲੱਗਾ ਕਿ ਸ਼੍ਰੀ ਕ੍ਰਿਸ਼ਨ ਮੈਂਨੂੰ ਮਿਲੇ, ਅਰ ਕਹਿਆ ਕਿ ਜੋ ਗੋਲੋਕ ਥੀਂ 'ਦੈਵੀ ਜੀਵ' ਮਰਤਲੋਕ ਵਿਚ ਆਏ ਹਨ, ਉਨ੍ਹਾਂ ਨੂੰ ਬ੍ਰਹਮ ਸੰਬੰਧ ਆਦੀ ਨਾਲ ਪਵਿਤ੍ਰ ਕਰਕੇ ਗੋਲੋਕ ਵਿਚ ਭੇਜੋ, ਇਤਿਆਦੀ ਮੂਰਖਾਂ ਨੂੰ ਲੋਭ ਦੀਆਂ ਗੱਲਾਂ ਸੁਨਾਕੇ ਥੋੜੇ ਜੇਹੇ ਲੋਗਾਂ ਨੂੰ ਅਰਥਾਤ ਚੁਰਾਸੀ ਲੋਗਾਂ ਨੂੰ ਵੈਸ਼ਨਵ ਬਨਾਇਆ, ਅਰ ਹੇਠਾਂ ਲਿਖੇ ਹੋਏ ਮੰਤ੍ਰ ਬਨਾ ਲੀਤੇ ਅਰ ਉਨ੍ਹਾਂ ਵਿਚ ਭੀ ਭੇਦ ਰਖਿਆ ਜਿਸ ਤਰਾਂ:—

ਸ਼੍ਰੀ ਕ੍ਰਿਸ਼ਣਃ ਸ਼ਰਣੰ ਮਮ ॥

ਕਲੀਂ ਕ੍ਰਿਸ਼ਣਾਯ ਗੋਪੀ ਜਨਵੱਲਭਾਯਾ ਸ੍ਵਾਹਾ॥

ਗੋਪਾਲ ਸਹਸ੍ਰਨਾਮ ॥

ਇਹ ਦੋਨੋਂ ਸਾਧਾਰਣ ਮੰਤ੍ਰ ਹਨ, ਪਰੰਤੂ ਅਗਲਾ ਮੰਤ੍ਰ ਬ੍ਰਹਮ ਸੰਬੰਧ ਅਰ ਸਮਰਪਣ ਕਰਨ ਦਾ ਹੈਃ–

ਸ਼੍ਰੀਕ੍ਰਿਸ਼ਣਃ ਸ਼ਰਣੰ ਮਮ ਸਹਸ੍ਰਪਰਿਵਤਸ਼ਰਮਿਤ ਕਾਲਜਾਤਕ੍ਰਿਸ਼ਣਵਿਯੋਗਜਨਿਤਤਾਪਕਲੇਸ਼ਾਨੰਤਤਿਰੋ ਭਾਵੋਹੰ ਭਗਵਤੇ ਕ੍ਰਿਸ਼ਣਾਯ ਦੇਹੇਂਦ੍ਰਿਯਪ੍ਰਾਣਾਂਤਃਕਰਣ ਤਤਧਰਮਾਂਸ਼ਚ ਦਾਰਾਗਾਰਪੁਤ੍ਰਾਪਤਵਿੱਤੇਹਪਰਾਲਜਾ- ਤਮਨਾਸਹਸਮਰਪਯਾਮਿਦਾਸੋਅਹੰਕ੍ਰਿਸ਼ਣਤਵਾਸ੍ਮਿ ॥

ਏਸ ਮੰਤ੍ਰ ਦਾ ਉਪਦੇਸ਼ ਕਰਕੇ ਚੇਲੇਚੇਲੀਆਂਨੂੰ ਸਮਰਪਣ ਕਰਾਂਦੇਹਨ, "ਕਲੀਂ ਕ੍ਰਿਸ਼ਨਾਯੇਤੀ" ਇਹ ਕਲੀਂ ਤੇਤ੍ਰ ਗ੍ਰੰਥ ਦਾ ਹੈ, ਏਸਥੀਂ ਵਿਦਿਤ ਹੁੰਦਾ ਹੈ ਕਿ ਏਹ ਵੱਲਭਮਤ ਭੀ ਵਾਮਮਾਰਗੀਆਂ ਦਾ ਭੇਦ ਹੈ, ਇਸ ਕਰਕੇ ਇਸਤ੍ਰੀ ਸੰਗ ਰੁਸਾਂਈ ਲੋਗ ਬਹੁਤ ਕਰਦੇ ਹਨ, "ਗੋਪੀ ਜਨਵੱਲਭੇਤੀ" ਕੀ, ਕ੍ਰਿਸ਼ਨ ਗੋਪੀਆਂ ਦੇਹੀ ਪਿਆਰੇ ਸਨ ? ਹੋਰਨਾਂ ਦੇ ਨਹੀਂ ? ਇਸਤ੍ਰੀਆਂ ਦਾ ਪਿਆਰਾ ਉਹ ਹੁੰਦਾ ਹੈ ਜੋ ਇਸਤ੍ਰੀ ਭੋਗ ਵਿਚ ਫਸਿਆ ਰਹੇ । ਕੀ ਸ਼੍ਰੀ ਕ੍ਰਿਸ਼ਨ ਜੀ ਅਜਹੇ ਸਨ ? ਹੁਨ "ਸਹਸ੍ਰਪਰਿਵਤਸਰੇਤਿ" ਹਜ਼ਾਰ ਵਰ੍ਹਿਆਂ ਦੀ ਗਿਣਤੀ ਵਿਅਰਥ ਹੈ,ਕਿਉਂਕਿਵੱਲਭਅਰਓਸਦੇਚੇਲੇਕੁਝਸਰਵੱਗਨਹੀਂਹਨ, ਕੀ,ਕ੍ਰਿਸ਼ਨਦਾਵਿਯੋਗ ਹਜ਼ਾਰਾਂ ਵਰ੍ਹਿਆਂ ਥੀਂਹੋਇਆਂ ਅਰ ਅਜਤੁਕ ਅਰਥਾਂਤ ਜਦਤਕਵੱਲਭਦਾ ਮਤ ਨਾ ਸੀ ਅਰ ਨਾ ਵੱਲਭ ਜੰਮਿਆ ਸੀ ਓਸਦੇ ਪੂਰਵ ਅਪਨੇ ਦੈਵੀ ਜੀਵਾਂਦੇ ਉੱਧਾਰ ਕਰਨ ਨੂੰ ਕਿਉਂ ਨਾ ਆਇਆ ? 'ਜ਼ਾਪ'ਅਰ'ਕਲੇਸ਼' ਇਹਦੋਨੋਂ ਇਕ ਅਰਥ ਵਾਲੇ ਹਨ, ਇਨ੍ਹਾਂ ਵਿਚੋਂ ਇਕ ਦਾ ਗ੍ਰਹਣ ਕਰਨਾ ਉਚਿਤ ਸੀ ਦੁਹਾਂਦਾ ਨਹੀਂ, ਅਨੰਤ ਸ਼ਬਦ ਦਾ ਪਾਠ ਕਰਨਾ ਵਿਅਰਥ ਹੈ, ਕਿਉਂਕਿ ਜੋ ਅਨੰਤ ਸ਼ਬਦ ਰਖੋ ਤਾਂ ਸਹਸ੍ਰ ਸ਼ਬਦ ਦਾ ਪਾਠ ਨਾ ਰਖਨਾ ਚਾਹੀਏ, ਅਰ ਜੇ ਸਹਸ੍ਰ ਸ਼ਬਦ ਦਾ ਪਾਠ ਰੱਖੋ ਤਾਂ ਅਨੰਤ ਸ਼ਬਦ ਦਾ ਪਾਠ ਰਖਨਾ ਸਰਵਥਾ ਵਿਅਰਥ ਹੈ, ਅਰ ਜੇ ਅਨੰਤ ਕਾਲ ਤਕ ਢਕੇ ਰਹੇ ਓਸਦੀ ਮੁਕਤੀ ਦੇ ਵਾਸਤੇ ਵੱਲਭ ਦਾ ਹੋਨਾ ਭੀ

ਵਿਅਰਥ ਹੈ, ਕਿਉਂਕਿ ਅਨੰਤ ਦਾ ਅੰਤ ਨਹੀਂ ਹੁੰਦਾ, ਭਲਾ ਦੇਹ, ਇੰਦ੍ਰੀ, ਪ੍ਰਾਣ, ਅੰਤਹਕਰਣ ਅਰ ਉਸਦੇ ਧਰਮ, ਇਸਤ੍ਰੀ ਸਥਾਨ, ਪੁਤ੍ਰ,ਪ੍ਰਾਪਤ ਧਨ ਦਾ ਅਰਪਣ, ਕ੍ਰਿਸ਼ਨ ਨੂੰ ਕਿਉਂ ਕਰਨਾ,ਕਿਉਂਕਿ ਕ੍ਰਿਸ਼ਨ ਪੂਰਣ ਕਾਮ ਹੋਨ ਕਰਕੇ ਕਿਸੇਦੇ ਦੇਹ ਆਦੀ ਦੀ ਇਛਿਆ ਨਹੀਂ ਕਰ ਸਕਦੇ ਅਰ ਦੇਹ ਆਦੀ ਦਾ ਅਰਪਣ ਕਰਨਾ ਭੀ ਨਹੀਂ ਹੋਸਕਦਾ, ਕਿਉਂਕਿ ਨਹੁਆਂ ਥੀਂ ਲੈਕੇ ਸਿਰਦੇ ਵਾਲਾਂ ਤਕ ਦੇਹ ਕਹਾਂਦੀ ਹੈ, ਉਸਦੇ ਅਰਪਣ ਕਰਨ ਨਾਲ ਜੋ ਕੁਝ ਓਸ ਵਿਚ ਚੰਗੀ ਬੁਰੀ ਵਸਤੂ ਹੈ ਅਰਥਾਤ ਮਲ ਮੂਤ੍ਰ ਆਦੀ ਦਾ ਉਨ੍ਹਾਂ ਨੂੰ ਕ੍ਰਿਸ਼ਨ ਦੇ ਅਰਪਣ ਕੀਕਨ ਕਰ ਸੱਕੋਗੇ? ਅਰ ਜੋ ਪਾਪਪੁੰਨਰੂਪ ਨਰਮ ਹੁੰਦੇਹਨ ਉਨ੍ਹਾਂ ਨੂੰ ਕ੍ਰਿਸ਼ਨ ਦੇ ਅਰਪਣ ਕਰਨ ਨਾਲ ਉਨ੍ਹਾਂ ਦੇ ਫਲ ਭਾਗੀ ਭੀ ਕ੍ਰਿਸ਼ਨ ਹੀ ਹੋਂਨਗੇ, ਅਰਥਾਤ ਨਾਮ ਤਾਂ ਕ੍ਰਿਸ਼ਨ ਦਾ ਲੈਂਦੇ ਹਨ ਅਰ ਸਮਰਪਣ ਅਪਨੇ ਵਾਸਤੇ ਕਰਾਂਦੇ ਹਨ, ਜੋ ਕੁਝ ਦੇਹ ਵਿਚ ਮਲ ਮੂਤ੍ਰ ਆਦੀ ਹਨ ਓਹ ਭੀ ਗੁਸਾਂਈ ਜੀ ਦੇ ਅਰਪਣ ਕਿਉਂ ਨਹੀਂ ਹੁੰਦਾ? ਕੀ "ਮਿੱਠਾ ਮਿੱਠਾ ਗੜੱਪ, ਅਰ ਕੌੜਾ ਕੌੜਾ ਥੂਹ" ਅਰ ਇਹ ਭੀ ਲਿਖਿਆ ਹੈ ਕਿ ਗੁਸਾਂਈ ਜੀ ਦੇ ਅਰਪਣ ਕਰਨਾ, ਹੋਰ ਮਤਵਾਲੇ ਦੇ ਨਹੀਂ, ਇਹ ਸਭ ਸ੍ਵਾਰਥ ਸਿੰਧੂਪਨ ਅਰ ਪਰਾਏ ਧਨ ਆਦੀ ਪਦਾਰਥ ਲੁਟਨੇ ਅਰ ਵੈਦਿਕ ਧਰਮ ਦੇ ਨਾਸ਼ ਕਰਨ ਦੀ ਲੀਲਾ ਰਚੀ ਹੈ। ਵੇਖੋ! ਇਹ ਬੱਲਭ ਦਾ ਪ੍ਰਪੰਚ:-

ਸ਼੍ਰਾਵਣਸ਼ੁਕ੍ਲੇ ਪਖ੍ਸ਼ ਏਕਾਦਸ਼ਯਾਂ ਮਹਾਨਿਸ਼ਿ।

ਸਾਖ੍ਸ਼ਾਦਭਗਵਤਾ ਪ੍ਰੋਕ੍ਤਾ ਤਦਖ੍ਸ਼ਰਸ਼ ਉਚ੍ਯਤੇ ॥ ੧ ॥
ਬ੍ਰਹਮਾ ਸੰਬੰਧਕਰਣਾ ਤਸਰਵੇਸ਼ਾਂ ਦੇਹਜੀਵਯੋਃ।
ਸਰਵਦੋਸ਼ਨਿਵ੍ਰੱਤਿਰਹਿ ਦੋਸ਼ਾਃ ਪੰਚਵਿਧਾਃ ਸਮ੍ਰੁਤਾਃ॥੨
ਸਹਜਾ ਦੇਸ਼ਕਾਲੋੱਤਥਾ ਲੋਕਵੇਦਨਿਰੂਪਿਤਾਃ।
ਸੰਯੋਗਜਾਃ ਸਪਰਸ਼ਜਾਂਸ਼ਚ ਨ ਮੰਤਵ੍ਯਾਃ ਕਦਾਚਨ॥੩॥
ਅਨ੍ਯਥਾ ਸਰਵਦੋਸ਼ਾਣਾਂ ਨ ਨਿਵ੍ਰੱਤਿਃ ਕਥੰਚਨ।
ਅਸਮਰਪਿਤ ਵਸਤੂਨਾਂ ਤਸਮਾਦ੍ਦੂਰਜਨਮਾਚਰੇਤ ॥ ੪॥
ਨਿਵੇਦਿਭਿਃ ਸਮਰਪਜ੍ਞੇਵ ਸਰਵੰ ਕੁਰਯਾਦਿਤਿਸਿਚ੍ਤਿਃ।
ਨਮਤੰ ਦੇਵਦੇਵਸਜ੍ਞਸ੍ਵਾਮਿ ਭੁਕ੍ਤਿਸਮਰਪਣਮ॥ ੫ ॥

ਤਸਮਾਦਾਦੌ ਸਰਵਕਾਰਯੇ ਸਰਵ ਵਸਤੁ ਸਮਰਪਣਮ।
ਦੱਤਾਪਹਾਰਵਚਨੰ ਤਥਾ ਚ ਸਕਲੰ ਹਰੇਃ ॥ ੬ ॥
ਨ ਗ੍ਰਾਹਜਮਿਤਿ ਵਾਕਜੰ ਹਿ ਭਿੱਨਮਾਰਗਪਰੰਮਤਮ।
ਸੇਵਕਾਨਾਂ ਯਥਾਲੋਕੇ ਵਜਵਹਾਰਃ ਪ੍ਰਸਿੱਧਜਤਿ ॥੭॥
ਤਥਾ ਕਾਰਯੰ ਸਮਰਪਜੈ ਵ ਸਰਵੇਸ਼ਾਂ ਬ੍ਰਹਮਤਾ ਤਤਃ।
ਗੰਗਾਤਵੇ ਗੁਣਦੋਸ਼ਾਣਾਂ ਗੁਣਦੋਸ਼ਾਦਿਵਰਣਨਮ ॥ ੮ ॥

ਇਤਿਆਦੀ ਸ਼ਲੋਕ ਗੋਸਾਂਈਆਂ ਦੇ "ਸਿੱਧਾਂਤ ਰਹਸਜ" ਆਦੀ ਗ੍ਰਥਾਂ ਵਿਚ ਲਿਖੇ ਹਨ. ਇਹੀ ਗੋਸਾਂਈਆਂ ਦੇ ਮਤ ਦਾ ਮੂਲਤਤ੍ਵ ਹੈ, ਭਲਾ ਇਨ੍ਹਾਂ ਥੀਂ ਕੋਈ ਪੁੱਛ ਕਿ ਸ਼੍ਰੀ ਕ੍ਰਿਸ਼ਨ ਦੀ ਦੇਹ ਛੁਟਿਆਂ ਕੁਝ ਘੱਟ ਪੰਜ ਹਜ਼ਾਰ ਵਰ੍ਹੇ ਬੀਤੇ ਓਹ ਵੱਲਭ ਨਾਲ ਸਾਵਨ ਮਹੀਨੇ ਦੀ ਅੱਧੀਰਾਤ ਨੂੰ ਕਿਸਤਰਾਂ ਮਿਲ ਸੱਕੇ ? ॥ ੧ ॥ ਜੇਹੜਾ ਗੁਸਾਂਈ ਦਾ ਚੇਲਾ ਹੁੰਦਾ ਹੈ ਅਰ ਉਸਨੂੰ ਸਾਰਿਆਂ ਪਦਾਰਥਾਂ ਦਾ ਸਮਰਪਣ ਕਰਦਾ ਹੈ ਉਸਦੇ ਸ਼ਰੀਰ ਅਰ ਜੀਵਦੇ ਸਾਰਿਆਂ ਦੋਸ਼ਾਂ ਦੀ ਨਿੱਵ੍ਰਿੱਤੀ ਹੋ ਜਾਂਦੀ ਹੈ, ਇਹੀ ਵੱਲਭ ਦਾ ਪ੍ਰਪੰਚ ਮੂਰਖਾਂ ਨੂੰ ਬਹਕਾਕੇ ਅਪਨੇ ਮਤ ਵਿਚ ਲਿਆਉਨ ਦਾ ਹੈ, ਜੇਕਰ ਗੁਸਾਂਈ ਦੇ ਚੇਲੇ ਚੇਲੀਆਂ ਦੇ ਸਾਰੇ ਦੋਸ਼ ਦੂਰ ਹੋ ਜਾਨ ਤਾਂ ਰੋਗ, ਗਰੀਬੀ ਆਦੀ ਦੁੱਖਾਂ ਨਾਲ ਦੁੱਖੀ ਕਿਉਂ ਰਹਿਨ? ਅਰ ਓਹ ਦੋਸ਼ ਪੰਜਤਰਾਂ ਦੇ ਹੁੰਦੇ ਹਨ ॥ ੨ ॥ ਇਕ ਸਹਜਦੋਸ਼– ਜੇਹੜੇ ਕਿ ਸੁਭਾਵਿਕ ਅਰਥਾਤ ਕਾਮ, ਕ੍ਰੋਧ ਆਦੀ ਥੀਂ ਉਤਪਤ ਹੁੰਦੇ ਹਨ । ਦੂਜੇ–ਕਿਸੇ ਦੇਸ਼, ਕਾਲ ਵਿਚ ਕਈ ਤਰਾਂ ਦੇ ਪਾਪ ਕੀਤੇ ਜਾਂਨ । ਤੀਜੇ–ਲੋਕ ਵਿਚ ਜਿਨ੍ਹਾਂ ਨੂੰ ਖਾਨਯੋਗ, ਨਾ ਖਾਨਯੋਗ ਕਹਿੰਦੇ ਅਰ ਵੇਦ ਕਰਕੇ ਕਹੇ ਹੋਏ ਜੋਕਿ ਝੂਠ ਬੋਲਨਾ ਆਦੀ ਹਨ । ਚੌਥੇ ਸੰਯੋਗਜ– ਜੇਹੜੇ ਕਿ ਬ੍ਰਰੇ ਸੰਗ ਥੀਂ ਅਰਥਾਤ ਚੋਰੀ, ਯਾਰੀ,ਮਾਂ,ਭੈਣ, ਕੰਨਿਆਂ, ਨੂੰਹ, ਗੁਰੂਦੀ ਇਸਤ੍ਰੀ ਆਦੀ ਨਾਲ ਸੰਗ ਕਰਨਾ। ਪੰਜਵੇਂ–ਸਪਰਸ਼ ਥੀਂ ਹੋਨ ਵਾਲੇ ਜੇਹੜੇ ਨਹੀਂ ਛੋਹਨ ਯੋਗ ਉਨ੍ਹਾਂ ਨੂੰ ਛੁਹਨਾ। ਇਨ੍ਹਾਂ ਪੰਜਾਂ ਦੋਸ਼ਾਂ ਨੂੰ ਗੁਸਾਈਂ ਲੋਗਾਂ ਦੇ ਮਤ ਵਾਲੇ ਕਦੀ ਨਾ ਮੰਨਨ, ਅਰਥਾਤ ਅਪਨੀ ਮਰਜ਼ੀ ਵਾਙਣ ਵਿਹਾਰ ਕਰਨ ॥ ੩ ॥ ਹੋਰ ਕੋਈ ਉਪਾਯ ਦੋਸ਼ਾਂ ਦੇ ਦੂਰ ਕਰਨ ਲਈ ਨਹੀਂ ਹੈ ਬਿਨਾ ਗੁਸਾਂਈ ਜੀ ਦੇ ਮਤ ਦੇ, ਏਸ ਲਈ ਬਿਨਾ ਸਮਰਪਣ ਕੀਤੇ ਪਦਾਰਥ ਨੂੰ ਗੁਸਾਈਂ ਜੀਦੇ ਚੇਲੇ ਨਾ ਭੋਗਨ, ਇਸੇ ਲਈ ਇਨ੍ਹਾਂ ਦੇ ਚੇਲੇ ਅਪਨੀ ਇਸਤ੍ਰੀ, ਕੰਨਿਆਂ, ਨੂੰਹ ਅਰ ਧਨ

ਆਦੀ ਪਦਾਰਥਾਂ ਨੂੰ ਭੀ ਅਰਪਣ ਕਰਦੇ ਹਨ, ਪਰੰਤੂ ਅਰਪਣ ਦਾ ਨੇਮ ਇਹ ਹੈ ਕਿ ਜਦ ਤਕ ਗੁਸਾਈਂ ਜੀਦੀ ਚਰਣ ਸੇਵਾ ਵਿਚ ਅਰਪਣ ਨ' ਹੋਵੇ ਤਦਤਕ ਉਸਦਾ ਖਾਉਂਦ ਅਪਨੀ ਇਸਤ੍ਰੀ ਨੂੰ ਸਪਰਸ਼ ਨਾ ਕਰ ॥ ੪ ॥ ਏਸਥੀਂ ਗੁਸਾਈਆਂ ਦੇ ਚੇਲੇ ਅਰਪਣ ਕਰਕੇ ਪਿਛੋਂ ਅਪਨੇ ਅਪਨੇ ਪਦਾਰਥ ਦਾ ਭੋਗ ਕਰਨ, ਕਿਉਂਕਿ ਸ੍ਵਾਮੀ ਦੇ ਭੋਗ ਕੀਤੇ ਪਿਛੋਂ ਸਮਰਪਣ ਨਹੀਂ ਹੋ ਸਕਦਾ ॥ ੫ ॥ ਏਸ ਵਾਸਤੇ ਪਹਿਲਾਂ ਸਾਰਿਆਂ ਕੰਮਾਂ ਵਿਚ ਸਾਰੀਆਂ ਚੀਜ਼ਾਂ ਦਾ ਅਰਪਣ ਕਰਨ, ਪਹਿਲਾਂ ਗੁਸਾਈਂ ਜੀ ਨੂੰ ਬੁਹ੍ਟੀ ਆਦੀ ਸਮਰਪਣ ਕਰਕੇ ਪਿਛੋਂ ਗ੍ਰਹਣ ਕਰਨ, ਊਕਨ ਹੀ ਹਰੀ ਨੂੰ ਸਾਰੇ ਪਦਾਰਥ ਅਰਪਣ ਕਰਕੇ ਗ੍ਰਹਣ ਕਰਨ ॥ ੬ ॥ ਗੁਸਾਂਈਂਜੀ ਦੇ ਮਤ ਥੀਂ ਵਖਰੇ ਮਾਰਗ ਦੇ ਵਾਕ ਮਾਤ੍ਰ ਨੂੰ ਭੀ ਗੁਸਾਂਈ ਦੇ ਚੇਲੇ ਚੇਲੀ ਕਦੀ ਨਾ ਸੁਨਨ, ਨਾ ਗ੍ਰਹਣ ਕਰਨ, ਇਹੀ ਉਨ੍ਹਾਂ ਦੇ ਸਿਖਾਂ ਦਾ ਵਿਹਾਰ ਪ੍ਰਸਿੱਧ ਹੈ ॥ ੭ ॥ ਊਕਨ ਹੀ ਸਾਰੀਆਂ ਚੀਜ਼ਾਂ ਦਾ ਅਰਪਣ ਕਰਕੇ ਸਾਰਿਆਂ ਦੇ ਵਿਚ ਬ੍ਰਹਮ ਬੁਧੀ ਕਰੇ, ਉਸਦੇ ਪਿਛੋਂ ਜੀਕਨ ਗੰਗਾ ਵਿਚ ਹੋਰ ਜਲ ਮਿਲਕੇ ਗੰਗਾਰੂਪ ਹੋ ਜਾਂਦੇ ਹਨ ਊਕਨ ਹੀ ਅਪਨੇ ਮਤ ਵਿਚ ਗੁਣ ਅਰ ਦੂਜੇ ਦੇ ਮਤ ਵਿਚ ਦੋਸ਼ ਹਨ, ਏਸ ਲਈ ਅਪਨੇ ਮਤ ਵਿਚ ਗੁਣਾਂ ਦਾ ਕਥਨ ਕੀਤਾ ਕਰੇ ॥ ੮ ॥ ਹੁਨ ਵੇਖੋ ਗੁਸਾਂਈਆਂ ਦਾ ਮਤ ਸਾਰਿਆਂ ਮਤਾਂ ਨਾਲੋਂ ਵਧੀਕ ਅਪਨਾ ਮਤਲਬ ਕੱਢਨ ਵਾਲਾ ਹੈ, ਭਲਾ ਇਨ੍ਹਾਂ ਗੁਸਾਂਈਆਂ ਨੂੰ ਕੋਈ ਪੁੱਛੇ ਕਿ ਬ੍ਰਹਮ ਦਾ ਇਕ ਲਖਛਨ ਭੀ ਤੁਸੀਂ ਨਹੀਂ ਜਾਨਦੇ ਤਾਂ ਸਿੱਖ, ਸਿਖਨੀਆਂ ਨੂੰ ਬ੍ਰਹਮ ਨਾਲ ਮੇਲ ਕਿਸਤਰਾਂ ਕਰਾ ਸੱਕੋਗੇ? ਜੇ ਆਖੋ ਕਿ ਅਸੀਂ ਹੀ ਬ੍ਰਹਮ ਹਾਂ ਸਾਡੇ ਨਾਲ ਮੇਲ ਹੋਨ ਥੀਂ ਮੇਲ ਹੋ ਜਾਂਦਾ ਹੈ, ਸੋ ਤੁਹਾਡੇ ਵਿਚ ਬ੍ਰਹਮ ਦੇ ਗੁਣ,ਕਰਮ, ਸੁਭਾਉ ਇਕਭੀ ਨਹੀਂ ਹਨ ਫੇਰਕੀ ਤੁਸੀਂ ਨਿਰੇਭੋਗਬਿਲਾਸ ਦੇ ਲਈ ਬ੍ਰਹਮ ਬਨ ਬੈਠੇਹੋ? ਭਲਾਸਿਖ ਅਰ ਸਿਖਨੀਆਂ ਨੂੰ ਤਾਂ ਤੁਸੀਂ ਅਪਨੇ ਨਾਲ ਅਰਪਣ ਕਰਕੇ ਸ਼ੁੱਧ ਕਰਦੇਓ ਪਰੰਤੂ ਤੁਸੀਂ ਅਰ ਤੁਹਾਡੀ ਇਸਤ੍ਰੀ ਕੰਨਿਆਂ ਤਥਾ ਨੂੰਹ ਨਾ ਅਰਪਣ ਹੋਨ ਥੀਂ ਅਸ਼ੁਧ ਰਹ ਗਏ ਵਾ ਨਹੀਂ ? ਅਰ ਤੁਸੀਂ ਨਾ ਅਰਪਣ ਹੋਈ ਚੀਜ਼ ਨੂੰ ਅਪਵਿਤ੍ਰ ਮੰਨਦੇਹੋ ਫੇਰ ਉਨ੍ਹਾਂ ਥੀਂ ਉਤਪਤ ਹੋਏ ਤੁਸੀਂ ਲੋਗ ਅਪਵਿਤ੍ਰ ਕਿਉਂ ਨਹੀਂ ? ਏਸ ਲਈ ਤੁਹਾਨੂੰ ਭੀ ਯੋਗ ਹੈ ਕਿ ਅਪਨੀ ਇਸਤ੍ਰੀ ਕੰਨਿਆਂ, ਤਥਾ ਨੂੰਹ ਆਦੀ ਨੂੰ ਹੋਰੀ ਮਤਵਾਲਿਆਂ ਦੇ ਨਾਲ ਅਰਪਣ ਕਰਾਇਆ ਕਰੋ। ਜੇ ਆਖੋ ਕਿ ਨਹੀਂ ਨਹੀਂ ਤਾਂ ਤੁਸੀਂ ਭੀ ਹੋਰੀ ਇਸਤ੍ਰੀ ਪੁਰੁਸ਼ ਤਥਾ ਧਨ ਆਦੀ ਪਦਾਰਥਾਂ ਨੂੰ ਅਰਪਣ ਕਰਨਾ ਕਰਾਨਾ ਛਡਦੇਓ। ਭਲਾ ਹੁਨ ਤਕ ਹੋਇਆ ਸੋ ਹੋਇਆ ਪਰੰਤੂ ਹੁਨ ਤਾਂ ਅਪਨੀ ਮਿਥਿਆ ਪ੍ਰਪੰਚ ਆਦੀ ਬੁਰਿਆਈਆਂ ਨੂੰ ਛਡੋ ਅਰ ਸੁ ਦਰ ਈਸ਼੍ਵਰ ਕਰਕੇ ਕਹੇ ਹੋਏ ਵੇਦ ਵਿਹਿਤ ਅੱਛੇ ਮਾਰਗ

ਵਿਚ ਆਕੇ ਅਪਨੇ ਮਨੁੱਸ਼ ਰੂਪੀ ਜਨਮ ਨੂੰ ਸਫਲ ਕਰਕੇ ਧਰਮ, ਅਰਥ, ਕਾਮ, ਮੋਖਛ, ਇਨ੍ਹਾਂ ਚਵ੍ਹਾਂ ਫਲਾਂ ਨੂੰ ਪ੍ਰਾਪਤ ਹੋਕੇ ਆਨੰਦ ਭੋਗੋ। ਹੋਰ ਵੇਖੋ! ਇਹ ਗੁਸਾਂਈ ਲੋਗ ਅਪਨੇ ਸੰਪ੍ਰਦਾਯਨੂੰ ਪੁਸ਼ਟੀ ਮਾਰਗ ਕਹਿੰਦੇ ਹਨ ਅਰਥਾਤ ਖਾਨੇ, ਪੀਨੇ, ਮੋਟਾ ਹੋਨੇ, ਅਰ ਸਾਰੀਆਂ ਇਸਤ੍ਰੀਆਂ ਦੇ ਨਾਲ ਅਪਨੀ ਮਰਜੀ ਵਾਛਨ ਭੋਗ ਬਿਲਾਸ ਕਰਨ ਨੂੰ ਪੁਸ਼ਟੀ ਮਾਰਗ ਕਹਿੰਦੇ ਹਨ, ਪਰੰਤੂ ਇਨ੍ਹਾਂ ਪਾਸੋਂ ਪੁਛਨਾ ਚਾਹੀਏ ਜਦ ਵਡੇ ਦੁਖ ਦੇਨ ਵਾਲੀ ਭਗੰਦਰ ਆਦੀ ਬੀਮਾਰੀਆਂ ਨਾਲ ਗ੍ਰਸਤ ਹੋਕੇ ਅਜੇਹ ਝੀਕ ਝੀਕ ਮਰਦੇ ਹਨ ਕਿ ਜਿਸ ਨੂੰ ਇਹਾਹੀ ਜਾਨਦੇ ਹੋਨਗੇ ਸਚ ਪੁਛੋ ਤਾਂ ਪੁਸ਼ਟੀ ਮਾਰਗ ਨਹੀਂ ਕਿੰਤੂ ਕੁਸ਼ਟੀ (ਕੋਹੜ) ਮਾਰਗ ਹੈ, ਜਿਸਤਰਾਂ ਕੁਸ਼ਟੀਦੇ ਸ਼ਰੀਰਦੀਆਂ ਸਾਰੀਆਂ ਧਾਤੂ ਪੱਘਰ ਪੱਘਰ ਕੋ ਨਿਕਲ ਜਾਂਦੀਆਂ ਹਨ, ਅਰ ਵਿਰਲਾਪ ਕਰਦਾ ਹੋਇਆ ਸ਼ਰੀਰ ਛਡਦਾ ਹੈ, ਅਜੇਹੀ ਹੀ ਲੀਲਾ ਇਨ੍ਹਾਂ ਦੀ ਭੀ ਵੇਖਨ ਵਿਚ ਆਉਂਦੀ ਹੈ, ਏਸਲਈ ਨਰਕ ਮਾਰਗ ਭੀ ਇਸ ਨੂੰ ਕਹਨਾ ਅੱਛੀ ਤਰਾਂ ਬਨ ਸਕਦਾਹੈ, ਕਿਉਂਕਿ ਦੁਖ ਦਾ ਨਾਉਂ ਨਰਕ, ਅਰ ਸੁਖ ਦਾ ਨਾਉਂ ਸੁਰਗ ਹੈ, ਇਸੇ ਤਰਾਂ ਮਿਥਿਆ ਜਾਲ ਬਨਾਕੇ ਵਿਚਾਰੇ ਭੋਲੇ ਭਾਲੇ ਮਨੁੱਸ਼ਾਂ ਨੂੰ ਜਾਲ ਵਿਚ ਫਸਾਇਆ ਅਰ ਅਪਨੇ ਆਪ ਨੂੰ ਸ਼੍ਰੀ ਕ੍ਰਿਸ਼ਨ ਮੰਨ ਕੇ ਸਾਰਿਆਂ ਦੇ ਸੁਆਮੀ ਬਨਦੇ ਹਨ, ਇਹ ਕਹਿੰਦੇ ਹਨ ਕਿ ਜਿੰਨੇ ਦੈਵੀਜੀਵ ਗੋਲੋਕ ਥੀਂ ਏਥੇ ਆਏ ਹਨ ਉਨ੍ਹਾਂ ਦੇ ਉੱਧਾਰ ਕਰਨ ਦੇ ਵਾਸਤੇ ਅਸੀਂ ਲੀਲਾ ਪੁਰੁਸ਼ੋੱਤਮ ਜੰਮੇ ਹਾਂ, ਜਦ ਤਕ ਸਾਡਾ ਉਪਦੇਸ਼ ਨਾ ਲੈਨ ਤਦ ਤਕ ਗੋਲੋਕ ਦੀ ਪ੍ਰਾਪਤੀ ਨਹੀਂ ਹੁੰਦੀ, ਉੱਥੇ ਇਕ ਸ਼੍ਰੀ ਕ੍ਰਿਸ਼ਨ ਪੁਰੁਸ਼ ਹੋਰ ਸਾਰੀਆਂ ਇਸਤ੍ਰੀਆਂ ਹਨ। ਵਾਹ ਜੀ ਵਾਹ! ਭਲਾ ਤੁਹਾਡਾ ਮਤ ਹੈ!! ਗੁਸਾਈਆਂ ਦੇ ਜਿੱਨੇ ਚੇਲੇ ਹਨ, ਓਹ ਸਾਰੀਆਂ ਗੋਪੀਆਂ ਬਨ ਜਾਨ ਗੀਆਂ, ਹੁਨ ਵਿਚਾਰੇ ਭਲਾ ਜਿਸ ਪੁਰੁਸ਼ ਦੀਆਂ ਦੋ ਇਸਤ੍ਰੀਆਂ ਹੁੰਦੀਆਂ ਹਨ ਉਸਦੀ ਵੱਡੀ ਦੁਰਦਸ਼ਾ ਹੋਜਾਂਦੀ ਹੈ ਤਾਂ ਜਿੱਥੇ ਇਕ ਪੁਰੁਸ਼, ਅਰ ਕ੍ਰੋੜਾਂ ਇਸਤ੍ਰੀਆਂ ਇਕ ਦੇ ਪਿੱਛੇ ਲੱਗੀਆਂ ਹੋਨ ਉਸਦੇ ਦੁਖ ਦਾ ਕੀ ਪਾਰਾਵਾਰ ਹੈ? ਜੇ ਆਖੋ ਕਿ ਸ਼੍ਰੀ ਕ੍ਰਿਸ਼ਨ ਵਿਚ ਵਡਾ ਭਾਰਾ ਬਲ ਹੈ, ਸਾਰੀਆਂ ਨੂੰ ਪ੍ਰਸੰਨ ਕਰਦੇ ਹਨ, ਤਾਂ ਜੋ ਉਸਦੀ ਇਸਤ੍ਰੀ ਜਿਸਨੂੰ ਸ੍ਵਾਮਿਨੀ ਜੀ ਕਹਿੰਦੇ ਹਨ ਉਸ ਵਿਚ ਭੀ ਸ਼੍ਰੀ ਕ੍ਰਿਸ਼ਨ ਦੇ ਵਾਛਣ ਬਲ ਹੋਵੇਗਾ, ਕਿਉਂ ਓਹ ਉਨ੍ਹਾਂ ਦੀ ਅਰਧੰਗੀ ਹੈ, ਜੀਕਨ ਏਥੇ ਇਸਤ੍ਰੀ, ਪੁਰੁਸ਼ ਦੀ ਕਾਮਚੇਸ਼ਟਾ ਬਰਾਬਰ ਅਥਵਾ ਪੁਰੁਸ਼ ਥੀਂ ਇਸਤ੍ਰੀ ਦੀ ਵਧੀਕ ਹੁੰਦੀ ਹੈ, ਤਾਂ ਗੋਲੋਕ ਵਿਚ ਕਿਉਂ ਨਹੀਂ? ਜੇ ਅਜੇਹਾ ਹੈ ਤਾਂ ਹੋਰਨਾਂ ਇਸਤ੍ਰੀਆਂ ਦੇ ਨਾਲ ਸ੍ਵਾਮਨੀ ਜੀ ਦੀ ਅਤਯੰਤ ਲੜਾਈ, ਬਖੇੜਾ, ਮਚਦਾ ਹੋਵੇਗਾ, ਕਿਉਂਕਿ ਔਕਣ ਭਾਉ ਬਹੁਤ ਬੁਰਾ ਹੁੰਦਾ ਹੈ, ਫੇਰ ਗੋਲੋਕ ਸੁਰਗ ਦੀ ਅਪੇਖਛਾ

ਕਰਕੇ ਨਰਕ ਵਾਙਣ ਹੋਗਿਆ ਹੋਵੇਗਾ, ਅਥਵਾ ਜੀਕਨ ਬਹੁਤ ਇਸਤ੍ਰੀਗਾਮੀ ਪੁਰੁਸ਼ ਭਗੀਦਰ ਆਦੀ ਬੀਮਾਰੀਆਂ ਨਾਲ ਦੁਖੀ ਰਹਿੰਦੇ ਹਨ, ਉਕਨ ਹੀ ਗੋਲੋਕ ਵਿਚ ਹੋਵੇਗਾ। ਛੀ ! ਛੀ !! ਛੀ !!! ਅਜੇਹੇ ਗੋਲੋਕ ਥੀਂ ਮਤਲੋਕ ਹੀ ਵਿਚਾਰਾ ਭਲਾ ਹੈ, ਦੇਖੋ। ਜੀਕਨ ਇਥੇ ਗੁਸਾਈਂ ਜੀ ਅਪਨੇ ਨੂੰ ਸ਼੍ਰੀ ਕ੍ਰਿਸ਼ਨ ਮੰਨਦੇ ਹਨ, ਅਰ ਬਹੁਤ ਇਸਤ੍ਰੀਆਂ ਨਾਲ ਲੀਲਾ ਕਰਨੇ ਥੀਂ ਭਗੰਦਰ, ਤਥਾ * ਪ੍ਰਮੇਹ ਆਦੀ ਬੀਮਾਰੀਆਂ ਨਾਲ ਦੁਖੀ ਹੋਕੇ ਮਹਾਦੁਖ ਭੋਗਦੇ ਹਨ। ਹੁਨ ਦੱਸੋ। ਜਿਨ੍ਹਾਂ ਦਾ ਸ੍ਵਰੂਪ ਗੁਸਾਈਂ ਦੁਖੀ ਹੁੰਦਾ ਹੈ ਤਾਂ ਗੋਲੋਕ ਦਾ ਸ੍ਵਾਮੀ ਸ਼੍ਰੀ ਕ੍ਰਿਸ਼ਨ ਇਨ੍ਹਾਂ ਰੋਗਾਂ ਨਾਲ ਦੁੱਖੀ ਕਿਉਂ ਨਾ ਹੋਵੇਗਾ? ਅਰ ਜੇ ਨਹੀਂ ਹੈ ਤਾਂ ਉਨ੍ਹਾਂ ਦਾ ਸ੍ਵਰੂਪ ਗੁਸਾਂਈਂ ਜੀ ਦੁੱਖੀ ਕਿਉਂ ਹੁੰਦੇ ਹਨ ?

(ਪ੍ਰਸ਼ਨ) ਮਰਤਲੋਕ ਵਿਚ ਲੀਲਾ ਅਵਤਾਰ ਧਾਰਣ ਕਰਨ ਥੀਂ ਰੋਗ ਦੋਸ਼ ਹੁੰਦਾ ਹੈ ਗੋਲੋਕ ਵਿਚ ਨਹੀਂ, ਕਿਉਂਕਿ ਉੱਥੇ ਰੋਗ ਦੋਸ਼ ਹੀ ਨਹੀਂ ਹਨ।

(ਉੱਤਰ) "ਭੋਗੇ ਰੋਗ ਭਯੰ" ਜਿੱਥੇ ਭੋਗ ਹੈ ਉੱਥੇ ਬੀਮਾਰੀ ਜ਼ਰੂਰ ਹੁੰਦੀਹੈ,ਅਰ ਸ਼੍ਰੀਕ੍ਰਿਸ਼ਨ ਦੀਆਂ ਕ੍ਰੋੜਾਂ ਇਸਤ੍ਰੀਆਂ ਥੀਂ ਸੰਤਾਨਹੁੰਦੇ ਹਨ ਵਾਨਹੀਂ? ਅਰ ਜੇ ਹੁੰਦੇ ਹਨ ਤਾਂ ਪੁਤ੍ਰ ਪੁਤ੍ਰ ਹੁੰਦੇ ਹਨ ਵਾ ਧੀਆਂ ਧੀਆਂ ? ਅਥਵਾ ਦੋਨੋਂ ? ਜੇ ਆਖੋ ਕਿ ਕੁੜੀਆਂ ਹੀ ਕੁੜੀਆਂ ਹੁੰਦੀਆਂ ਹਨ ਤਾਂ ਉਨ੍ਹਾਂ ਦਾ ਵਿਵਾਹ ਕਿਨ੍ਹਾਂ ਦੇ ਨਾਲ ਹੁੰਦਾ ਹੋਵੇਗਾ? ਕਿਉਂਕਿ ਉਥੇ ਬਿਨਾ ਸ਼੍ਰੀ ਕ੍ਰਿਸ਼ਨ ਦੇ ਦੂਜਾ ਕੋਈ ਪੁਰੁਸ਼ ਨਹੀਂ, ਜੇ ਦੂਜਾ ਹੈ ਤਾਂ ਤੁਹਾਡੀ ਪ੍ਰਤਿਗਿਆ ਦੂਰ ਹੋਈ। ਜੇਆਖੋ ਕਿ ਲੜਕੇ ਹੀ ਲੜਕੇ ਹੁੰਦੇਹਨਤਾਂ ਭੀ ਇਹਾਹੀਦੋਸ਼ ਆਪਵੇਗਾ,ਕਿ ਉਨ੍ਹਾਂਦਾ ਵਿਵਾਹ ਕਿਥੇ ਅਰ ਕਿਨ੍ਹਾਂ ਦੇ ਨਾਲ ਹੁੰਦਾ ਹੈ ? ਅਥਵਾ ਘਰ ਦੇ ਘਰ ਹੀ ਵਿਚ ਗਟ ਪਟ ਕਰ ਲੈਂਦੇ ਹਨ, ਅਥਵਾ ਹੋਰ ਕਿਸੇ ਦੀਆਂ ਕੁੜੀਆਂ ਵਾ ਮੁੰਡੇ ਹਨ, ਤਾਂ ਭੀ ਤੁਹਾਡੀ ਪ੍ਰਤਿਗਿਆ ਗੋਲੋਕ ਵਿਚ ਇਕਹੀ ਸ਼੍ਰੀਕ੍ਰਿਸ਼ਨ ਪੁਰੁਸ਼ ਨਸ਼ਟ ਹੋਜਾਵੇਗੀ। ਅਰ ਜੇ ਆਖੋ ਕਿ ਸੰਤਾਨ ਹੁੰਦੇ ਹੀ ਨਹੀਂ, ਤਾਂ ਸ਼੍ਰੀ ਕ੍ਰਿਸ਼ਨ ਵਿਚ ਨਾਮਰਦਪਨ ਅਰ ਇਸਤ੍ਰੀਆਂ ਵਿਚ ਬੰਧਿਆਪਨ ਦੋਸ਼ ਆਵੇਗਾ। ਭਲਾ ਇਹ ਗੋਲੋਕ ਕੀ ਹੋਇਆ ਜਾਨੇ ਦਿੱਲੀ ਦੇ ਬਾਦਸ਼ਾਹ ਦੀ ਬੀਬੀਆਂ ਦੀ ਸੈਨਾ ਹੋਈ। ਹੁਨ ਜੋ ਗੁਸਾਂਈ ਲੋਗ ਸਿਖ ਅਰ ਸਿਖਨੀਆਂ ਦਾ ਤਨ, ਮਨ, ਤਥਾ ਧਨ ਅਪਨੇ ਅਰਪਣ ਕਰਾ ਲੈਂਦੇ ਹਨ ਓਹ ਭੀ ਠੀਕ ਨਹੀਂ, ਕਿਉਂ ਕਿ ਤਨ ਤਾਂ ਵਿਵਾਹ ਸਮੇਂਵਿਚ ਇਸਤ੍ਰੀ ਅਰ ਪਤੀ ਦੇ ਸਮਰਪਣ ਹੋ ਜਾਂਦਾ ਹੈ, ਫੇਰ ਮਨ ਭੀ ਦੂਜੇ ਦੇ ਸਮਰਪਣ ਨਹੀਂ ਹੋ ਸਕਦਾ, ਕਿਉਂਕਿ ਮਨਹੀਦੇ ਨਾਲ ਤਨਦਾ ਭੀ ਸਮਰਪਣ ਕਰਨਾ ਬਨ ਸਕਦਾ ਹੈ, ਅਰ ਜੇ ਕਰਨ ਤਾਂ ਵਿਭਚਾਰੀ ਅਖਵਾਨਗੇ। ਹੁਨ ਰਹਿਆ ਧਨ ਉਸਦੀ ਏਹਾ ਲੀਲਾ ਸਮਝੋ ਅਰਥਾਤ ਮਨ ਦੇ ਬਿਨਾ ਕੁਝ

* ਪ੍ਰਮੇਹ ਧਾਤ ਦੀ ਬਿਮਾਰੀ ਨੂੰ ਆਖਦੇ ਹਨ। (ਅਨੁਵਾਦਕਰਤਾ)

ਭੀ ਅਰਪਣ ਨਹੀਂ ਹੋ ਸਕਦਾ, ਇਨ੍ਹਾਂ ਗੁਸਾਈਆਂ ਦਾ ਮਤਲਬ ਏਹ ਹੈ ਕਿ ਕਮਾਨ ਤਾਂ ਚੇਲੇ,ਅਰ ਆਨੰਦਭੋਗ ਕਰੀਏ ਅਸੀਂ।ਜਿੱਨੇ ਵੱਲਭ ਸੰਪ੍ਰਦਾਈ ਗੁਸਾਂਈਂ ਲੋਗ ਹਨ ਓਹ ਹੁਨ ਤਕ ਤੈਲੰਗੀ ਜਾਤੀ ਵਿਚ ਨਹੀਂ ਹਨ, ਅਰ ਜੋ ਕੋਈ ਭੁੱਲਿਆ ਭਟਕਿਆ ਕੁੜੀ ਦਿੰਦਾ ਹੈ ਓਹ ਜਾਤੀ ਤੋਂ ਬਾਹਰ ਹੋਕੇਭ੍ਰਸ਼ਟ ਹੋ ਜਾਂਦਾ ਹੈ, ਕਿਉਂਕਿ ਇਹ ਜਾਤੀ ਥੀਂ ਪਤਿਤ ਕੀਤੇ ਗਏ, ਅਰ ਵਿਦਿਆ ਤੋਂ ਰਹਿਤ, ਰਾਤ ਦਿਨ ਪ੍ਰਮਾਦ ਵਿਚ ਰਹਿੰਦੇ ਹਨ। ਹੋਰ ਦੇਖੋ ! ਜਦ ਕੋਈ ਗੁਸਾਈਂ ਜੀ ਨੂੰ ਘਰ ਬੁਲਾਂਦਾ ਹੈ ਤਦ ਉਸਦੇ ਘਰ ਵਿਚ ਜਾ ਚੁਪਚਾਪ ਕਾਠ ਦੀ ਪੁਤਲੀ ਦੇ ਵਾਙਣ ਬੈਠਾ ਰਹਿੰਦਾ ਹੈ, ਨਾ ਕੁਝ ਬੋਲਦਾ, ਨਾ ਚਾਲਦਾ ਵਿਚਾਰਾ ਬੋਲੇ ਤਾਂ ਤਦ ਜੇ ਮੂਰਖ ਨਾ ਹੋਵੇ "ਮੂਰਖਾਣਾਂ ਬਲੰ ਮੌਨੰ" ਕਿਉਂਕਿ ਮੂਰਖਾਂਦਾ ਬਲ ਚੁਪ ਹੈ, ਜੇ ਬੋਲੇ ਉਸਦਾ ਪੋਲ ਨਿਕਲ ਜਾਏ, ਪਰੰਤੂ ਇਸਤ੍ਰੀਆਂ ਦੀ ਤਰਫ ਖ਼ੂਬ ਧਿਆਨ ਲਾਕੇ ਤਕਦਾ ਰਹਿੰਦਾ ਹੈ, ਅਰ ਜਿਸਦ ਵੱਲ ਗੁਸਾਂਈ ਜੀ ਵੇਖਨ ਤਾਂ ਜਾਨੋ ਵਡੇਹੀ ਭਾਗ ਦੀ ਗੱਲ ਹੈ, ਅਰ ਓਸਦਾ ਖਾਉਂਦ, ਭਰਾ, ਸੰਬੰਧੀ, ਮਾ, ਪਿਉ,ਵਡੇ ਰਾਜ਼ੀ ਹੁੰਦੇ ਹਨ, ਉੱਥੇ ਸਾਰੀਆਂ ਇਸਤ੍ਰੀਆਂ ਗੁਸਾਂਈ ਜੀਦੇ ਪੈਰ ਛੁਹੰਦੀਆਂ ਹਨ, ਜਿਸ ਉਪਰ ਗੁਸਾਂਈ ਜੀਦਾ ਮਨ ਚੱਲੇ ਵਾ ਕ੍ਰਿਪਾ ਹੋਵੇ ਉਸਦੀ ਅੰਗੁਲੀ ਪੈਰ ਨਾਲ ਦਬਾ ਦਿੰਦੇ ਹਨ, ਓਹ ਇਸਤ੍ਰੀ ਅਰ ਉਸਦੇ ਖਾਉਂਦ ਆਦੀ ਅਪਨਾ ਧੰਨ ਭਾਗ ਸਮਝਦੇ ਹਨ, ਅਰ ਉਸ ਇਸਤ੍ਰੀ ਨੂੰ ਸਾਰੇ ਖਾਉਂਦ ਆਦੀ ਕਹਿੰਦੇਹਨ ਕਿ ਤੂੰ ਗੁਸਾਈਂ ਜੀਦੀ ਚਰਣ ਸੇਵਾ ਵਿਚ ਜਾਹ, ਅਰ ਜਿੱਥੇ ਕਿਧਰੇ ਓਸਦੇ ਖਾਉਂਦ ਆਦੀ ਰਾਜ਼ੀ ਨਹੀਂ ਹੁੰਦੇ ਉਥੇ ਦੱਲੀ ਅਰ ਫੱਫੇਕੁਟਣੀ ਪਾਸੋਂ ਕੰਮ ਕਢਾ ਲੈਂਦੇ ਹਨ। ਸੱਚ ਪੁੱਛੋ ਤਾਂ ਅਜੇਹੇ ਕੰਮਕਰਨਵਾਲੇ ਉਨ੍ਹਾਂਦੇ ਮੰਦਿਰਾਂਵਿਚ ਅਰ ਉਨ੍ਹਾਂਦੇ ਨਜੀਕ ਬਹੁਤਸਾਰੇਰਹਿਆ ਕਰਦੇਹਨ। ਹੁਨ ਇਨ੍ਹਾਂਦੀ ਦਖਛਣਾਦੀ ਲੀਲਾ ਅਰਥਾਤ ਏਸਤਰਾਂਮੰਗਦੇ ਹਨ, ਲਿਆਓ ਭੇਟ ਗੁਸਾਂਈਂ ਜੀਦੀ, ਬਹੂਜੀਦੀ, ਲਾਲਜੀਦੀ, ਬੇਟੀਜੀਦੀ, ਮੁਖੀਆਂ ਜੀਦੀ, ਬਾਹਰੀਯਾ ਜੀਦੀ, ਗਵੈਯਾਜੀਦੀ ਅਰ ਠਾਕੁਰ ਜੀਦੀ, ਇਨ੍ਹਾਂ ਸੱਭਾਂ ਦੁਕਾਨਾਂ ਤੋਂ ਚੰਗੀਤਰਾਂ ਨਾਲ ਮਾਲ ਮਾਰਦੇ ਹਨ,ਜਦ ਕੋਈ ਗੁਸਾਂਈਂ ਜੀਦਾ ਸੇਵਕ ਮਰਨ ਲੱਗਦਾ ਹੈ ਤਦ ਉਸਦੀ ਛਾਤੀ ਉੱਤੇ ਪੈਰ ਗੁਸਾਂਈਂ ਜੀ ਧਰਦੇ ਹਨ, ਅਰ ਜੋ ਕੁਝ ਮਿਲਦਾ ਹੈ ਉਸਨੂੰ ਗੁਸਾਂਈਂ ਜੀ ਡਕਾਰ ਜਾਂਦੇ ਹਨ, ਕੀ, ਇਹ ਕੰਮ ਮਹਾਬ੍ਰਾਹਮਣ,ਅਰ ਮਸਾਂਨੀਆਂ ਦੇ ਸਮਾਨ ਨਹੀਂ ਹੈ? ਕੋਈ ਕੋਈ ਚੇਲਾ ਵਿਆਹ ਵਿਚ ਗੁਸਾਂਈਂ ਜੀ ਨੂੰ ਬੁਲਾਕੇ ਉਨ੍ਹਾਂ ਕੋਲੋਂ ਹੀ ਮੁੰਡੇ ਕੁੜੀਦਾ ਹਥਲੇਵਾ ਕਰਾਂਦੇ ਹਨ, ਅਰ ਕੋਈ ਕੋਈ ਸੇਵਕ ਜਦ ਕੇਸਰੀਆ ਅਸ਼ਨਾਨ ਅਰਥਾਤ ਗੁਸਾਂਈਂ ਜੀਦੇ ਸ਼ਰੀਰ ਉੱਤੇ ਇਸਤ੍ਰੀ ਲੋਗ ਕੇਸਰ ਦਾ ਵਟਨਾ ਮਲਕੇ ਫੇਰ ਇਕ ਵਡੀ ਪਰਾਤ ਵਿਚ ਪਟੜਾ ਰਖਕੇ ਗੁਸਾਂਈਂ ਜੀ ਨੂੰ ਇਸਤ੍ਰੀ ਪੁਰੁਸ਼ ਮਿਲਕੇ ਅਸ਼ਨਾਨ ਕਰਾਂਦੇ ਹਨ, ਪਰੰਤੂ ਵਿਸ਼ੇਸ਼ ਕਰਕੇ ਇਸਤ੍ਰੀਆਂ

ਨੁਹਾਂਦੀਆਂ ਹਨ, ਫੇਰ ਜਦ ਗੁਸਾਈਂ ਜੀ ਰੇਸ਼ਮੀ ਮੁਟਕਾ ਬਨ੍ਹਕੇ ਅਰ ਖੜਾਂਵਾਂ ਉੱਤੇ ਚੜ੍ਹਕੇ ਬਾਹਰ ਨਿਕਲ ਆਉਂਦੇ ਹਨ, ਅਰ ਧੋਤੀ ਉੱਸੇ ਵਿਚ ਸੁੱਟ ਦਿੰਦੇ ਹਨ, ਫੇਰ ਓਸ ਜਲਦਾ ਆਚਮਨ ਓਸਦੇ ਸੇਵਕ ਕਰਦੇ ਹਨ, ਅਰ ਚੰਗਾ ਮਸਾਲਾ ਭ੍ਰਰਕੇਪਾਂਨ,ਬੀੜੀ ਗੁਸਾਂਈਂ ਜੀਨੂੰ ਦਿੰਦੇ ਹਨ, ਉਹ ਚੱਬਕੇ ਕੁਝ ਖਾ ਜਾਂਦੇ ਹਨ ਬਾਕੀ ਇਕ ਚਾਂਦੀ ਦੇ ਕਟੋਰੇ ਵਿਚ ਜਿਸਨੂੰ ਉਨ੍ਹਾਂ ਦਾ ਸੇਵਕ ਮੂੰਹ ਦੇ ਅੱਗੇ ਕਰ ਦਿੰਦਾ ਹੈ ਉਸ ਵਿਚ ਪੀਕੇ ਉਗਲ ਦਿੰਦੇ ਹਨ, ਓਸਦੀ ਭੀ ਪ੍ਰਸਾਦੀ ਵੰਡਦੇ ਹਨ ਜਿਸਨੂੰ ਖਾਸ ਪ੍ਰਸਾਦੀ ਕਹਿੰਦੇ ਹਨ। ਹੁਨ ਵਿਚਾਰੋ ਕਿ ਇਹ ਲੋਗ ਕਿਸ ਪ੍ਰਕਾਰ ਦੇ ਮਨੁੱਸ਼ ਹਨ, ਮੂੜ੍ਹਪਨਾ ਅਰ ਅਨਾਚਾਰ, ਏਸ ਤੋਂ ਵਧੀਕ ਕੀ ਹੋਵੇਗਾ ? ਬਹੁਤ ਸਾਰੇ ਸਮਰਪਣ ਲੈਂਦੇ ਹਨ, ਉਨ੍ਹਾਂ ਵਿਚੋਂ ਕਿੱਨੇ ਹੀ ਵੈਸ਼ਨਵਾਂ ਦੇ ਹਥ ਦਾ ਭੀ ਖਾਂਦੇ ਹਨ, ਹੋਰਨਾਂ ਦਾ ਨਹੀਂ, ਕੱਨੇ ਵੈਸ਼ਨਵਾਂ ਦੇ ਹੱਥ ਦਾ ਭੀ ਨਹੀਂ ਖਾਂਦੇ, ਲਕੜਾਂ ਝਕ ਧੋ ਲੈਂਦੇ ਹਨ, ਪਰੰਤੂ ਆਟਾ, ਖੰਡ, ਘਿਉ, ਗੁੜ ਆਦੀ ਧੋਵਨ ਨਾਲ ਉਨ੍ਹਾਂ ਦੀ ਛੁਹ ਵਿਗੜ ਜਾਂਦੀ ਹੈ, ਕੀ ਕਰਨ ਵਿਚਾਰੇ, ਜੇ ਇਨ੍ਹਾਂ ਨੂੰ ਧੋਵਨ ਤਾਂ ਪਦਾਰਥ ਹੀ ਹੱਥੋਂ ਖੋ ਬੈਠਨ, ਓਹ ਕਹਿੰਦੇ ਹਨ ਕਿ ਅਸੀਂ ਠਾਕੁਰਜੀਦੇ ਰੰਗ, ਰਾਗ,ਭੋਗ ਵਿਚ ਬਹੁਤਸਾਰਾ ਧਨ ਲਾ ਦੇਨੇ ਹਾਂ, ਪਰੰਤੂ ਉਹ ਰੰਗ, ਰਾਗ, ਭੋਗ ਆਪਹੀ ਕਰਦੇ ਹਨ, ਅਰ ਸਚ ਪੁਛੋ ਤਾਂ ਵਡੇ ਵਡੇ ਅਨਰਥ ਹੁੰਦੇ ਹਨ ਅਰਥਾਤ ਹੋਲੀਆਂ ਦੇ ਦਿਨਾਂ ਵਿਚ ਪਿਚਕਾਰੀਆਂ ਭਰਕੇ ਇਸਤ੍ਰੀਆਂ ਦੇ ਗੁਪਤ ਸਥਾਨ ਵਿਚ ਮਾਰਦੇਹਨ ਅਰ ਭੋਜਨ ਦਾ ਵੇਚਨਾ ਬ੍ਰਾਹਮਣ ਵਾਸਤੇ ਨਿਸ਼ਿੱਧਕਰਮ ਹੈ ਉਸਨੂੰ ਭੀ ਕਰਦੇ ਹਨ।

(ਪ੍ਰਸ਼ਨ) ਗੁਸਾਂਈਂ ਜੀ ਰੋਟੀ, ਦਾਲ,ਕੜ੍ਹੀ,ਸਾਗ ਅਰ ਮਠਰੀ,ਲੱਡੂ ਆਦੀਨੂੰ ਪ੍ਰਤੱਖਛ ਹੱਟ ਵਿਚ ਬੈਹਕੇਭਾਂ ਨਹੀਂ ਵੇਚਦੇ,ਕਿੰਤੂਅਪਨੇ ਨੌਕਰ ਚਾਕਰਾਂ ਨੂੰ ਪੱਤਲਾਂ ਓਡ ਦਿੰਦੇ ਹਨ,ਉਹ ਲੋਗ ਵੇਚਦੇ ਹਨ, ਗੁਸਾਂਈਂ ਜੀ ਨਹੀਂ।

(ਉੱਤਰ) ਜੇ ਗੁਸਾਂਈਂ ਜੀ ਉਨ੍ਹਾਂ ਨੂੰ ਮਹੀਨੇ ਪਿੱਛੋਂ ਰੁਪਯੇ ਦੇ ਦੇਨ ਤਾਂ ਉਹ ਪੱਤਲਾਂ ਕਿਉਂ ਲੈਨ,ਗੁਸਾਂਈਂ ਜੀ ਅਪਨੇ ਨੌਕਰਾਂ ਦੇ ਹਥ ਦਾਲ, ਚਾਉਲ, ਆਦੀ ਨੌਕਰੀ ਦੇ ਬਦਲੇ ਵੇਚ ਦਿੰਦੇਹਨ, ਉਹ ਲਿਜਾਕੇ ਹੱਟ ਬਾਜ਼ਾਰ ਵਿਚ ਵੇਚਦੇਹਨ, ਜੇ ਗੁਸਾਂਈਜੀ ਆਪ ਬਾਹਰ ਵੇਚਦੇ ਤਾਂ ਨੌਕਰ ਜੋ ਬ੍ਰਾਹਮਣ ਆਦੀ ਹਨ, ਓਹ ਤਾਂ ਭੋਜਨ ਬਚਨ ਦੇ ਦੋਸ਼ ਥੀਂ ਬਚ ਜਾਂਦੇ, ਅਰ ਅਕੱਲੇ ਗੁਸਾਈਂ ਜੀ ਹੀ ਏਸ ਪਾਪ ਦੇ ਭਾਗੀ ਹੁੰਦੇ, ਪਹਿਲੇ ਤਾਂ ਏਸ ਪਾਪ ਵਿਚ ਆਪ ਡੁਬੇ ਫੇਰ ਹੋਰਨਾਂ ਨੂੰ ਡੁਬਾਇਆ, ਅਰ ਕਿਦੇ ਕਿਦੇ ਨਾਥ ਦੁਆਰਾ ਆਦੀ ਵਿਚ ਗੁਸਾਈਂ ਜੀ ਭੀ ਵੇਚਦੇ ਹਨ, ਰਸ ਬਿਕਰੀ ਕਰਨਾ ਨੀਚਾਂ ਦਾ ਕੰਮ ਹੈ ਚੰਗਿਆਂ ਦਾਨਹੀਂ,ਅਜੇਹੇ ਅਜੇਹੇਲੋਗਾਂਨੈ ਏਸ ਆਰਯਾਵਰਤ ਦੀ ਦੁਰਦਸ਼ਾ ਕਰ ਦਿੱਤੀ।

(ਪ੍ਰਸ਼ਨ) ਸ੍ਵਾਮੀ ਨਾਰਾਇਣ ਦਾ ਮਤ ਕੇਹੋ ਜੇਹਾ ਹੈ? (ਉੱਤਰ)

"यादृशी शीतला देवी तादृशवाहना खरः"

जेहो जही गुसाईं जी दी धन लुटन आदी विच विचित्र लीला है ओहो जेही स्वामी नारायण दी भी है, देखो ! इक सहजानंद नामी अजुधिआ दे कोल इक पिंड विच जंमिआ सी, ओह ब्रहमचारी होके गुजरात, काठीआवाड़, कछभुज, आदी देशां विच फिरदा सी, उसने देखिआ कि इह देश मूरख अर भोला भाला है, भावें जिस तरां इन्हां नूं अपने मत विच झुका लवो उॅसे तरां नाल ही एह लोग झुक सकदे हन, उॅथे उसने दो चार चेले बनाए,उनां ने आपस विच सलाह करके प्रसिॅध कीता कि सहजानंद नारायण दा अवतारहै, अर वडा सिध है, अर भगतां नूं चतुरभुज मूरती धारण करके साखछात दरशन भी दिंदा है, इक वेर काठीआवाड़ विच इक काठी अरथात जिस दा नाम दादाखाचर अर ओह गढड़े दा ज़िमीदार सी, उसनूं चेलिआं ने कहिआ कि तुसीं चतुरभुज नारायण दा दरशन करना चहुंदे हो तां असीं सहजानंद जी नूं कहीए, उसने किहा बहुत अॅछी बात है, ओह भोला आदमी सी, इक कोठड़ी विच सहजानंद ने सिर उॅते मुकट रखिआ अर शंख, चक्र अपने हथ विच उपर वल फड़ लीते, अर इक दूजा आदमी उसदे पिछे खलो गिआ जिसने गदा, पदम, अपने हथ विच लैके कॅछां विचों अगे नूं हथ कढके चतुरभुज दे वाछण बन ठन गए, दादाखाचर नूं उसदे चेलिआं ने किहा कि इक वारी अॅख उठाके देखना फेर अॅखां मीट लैनीआं अर झट ऐधर नूं चलिआ आउना, जे बहुत देखोगे तां नारायण क्रोध करनगे, चेलिआं दे मन विच तां एह गॅल सी कि साडे छल दी परीखछा ना कर लवे, उसनूं लै गए, ओह सहजानंद कतुंन, अर चमकदे होए रेशम दे कपड़े पाके हनेरी कोठड़ी विच खलोता सी, उसदे चेलिआं ने इको वेरी लालटैन नाल कोठड़ी वल उजाला कीता, दादाखचर ने डिठा तां चतुरभुज मूरती नज़र आई, फेर झटपट दीवे नूं लको लीता, ओह सारे हेठां डिगके नमसकार करके दूजे पासिओं आगए, अर उस वेले गॅलां कीतीआं कि तुहाडा धॅन-भाग है, हुन तुसीं महाराज दे चेले हो जाओ, उसने कहिआ बहुत चंगी गॅल , जद मुड़के दूजे असथान विच गए तद तक दूजे वसत् पाके सहजानंद गॅदी उॅते बैठा मिलिआ,तद चेलिआं ने कहिआ

ਕਿ ਦੇਖੋ ਹੁਨ ਦੂਜਾ ਸ੍ਵਰੂਪ ਧਾਰਣ ਕਰਕੇ ਏੱਥੇ ਬੈਠੇ ਹਨ, ਓਹ ਦਾਦਾਖਾਚਰ ਇਨ੍ਹਾਂ ਦੇ ਜਾਲ ਵਿਚ ਫਸ ਗਿਆ, ਉੱਥੋਂ ਹੀ ਉਨਾਂ ਦੇ ਮਤ ਦੀ ਜੜ੍ਹ ਜਮੀ ਕਿਉਂਕਿ ਓਹ ਇਕ ਵਡਾ ਜ਼ਿਮੀਦਾਰ ਸੀ ਉੱਥੇ ਅਪਨੀ ਜੜ੍ਹ ਜਮਾਕਰ ਫੇਰ ਏਧਰ ਓਧਰ ਫਿਰਦਾ ਰਹਿਆ, ਸਭ ਨੂੰ ਉਪਦੇਸ਼ ਕਰਦਾ ਸੀ, ਬਹੁਤਿਆਂ ਨੂੰ ਸਾਧੂ ਭੀ ਬਨਾਂਦਾ ਸੀ, ਕਦੇ ਕਦੇ ਕਿਸੇ ਸਾਧੂ ਦੀ ਸੈਅ ਦੀ ਨਾੜ ਨੂੰ ਮਲਕੇ ਬੇਹੋਸ਼ ਭੀ ਕਰ ਦਿੰਦਾ ਸੀ, ਅਰ ਸਭ ਨੂੰ ਕਹਿੰਦਾ ਸੀ ਕਿ ਅਸਾਂ ਨੇ ਇਨਾਂ ਨੂੰ ਸਮਾਧੀ ਚੜ੍ਹਾ ਦਿੱਤੀ ਹੈ, ਅਜੇਹੀ ਅਜੇਹੀ ਧੂਰਤਤਾ ਵਿਚ ਕਾਠੀਆਵਾੜ ਦੇ ਭੋਲੇ ਭਾਲੇ ਲੋਗ ਉਸਦੇ ਪੇਚ ਵਿਚ ਫੱਸ ਗਏ, ਜਦ ਓਹ ਮਰਗਿਆ ਤਦ ਉਸਦੇ ਚੇਲਿਆਂ ਨੇ ਬਹੁਤ ਸਾਰਾ ਪਾਖੰਡ ਫਲਾਇਆ, ਏਸ ਵਿਚ ਏਹ ਦ੍ਰਿਸ਼ਟਾਂਤ ਯੋਗ ਹੋਵੇਗਾ.ਕਿ ਜੀਕਨ ਕੋਈ ਚੋਰੀ ਕਰਦਾ ਪਕੜਿਆ ਗਿਆ ਸੀ, ਨਿਆਯਾਧੀਸ਼ ਨੇ ਉਸ ਨੂੰ ਨੱਕ ਕੱਟ ਸੁੱਟਨੇ ਦੀ ਸਜ਼ਾ ਦਿੱਤੀ,ਜਦ ਉਸਦਾ ਨੱਕ ਕੱਟਿਆ ਗਿਆ ਤਦ ਓਹ ਧੂਰਤ ਨਚਨੇ, ਗਾਉਂਨੇ, ਅਰ ਹਸਨੇ ਲਗਾ, ਲੋਕਾਂ ਨੇ ਪੁਛਿਆ ਕਿ ਤੂੰਕਿਉਂ ਹਸਦਾ ਹੈਂ ? ਉਸਨੇ ਅਖਿਆ ਕਿ ਕੁਝ ਕਹਨੇ ਦੀ ਗੱਲ ਨਹੀਂ ਹੈ, ਲੋਕਾਂ ਨੇ ਪੁਛਿਆ ਅਜੇਹੀ ਕੇਹੜੀ ਗਲ ਹੈ ? ਉਸਨੇਕਹਿਆ ਵਡੀ ਭਾਰੀ ਆਸ਼ਚਰਯ ਦੀ ਗੱਲ ਹੈ, ਅਸਾਂ ਨੇ ਅਜੇਹੀ ਕਦੀ ਨਹੀਂ ਦੇਖੀ। ਲੋਕਾਂ ਨੇ ਕਹਿਆ ਦੱਸੋ ! ਕੀ ਗੱਲ ਹੈ ? ਉਸਨੇ ਕਹਿਆ ਕਿ ਮੇਰੇ ਸਾਮਨੇ ਸਾਖਛਾਤ ਚਤੁਰਭੁਜ ਨਾਰਾਯਣ ਖਲੋਤੇ ਮੈਂ ਦੇਖਕੇ ਵਡਾ ਪ੍ਰਸੰਨ ਹੋਕੇ ਨਚਦਾ ਗਾ ਉਂਦਾ ਅਪਨੇ ਭਾਗਾਂ ਨੂੰ ਧੰਨਵਾਦ ਦਿੰਦਾ ਹਾਂ ਕਿ ਮੈਂ ਨਾਰਾਯਣ ਦਾ ਸਾਖਛਾਤ ਦਰਸ਼ਨ ਕਰ ਰਿਹਾ ਹਾਂ, ਲੋਕਾਂ ਨੇ ਕਿਹਾ ਕਿ ਸਾਨੂੰ ਦਰਸ਼ਨ ਕਿਉਂ ਨਹੀਂ ਹੁੰਦਾ ? ਓਹ ਬੋਲਿਆ ਨੱਕ ਦਾ ਓਹਲਾ ਹੋ ਰਿਹਾ ਹੈ, ਜੇ ਨੱਕ ਵਛ ਸੁੱਟੋ ਤਾਂ ਨਾਰਾਯਣ ਦੇਖੋ, ਨਹੀਂ ਤਾਂ ਨਹੀਂ। ਉਨਾਂ ਵਿਚੋਂ ਕਿਸੇ ਮੂਰਖ ਨੇ ਚਾਹਿਆ ਕਿ ਨੱਕ ਜਾਵੇ ਤਾਂ ਜਾਵੇ ਪਰੰਤੂ ਨਾਰਾਯਣ ਦਾ ਦਰਸ਼ਨ ਜ਼ਰੂਰ ਕਰਨਾ ਚਾਹੀਏ ਉਸਨੇ ਚਾਹਿਆ ਕਿ ਮੇਰਾ ਭੀ ਨੱਕ ਕੱਟੇ ! ਨਾਰਾਯਣ ਨੂੰ ਦਿਖਾਓ ਉਸਨੇ ਉਸਦੀ ਨੱਕ ਕੱਟਕੇ ਕੰਨ ਵਿਚ ਕਹਿਆ ਕਿ ਤੂੰ ਭੀ ਏਸ ਤਰਾਂ ਹੀ ਕਰ ਨਹੀਂ ਤਾਂ ਮੇਰਾ ਅਰ ਤੇਰਾ ਮਖੌਲ ਹੋਵੇਗਾ, ਉਸ ਨੇ ਭੀ ਸਮਝਿਆ ਕਿ ਹੁਨ ਨੱਕ ਤਾਂ ਆਉਨਾ ਨਹੀਂ ਏਸ ਲਈ ਏਹੋ ਕਹਨਾ ਠੀਕ ਹੈ, ਤਦ ਤਾਂ ਓਹ ਭੀ ਉੱਥੇ ਓਹਨੇ ਵਾਙਣ ਨੱਚਨੇ, ਕੁੱਦਨੇ, ਗਾਉਂਨੇ, ਵਜਾਨੇ, ਹਸਨੇ, ਅਰ ਕਹਨੇ ਲਗਾ ਕਿ ਮੈਨੂੰ ਭੀ ਨਾਰਾਯਣ ਨਜ਼ਰ ਅਉਂਦਾ ਹੈ, ਉਸ ਤਰਾਂ ਹੁੰਦੇ ਹੁੰਦੇ ਇਕ ਹਜ਼ਾਰ ਮਨੁੱਸ਼ਾਂ ਦਾ ਝੁੰਡ ਹੋਗਿਆ, ਅਰ ਵਡਾ ਰੌਲਾ ਮਚਿਆ ਅਤ ਅਪਨੇ ਸੰਪ੍ਰਦਾਯ ਦਾ ਨਾਮ ਨਾਰਾਯਣ ਦਰਸ਼ੀ ਰਖਿਆ, ਕਿਸੇ ਮੂਰਖ ਰਾਜਾ ਨੇ ਸੁਨਿਆ ਉਨਾਂ ਨੂੰ ਬੁਲਾਇਆ, ਜਦ ਰਾਜਾ ਉਨਾਂ ਦੇ ਪਾਸ ਗਿਆ ਤਦ ਤਾਂ ਓਹ ਬਹੁਤ ਕੁਝ ਨੱਚਨ, ਕੁੱਦਨ,ਹੱਸਨ,ਲੱਗੇ,ਤਦ ਰਾਜਾ ਨੇ ਪੁੱਛਿਆ ਕਿ ਇਹ

ਕੀ ਗਲ ਹੈ ? ਉਨਾਂ ਨੇ ਕਹਿਆ ਕਿ ਸਾਖਛਾਤ ਨਾਰਾਯਣ ਸਾਨੂੰ ਦਿੱਸਦਾ ਹੈ।

(ਰਾਜਾ) ਸਾਨੂੰ ਕਿਉਂ ਨਹੀਂ ਦਿੱਸਦਾ ?

(ਨਾਰਯਣਦਰਸ਼ੀ) ਜਦ ਤਕ ਨੱਕ ਹੈ ਤਦ ਤਕ ਨਹੀਂ ਦਿਸੇਗਾ, ਅਰ ਜਦ ਨੱਕ ਕਟਵਾ ਲਵੋਗੇ ਤਦ ਨਾਰਾਯਣ ਪ੍ਰਤਖਛ ਨਜ਼ਰ ਆਵੇਗਾ, ਉਸ ਰਾਜਾ ਨੇ ਵਿਚਾਰਿਆ ਕਿ ਇਹ ਬਾਤ ਠੀਕ ਹੈ, ਰਾਜਾ ਨੇ ਕਹਿਆ ਜੋਤਸ਼ੀ ਜੀ ਮਹੂਰਤ ਵੇਖੋ! ਜੋਤਸ਼ੀ ਜੀ ਨੇ ਉੱਤਰ ਦਿੱਤਾ ਜੋ ਹੁਕਮ ਅੰਨ ਦਾਤਾ, ਦਸਮੀ ਦੇ ਦਿਨ, ਪ੍ਰਾਤਾਕਾਲ, ਅੱਠ ਬਜੇ,ਨੱਕ ਕਟਵਾਨੇ ਅਰ ਨਾਰਾਯਣ ਦੇ ਦਰਸ਼ਨ ਕਰਨੇ ਦਾ ਵਡਾ ਚੰਗਾ ਮਹੂਰਤ ਹੈ, ਵਾਹਰੇ ਪੋਪਜੀ! ਅਪਨੀ ਪੋਥੀ ਵਿਚ ਨੱਕ ਕੱਟਨੇ, ਕਟਾਨੇ ਦਾ ਭੀ ਮਹੂਰਤ ਲਿਖ ਦਿੱਤਾ। ਜਦ ਰਾਜਾ ਦੀ ਇਛਿਆ ਹੋਈ ਅਰ ਉਨ੍ਹਾਂ ਹਜ਼ਾਰ ਨਕ ਕੱਟਿਆਂ ਦੇ ਸੀਧੇ ਬੰਨ੍ਹ ਦਿਤੇ ਤਦ ਤਾਂ ਓਹ ਵਡੇ ਹੀ ਪ੍ਰਸੰਨ ਹੋਕੇ ਨੱਚਨ,ਕੁੱਦਨ ਅਰ ਗਾਉਨ ਲਗੇ, ਇਹ ਬਾਤ ਰਾਜਾ ਦੇ ਦੀਵਾਨ ਆਦੀ ਕੁਝ ਕੁਝ ਬੁਧ-ਵਾਲਿਆਂ ਨੂੰ ਚੰਗੀ ਨਾ ਲੱਗੀ, ਰਾਜਾ ਦੇ ਇਕ ਚੌਹਾਂ ਪੀੜੀਆਂ ਦਾ ਬੁਢਾ ਨੱਵੇ ਵਰ੍ਹਿਆਂ ਦਾ ਦੀਵਾਨ ਸੀ ਉਸਨੂੰ ਜਾਕੇ ਉਸਦੇ ਪੜਪੋਤੇ ਨੇ ਜੋ ਕਿ ਉਸ ਸਮੇ ਦੀਵਾਨ ਸੀ ਓਹ ਬਾਤ ਸੁਨਾਈ, ਤਦ ਉਸ ਬੁਢੇ ਨੇ ਕਹਿਆ ਕਿ ਓਹ ਠੱਗ ਹਨ, ਤੂੰ ਮੈਨੂੰ ਰਾਜਾ ਦੇ ਪਾਸ ਲੈ ਚਲ, ਓਹ ਲੈ ਗਿਆ, ਬੈਠਨ ਵੇਲੇ ਰਾਜਾ ਨੇ ਬੜੀ ਖੁਸ਼ੀ ਨਾਲ ਉਨਾਂ ਨੱਕ ਕਟਿਆਂ ਦੀ ਗੱਲ ਸੁਨਾਈ, ਦੀਵਾਨ ਨੇ ਕਹਿਆ ਕਿ ਸੁਨੀਏ ਮਹਾਰਾਜ ਅਜੇਹੀ ਜਲਦੀ ਨਹੀਂ ਕਰਨੀ ਚਾਹੀਏ ਬਿਨਾ ਪਰੀਖਛਾ ਕੀਤੇ ਪਛਤਾਵਾ ਹੁੰਦਾ ਹੈ॥

(ਰਾਜਾ) ਕੀ ਇਹ ਹਜ਼ਾਰਾਂ ਪੁਰੁਸ਼ ਝੂਠ ਬੋਲਦੇ ਹੋਨਗੇ ?

(ਦੀਵਾਨ) ਝੂਠ ਬੋਲੋ ਵਾ ਸੱਚ, ਬਿਨਾ ਪਰੀਖਛਾ ਦੇ ਸੱਚ ਝੂਠ ਕਿਸ ਤਰਾਂ ਕਹ ਸਕਨੇ ਹਾ ?

(ਰਾਜਾ) ਪਰੀਖਛਾ ਕਿਸ ਪ੍ਰਕਾਰ ਕਰਨੀ ਚਾਹੀਏ ?

(ਦੀਵਾਨ) ਸ੍ਰਿਸ਼ਟੀਕ੍ਰਮ, ਵਿਦਿਆ, ਪ੍ਰਤਖਛ ਆਦੀ ਪ੍ਰਮਾਣਾਂ ਨਾਲ।

(ਰਾਜਾ) ਜੋ ਪੜ੍ਹਿਆ ਨਾ ਹੋਵੇ ਓਹ ਪਰੀਖਛਾ ਕਿਸ ਤਰਾਂ ਕਰੇ ?

(ਦੀਵਾਨ) ਵਿਦਵਾਨਾਂ ਦੇ ਸੰਗ ਨਾਲ ਗਿਆਨ ਦੀ ਬ੍ਰਿੱਧੀ ਕਰਕੇ।

(ਰਾਜਾ) ਜੋ ਵਿਦਵਾਨ ਨਾ ਮਿਲੇ ਤਾਂ ?

(ਦੀਵਾਨ) ਪੁਰੁਸ਼ਾਰਥੀ ਨੂੰ ਕੋਈ ਬਾਤ ਦੁਰਲਭ ਨਹੀਂ ਹੈ।

(ਰਾਜਾ) ਤਾਂ ਤੁਸੀਂ ਹੀ ਦੱਸੋ ਕਿਸ ਤਰਾਂ ਕੀਤਾ ਜਾਵੇ ? ॥

(ਦੀਵਾਨ) ਮੈਂ ਬੁੱਢਾ ਅਰ ਘਰ ਵਿਚ ਬੈਠਾ ਰਹਿਨਾ ਹਾਂ ਅਰ ਹੁਨ ਥੋੜੇ ਦਿਨ ਜੀਵਾਂਗਾ ਭੀ,ਏਸ ਲਈ ਪਹਿਲੋਂ ਪਰੀਖਛਾ ਮੈਂ ਕਰ ਲਵਾਂ,ਪਿੱਛੋਂ ਜੈਹਾ ਉਚਿਤ ਸਮਝੋ ਤੈਹਾ ਕਰਨਾ ॥

(ਰਾਜਾ) ਬਹੁਤ ਚੰਗੀ ਗੱਲ ਹੈ। ਜੋਤਸ਼ੀ ਜੀ, ਦੀਵਾਨ ਜੀਦੇ ਵਾਸਤੇ ਮਹੂਰਤ ਦੇਖੋ॥

(ਜੋਤਸ਼ੀ) ਜੋ ਮਹਾਰਾਜ ਦੀ ਆਗਿਆ, ਇਹੋ ਸ਼ੁਕਲ ਪੰਚਮੀ ਵਿਚ ਦਸ ਬਜੇ ਦਾ ਮਹੂਰਤ ਚੰਗਾ ਹੈ, ਜਦ ਪੰਚਮੀ ਲਗੀ ਤਦ ਰਾਜਾ ਜੀ ਦੇ ਪਾਸ ਆਕੇ ਅਠ ਵਜੇ ਬੁਢੇ ਦੀਵਾਨ ਜੀ ਨੇ ਰਾਜਾ ਜੀ ਨੂੰ ਕਹਿਆ ਕਿ ਹਜ਼ਾਰ ਦੋ ਹਜ਼ਾਰ ਫੌਜ ਲੈਕੇ ਚਲਨਾ ਚਾਹੀਏ।

(ਰਾਜਾ) ਉਥੇ ਫੌਜਦਾ ਕੀ ਕੰਮ ਹੈ?

(ਦੀਵਾਨ) ਤੁਸੀਂ ਰਾਜ ਵਿਵਸਥਾ ਨੂੰ ਜਾਨਦੇ ਨਹੀਂ ਜਿਸਤਰਾਂ ਮੈਂ ਕਹਨਾ ਹਾਂ ਉੱਸੇਤਰਾਂ ਕਰੋ।

(ਰਾਜਾ) ਅੱਛਾ ਜਾਓ ਭਾਈ ਫੌਜਦੀ ਤਿਆਰੀ ਕਰੋ। ਸਾਢੇ ਨੌਂ ਬਜੇ ਸਵਾਰੀ ਕਰਕੇ ਰਾਜਾ ਸਬ ਨੂੰ ਲੈਕੇ ਗਿਆ, ਉਨ੍ਹਾਂ ਨੂੰ ਵੇਖਕੇ ਓਹ ਨੱਚਨ ਅਰ ਗਾਉਂਨ ਲੱਗੇ, ਜਾਕੇ ਬਠੇ,ਉਨ੍ਹਾਂ ਦੇ ਮਹੰਤ ਜਿਸਨੇ ਇਹ ਸੰਪ੍ਰਦਾਯ ਚਲਾਇਆ ਸੀ ਜਿਸਦੀ ਪਹਿਲੋਂ ਨੱਕ ਕੱਟੀ ਸੀ ਉਸਨੂੰ ਬੁਲਾਕੇ ਕਿਹਾ ਅਜ ਸਾਡੇ ਦੀਵਾਨ ਜੀ ਨੂੰ ਨਾਰਾਯਣ ਦਾ ਦਰਸ਼ਨ ਕਰਾਓ। ਉਸਨੇ ਕਹਿਆ ਅੱਛਾ, ਦਸ ਬਜੇ ਦਾ ਸਮਾਂ ਜਦ ਆਇਆ ਤਦ ਇਕ ਥਾਲੀ ਮਨੁੱਸ਼ ਨੇ ਨਕ ਦੇ ਹੇਠਾਂ ਪਕੜ ਰਖੀ, ਉਸਨੇ ਤੇਜ਼ ਚਾਕੂ ਲੈਕੇ ਨਕ ਕਟ ਥਾਲੀ ਵਿਚ ਪਾ ਦਿਤੀ, ਅਰ ਦੀਵਾਨ ਜੀਦੇ ਨੱਕ ਵਿਚੋਂ ਲਹੂਦੀ ਧਾਰ ਵਗਨ ਲਗੀ, ਦੀਵਾਨ ਜੀ ਦਾ ਮੂੰਹ ਮੈਲਾ ਹੋ ਗਿਆ, ਫੇਰ ਉਸ ਧੂਰਤ ਨੇ ਦੀਵਾਨ ਜੀ ਦੇ ਕੰਨ ਵਿਚ ਮੰਤ੍ਰ ਉਪਦੇਸ਼ ਕੀਤਾ ਕਿ ਤੁਸੀਂ ਭੀ ਹੰਸਕੇ ਸਬਨੂੰ ਆਖੋ ਕਿ ਮੈਨੂੰ ਨਾਰਾਇਣ ਦਿਸਦਾ ਹੈ. ਹੁਨ ਨਕ ਕਟੀ ਹੋਈ ਨਹੀਂ ਆਵੇਗੀ, ਜੇ ਅਜੇਹਾ ਨਾ ਆਖੋਗੇ ਤਾਂ ਤੁਹਾਡਾ ਵਡਾ ਠੱਠਾ ਹੋਵੇਗਾ, ਸਬ ਲੋਗ ਹਸਨਗੇ, ਓਹ ਇੱਨਾ ਕਹਕੇ ਪਰੇ ਹੋਇਆ, ਅਰ ਦੀਵਾਨ ਜੀਨੇ ਅੰਗੋਛਾ ਹਥ ਵਿਚ ਲੈਕੇ ਨੱਕ ਦੀ ਆਜ਼ ਵਿਚ ਲਗਾ ਦਿਤਾ, ਜਦ ਦੀਵਾਨ ਜੀ ਕੋਲੋਂ ਰਾਜਾ ਨੇ ਪੁਛਿਆ ਦਸੋ ਨਾਰਾਯਣ ਦਿਸਦਾ ਹੈ ਵਾ ਨਹੀਂ? ਦੀਵਾਨਜੀ ਨੇ ਰਾਜਾ ਦੇ ਕੰਨ ਵਿਚ ਆਖਿਆ ਕਿ ਕੁਝਭੀ ਨਹੀਂ ਦਿਸਦਾ ਬ੍ਰਿਥਾ ਏਸ ਧੂਰਤ ਨੇ ਹਜ਼ਾਰਾਂ ਮਨੱਸ਼ਾਂ ਨੂੰ ਭ੍ਰਸ਼ਟ ਕੀਤਾ, ਰਾਜਾ ਨੇ ਦੀਵਾਨ ਨੂੰ ਆਖਿਆ ਹੁਨ ਕੀ ਕਰਨਾ ਚਾਹੀਏ? ਦੀਵਾਨ ਨੇ ਕਹਿਆ ਇਨ੍ਹਾਂ ਨੂੰ ਪਕੜਕੇ ਡਾਢਾ ਡੰਡ ਦੇਨਾ ਚਾਹੀਏ,ਜਦ ਤਕ ਜੀਉਨ ਤਦ ਤਕ ਕੈਦਖਾਨੇ ਵਿਚ ਰਖਨਾ ਚਾਹੀਏ, ਅਰ ਏਸ ਦੁਸ਼ਟ ਨੂੰ ਕਿ ਜਿਸਨੇ ਇਨ੍ਹਾਂ ਸਾਰਿਆਂ ਨੂੰ ਵਿਗਾੜਿਆ ਹੈ ਗਧੇ ਉਪਰ ਚਾਹੜ ਡਾਢੀ ਦੁਰਦਸ਼ਾ ਨਾਲ ਮਾਰਨਾ ਚਾਹੀਏ, ਜਦ ਰਾਜਾ ਅਰ ਦੀਵਾਨ ਕੰਨਾਂ ਵਿਚ ਬਾਤਾਂ ਕਰਨ ਲਗੇ ਤਦ ਉਨ੍ਹਾਂਨੇ ਡਰਕੇ ਨਸਨ ਦੀ ਤਿਆਰੀ ਕੀਤੀ, ਪਰੰਤੂ ਚੋਹਾਂ ਪਾਸਿਓਂ ਫੌਜ ਨੇ ਘੇਰਾ ਦੇ ਰਖਿਆ ਸੀ ਨਾ ਨਸ ਸਕੇ, ਰਾਜਾਨੇ ਆਗਿਆ ਦਿੱਤੀ

ਕਿ ਸਾਰਿਆਂ ਨੂੰ ਪਕੜ, ਥੇੜੀਆ ਪਾ ਦੇਓ, ਅਰ ਏਸ ਦੁਸ਼ਟ ਦਾ ਮੂੰਹ ਕਾਲ[1] ਕਰਕੇ, ਗਧੇ ਉਪਰ ਚੜ੍ਹਾ, ਏਸਦੇ ਗਲ ਵਿਚ ਪੁਰਾਨੀਆਂ ਜੁਤੀਆਂ ਦਾ ਹਾਰ ਪੁਆ, ਸਭ ਜਗਹ ਫਿਰਾ, ਲੜਕਿਆਂ ਥੀਂ ਧੂੜ ਸੁਆਹ ਏਸ ਉਪਰ ਸੁਟਵਾ, ਚੌਕ ਚੌਕ ਵਿਚ ਜੁਤੀਆਂ ਨਾਲ ਮਰਵਾ, ਕੁੱਤਿਆਂ ਤੋਂ ਕਟਵਾ ਮਰਵਾ ਸੁਟਿਆ ਜਾਵੇ, ਜੇ ਅਜੇਹਾ ਨਾ ਹੋਵੇ ਤਾਂ ਫੇਰ ਦੂਜੇ ਭੀ ਅਜੇਹਾ ਕੰਮ ਕਰਦੇ ਨਾ ਡਰਨ ਗੇ, ਜਦ ਈਕਨ ਹੋਇਆ ਤਦ ਨੱਕਕਟੇ ਦਾ ਸੰਪ੍ਰਦਾਯ ਬੰਦ ਹੋਇਆ, ਇਸੇ ਪ੍ਰਕਾਰ ਸਾਰੇ ਵੇਦ ਵਿਰੋਧੀ ਦੂਜਿਆਂ ਦਾ ਧਨ ਖੋਹਨ ਵਿਚ ਵਡੇ ਚਤੁਰ ਹਨ ਏਹ ਸੰਪ੍ਰਦਾਈਆਂ ਦੀ ਲੀਲਾ ਹੈ, ਏਹ ਸ੍ਵਾਮੀ ਨਾਰਾਯਣ ਮਤ ਵਾਲੇ ਧਨ ਖੋਹ ਛਲ ਕਪਟ ਸਮੇਤ ਕੰਮ ਕਰਦੇ ਹਨ, ਕਿੱਨੇ ਹੀ ਮੂਰਖਾਂ ਨੂੰ ਬਕਾਨ ਦੇ ਵਾਸਤੇ ਮਰਨ ਵੇਲੇ ਕਹਿੰਦੇ ਹਨ ਕਿ ਸੁਫੈਦ ਘੋੜੇ ਉਪਰ ਬੈਠ ਸਹਜਾਨੰਦ ਜੀ ਮੁਕਤੀ ਨੂੰ ਲੈ ਜਾਨ ਦੇ ਵਾਸਤੇ ਆਏ ਹਨ, ਅਰ ਨਿੱਤ ਏਸ ਮੰਦਿਰ ਵਿਚ ਇਕ ਵਾਰ ਆਇਆ ਕਰਦੇ ਹਨ, ਜਦ ਮੇਲਾ ਹੁੰਦਾ ਹੈ ਤਦ ਮੰਦਿਰ ਦੇ ਅੰਦਰ ਪੁਜਾਰੀ ਰਹਿੰਦੇ ਹਨ, ਅਰ ਹੇਠਾਂ ਦੁਕਾਨ ਲਾ ਰਖੀ ਹੈ, ਮੰਦਿਰ ਵਿਚੋਂ ਦੁਕਾਨ ਵਿਚ ਜਾਨਦੀ ਮੋਰੀ ਰਖਦੇ ਹਨ, ਜੋ ਕਿਸੇ ਨੇ ਨਰਏਲ ਚੜ੍ਹਾਇਆ, ਉਹੋ ਦੁਕਾਨ ਵਿਚ ਸੁੱਟ ਦਿਤਾ, ਅਰ ਇਸੇਤਰਾਂ ਇਕ ਨਰਏਲ ਦਿਨ ਵਿਚ ਹਜ਼ਾਰ ਵਾਰੀ ਵਿਕਦਾ ਹੈ, ਇਸੇਤਰਾਂ ਸਭ ਪਦਾਰਥਾਂ ਨੂੰ ਵੇਚਦੇ ਹਨ ਜਿਸ ਜਾਤੀਦਾ ਸਾਧੂ ਹੋਵੇ ਓਸਕੋਲੋਂ ਉਹੋਹੀਕੰਮਕਰਾਂਦੇਹਨ,ਜਿਸਤਰਾਂ ਨਾਈਹੋਵੇ ਉਸਕੋਲੋਂ ਨਾਈਦਾ,ਕੁਮਿਹਾਰਕੋਲੋਂ ਕੁਮਿਹਾਰਦਾ,ਕਾਰੀਗਰਕੋਲੋਂ ਕਾਰਾਗਰੀਦਾ ਬਾਨੀਏਂ ਕੋਲੋਂ ਬਨ੍ਜ ਦਾ, ਅਰ ਸ਼ੂਦ੍ਰ ਕੋਲੋਂ ਸੇਵਾ ਦਾ ਕੰਮ ਲੈਂਦੇ ਹਨ, ਅਪਨੇ ਚੇਲਿਆਂ ਉੱਤੇ ਟਿਕਸ ਬਨ੍ਹ ਰਖਿਆ ਹੈ, ਲੱਖਾਂ ਕ੍ਰੋੜਾਂ ਰੁਪਏ ਠਗ ਕੇ ਅਕੱਠੇ ਕਰ ਲੀਤੇ ਹਨ, ਅਰ ਕਰਦੇ ਜਾਂਦੇ ਹਨ, ਜੋ ਗੱਦੀ ਉੱਤੇ ਬਹਿੰਦਾ ਹੈ ਉਹ ਗ੍ਰਿਹਸਥੀ ਵਿਆਹ ਕਰਦਾ ਹੈ,ਗੌਹਣੇ ਆਦੀ ਪਾਂਦਾ ਹੈ, ਜਿੱਥੇ ਕਿਧਰੇ ਪਧਰਾਉਨੀ ਹੁੰਦੀ ਹੈ ਉਥੇ ਗੋਕਲੀਆਂ ਵਾਛਨ ਗੋਸਾਈਂ ਜੀ ਬਹੂ ਜੀ ਆਦੀ ਦੇ ਨਾਮ ਲੈਕੇ ਭੇਟ ਪੂਜਾ ਲੈਂਦੇ ਹਨ, ਅਪਨੇ ਨੂੰ ਸਤਸੰਗੀ ਅਰ ਦੂਜੇ ਮਤ ਵਾਲਿਆਂ ਨੂੰ ਕੁਸੰਗੀ ਕਹਿੰਦੇ ਹਨ, ਅਪਨੇ ਬਿਨਾ ਦੂਜਾ ਕੋਹੋ ਜੇਹਾ ਹੀ ਉੱਤਮ ਧਾਰਮਿਕ ਵਿਦਵਾਨ ਪੁਰੁਸ਼ ਕਿਉਂ ਨਾ ਹੋਵੇ ਪਰੰਤੂ ਉਸਦਾ ਮਾਨ, ਅਰ ਸੇਵਾ, ਕਦੀ ਨਹੀਂ ਕਰਦੇ, ਕਿਉਂਕਿ ਹੋਰ ਮਤ ਵਾਲੇ ਦੀ ਸੇਵਾ ਕਰਨ ਵਿਚ ਪਾਪ ਗਿਨਦੇ ਹਨ, ਲੋਕਾਂ ਦੇ ਸਾਮਨੇ ਉਨ੍ਹਾਂ ਦੇ ਸਾਧੂ, ਇਸਤ੍ਰੀਆਂ ਦਾ ਮੂੰਹ ਨਹੀਂ ਵੇਖਦੇ, ਪਰੰਤੂ ਗੁਪਤ ਵਿਚ ਨਾ ਜਾਨੇ ਕੀ ਲੀਲਾ ਹੁੰਦੀ ਹੋਵੇਗੀ ਏਸ ਗਲ ਦੀ ਪ੍ਰਸਿੱਧੀ ਸਭ ਥਾਂ ਘਟ ਹੋਈ ਹੈ, ਕਿਦੇ ਕਿਦੇ ਸਾਧੂਆਂ ਦੀ ਪਰ ਇਸਤ੍ਰੀ ਗਮਨ ਆਦੀ ਲੀਲਾ ਪ੍ਰਸਿੱਧ ਹੋਗਈ ਹੈ, ਅਰ ਉਨਾਂ ਵਿਚ ਜੋ ਜੋ ਵਡੇ ਵਡੇ ਹਨ ਓਹ ਜਦ ਮਰਦੇ ਹਨ ਤਦ ਉਨ੍ਹਾਂ ਨੂੰ ਗੁਪਤ ਖੂਹ ਵਿਚ

ਸੁੱਟਕੇ ਪ੍ਰਸਿੱਧ ਕਹਦੇ ਹਨ ਕਿ ਛਲਾਨੇ ਮਹਾਰਾਜ ਦੇਹ ਦੇ ਨਾਲ ਬੈਕੁੰਠ ਵਿਚ ਗਏ, ਸਹਜਾਨੰਦ ਜੀ ਆਕੇ ਲੈ ਗਏ, ਅਸਾਂ ਨੇ ਬਹੁਤ ਕਹਿਆ ਕਿ ਮਹਾਰਾਜ ਇਨ੍ਹਾਂ ਨੂੰ ਨਾ ਲਿਜਾਓ ਕਿਉਂਕਿ ਏਸ ਮਹਾਤਮਾ ਦੇ ਇਥੇ ਰਹਨ ਨਾਲ ਚੰਗੀ ਬਾਤ ਹੈ, ਸਹਜਾਨੰਦ ਜੀ ਨੇ ਕਹਿਆ ਕਿ ਨਹੀਂ, ਹੁਨ ਇਨ੍ਹਾਂ ਦੀ ਬੈਕੁੰਠ ਵਿਚ ਬੜੀ ਲੋੜ ਹੈ, ਏਸ ਲਈ ਲੈ ਜਾਨੇ ਹਾਂ, ਅਸਾਂ ਨੇ ਅਪਨੀ ਅੱਖੀਂ ਸਹਜਾਨੰਦ ਜੀ ਨੂੰ ਅਰ ਬਿਵਾਨ ਨੂੰ ਡਿੱਠਾ ਸੀ ਜੋ ਮਰਨ ਵਾਲੇ ਸਨ, ਉਨ੍ਹਾਂ ਨੂੰ ਬਿਵਾਨ ਵਿਚ ਬਿਠਾ ਦਿੱਤਾ, ਉਪਰ ਨੂੰ ਲੈ ਗਏ ਅਰ ਫੁੱਲਾਂ ਦੀ ਵਰਸ਼ਾ ਕਰਦੇ ਗਏ, ਅਰ ਜਦ ਕੋਈ ਸਾਧੂ ਬੀਮਾਰ ਪੈਂਦਾ ਹੈ ਅਰ ਉਸਦੇ ਵਚਨ ਦੀ ਆਸ਼ਾ ਨਹੀਂ ਹੁੰਦੀ ਤਦ ਕਹਿੰਦਾ ਹੈ ਕਿ ਮੈਂ ਕਲ ਰਾਤ ਨੂੰ ਬੈਕੁੰਠ ਵਿਚ ਜਾਵਾਂਗਾ, ਸੁਨਿਆ ਹੈ ਕਿ ਉਸ ਰਾਤ ਵਿਚ ਜੇ ਉਸਦੇ ਪ੍ਰਾਣ ਨਾ ਛੁਟਨ, ਅਰ ਬਿਹੋਸ਼ ਹੋਗਿਆ ਹੋਵੇ, ਤਾਂ ਭੀ ਖੂਹ ਵਿਚ ਸੁਟ ਦਿੰਦੇ ਹਨ, ਕਿਉਂਕਿ ਜੇਕਰ ਉਸ ਰਾਤ ਨੂੰ ਨਾ ਸੁਟ ਦੇਨ ਤਾਂ ਝੂਠੇ ਪੈਂਨ, ਏਸ ਲਈ ਅਜੇਹਾ ਕੰਮ ਕਰਦੇ ਹੋਨਗੇ। ਈਕਨ ਹੀ ਜਦ ਗੋਕਲੀਆ ਗੁਸਾਈਂ ਮਰਦਾ ਹੈ ਤਦ ਉਨਾਂ ਦੇ ਚੇਲੇ ਕਹਿੰਦੇ ਹਨ ਕਿ 'ਗੁਸਾਈਂ ਜੀ ਲੀਲਾ ਵਿਸਤਾਰ ਕਰ ਗਏ' ਜੋ ਇਨਾਂ ਗੁਸਾਈਂ ਸ੍ਵਾਮੀ ਨਾਰਾਯਣ ਵਾਲਿਆਂ ਦਾ ਉਪਦੇਸ਼ ਕਰਨ ਦਾ ਮੰਤ੍ਰ ਹੈ ਓਹ ਇਕ ਹੀ ਹੈ ? 'ਸ਼੍ਰੀ ਕ੍ਰਿਸ਼ਨ ਸ਼ਰਣੰ ਮਮ' ਏਸ ਦਾ ਅਰਥ ਅਜੇਹਾ ਕਰਦੇ ਹਨ ਕਿ ਸ਼੍ਰੀ ਕ੍ਰਿਸ਼ਨ ਮੇਰਾ ਸ਼ਰਣ ਹੈ ਅਰਥਾਤ ਮੈਂ ਸ਼੍ਰੀ ਕ੍ਰਿਸ਼ਨ ਦੇ ਸ਼ਰਣ ਨੂੰ ਪ੍ਰਾਪਤ ਹਾਂ, ਪਰੰਤੂ ਏਸ ਦਾ ਅਰਥ ਸ਼੍ਰੀ ਕ੍ਰਿਸ਼ਨ ਮੇਰੇ ਸ਼ਰਣ ਨੂੰ ਪ੍ਰਾਪਤ ਅਰਥਾਤ ਮੇਰੇ ਸ਼ਤਣਾਗਤ ਹੋਨ ਅਜੇਹਾ ਭੀ ਹੋ ਸਕਦਾ ਹੈ। ਏਹ ਸਾਰੇ ਜਿੱਨੇ ਮਤ ਹਨ ਓਹ ਸਾਰੇ ਊਟਪਟਾਂਗ ਸ਼ਾਸਤ੍ਰ ਵਿਰੁੱਧ ਵਾਕ ਰਚਨਾ ਕਰਦੇ ਹਨ, ਕਿਉਂਕਿ ਉਨਾਂ ਨੂੰ ਵਿਦਿਆ ਹੀਨ ਹੋਨ ਥੀਂ ਵਿਦਿਆਂ ਦੇ ਨਿਯਮਾਂ ਦੀ ਸਮਝ ਨਹੀਂ ਹੈ ॥

(ਪ੍ਰਸ਼ਨ) ਮਾਧਵਮਤ ਤਾਂ ਅੱਛਾ ਹੈ ॥

(ਉੱਤਰ) ਜੀਕਨ ਹੋਰ ਮਤ ਵਾਲੇ ਹਨ ਊਕਨ ਹੀ ਮਾਧਵ ਭੀ ਹੈ ਕਿਉਂਕਿ ਏਹ ਭੀ ਚਕ੍ਰਾਂਕਿਤ ਹੁੰਦੇ ਹਨ, ਇਨਾਂ ਵਿਚ ਚਕ੍ਰਾਂਕਿਤਾਂ ਨਾਲੋਂ ਇਨਾਂ ਭੇਦ ਹੈ ਕਿ ਰਾਮਾਨੁਜੀਏ ਇਕ ਵੇਰੀ ਚਕ੍ਰਾਂਕਿਤ ਹੁੰਦੇ ਹਨ, ਅਰ ਮਾਧਵ ਵਰ੍ਹੇ ਵਰ੍ਹੇ ਵਿਚ ਫਿਰ ਫਿਰ ਚਕ੍ਰਾਂਕਿਤ ਹੁੰਦੇ ਜਾਂਦੇ ਹਨ। ਚਕ੍ਰਾਂਕਿਤ ਮੱਥੇ ਵਿਚ ਪੀਲੀ ਰੇਖਾ, ਅਰ ਮਾਧਵ ਕਾਲੀ ਰੇਖਾ ਲਗਾਂਦੇ ਹਨ। ਇਕ ਮਾਧਵ ਪੰਡਿਤ ਨਾਲ ਕਿਸੇ ਇਕ ਮਹਾਤਮਾ ਦਾ ਸ਼ਾਸਤ੍ਰਾਰਥ ਹੋਇਆ ਸੀ ॥

(ਮਹਾਤਮਾ) ਤੁਸਾਂ ਨੇ ਏਹ ਕਾਲੀ ਰੇਖਾ, ਅਰ ਚਾਂਦਲਾ (ਤਿਲਕ) ਕਿਉਂ ਲਾਇਆ ?

(ਸ਼ਾਸਤ੍ਰੀ) ਏਸ ਦੇ ਲਗਾਨ ਨਾਲ ਅਸੀਂ ਬੈਕੁੰਠ ਨੂੰ ਜਾਵਾਂਗੇ, ਅਰ

ਸ਼੍ਰੀਕ੍ਰਿਸ਼ਨਦਾ ਸ਼ਰੀਰਭੀਸ਼ਾਮ ਰੰਗ ਸੀ ਏਸ ਲਈ ਅਸੀਂ ਕਾਲਾਤਿਲਕ ਕਰਦੇ ਹਾਂ।

(ਮਹਾਤਮਾ) ਜੋ ਕਾਲੀ ਰੇਖਾ, ਅਰ ਚਾਂਦਲਾ ਲਗਾਨ ਨਾਲ ਬੈਕੁੰਠ ਵਿਚ ਜਾਂਦੇ ਹੋਨ ਤਾਂ ਸਾਰਾ ਮੁੰਹ ਕਾਲਾ ਕਰ ਲਵੋ ਤਾਂ ਕਿੱਥੇ ਜਾਵੋਗੇ? ਕੀ ਬੈਕੁੰਠ ਦੇ ਪਰੇ ਅਗਾਂਹ ਜਾਵੋਗੇ ? ਅਰ ਜੇਹਾ ਸ਼੍ਰੀ ਕ੍ਰਿਸ਼ਨ ਦਾ ਸਾਰਾ ਸ਼ਰੀਰ ਕਾਲਾ ਸੀ ਉਕਨ ਤੁਸੀਂ ਭੀ ਸਾਰਾ ਸ਼ਰੀਰ ਕਾਲਾਕਰ ਲੀਤਾ ਕਰੋ ਤਦ ਸ਼੍ਰੀਕ੍ਰਿਸ਼ਨ ਵਰਗਾ ਹੋ ਸਕਦਾ ਹੈ। ਏਸ ਲਈ ਏਹ ਕੀ ਪਿਛਲਿਆਂ ਦੇ ਵਾਛਣ ਹੈ ॥

(ਪ੍ਰਸ਼ਨ) 'ਲਿੰਗਾਂਕਿਤ' ਦਾ ਮਤ ਕੇਹਾ ਹੈ ?

(ਉੱਤਰ) ਜੇਹਾ ਚਕ੍ਰਾਂਕਿਤ ਦਾ, ਜੀਕਣ ਚਕ੍ਰਾਂਕਿਤ ਚਕ੍ਰ ਨਾਲ ਦਾਗੇ ਜਾਂਦੇ ਅਰ ਨਾਰਾਯਣ ਦੇ ਬਿਨਾ ਕਿਸੇ ਨੂੰ ਨਹੀਂ ਮੰਨਦੇ, ਉਕਨ ਲਿੰਗਾਂਕਿਤ ਲਿੰਗ ਆਕ੍ਰਿਤੀ ਨਾਲ ਦਾਗੇ ਜਾਂਦੇ, ਅਰ ਬਿਨਾ ਮਹਾਦੇਵ ਦੇ ਹੋਰ ਕਿਸੇ ਨੂੰ ਨਹੀਂ ਮੰਨਦੇ। ਇਨਾਂ ਵਿਚ ਭੇਦ ਇਹ ਹੈ 'ਕ ਲਿੰਗਾਂਕਿਤ' ਪੱਥਰ ਦਾ ਇਕ ਲਿੰਗ, ਸੋਨੇ ਅਥਵਾ ਚਾਂਦੀ ਵਿਚ ਮੜ੍ਹਵਾਕੇ ਗਲ ਵਿਚ ਪਾ ਰਖਦੇ ਹਨ, ਜਦ ਪਾਨੀ ਭੀ ਪੀਂਦੇ ਹਨ ਤਦ ਉਸ ਨੂੰ ਦਿਖਾ ਕੇ ਪੀਂਦੇ ਹਨ, ਉਨਾਂ ਦਾ ਭੀ ਮੰਤ੍ਰ ਸ਼ੈਵ ਦੇ ਤੁੱਲ ਰਹਿੰਦਾ ਹੈ ॥

ਬ੍ਰਹਮਸਮਾਜ ਅਰ ਪ੍ਰਾਰਥਨਾਸਮਾਜ।

(ਪ੍ਰਸ਼ਨ) ਬ੍ਰਹਮਸਮਾਜ ਅਰ ਪ੍ਰਾਰਥਨਾਸਮਾਜ ਤਾਂ ਅੱਛਾ ਹੈ ਵਾ ਨਹੀਂ?

(ਉੱਤਰ) ਕੁਝ ਕੁਝ ਬਾਤਾਂ ਅੱਛੀਆਂ ਅਰ ਬਹੁਤ ਬੁਰੀਆਂ ਹਨ ॥

(ਪ੍ਰਸ਼ਨ) ਬ੍ਰਹਮਸਮਾਜ ਅਰ ਪ੍ਰਾਰਥਨਾਸਮਾਜ ਸਾਰਿਆਂ ਨਾਲੋਂ ਅੱਛਾ ਹੈ ਕਿਉਂਕਿ ਏਸ ਦੇ ਨਿਯਮ ਬਹੁਤ ਅੱਛੇ ਹਨ ॥

(ਉੱਤਰ) ਨਿਯਮ ਸਬ ਅੰਸ਼ਾਂ ਵਿਚ ਅੱਛੇ ਨਹੀਂ ਕਿਉਂਕਿ ਵੇਦ-ਵਿਦਿਆ ਹੀਨ ਲੋਕਾਂਦੀ ਕਲਪਨਾ ਸਬਤਰਾਂ ਨਾਲ ਮੱਚ ਕਿਸ ਤਰਾਂ ਹੋਸਕਦੀ ਹੈ ? ਜੋ ਕੁਛ ਬ੍ਰਹਮਸਮਾਜ ਅਰ ਪ੍ਰਾਰਥਨਾਸਮਾਜੀਆਂ ਨੇ ਈਸਾਈ ਮਤ ਵਿਚ ਮਿਲਨ ਥੀਂ ਥੋੜੇ ਮਨੁੱਸ਼ਾਂ ਨੂੰ ਬਚਾਇਆ ਅਰ ਕੁਝ ਕੁਝ ਪੱਥਰ ਆਦੀ ਮੂਰਤੀ ਪੂਜਾ ਨੂੰ ਹਟਾਇਆ, ਹੋਰ ਜਾਲ ਗ੍ਰੰਥਾਂ ਦੀ ਫਾਹੀ ਥੀਂ ਭੀ ਕੁਝ ਬਚਾਏ ਇਤਿਆਦੀ ਅੱਛੀ ਗੱਲਾਂ ਹਨ, ਪਰੰਤੂ ਇਨਾਂ ਲੋਕਾਂ ਵਿਚ ਅਪਨੇ ਦੇਸ਼ਦੀ ਭਗਤੀ ਬਹੁਤ ਘੱਟ ਹੈ, ਈਸਾਈਆਂ ਦੇ ਆਚਰਣ ਬਹੁਤ ਸਾਰੇ ਲਏ ਹਨ, ਖਾਨਾ, ਪੀਨਾ,ਵਿਵਾਹ,ਆਦੀ ਦੇ ਨਿਯਮ ਭੀ ਬਦਲ ਦਿੱਤੇ ਹਨ॥(੨) ਅਪਨੇ ਦੇਸ਼ ਦੀ ਉਸਤਤਿ ਵਾ ਪ੍ਰਾਚੀਨ ਪੁਰੁਸ਼ਾਂ ਦੀ ਵਡਿਆਈ ਕਰਨੀ ਤਾਂ ਦੂਰ ਰਹੀ ਉਸਦੀ ਜਗਹ ਵਿਚ ਰੱਜਕੇ ਨਿੰਦਿਆ ਕਰਦੇ ਹਨ, ਵਿਆਖਿਆਨਾਂ ਵਿਚ ਈਸਾਈ ਆਦੀ ਅੰਗ੍ਰੇਜ਼ਾਂ ਦੀ ਉਸਤਤਿ ਰੱਜਕੇ ਕਰਦੇ ਹਨ, ਬ੍ਰਹਮਾ ਆਦੀ ਮਹਾਰਿਸ਼ੀਆਂ ਦਾ ਨਾਮ ਭੀ ਨਹੀਂ ਲੈਂਦੇ ਉਲਟਾ ਈਕਨ ਕਹਿੰਦੇ ਹਨ ਕਿ

ਬਿਨਾਂ ਅੰਗ੍ਰੇਜ਼ਾਂ ਦੇ ਸ੍ਰਿਸ਼ਟੀ ਦਿਚ ਅੱਜ ਤਕ ਕੋਈ ਭੀ ਵਿਦਵਾਨ ਨਹੀਂ ਹੋਇਆ, ਆਰਯਾਵਰਤੀ ਸਦਾ ਥੀਂ ਮੂਰਖ ਚਲੇ ਆਏ ਹਨ, ਇਨਾਂ ਦੀ ਉੱਨਤੀ ਕਦੀ ਨਹੀਂ ਹੋਈ। (੩)ਵੇਦ ਆਦਿਕਾਂ ਦੀ ਪ੍ਰਤਿਸ਼ਠਾ ਤਾਂ ਦੂਰ ਰਹੀ ਪਰੰਤੂ ਨਿੰਦਿਆ ਕਰਨ ਥੀਂ ਭੀ ਵਖਰੇ ਨਹੀਂ ਰਹਿੰਦੇ, ਬ੍ਰਹਮਸਮਾਜ ਦੇ ਉੱਦੇਸ਼ ਦੇ ਪੁਸਤਕਾਂ ਵਿਚ ਸਾਧਾਂਦੀ ਗਿਣਤੀ ਵਿਚ 'ਈਸਾ' 'ਮੂਸਾ' ਮੁਹੱਮਦ' 'ਨਾਨਕ' ਅਰ 'ਚੈਤਨ' ਲਿਖੇ ਹਨ, ਕਿਸੇ ਰਿਸ਼ੀ ਮਹਾਰਿਸ਼ੀ ਦਾ ਨਾਮ ਭੀ ਨਹੀਂ ਲਿਖਿਆ,, ਏਸ ਥੀਂ ਜਾਨਿਆਂ ਜਾਂਦਾ ਹੈ ਕਿ ਇਨਾਂ ਲੋਕਾਂ ਨੇ ਜਿਨਾਂ ਦਾ ਨਾਮ ਲਿਖਿਆ ਹੈ ਉਨਾਂ ਹੀ ਦੇ ਮਤ ਅਨੁਸਾਰ ਮਤ ਵਾਲੇ ਹਨ, ਭਲਾ ਜਦ ਆਰਯਾਵਰਤ ਵਿਚ ਉਤਪੰਨ ਹੋਏ ਹਨ, ਅਰ ਇਸੇ ਦੇਸ਼ ਦਾ ਅੰਨ ਜਲ ਖਾਦਾ, ਪੀਤਾ, ਹੁਨ ਭੀ ਖਾਂਦੇ ਪੀਂਦੇ ਹਨ,ਅਰ ਅਪਨੇ ਮਾਤਾ,ਪਿਤਾ,ਦਾਦਾ ਆਦੀ ਦੇ ਰਸਤੇ ਨੂੰ ਛੱਡ. ਦੂਜੇ ਪਰਦੇਸ਼ੀ ਮਤਾਂ ਉਪਰ ਬਹੁਤ ਝੁਕ ਜਾਨਾ ਬ੍ਰਹਮਸਮਾਜ ਅਰ ਪ੍ਰਾਰਥਨਾਸਮਾਜੀਆਂ ਦਾ ਏਸ ਦੇਸ਼ ਵਿਚ ਇਸਥਿਤ ਸੰਸਕ੍ਰਿਤ ਵਿਦਿਆ ਥੀਂ ਰਹਿਤ ਅਪਨੇ ਨੂੰ ਵਿਦਵਾਨ ਪ੍ਰਸਿੱਧ ਕਰਨਾ, ਅੰਗ੍ਰੇਜ਼ੀ ਬੋਲੀ ਪੜ੍ਹਕੇ ਪੰਡਿਤ ਅਭਿਮਾਨੀਹੋਕੇ ਝਟ ਇਕ ਮਤ ਚਲਾਨ ਵਿਚ ਪ੍ਰਵ੍ਰਿਤ ਹੋਨਾ, ਮਨੁਸ਼ਾਂ ਦਾ ਠੈਹਰਨ ਵਾਲਾ ਅਰ ਵਧਾਨ ਵਾਲਾ ਕੰਮ ਕਿਸ ਤਰਾਂ ਹੋਸਕਦਾ ਹੈ ? ॥(੪)ਅੰਗ੍ਰੇਜ਼,ਮੁਸਲਮਾਨ, ਚੂੜੇ ਆਦੀ ਨਾਲ ਭੀ ਖਾਨ ਪੀਨ ਦਾ ਭੇਦ ਨਹੀਂ ਰਖਿਆ, ਇਨਾਂ ਨੇ ਇਹੀ ਸਮਝਿਆ ਹੋਵੇਗਾ ਕਿ ਖਾਨ ਪੀਨ ਅਰ ਜਾਤੀ ਭੇਦ ਤੋੜਨਥੀਂ ਅਸੀਂ ਅਰ ਸਾਡਾਦੇਸ਼ ਸੁਧਰ ਜਾਵੇਗਾ,ਪਰੰਤੂ ਅਜੇਹੀ ਗੱਲਾਂ ਨਾਲ ਸੁਧਾਰ ਤਾਂ ਕਿੱਥੇ ਹੈ ਉਲਟਾ ਵਿਗਾੜ ਹੁੰਦਾ ਹੈ ॥

(ਪ੍ਰਸ਼ਨ) ਜਾਤੀਭੇਦ ਈਸ਼੍ਵਰ ਨੇ ਕੀਤਾ ਹੈ ਵਾ ਮਨੁੱਸ਼ ਨੇ ?

(ਉੱਤਰ) ਈਸ਼੍ਵਰ ਕ੍ਰਿਤ ਅਰ ਮਨੁੱਸ਼ ਕ੍ਰਿਤ ਭੀ ਜਾਤੀ ਭੇਦ ਹੈ ॥

(ਪ੍ਰਸ਼ਨ) ਕੇਹੜਾ ਈਸ਼੍ਵਰ ਕ੍ਰਿਤ, ਅਰ ਕੇਹੜਾ ਮਨੁੱਸ਼ ਕ੍ਰਿਤ ॥

(ਉੱਤਰ) ਮਨੁੱਸ਼, ਪਸ਼ੂ, ਪਖਛੀ, ਰੁਖਤ, ਜਲਜੀਉ, ਆਦੀ ਜਾਤੀਆਂ ਪਰਮੇਸ਼੍ਵਰ ਕ੍ਰਿਤ ਹਨ, ਜੀਕਨ ਪਸ਼ੂਆਂ ਵਿਚ ਗਊ, ਘੋੜਾ, ਹਾਥੀ, ਆਦੀ ਜਾਤੀਆਂ, ਰੁਖਤਾਂ ਵਿਚ ਪਿੱਪਲ, ਬੋਹੜ, ਅੰਬ ਆਦੀ, ਪਖਛੀਆਂ ਵਿਚ ਹੰਸ, ਕਾਂ, ਬਗਲਾ ਆਦੀ । ਜਲਜੀਵਾਂ ਵਿਚ ਮੱਛ, ਕੁੱਮਾਂ ਆਦੀ ਜਾਤੀ ਭੇਦ ਹਨ, ਉਕਨ ਮਨੁੱਸ਼ਾਂ ਵਿਚ ਬ੍ਰਾਹਮਣ, ਖਛਤ੍ਰੀ, ਵੈਸ਼, ਸ਼ੂਦ੍ਰ, ਚੂਹੜਾ, ਜਾਤੀ ਭੇਦ ਈਸ਼੍ਵਰ ਕ੍ਰਿਤ ਹਨ, ਪਰੰਤੂ ਮਨੁਸ਼ਾਂ ਵਿਚ ਬ੍ਰਾਹਮਣ ਆਦੀ ਨੂੰ ਸਮਾਨ ਜਾਤੀ ਵਿਚ ਨਹੀਂ, ਕਿੰਤੂ ਸਮਾਨ ਵਿਸ਼ੇਸ਼ ਰੂਪ ਜਾਤੀ ਵਿਚ ਗਿਨਦੇ ਹਨ, ਜੀਕਨ ਪਹਿਲਾਂ ਵਰਣਾਸ਼੍ਰਮ ਵਿਵਸਥਾ ਵਿਚ ਲਿਖ ਆਏ, ਉਕਨ ਹੀ ਗੁਣ, ਕਰਮ, ਸੁਭਾਉ ਨਾਲ ਵਰਣ ਵਿਵਸਥਾ ਮੰਨਨੀ ਜ਼ਰੂਰ ਹੈ, ਏਸ ਮਨੁੱਸ਼ ਦੇ ਕਰਤਵ੍ਯ ਉਨ੍ਹਾਂ ਦੇ ਗੁਣ, ਕਰਮ, ਸੁਭਾਉ ਥੀਂ ਪਹਿਲਾਂ ਕਹੇ

ਅਨੁਸਾਰ ਬ੍ਰਾਹਮਣ, ਖਛਤ੍ਰੀ, ਵੈਸ਼, ਸ਼ੂਦ੍ਰ ਆਦੀ ਵਰਣਾਂ ਦੀ ਪਰੀਖਛਾ ਪੂਰਵਕ ਵਿਵਸਥਾ ਕਰਨੀ ਰਾਜਾ ਅਰ ਵਿਦਵਾਨਾਂ ਦਾ ਕੰਮ, ਭੋਜਨ ਭੇਦ ਭੀ ਈਸ਼੍ਵਰ ਕ੍ਰਿਤ ਅਰ ਮਨੁੱਸ਼ ਕ੍ਰਿਤ ਹੈ, ਜੀਕਨ ਸ਼ੇਰ ਮਾਂਸ ਖਾਨ ਵਾਲਾ, ਅਰ ਅਰਣਾ, ਸੰਢਾ ਘਾਸ ਆਦੀ ਦਾ ਆਹਾਰ ਕਰਦੇ ਹਨ ਇਹ ਈਸ਼੍ਵਰ ਕ੍ਰਿਤ, ਅਰ ਦੇਸ਼, ਕਾਲ, ਵਸਤੂ ਭੇਦ ਥੀਂ ਭੋਜਨ ਆਦੀ ਭੇਦ ਮਨੁੱਸ਼ ਕ੍ਰਿਤ ਹੈ।

(ਪ੍ਰਸ਼ਨ) ਵੇਖੋ! ਫਰੰਗੀ ਲੋਗ ਨੌਕਰ ਤੋਂ ਬਗੈਰ ਜੂਤੇ, ਕੋਟ, ਪਤਲੂਨ ਪਹਿਰਦੇ, ਹੋਟਲਾਂ ਵਿਚ ਸਾਰਿਆਂ ਦੇ ਹਥ ਦਾ ਖਾਂਦੇ ਹਨ, ਏਸ ਲਈ ਅਪਨਾ ਵਾਧਾ ਕਰਦੇ ਜਾਂਦੇ ਹਨ।

(ਉੱਤਰ) ਏਹ ਤੁਹਾਡੀ ਭੁੱਲ ਹੈ ਕਿਉਂਕਿ ਮੁਸਲਮਾਨ, ਚੂਹੜੇ ਲੋਗ ਸਾਰਿਆਂ ਦੇ ਹਥਾਂ ਦਾ ਖਾਂਦੇ ਹਨ, ਫੇਰ ਉਨ੍ਹਾਂ ਦੀ ਉੱਨਤੀ ਕਿਉਂ ਨਹੀਂ ਹੁੰਦੀ? ਜੋ ਫਰੰਗੀਆਂ ਵਿਚ ਬਾਲ ਅਵਸਥਾ ਵਿਚ ਵਿਵਾਹ ਨਾ ਕਰਨਾ, ਮੁੰਡੇ, ਕੁੜੀ ਨੂੰ ਵਿਦਿਆ, ਅੱਛੀ ਸ਼ਿਖਛਾ ਕਰਨੀ, ਕਰਾਨੀ, ਸੁਯੰਬਰ ਵਿਵਾਹ ਹੋਨਾ, ਬੁਰੇ ਬੁਰੇ ਆਦਮੀਆਂ ਦਾ ਉਪਦੇਸ਼ ਨਹੀਂ ਹੁੰਦਾ, ਓਹ ਵਿਦਵਾਨ ਹੋਕੇ ਜਿਸ ਕਿਸੇ ਦੇ ਪਾਖੰਡ ਵਿਚ ਨਹੀਂ ਫਸਦੇ, ਜੋ ਕੁਝ ਕਰਦੇ ਹਨ ਉਹ ਸਾਰੇ ਆਪਸ ਵਿਚ ਵਿਚਾਰ ਅਰ ਸਭਾ ਥੀਂ ਨਿਸ਼ਚੇ ਕਰਕੇ ਕਰਦੇ ਹਨ, ਅਪਨੀ ਸੁਜਾਤੀ ਦੀ ਉੱਨਤੀ ਦੇ ਲਈ ਤਨ, ਮਨ, ਧਨ ਖਰਚ ਕਰਦੇ ਹਨ, ਆਲਸ ਨੂੰ ਛੱਡ, ਉੱਦਮ ਕੀਤਾ ਕਰਦੇ ਹਨ, ਵੇਖੋ! ਅਪਨੇ ਦੇਸ਼ ਦੇ ਬਨੇ ਹੋਏ ਜੂਤੇ ਨੂੰ ਦਫਤਰ ਅਰ ਕਚੈਹਰੀ ਵਿਚ ਜਾਨ ਦਿੰਦ ਹਨ, ਏਸ ਦੇਸ਼ੀ ਜੂਤੇ ਨੂੰ ਨਹੀਂ, ਇੱਨੇ ਹੀ ਵਿਚ ਹੀ ਸਮਝ ਲਵੋ ਕਿ ਅਪਨੇ ਦੇਸ਼ ਦੇ ਬਨੇ ਜੂਤ ਦਾ ਭੀ ਕਿੱਨਾ ਮਾਨ, ਪ੍ਰਤਿਸ਼ਠਾ ਕਰਦੇਹਨ, ਉੱਨਾ ਭੀ ਹੋਰੀ ਦੇਸ਼ ਵਿਚ ਰਹਨਵਾਲੇ ਮਨੁੱਸ਼ਾਂ ਦਾ ਨਹੀਂ ਕਰਦੇ, ਵੇਖੋ! ਕੁਝ ਸੌ ਵਰ੍ਹੇ ਥੀਂ ਉੱਪਰ ਏਸ ਦੇਸ਼ ਵਿਚ ਆਏ ਫਰੰਗੀਆਂ ਨੂੰ ਹੋਏ ਅਰ ਅੱਜਤਕ ਏਹ ਲੋਗ ਮੋਟੇ ਕਪੜੇ ਆਦੀ ਪਹਿਰਦੇ ਹਨ, ਜੀਕਨ ਅਪਨੇ ਦੇਸ਼ ਵਿਚ ਪੈਹਰਦੇ ਸਨ, ਪਰੰਤੂ ਉਨ੍ਹਾਂ ਨੇ ਅਪਨੇ ਦੇਸ਼ ਦਾ ਚਾਲ ਚਲਨ ਨਹੀਂ ਛੱਡਿਆ, ਅਰ ਤੁਹਾਡੇ ਵਿਚੋਂ ਬਹੁਤ ਸਾਰੇ ਲੋਗਾਂ ਨੇ ਉਨਾਂ ਦੀ ਨਕਲ ਕਰ ਲੀਤੀ, ਇਸ ਥੀਂ ਤੁਸੀਂ ਨਿਰਬੁੱਧੀ, ਅਰ ਓਹ ਬੁਧਵਾਨ ਟੈਹਰਦੇ ਹਨ, ਨਕਲ ਦਾ ਕਰਨਾ ਕਿਸੇ ਬੁਧਵਾਨ ਦਾ ਕੰਮ ਨਹੀਂ ਅਰ ਜੇਹੜਾ ਜਿਸ ਕੰਮ ਉੱਪਰ ਰਹਿੰਦਾ ਹੈ ਉਸਨੂੰ ਜੀਕਨ ਚਾਹੀਏ ਕਰਦਾ ਹੈ ਆਗਿਆ ਅਨੁਸਾਰ ਚਲਨ ਵਾਲੇ ਬਰਾਬਰ ਰਹਿੰਦੇ ਹਨ, ਅਪਨੇ ਦੇਸ਼ ਵਾਲਿਆਂ ਨੂੰ ਵਪਾਰ ਆਦੀ ਵਿਚ ਸਹਾਇਤਾ ਦਿੰਦੇ ਹਨ, ਇਤਿਆਦੀ ਗੁਣਾਂ ਅਰ ਅੱਛੇ ਅੱਛੇ ਕਰਮਾਂ ਕਰਕੇ ਉਨ੍ਹਾਂ ਦਾ ਵਾਧਾ ਹੈ। ਬੇਨੁਕਰੇ ਜੂਤੇ, ਕੋਟ, ਪਤਲੂਨ, ਹੋਟਲ ਵਿਚ ਖਾਨ ਪੀਨ ਆਦੀ ਸਾਧਾਰਣ ਅਰ ਬੁਰੇ ਕਰਮਾਂ ਤੋਂ ਨਹੀਂ ਵਧੇ ਹਨ, ਅਰ ਇਨ੍ਹਾਂ ਵਿਚ ਜਾਤੀ ਭੇਦ ਭੀ ਹੈ। ਵੇਖੋ! ਜਦ ਕੋਈ

ਫਰੰਗੀ ਚਾਹੇ ਕਿੱਨੇ ਵੱਡੇ ਹੁੱਦੇ ਉੱਪਰ ਅਰ ਪ੍ਰਸਿੱਧ ਹੋਵੇ ਕਿਸੇ ਹੋਰ ਦੇਸ਼ ਹੋਰ ਮਤ ਵਾਲਿਆਂ ਦੀ ਕੁੜੀ ਵਾ ਫਰੰਗੀ ਦੀ ਕੁੜੀ ਹੋਰ ਦੇਸ਼ ਵਾਲੇ ਨਾਲ ਵਿਵਾਹ ਕਰ ਲੈਂਦੀ ਹੈ ਤਾਂ ਉੱਸੇ ਵੇਲੇ ਓਸਦਾ ਨੇਉਤਾ, ਸੰਗ ਬੈਠਕੇ ਖਾਨੇ, ਅਰ ਵਿਵਾਹ ਆਦੀ ਨੂੰ ਹੋਰ ਲੋਗ ਬੰਦ ਕਰ ਦਿੰਦੇ ਹਨ, ਏਹ ਜਾਤੀ ਭੇਦ ਨਹੀਂ ਤਾਂ ਕੀ ਹੈ ? ਅਰ ਤੁਹਾਨੂੰ ਭੋਲੇ ਭਾਲਿਆਂ ਨੂੰ ਬਹਕਾਂਦੇ ਹਨ ਕਿ ਅਸਾਂ ਵਿਚ ਜਾਤੀ ਭੇਦ ਨਹੀਂ ਤੁਸੀਂ ਅਪਨੀ ਮੂਰਖਤਾ ਨਾਲ ਮੰਨ ਭੀ ਲੈਂਦੇ ਹੋ ਏਸ ਲਈ ਜੋ ਕੁਝ ਕਰਨਾ ਓਹ ਸੋਚ ਵਿਚਾਰਕੇ ਕਰਨਾ ਚਾਹੀਏ, ਜਿਸ ਵਿਚ ਫੇਰ ਪਛਤਾਵਾ ਕਰਨਾ ਨਾ ਪਵੇ। ਵੇਖੋ! ਵੈਦ ਅਰ ਦਵਾਈ ਦੀ ਜ਼ਰੂਰਤ ਬੀਮਾਰ ਦੇ ਵਾਸਤੇ ਹੈ, ਰੋਗ ਰਹਿਤ ਵਾਸਤੇ ਨਹੀਂ । ਵਿਦਵਾਨ, ਆਰੋਗ੍ਯ ਅਰ ਅਨਪੜ੍ਹਿਆ ਅਵਿਦਿਆ ਰੋਗ ਨਾਲ ਪਕੜਿਆ ਰਹਿੰਦਾ ਹੈ, ਓਸ ਰੋਗ ਦੇ ਛੁਡਾਨ ਵਾਸਤੇ ਸਤਵਿਦਿਆ ਅਰ ਸੱਤ ਉਪਦੇਸ਼ ਹੈ, ਉਨ੍ਹਾਂ ਨੂੰ ਅਵਿਦਿਆ ਕਰਕੇ ਏਹ ਰੋਗ ਹੈ ਕਿ ਖਾਨ ਪੀਨ ਹੀ ਵਿਚ ਧਰਮ ਰਹਿੰਦਾ ਅਰ ਜਾਂਦਾ ਹੈ ਜਦ ਕਿਸੇ ਨੂੰ ਖਾਨ ਪੀਨ ਵਿਚ ਅਨਾਚਾਰ ਕਰਦੇ ਵੇਖਦੇ ਹਨ ਤਦ ਕਹਿੰਦੇ ਅਰ ਜਾਨਦੇ ਹਨ ਕਿ ਓਹ ਧਰਮ ਭ੍ਰਸ਼ਟ ਹੋਗਿਆ, ਉਸਦੀ ਗਲ ਨਾ ਸੁਨਨੀ ਅਰ ਨਾ ਉਸਦੇ ਪਾਸ ਬੈਹੰਦੇ, ਨਾ ਓਸ ਨੂੰ ਅਪਨੇ ਪਾਸ ਬੈਹਨ ਦਿੰਦੇ, ਹੁਨ ਕਹੀਏ ਤੁਹਾਡੀ ਵਿਦਿਆ ਸ੍ਵਾਰਥ ਲਈ ਹੈ ਅਥਵਾ ਪਰਮਾਰਥ ਦੇ ਲਈ ? ਪਰਮਾਰਥ ਤਾਂ ਤਦੇ ਹੁੰਦਾ ਕਿ ਜਦ ਤੁਹਾਡੀ ਵਿਦਿਆ ਥੀਂ ਉਨ੍ਹਾਂ ਅਗਿਆਨੀਆਂ ਨੂੰ ਲਾਭ ਪਹੁੰਚਦਾ। ਜੇ ਕਹੋ ਕਿ ਓਹ ਨਹੀਂ ਲੈਂਦੇ ਅਸੀਂ ਕੀ ਕਰੀਏ, ਏਹ ਤੁਹਾਡਾ ਕਸੂਰ ਹੈ ਉਨ੍ਹਾਂ ਦਾ ਨਹੀਂ, ਕਿਉਂਕਿ ਤੁਸੀਂ ਜੋ ਅਪਨਾ ਆਚਰਣ ਅੱਛਾ ਰਖਦੇ ਤਾਂ ਤੁਹਾਡੇ ਨਾਲ ਪ੍ਰੇਮ ਕਰ ਉਹ ਉਪਕ੍ਰਿਤ ਹੁੰਦੇ, ਸੋ ਤੁਸਾਂ ਨੇ ਹਜ਼ਾਰਾਂ ਦਾ ਉਪਕਾਰ ਨਾਸ਼ ਕਰਕੇ ਅਪਨਾ ਸੁਖ ਕੀਤਾ ਸੋ ਏਹ ਤੁਹਾਨੂੰ ਵੱਡਾ ਅਪਰਾਧ ਲੱਗਾ, ਕਿਉਂਕਿ ਪਰਉਪਕਾਰ ਕਰਨਾ ਧਰਮ, ਅਰ ਪਰਾਇਆ ਨੁਕਸਾਨ ਕਰਨਾ ਅਧਰਮ ਕਹਾਂਦਾ ਹੈ ਏਸ ਲਈ ਵਿਦਵਾਨ ਨੂੰ ਯਥਾਯੋਗ ਵਿਵਹਾਰ ਕਰਕੇ ਅਗਿਆਨੀਆਂ ਨੂੰ ਦੁੱਖ ਸਮੁਦ੍ਰ ਥੀਂ ਤਾਰਨ ਦੇ ਵਾਸਤੇ ਬੇੜੀ ਰੂਪ ਹੋਨਾ ਚਾਹੀਏ, ਹਮੇਸ਼ਾ ਮੂਰਖਾਂ ਦੇ ਵਾਙਨ ਕਰਮ ਨਾ ਕਰਨੇ ਚਾਹੀਏ, ਪਰੰਤੂ ਜਿਸ ਵਿਚ ਉਨ੍ਹਾਂ ਦੀ ਅਰ ਅਪਨੀ ਦਿਨ ਦਿਨ ਪ੍ਰਤੀ ਉੱਨਤੀ ਹੋਵੇ ਅਜੇਹੇ ਕਰਮ ਕਰਨੇ ਯੋਗ ਹਨ।

(ਪ੍ਰਸ਼ਨ) ਅਸੀਂ ਕੋਈ ਪੁਸਤਕ ਈਸ਼੍ਵਰ ਕਰਕੇ ਬਨਾਇਆ ਵਾ ਸਾਰੇ ਅੰਸ਼ਾਂ ਵਿਚ ਸਚਾ ਨਹੀਂ ਮੰਨਦੇ, ਕਿਉਂਕਿ ਮਨੁੱਸ਼ ਦੀ ਬੁੱਧ ਨਿਰਭ੍ਰਮ ਨਹੀਂ ਹੁੰਦੀ ਏਸ ਥੀਂ ਉਨ੍ਹਾਂ ਦੇ ਬਨਾਏ ਗ੍ਰੰਥ ਸਾਰੇ ਭ੍ਰਮ ਵਾਲੇ ਹੁੰਦੇ ਹਨ। ਏਸਲਈ ਅਸੀਂ ਸਾਰਿਆਂ ਥੀਂ ਸੱਚ ਗ੍ਰਹਣ ਕਰਦੇ ਅਰ ਝੂਠ ਨੂੰ ਛਡ ਦਿੰਦੇ ਹਾਂ, ਚਾਹੇ ਸੱਚ ਵੇਦਾਂ ਵਿਚ, ਬਾਇਬਲ ਵਿੱਚ, ਵਾ ਕੁਰਾਨ

विच अर हेर किसे ग्रंथ विच होवे सांनूं ग्रहण करन योग है झूठ किसे दा नहीं।

(उत्तर) जिस बात थीं तुसीं सत्त दे ग्राहक होना चाहुंदे हो उत्तसे बात थीं झूठ दे ग्राहक भी ठैहरदे हो, किउंकि जद सारे मनुश्र भुलेखे तों रहित नहीं हो शकदे तां तुसीं भी मनुश्र होन थीं भुलेखे वाले हो, जद भ्रांती वाले दे वचन सारेआं अंशां विच मंनन योग नहीं हो शकदे तां तुहाडे वचन दा भी विशाह ना होवेगा, फेर तुहाडे वचन उपर भी सब तरां विशाह ना करना चाहीदे। जद अजेहा है तां ज़ैहर वाले अंनदे समान तिआगन दे योग हन, फेर तुहाडे विआखिआन पुसतक बनाए होए दा प्रमाण किसे नूं भी ना करना चाहीदे, "चल्ले तां चोबे जी छब्बे जी बनने नूं गीह्दे दे गुआ के दुबे जी बन गए" कुश तुसीं सरबंग नहीं जीकन कि होरमनुश सरवंगनहीं हन, कदाचित भ्रम थीं झूठ नूं ग्रहणकर सच नूं छड भी दिंदे होवोगे. एस लई सरवंग परमातमा दे वचन दा सहाइक असां अलपंगां नूं ज़रूर होना चाहीदे, जेहा कि वेद दे विआखिआन विच लिख आए हां उसेहा तुहानूं ज़रूर ही मंनना चाहीदे, नहीं तां "यतो ब्रुशटमृतो ब्रुशटः" हो जाना है। जद सब 'सत्त' वेदां थीं प्रापत हुंदा है जिनूं विच असत्त कुश भी नहीं तां उनूं दे ग्रहण करने विच शंका करनी अपनी अर पराई हानी मात्र कर लैना है, इसे बात थीं तुहानूं आरयावरती लोक अपना नहीं समझदे, अर तुसीं आरयावरत दे वाधे दे कारन भी नहीं हो सकदे, किउंकि सारिआं घरां दे मंगते बनेहो तुसां ने समझिआ है कि एस बात थीं असींलोग अपना अरपरा इआ उपकार करा सकांगे, सो ना कर सकोगे, जीकण किसे दे दो ही माता पिता सारे संसार दे मुंडिआं दी पालना करन लगन, सारे संसार दा पालन करना तां असंभव है किंतु उस बात थीं अपने मुंडिआं नूं भी नशट कर बैठन, उकन ही आप लोगां दी चाल है। भला वेद आदी सत्यशासत्रां नूं मंने बिना तुसीं अपने वचना दी सचिआई अर झुठिआई दी पतीखछा अर आरयावरत दी उंनती भी कदी कर सकदे हो? जिस देश नूं बीमारी होई है उसदी दुआई तुहाडे पास नहीं, अर फरंगी लोग तुहाडी परवाह नहीं करदे, अर आरयावरती लोग तुहानूं होर मत वालिआं दे वाछण समझदे हन. उन कुी समझके वेद आदी दे मंनने नाल देश दा वाधा करन लगो

ਤਾਂ ਭੀ ਅੱਛਾ ਹੈ। ਜੋ ਤੁਸੀਂ ਏਹ ਕਹਿੰਦੇ ਹੋ ਕਿ ਸਾਰਾ ਸੱਚ ਪਰਮੇਸ਼ੁਰ ਥੀਂ ਪ੍ਰਗਟ ਹੁੰਦਾ ਹੈ, ਫੇਰ ਰਿਸ਼ੀਆਂ ਦੇ ਆਤਮਾ ਵਿਚ ਈਸ਼ੁਰ ਥੀਂ ਪ੍ਰਕਾਸ਼ਿਤ ਹੋਏ ਸੱਚੇ ਅਰਥ ਵਾਲੇ ਵੇਦਾਂ ਨੂੰ ਕਿਉਂ ਨਹੀਂ ਮੰਨਦੇ ? ਹਾਂ ਇਹਾ ਸਬਬ ਹੈ ਕਿ ਤੁਸੀਂ ਲੋਗ ਵੇਦ ਨਹੀਂ ਪੜ੍ਹੇ ਅਰ ਨਾ ਪੜ੍ਹਨ ਦੀ ਇੱਛਾ ਕਰਦੇ ਹੋ ਕਿਸ ਤਰਾਂ ਨਾਲ ਤੁਹਾਨੂੰ ਵੇਦੋਕਤ ਗਿਆਨ ਹੋਸਕੇਗਾ। ਦੂਜਾ—ਜਗਤ ਦੇ ਉਪਾਦਾਨ ਕਾਰਣ ਦੇ ਬਿਨਾ ਜਗਤ ਦੀ ਉਤਪੱਤੀ ਅਰ ਜੀਵ ਨੂੰ ਭੀ ਉਤਪੰਨ ਮੰਨਦੇ ਹੋ, ਜੀਕਨ ਈਸਾਈ ਅਰ ਮੁਸਲਮਾਨ ਆਦੀ ਮੰਨਦੇ ਹਨ, ਏਸਦਾ ਉੱਤਰ ਸ੍ਰਿਸ਼ਟੀ ਉਤਪੱਤੀ ਅਰ ਜੀਵ ਈਸ਼ੁਰ ਦੀ ਵਿਆਖਿਆ ਵਿਚ ਦੇਖ ਲੌ, ਕਾਰਣ ਦੇ ਬਿਨਾ ਕਾਰਯ ਦਾ ਹੋਨਾ ਸਬ ਤਰਾਂ ਨਹੀਂ ਬਨਦਾ, ਅਰ ਉਤਪੰਨ ਵਸਤੂ ਦਾ ਨਾਸ਼ ਨਾ ਹੋਨਾ ਭੀ ਅਜੇਹਾ ਹੀ ਅਸੰਭਵ ਹੈ। ਇਕ ਏਹ ਭੀ ਤੁਹਾਡਾ ਦੋਸ਼ ਹੈ ਜੋ ਪਛਤਾਵੇ ਅਰ ਪ੍ਰਾਰਥਨਾ ਨਾਲ ਪਾਪਾਂ ਦਾ ਦੂਰ ਹੋਨਾ ਮੰਨਦੇ ਹੋ। ਇਸੇ ਬਾਤ ਥੀਂ ਜਗਤ ਵਿਚ ਬਹੁਤ ਸਾਰੇ ਪਾਪ ਵਧ ਗਏ ਹਨ, ਕਿਉਂਕਿ ਪੁਰਾਣੀ ਲੋਗ ਤੀਰਥ ਆਦੀ ਯਾਤ੍ਰਾ ਨਾਲ, ਜੈਨੀ ਲੋਕ ਭੀ ਨਵਕਾਰ ਮੰਤ੍ਰ ਜਪ ਅਰ ਤੀਰਥ ਆਦੀ ਥੀਂ, ਈਸਾਈ ਲੋਗ ਈਸਾ ਦੇ ਭਰੋਸੇ ਥੀਂ, ਮੁਸਲਮਾਨ ਲੋਗ ਤੋਬਾ ਕਰਨੇ ਥੀਂ ਪਾਪ ਛੁਟ ਜਾਨਾ ਬਿਨਾ ਭੋਗਦੇ ਮੰਨਦੇ ਹਨ,ਏਸ ਕਰਕੇਪਾਪਾਂ ਥੀਂ ਡਰ ਨਾ ਹੋਕੇ ਪਾਪ ਵਿਚ ਪ੍ਰਵ੍ਰਿੱਤੀ ਬਹੁਤ ਹੋ ਗਈ ਹੈ, ਏਸ ਬਾਤ ਵਿਚ ਬ੍ਰਹਮ ਅਰ ਪ੍ਰਾਰਥਨਾਸਮਾਜੀ ਭੀ ਪੁਰਾਣੀ ਆਦੀ ਦੇ ਫਾਛਣ ਹਨ, ਜੇਕਰ ਵੇਦਾਂ ਨੂੰ ਸੁਨਦੇ ਤਾਂ ਬਿਨਾ ਭੋਗ ਦੇ ਪਾਪ ਪੁੰਨ ਦੀ ਨਿਵ੍ਰਿੱਤੀ ਨਾ ਹੋਨ ਥੀਂ ਪਾਪਾਂ ਥੀਂ ਡਰਨੇ, ਅਰ ਧਰਮ ਵਿਚ ਸਦਾ ਲਗੇ ਰਹਿੰਦੇ, ਜੇ ਭੋਗਦੇ ਬਿਨਾ ਨਿਵ੍ਰਿੱਤੀ ਮੰਨੀਏਂ ਤਾਂ ਈਸ਼ੁਰ ਅਨਿਆਯਕਾਰੀ ਹੁੰਦਾ ਹੈ।੯—ਜੇਤੁਸੀਂ ਜੀਵਦੀ ਅਨੰਤ ਉੱਨਤੀ ਮੰਨਦੇ ਹੋ ਸੋ ਕਦੀ ਨਹੀਂ ਹੋ ਸਕਦੀ। ਕਿਉਂਕਿ *'ਸਸੀਮ' ਜੀਵਦੇ ਗੁਣ, ਕਰਮ, ਸੁਭਾਵ. ਦਾ ਫਲ ਭੀ 'ਸਸੀਮ' ਹੋਨਾ ਜਰੂਰ ਹੈ ॥

(ਪ੍ਰਸ਼ਨ)ਪਰਮੇਸ਼ੁਰ ਦਿਆਲੂ ਹੈ'ਸਸੀਮ'ਕਰਮਾਂਦਾ ਫਲ ਅਨੰਤਦੇਵੇਗਾ

(ਉੱਤਰ) ਅਜੇਹਾ ਕਰੇ ਤਾਂ ਪਰਮੇਸ਼ੁਰ ਦਾ ਨਿਆਯ ਨਸ਼ਟਹੋ ਜਾਵੇ ਅਰ ਸਤ ਕਰਮਾਂ ਦੀ ਉੱਨਤੀ ਭੀ ਕੋਈ ਭੀ ਨਾ ਕਰੇਗਾ, ਕਿਉਂਕਿ ਥੋੜੇ ਜੇਹੇ ਭੀ ਸਤਕਰਮ ਦਾ ਅਨੰਤ ਫਲ ਪਰਮੇਸ਼ੁਰ ਦੇ ਦੇਵੇਗਾ, ਅਰ ਪਛਤਾਵੇ ਵਾ ਪ੍ਰਾਰਥਨਾ ਥੀਂ ਪਾਪ ਚਾਹੇ ਜਿੱਨੇ ਹੋਨ ਛੁਟ ਜਾਨਗੇ, ਅਜੇਹੀ ਬਾਤਾਂ ਥੀਂ ਧਰਮ ਦੀ ਹਾਨੀ ਅਰ ਪਾਪ ਕਰਮਾਂ ਦੀ ਬ੍ਰਿੱਧੀ ਹੁੰਦੀ ਹੈ।

(ਪ੍ਰਸ਼ਨ) ਅਸੀਂ ਸੁਭਾਵਿਕ ਗਿਆਨ ਨੂੰ ਵੇਦ ਨਾਲੋਂ ਭੀ ਵੱਡਾ ਮੰਨਦੇ ਹਾਂ, ਨੈਮਿਤ੍ਤਿੱਕ ਨੂੰ ਨਹੀਂ, ਕਿਉਂਕਿ ਜੋ ਸੁਭਾਵਿਕ ਗਿਆਨ ਪਰਮੇਸ਼ੁਰਦਾ ਦਿੱਤਾ

*'ਸਸੀਮ' ਔਧਵਾਲਾ (ਅਨੁਵਾਦ ਕਰਤਾ)

अमां विच ना हुंदा तां वेदां नूं भी कीकन पड़्ह, पड़्हा,समझ, समझा सॱकदे, एस लई असां लोगां दा मत बहुत अॱछा है।

(उॱतर) एह तुहाडी गॱल निकंमी है, किउंकि जो किसे दा दिॱता होइआ गिआन हुंदा है, ओह सुभाविक नहीं हुंदा,जोसुभाविक हैओह सहज गिआन हुंदा है अर ना ओह घट वध सकदा, ओस थीं उॱनती कोई भी नहीं कर सकदा किउंकि जंगली मनुॱश विच भी सुभाविक गिआन है तां भी ओह अपनी उॱनती नहीं कर सकदे, अर जो नैमित्तिक गिआन है ओही उॱनती दा कारण है वेखो! तुसीं असीं थाल अवसथा विच करने योग ना करने योग अर धरम, अधरम कुॱझ भी ठीक ठीक नहीं जानदे सां, जद असीं विदिवानां थीं पड़्हे तदे करन योग ना करन योग अर धरम अधरम नूं समझन लगे, एस लई सुभाविक गिआन नूं सारिआं थों उॱपर मंनना ठीक नहीं। (८) जो तुसां लोकां ने पिछला अर पुनर जनम नहीं मॱनिआ है ओह ईसाई मुसलमानां थीं लीता होवेगा, एसदा भी उॱतर पुनरजनम दी विआखिआ थीं समझ लैना, परंतू इॱनां समझे कि जीव शाशुत अरथाड़ नित्त है, अर उसदे करम भी प्रवाह रूप थीं नित्त हन, करम अर करम वाले दा नित्त संबंध हुंदा है, की ओह जीव किदे निकॱमां बैठा रहिआ सी ? वा रहेगा ? अर परमेशुर भी निकॱमा तुहाडे कहने थीं हुंदा है, पिछला अगला जनम ना मंनने थीं कीते होए करमां दी हानी, अर ना कीते होइआं दी प्रापती, निरदैता अत विशमता दोश भी ईशुर विच आउंदे हन, किउंकि जनम ना होवे तां पाप पुंन दे फल भोगदी हानी हो जावे, किउंकि जिस तरां दूजे नूं सुख, दुख, हानी, लाभ पुचाइआ हुंदा है उसेतरां उसदा फल बिना शरीर धारण कीते नहीं हुंदा, दूजा पुनर जनम दे पाप पुंनां दे बिना सुख दुख दी प्रापती एस जनम विच किस तरां होवे, जेकर पिछले जनम दे पाप पुंन दे अनुसार ना होवे तां परमेशुर अनिआय करन वाला, अर बिना भोग कीते नाश दे वाछण करमदा फल होजावे,एसलई एह भी बात तुसां लोगां दी अॱछी नहीं। (१०)अर इक एह कि ईशुर दे बिना दिॱवगुण वाले पदारथां अर विदवानां नूं भी 'देव' ना मंनना ठीक नहीं, किउंकि परमेशुर महादेव, अर जे देव ना हुंदा तां सब देवां दा सुआमी होन थीं महादेव किउं कहांदा ?(११)इक अगनीहोत्र आदी परउपकार करने

ਵਾਲੇ ਕਰਮਾਂ ਨੂੰ ਕਰਨ ਯੋਗ ਨਾ ਸਮਝਨਾ ਅੱਛਾ ਨਹੀਂ।(੧੨)ਰਿਸ਼ੀ, ਮਹਾਰਿਸ਼ੀਆਂ ਦੇ ਕੀਤੇ ਉਪਕਾਰਾਂ ਨੂੰ ਨਾ ਮੰਨਕੇ ਈਸਾ ਦੇ ਪਿੱਛੇ ਝੁਕ ਪੈਨਾ ਅੱਛਾ ਨਹੀਂ। (੧੩)ਅਰ ਬਿਨਾ ਕਾਰਣ ਵਿਦਿਆ ਵੇਦਾਂ ਦੇ ਹੋਰ ਨਾ ਕਾਰਯ ਵਿਦਿਆ ਦੀ ਪ੍ਰਵ੍ਰਿੱਤੀ ਮੰਨਨਾ ਸਬ ਤਰਾਂ ਅਸੰਭਵ ਹੈ। (੧੪)ਅਰ ਜੋ ਵਿਦਿਆ ਦਾ ਚਿਨ੍ਹ ਜੇਵ੍ਹ ਅਰ ਬੋਦੀ ਨੂੰ ਛਡ, ਮੁਸਲਮਾਨ, ਈਸਾਈਆਂ ਦੇ ਵਾਙਣ ਬਨ ਬੈਠਣਾ ਏਹ ਭੀ ਵਿਅਰਥ ਹੈ, ਜਦ ਪਤਲੂਨ ਆਦੀ ਕਪੜੇ ਪਾਂਦੇ ਹੋ ਅਰ *ਤਮਗੇਆਂ ਦੀ ਇੱਛਾ ਕਰਦੇ ਹੋ ਤਾਂ ਕੀ ਜੰਵ੍ਹ ਆਦੀ ਦਾ ਕੁਝ ਵਡਾ ਭਾਰ ਹੋ ਗਿਆ ਸੀ (੧੫)ਅਰ ਬ੍ਰਹਮਾ ਥੀਂ ਲੈਕੇ ਪਿਛੇ ਪਿਛੇ ਆਰਯਾਵਰਤ ਵਿਚ ਬਹੁਤ ਸਾਰੇ ਵਿਦਵਾਨ ਹੋ ਚੁਕੇ ਹਨ ਉਨਾਂ ਦੀ ਉਸਤਤੀ ਨਾ ਕਰਕੇ ਫਰੰਗੀਆਂ ਦੀ ਉਸਤਤੀ ਵਿਚ ਲਗ ਜਾਨਾ ਪਖਛਪਾਤ ਅਰ ਖੁਸ਼ਾਮਦ ਦੇ ਬਿਨਾਕੀ ਆਖਿਆ ਜਾਵੇ। (੧੬)ਅਰ ਬੀਜ ਦੇ ਅੰਕੁਰ ਵਾਙਣ ਜੜ ਚੈਤਨ ਦੇ ਮਿਲਾਪ ਥੀਂ ਜੀਵ ਦੀ ਉਤਪੱਤੀ ਮੰਨਨੀ, ਉਤਪੱਤੀ ਦੇ ਪਹਿਲਾਂ ਜੀਵਦੇ ਸਰੂਪ ਦਾ ਨਾ ਮੰਨਨਾ, ਅਰ ਉਤਪੱਤੀ ਦਾ ਨਾਸ਼ ਨਾ ਮੰਨਕੇ ਪਹਿਲਾਂ ਪਿਛੋਂ ਦਾ ਵਿਰੋਧ ਹੈ, ਜੇਕਰ ਉਤਪੱਤੀ ਦੇ ਪਹਿਲਾਂ ਚੈਤਨ ਅਰ ਜੜ ਵਸਤੂ ਨਾ ਸਨ ਤਾਂ ਜੀਵ ਕਿੱਥੋਂ ਥੀਂ ਆਇਆ ? ਅਰ ਮਿਲਾਪ ਕਿਨ੍ਹਾਂ ਦਾ ਹੋਇਆ ? ਜੋ ਇਨ੍ਹਾਂ ਦੁਹਾਂ ਨੂੰ ਸਨਾਤਨ ਮੰਨਦੇ ਹੋ, ਤਾਂ ਠੀਕ ਹੈ, ਪਰੰਤੂ ਸ੍ਰਿਸ਼ਟੀ ਦੇ ਪਹਿਲਾਂ ਈਸ਼੍ਵਰ ਦੇ ਬਿਨਾ ਦੂਜੇ ਕਿਸੇ ਤਤ੍ਵ ਨੂੰ ਨਾ ਮੰਨਨਾ ਏਹ ਆਪਦਾ ਪਖਛ ਵਿਅਰਥ ਹੋ ਜਾਵੇਗਾ, ਏਸਲਈ ਜੋ ਉੱਨਤੀ ਕਰਨਾ ਚਾਹੋ ਤਾਂ "ਆਰਯਸਮਾਜ" ਦੇ ਸੰਗ ਮਿਲਕੇ ਉਸਦੇ ਉਦੇਸ਼ ਅਨੁਸਾਰ ਆਚਰਣ ਕਰਨਾ ਅੰਗੀਕਾਰ ਕਰੋ, ਨਹੀਂ ਤਾਂ ਕੁਝ ਹੱਥ ਨਾ ਲਗੇਗਾ, ਕਿਉਂਕਿ ਸਾਨੂੰ ਅਰ ਤੁਹਾਨੂੰ ਅਤੀ ਉਚਿਤ ਹੈ ਕਿ ਜਿਸ ਦੇਸ਼ ਦੇ ਪਦਾਰਥਾਂ ਥੀਂ ਅਪਨਾ ਸ਼ਰੀਰ ਬਨਿਆਂ, ਹੁਨ ਭੀ ਪਾਲਨ ਹੁੰਦਾ ਹੈ, ਅੱਗੋਂ ਹੋਵੇਗਾ, ਉਸਦੀ ਉੱਨਤੀ ਤਨ, ਮਨ, ਧਨ ਨਾਲ ਸਾਰੇ ਜਨ ਮਿਲਕੇ ਪ੍ਰੀਤੀ ਨਾਲ ਕਰਨ, ਏਸਲਈ ਜੇਹਾ ਆਰਯਸਮਾਜ, ਆਰਯਾਵਰਤ ਦੇਸ਼ਦੀ ਉੱਨਤੀ ਦਾ ਕਾਰਣ ਹੈ ਉਜੇਹਾ ਦੂਜਾ ਨਹੀਂ ਹੋ ਸਕਦਾ, ਜੇਕਰ ਏਸ ਸਮਾਜ ਨੂੰ ਜੀਕਨ ਚਾਹੀਏ ਸਹਾਇਤਾ ਦੇਨ ਤਾਂ ਬਹੁਤ ਅੱਛੀ ਬਾਤ ਹੈ, ਕਿਉਂਕਿ ਸਮਾਜ ਦਾ ਸੁਭਾਗ ਵਧਾਨਾ ਬਹੁਤਿਆਂ ਦਾ ਕੰਮ ਹੈ ਇੱਕਦਾ ਨਹੀਂ।

---

* 'ਤਮਗਾ' ਚਾਂਦੀ ਸੋਨੇ ਦਾ ਰੁਪਏ ਵਾਙਣ ਬਨਿਆ ਹੋਇਆ ਹੁੰਦਾ ਹੈ ਜੋ ਸਿਪਾਹੀ ਅਥਵਾ ਰਾਜ ਦਰਬਾਰੀਆਂ ਨੂੰ ਅੰਗ੍ਰੇਜ਼ਾਂ ਵਲੋਂ ਇੱਜ਼ਤ ਦੀ ਨਿਸ਼ਾਨੀ ਮਿਲ਼ਦੀ ਹੈ ਜਿਸਨੂੰ ਛਾਤੀ ਉੱਤੇ ਲੋਕ ਲਮਕਾਈ ਫਿਰਦੇ ਹਨ। (ਅਨੁਵਾਦਕਰਤਾ)

(प्रश्न) तुमीं सारिआं दा खंडन करदे ही आउंदे हो परंतू अपने अपने धरम विच सारे अॅछे हन खंडन किसेदा ना करना चाहीऐ, जो करदे हो तां तुसीं इन्हां थीं वधीक की दसदे हो ? जो दसदे हो तां की तुसां भी वधीक वा बराबर कॅोई पुरुश ना सी, अर ना है अजेहा अभिमान करना तुसांनूं योग नहीं, किउंकि परमात्मा दी म्रिश्टी विच इक इक थीं वधीक बराबर अर घट बहुत हन किसेनूं घनंड करना मुनासिब नहीं ।

(उॅतर) धरम सारिआं दाइकहुंदा है वा अनेक ? जेकरआखो अनेक हुंदे हन तां इक दुजे थीं विरुॅध हुंदे हन वा अविरुॅध?जे आखो कि विरुॅध हुंदे हन तां इकदे बिना दूजा धरम नहीं हो सकदा, अर जे कहो अविरुॅध हुंदे हन तां वखरा वखरा होना विअरथ है,एस लई धरम अर अधरम इक ही है अनेक नहीं,इहो असीं वधीक कहिंदे हां कि जीकन सारिआं संप्रदाईआं दे उपदेशां नूं कॅोई राजा अकठा करे तां इक हज़ार थीं घॅट नहीं होनगे, परंतु इन्हां दा मुख भाग वेखोतां पुरानी, किरानी,जैनी,अर कुरानी,चार ही हन,किउंकि इन्हां चौहां विच सारे संप्रदाय आ जांदे हन, कॅोई राजा उन्हां दी सभा करके जिगिआसू होके पहिलां वाममारगी थीं पुछे हे महांराज मैंने अॅज तक कॅोई गुरू अह ना किसे धरम दा ग्रहण कीता है, दसॅो सारिआं धरमां विचों उॅतम धरम किसदा है जिसनूं मैं ग्रहण करां ?

(वाममारगी) साडा है ।

(जिगिआसू) एह नौं सौ नञिनवें कॅोहो जेहे हन ?

(वाममारगी) सारे झूठे अर नरकगामी हन, किउंकि:—

कौलात्त परतरं नास्ति ॥

एस वचन दे प्रमाण थीं साडे धरमथीं परे कॅोई धरमनहीं है ।

(जिगिआसू) तुहाडा की धरम है ?

(वाममारगी)भगवती दा मंनना, मदम,मांस आदी पंज मकारां दा सेवन, अर रुद्रिआमल आदी चौंठ ६४ तंत्रां दा मंनना इत्यादी जॅो तूं मुकती दी इॅछा करदा हैं तां तूं साडा चेला हो जा ।

(जिगिआसू) अॅछा परंतू होरनां मताबमां दा भी दरशन करके पुछ पछ आवांगा, पिॅछों जिस विच मेरी शरॅधा अर प्रीती होवेगी उसदा चेला हो जावांगा ।

(ਵਾਮਮਾਰਗੀ)ਅਰੇਕਿਉਂਭ੍ਰਮਵਿਚਪਇਆਹੈ,ਏਹ ਲੋਕਤੈਨੂੰਬਹਕਾਕੇ ਅਪਨੇ ਜਾਲ ਵਿਚ ਫਸਾ ਦੇਨਗੇ ਕਿਸੇ ਦੇ ਪਾਸ ਨਾ ਜਾਹਸਾਡੀ ਹੀਸ਼ਰਨੀਂ ਹੋ ਜਾ,ਨਹੀਂ ਤਾਂ ਪਛਤਾਵੇਗਾ, ਵੇਖ! ਸਾਡੇ ਮਤ ਵਿਚ ਭੋਗਅਰ ਮੋਖਛ ਦੋਵੇਂ ਹਨ।

(ਜਿਗਿਆਸੂ) ਅੱਛਾ ਵੇਖ ਤਾਂ ਆਵਾਂ, ਅੱਗੇ ਚਲ ਕੇ ਸ਼ੈਵ ਦੇ ਪਾਸ ਜਾਕੇ ਪੁਛਿਆ ਤਾਂ ਅਜੇਹਾ ਹੀ ਉੱਤਰ ਉਸਨੇ ਦਿੱਤਾ ਇਨਾਂ ਵਧੀਕ ਕਿਹਾ ਕਿ ਬਿਨਾ ਸ਼ਿਵ, ਰੁਦ੍ਰਾਖਛ, ਭਸਮ ਧਾਰਣ, ਅਰ ਲਿੰਗ ਪੂਜਾ ਦੇ ਮੁਕਤੀ ਕਦੀ ਨਹੀਂ ਹੁੰਦੀ। ਓਹ ਉਸਨੂੰ ਛਡ ਨਵੀਂਨਵੇਦਾਂਤੀ ਜੀ ਦੇ ਪਾਸ ਗਿਆ

(ਜਿਗਿਆਸੂ) ਦਸੋ ਮਹਾਰਾਜ!ਤੁਹਾਡਾ ਧਰਮ ਕੀ ਹੈ?

(ਵੇਦਾਂਤੀ) ਅਸੀਂ ਧਰਮ ਅਧਰਮ ਕੁਝ ਭੀ ਨਹੀਂ ਮੰਨਦੇ, ਅਸੀਂ ਸਾਖਛਾਤ ਬ੍ਰਹਮ ਹਾਂ, ਅਸਾਂ ਵਿਚ ਧਰਮ ਅਧਰਮ ਕਿੱਥੇ ਹੈ? ਏਹ ਜਗਤ ਸਾਰਾ ਮਿਥਿਆ ਹੈ, ਅਰ ਜੋ ਗਿਆਨੀ ਸ਼ੁੱਧ ਚੇਤਨ ਹੋਇਆ ਚਾਹੇ ਤਾਂ ਅਪਨੇ ਨੂੰ ਬ੍ਰਹਮ ਮੰਨਕੇ, ਜੀਵ ਭਾਵ ਨੂੰ ਛੱਡਕੇ ਨਿੱਤ ਮੁਕਤ ਹੋ ਜਾਵੇਗਾ।

(ਜਿਗਿਆਸੂ) ਜੇ ਤੁਸੀਂ ਬ੍ਰਹਮ ਨੂੰ ਨਿੱਤ ਮੁਕਤ ਮੰਨਦੇ ਹੋ ਤਾਂ ਬ੍ਰਹਮ ਦੇ ਗੁਣ, ਕਰਮ, ਸੁਭਾਵ ਤੁਹਾਡੇ ਵਿਚ ਕਿਉਂ ਨਹੀਂ? ਅਰ ਸ਼ਰੀਰ ਵਿਚ ਕਿਉਂ ਬੱਧੇ ਹੋਏ ਹੋ?

(ਵੇਦਾਂਤੀ) ਤੇਨੂੰ ਸ਼ਰੀਰ ਦਿਸਦੇ ਹਨ ਇਸੇ ਥੀਂ ਤੂੰ ਭਰਮੀ ਹੈਂ ਸਾਨੂੰ ਕੁਝ ਨਹੀਂ ਦਿਸਦਾ ਬਿਨਾ ਬ੍ਰਹਮ ਦੇ।

(ਜਿਗਿਆਸੂ) ਤੁਸੀਂ ਵੇਖਨ ਵਾਲੇ ਕੌਨ ਅਰ ਕਿਸ ਨੂੰ ਵੇਖਦੇ ਹੋ?

(ਵੇਦਾਂਤੀ) ਦੇਖਨਵਾਲਾ ਬ੍ਰਹਮ, ਅਰ ਬ੍ਰਹਮ ਨੂੰ ਬ੍ਰਹਮ ਦੇਖਦਾ ਹੈ ॥

(ਜਿਗਿਆਸੂ) ਕੀ, ਦੋ ਬ੍ਰਹਮ ਹਨ?

(ਵੇਦਾਂਤੀ) ਨਹੀਂ ਅਪਨੇ ਆਪ ਨੂੰ ਦੇਖਦਾ ਹੈ॥

(ਜਿਗਿਆਸੂ) ਕੀ, ਕੋਈ ਅਪਨੇ ਮੋਢੇ ਉੱਤੇ ਆਪ ਚੜ੍ਹ ਸਕਦਾ ਹੈ? ਤੁਹਾਡੀ ਬਾਤ ਕੁਝ ਨਹੀਂ, ਨਿਰੀ ਪਾਗਲਪਨੇ ਦੀ ਹੈ। ਉਸਨੇ ਅੱਗੇ ਚਲਕੇ ਜੈਨੀਆਂ ਦੇ ਪਾਸ ਜਾਕੇ ਪੁਛਿਆ ਉਨਾਂ ਨੇ ਭੀ ਉੱਕਨ ਹੀ ਆਖਿਆ, ਪਰੰਤੂ ਇਨਾਂ ਵਧੀਕ ਕਿਹਾ ਕਿ 'ਜੈਨ ਧਰਮ' ਦੇ ਬਿਨਾ ਸਭ ਧਰਮ ਖੋਟਾ, ਜਗਤ ਦਾ ਕਰਤਾ ਅਨਾਦੀ ਈਸ਼੍ਵਰ ਕੋਈ ਨਹੀਂ, ਜਗਤ ਅਨਾਦੀ ਕਾਲ ਥੀਂ ਜਿਉਂ ਦਾ ਤਿਉਂ ਬਨਿਆ ਹੈ, ਅਰ ਬਨਿਆ ਰਹੇਗਾ, ਆ ਤੂੰ ਸਾਡਾ ਚੇਲਾ ਬਨਜਾ,ਕਿਉਂਕਿ ਅਸੀਂ ਸਮਝਕੜੀ ਅਰਥਾਤ ਸਭ ਪ੍ਰਕਾਰਥੀਂਅੱਛੇਹਾਂ,ਉੱਤਮ ਬਾਤਾਂ ਨੂੰ ਮੰਨਦੇ ਹਾਂ, ਜੈਨ ਮਾਰਗ ਥੀਂ ਭਿੰਨ ਸਭ ਮਿਥਿਆ ਧਰਮਵਾਲੇ ਹਨ। ਅੱਗੇ ਚਲਕੇ ਈਸਾਈ ਪਾਸੋਂ ਪੁੱਛਿਆ, ਉਸਨੇ ਵਾਮਮਾਰਗੀ ਦੇ ਤੁੱਲ ਸਭ ਜਵਾਬ ਸੁਵਾਲ ਕੀਤੇ, ਇੱਨਾਂ ਵਧੀਕ ਦੱਸਿਆ ਸਾਰੇ ਮਨੁੱਸ਼ ਪਾਪੀ ਹਨ, ਅਪਨੀ ਸਾਮਰਥ ਨਾਲ ਪਾਪ ਨਹੀਂ ਛੁੱਟਦਾ ਬਿਨਾ ਈਸਾ ਉਪਰ ਭਰੋਸੇ ਦੇ

पवित्र होके मुक्ती नूं नहीं पासकदा,ईसा ने सारिआं दे प्रासचित्तां दे लई अपने प्राण देके दइआ प्रगट कीती है. तूं साडा ही चेला बनजा, जिगिआसू सुनके मौलवी साहिब दे पास गिआ उनां नाल भी एसे तरां जवाब सुवाल होऐ, इंनां वधीक किहा "लाशरीक जुदा उसदे पगंबर अर कुरानशरीफ दे बिना मंने, कोई नजात नहीं पा सकदा. जो ऐस मज़हब नूं नहीं मंनदा, ओह दोज़खी अर काफर है.वाजबुल कतल अरथात लाइक मारन दे है" ॥ जिगिआसू सुनके वैशनव दे पास गिआ, ऊकन ही संवाद होइआ, इंनां वधीक किहा कि साडे तिलक छापे देखके 'यमराज' डरदा है। जिगिआसू ने मन विच समझिआ कि जद मंछर, मंखी, पुलस दे सिपाही, चोर, डाकू, अर दुशमन नहीं डरदे तां 'यमराज' दे गण किउं डरनगे, फिर अंगे चलिआ तां सब मत वालिआं ने अपने अपने नूं सच्चा किहा, कोई साडा कबीर सच्चा कोई नानक, कोइ दादू, कोई वल्लभ, कोई सहजानंद, कोई माधव आदी नूं वडा अवतार दसदे सुनिआ, हज़ारां पासों पुछ उनां दे आपस विच इक दूजे दा विरोध देख अंछी तरां निशचे कीता कि इनां विचों कोई गुरू करने योग नहीं, किउंकि इक इक दे झूठ विच नौं सौ नञिनवें उगाह होगऐ, जीकन झूठे दुकानदार वा कंजरी अर भड़ुआ आदी अपनी अपनी वसतू दी वडिआई दूजे दी बुरिआई करदे हन ऊकन ही ऐह हन, ईकन जानके :—

तद्विज्ञानार्थं स गुरुमेवाभिगच्छेत् ।समित्पाणिः श्रोत्रियं ब्रह्मनिष्ठम्॥१॥ तस्मै स विद्वानुपसन्नाय सम्यक् प्रशांतचित्ताय शमान्विताय । येनाक्षरं पुरुषं वेदसत्यं प्रोवाच तांतत्त्वतो ब्रह्मविद्याम् ॥२

मुंडकउपनिशद खंड २ । मंत्र १२–१३ ॥

उस सत्त दे अंछी तरां जानने वासते ओह समित्पाणी अरथात हंथ जोड़ नीवें हंथ करके वेद दे जानने वाले, ब्रहम विच इसथिती वाले परमातमा नूं जानने वाले, गुरू दे पास जावे, इनां पाखंडीआं दे जाल विच ना डिंगे ॥ १ ॥ जद अजेहा जिगिआसू विदवान दे

ਪਾਸ ਜਾਵੇ ਉਸ ਸ਼ਾਂਤਚਿਤ ਜਿਤੇਂਦ੍ਰੀ ਪਾਸ ਆਏ ਜਿਗਿਆਸੂ ਨੂੰ ਯਥਾਰਥ ਬ੍ਰਹਮ ਵਿਦਿਆ, ਪਰਮਾਤਮਾ ਦੇ ਗੁਣ, ਕਰਮ, ਸੁਭਾਵ, ਦਾ ਉਪਦੇਸ਼ ਕਰੇ, ਅਰ ਜਿਸ ਜਿਸ ਸਾਧਨ ਥੀਂ ਓਹ ਸ੍ਰੋਤਾ ਧਰਮ, ਅਰਥ, ਕਾਮ, ਮੋਖਛ ਅਰ ਪਰਮਾਤਮਾ ਨੂੰ ਜਾਨ ਸਕੇ ਉਜੇਹੀ ਸ਼ਿਖਛਾ ਕੀਤਾ ਕਰੇ ॥ ੨ ॥ ਜਦ ਓਹ ਅਜੇਹੇ ਪੁਰੁਸ਼ ਦੇ ਪਾਸ ਜਾਕੇ ਬੋਲਿਆ ਕਿ ਮਹਾਰਾਜ ਹੁਨ ਇਨਾਂ ਸੰਪ੍ਰਦਾਈਆਂ ਦੇ ਬਖੇੜਿਆਂ ਥੀਂ ਮੇਰਾ ਚਿਤ ਭਰਮੀ ਹੋ ਗਿਆ। ਕਿਉਂਕਿ ਜੇ ਮੈਂ ਇਨਾਂ ਵਿਚੋਂ ਕਿਸੇ ਇਕ ਦਾ ਚੇਲਾ ਹੋਵਾਂਗਾ ਤਾਂ ਨੌਂਸੌ ਨਨ੍ਵਿਨਵਿਆਂ ਨਾਲ ਵਿਰੋਧੀ ਹੋਨਾ ਪਵੇਗਾ, ਜਿਸਦੇ ਨੌਂਸੌ ਨਨ੍ਵਿਨਵੇਂ ਦੁਸ਼ਮਨ ਅਰ ਇਕ ਮਿਤ੍ਰ ਹੈ ਉਸ ਨੂੰ ਸੁਖ ਕਦੀ ਨਹੀਂ ਹੋ ਸਕਦਾ ਏਸ ਲਈ ਤੁਸੀਂ ਮੈਨੂੰ ਉਪਦੇਸ਼ ਕਰੋ ਜਿਸ ਨੂੰ ਮੈਂ ਗ੍ਰਹਣ ਕਰਾਂ (ਸਚਿਆਰ ਵਿਦਵਾਨ) ਏਹ ਸਾਰੇ ਮਤ ਅਵਿਦਿਆ ਥੀਂ ਹੋਨ ਵਾਲੇ ਵਿਦਿਆ ਵਿਰੋਧੀ ਹਨ, ਮੂਰਖ, ਪਾਮਰ ਅਰ ਜੰਗਲੀ ਮਨੁੱਸ਼ ਨੂੰ ਬਹਕਾਕੇ ਅਪਨੇ ਜਾਲ ਵਿਚ ਫਸਾਕੇ ਅਪਨਾ ਮਤਲਬ ਸਿੱਧ ਕਰਦੇ ਹਨ, ਓਹ ਅਪਨੇ ਮਨੁੱਸ਼ ਜਨਮ ਦੇ ਫਲ ਥੀਂ ਰਹਿਤ ਹੋਕੇ ਅਪਨੇ ਮਨੁੱਸ਼ ਜਨਮ ਨੂੰ ਵਿਅਰਥ ਗੁਆਂਦੇ ਹਨ, ਵੇਖ ! ਜਿਸ ਬਾਤ ਵਿਚ ਏਹ ਹਜ਼ਾਰ ਇਕ ਮਤ ਹੋਨ ਓਹ ਵੇਦ ਮਤ ਗ੍ਰਹਣ ਕਰਨੇ ਯੋਗ ਹੈ, ਅਰ ਜਿਸ ਵਿਚ ਪਰਸਪਰ ਵਿਰੋਧ ਹੋਵੇ ਓਹ ਕਲਪਿਤ, ਝੂਠਾ, ਅਧਰਮ, ਨਾ ਗ੍ਰਹਣ ਕਰਨ ਯੋਗ ਹੈ ॥

(ਜਿਗਿਆਸੂ) ਏਸ ਦੀ ਪਰੀਖਛਾ ਕਿਸ ਤਰਾਂ ਹੋਵੇ ?

(ਸਚਿਆਰ) ਤੂੰ ਜਾਕੇ ਇਨਾਂ ਇਨਾਂ ਬਾਤਾਂ ਨੂੰ ਪੁਛ ਸਾਰਿਆਂ ਦੀ ਇਕ ਸੰਮਤੀ ਹੋ ਜਾਵੇਗੀ, ਤਦ ਓਹ ਉਨਾਂ ਹਜ਼ਾਰਾਂ ਦੀ ਮੰਡਲੀ ਦੇ ਵਿਚ ਉਠ ਕੇ ਬੋਲਿਆ ਕਿ ਸੁਨੋ ਸਬ ਲੋਗੋ ? ਸਚ ਬੋਲਨ ਵਿਚ ਧਰਮ ਹੈ ਵਾ ਝੂਠ ਵਿਚ ? ਸਾਰੇ ਇਕ ਸੁਰ ਹੋਕੇ ਬੋਲੇ ਕਿ ਸੱਚ ਬੋਲਨ ਵਿਚ ਧਰਮ, ਅਰ ਝੂਠ ਬੋਲਨ ਵਿਚ ਅਧਰਮ ਹੈ। ਉਕਨ ਹੀ ਵਿਦਿਆ ਪੜ੍ਹਨੇ, ਬ੍ਰਹਮਚਰਯ ਕਰਨੇ, ਪੂਰੀ ਜੁਆਨ ਉਮਰ ਵਿਚ ਵਿਵਾਹ, ਸਤਸੰਗ, ਉਦਮ, ਸਚ ਵਿਹਾਰ ਆਦੀ ਵਿਚ ਧਰਮ, ਅਰ ਵਿਦਿਆ ਨਾ ਪੜ੍ਹਨੇ, ਬ੍ਰਹਮਚਰਯ ਨਾ ਕਰਨੇ ਵਜਭਿਚਾਰ ਕਰਨੇ, ਕੁਸੰਗ, ਝੂਠਾ ਵਿਹਾਰ, ਛਲ, ਕਪਟ, ਜੀਵਾਂ ਨੂੰ ਦੁਖ ਦੇਨਾ, ਪਰਾਇਆ ਨੁਕਸਾਨ ਕਰਨੇ ਆਦੀ ਕਰਮਾਂ ਵਿਚ ਸਾਰਿਆਂ ਨੇ ਇਕ ਮਤ ਹੋਕੇ ਕਿਹਾ ਕਿ ਵਿਦਿਆ ਆਦੀ ਦੇ ਗ੍ਰਹਣ ਵਿਚ ਧਰਮ ਅਰ ਅਵਿਦਿਆ ਆਦੀ ਦੇ ਗ੍ਰਹਣ ਵਿਚ ਅਧਰਮ, ਤਦ ਜਿਗਿਆਸੂ ਨੇ ਸਾਰਿਆਂ ਨੂੰ ਕਿਹਾ ਕਿ ਤੁਸੀਂ ਇਸੇ ਤਰਾਂ ਸਾਰੇ ਜਨੇ ਇਕ ਮਤ ਹੋਕੇ ਸਤਧਰਮ ਦੀ ਉਨਤੀ, ਅਰ ਝੂਠੇ ਮਾਰਗ ਦੀ ਹਾਨੀ ਕਿਉਂ ਨਹੀਂ ਕਰਦੇ ਹੋ ? ਓਹ ਸਾਰੇ ਬੋਲੇ ਜੋ ਅਸੀਂ ਈਕਨ ਕਰੀਏ ਤਾਂ ਸਾਨੂੰ ਕੌਨ ਪੁਛੇ, ਸਾਡੇ ਚੇਲੇ ਸਾਡੀ ਆਗਿਆ ਵਿਚ ਨਾ ਰਹਿਨ, ਜੀਵਿਕਾ ਨਸ਼ਟ ਹੋਜਾਵੇ, ਫਿਰ ਜੋ ਅਸੀਂ ਆਨੰਦ ਕਰ ਰਹੇ ਹਾਂ ਸੋ ਸਬ

ਹੱਥੋਂ ਜਾਵੇ ਏਸ ਲਈ ਅਸੀਂ ਜਾਨਦੇ ਹਾਂ ਤਾਂ ਭੀ ਅਪਨੇ ਅਪਨੇ ਮਤ ਦਾ ਉਪਦੇਸ਼ ਅਰ ਹਠ ਕਰਦੇ ਹੀ ਜਾਂਦੇ ਹਾਂ ਕਿਉਂਕਿ :—

"ਰੋਟੀ ਖਾਈਏ ਸ਼ੱਕਰ ਸੇ ਅਰ ਦੁਨੀਆਂ ਠੱਗੀਏ ਮੱਕਰ ਸੇ"

ਅਜੇਹੀ ਬਾਤ ਹੈ ਦੇਖੋ! ਸੰਸਾਰ ਵਿਚ ਸਿੱਧੇ ਸੱਚੇ ਮਨੁੱਸ਼ ਨੂੰ ਕੋਈ ਨਹੀਂ ਦਿੰਦਾ ਅਰ ਨਾ ਪੁੱਛਦਾ, ਜੇਹੜਾ ਠੱਗਬਾਜ਼ੀ ਅਰ ਧੂਰਤਤਾ ਕਰਦਾ ਹੈ ਓਹੀ ਪਦਾਰਥ ਪਾਂਦਾ ਹੈ॥

(ਜਿਗਿਆਸੂ) ਜੋ ਤੁਸੀਂ ਅਜੇਹਾ ਪਾਖੰਡ ਚਲਾਕੇ ਹੋਰਨਾਂ ਮਨੁੱਸ਼ਾਂ ਨੂੰ ਠੱਗਦੇ ਹੋ ਤੁਹਾਨੂੰ ਰਾਜਾ ਦੰਡ ਕਿਉਂ ਨਹੀਂ ਦਿੰਦਾ ?

(ਮਤਵਾਲੇ) ਅਸਾਂ ਨੇ ਰਾਜਾ ਨੂੰ ਭੀ ਅਪਨਾ ਚੇਲਾ ਬਨਾ ਲੀਤਾ ਹੈ, ਅਸਾਂ ਨੇ ਪੱਕਾ ਬੰਦੋਬਸਤ ਕੀਤਾ ਹੈ ਛੁੱਟੇਗਾ ਨਹੀਂ॥

(ਜਿਗਿਆਸੂ) ਜਦ ਤੁਸੀਂ ਛਲ ਨਾਲ ਹੋਰਨਾਂ ਮਤ ਵਾਲਿਆਂ ਮਨੁੱਸ਼ਾਂ ਨੂੰ ਠੱਗ ਉਨਾਂ ਦੀ ਹਾਨੀ ਕਰਦੇ ਹੋ ਪਰਮੇਸ਼ੁਰ ਦੇ ਸਾਮਨੇ ਕੀ ਉੱਤਰ ਦੇਵੋਗੇ ਅਰ ਘੋਰ ਨਰਕ ਵਿਚ ਪਵੋਗੇ, ਥੋੜੇ ਜੀਵਨ ਦੇ ਲਈ ਇਨਾਂ ਵਡਾ ਅਪਰਾਧ ਕਰਨਾ ਕਿਉਂ ਨਹੀਂ ਛਡਦੇ ?

(ਮਤਵਾਲੇ) ਜਦ ਜੇਹਾ ਹੋਵੇਗਾ ਤਦ ਦੇਖਿਆ ਜਾਵੇਗਾ, ਨਰਕ ਅਰ ਪਰਮੇਸ਼ੁਰ ਦਾ ਦੰਡ ਜਦ ਹੋਵੇਗਾ ਤਦ ਹੋਵੇਗਾ ਹੁਨ ਤਾਂ ਆਨੰਦ ਕਰਦੇ ਹਾਂ ਸਾਨੂੰ ਪ੍ਰਸੰਨਤਾ ਨਾਲ ਧਨ ਆਦੀ ਪਦਾਰਥ ਦਿੰਦੇ ਹਨ ਕੁਝ ਜੋਰ ਨਾਲ ਨਹੀਂ ਲੈਂਦੇ ਫਿਰ ਰਾਜਾ ਦੰਡ ਕਿਉਂ ਦੇਵੇ॥

(ਜਿਗਿਆਸੂ) ਜੀਕਨ ਕੋਈ ਵੱਟੇ ਬਾਲਕ ਨੂੰ ਫੁਸਲਾਕੇ ਧਨ ਆਦੀ ਪਦਾਰਥ ਖੋਹ ਲੈਂਦਾ ਹੈ ਜੀਕਨ ਉਸਨੂੰ ਦੰਡ ਮਿਲਦਾ ਹੈ ਊਕਨ ਤੁਹਾਨੂੰ ਕਿਉਂ ਨਹੀਂ ਮਿਲਦਾ ਕਿਉਂਕਿ :—

अजरो भवति वै बालः पिता भवति मंत्रदः॥

ਮਨੁਸਮ੍ਰਿਤੀ ਅਧਜ਼ਾਯ ੨। ਸ਼ਲੋਕ ੫੩॥

ਜੋ ਗਿਆਨ ਰਹਿਤ ਹੁੰਦਾ ਹੈ ਓਹ ਬਾਲਕ, ਅਰ ਜੋ ਗਿਆਨ ਦਾ ਦੇਨ ਵਾਲਾਹੈ ਓਹ ਪਿਤਾ ਅਰ ਵਡਾ ਕਹਾਂਦਾ ਹੈ,ਜੇਹੜਾ ਬੁਧਵਾਨ ਵਿਦਵਾਨ ਹੈ ਓਹ ਤਾਂ ਤੁਹਾਡੀ ਬਾਤਾਂ ਵਿਚ ਨਹੀਂ ਫਸਦਾ ਕਿੰਤੂ ਅਗਿਆਨੀ ਲੋਗ ਜੋ ਬਾਲਕ ਦੇ ਵਾਙਣ ਹਨ,ਉਨਾਂ ਦੇ ਠਗਨੇ ਵਿਚ ਤੁਹਾਨੂੰ ਰਾਜਦੰਡ ਜ਼ਰੂਰ ਹੋਨਾ ਚਾਹੀਏ॥

(ਮਤਵਾਲੇ) ਜਦ ਰਾਜਾ ਪ੍ਰਜਾ ਸਾਰੇ ਸਾਡੇ ਮਤਵਿਚ ਹਨ, ਤਾਂ ਸਾਨੂੰ ਦੰਡ ਕੌਨ ਦੇਨਵਾਲਾ ਹੈ? ਜਦ ਅਜੇਹੀ ਵਿਵਸਥਾ ਹੋਵੇਗੀ ਤਦ ਇਨਾਂ ਬਾਤਾਂ ਨੂੰ ਛਡਕੇ ਦੂਜੀ ਵਿਵਸਥਾ ਕਰਾਂਗੇ॥

(ਜਿਗਿਆਸੂ) ਜੋ ਤੁਸੀਂ ਬੈਠੇ ਬੈਠੇ ਵਿਅਰਥ ਮਾਲ ਮਾਰਦੇ ਹੋ ਸੋ

ਵਿਦਿਆ ਅਭਿਆਸ ਕਰਕੇ ਗ੍ਰਿਹਸਥੀਆਂ ਦੇ ਮੁੰਡੇ, ਕੁੜੀਆਂ ਨੂੰ ਪੜ੍ਹਾਓ ਤਾਂ ਤੁਹਾਡਾ ਅਰ ਗ੍ਰਿਹਸਥੀਆਂ ਦਾ ਕਲਿਆਣ ਹੋਜਾਏ ॥

(ਮਤਵਾਲੇ) ਜ਼ਦ ਅਸੀ ਬਾਲਅਵਸਥਾ ਥੀਂ ਲੈਕੇ ਮਰਨ ਤਕ ਦੇ ਸੁਖਾਂ ਨੂੰ ਛਡੀਏ, ਬਾਲਅਵਸਥਾ ਥੀਂ ਯੁਵਾ ਅਵਸਥਾ ਤਕ ਵਿਦਿਆ ਪੜ੍ਹਨੇ ਵਿਚ ਰਹੀਏ, ਪਿਛੋਂ ਪੜ੍ਹਾਨ ਵਿਚ, ਅਰ ਉਪਦੇਸ਼ ਕਰਨ ਵਿਚ ਜਨਮ ਭਰ ਪ੍ਰਯਤਨ ਕਰੀਏ, ਸਾਨੂੰ ਕੀ ਮਤਲਬ, ਸਾਨੂੰ ਇੱਸੇ ਤਰਾਂ ਹੀ ਲੱਖਾਂ ਰੁਪਈਏ ਮਿਲ ਜਾਂਦੇ ਹਨ, ਚੈਨ ਕਰਦੇ ਹਾਂ, ਉਸਨੂੰ ਕਿਉਂ ਛੱਡੀਏ ?

(ਜਿਗਿਆਸੂ) ਏਸਦਾ ਫਲ ਤਾਂ ਬੁਰਾ ਹੈ ਦੇਖੋ ! ਤੁਹਾਨੂੰ ਵਡੇ ਰੋਗ ਹੁੰਦੇ ਹਨ, ਜਲਦੀ ਮਰ ਜਾਂਦੇ ਹੋ, ਬੁੱਧੀਵਾਨਾਂ ਵਿਚ ਨਿੰਦਿਆ ਯੋਗ ਹੁੰਦੇ ਹੋ, ਫੇਰ ਭੀ ਕਿਉਂ ਨਹੀਂ ਸਮਝਦੇ ?

(ਮਤਵਾਲੇ) ਓ ਭ੍ਰਾਵਾ !

ਟਕਾ ਧਰਮਸ਼ਟਕਾ ਕਰਮ ਟਕਾ ਹਿ ਪਰਮੰ ਪਦਮ।
ਯਸਜ਼ਗ੍ਰਿਹੇ ਟਕਾਨਾਸਤਿਹਾ! ਟਕਾ ਟਕਟਕਾਯਤੇ॥ ੧॥
ਆਨਾਅੰਸ਼ਕਲਾ: ਪ੍ਰੋਕਤਾ ਰੂਪਜ਼ੋਅਸੌ ਭਗਵਾਨ ਸ੍ਰਯਮ।
ਅਤਸਤੰ ਸਰਵ ਇੱਛੰਤਿ ਰੂਪਜ਼ੰ ਹਿ ਗੁਣਵੱਤਮਮ ॥ ੨॥

ਤੂੰ ਮੂੰਡਾ ਹੈ ਸੰਸਾਰ ਦੀਆਂ ਗੱਲਾਂ ਨਹੀਂ ਜਾਨਦਾ ਦੇਖ ਟਕੇ ਦੇ ਬਿਨਾ ਧਰਮ, ਟਕੇ ਦੇ ਬਿਨਾ ਕਰਮ, ਟਕੇ ਦੇ ਬਿਨਾ ਪਰਮਪਦ, ਨਹੀਂ ਹੁੰਦਾ, ਜਿਸਦੇ ਘਰ ਵਿਚ ਟਕਾ ਨਹੀਂ ਹੈ ਓਹ ਹਾਏ ! ਟਕਾ ਟਕਾ ਕਰਦਾ ਕਰਦਾ ਉੱਤਮ ਪਦਾਰਥਾਂ ਨੂੰ ਬਿਟ ੨ ਵੇਖਦਾ ਰਹਿੰਦਾ ਹੈ ਕਿ ਹਾਏ ! ਮੇਰੇ ਪਾਸ ਟਕਾ ਹੁੰਦਾ ਤਾਂ ਏਸ ਉੱਤਮ ਪਦਾਰਥ ਨੂੰ ਮੈਂ ਭੋਗਦਾ ॥ ੧ ॥ ਕਿੰਉਂਕਿ ਸਭ ਕੋਈ ਸੋਲ਼ਾਂ ਕਲਾ ਵਾਲੇ ਆਦ੍ਰਿਸ਼ਜ* ਭਗਵਾਨ ਦਾ ਕਥਨ ਸੁਨਦੇ ਹਨ ਸੋ ਤਾਂ ਨਹੀਂ ਦਿੱਸਦਾ ਪਰੰਤੂ ਸੋਲਾਂ ਆਨੇ, ਅਰ ਪੈਸੇ, ਕੌਡੀ ਰੂਪ ਅੰਸ਼ਕਲਾ ਵਾਲਾ ਜੋ ਰੁਪੱਯਾ ਹੈ ਓਹੀ ਸਾਖਛਾਤ ਭਗਵਾਨ ਹੈ ਏਸ ਲਈ ਸਭ ਕੋਈ ਰੁਪੱਯਾਂ ਦੀ ਢੂੰਢ ਵਿਚ ਲੱਗੇ ਰਹਿੰਦੇ ਹਨ, ਕਿਉਂ ਕਿ ਸਾਰੇ ਕੰਮ ਰੁਪੱਯਾਂ ਥੀਂ ਸਿੱਧ ਹੁੰਦੇ ਹਨ ॥ ੨ ॥

(ਜਿਗਿਆਸੂ) ਠੀਕ ਹੈ ਤੁਹਾਡੀ ਅੰਦਰ ਦੀ ਲੀਲਾ ਬਾਹਿਰ ਆਗਈ, ਤੁਸਾਂ ਨੇ ਜਿਨਾਂ ਏਹ ਪਾਖੰਡ ਖੜਾ ਕੀਤਾ ਹੈ ਓਹ ਸਾਰਾ ਅਪਨੇ ਸੁਖ ਦੇ ਲਈ ਕੀਤਾ ਹੈ, ਪਰੰਤੂ ਏਸ ਵਿਚ ਜਗਤ ਦਾ ਨਾਸ਼ ਹੁੰਦਾ ਹੈ, ਕਿਉਂਕਿ ਜੇਹਾ ਸੱਤ

* ਜੇਹੜਾ ਦੇਖਨ ਵਿਚ ਨਾ ਆਵੇ (ਅਨੁਵਾਦਕਰਤਾ)

ਉਪਦੇਸ਼ ਥੀਂ ਸੰਸਾਰ ਨੂੰ ਲਾਭ ਪੁੱਜਦਾ ਹੈ, ਉਜੇਹਾ ਝੂਠੇ ਉਪਦੇਸ਼ ਥੀਂ ਹਾਨੀ ਹੁੰਦੀ ਹੈ, ਜਦ ਤੁਸਾਂ ਨੂੰ ਧਨ ਦਾ ਹੀ ਮਤਲਬ ਸੀ ਤਾਂ ਨੌਕਰੀ ਅਰ ਵਯਾਪਾਰ ਆਦੀ ਕਰਮ ਕਰਕੇ ਧਨ ਨੂੰ ਅਕੱਠਾ ਕਿਉਂ ਨਹੀਂ ਕਰ ਲੈਂਦੇ ਹੋ ?

(ਮਤਵਾਲੇ) ਉਸ ਵਿਚ ਪ੍ਰਯਤਨ ਬਹੁਤ ਅਰ ਨੁਕਸਾਨ ਭੀ ਹੋ ਜਾਂਦਾ ਹੈ, ਪਰੰਤੂ ਏਸ ਸਾਡੀ ਲੀਲਾ ਵਿਚ ਨੁਕਸਾਨ ਕਦੀ ਨਹੀਂ ਹੁੰਦਾ ਕਿੰਤੂ ਹਮੇਸ਼ਾ ਲਾਭ ਹੀ ਲਾਭ ਹੁੰਦਾ ਹੈ, ਦੇਖੋ ਤੁਲਸੀਦਲ ਪਾਕੇ ਚਰਣਾਮ੍ਰਿਤ ਦੇਕੇ ਕੰਠੀ ਬਨ੍ਹ ਦਿੰਦੇ, ਚੇਲਾ ਮੁਨਨ ਥੀਂ ਜਨਮ ਭਰ ਨੂੰ ਪਸ਼ੂ ਵਾਛਣ ਹੋ ਜਾਂਦਾ ਹੈ, ਫੇਰ ਭਾਵੇਂ ਜੀਕਨ ਚਲਾਈਏ ਚਲ ਸਕਦਾ ਹੈ ॥

(ਜਿਗਿਆਸੂ)ਏਹ ਲੋਗਤੁਹਾਨੂੰ ਬਹੁਤ ਸਾਰਾ ਧਨ ਕਿਸਲਈਦਿੰਦੇ ਹਨ?

(ਮਤਵਾਲੇ) ਧਰਮ, ਸੁਰਗ ਅਰ ਮੁਕਤੀ ਦੇ ਵਾਸਤੇ ॥

(ਜਿਗਿਆਸੂ) ਜਦ ਤੁਸੀਂ ਹੀ ਮੁਕਤ ਨਹੀਂ ਅਰਨਾ ਮੁਕਤੀ ਦਾ ਸਰੂਪ ਵਾ ਸਾਧਨ ਜਾਨਦੇ ਹੋ ਤਾਂ ਤੁਹਾਡੀ ਸੇਵਾ ਕਰਨ ਵਾਲਿਆਂ ਨੂੰ ਕੀ ਮਿਲੇਗਾ ?

(ਮਤਵਾਲੇ) ਕੀ ਏਸ ਲੋਕ ਵਿਚ ਮਿਲਦਾ ਹੈ ? ਨਹੀਂ ਕਿੰਤੂ ਮਰਕੇ ਪਿਛੋਂ ਪਰਲੋਕ ਵਿਚ ਮਿਲਦਾ ਹੈ.ਜਿਨਾਂ ਏਹ ਲੋਕ ਸਾਨੂੰ ਦਿੰਦੇ ਹਨ ਅਰਸੇਵਾ ਕਰਦੇ ਹਨ ਓਹ ਸਭ ਇਨਾਂ ਲੋਕਾਂ ਨੂੰ ਪਰਲੋਕ ਵਿਚ ਮਿਲ ਜਾਂਦਾ ਹੈ ॥

(ਜਿਗਿਆਸੂ) ਇਨਾਂ ਨੂੰ ਤਾਂ ਦਿੱਤਾ ਹੋਇਆ ਮਿਲ ਜਾਂਦਾ ਹੈ ਵਾ ਨਹੀਂ, ਤੁਸਾਂ ਲੈਣ ਵਾਲਿਆਂ ਨੂੰ ਕੀ ਮਿਲੇਗਾ ਨਰਕ ਵਾ ਹੋਰ ਕੁਝ ?

(ਮਤਵਾਲੇ)ਅਸੀਂ ਭਜਨ ਕੀਤਾ ਕਰਨੇ ਹਾਂ ਏਸਦਾ ਸੁਖ ਸਾਨੂੰ ਮਿਲੇਗਾ।

(ਜਿਗਿਆਸੂ) ਤੁਹਾਡਾ ਭਜਨ ਤਾਂ ਟਕੇ ਦੇ ਲਈ ਹੈ ਓਹ ਸਭ ਟਕੇ ਇੱਥੇ ਪਏ ਰਹਨਗੇ, ਅਰ ਜਿਸ ਮਾਂਸ ਦੇ ਪਿੰਡ ਨੂੰ ਇੱਥੇ ਪਾਲਦੇ ਹੋ ਓਹ ਭੀ ਸੁਆਹ ਹੋਕੇ ਇੱਥੇ ਹੀ ਰਹ ਜਾਵੇਗਾ, ਜੇ ਤੁਸੀਂ ਪਰਮੇਸ਼ੁਰ ਦਾ ਭਜਨ ਕਰਦੇ ਹੁੰਦੇ ਤਾਂ ਤੁਹਾਡਾ ਆਤਮਾ ਭੀ ਪਵਿਤ੍ਰ ਹੁੰਦਾ ॥

(ਮਤਵਾਲੇ) ਕੀ ਅਸੀਂ ਅਪਵਿਤ੍ਰ ਹਾਂ ?

(ਜਿਗਿਆਸੂ) ਅੰਦਰ ਦੇ ਬੜੇ ਮੈਲੇ ਹੋ ॥

(ਮਤਵਾਲੇ). ਤੁਸਾਂ ਨੇ ਕੀਕਨ ਜਾਨਿਆ ?

(ਜਿਗਿਆਸੂ) ਤੁਹਾਡੇ ਚਾਲ ਚਲਨ ਵਿਹਾਰ ਥੀਂ ॥

(ਮਤਵਾਲੇ) ਮਹਾਤਮਾ ਦਾ ਵਿਹਾਰ ਹਾਥੀ ਦੇ ਦੰਦਾਂ ਦੇ ਵਾਂਗਰ ਹੁੰਦਾ ਹੈ ਜੀਕਨ ਹਾਥੀ ਦੇ ਦੰਦ ਖਾਨਦੇ ਵੱਖਰੇ ਅਰ ਵਿਖਾਨ ਦੇ ਵਖਰੇ ਹੁੰਦੇ ਹਨਾਂ ਉਕਨ ਹੀ ਅੰਦਰ ਥੀਂ ਅਸੀਂ ਪਵਿਤ੍ਰ ਹਾਂ ਅਰ ਬਾਹਰ ਥੀਂ ਲੀਲਾਮਾਤ੍ਰ ਕਰਦੇ ਹਾਂ ॥

(ਜਿਗਿਆਸੂ) ਜੋ ਤੁਸੀਂ ਅੰਦਰ ਥੀਂ ਪਵਿਤ੍ਰ ਹੁੰਦੇ ਤਾਂ ਤੁਹਾਡੇ ਬਾਹਰ ਦੇ ਕੰਮ ਭੀ ਪਵਿਤ੍ਰ ਹੁੰਦੇ, ਏਸ ਲਈ ਅੰਦਰੋਂ ਭੀ ਮੈਲੇ ਹੋ ॥

(ਮਤਵਾਲੇ)ਅਸੀਂ ਚਾਹੇ ਜੀਕਨ ਹੋਵੀਏ ਪਰੰਤੂ ਸਾਡੇ ਚੇਲੇ ਤਾਂ ਅੱਛੇ ਹਨ॥

(ਜਿਗਿਆਸੂ) ਜੀਕਨ ਤੁਸੀਂ ਗੁਰੂ ਹੋ ਊਕਨ ਤੁਹਾਡੇ ਚੇਲੇ ਭੀ ਹੋਨਗੇ॥

(ਮਤਵਾਲੇ) ਇਕ ਮਤ ਕਦੀ ਨਹੀਂ ਹੋ ਸਕਦਾ ਕਿਉਂਕਿ ਮਨੁਸ਼ ਦੇ ਗੁਣ, ਕਰਮ, ਸੁਭ ਵ ਵਖਰੇ ਹਨ ।

(ਜਿਗਿਆਸੂ) ਜੇ ਬਾਲ ਅਵਸਥਾ ਵਿਚ ਇਕੋ ਜੇਹੀ ਸ਼ਿਖਛਾ ਹੋਵੇ, ਸੱਚ ਬੋਲਨਾ ਆਦੀ ਧਰਮ ਦਾ ਗ੍ਰਹਣ, ਅਰ ਮਿਥਿਆ ਭਾਸ਼ਣ ਆਦੀ ਅਧਰਮ ਦਾ ਤਿਆਗ ਕਰਨ ਤਾਂ ਇਕ ਮਤ ਜ਼ਰੂਰ ਹੋਜਾਏ, ਅਰ ਦੋ ਮਤ ਅਰਥਾਤ ਧਰਮਾਤਮਾ, ਅਰ ਅਧਰਮਾਤਮਾ ਸਦਾ ਰਹਿੰਦੇ ਹਨ ਓਹ ਤਾਂ ਰਹਨ ਪਰੰਤੂ ਧਰਮਾਤਮਾ ਅਧਿਕ ਹੋਨੇ ਅਰ ਅਧਰਮੀ ਘਟ ਹੋਨੇ ਥੀਂ ਸੰਸਾਰ ਵਿਚ ਸੁਖ ਵਧਦਾ ਹੈ, ਅਰ ਜਦ ਅਧਰਮੀ ਬਹੁਤ ਹੁੰਦੇ ਹਨ ਤਦ ਦੁੱਖ, ਜਦ ਸਾਰੇ ਵਿਦਵਾਨ ਇੱਕੋ ਜੇਹਾ ਉਪਦੇਸ਼ ਕਰਨ ਤਾਂ ਇਕ ਮਤ ਹੋਨ ਵਿਚ ਕੁਝ ਭੀ ਦੇਰ ਨਾ ਹੋਵੇ।

(ਮਤਵਾਲੇ) ਅਜ ਕਲ ਕਲਯੁਗ ਹੈ ਸਤਯੁਗ ਦੀ ਬਾਤ ਨਾ ਚਾਹੋ ।

(ਜਿਗਿਆਸੂ)ਕਲਜੁਗ ਨਾਮ ਸਮੇਂ ਦਾ ਹੈ,ਸਮਾ ਕ੍ਰਿਆ ਰਹਿਤ ਹੋਨ ਥੀਂ ਕੁਝ ਧਰਮ, ਅਧਰਮ ਦੇ ਕਰਨ ਵਿਚ ਸਿੱਧ ਕਰਨ ਵਾਲਾ, ਹਟਾਨ ਵਾਲਾ ਨਹੀਂ,ਕਿੰਤੂ ਤੁਸੀਂ ਹੀ ਕਲਯੁਗ ਦੀਆਂ ਮੂਰਤੀਆਂ ਬਨ ਰਹੇਹੋ, ਜੋ ਮਨੁਸ਼ ਹੀ ਸਤਯੁਗ ਕਲਯੁਗ ਨਾ ਹੋਨ ਤਾਂ ਕੋਈ ਭੀ ਸੰਸਾਰ ਵਿਚ ਧਰਮਾਤਮਾ ਨਹੀਂ ਹੁੰਦਾ, ਏਹ ਸਾਰੇ ਸੰਗ ਦੇ ਗੁਣ ਦੋਸ਼ ਹਨ ਸੁਭਾਵਿਕ ਨਹੀਂ । ਇੱਨਾ ਕਹਕੇ ਸਚਿਆਰ ਦੇ ਪਾਸ ਗਿਆ ਉਨਾਂ ਨੂੰ ਕਹਿਆ ਕਿ ਮਹਾਰਾਜ! ਤੁਸਾਂ ਨੇ ਮੇਰਾ ਉੱਧਾਰ ਕੀਤਾ ਨਹੀਂ ਤਾਂ ਮੈਂ ਭੀ ਕਿਸੇ ਦੇ ਜਾਲ ਵਿਚ ਫਸਕੇ ਨਸ਼ਟ ਭ੍ਰਸ਼ਟ ਹੋ ਜਾਂਦਾ, ਹੁਨ ਮੈਂ ਇਨਾਂ ਪਾਖੰਡੀਆਂ ਦਾ ਖੰਡਨ ਅਰ ਵੇਦੋਕਤ ਸੱਚ ਮਤ ਦਾ ਮੰਡਨ ਕੀਤਾ ਕਰਾਂਗਾ॥

(ਸਚਿਆਰ) ਇਹੀ ਸਾਰੇ ਮਨੁੱਸ਼ਾਂ ਦਾ, ਵਿਸ਼ੇਸ਼ ਵਿਦਵਾਨਾਂ ਅਰ ਸੰਨਿਆਸੀਆਂ ਦਾ ਕੰਮ ਹੈ ਕਿ ਸਭ ਮਨੁੱਸ਼ਾਂ ਨੂੰ ਸਤਦਾ ਮੰਡਨ, ਅਰ ਅਸਤ ਦਾ ਖੰਡਨ, ਪੜ੍ਹਾ ਸੁਨਾਕੇ ਸਚੇ ਉਪਦੇਸ਼ ਥੀਂ ਉਪਕਾਰ ਪਹੁੰਚਾਨਾ ਚਾਹੀਏ ॥

(ਪ੍ਰਸ਼ਨ) ਜੋ ਬ੍ਰਹਮਚਾਰੀ, ਸੰਨਿਆਸੀ ਹਨ ਓਹ ਤਾਂ ਠੀਕ ਹਨ ?

(ਉੱਤਰ) ਏਹ ਆਸ਼੍ਰਮ ਤਾਂ ਠੀਕ ਹਨ ਪਰੰਤੂ ਅਜ ਕਲ੍ਹ ਇਨ੍ਹਾਂ ਵਿਚ ਭੀ ਗੜਬੜ ਹੈ, ਕਿੱਨੇ ਹੀ ਨਾਮ ਬ੍ਰਹਮਚਾਰੀ ਰੱਖਦੇ ਹਨ, ਅਰ ਝੂਠ ਮੂਠ ਜਟਾ ਵਧਾਕੇ ਸਿੱਧਤਾਈ ਕਰਦੇ ਅਰ ਜਪ, ਪੁਰੁਸ਼ਚਰਣ ਆਦੀ ਵਿਚ ਫਸੇ ਰਹਿੰਦੇ ਹਨ, ਵਿਦਿਆ ਪੜ੍ਹਨ ਦਾ ਨਾਮ ਨਹੀਂ ਲੈਂਦੇ ਕਿ ਜਿਸ ਕਾਰਣ ਭੀ ਬ੍ਰਹਮਚਾਰੀ ਨਾਮ ਹੁੰਦਾ ਹੈ ਉਸ ਬ੍ਰਹਮਚਾਰੀ ਅਰਥਾਤ ਵੇਦ ਪੜ੍ਹਨ ਵਿਚ ਯਤਨ ਕੁਝ ਭੀ ਨਹੀਂ ਕਰਦੇ, ਓਹ ਬ੍ਰਹਮਚਾਰੀ ਬਕਰੀ ਦੇ ਗਲਦੇ ਥਨਾਂਦੇ ਵਾਙਣ ਨਿਕੰਮੇ ਹਨ। ਅਰ ਜੋ ਓਹੋ ਜੇਹੇ ਸੰਨਿਆਸੀ ਵਿਦਿਆ ਰਹਿਤ, ਦੰਭ

कमंडल लैके भिखछा मात्र करदे फिरदे हन जो कुझ भी वेद मारग दी उॅनती नहीं करदे, छोटी उमर विच सैंनिआस लैके फिरिआ करदे हन, अर विदिआ अभिआस नूं छड दिंदे हन, अजेहे ब्रहमचारी अर सैंनिआनी इॅधर उॅधर जल थल पॅथर आदी मूरतीआं दा दरशन, पूजन करदे फिरदे, विदिआ जानके भी चुप हो रहिंदे हन, इकांत जगह विच जेहड़ा अॅछा लॅगे खा पीके सुॅते पए रहिंदे हन, अर ईरशा देश विच फसके निंदिआ, कुचेशटा करके निरबाह करदे, भगवे वसत्र अर दंड लैन मात्र थीं अपने नूं क्रित क्रित समझदे, अर सारिआं नालों उॅचा जानके उॅतम कैम नहीं करदे, अजेहे सैंनिआसी भी जगत विच निकैमे रहिंदे हन । अर जो सब जगत दा भला साधदे हन ओह ठीक हन ॥

(प्रशन) गिरी, पुरी भारती आदी गुसाईं लोग तां अॅछे हन? किउंकि मंडली बनुके इदे उदे फिरदे हन, सैंकड़े साधां नूं आनंद करांदे हन अर सब जगह अदैत मत दा उपदेश करदे हन, अर कुझ कुझ पड़दे पड़ांदे भी हन एस लई ओह अॅछे होनगे ॥

(उॅतर) एह सब दस नाम पिछों थीं कलपना कीते हन सनातन नहीं, उनूं दीआं मंडलीआं निवीआं खान वासते हन, बहुत सारे साध भोजन दे ही वासते मंडलीआं विच रहिंदे हन, दंभी भी हन किउंकि इक नूं महंत बनाके सैंथिआ वेले इक महंत जेहड़ा कि उनां विच प्रधान हुंदा है ओह गॅदी उपर बैठ जांदा है सारे ब्राहमण अर साधू खलोके हॅथां विच फुल लैके :—

नारायणं पदमभवंवसिशठं शकतिं च तत्पुत्र पराशरं च । वयासं शुकं रौंड़पदं महांतम ॥

इतिआदी शलोक पड़के हर हर बोल उनां दे उपर फुॅल वसाके साशटांग नमसकार करदे हन, जो कोई अजेहा ना करे उसनूं उॅथे रहना भी औखा है, एह दंभ सैंसार दे दिखान दे लई करदे हन, जिसथीं जगत विच प्रतिशठा होके माल मिले । किॅने ही मठधारी गिहसथी होके भी सैंनिआस दा अभिमान मात्र करदे हन, करम कुझ नहीं, सैंनिआस दा ओही करम है जो पंजवें समुॅलास विच लिख आए हां, उसनूं ना करके विअरथ समां गुआंदे हन, जॅ कोई अॅछा उपदेश करे उसदे भी विरोधी हुंदे हन

ਬਹੁਤ ਕਰਕੇ ਏਹ ਲੋਗ ਭਸਮ, ਰੁਦ੍ਰਾਖਛ ਧਾਰਣ ਕਰਦੇ ਅਰ ਕੋਈ ਨੋਈ ਸ਼ੈਵ ਸੰਪ੍ਰਦਾਯ ਦਾ ਅਭਿਮਾਨ ਰਖਦੇ ਹਨ, ਅਰ ਜਦ ਕਦੀ ਸ਼ਾਸਤ੍ਰਾਰਥ ਕਰਦੇ ਹਨ ਤਾਂ ਅਪਨੇ ਮਤ ਅਰਥਾਤ ਸ਼ੰਕ੍ਰਾਚਾਰਯ ਦੇ ਕਹੇ ਹੋਏ ਦਾ ਸਥਾਪਨ, ਅਰ ਚਕ੍ਰਾਂਕਿਤ ਆਦੀ ਦੇ ਖੰਡਨ ਵਿਚ ਪ੍ਰਵ੍ਰਿੱਤ ਰਹਿੰਦੇ ਹਨ ਵੇਦਮਾਰਗ ਦੀ ਉੱਨਤੀ, ਅਰ ਜਿੱਨੇ ਪਾਖੰਡ ਮਾਰਗ ਹਨ ਉੱਨੇਆਂ ਦੇ ਖੰਡਨ ਵਿਚ ਪ੍ਰਵ੍ਰਿੱਤ ਨਹੀਂ ਹੁੰਦੇ। ਏਹ ਸੰਨਿਆਸੀ ਲੋਗ ਈਕਨ ਸਮਝਦੇ ਹਨ ਕਿ ਸਾਨੂੰ ਖੰਡਨ ਮੰਡਨ ਥੀਂ ਕੀ ਮਤਲਬ, ਅਸੀਂ ਤਾਂ ਮਹਾਤਮਾ ਹਾਂ ਅਜੇਹੇ ਲੋਗ ਭੀ ਸੰਸਾਰ ਵਿਚ ਭਾਰ ਰੂਪ ਹਨ। ਜਦ ਅਜੇਹੇ ਹਨ ਤਦੇ ਤਾਂ ਵੇਦਮਾਰਗ ਵਿਰੋਧੀ ਵਾਮਮਾਰਗ ਆਦੀ ਸੰਪ੍ਰਦਾਈ, ਈਸਾਈ, ਮੁਸਲਮਾਨ, ਜੈਨੀ ਆਦੀ ਵਧ ਗਏ ਹੁਨ ਭੀ ਵਧਦੇ ਜਾਂਦੇ ਹਨ, ਅਰ ਇਨਾਂ ਦਾ ਨਾਸ਼ ਹੁੰਦਾ ਜਾਂਦਾ ਹੈ ਤਾਂ ਭੀ ਇਨਾਂ ਦੀ ਅੱਖ ਨਹੀਂ ਖੁਲਦੀ ਖੁਲੇ ਕਿੱਥੋਂ ਜੋ ਕੁਝ ਉਨਾਂ ਦੇ ਮਨ ਵਿਚ ਪਰਉਪਕਾਰ ਬੁੱਧੀ ਅਰ ਕਰਨ ਯੋਗ ਕਰਮ ਕਰਨ ਵਿਚ ਉਤਸਾਹ ਹੋਵੇ, ਕਿੰਤੂ ਏਹ ਲੋਗ ਅਪਨੀ ਪ੍ਰਤਿਸ਼ਠਾ ਖਾਨ ਪੀਨ ਦੇ ਬਿਨਾ ਹੋਰ ਵਧੀਕ ਕੁਝ ਕ੍ਰੀ ਨਹੀਂ ਸਮਝਦੇ, ਅਰ ਸੰਸਾਰ ਦੀ ਨਿੰਦਿਆ ਥੀਂ ਬਹੁਤ ਡਰਦੇ ਹਨ, ਫੇਰ (ਲੋਕੈਸ਼ਣਾ) ਲੋਕ ਵਿਚ ਪ੍ਰਤਿਸ਼ਠਾ (ਵਿਤ੍ਤੈਸ਼ਣਾ) ਧਨ ਵਧਾਨ ਵਿਚ ਤਤਪਰ ਹੋਕੇ ਵਿਸ਼ਯ ਭੋਗ (ਪੁਤ੍ਰੈਸ਼ਣਾ) ਪੁਤ੍ਰ ਵਾਛਣ ਸਿਖਾਂ ਉਪਰ ਮੋਹਿਤ ਹੋਨਾ ਇਨਾਂ ਤਿੰਨਾਂਈਸ਼ਣਾ ਦਾ ਤ੍ਯਾਗ ਕਰਨਾ ਯੋਗ ਹੈ, ਜਦ ਈਸ਼ਣਾ ਹੀ ਨਹੀਂ ਛੁੱਟੀ ਫੇਰ ਸੰਨਿਆਸ ਕਿਸਤਰਾਂ ਹੋ ਸਕਦਾ ਹੈ ਅਰਥਾਤ ਪਖਛਪਾਤ ਰਹਿਤ ਵੇਦਮਾਰਗ ਦੇ ਉਪਦੇਸ਼ ਥੀ ਜਗਤ ਦੇ ਕਲਿਆਣ ਕਰਨ ਵਿਚ ਦਿਨ ਰਾਤ ਪ੍ਰਵ੍ਰਿੱਤ ਰਹਿਨਾ ਸੰਨਿਆਸੀਆਂ ਦਾ ਮੁੱਖ ਕੰਮ ਹੈ, ਜਦ ਅਪਨੇ ਅਪਨੇ ਅਧਿਕਾਰਕਰਮਾਂ ਨੂੰ ਨਹੀਂ ਕਰਦੇ ਫੇਰ ਸੰਨਿਆਸ ਆਦੀ ਨਾਮ ਧਰਨਾ ਵ੍ਰਿਅਰਥ ਹੈ,ਨਹੀਂ ਤਾਂ ਜੀਕਨ ਗ੍ਰਿਹਸਥੀ ਵਿਹਾਰ ਅਰ ਅਪਨੇ ਸ੍ਵਾਰਥ ਵਿਚ ਪ੍ਰਯਤਨ ਕਰਦੇ ਹਨ ਉਨਾਂ ਨਾਲੋਂ ਵਧੀਕ ਪ੍ਰਯਤਨ ਪਰਉਪਕ੍ਰਾਰ ਕਰਨੇ ਵਿਚ ਸੰਨਿਆਸੀ ਭੀ ਤਤਪਰ ਰਹਿਨ, ਤਦੇ ਸਭ ਆਸ਼੍ਰਮ ਉੱਨਤੀ ਉੱਤੇ ਰਹਿਨ। ਦੇਖੋ ! ਤੁਹਾਡੇ ਸਾਮਨੇ ਪਾਖੰਡ ਮਤ ਵਧਦੇ ਜਾਂਦੇ ਹਨ, ਈਸਾਈ, ਮੁਸਲਮਾਨ ਤਕ ਹੁੰਦੇ ਜਾਂਦੇ ਹਨ, ਥੋੜਾ ਜਿਹਾ ਭੀ ਤੁਹਾਡੇ ਪਾਸੋਂ ਅਪਨੇ ਘਰ ਦੀ ਰਖਛਾ ਅਰ ਦੂਜਿਆਂ ਨੂੰ ਮਿਲਾਨਾ ਨਹੀਂ ਬਨ ਸਕਦਾ, ਬਨੇ ਤਾਂ ਤਦ ਜਦ ਤੁਸੀਂ ਕਰਨਾ ਚਾਹੋ। ਜਦ ਤਕ ਵਰਤਮਾਨ ਅਰ ਭਵਿਸ਼ਯਤ ਵਿਚ ਫਾਧਾ ਕਰਨ ਦਾ ਸੁਭਾਵ ਰਖਨ ਵਾਲੇ ਨਹੀਂ ਹੁੰਦੇ, ਤਦ ਤਕ ਆਰਯਾਵਰਤ ਅਰ ਹੋਰ ਦੇਸ਼ ਵਿਚ ਰਹਿਨ ਵਾਲਿਆਂ ਮਨੁੱਸ਼ਾਂ ਦੀ ਬ੍ਰਿੱਧੀ ਨਹੀਂ ਹੁੰਦੀ, ਜਦ ਬ੍ਰਿੱਧੀ ਦੇ ਕਾਰਣ ਵੇਦ ਆਦੀ ਸੱਤਸ਼ਾਸਤ੍ਰਾਂ ਦਾ ਪਠਨ, ਪਠਾਨ, ਬ੍ਰਹਮਚਰਯ ਆਦੀ ਆਸ਼੍ਰਮਾਂ ਦੇ ਜੇਹੇ ਚਾਹੀਏ ਅਨੁਸ਼ਠਾਨ ਸੱਚ ਉਪਦੇਸ਼ ਹੁੰਦੇ ਹਨ ਤਦੇ ਦੇਸ਼ਉੱਨਤੀ ਹੁੰਦੀ ਹੈ, ਯਾਦ ਰੱਖੋ ! ਬਹੁਤ ਸਾਰੀਆਂ

ਪਾਖੰਡ ਦੀਆਂ ਗੱਲਾਂ ਤੁਹਾਨੂੰ ਸਚਸੁਚ ਦਿਸਦੀਆਂ ਹਨ, ਜੀਕਨ ਕੋਈ ਸਾਧੂ ਦੁਕਾਨਦਾਰ ਪੁਤ੍ਰ ਆਦੀ ਦੇਨੇ ਦੀਆਂ ਸਿੱਧੀਆਂ ਦਸਦਾ ਹੈ ਤਦ ਉਸਦੇ ਪਾਸ ਬਹੁਤ ਇਸਤ੍ਰੀਆਂ ਜਾਂਦੀਆਂ ਹਨ, ਅਰ ਹੱਥ ਜੋੜਕੇ ਪੁਤ੍ਰ ਮੰਗਦੀਆਂ ਹਨ, ਬਾਬਾ ਜੀ ਸਾਰਿਆਂ ਨੂੰ ਪੁਤ੍ਰ ਹੋਨੇ ਦਾ ਆਸ਼ੀਰਵਾਦ ਦਿੰਦਾ ਹੈ, ਉਨਾਂ ਵਿਚੋਂ ਜਿਸ ਜਿਸ ਨੂੰ ਪੁਤ੍ਰ ਹੁੰਦਾ ਹੈ ਓਹ ਓਹ ਸਮਝਦੀ ਹੈ ਕਿ ਬਾਬਾ ਜੀ ਦੇ ਵਚਨ ਥੀਂ ਹੋਇਆ,, ਜਦ ਉਸਥੀਂ ਕੋਈ ਪੁਛੇ ਕਿ ਸੂਰਨੀ, ਕੁਤੀ, ਖੋਤੀ ਅਰ ਕੁਕੜੀ ਆਦੀ ਦੇ ਕੱਚੇ ਬੱਚੇ ਕਿਸ ਬਾਬਾ ਜੀ ਦੇ ਵਚਨ ਥੀਂ ਹੁੰਦੇ ਹਨ ਤਦ ਕੁਝ ਭੀ ਉਤਰ ਨਾ ਦੇ ਸਕੇਗੀ।ਜੋ ਕੋਈ ਕਹੇ ਕਿ ਮੈਂ ਮੁੰਡੇ ਨੂੰ ਜੀਉਂਦਾ ਰਖ ਸਕਦਾ ਹਾਂ ਤਾਂ ਆਪਹੀ ਕਿਉਂ ਮਰ ਜਾਂਦਾ ਹੈ ? ਕਿੱਨੇ ਹੀ ਧੂਰਤ ਲੋਗ ਅਜੇਹੀ ਮਾਇਆ ਰਚਦੇ ਹਨ ਕਿ ਵਡੇ ਵਡੇ ਬੁਧਵਾਨ ਭੀ ਧੋਖਾ ਖਾ ਜਾਂਦੇ ਹਨ,ਜੀਕਨ ਧਨਸਾਰੀ ਦੇ ਠਗ,ਏਹ ਲੋਗ ਪੰਜ ਸਤ ਮਿਲਕੇ ਦੂਰ ਦੂਰ ਦੇਸ਼ ਵਿਚ ਜਾਂਦੇ ਹਨ, ਜੇਹੜਾ ਸ਼ਰੀਰ ਕਰਕੇ ਡੌਲ ਡਾਲ ਵਿਚ ਅੱਛਾ ਹੁੰਦਾ ਹੈ ਉਸ ਨੂੰ ਸਿਧ ਬਨਾ ਲੈਂਦੇ ਹਨ, ਜਿਸ ਨਗਰ ਵਾ ਪਿੰਡ ਵਿਚ ਧਨਵਾਨ ਹੁੰਦੇ ਹਨ ਉਸਦੇ ਪਾਸ ਜੰਗਲ ਵਿਚ ਉਸ ਸਿੱਧ ਨੂੰ ਥਿਠਾਂਦੇ ਹਨ, ਉਸਦੇ ਸਾਧਕ ਨਗਰ ਵਿਚ ਜਾਕੇ ਅਜਾਨ ਬਨਕੇ ਜਿਸ ਕਿਸੇ ਨੂੰ ਪੁਛਦੇ ਹਨ ਕਿ ਤੁਸਾਂਨੇ ਅਜੇਹੇ ਮਹਾਤਮਾ ਨੂੰ ਇੱਥੇ ਕਿਦੇ ਦੇਖਿਆ ਵਾ ਨਹੀਂ ? ਓਹ ਅਜੇਹਾ ਸੁਨਕੇ ਪੁਛਦੇ ਹਨ ਕਿ ਓਹ ਮਹਾਤਮਾ ਕੌਨ ਅਰ ਕੇਹਾ ਹੈ ? ਸਾਧਕ ਕਹਿੰਦਾ ਹੈ ਬੜਾ ਸਿੱਧ ਪੁਰੁਸ਼ ਹੈ, ਮਨਦੀਆਂ ਗੱਲਾਂ ਦਸ ਦਿੰਦਾ ਹੈ, ਜੋ ਮੂੰਹ ਥੀਂ ਕਹਿੰਦਾ ਹੈ ਓਹ ਹੋ ਜਾਂਦਾ ਹੈ, ਵਡਾ ਯੋਗੀਰਾਜ ਹੈ, ਉਸਦੇ ਦਰਸ਼ਨ ਦੇ ਲਈ ਅਸੀਂ ਅਪਨੇ ਘਰ ਬਾਹਰ ਛਡਕੇ ਦੇਖਦੇ ਫਿਰਦੇ ਹਾਂ, ਨੇਂ ਕਿਸੇ ਥੀਂ ਸੁਨਿਆ ਸੀ ਕਿ ਓਹ ਮਹਾਤਮਾ ਏਸ ਤਰਫ ਆਏ ਹਨ, ਗ੍ਰਿਹਸਥੀ ਕਹਿੰਦਾ ਹੈ ਜਦ ਓਹ ਮਹਾਤਮਾ ਤੁਹਾਨੂੰ ਮਿਲਨ ਤਾਂ ਸਾਨੂੰ ਭੀ ਕਹਿਨਾ ਦਰਸ਼ਨ ਕਰਾਂਗੇ ਅਰ ਮਨਦੀਆਂ ਗੱਲਾਂ ਪੁਛਾਂਗੇ ਇਸੇ ਤਰਾਂ ਦਿਨ ਭਰ ਨਗਰ ਵਿਚ ਫਿਰਦੇ ਅਰ ਇਕ ਇਕ ਨੂੰ ਉਸਦੀ ਬਾਤ ਕਹਕੇ ਰਾਤ ਨੂੰ ਅਕੱਠੇ ਸਿੱਧ ਸਾਧਕ ਹੋਕੇ ਖਾਂਦੇ ਪੀਂਦੇ ਅਰ ਸੌਂ ਰਹਿੰਦੇ ਹਨ, ਫਿਰ ਭੀ ਪ੍ਰਭਾਤ ਵੇਲੇ ਨਗਰ ਵਾ ਪਿੰਡ ਵਿਚ ਜਾਕੇ ਉਸੇ ਤਰਾਂ ਦੋ ਤਿੰਨ ਦਿਨ ਰਹਕੇ ਫਿਰ ਚਾਰੇ ਸਾਧਕ ਕਿਸੇ ਇਕ ਧਨਾਢਨ ਨੂੰ ਕਹਿੰਦੇ ਹਨ ਕਿ ਓਹ ਮਹਾਤਮਾ ਮਿਲ ਗਏ, ਤੁਹਾਨੂੰ ਦਰਸ਼ਨ ਕਰਨਾ ਹੋਵੇ ਤਾਂ ਚੱਲੋ, ਓਹ ਜਦ ਤਿਆਰ ਹੁੰਦੇ ਹਨ ਤਦ ਸਾਧਕ ਉਨਾਂ ਪਾਸੋਂ ਪੁੱਛਦੇ ਹਨ ਕਿ ਤੁਸੀਂ ਕੀ ਬਾਤ ਪੁਛਨੀ ਚਾਹੁੰਦੇ ਹੋ ਸਾਨੂੰ ਦਸੋ ? ਕੋਈ ਪੁਤ੍ਰ ਦੀ ਇਛਾ ਕਰਦਾ, ਕੋਈ ਧਨਦੀ, ਕੋਈ ਬਿਮਾਰੀ ਦੂਰ ਕਰਨ, ਅਰ ਕੋਈ ਦੁਸ਼ਮਨ ਦੇ ਜਿਤਨੇ ਦੀ, ਉਨਾਂ ਨੂੰ ਓਹ ਸਾਧਕ ਲੈ ਜਾਂਦੇ ਹਨ, ਸਿੱਧ ਸਾਧਕਾਂ ਨੇ ਜੇਹਾ ਨਿਯਮ ਕੀਤਾ ਹੁੰਦਾ ਹੈ ਅਰਥਾਤ ਜਿਸ ਨੂੰ ਧਨ ਦੀ ਇੱਛਾ ਹੋਵੇ ਉਸ ਨੂੰ ਸਜੇ ਪਾਸੇ, ਅਰ

ਜਿਸ ਨੂੰ ਪੁਤ੍ਰ ਦੀ ਇੱਛਾ ਹੋਵੇ ਉਸ ਨੂੰ ਸਨਮੁਖ, ਜਿਸਨੂੰ ਰੋਗ ਦੂਰ ਕਰਨੇ ਦੀ ਇੱਛਾ ਹੋਵੇ ਉਸ ਨੂੰ ਖਬੀ ਤਰਫ, ਅਰ ਜਿਸਨੂੰ ਦੁਸ਼ਮਨ ਜਿਤਨੇ ਦੀ ਇੱਛਾ ਹੋਵੇ ਉਸਨੂੰ ਪਿਛੋਂ ਥੀਂ ਲੈ ਜਾਕੇ ਸਾਮਨੇ ਵਾਲਿਆਂ ਦੇ ਵਿਚਕਾਰ ਬਠਾ ਲੈਂਦੇ ਹਨ, ਜਦ ਨਮਸਕਾਰ ਕਰਦੇ ਹਨ ਉਸੇ ਵੇਲੇ ਓਹ ਅਪਨੀ ਸਿੱਧਤਾਈ ਦੇ ਉਬਾਲ ਵਿਚ ਉੱਚੇ ਆਵਾਜ਼ ਨਾਲ ਬੋਲਦਾ ਹੈ "ਕੀ ਇੱਥੇ ਸਾਡੇ ਪਾਸ ਪੁਤ੍ਰ ਰੱਖੇ ਹਨ ਜੋ ਤੂੰ ਪੁਤ੍ਰ ਦੀ ਇੱਛਾ ਕਰਕੇ ਆਇਆ ਹੈਂ, ਇਸੇ ਪ੍ਰਕਾਰ ਧਨ ਦੀ ਇਛਿਆ ਵਾਲੇ ਨੂੰ, ਕੀ ਇੱਥੇ ਥੈਲੀਆਂ ਰਖੀਆਂ ਹਨ ਜੋ ਧਨ ਦੀ ਇਛਿਆ ਕਰਕੇ ਆਇਆ, ਫਕੀਰਾਂ ਦੇ ਪਾਸ ਧਨ ਕਿੱਥੇ ਧਰਿਆ ਹੈ, ਰੋਗ ਵਾਲੇ ਨੂੰ ਕੀ ਅਸੀਂ ਹਕੀਮ ਹਾਂ ਜੋ ਤੂੰ ਰੋਗ ਦੂਰ ਕਰਨੇ ਦੀ ਇਛਿਆ ਕਰ ਆਇਆ, ਅਸੀਂ ਵੈਦ ਹਾਂ ਜੋ ਤੇਰਾ ਰੋਗ ਦੂਰ ਕਰੀਏ ਜਾਹ ਕਿਸੇ ਵੈਦ ਦੇ ਪਾਸ" ਪਰੰਤੂ ਜਦ ਉਸਦਾ ਪਿਤਾ ਬਿਮਾਰ ਹੋਵੇ ਤਾਂ ਉਸਦਾ ਸਾਧਕ ਅੰਗੂਠਾ, ਜੋ ਮਾਤਾ ਰੋਗੀ ਹੋਵੇ ਤਾਂ ਤਰਜਨੀ, ਜੋ ਭਰਾ ਰੋਗੀ ਹੋਵੇ ਤਾਂ ਮੱਧਮਾ, ਜੇ ਇਸਤ੍ਰੀ ਰੋਗੀ ਹੋਵੇ ਤਾਂ ਅਨਾਮਿਕਾ, ਜੇ ਕੰਨਿਆਂ ਰੋਗੀ ਹੋਵੇ ਤਾਂ ਚੀਚੀ ਉਂਗਲੀ ਦਿਖਾ ਦਿੰਦਾ ਹੈ। ਉਸ ਨੂੰ ਦੇਖ ਓਹ ਸਿੱਧ ਕਹਿੰਦਾ ਹੈ ਕਿ ਤੇਰਾ ਪਿਤਾ ਬਿਮਾਰ ਹੈ,ਤੇਰੀ ਮਾਤਾ ਤੇਰਾ ਭਰਾ, ਤੇਰੀ ਇਸਤ੍ਰੀ ਅਰ ਤੇਰੀ ਕੰਨਿਆ ਰੋਗੀ ਹੈ, ਤਦ ਤਾਂ ਓਹ ਚਾਰੇ ਦੇ ਚਾਰੇ ਵਡੇ ਮੋਹਤ ਹੋ ਜਾਂਦੇ ਹਨ, ਸਾਧਕ ਲੋਗ ਉਨਾਂ ਨੂੰ ਕਹਿੰਦੇ ਹਨ ਦੇਖੇ ਜੀਕਨ ਅਸਾਂ ਨੇ ਕਹਿਆ ਸੀ ਊਕਨ ਹੀ ਹਨ ਵਾ ਨਹੀਂ ? ਗ੍ਰਿਹਸਥੀ ਕਹਿੰਦੇ ਹਨ ਹਾਂ ਜੀਕਨ ਤੁਸਾਂ ਨੇ ਕਿਹਾ ਸੀ ਊਕਨ ਹੀ ਹਨ, ਤੁਸਾਂ ਨੇ ਸਾਡਾ ਵਡਾ ਉਪਕਾਰ ਕੀਤਾ, ਅਰ ਸਾਡਾ ਭੀ ਵਡਾ ਭਾਗ ਜਾਗਿਆ ਸੀ ਜੋ ਅਜੇਹੇ ਮਹਾਤਮਾ ਮਿਲੇ ਜਿਨਾਂ ਦੇ ਦਰਸ਼ਨ ਕਰਕੇ ਅਸੀਂ ਨਿਹਾਲ ਹੋਏ, ਸਾਧਕ ਕਹਿੰਦਾ ਹੈ ਸੁਨੋ ਭਰਾਵੋ ! ਏਹ ਮਹਾਤਮਾ ਮਨਦੀ ਮਰਜੀ ਵਾਲੇ ਹਨ ਇੱਥੇ ਬਹੁਤ ਦਿਨ ਰਹਿਨ ਵਾਲੇ ਨਹੀਂ, ਜੇਕਰ ਕੁਝ ਇਨਾਂ ਦਾ ਆਸ਼ੀਰਬਾਦ ਲੈਨਾ ਹੋਵੇ ਤਾਂ ਅਪਨੇ ਅਪਨੇ ਕਦਰ ਦੇ ਅਨੁਸਾਰ ਇਨਾਂ ਦੀ ਤਨ, ਮਨ, ਧਨ ਥੀਂ ਸੇਵਾ ਕਰੋ, ਕਿਉਂਕਿ "ਸੇਵਾ ਥੀਂ ਮੇਵਾ ਮਿਲਦਾ ਹੈ" ਜੋ ਕਿਸੇ ਉਪਰ ਪ੍ਰਸੰਨ ਹੋ ਗਏ ਤਾਂ ਜਾਨੇ ਕੀ ਵਰ ਦਿੰਦੇ ਹਨ "ਸੰਤ ਦੀ ਗਤੀ ਅਪਾਰ ਹੈ" ਗ੍ਰਿਹਸਥੀ ਅਜੇਹੀ ਲੱਲੋ ਪੱਤੋ ਦੀਆਂ ਗੱਲਾਂ ਸੁਨਕੇ ਬੜੀ ਪ੍ਰਸੰਨਤਾ ਨਾਲ ਉਨ੍ਹਾਂ ਦੀ ਉਸਤਤੀ ਕਰਦੇ ਹੋਏ ਘਰ ਦੀ ਤਰਫ ਜਾਂਦੇ ਹਨ, ਸਾਧਕ ਭੀ ਉਨਾਂ ਦੇ ਸੰਗ ਹੀ ਚਲੇ ਜਾਂਦੇ ਹਨ. ਕਿਉਂਕਿ ਕੋਈ ਉਨਾਂ ਦਾ ਪਾਖੰਡ ਖੋਲ ਨਾ ਦੇਵੇ, ਉਨਾਂ ਧਨਵਾਨਾਂ ਦਾ ਜੋ ਕੋਈ ਮਿਤ੍ਰ ਮਿਲਿਆ ਉਸ ਨਾਲ ਉਸਤਤੀ ਕਰਦੇ ਹਨ, ਇਸੇ ਤਰਾਂ ਜੋ ਜੋ ਸਾਧਕਾਂ ਦੇ ਸੰਗ ਜਾਂਦੇ ਹਨ ਉਨਾਂ ਉਨਾਂ ਦਾ ਹਾਲ ਸਾਰਾ ਕਹ ਦਿੰਦੇ ਹਨ। ਜਦ ਸ਼ੈਹਰ ਵਿਚ ਹੱਲਾ ਮਚਦਾ ਹੈ ਕਿ ਫਲਾਨੀ ਜਗਹ ਇਕ ਵਡੇ ਭਾਰੇ ਸਿੱਧ ਆਏ ਹਨ ਚੱਲੋ ਉਨ੍ਹਾਂ ਦੇ ਪਾਸ। ਜਦ ਮੇਲਾ ਦਾ

मेला जाके बहुत सारे लोग पुछन लॅगदे हन कि महाराज मेरे मनदा हाल दसो, तद तां विद्यसथा दे खराब होजान थीं चुपचाप होके मौन साध जांदा है अर कहिंदा है कि सानूं बहुत मत सताओ, तद तां झट उसदे साधक भी कहन लग जांदे हन जो तुसीं इनां नूं बहुत सताओगे तां चले जानगे, अर जो कोई वडा धनाढ्य हुंदा है ओह साधक नूं वखरा बुलाके पुछदा है कि साडे मन दी बात अखदा देवो तां असीं सच मंनीऐ । साधक ने पुछिआ कि की गॅल है? धनाढ्य ने उसनूं कह दिॅती, तद उसनूं उस जरां दे निअम नाल लै जाके बठा दिंदा है, उसनूं सिॅध ने समझके झट कह दिॅता तद तां सब मेले भर ने सुन लई कि वाह ! वडे ही सिॅध पुरुश हन, कोई मठिआई कोई पैसा, कोई रुपया, कोई मोहर, कोई कपड़ा, अज कोई सीधा, सामिग्री भेट करदा, फिर जद तक मानता बहुत सारी रही तद अपनी मरज़ी अनुसार लुट करदे हन, अर किसे किसे दो इक अॅखां दे अनेे गींह दे पूरिआं नूं पुत्र होन दा आशीरबाद वा सुआह उठाके दे दिंदा है अर उस थीं हज़ारां रुपऐ लैके कहै दिंदा है कि जेकर तेरी सॅची भगती होवेगी तां पुत्र हो जावेगा, ऐस पूकार दे बहुत सारे ठग हुंदे हन जिनां दी विदवान ही परीखछा कर सकदे हन होर कोई नहीं, ऐस लई वेद आदी विदिआ दा पड़ुना,सतसंग करना हुंदा है जिस थीं कोई उसनूं ठॅगी विच ना फसा सके, होरनां नूं भी बचा सके, किउंकि मनुॅश दी अॅख विदिआ ही है, बिना विदिआ शिखछा दे गिआन नहीं हुंदा, जो बाल अवसथा थीं अॅछी शिखछा पांदे हन ओहो ही मनुॅश अर विदवान हुंदे हन, जिनां नूं कुसंग है ओह दुश्ट पापी महामूरख होके वडे दुख पांदे हन, ऐस लई गिआन नूं वधीक कहिआ है कि जो जानदा है ओही मंनदा है ॥

न वेॅत्ति यो यसज गुणपूकरशं स तसज निंदां सतवं करोति। यथा किरातो करिकुंभजातां मुकतां: परित्यजजज बिभरति गुंजा: ॥ ब्रिः चाः अः १९।शलॅोक १२।

जो जिसदा गुण नहीं जानदा ओह उसदी निंदिआसदा करदा है, जीकन जंगली भील हाथी दे मोतीआं नूं छॅड रतकां दा हार पहिर लैंदा उूकन ही जो पुरुश विदवान, गिआनी, धरमी,

ਸਤਪੁਰੁਸ਼ ਦਾ ਸੰਗੀ, ਯੋਗੀ, ਉੱਦਮੀ, ਜਿਤੇਂਦ੍ਰੀ, ਅੱਛੇ ਸੁਭਾਵ ਵਾਲਾ ਹੁੰਦਾ ਹੈ ਓਹੀ ਧਰਮ, ਅਰਥ, ਕਾਮ, ਮੋਖਛ ਨੂੰ ਪ੍ਰਾਪਤ ਹੋਕੇ ਏਸ ਜਨਮ, ਅਰ ਅਗਲੇ ਜਨਮ ਵਿਚ ਸਦਾ ਆਨੰਦ ਵਿਚ ਰਹਿੰਦਾ ਹੈ। ਏਹ ਆਰਯਾਵਰਤ ਵਿਚ ਰਹਿਨ ਵਾਲੇ ਲੋਗਾਂਦੇ ਮਤ ਵਿਸ਼ੇ ਵਿਚ ਸੰਖਛੇਪ ਨਾਲ ਲਿਖਿਆ, ਏਸਦੇ ਅੱਗੇ ਜੋ ਥੋੜਾ ਜੇਹਾ ਆਰਯ ਰਾਜਿਆਂ ਦਾ ਇਤਿਹਾਸ ਮਿਲਿਆ ਹੈ ਏਸਨੂੰ ਸਬ ਸੱਜਨਾਂ ਦੇ ਜਾਨਨੇ ਦੇ ਲਈ ਪ੍ਰਗਟ ਕੀਤਾ ਜਾਂਦਾ ਹੈ ॥

ਹੁਨ ਆਰਯਾਵਰਤ ਦੇਸ਼ੀ ਰਾਜਵੰਸ਼ ਕਿ ਜਿਸ ਵਿਚ ਸ਼੍ਰੀਮਾਨ ਮਹਾਰਾਜ "ਯੁਧਿਸ਼ਟਿਰ" ਥੀਂ ਲੈਕੇ ਮਹਾਰਾਜ "ਯਸ਼ਪਾਲ" ਤਕ ਹੋਏ ਹਨ ਉਸ ਇਤਿਹਾਸ ਨੂੰ ਲਿਖਨੇ ਹਾਂ। ਅਰ ਸ਼੍ਰੀਮਾਨ ਮਹਾਰਾਜਾ "ਸ੍ਵਯੰਭੁਵਮਨੂੰ" ਥੀਂ ਲੈਕੇ ਮਹਾਰਾਜ "ਯੁਧਿਸ਼ਠਿਰ" ਤਕ ਇਤਿਹਾਸ ਮਹਾਭਾਰਤ ਆਦੀ ਵਿਚ ਲਿਖਾ ਹੀ ਹੈ, ਅਰ ਏਸ ਥੀਂ ਸੱਜਨ ਲੋਗਾਂਨੂੰ ਇਧਰ ਦੇ ਕੁਝ ਇਤਿਹਾਸਦਾ ਵਰਤਮਾਨ ਮਲੂਮ ਹੋਵੇਗਾ, ਯੱਦਪੀ ਏਹ ਵਿਸ਼ਾ ਵਿਦਿਆਰਥੀ ਸੰਮਿਲਿਤ "ਹਰਿਸ਼ਚੰਦ੍ਰਿਕਾ" ਅਰ "ਮੋਹਨਚੰਦ੍ਰਿਕਾ" ਜੋ ਕਿ ਪਾਖਛਿਕ ਪਤ੍ਰ ਸ਼੍ਰੀਨਾਥਦੁਆਰ ਥੀਂ ਨਿਕਲਦਾ ਸੀ, ਜੋ ਰਾਜਪੂਤਾਨਾ ਦੇਸ਼ ਮੇਵਾੜ ਰਾਜ ਉਦੈਪੁਰ ਚਿਤੌੜਗੜ੍ਹ ਵਿਚ ਸਾਰਿਆਂ ਨੂੰ ਮਲੂਮ ਹੈ ਉਸ ਥੀਂ ਅਸਾਂ ਨੇ ਅਨੁਵਾਦ ਕੀਤਾ ਹੈ। ਜੇਕਰ ਈਕਨ ਹੀ ਸਾਡੇ ਆਰਯ ਸੱਜਨ ਲੋਗ ਇਤਿਹਾਸ ਅਰ ਵਿਦਿਆ ਪੁਸਤਕਾਂ ਨੂੰ ਢੂੰਡ ਕਰਕੇ ਪ੍ਰਗਟ ਕਰਨਗੇ ਤਾਂ ਦੇਸ਼ ਨੂੰ ਵਡਾ ਹੀ ਲਾਭ ਪੁਜੇਗਾ, ਉਸ ਪਤ੍ਰ ਦੇ ਸੰਪਾਦਕ ਮਹਾਸ਼ਯਨੇ ਅਪਨੇ ਮਿਤ੍ਰ ਥੀਂ ਇਕ ਪੁਰਾਨਾ ਪੁਸਤਕ ਜੋ ਵਿਕ੍ਰਮ ਦੇ ਸੰਵਤ ੧੭੯੨ (ਸਤਾਰਾਂ ਸੈ ਬਿਆਸੀ) ਦਾ ਲਿਖਿਆ ਹੋਇਆ ਸੀ ਉਸ ਥੀਂ ਉਕਤ ਪਤ੍ਰ ਦੇ ਸੰਪਾਦਕ ਮਹਾਸ਼ਯ ਨੇ ਲੈਕੇ ਅਪਨੇ ਸੰਵਤ ੧੯੩੯ ਮੱਘਰ ਸੁਕਲਾ ਪਖਛ ੧੯–੨੦ ਕਿਰਣ ਅਰਥਾਤ ਦੇ ਪਾਖਛਿਕ ਪਤ੍ਰਾਂ ਵਿਚ ਛਪਿਆ ਹੈ ਸੋ ਹੇਠਾਂ ਲਿਖੇ ਪ੍ਰਮਾਣੇ ਜਾਨੋ।

ਆਰਯਾਵਰਤ ਦੇਸ਼ੀ ਰਾਜ ਵੰਸ਼ਾਵਲੀ।

ਇੰਦ੍ਰਪ੍ਰਸਥ ਵਿਚ ਆਰਯ ਲੋਗਾਂਨੇ ਸ਼੍ਰੀਮਨ ਮਹਾਰਾਜ "ਯਸ਼ਪਾਲ" ਤਕ ਰਾਜ ਕੀਤਾ, ਜਿਨ੍ਹਾਂ ਵਿਚੋਂ ਸ਼੍ਰੀਮਨ ਮਹਾਰਾਜੇ "ਯੁਧਿਸ਼ਠਿਰ" ਥੀਂ ਮਹਾਰਾਜੇ "ਯਸ਼ਪਾਲ" ਤਕ ਵੰਸ਼ ਅਰਥਾਤ ਪੀੜ੍ਹੀ ਅਨੁਮਾਨ ੧੨੪ (ਇਕੱਨੇ ਚਹੁੰ) ਰਾਜਾ ਵਰਸ਼ ੪੧੫੭ ਮਾਸ ੯ ਦਿਨ ੧੪ ਸਮੇਂ ਵਿਚ ਹੋਏ ਹਨ, ਇਨ੍ਹਾਂ ਦਾ ਬਯੋਰਾਃ—

ਰਾਜਾ	ਸ਼ਕ	ਵਰਖ	ਮਾਸ	ਦਿਨ
ਆਰਯ ਰਾਜਾ	੧੨੪	੪੧੫੭	੯	੧੪

ਸ਼੍ਰੀਮਨ ਮਹਾਰਾਜੇ ਯੁਧਿਸ਼ਠਿਰ ਆਦੀ ਵੰਸ਼

ਅਨੁਮਾਨ ਪੀੜ੍ਹੀ ੩੦ ਵਰਸ਼ ੧੭੭੦ ਮਾਸ ੧੧ ਦਿਨ ੧੦

ਇਨ੍ਹਾਂ ਦਾ ਵਿਸਤਾਰ ॥

ਆਰਯਰਾਜਾ	ਵਰਸ਼	ਮਾਸ	ਦਿਨ
੧ ਰਾਜਾ ਯੁਧਿਸ਼ਠਿਰ	੩੬	੮	੨੫
੨ ਰਾਜਾ ਪਰੀਖਛਿਤ	੬੦	੦	੦
੩ ਰਾਜਾ ਜਨਮੇਜਾ	੮੪	੭	੨੩
੪ ਰਾਜਾ ਅਸ਼੍ਵਮੇਧ	੮੨	੮	੨੨
੫ ਦ੍ਵਿਤੀਯਰਾਮ	੮੮	੨	੮
੬ ਛਤ੍ਰਮਲ	੮੧	੧੧	੨੭
੭ ਚਿਤ੍ਰਰਥ	੭੫	੩	੧੮
੮ ਦੁਸ਼ਟਸ਼ੈਲ	੭੫	੧੦	੨੪
੯ ਰਾਜਾ ਉਗ੍ਰਸੈਨ	੭੮	੭	੨੧
੧੦ ਰਾਜਾਸ਼ੂਰਸੈਨ	੭੮	੭	੨੧
੧੧ ਭੁਵਨਪਤੀ	੬੯	੫	੫
੧੨ ਰਣਜੀਤ	੬੫	੧੦	੪
੧੩ ਰਿਖਛਕ	੬੪	੭	੪
੧੪ ਸੁਖਦੇਵ	੬੨	੦	੨੪
੧੫ ਨਰਹਰੀਦੇਵ	੫੧	੧੦	੨
੧੬ ਸੁਚੀਰਥ	੪੨	੧੧	੨
੧੭ ਸੂਰਸੈਨ (ਦੂਜਾ)	੫੮	੧੦	੮
੧੮ ਪਰਬਤਸੈਨ	੫੫	੮	੧੦
੧੯ ਮੇਧਾਵੀ	੫੨	੧੦	੧੦
੨੦ ਸੋਨਚੀਰ	੫੦	੮	੨੧
੨੧ ਭੀਮਦੈਵ	੪੭	੯	੨੦
੨੨ ਨ੍ਰਿਹਰੀਦੇਵ	੪੫	੧੧	੨੩
੨੩ ਪੂਰਣਮਲ	੪੪	੮	੭
੨੪ ਕਰਦਵੀ	੪੪	੧੦	੮
੨੫ ਅਲੰਮਿਕ	੫੦	੧੧	੮
੨੬ ਉਦੈਪਾਲ	੩੮	੯	੦
੨੭ ਦੁਬਨਮੱਲ	੪੦	੧੦	੨੬
੨੮ ਦਮਾਤ	੩੨	੦	੦
੨੯ ਭੀਮਪਾਲ	੫੮	੫	੮
੩੦ ਖਛੇਮਕ	੪੮	੧੧	੨੧

ਰਾਜਾ ਖਛੇਮਕ ਦੇ ਪ੍ਰਧਾਨ ਵਿਸ਼੍ਵਾ ਨੇ ਖਛੈਮਕ ਰਾਜਾ ਨੂੰ ਮਾਰਕੇ ਰਾਜ ਕੀਤਾ ਪੀੜ੍ਹੀ ੧੪ ਵਰਸ਼ ੫੦੦ ਮਾਸ ੩ ਦਿਨ ੧੭

ਇਨ੍ਹਾਂ ਦਾ ਵਿਸਤਾਰ :—

੧ ਵਿਸ਼੍ਵਾ	੧੭	੩	੨੯
੨ ਪੁਰਸੇਨੀ	੪੨	੮	੨੧
੩ ਵੀਰਸੇਨੀ	੫੨	੧੦	੭
੪ ਅਨੰਗਸਾਈ	੪੭	੮	੨੩
੫ ਹਰੀਜਿਤ	੩੫	੯	੧੭
੬ ਪਰਮਸੇਨੀ	੪੪	੨	੨੩
੭ ਸੁਖਪਾਤਾਲ	੩੦	੨	੨੧
੮ ਕਦ੍ਰਤ	੪੨	੯	੨੪
੯ ਸਜੋ	੩੨	੨	੧੪
੧੦ ਅਮਰਚੂੜ	੨੭	੩	੧੬
੧੧ ਅਮੀਪਾਲ	੨੨	੧੧	੨੫
੧੨ ਦਸਰਥ	੨੫	੪	੧੨
੧੩ ਵੀਰਸੀਲ	੩੧	੮	੧੧
੧੪ ਵੀਰਸਾਲਸੇਨ	੪੭	੦	੧੪

ਰਾਜਾ ਵੀਰਸਾਲਸੇਨ ਨੂੰ ਵੀਰਮਹਾਂ ਪ੍ਰਧਾਨ ਨੇ ਮਾਰਕੇ ਰਾਜ ਕੀਤਾ ਪੀੜ੍ਹੀ ੧੬ ਵਰਸ਼ ੪੪੫ ਮਾਸ ੫ ਦਿਨ ੩

ਇਨ੍ਹਾਂ ਦਾ ਵਿਸਤਾਰ :—

੧ ਰਾਜਾਵੀਰਮਹਾ	੩੫	੧੦	੮
੨ ਅਜਿਤਾਸਿੰਹ	੨੭	੭	੧੯
੩ ਸਰਵਦੱਤ	੨੮	੩	੧੦
੪ ਭੁਵਨਪਤੀ	੧੫	੪	੧੦

ਆਰਯਾਰਾਜਾ	ਵਰਸ਼	ਮਾਸ	ਦਿਨ
੫ ਵੀਰਸੇਨ	੨੧	੨	੧੩
੬ ਮਹੀਪਾਲ	੪੦	੮	੭
੭ ਸ਼ਤ੍ਰੁਸ਼ਾਲ	੨੬	੪	੩
੮ ਸੰਘੈਰਾਜ	੧੭	੨	੧੦
੯ ਭੋਜਪਾਲ	੨੮	੧੧	੧੦
੧੦ ਮਾਣਹੰਕਚੰਦ	੩੭	੭	੨੧
੧੧ ਕਾਮਸੇਨੀ	੪੨	੫	੧੦
੧੨ ਸ਼ਤ੍ਰੁਮਰਦਨ	੮	੧੧	੧੩
੧੩ ਜੀਵੋਨਲੋਕ	੨੮	੯	੧੭
੧੪ ਹਰੀਰਾਵ	੨੬	੧੦	੨੯
੧੫ ਵੀਰਸੇਨ(ਦੂਜਾ)	੩੫	੨	੨੦
੧੬ ਆਦਿਤ੍ਯਕੇਤੁ	੨੩	੧੧	੧੩

ਰਾਜਾ ਆਦਿਤ੍ਯਕੇਤੁ ਮਗਧ ਦੇਸ਼ ਦੇ ਰਾਜਾ ਨੂੰ "ਧੰਧਰ" ਨਾਮ ਵਾਲੇ ਰਾਜਾ ਪ੍ਰਯਾਗਦੇ ਨੇ ਮਾਰਕੇ ਰਾਜ ਕੀਤਾ ਵੈਸ਼ ਪੀੜ੍ਹੀ ੯ ਵਰਸ਼ ੩੭੪ ਮਾਸ ੧੧ ਦਿਨ ੨੬ ਇਨਾਂ ਦਾ ਵਿਸਤਾਰ :—

੧ ਰਾਜਾ ਧੰਧਰ	੪੨	੭	੨੪
੨ ਮਹਰਸ਼ੀ	੨੧	੨	੨੯
੩ ਸਨਰੱਚੀ	੫੦	੧੦	੧੯
੪ ਮਹਾਯੁੱਧ	੩੦	੩	੮
੫ ਦੁਰਨਾਥ	੨੮	੫	੨੫
੬ ਜੀਵਨਰਾਜ	੪੫	੨	੫
੭ ਰੁਦ੍ਰਸੇਨ	੪੭	੪	੨੮
੮ ਆਰੀਲਕ	੫੨	੧੦	੮
੯ ਰਾਜਪਾਲ	੩੬	੦	੦

ਰਾਜਾ ਰਾਜਪਾਲ ਨੂੰ ਸਾਮੰਤ ਮਹਾਨਪਾਲ ਨੇ ਮਾਰਕੇ ਰਾਜ ਕੀਤਾ ਪੀੜ੍ਹੀ ੧ ਵਰਸ਼ ੧੪ ਮਾਸ ੦ ਦਿਨ ੦ ਇਨਾਂ ਦਾ ਵਿਸਤਾਰ ਨਹੀਂ ਹੈ।

ਰਾਜਾ ਮਹਾਨਪਾਲ ਦੇ ਰਾਜ ਉਪਰ ਰਾਜਾ ਵਿਕ੍ਰਮਾਦਿੱਤ ਨੇ "ਅਵੰਤਿਕਾ" (ਉੱਜੈਨ) ਥੀਂ ਚੜ੍ਹਾਈ ਕਰਕੇ ਰਾਜਾ ਮਹਾਨਪਾਲ ਨੂੰ ਮਾਰਕੇ ਰਾਜ ਕੀਤਾ ਪੀੜ੍ਹੀ ੧ ਵਰਸ਼ ੯੩ ਮਾਸ ੦ ਦਿਨ ੦ ਇਨਾਂ ਦਾ ਵਿਸਤਾਰ ਨਹੀਂ ਹੈ।

ਰਾਜਾ ਵਿਕ੍ਰਮਾਦਿਤ ਨੂੰ ਸਾਲਵਾਹਨ ਦਾ ਉਮਰਾਵ ਸਮੁਦ੍ਰਪਾਲ ਜੋਗੀਪੈਠਣ ਦੇ ਨੇ ਮਾਰਕੇ ਰਾਜ ਕੀਤਾ ਪੀੜ੍ਹੀ ੧੬ ਵਰਸ਼ ੩੭੨ ਮਾਸ ੪ ਦਿਨ ੨੭। ਇਨਾਂ ਦਾ ਵਿਸਤਾਰ :—

ਆਰਯਰਾਜਾ	ਵਰਸ਼	ਮਾਸ	ਦਿਨ
੧ ਸਮੁਦ੍ਰਪਾਲ	੫੪	੨	੨੦
੨ ਚੰਦ੍ਰਪਾਲ	੩੬	੫	੪
੩ ਸਾਹਾਇਪਾਲ	੧੧	੪	੧੧
੪ ਦੇਵਪਾਲ	੨੭	੧	੨੯
੫ ਨਰਸਿੰਹਪਾਲ	੧੯	੦	੨੦
੬ ਸਾਮਪਾਲ	੨੭	੧	੧੭
੭ ਰਘੁਪਾਲ	੨੨	੩	੨੫
੮ ਗੋਵਿੰਦਪਾਲ	੨੭	੧	੧੭
੯ ਅੰਮ੍ਰਿਤਪਾਲ	੩੬	੧੦	੧੩
੧੦ ਬਲੀਪਾਲ	੧੨	੫	੨੭
੧੧ ਮਹੀਪਾਲ	੧੩	੮	੪
੧੨ ਹਰੀਪਾਲ	੧੪	੮	੪
੧੩ ਸੀਸਪਾਲ*	੧੧	੧੦	੧੩
੧੪ ਮਦਨਪਾਲ	੧੭	੧੦	੧੯
੧੫ ਕਰਮਪਾਲ	੧੬	੨	੨
੧੬ ਵਿਕ੍ਰਮਪਾਲ	੨੪	੧੧	੧੩

ਰਾਜਾ ਵਿਕ੍ਰਮਪਾਲ ਨੇ ਪੱਛਮ ਦਿਸ਼ਾ ਦਾ ਰਾਜਾ(ਮੁਲਖਚੰਦ ਬੌਹਰਾ ਸੀ)ਉਸ

*ਕਿਸੇ ਇਤਿਹਾਸ ਵਿਚ ਭੀਮਪਾਲ ਭੀ ਲਿਖਿਆ ਹੈ।

ਉਪਰ ਚੜ੍ਹਾਈ ਕਰਕੇ ਮੈਦਾਨ ਵਿਚ ਮੁਲਖਚੰਦ ਨੇ ਵਿਕ੍ਰਮਪਾਲ ਨੂੰ ਮਾਰਕੇ ਇੱਦ੍ਰਪ੍ਰਸਥ ਦਾ ਰਾਜ ਕੀਤਾ ਪੀੜ੍ਹੀ ੧੦ ਵਰਸ਼ ੧੯੧ ਮਾਸ ੧ ਦਿਨ ੧੬

ਇਨਾਂ ਦਾ ਵਿਸਤਾਰ :—

ਆਰਯਰਾਜਾ	ਵਰਸ਼	ਮਾਸ	ਦਿਨ
੧ ਮੁਲਖਚੰਦ	੫੪	੨	੧੦
੨ ਵਿਕ੍ਰਮਚੰਦ	੧੨	੭	੧੨
੩ ਅਮੀਨਚੰਦ*	੧੦	੦	੫
੪ ਰਾਮਚੰਦ	੧੩	੧੧	੮
੫ ਹਰੀਚੰਦ	੧੪	੯	੨੪
੬ ਕਲਿਆਣਚੰਦ	੧੦	੫	੪
੭ ਭੀਮਚੰਦ	੧੬	੨	੯
੮ ਲੋਬਚੰਦ	੨੬	੩	੨੨
੯ ਗੋਵਿੰਦਚੰਦ	੩੧	੭	੧੨
੧੦ ਰਾਣੀਪਦਮਾਵਤੀ†	੧	੦	੦

ਰਾਣੀ ਪਦਮਾਵਤੀ ਮਰਗਈ ਏਸ ਦਾ ਪੁਤ੍ਰ ਭੀ ਕੋਈ ਨਹੀਂ ਸੀ ਏਸਲਈ ਸਬ ਮੁਤਸਦੀਓਂ ਨੇ ਸਲਾਹ ਕਰਕੇ ਹਰੀਪ੍ਰੇਮ ਵੈਰਾਗੀ ਨੂੰ ਗੱਦੀ ਉਪਰ ਬੈਠਾਕੇ ਮੁਤਸੱਦੀ ਰਾਜ ਕਰਨ ਲਗੇ ਪੀੜ੍ਹੀ ੪ ਵਰਸ਼ ੫੦ ਮਾਸ ੦ ਦਿਨ ੨੧

ਇਨਾਂ ਦਾ ਵਿਸਤਾਰ :—

੧ ਹਰੀਪ੍ਰੇਮ	੭	੫	੧੬
੨ ਗੋਵਿੰਦ ਪ੍ਰੇਮ	੨੦	੨	੮
੩ ਗੋਪਾਲਪ੍ਰੇਮ	੧੫	੭	੨੮
੪ ਮਹਾਬਾਹੂ	੬	੮	੨੯

ਰਾਜਾਮਹਾਬਾਹੂ ਰਾਜ ਛੱਡਕੇ ਬਨ ਵਿਚ ਤਪਸ਼ਚਰਯਾ ਕਰਨੇ ਗਏ, ਏਹ ਬੰਗਾਲ ਦੇ ਰਾਜਾ ਆਧੀਸੇਨ ਸੁਨਕੇ ਇੰਦ੍ਰਪ੍ਰਸਥ ਵਿਚ ਆਕੇ ਆਪ ਰਾਜ ਕਰਨ ਲਗੇ ਪੀੜ੍ਹੀ ੧੨ ਵਰਸ਼ ੧੫੧ ਮਾਸ ੧੧ ਦਿਨ ੨।

ਇਨਾਂ ਦਾ ਵਿਸਤਾਰ :—

ਆਰਯਰਾਜਾ	ਵਰਸ਼	ਮਾਸ	ਦਿਨ
੧ ਰਾਜਾ ਆਧੀਸੇਨ	੧੮	੫	੨੧
੨ ਵਿਲਾਵਲਸੇਨ	੧੨	੪	੨
੩ ਕੇਸ਼ਵਸੇਨ	੧੫	੭	੧੨
੪ ਮਾਧਸੇਨ	੧੨	੪	੨
੫ ਮਯੂਰਸੇਨ	੨੦	੧੧	੨੭
੬ ਭੀਮਸੇਨ	੫	੧੦	੯
੭ ਕਲਿਆਣਸੇਨ	੪	੮	੨੧
੮ ਹਰੀਸੇਨ	੧੨	੦	੨੫
੯ ਖਛੇਮਸੇਨ	੮	੧੧	੧੫
੧੦ ਨਾਰਾਯਣਸੇਨ	੨	੨	੨੯
੧੧ ਲਖਛਮੀਸੇਨ	੨੬	੧੦	੦
੧੨ ਦਾਮੋਦਰਸੇਨ	੧੧	੫	੧੯

ਰਾਜਾ ਦਾਮੋਦਰਸੇਨ ਨੇ ਅਪਨੇ ਉਮਰਾਵ ਨੂੰ ਬਹੁਤ ਦੁਖ ਦਿੱਤਾ, ਏਸਲਈ ਰਾਜਾ ਦੇ ਉਮਰਾਵ ਦੀਪਸਿੰਹ ਨੇ ਸੈਨਾ ਮਿਲਾਕੇ ਰਾਜਾਦੇ ਨਾਲ ਲੜਾਈਕੀਤੀ, ਉਸ ਲੜਾਈ ਵਿਚ ਰਾਜਾ ਨੂੰ ਮਾਰਕੇ ਦੀਪਸਿੰਹ ਆਪ ਰਾਜ ਕਰਨ ਲਗੇ ਪੀੜ੍ਹੀ ੬ ਵਰਸ਼ ੧੦੭ ਮਾਸ ੬ ਦਿਨ ੨੨

ਇਨ੍ਹਾਂ ਦਾ ਵਿਸਤਾਰ :—

੧ ਦੀਪਸਿੰਹ	੧੭	੧	੨੬
੨ ਰਾਜਸਿੰਹ	੧੪	੫	੦
੩ ਰਣਸਿੰਹ	੯	੮	੧੧
੪ ਨਰਸਿੰਹ	੪੫	੦	੧੫

* ਇਨਾਂ ਦਾ ਨਾਮ ਕਿਦੇ ਮਾਨਕਚੰਦ ਭੀ ਲਿਖਿਆ ਹੇ।

† ਏਹ ਪਦਮਾਵਤੀ ਗੋਵਿੰਦਚੰਦ ਦੀ ਰਾਣੀ ਸੀ।

੫ ਹਰੀਸਿੰਹ	੧੩	੨	੨੯
੬ ਜੀਵਨਸਿੰਹ	੯	੦	੧

ਰਾਜਾ ਜੀਵਨਸਿੰਹ ਨੇ ਕੁਝ ਕਾਰਣ ਥੀਂ ਅਪਨੀ ਸਾਰੀ ਸੇਨਾ ਉਤਰ ਦਿਸ਼ਾ ਨੂੰ ਭੇਜ ਦਿਤੀ, ਏਹ ਖਬਰ ਪ੍ਰਿਥਿਵੀਰਾਜ ਚੌਹਾਣ ਵੈਰਾਟ ਦੇ ਰਾਜਾ ਸੁਨਕੇ ਜੀਵਨ-ਸਿੰਹ ਦੇ ਉਪਰ ਚੜ੍ਹਾਈ ਕਰਕੇ ਆਏ ਅਰਲੜਾਈ ਵਿਚ ਜੀਵਨਸਿੰਹ ਨੂੰ ਮਾਰ ਕੇ ਇੰਦ੍ਰਪ੍ਰਸਥ ਦਾ ਰਾਜ ਕੀਤਾ, *ਪੀੜ੍ਹੀ ੫ ਵਰਸ਼ ੯੬ ਮਾਸ ੦ ਦਿਨ ੨੦।

ਰਾਜਾ ਯਸ਼ਪਾਲ ਨੂੰ ਪ੍ਰਯਾਗ ਦੇ ਕਿਲੇ ਵਿਚ ਸੰਵਤ ੧੨੪੯ ਵਰ੍ਹੇ ਵਿਚ ਪਕੜਕੇ ਕੈਦ ਕੀਤਾ, ਪਿਛੋਂ ਇੰਦ੍ਰਪ੍ਰਸਥ ਅਰਥਾਤ ਦਿੱਲੀ ਦਾ ਰਾਜ ਆਪ (ਸੁਲਤਾਨ ਸ਼ਹਾਬੁੱਦੀਨ) ਕਰਨ ਲਗਾ ਪੀੜ੍ਹੀ ੫ ਵਰਸ਼ ੭੯ ਮਾਸ ੦ ਦਿਨ ੨੦।

ਇਨਾਂ ਦਾ ਵਿਸਤਾਰ :—

ਆਰਯਰਾਜਾ	ਵਰਸ਼	ਮਾਸ	ਦਿਨ
੧ ਪ੍ਰਿਥਿਵੀਰਾਜ	੧੨	੨	੧੯
੨ ਅਭੈਪਾਲ	੧੪	੫	੧੭
੩ ਦੁਰਜਨਪਾਲ	੧੧	੪	੧੪
੪ ਉਦੈਪਾਲ	੧੧	੭	੩
੫ ਯਸ਼ਪਾਲ	੩੬	੪	੨੭

ਰਾਜਾ ਯਸ਼ਪਾਲ ਦੇ ਉਪਰ ਸੁਲਤਾਨ ਸ਼ਹਾਬੁਦੀਨ ਗੌਰੀ, ਗਢ ਗਜ਼ਨੀ ਥੀਂ ਚੜ੍ਹਾਈ ਕਰਕੇ ਆਇਆ ਅਰ ੫੩ ਵਰਸ਼ ੭੫੪ ਮਾਸ ੧ ਦਿਨ ੧੭ ਇਨਾਂ ਦਾ ਵਿਸਤਾਰ ਬਹੁਤ ਇਤਿਹਾਸ ਪੁਸਤਕਾਂ ਵਿਚ ਲਿਖਿਆ ਹੈ ਏਸ ਲਈ ਇੱਥੇ ਨਹੀਂ ਲਿਖਿਆ॥

ਏਸਦੇ ਅੱਗੇ ਬੁੱਧ, ਜੈਨਮਤ ਵਿਸ਼ਯ ਵਿਚ ਲਿਖਿਆ ਜਾਵੇਗਾ ॥

ਇਤਿ ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮਿਕ੍ਰਿਤੇ ਸਤ੍ਯਾਰਥਪ੍ਰਕਾਸ਼ੇ ਸੁਭਾਸ਼ਾ ਵਿਭੂਸ਼ਿਤ ਆਰਯਵਰਤੀਯ ਮਤ ਖੰਡਨ ਮੰਡਨ ਵਿਸ਼ਯ ਏਕਾਦਸ਼ ਸਮੁੱਲਾਸਃ ਸੰਪੂਰਣਃ ੧੧ ॥

———o———

ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮੀਕ੍ਰਿਤ ਸਤ੍ਯਾਰਥਪ੍ਰਕਾਸ਼ ਸੁਭਾਸ਼ਾਵਿਭੂਸ਼ਿਤ ਆਰਯਾਵਰਤ ਮਤਮਤਾਂਤ੍ਰ ਖੰਡਨ ਮੰਡਨ ਵਿਸ਼ਯ ਦਾ ਯਾਰ੍ਹਵਾਂ ਸਮੁੱਲਾਸ ਸਮਾਪਤ ਹੋਇਆ ॥ ੧੦ ॥

* ਏਸਦੇ ਅਗੇ ਹੋਰ ਇਤਿਹਾਸਾਂ ਵਿਚ ਏਸ ਤਰਾਂ ਹੈ ਕਿ ਮਹਾਰਾਜ ਪ੍ਰਿਥਵੀਰਾਜ ਦੇ ਉਪਰ ਸੁਲਤਾਨ ਸ਼ਹਾਬੁੱਦੀਨ ਗੌਰੀ ਚੜ੍ਹਕੇ ਆਇਆ ਅਰ ਕਈ ਵਾਰ ਹਾਰਕੇ ਪਿਛਾਂ ਮੁੜ ਗਿਆ ਅੰਤ ਵਿਚ ਸੰਵਤ ੧੨੪੯ ਵਿਚ ਆਪਸ ਦੀ ਫੁਟ ਦੇ ਸਬਬ ਥੋਂ ਮਹਾਰਾਜ ਪ੍ਰਿਥਵੀਰਾਜ ਨੂੰ ਜਿੱਤ ਅੱਨਾਂ ਕਰ ਅਪਨੇ ਦੇਸ਼ ਨੂੰ ਲੈ ਗਿਆ। ਪਿਛੋਂ ਦਿੱਲੀ (ਇੰਦ੍ਰਪ੍ਰਸਥ) ਦਾ ਰਾਜ ਆਪ ਕਰਨ ਲੱਗਾ ਮੁਸਲਮਾਨਾਂ ਦਾ ਰਾਜ ਪੀੜ੍ਹੀ ੪੫ ਵਰਸ਼ ੬੧੩ ਰਹਿਆ ॥

ਅਨੁਭੂਮਿਕਾ (੨)

ਜਦ ਆਰਯਾਵਰਤ ਵਿਚ ਰਹਿਨਵਾਲੇ ਮਨੁੱਸ਼ਾਂ ਵਿਚ ਸੱਚ,ਝੂਠਦਾ ਜੇਹਾ ਚਾਹੀਏ ਤੇਹਾ ਨਿਰਣਾ ਕਰਾਨੇ ਵਾਲੀ ਵੇਦਵਿਦਿਆ ਛੁੱਟਕੇ ਅਵਿਦਿਆ ਫੈਲਕੇ ਮਤ ਮਤਾਂਤਰ ਖੜੇ ਹੋਏ ਇਹੀ ਜੈਨ ਆਦੀ ਦੇ ਵਿਦਿਆ ਵਿਰੁੱਧ ਮਤ ਪ੍ਰਚਾਰ ਦਾ ਕਾਰਣ ਹੋਇਆ, ਕਿਉਂਕਿ ਬਾਲਮੀਕੀਰਾਮਾਇਣ ਅਰ ਮਹਾਭਾਰਤ ਆਦੀ ਵਿੱਚ ਜੈਨੀਆਂ ਦਾ ਨਾਉਂ ਮਾਤ੍ਰ ਭੀ ਨਹੀਂ ਲਿਖਿਆ, ਅਰ ਜੈਨੀਆਂਦੇ ਗ੍ਰੰਥਾਂ ਵਿਚ ਬਾਲਮੀਕੀ ਰਾਮਾਇਣ ਅਰ ਭਾਰਤ ਵਿੱਚ ਕਹੀ ਹੋਈ ਰਾਮ ਕ੍ਰਿਸ਼ਨ ਆਦੀ ਦੀ ਕਥਾ ਵੱਡੇ ਵਿਸਤਾਰ ਨਾਲ ਲਿਖੀਆਂ ਹਨ, ਏਸ ਥੀਂ ਇਹ ਸਿੱਧ ਹੁੰਦਾ ਹੈ ਕਿ ਇਹ ਮਤ ਇਨ੍ਹਾਂ ਦੇ ਪਿਛੋਂ ਚਲਿਆ, ਕਿਉਂਕਿ ਜੇਹਾ ਅਪਨੇ ਮਤਨੂੰ ਬਹੁਤ ਪੁਰਾਨਾ ਜੈਨੀ ਲੋਗਲਿਖਦੇ ਹਨ ਓਹੋ ਜੇਹਾ ਹੁੰਦਾ ਤਾਂ ਬਾਲਮੀਕੀ ਰਾਮਾਇਣ ਆਦੀ ਗ੍ਰੰਥਾਂ ਵਿਚ ਉਨ੍ਹਾਂਦੀ ਕਥਾ ਜ਼ਰੂਰ ਹੁੰਦੀ, ਏਸ ਵਾਸਤੇ ਜੈਨਮਤ ਇਨ੍ਹਾਂ ਗ੍ਰੰਥਾਂ ਦੇ ਪਿੱਛੋਂ ਚੱਲਿਆ ਹੈ, ਕੋਈ ਆਖੇ ਕਿ ਜੈਨੀਆਂ ਦੇ ਗ੍ਰੰਥਾਂ ਵਿੱਚੋਂ ਕਥਾ ਨੂੰ ਲੈਕੇ ਬਾਲਮੀਕੀ ਰਾਮਾਇਣ ਆਦੀ ਗ੍ਰੰਥ ਬਨ ਗਏ ਹੋਨਗੇ, ਤਾਂ ਉਨ੍ਹਾਂ ਪਾਸੋਂ ਪੁੱਛਨਾ ਚਾਹੀਏ ਕਿ ਬਾਲਮੀਕੀਰਾਮਾਇਣ ਆਦੀ ਵਿਚ ਤੁਹਾਡੇ ਗ੍ਰੰਥਾਂਦਾ ਨਾਉਂ ਲੇਖਭੀ ਕਿਉਂ ਨਹੀਂ? ਅਰ ਤੁਹਾਡੇ ਗ੍ਰੰਥਾਂਵਿਚ ਕਿਉਂ ਹੈ? ਕੀ, ਪਿਤਾਦੇ ਜਨਮ ਦਾ ਦਰਸ਼ਨ ਪੁਤ੍ਰ ਕਰ ਸਕਦਾ ਹੈ? ਕਦੀ ਨਹੀਂ, ਏਸਥੀਂ ਇਹ ਭੀ ਸਿੱਧ ਹੁੰਦਾ ਹੈ ਕਿ ਜੈਨ, ਬੌਧਮਤ, ਸ਼ੈਵ, ਸ਼ਾਕਤ ਆਦੀ ਮਤਾਂਦੇ ਪਿੱਛੇ ਚੱਲਿਆ ਹੈ, ਹੁਨ ਏਸ ਬਾਰ੍ਹਵੇਂ ਸਮੁੱਲਾਸ ਵਿਚ ਜੋ ਜੋ ਜੈਨੀਆਂ ਦੇ ਮਤ ਵਿਸ਼ੇ ਵਿਚ ਲਿਖਿਆ ਗਿਆ ਹੈ ਸੋ ਸੋ ਉਨ੍ਹਾਂ ਦੇ ਗ੍ਰੰਥਾਂਦੇ ਪਤੇ ਦੇ ਅਨੁਸਾਰ ਲਿਖਿਆ ਹੈ, ਏਸ ਵਿਚ ਜੈਨੀ ਲੋਗਾਂ ਨੂੰ ਬੁਰਾ ਨਾ ਮੰਨਨਾ ਚਾਹੀਏ, ਕਿਉਂਕਿ ਜੋ ਜੋ ਅਸਾਂਨੇ ਇਨ੍ਹਾਂ ਦੇ ਮਤ ਵਿਸ਼ੇ ਵਿਚ ਲਿਖਿਆ ਹੈ ਓਹ ਕੇਵਲ ਸੱਚ ਝੂਠ ਦੇ ਨਿਰਣੇ ਵਾਸਤੇ ਹੈ ਨਾਂ ਕਿ ਝਗੜਾ ਵਾ ਨੁਕਸਾਨ ਕਰਨ ਵਾਸਤ। ਏਸ ਲੇਖਨੂੰ ਜਦ ਜੈਨੀ ਬੌਧ ਵਾ ਹੋਰ ਲੋਗ ਵੇਖਨਗੇ ਤਦ ਸਾਰਿਆਂ ਨੂੰ ਸੱਚ ਝੂਠਦੇ ਨਿਰਨੇ ਵਿਚ ਵਿਚਾਰ ਅਰ ਲੇਖ ਕਰਨ ਦਾ ਸਮਯ ਮਿਲੇਗਾ, ਅਰ ਗਿਆਨ ਭੀ ਹੋਵੇਗਾ, ਜਦ ਤਕ ਵਾਦੀ ਪ੍ਰਤਿਵਾਦੀ ਹੋਕੇ ਪ੍ਰੀਤਿ ਨਾਲ ਵਾਦ ਵਾ ਲੇਖ ਨਾ ਕੀਤਾ ਜਾਵੇ ਤਦ ਤਕ ਸੱਚ ਝੂਠ ਦਾ ਨਿਰਨਾ ਨਹੀਂ ਹੋ ਸਕਦਾ, ਜਦ ਵਿਦਵਾਨ ਲੋਗਾਂ ਵਿਚ ਸੱਚ ਝੂਠ ਦਾ ਨਿਸ਼ਚਾ ਨਹੀਂ ਹੁੰਦਾ ਤਦ ਅਵਿਦਵਾਨਾਂ ਨੂੰ ਵੱਡੇ ਹਨੇਰੇ ਵਿਚ ਪੈਕੇ ਬਹੁਤ ਦੁੱਖ ਉਠਾਨਾ ਪੈਂਦਾ ਹੈ, ਏਸ ਵਾਸਤੇ ਸੱਚ ਦੇ ਜੋ

ਅਰ ਝੂਠ ਦੇ ਖੈ ਦੇ ਵਾਸਤੇ ਮਿਤ੍ਰਤਾ ਨਾਲ ਵਾਦਵਾ ਲੇਖ ਕਰਨਾ ਸਾਡੀ ਮਨੁਸ਼ ਜਾਤੀ ਦਾ ਮੁਖ ਕੰਮ ਹੈ, ਜੇਕਰ ਅਜੇਹਾ ਨਾ ਹੋਵੇ ਤਾਂ ਮਨੁਸ਼ਾਂ ਦੀ ਉੱਨਤੀ ਕਦੀ ਨਾ ਹੋਵੇ, ਅਰ ਇਹ ਬੌੱਧ ਜੈਨ ਮਤ ਦਾ ਵਿਸ਼ਯ ਬਿਨਾ ਇਨ੍ਹਾਂਦੇ ਹੋਰਨਾਂ ਮਤ ਵਾਲਿਆਂ ਨੂੰ ਅਪੂਰਵ ਲਾਭ ਅਰ ਬੋਧ ਕਰਨ ਵਾਲਾ ਹੋਵੇਗਾ, ਕਿਉਂ ਕਿ ਇਹ ਲੋਗ ਅਪਨੇ ਪੁਸਤਕਾਂ ਨੂੰ ਕਿਸੇ ਹੋਰ ਮਤ ਵਾਲੇ ਨੂੰ ਵੇਖਨ, ਪੜਨ ਵਾ ਲਿਖਨ ਨੂੰ ਭੀ ਨਹੀਂ ਦਿੰਦੇ, ਵੱਡੇ ਪ੍ਰਯਤਨ ਨਾਲ ਮੇਰੇ ਅਰ। ਵਿਸ਼ੇਸ਼ ਆਰਯਸਮਾਜ ਬੰਬਈ ਦੇ ਮੰਤ੍ਰੀ ਸੇਠ ਸੇਵਕਲਾਲ ਕ੍ਰਿਸ਼ਨਦਾਸ ਦੇ ਪੁਰੁਸ਼ਾਰਥ ਨਾਲ ਗ੍ਰੰਥ ਪ੍ਰਾਪਤ ਹੋਏ ਹਨ, ਤਥਾ ਕਾਸ਼ੀ ਵਾਲੇ "ਜੈਨ ਪ੍ਰਭਾਕਰ" ਯੰਤ੍ਰਾਲਯਵਿਚ ਛਪਨੇ ਅਰ ਬੰਬਈ ਵਿਚ "ਪ੍ਰਕਰਣ ਰਤਨਾਕਰ" ਗ੍ਰੰਥ ਦੇ ਛਪਨ ਥੀਂ ਭੀ ਸਾਰਿਆਂ ਲੋਗਾਂ ਨੂੰ ਜੈਨੀਆਂ ਦਾ ਮਤ ਵੇਖਨਾ ਸਹਜ ਹੋਇਆ ਹੈ। ਭਲਾ ਇਹ ਕੇਹੜੇ ਵਿਦਵਾਨਾਂ ਦੀ ਗੱਲ ਹੈ ਕਿ ਅਪਨੇ ਮਤ ਦੀ ਪੁਸਤਕ ਆਪ ਹੀ ਵੇਖਨਾ ਅਰ ਦੂਜਿਆਂ ਨੂੰ ਨਾ ਵਿਖਾਨਾ, ਇੱਸੇ ਥੀਂ ਮਲੂਮ ਹੁੰਦਾ ਹੈ ਕਿ ਇਨ੍ਹਾਂ ਗ੍ਰੰਥਾਂ ਦੇ ਬਨਾਨ ਵਾਲਿਆਂ ਨੂੰ ਪਹਿਲਾਂ ਹੀ ਸ਼ੰਕਾ ਸੀ ਕਿ ਇਨ੍ਹਾਂ ਗ੍ਰੰਥਾਂ ਵਿਚ ਅਨਹੁੰਦੀਆਂ ਗੱਲਾਂ ਹਨ ਜੋ ਦੂਜੇ ਮਤ ਵਾਲੇ ਵੇਖਨਗੇ ਤਾਂ ਖੰਡਨ ਕਰਨਗੇ, ਅਰ ਸਾਡੇ ਮਤ ਵਾਲੇ ਦੂਜਿਆਂ ਦੇ ਗ੍ਰੰਥ ਵੇਖਨਗੇ ਤਾਂ ਏਸ ਮਤ ਵਿਚ ਸ਼ਰੱਧਾ ਨਾ ਰਹੇਗੀ। ਅਸਤੂ, ਜੋ ਹੋਵੇ ਪਰੰਤੂ ਬਹੁਤ ਮਨੁੱਸ਼ ਅਜੇਹੇ ਹਨ ਕਿ ਜਿਨ੍ਹਾਂ ਨੂੰ ਦੋਸ਼ ਤਾਂ ਨਹੀਂ ਦਿੱਸਦੇ ਕਿੰਤੂ ਦੂਜੇ ਦੇ ਦੋਸ਼ ਵੇਖਨ ਵਿਚ ਤਤਪਰ ਰਹਿੰਦੇ ਹਨ। ਇਹ ਨਿਅਮ ਦੀ ਗੱਲ ਨਹੀਂ ਕਿਉਂਕਿ ਪਹਿਲਾਂ ਅਪਨੇ ਦੋਸ਼ ਵੇਖ ਕੱਢਕੇ ਪਿੱਛੋਂ ਦੂਜੇ ਦੇ ਦੋਸ਼ਾਂ ਵਿਚ ਦ੍ਰਿਸ਼ਟੀ ਦੇਕੇ ਕੱਢਨ ॥

ਹੁਨ ਇਨ੍ਹਾਂ ਬੌੱਧ, ਜੈਨੀਆਂ ਦੇ ਮਤਦਾ ਵਿਸ਼ਯ ਸਾਰਿਆਂ ਸੱਜਨਾਂ ਦੇ ਸਾਮਨੇ ਧਰਦਾ ਹਾਂ, ਜੇਹਾ ਹੈ ਉਹੋ ਜੇਹਾ ਵਿਚਾਰਨ।

॥ ਕਿਮਧਿਕਲੇਖੇਨ ਬੁਧੋਮਦ੍ਰਯੇਸ਼ੁ ॥

ਬਾਰ੍ਹਵਾਂ ਸਮੁੱਲਾਸ

ਨਾਸਤਿਕ ਮਤ ਦੇ ਅੰਤਰਗਤ ਚਾਰਵਾਕ ਬੌਧ, ਜੈਨ ਮਤ ਦੇ ਖੰਡਨ ਮੰਡਨ ਵਿਸ਼ਯ ਦਾ ਵਿਆਖਿਆਨ ।

ਕੋਈਕ ਖ੍ਰਿਹਸਪਤੀ ਨਾਮ ਵਾਲਾ ਪੁਰੁਸ਼ ਹੋਇਆ ਸੀ, ਜੋ ਵੇਦ, ਈਸ਼੍ਵਰ, ਅਰ ਯੱਗ ਆਦੀ ਉੱਤਮ ਕਰਮਾਂ ਨੂੰ ਭੀ ਨਹੀਂ ਮੰਨਦਾ ਸੀ । ਦੇਖੋ! ਉਨਾਂ ਦਾ ਮਤ :—

ਯਾਵੱਜੀਵੰ ਸੁਖੰ ਜੀਵੇਤਨਾਸਤਿ ਮ੍ਰਿਤਜੋਰਗੋਚਰਃ ॥
ਭਸਮੀਭੂਤਸਜ ਦੇਹਸਜ ਪੁਨਰਾਗਮਨੰ ਕੁਤਃ ॥

ਕੋਈ ਮਨੁੱਸ਼ ਆਦੀ ਪ੍ਰਾਣੀ ਮੌਤ ਤੋਂ ਬਚਿਆ ਹੋਇਆ ਨਹੀਂ ਹੈ, ਅਰਥਾਤ ਸਾਰਿਆਂ ਨੂੰ ਮਰਨਾ ਹੈ, ਏਸ ਵਾਸਤੇ ਜਿਥੇ ਤਕ ਸ਼ਰੀਰ ਵਿਚ ਜੀਵ ਰਹੇ ਉਥੇਂ ਤਕ ਸੁਖ ਨਾਲ ਰਹੇ, ਜੋ ਕੋਈ ਕਹੇ ਕਿ ਧਰਮ ਕਰਨ ਨਾਲ ਦੁੱਖ ਹੁੰਦਾ ਹੈ, ਜੇਕਰ ਧਰਮ ਨੂੰ ਛੱਡੇ ਤਾਂ ਪੁਨਰਜਨਮ ਵਿੱਚ ਵੱਡਾ ਦੁੱਖ ਪਾਵੇ! ਉਸਨੂੰ ਚਾਰਵਾਕ ਉੱਤਰ ਦਿੰਦਾ ਹੈ ਕਿ ਹੇ ਭੋਲੇ ਭ੍ਰਾਵੋ! ਜੇਕਰ ਮਰੇ ਦੇ ਪਿਛੋਂ ਸ਼ਰੀਰ ਭਸਮ ਹੋ ਜਾਂਦਾ ਹੈ ਕਿ ਜਿਸਨੇ ਖਾਦਾ ਪੀਤਾ ਹੈ ਓਹ ਫੇਰ ਜਗਤ ਵਿਚ ਨਾ ਆਵੇਗਾ ਏਸ ਵਾਸਤੇ ਜਿਸ ਤਰਾਂ ਹੋ ਸੱਕੇ ਮੌਜ ਵਿੱਚ ਰਹੋ ਲੋਕ ਵਿਚ ਨੀਤੀ ਨਾਲ ਚੱਲੋ, ਐਸ਼੍ਵਰਯ ਨੂੰ ਵਧਾਓ, ਅਰ ਉਸ ਥੀਂ ਇਛਿਤ ਭੋਗ ਕਰੋ, ਇਹੀ ਲੋਕ ਸਮਝੋ, ਪਰਲੋਕ, ਕੁਝ ਨਹੀਂ। ਦੇਖੋ ! ਪ੍ਰਿਥਵੀ, ਜਲ, ਅੱਗ, ਹਵਾ ਇਨਾਂ ਚੌਹਾਂ ਤੱਤਾਂ ਦੇ ਪਰੀਣਾਮ ਥੀਂ ਇਹ ਸ਼ਰੀਰ ਬਨਿਆ ਹੈ, ਏਸ ਵਿਚ ਇਨਾਂ ਦੇ ਮਿਲਾਪ ਥੀਂ ਚੈਤਨ ਉਤਪੰਨ ਹੁੰਦਾ ਹੈ, ਜਿਸ ਤਰਾਂ ਨਸ਼ਾ ਦੇਨ ਵਾਲੀਆਂ ਚੀਜ਼ਾਂ ਦੇ ਖਾਨ ਪੀਨ ਥੀਂ ਨਸ਼ਾ ਉਤਪੰਨ ਹੁੰਦਾ ਹੈ ਇਸੇ ਤਰਾਂ ਜੀਵ ਸ਼ਰੀਰ ਦੇ ਨਾਲ ਉਤਪੰਨ ਹੋਕੇ ਸ਼ਰੀਰ ਦੇ ਮਰਨ ਦੇ ਆਪ ਭੀ ਮਰ ਜਾਂਦਾ ਹੈ, ਫੇਰ ਕਿਸਨੂੰ ਪਾਪ ਪੁੰਨ ਦਾ ਫਲ ਹੋਵੇਗਾ ?

ਤੱਚੈਤਨਜ਼ਵਿਸ਼ਿਟਦੇਹ ਏਵ ਆਤਮਾ ਦੇਹਾਤਿਰਿਕਤ ਆਤਮਨਿ ਪ੍ਰਮਾਣਾਭਾਵਾਤ ॥

ਏਸ ਸ਼ਰੀਰ ਵਿਚ ਚੌਹਾਂ ਤੱਤਾਂ ਦੇ ਮਿਲਨ ਨਾਲ ਜੀਵਾਤਮਾ ਉਤਪੰਨ ਹੋਕੇ ਉਨਾਂ ਹੀ ਦੇ ਵਿਛੜਨ ਦੇ ਨਾਲ ਮਰ ਜਾਂਦਾ ਹੈ, ਕਿਸ ਕਰਕੇ ਮੋਏ ਪਿਛੋਂ ਕੋਈ ਭੀ ਜੀਵ ਪ੍ਰਤਖਛ ਨਹੀਂ ਹੁੰਦਾ, ਅਸੀਂ ਇਕ ਪ੍ਰਤਖਛ ਹੀ ਨੂੰ ਮੰਨਦੇ ਹਾਂ, ਕਿਉਂਕਿ ਪ੍ਰਤਖਛ ਦੇ ਬਿਨਾ ਅਨੁਮਾਨ ਆਦੀ ਹੁੰਦੇ ਹੀ ਨਹੀਂ, ਏਸ ਵਾਸਤੇ ਮੁੱਖ ਪ੍ਰਤਖਛ ਦੇ ਸਾਮਨੇ ਅਨੁਮਾਨ ਆਦੀ ਗੌਣ ਹੋਨ ਥੀਂ ਉਨਾਂ ਦਾ ਗ੍ਰਹਣ ਨਹੀਂ ਕਰਦੇ, ਸੁੰਦਰ ਇਸਤ੍ਰੀ ਦੇ ਸਪਰਸ਼ ਕਰਕੇ ਆਨੰਦ ਦਾ ਕਰਨਾ ਪੁਰੁਸ਼ਾਰਥ ਦਾ ਫਲ ਹੈ ॥

(ਉੱਤਰ) ਇਹ ਪ੍ਰਿਥਵੀ ਆਦੀ ਤੱਤ ਜੜ ਹਨ, ਉਨਾਂ ਥੀਂ ਚੇਤਨ ਦੀ ਉਤਪੱਤੀ ਕਦੀ ਨਹੀਂ ਹੋ ਸਕਦੀ, ਜਿਸਤਰਾਂ ਹੁਨ ਮਾਤਾ, ਪਿਤਾ ਦੇ ਸੰਯੋਗ ਥੀਂ ਸ਼ਰੀਰ ਦੀ ਉਤਪੱਤੀ ਹੁੰਦੀ ਹੈ ਉੱਸੇਤਰਾਂ ਪਹਿਲਾਂ ਸ੍ਰਿਸ਼ਟੀ ਵਿਚ ਮਨੁੱਸ਼ ਆਦੀ ਸ਼ਰੀਰਾਂ ਦੀ ਸ਼ਕਲ ਪਰਮੇਸ੍ਵਰ ਕਰਤਾ ਦੇ ਬਿਨਾ ਕਦੀ ਨਹੀਂ ਹੋ ਸਕਦੀ, ਨਸ਼ੇ ਦੇ ਵਾਂਛਨ ਚੇਤਨ ਦੀ ਉਤਪੱਤੀ ਅਰ ਨਾਸ਼ ਨਹੀਂ ਹੁੰਦਾ, ਕਿਸ ਕਰਕੇ ਨਸ਼ਾ ਚੇਤਨ ਨੂੰ ਹੁੰਦਾ ਹੈ ਜੜ ਨੂੰ ਨਹੀਂ। ਪਦਾਰਥ ਨਸ਼ਟ ਅਰਥਾਤ ਅਦ੍ਰਿਸ਼ਟ ਹੁੰਦੇ ਹਨ ਪਰੰਤੂ ਅਭਾਵ ਕਿਸੇਦਾ ਨਹੀਂ ਹੁੰਦਾ, ਇੱਸੇਤਰਾਂ ਅਦ੍ਰਿਸ਼ਟ ਹੋਨ ਥੀਂ ਜੀਵਦਾ ਭੀ ਅਭਾਵ ਨਾ ਮੰਨਨਾ ਚਾਹੀਏ। ਜਦ ਜੀਵਾਤਮਾ ਸ਼ਰੀਰ ਦੇ ਨਾਲ ਹੁੰਦਾ ਹੈ ਤਦਹੀ ਉਸਦੀ ਪ੍ਰਗਟਤਾ ਹੁੰਦੀ ਹੈ, ਜਦ ਸ਼ਰੀਰ ਨੂੰ ਛਡ ਦਿੰਦਾ ਹੈ ਤਦ ਏਹ ਸ਼ਰੀਰ ਜੋ ਮੌਤ ਨੂੰ ਪ੍ਰਾਪਤ ਹੋਇਆ ਹੈ ਓਹ ਜੇਹਾ ਚੇਤਨ ਨਾਲ ਮਿਲਿਆ ਹੋਇਆ ਪਹਿਲਾਂ ਸੀ ਉਹੋ ਜੇਹਾ ਨਹੀਂ ਹੋ ਸਕਦਾ, ਇਹਾ ਹੀ ਗੱਲ ਬ੍ਰਿਹਦਾਰਣ੍ਯਕ ਵਿੱਚ ਕਹੀ ਹੈ :—

ਨਾਹੰ ਮੋਹੰ ਬ੍ਰਵੀਮਿ ਅਨੁੱਛਿੱਤਧਰਮਾਯਮਾਤਮੇਤਿ ॥

ਯਾਗਵਲਕ ਕਹਿੰਦੇ ਹਨ ਕਿ ਹੇ ਮੈਤ੍ਰੇਈ! ਮੈਂ ਮੋਹ ਕਰਕੇ ਗੱਲ ਨਹੀਂ ਕਹਿੰਦਾ ਕਿੰਤੂ ਆਤਮਾ ਨਾਸ਼ ਥੀਂ ਰਹਿਤ ਹੈ, ਜਿਸ ਦੇ ਮਿਲਨ ਨਾਲ ਸ਼ਰੀਰ ਵਿਹਾਰ ਕਰਦਾ ਹੈ, ਜਦ ਜੀਵ ਸ਼ਰੀਰ ਨਾਲੋਂ ਅਲਗ ਹੋ ਜਾਂਦਾ ਹੈ ਤਦ ਸ਼ਰੀਰ ਵਿਚ ਗਿਆਨ ਕੁਝ ਭੀ ਨਹੀਂ ਰਹਿੰਦਾ, ਜੇਕਰ ਸ਼ਰੀਰ ਥੀਂ ਅਲਗ ਆਤਮਾ ਨਾ ਹੋਵੇ ਤਾਂ ਜਿਸਦੇ ਮਿਲਨ ਨਾਲ ਚੇਤਨਤਾ, ਅਰ ਵਿਛੜਨ ਥੀਂ ਜੜਤਾ ਹੁੰਦੀ ਹੈ ਓਹ ਸ਼ਰੀਰ ਥੀਂ ਅਲਗ ਹੈ, ਜਿਸ ਤਰਾਂ ਅੱਖ ਸਾਰਿਆਂ ਨੂੰ ਦੇਖਦੀ ਹੈ ਪਰੰਤੂ ਅਪਨੇ ਨੂੰ ਨਹੀਂ, ਇਸੇ ਤਰਾਂ ਪ੍ਰਤਖਛ ਦਾ ਕਰਨ ਵਾਲਾ ਅਪਨੇ ਨੂੰ ਇੰਦ੍ਰੀਆਂ ਨਾਲ ਪ੍ਰਤਖਛ ਨਹੀਂ ਕਰ ਸਕਦਾ ਜਿਸ ਤਰਾਂ ਅਪਨੀ

ਅੱਖ ਨਾਲ ਸਾਰੇ ਘੜਾ, ਵਸਤ੍ਰ ਆਦੀ ਪਦਾਰਥ ਦੇਖਦਾ ਹੈ ਉਸੇਤਰਾਂ ਅੱਖ ਨੂੰ ਅਪਨੇ ਗਿਆਨ ਨਾਲ ਦੇਖਦਾ ਹੈ। ਜੋ ਦ੍ਰਸ਼ਟਾ ਹੈ ਓਹ ਦ੍ਰਸ਼ਟਾ ਹੀ ਰਹਿੰਦਾ ਹੈ ਦ੍ਰਿਸ਼ਯ ਕਦੀ ਨਹੀਂ ਹੁੰਦਾ, ਜੀਕਨ ਬਿਨਾ ਆਧਾਰ ਆਧੇਯ, ਕਾਰਣ ਦੇ ਬਿਨਾ ਕਾਰਯ, ਅੰਗਾਂ ਵਾਲੇ ਦੇ ਬਿਨਾ ਅੰਗ, ਅਰ ਕਰਤਾ ਦੇ ਬਿਨਾ ਕਰਮ ਨਹੀਂ ਰਹ ਸਕਦੇ, ਉੱਕਨ ਕਰਤਾ ਦੇ ਬਿਨਾ ਪ੍ਰਤਖਛ ਕਿਸ ਤਰਾਂ ਹੋ ਸਕਦਾ ਹੈ ? ਜੇਕਰ ਸੁੰਦਰ ਇਸਤ੍ਰੀ ਦੇ ਨਾਲ ਸਮਾਗਮ ਕਰਨੇ ਹੀ ਨੂੰ ਉੱਦਮ ਦਾ ਫਲ ਮੰਨੀਏਂ ਤਾਂ ਖਛਣਕ ਸੁਖ ਅਰ ਉਸ ਥੀਂ ਦੁੱਖ ਭੀ ਹੁੰਦਾ ਹੈ ਓਹ ਭੀ ਉੱਦਮ ਹੀ ਦਾ ਫਲ ਹੋਵੇਗਾ, ਜਦ ਅਜੇਹਾ ਹੈ ਤਾਂ ਸ੍ਵਰਗ ਦਾ ਘਾਟਾ ਹੋਨ ਥੀਂ ਦੁੱਖ ਪਾਨਾ ਪਵੇਗਾ, ਜੇਕਰ ਆਖੋ ਦੁਖ ਦੇ ਛੁਡਾਨ ਅਰ ਸੁਖ ਦੇ ਵਧਾਨ ਵਿਚ ਯਤਨ ਕਰਨਾ ਚਾਹੀਏ ਤਾਂ ਮੁਕਤੀ ਸੁਖ ਦੀ ਹਾਨੀ ਹੋ ਜਾਂਦੀ ਹੈ, ਏਸ ਵਾਸਤੇ ਓਹ ਉੱਦਮ ਦਾ ਫਲ ਨਹੀਂ। (ਚਾਰਵਾਕ) ਜੇਹੜੇ ਦੁੱਖ ਨਾਲ ਮਿਲੇ ਹੋਏ ਸੁਖ ਦਾ ਤ੍ਯਾਗ ਕਰਦੇ ਹਨ ਓਹ ਮੂਰਖ ਹਨ, ਜੀਕਨ ਦਾਨਿਆਂ ਦੀ ਇਛਿਆ ਵਾਲਾ ਦਾਨਿਆਂ ਦਾ ਗ੍ਰਹਣ ਅਰ ਛਿਲੜਾਂ ਦਾ ਤ੍ਯਾਗ ਕਰਦਾ ਹੈ, ਉਸੇ ਤਰਾਂ ਜਗਤ ਵਿਚ ਬੁਧਵਾਨ ਸੁਖ ਦਾ ਗ੍ਰਹਣ ਅਰ ਦੁੱਖ ਦਾ ਤ੍ਯਾਗ ਕਰਨ, ਕਿਸ ਕਰਕੇ ਏਸ ਲੋਕ ਦੇ ਪਾਸ ਹੁੰਦੇ ਸੁਖ ਨੂੰ ਛੱਡਕੇ ਨਾ ਪਾਸ ਹੁੰਦੇ ਸ੍ਵਰਗ ਦੇ ਸੁਖ ਦੀ ਇਛਿਆ ਕਰਕੇ ਧੂਰਤਾਂ ਕਰਕੇ ਕਹੇ ਹੋਏ ਵੇਦੋਕਤ 'ਅਗਨੀਹੋਤ੍ਰ' ਆਦੀ ਕਰਮ ਉਪਾਸਨਾ ਅਰ ਗਿਆਨਕਾਂਡ ਦਾ ਸੇਵਨ ਪਰਲੋਕ ਦੇ ਵਾਸਤੇ ਕਰਦੇ ਹਨ ਓਹ ਅਗਿਆਨੀ ਹਨ, ਜੇਹੜਾ ਪਰਲੋਕ ਹੈ ਹੀ ਨਹੀਂ ਤਾਂ ਉਸਦੀ ਆਸ਼ਾ ਕਰਨੀ ਮੂਰਖਤਾ ਦਾ ਕੰਮ ਹੈ ਕਿਸ ਕਰਕੇ :—

ਅਗਨਿਹੋਤ੍ਰੰਤ੍ਰਯੋ ਵੇਦਾਸਤ੍ਰਿਦੰਡੰ ਭਸ੍ਮਗੁੰਠਨਮ।
ਬੁੱਧਿਪੌਰੁਸ਼ਹੀਨਾਨਾਂ ਜੀਵਕੇਤਿ ਬ੍ਰਿਹਸਪਤਿਃ॥

ਚਾਰਵਾਕਮਤ ਚਲਾਨ ਵਾਲਾ ਬ੍ਰਿਹਸਪਤੀ ਕਹਿੰਦਾ ਹੈ ਕਿ ਅਗਨੀਹੋਤ੍ਰ ਤ੍ਰਿੰਨਵੇਦ, ਤ੍ਰਿੰਨਦੰਡ, ਅਰ ਭਸਮ ਦਾ ਲਗਾਨਾ ਬੁੱਧੀ ਅਰ ਉੱਦਮ ਰਹਿਤ ਪੁਰੁਸ਼ਾਂ ਨੇ ਜੀਵਕਾ ਬਨਾ ਲਈ ਹੈ। ਕਿੰਤੂ ਕੰਡੇ ਲਗਾਨੇ ਆਦੀ ਥੀਂ ਉਤਪੰਨ ਹੋਏ ਦੁੱਖ ਦਾ ਨਾਮ ਨਰਕ, ਲੋਕ ਸਿੱਧ ਰਾਜਾ ਪਰਮੇਸ਼੍ਵਰ ਅਰ ਸ਼ਰੀਰ ਦਾ ਮਰਨ ਹੋਨਾ ਮੋਖਛ ਹੋਰ ਕੁਛ ਭੀ ਨਹੀਂ ਹੈ॥

(ਉੱਤਰ) ਵਿਸ਼ਯਰੂਪੀ ਸੁਖ ਮਾਤ੍ਰ ਨੂੰ ਉੱਦਸ ਦਾ ਫਲ ਮੰਨਕੇ ਵਿਸ਼ਯ ਦੁੱਖ ਦੂਰ ਕਰਨਮਾਤ੍ਰ ਵਿਚ ਕ੍ਰਿਤ ਕ੍ਰਿਤਜਤਾ, ਹੋਰ ਸ੍ਵਰਗ ਮੰਨਨਾ ਮੂਰਖਤਾ ਹੈ, ਅਗਨੀਹੋਤ੍ਰ ਆਦੀ ਯੱਗਾਂ ਕਰਕੇ ਹਵਾ, ਮੀਂਹ, ਪਾਨੀ, ਦਾ ਸਫਾਈ ਦੁਆਰਾ ਅਰੋਗਤਾ ਦਾ ਹੋਨਾ, ਉਸ ਥੀਂ ਧਰਮ, ਅਰਥ, ਕਾਮ, ਮੋਖਛ ਦੀ ਸਿੱਧੀ ਹੁੰਦੀ ਹੈ, ਉਸਨੂੰ ਨਾ ਜਾਨਕੇ ਵੇਦ, ਈਸ਼੍ਵਰ ਅਰ ਵੇਦੋਕਤ ਧਰਮ ਦੀ ਨਿੰਦਿਆ

ਕਰਨੀ ਧੂਰਤਤਾ ਦਾ ਕੰਮ ਹੈ। ਜੇਹੜੇ ਤੇਦੰਡ ਅਰ ਭਸਮ ਧਾਰਣ ਦਾ ਖੰਡਨ ਹੈ ਓਹ ਠੀਕ ਹੈ। ਜੇਕਰ ਕੰਡੇ ਆਦੀ ਥੀਂ ਉਤਪੰਨ ਹੋਏ ਦੁੱਖ ਦਾ ਨਾਮ ਨਰਕ ਹੋਵੇ ਤਾਂ ਉਸ ਨਾਲੋਂ ਵਧੀਕ ਵੱਡੇ ਰੋਗ ਆਦੀ ਨਰਕ ਕਿਉਂ ਨਹੀਂ ? ਯੱਦਪੀ ਰਾਜਾ ਨੂੰ ਐਸ਼੍ਵਰਯ ਵਾਲਾ ਅਰ ਪ੍ਰਜਾ ਪਾਲਨ ਵਿਚ ਸਾਮਰਥ ਹੋਨੇ ਕਰਕੇ ਅੱਛਾ ਮੰਨੀਏਂ ਤਾਂ ਠੀਕ ਹੈ, ਪਰੰਤੂ ਜੇਹੜਾ ਅਨਿਆਯ ਕਰਨ ਵਾਲਾ ਪਾਪੀ ਰਾਜਾ ਹੋਵੇ ਉਸ ਨੂੰ ਭੀ ਪਰਮੇਸ਼੍ਵਰ ਵਾਙਣ ਮੰਨਦੇ ਹੋ ਤਾਂ ਤੁਹਾਡੇ ਜੇਹਾ ਕੋਈ ਭੀ ਮੂਰਖ ਨਹੀਂ। ਸ਼ਰੀਰ ਦਾ ਛੁੱਟਨਾ ਮਾਤ੍ਰ ਮੋਖਛ ਹੈ ਤਾਂ ਖੋਤੇ, ਕੁੱਤੇ ਆਦੀ ਅਰ ਤੁਹਾਡੇ ਵਿਚ ਕੀ ਫਰਕ ਰਹਿਆ ? ਕਿੰਤੂ ਸ਼ਕਲਮਾਤ੍ਰ ਹੀ ਵਖਰੀ ਰਹੀ॥

(ਚਾਰਵਾਕ) :—

ਅਗ੍ਰਿਰੁਸ਼ਣੋ ਜਲੰ ਸ਼ੀਤੰ ਸ਼ੀਤਸਪਰਸ਼ਸਤਥਾਨਿਲਃ।
ਕੇਨੇਦੰਚਿਤ੍ਰਿਤੰਤਸਮਾਤਸ੍ਵਭਾਵੱਾਤਦ੍ਵਜਵਸਥਿਤਿਃ॥ ੧॥
ਨਸ੍ਵਰਗੋ ਨਾਅਪਵਰਗੋ ਵਾ ਨੈਵਾਤਮਾ ਪਾਰਲੌਕਿਕਃ।
ਨੈਵਵਰਣਾਸ਼੍ਰਮਾਦੀਨਾਂਕ੍ਰਿਯਾਸ਼ਚਫਲਦਾਇਕਾਃ॥੨॥
ਪਸ਼ੁਸ਼ਚੇੱਨਿਹਤਃ ਸ੍ਵਰਗੰ ਜਜੋਤਿਸ਼ਟੋਮੇ ਗਮਿਸ਼ਜਤਿ।
ਸ੍ਵਪਿਤਾ ਯਜਮਾਨੇਨ ਤਤ੍ਰ ਕਸਮਾੱਨ ਹਿੰਸਜਤੇ॥ ੩॥
ਮ੍ਰਿਤਾਨਾਮਪਿ ਜੰਤੂਨਾਂ ਸ਼੍ਰਾੱਧੰ ਚੇੱਤ੍ਰਿਪਤਿਕਾਰਣਮ।
ਗੱਛਤਾਮਿਹ ਜੰਤੂਨਾਂ ਵਜਰਥੰ ਪਾਥੇਯਕਲਪਨਮ॥੪॥
ਸ੍ਵਰਗਸਥਿਤਾਯਦਾ ਤ੍ਰਿਪਤਿਗੱਛੇਯੁਸਤਤ੍ਰ ਦਾਨਤਃ॥
ਪ੍ਰਾਸਾਦਸਜੋਪਰਿਸਥਾਨਾਮਤ੍ਰ ਕਸਮਾੱਨਦੀਯਤੇ॥ ੫॥
ਯਾਵੱਜੀਵੇਤਸੁਖੰਜੀਵੇਦ੍ਰਿਣੰ ਕ੍ਰਿਤ੍ਵਾ ਘ੍ਰਿਤੰ ਪਿਵੇਤ।
ਭਸਮੀਭੂਤਸਜ ਦੇਹਸਜ ਪੁਨਰਾਗਮਨੰ ਕੁਤਃ॥ ੬॥
ਯਦਿ ਗੱਛੇਤਪਰੰ ਲੋਕੰ ਦੇਹਾਦੇਸ਼ ਵਿਨਿਰਗਤਃ।
ਕਸਮਾਦਭੂਯੋ ਨ ਚਾਯਾਤਿ ਬੰਧੁਸਨੇਹਸਮਾਕੁਲਃ॥੭॥

तत्श्च जीवनोंपायो ब्राह्मणैरविहितस्तविह ।
मृतानां प्रेतकार्यादिनत्वनज्ञद्दिजतेक्वचित ॥८॥
त्रयो वेदस्य कर्त्तारो भंडधूर्त्तनिशाचराः ।
जरफरीत्तुरफरीत्यादि पंडितानांवचंसमृतम॥९
अश्वसत्यात्रिहिंसनंतुपतनीगाहनंपूकीरतितम ।
भंडैसतदूतपरं चैव गाहनंतुपूकीरतितम॥१०॥
मांसानांखादनं तद्वन्निशाचरसमीरितम ॥ ११ ॥

चारवाक, आभाणक, बौंध अर जैन भी जगत दी उतपॉती सुभाव थीं मंनदे हन । जेहड़ा जेहड़ा सुभावक गुण है उस उस थीं द्वयसंयुकत होके सारे पदारथ बनदे हन, कोई जगत दा थनान वाला नहीं ।।१ ॥ परंतू इनां विचों चारवाक एसतरां मंनदाहै, किंतू परलोक अर जीवातमा बौंध, जैन मंनदे हन, चारवाक नहीं, थाकी इनां तिंनां दा मत कोई कोई गॉल छॉडके इॉको जेहा है । ना कौंई सुरग ना कोई नरक, अर ना कोई परलोक विच जान वाला आतमा है, अर ना वरण,आसूम दी क्रिआ फल देन वाली है ॥ २ ॥ जेकर 'यॉग' विच पसू नूं मारके होम करने थीं ओह सुरग नूं जांदा होवे तां यजमान अपने पिउ आदी नूं मार होम करके सुरग नूं किउं नहीं भेजदा? ॥ ३ ॥ जेकर मोए होए जीवां दा स्राध अर तरपण रजान वाला हुंदा है तां परदेस विच जान वाले दे रसते विच गुजारे वासते अंन कपड़ा अर थन आदी नूं किउं लै जांदे हन? किउंकि जीकन मोए होए दे नाम करके दिंता होइआ पदारथ सुरग विच पुंजदा है तां परदेस विच जान वालिआं दे वासते उनां दे साक भी घर विच उनां दे नाम ते अरपण करके देसांतर विच पुचा देन, जेकर इह नहीं पुंजदा तां सुरग विच ओह किउंकर पुंज सकदा है ? ॥ ४ ॥ जेकर मरतलोक विच दान करन करके सुरगवासी रॉजदे हन तां हेठां देन थीं घरदे उपर बैठा होइआ पुरुस रॉजदा किउं नहीं?॥ ५ ॥ एस वासते जिथों तक जीवे, सुख नाल जीवे,जेकर घर विच पदारथ ना होवे तां करजा लैके खुसी करे, करजा देना ना पवेगा, कि-

ਉਂਕਿ ਜਿਸ ਸ਼ਰੀਰ ਵਿਚ ਜੀਵਨੇ ਖਾਦਾ ਪੀਤਾ ਹੈ ਉਨ੍ਹਾਂ ਦੁਹਾਂਦਾ ਫੇਰ ਆਉਨਾ ਨਾ ਹੋਵੇਗਾ ਫੇਰ ਕਿਸ ਪਾਸੋਂ ਕੌਨ ਮੰਗੇਗਾ ਅਰ ਕੇਹੜਾ ਦੇਵੇਗਾ ? ?॥ ੬ ॥ ਜੇਹੜੇ ਲੋਗ ਕਹਿੰਦੇ ਹਨ ਕਿ ਮੌਤ ਦੇ ਵੇਲੇ ਜੀਵ ਨਿਕਲਕੇ ਪਰਲੋਕ ਨੂੰ ਜਾਂਦਾ ਹੈ ਇਹ ਗੱਲ ਝੂਠੀ ਹੈ, ਕਿਉਂਕਿ ਜੇਕਰ ਅਜੇਹਾ ਹੁੰਦਾ ਤਾਂ ਕੁਟੰਬ ਦੇ ਮੋਹ ਕਰਕੇ ਬੱਧਾ ਹੋਇਆ ਹੋਕੇ ਫੇਰ ਘਰ ਵਿਚ ਕਿਉਂ ਨਹੀਂ ਆ ਜਾਂਦਾ ? ॥ ੭ ॥ ਏਸ ਵਾਸਤੇ ਇਹ ਸਬ,ਬ੍ਰਾਹਮਣਾਂ ਨੇ ਅਪਨੀ ਜੀਵਿਕਾ ਦਾ ਉਪਾਯ ਕੀਤਾ ਹੈ, ਜੇਹੜੇ ਦਸ਼ਪਿੰਡੀ ਆਦੀ ਮ੍ਰਿਤਕ ਕ੍ਰਿਆ ਕਰਦੇ ਹਨ ਇਹ ਸਾਰੀ ਉਨ੍ਹਾਂ ਦੀ ਜੀਵਿਕਾ ਦੀ ਲੀਲਾ ਹੈ ॥ ੮ ॥ ਵੇਦ ਦੇ ਬਨਾਨਵਾਲੇ ਭੰਡ, ਧੂਰਤ ਅਰ ਨਿਸ਼ਾਚਰ ਅਰਥਾਤ ਰਾਖਛਸ ਇਹ ਤਿੰਨ ਹਨ 'ਜਰਫਰੀ" ਤੁਰਫਰੀ'ਇਤਿ-ਆਦੀ ਪੰਡਿਤਾਂ ਦੇ ਧੂਰਤਤਾ ਨਾਲ ਮਿਲੇ ਵਚਨ ਹਨ ॥ ੯ ॥ ਵੇਖੋ ! ਧੂਰਤਾਂ ਦੀ ਬਨਾਉਟ ਘੋੜੇ ਦੇ ਲਿੰਗ ਨੂੰ ਇਸਤ੍ਰੀ ਗ੍ਰਹਣ ਕਰੇ, ਉਸਦੇ ਨਾਲ ਸਮਾਗਮ ਯਜਮਾਨ ਦੀ ਇਸਤ੍ਰੀ ਦਾ ਕਰਾਨਾ, ਕੰਨਿਆਂ ਨਾਲ ਠੱਠਾ ਆਦੀ ਲਿਖਨਾ ਧੂਰਤਾਂ ਦੇ ਬਿਨਾ ਨਹੀਂ ਹੋ ਸਕਦਾ ॥ ੧੦ ॥ ਅਰ ਜੋ ਮਾਂਸ ਦਾ ਖਾਨਾ ਲਿਖਿਆ ਹੈ ਓਹ ਵੇਦਭਾਗ ਰਾਖਛਸ ਦਾ ਬਨਾਇਆ ਹੈ ॥ ੧੧ ॥

(ਉੱਤਰ) ਬਿਨਾ ਚੇਤਨ ਪਰਮੇਸ਼ੁਰ ਦੇ ਰਚਨਾ ਕੀਤੇ ਜੜ ਪਦਾਰਥ ਅਪਨੇ ਆਪ ਆਪਸ ਵਿਚ ਸੁਭਾਵ ਥੀਂ ਨੇਮ ਕਰਕੇ ਮਿਲਕੇ ਉਤਪੰਨ ਨਹੀਂ ਹੋ ਸਕਦੇ। ਜੇਕਰ ਸੁਭਾਵ ਹੀ ਥੀਂ ਹੁੰਦੇ ਹੋਨ ਤਾਂ ਦੂਜੇ ਸੂਰਯ ਚੰਦ੍ਰਮਾ, ਪ੍ਰਿਥਿਵੀ, ਤਾਰੇ ਆਦੀ ਲੋਕ ਆਪਥੀਂ ਆਪ ਕਿਉਂ ਨਹੀਂ ਬਨ ਜਾਂਦੇ ਹਨ ? ॥ ੧ ॥ ਸ੍ਵਰਗ ਸੁਖਭੋਗ, ਨਰਕ ਦੁੱਖਭੋਗ ਦਾ ਨਾਮ ਹੈ। ਜੇਕਰ ਜੀਵਾਤਮਾ ਨਾ ਹੁੰਦਾ ਤਾਂ ਸੁਖ ਦੁਖ ਦਾ ਭੋਗਤਾ ਕੇਹੜਾ ਹੋ ਸਕੇ? ਜਿਸਤਰਾਂ ਏਸਵੇਲੇ ਸੁਖ ਦੁੱਖ ਦਾ ਭੋਗਤਾ ਜੀਵ ਹੈ, ਉੱਸੇਤਰਾਂ ਪਰਜਨਮ ਵਿਚ ਭੀ ਹੁੰਦਾ ਹੈ। ਕੀ ਸੱਚ ਬੋਲਨਾ, ਪਰੋਪਕਾਰ ਆਦੀ ਕ੍ਰਿਆ ਭੀ ਵਰਣਾਸ਼ੂਮੀਆਂ ਦੀ ਨਿਸ਼ਫਲ ਹੋਨਗੀਆਂ, ਕਦੀ ਨਹੀਂ ॥ ੨ ॥ ਪਸ਼ੂ ਮਾਰਕੇ ਹੋਮ ਕਰਨਾ ਵੇਦ ਆਦੀ ਸਤ-ਸ਼ਾਸਤ੍ਰਾਂ ਵਿਚ ਕਿਧਰੇ ਨਹੀਂ ਲਿਖਿਆ, ਅਰ ਮ੍ਰਿਤਕਾਂ ਦਾ ਸ਼੍ਰਾਧ, ਤਰਪਣ ਕਰਨਾ ਮਨਘੜਤ ਹੈ, ਕਿਉਂਕਿ ਇਹ ਵੇਦ ਆਦੀ ਸਤ ਸ਼ਾਸਤ੍ਰਾਂ ਦੇ ਵਿਰੁੱਧ ਹੋਨ ਕਰਕੇ ਭਾਗਵਤ ਆਦੀ ਪੁਰਾਣ ਮਤਵਾਲਿਆਂ ਦਾ ਮਤ ਹੈ, ਏਸ ਵਾਸਤੇ ਏਸ ਗੱਲਦਾ ਖੰਡਨ ਖੰਡਨ ਦੇ ਯੋਗ ਨਹੀਂ ਹੈ ॥ ੩ ॥ ੪ ॥ ੫॥ ਜੇਹੜੀ ਵਸਤੂ ਹੈ ਉਸਦਾ ਅਭਾਵ ਕਦੀ ਨਹੀਂ ਹੁੰਦਾ, ਵਿਦਜਮਾਨ ਜੀਵਦਾ ਅਭਾਵ ਨਹੀਂ ਹੋ ਸਕਦਾ,ਸ਼ਰੀਰ ਭਸਮ ਹੋ ਜਾਂਦਾ ਹੈ ਜੀਵ ਨਹੀਂ, ਜੀਵ ਤਾਂ ਦੂਜੇ ਸ਼ਰੀਰ ਵਿਚ ਜਾਂਦਾ ਹੈ, ਏਸਵਾਸਤੇ ਜੋ ਕੋਈ ਕਰਜ਼ਾ ਆਦੀ ਕਰਕੇ ਬਗਾਨੇ ਪਦਾਰ-ਥਾਂ ਨਾਲ ਏਸ ਲੋਕ ਵਿਚ ਭੋਗ ਕਰਕੇ ਨਹੀਂ ਦਿੰਦੇ ਹਨ ਓਹ ਨਿਸ਼ਚੇ ਪਾਪੀਹੋਕੇ ਦੂਜੇ ਜਨਮਵਿਚ ਦੁੱਖਰੂਪੀ ਨਰਕ ਭੋਗਦੇਹਨ, ਏਸ ਵਿਚ ਕੁਝਭੀ ਸੰਸ਼ਯ ਨਹੀਂ

॥ ६ ॥ शरीर थीं निकलके जीव होरी जगह, अर होरी शरीर नूं प्राप्त हुंदा है अत उसनूं पहिले जनम तथा कुटंब अदी दा गिआन कुझ भी नहीं रहिंदा एस वासते फेर कुटंब विच नहीं आ सकदा ॥ ७ ॥ हां ब्राहमणां ने पेट करम अपनी जीविका वासते बनालिआ है, परंतु वेदोकत ना होन करके खंडन योग है ॥ ८ ॥ हुन दसीऐ जो चारवाक आदी ने वेद आदी सत शासत्र वेख, सुने, वा पड़े हुंदे तां वेदां दी निंदिआ कदी ना करदे कि वेद भंड धूरत अर राखछस वाछन पुरुशां ने बनाऐ हन, अजेहा वचन कदी ना कॱढदे,हां भंड धूरत निशाचर वाछण महीधर आदी टीकाकार होऐ हन, उनूं दी धूरतता है वेदां दी नहीं, परंतु शोक है चारवाक, आभाणक, बौॱध, अर जैनीआं उॱपर कि इनूं ने मूल चार वेदां दी संखितां नूं भी ना वेखिआ, ना सुनिआ, अर ना किसे विदवान पासों पड़िआं, एस वासते नशट बुशट बुॱधी होके ऊटपटांग वेदां दी निंदिआ करन लॱगे, दुशट वाममारगीआं दी प्रमाण तों बिना मनघड़त, बुशट टीकां नूं वेखके वेदां थीं विरोधी होके अविदिआ रूपी अगाध समुद् विच जा डिॱगे ॥ ९ ॥ भला विचारनाचाहीऐ कि इसदी पासों घोड़े दा लिंग गृहण कराके उस नाल समागम कराना अर यजमान दी कैनिआं नाल हंसी ठॱठा आदी करना बिना वाममारगी लोगां थीं होरनां मनुॱशां दा कंम नहीं, बिना इनूं महा पापी वाममारगीआं दे, बुशट वेदां दे अरथां नालों उलटा अशुॱध विआखिआन कौन करदा? अतयंत शोक तां इनूं चारवाक आदी उॱपर है जो कि बिना विचारे वेदां दी निंदिआ करन उॱपर तछपर होऐ, थोड़ा तां अपनी बुॱधी नाल कंम लैंदे। की करन विचारे उनूं विच इॱनी विदिआ ही नहीं सी जो सॱच, झूठ दा विचार कर सॱच दा मंडन अर झूठ दा खंडन करदे॥ १० ॥ अर जो मांसखाना लिखिआतै इह भी उनूं ही वाममारगी टीकाकारां दी लीला है, एस वासते उनूं नूं राखछस कहना योग है परंतु वेदां विच किसे जगह मांस दा खाना नहीं लिखिआ, एस वासते इतिआदी झूठी गॱलां दा पाप उनूं टीकाकारां नूं अर जिनूं ने वेदां दे जाने, सुने बिना मन मानी निंदिआ कीती है निरमैदेह उनूं नूं लॱगेगा। सच तां इहहैकि जिनूंने वेदां नाल विरोध कीता अर करदे हन अर करनगे,ओह ज़रूर अविदिआ रूपी हनेरे विच पैके सुखदे बदले डाढा दुख जिॱना पाउन

ਉੱਨਾ ਹੀ ਥੋੜਾ ਹੈ, ਏਸ ਵਾਸਤੇ ਮਨੁੱਸ਼ਮਾਤ੍ਰ ਨੂੰ ਵੇਦ ਦੇ ਅਨੁਸਾਰ ਚੱਲਨਾ ਅੱਛੀ ਤਰਾਂ ਯੋਗ ਹੈ ॥ ੧੧ ॥ ਜੋ ਵਾਮਮਾਰਗੀਆਂ ਨੇ ਝੂਠਾ ਮਨਘੜਤ ਕਰਕੇ ਵੇਦਾਂ ਦੇ ਨਾਮ ਥੀਂ ਅਪਨਾ ਮਤਲਬ ਸਿੱਧ ਕਰਨਾ ਅਰਥਾਤ ਅਪਨੀ ਇੱਛਿਆ ਦੇ ਅਨੁਸਾਰ ਸ਼ਰਾਬ ਪੀਨੇ, ਮਾਂਸ ਖਾਨੇ ਅਰ ਬਿਗਾਨੀ ਇਸਤ੍ਰੀ ਗਮਨ ਕਰਨੇ ਆਦੀ ਖੋਟੇ ਕੰਮਾਂ ਦੀ ਪ੍ਰਵ੍ਰਿਤੀ ਹੋਨ ਦੇ ਵਾਸਤੇ ਵੇਦਾਂ ਨੂੰ ਕਲੰਕ ਲਗਾਇਆ, ਇਨ੍ਹਾਂਹੀ ਗਲਾਂ ਨੂੰ ਵੇਖਕੇ ਚਾਰਵਾਕ, ਬੌੱਧ ਤਥਾ ਜੈਨ ਲੋਗ ਵੇਦਾਂ ਦੀ ਨਿੰਦਿਆ ਕਰਨ ਲੱਗੇ, ਅਰ ਵੱਖਰਾ ਇਕ ਵੇਦ ਵਿਰੁੱਧ ਅਨੀਸ਼੍ਵਰਵਾਦ ਅਰਥਾਤ ਨਾਸਤਿਕ ਮਤ ਚਲਾਇਆ। ਜੇਕਰ ਚਾਰਵਾਕ ਆਦੀ ਵੇਦਾਂ ਦਾ ਮੂਲ ਅਰਥ ਵਿਚਾਰਦੇ ਤਾਂ ਝੂਠੀ ਟੀਕਾ ਨੂੰ ਵੇਖਕੇ ਸਚੇ ਵੇਦੋਕਤ ਮਤ ਥੀਂ ਕਿਉਂ ਹੱਥ ਧੋ ਬੈਹੰਦੇ ? ਕੀ ਕਰਨ ਵਿਚਾਰੇ "ਵਿਨਾਸ਼ਕਾਲੇ ਵਿਪਰੀਤ ਬੁਧੀ:" ਜਦ ਨਸ਼ਟ ਭ੍ਰਸ਼ਟ ਹੋਨ ਦਾ ਵੇਲਾ ਆਉਂਦਾ ਹੈ ਤਦ ਮਨੁੱਸ਼ ਦੀ ਉਲਟੀ ਬੁੱਧੀ ਹੋ ਜਾਂਦੀ ਹੈ, ਹੁਨ ਜੋ ਚਾਰਵਾਕ ਆਦਿਕਾਂ ਵਿਚ ਫਰਕ ਹੈ ਓਹ ਲਿਖਨੇ ਹਾਂ, ਇਹ ਚਾਰਵਾਕ ਆਦੀ ਬਹੁਤਸਾਰੀਆਂ ਗੱਲਾਂ ਵਿਚ ਇਕ ਹਨ, ਪਰੰਤੂ ਚਾਰਵਾਕ ਸ਼ਰੀਰਦੀ ਉਤਪੱਤੀ ਦੇ ਨਾਲ ਜੀਵਦੀ ਉਤਪੱਤੀ, ਅਰ ਉਸ ਦੇ ਮਰਨ ਦੇ ਨਾਲ ਹੀ ਜੀਵਦਾ ਭੀ ਨਾਸ਼ ਮੰਨਦਾ ਹੈ, ਪੁਨਰਜਨਮ ਅਰ ਪਰਲੋਕ ਨੂੰ ਨਹੀਂ ਮੰਨਦਾ, ਇੱਕ ਪ੍ਰਤੱਖਛ ਪ੍ਰਮਾਣ ਦੇ ਬਿਨਾ ਅਨਮਾਨ ਆਦੀ ਪ੍ਰਮਾਣਾਂ ਨੂੰ ਭੀ ਨਹੀਂ ਮੰਨਦਾ। ਚਾਰਵਾਕ ਸ਼ਬਦ ਦਾ ਅਰਥ ਜੇਹੜਾ ਬੋਲਨ ਵਿਚ ਚਤੁਰ ਅਰ ਵਿਸ਼ੇਸ਼ ਝਗੜਾ ਕਰਨ ਵਾਲਾ ਹੁੰਦਾ ਹੈ, ਅਰ ਬੌੱਧ, ਜੈਨ, ਪ੍ਰਤਖਛ ਆਦੀ ਚਾਰ ਪ੍ਰਮਾਣ, ਅਨਾਦੀ ਜੀਵ, ਪੁਨਰਜਨਮ, ਪਰਲੋਕ, ਅਰ ਮੁਕਤੀ ਨੂੰ ਭੀ ਮੰਨਦੇ ਹਨ, ਇਨਾਂ ਹੀ ਚਾਰਵਾਕ ਨਾਲੋਂ ਬੇਧੱ ਅਰ ਜੈਨੀਆਂ ਦਾ ਫਰਕ ਹੈ, ਪਰੰਤੂ ਨਾਸਤਿਕਤਾ, ਵੇਦ ਈਸ਼੍ਵਰ ਦੀ ਨਿੰਦਿਆ, ਪਰਾਏ ਮਤ ਵਿਚ ਦ੍ਵੇਸ਼, ਛੇ ਯਾਤਨਾ (ਅੱਗੇ ਕਹੇ ਛੀ ਕਰਮ) ਅਰ ਜਗਤ ਦਾ ਬਨਾਨ ਵਾਲਾ ਕੋਈ ਨਹੀਂ, ਇਤਿਆਦੀ ਗੱਲਾਂ ਵਿਚ ਸਾਰੇ ਇਕ ਹੀ ਹਨ, ਇਹ ਚਾਰਵਾਕ ਦਾ ਮਤ ਸੰਖੇਛਪ ਨਾਲ ਦਿਖਾ ਦਿੱਤਾ।

ਹੁਨ ਬੌੱਧਮਤ ਦੇ ਵਿਸ਼ੇ ਵਿਚ ਸੰਖਛੇਪ ਨਾਲ ਲਿਖਨੇ ਹਾਂ :—

ਕਾਰਯਕਾਰਣਭਾਵਾਦ੍ਵਾ ਸ੍ਵਭਾਵਾਦ੍ਵਾਨਿਯਾਮਕਾਤ।
ਅਵਿਨਾਭਾਵਨਿਯਮੋ ਦਰਸ਼ਨਾਂਤਰਦਰਸ਼ਨਾਤ ॥

ਕਾਰਯ ਕਾਰਣਭਾਵ ਅਰਥਾਤ ਕਾਰਯ ਦੇ ਦੇਖਨ ਥੀਂ ਕਾਰਣ ਅਰ ਕਾਰਣ ਦੇ ਦੇਖਨ ਥੀਂ ਕਾਰਯ ਆਦੀ ਦਾ ਸਾਖਛਾਤਕਾਰ ਪ੍ਰਤਖਛ ਤੋਂ ਬਾਕੀ ਵਿਚ ਅਨੁਮਾਨ ਹੁੰਦਾ ਹੈ, ਏਸਦੇ ਬਿਨਾ ਪ੍ਰਾਣੀਆਂ ਦੇ ਸਾਰੇ

ਵਿਹਾਰ ਪੂਰੇ ਨਹੀਂ ਹੋ ਸਕਦੇ, ਇਤਿਆਦੀ ਲਖਛਣਾਂ ਨਾਲੋਂ ਅਨੁਮਾਨ ਨੂੰ ਵਧੀਕ ਮੰਨਕੇ ਚਾਰਵਾਕ ਨਾਲੋਂ ਵੱਖਰੀ ਸ਼ਾਖਾ ਬੌੱਧਾਂ ਦੀ ਹੋਈ ਹੈ. ਬੌੱਧ ਚਹ੍ਹਾਂ ਤਰਾਂ ਦੇ ਹਨਃ—

ਇੱਕ–"ਮਾਧਮਿਕ" ਦੂਜਾ–"ਯੋਗਾਚਾਰ" ਤੀਜਾ–"ਸੌਤ੍ਰਾਂਤਿਕ" ਅਰ ਚੌਥਾ–"ਵੈਭਾਸ਼ਿਕ"। "ਬੁਦਧਜਾਨਿਰਵਰੱਤਤੇ ਸ ਬੌੱਧਃ" ਜੋ ਬੁੱਧੀ ਥੀਂ ਸਿੱਧ ਹੋਵੇ ਅਰਥਾਤ ਜੋ ਜੋ ਬਾਤ ਅਪਨੀ ਬੁੱਧੀ ਵਿਚ ਆਵੇ ਉਸ ਉਸ ਨੂੰ ਮੰਨੇ ਅਰ ਜੋ ਜੋ ਬੁੱਧੀ ਵਿਚ ਨਾ ਆਵੇ ਉਸਨੂੰ ਨਹੀਂ ਮੰਨੇ। ਇਨਾਂ ਵਿਚੋਂ ਪਹਿਲਾ "ਮਾਧਮਿਕ" ਸਬ ਸ਼ੂਨਜ ਮੰਨਦਾ ਹੈ ਅਰਥਾਤ ਜਿੰਨੇ ਪਦਾਰਥ ਹਨ ਓਹ ਸਾਰੇ ਸ਼ੂਨਜ ਅਰਥਾਤ ਆਦਿ ਵਿਚ ਨਹੀਂ ਹੁੰਦੇ, ਅੰਤ ਵਿਚ ਨਹੀਂ ਰਹਿੰਦੇ, ਵਿਚਕਾਰ ਜੋ ਮਲੂਮ ਹੁੰਦਾ ਹੈ ਓਹ ਭੀ ਮਲੂਮ ਹੋਨ ਦੇ ਵੇਲੇ ਵਿੱਚ ਹੈ ਪਿਛੋਂ ਸ਼ੂਨਜ ਹੋ ਜਾਂਦਾ ਹੈ, ਜਿਸਤਰਾਂ ਉਤਪੱਤੀ ਦੇ ਪਹਿਲਾਂ ਘੜਾ ਨਹੀਂ ਸੀ, ਭੱਜਨੇ ਦੇ ਪਿਛੋਂ ਨਹੀਂ ਰਹਿੰਦਾ, ਅਰ ਘੜੇਗਿਆਨ ਦੇ ਵੇਲੇ ਵਿਚ ਭਾਸਦਾ ਹੈ ਅਰ ਹੋਰੀ ਪਦਾਰਥ ਵਿਚ ਗਿਆਨ ਜਾਨੇਕਰਕੇ ਘੜਾ ਗਿਆਨ ਨਹੀਂ ਰਹਿੰਦਾ ਏਸ ਵਾਸਤੇ ਸ਼ੂਨਜਹੀ ਇਕ ਤਤ੍ਵ ਹੈ॥ ਦੂਜਾ "ਯੋਗਾਚਰ" ਜੇਹੜਾ ਬਾਹਰੋਂ ਸ਼ੂਨਜ ਮੰਨਦਾ ਹੈ ਅਰਥਾਤ ਪਦਾਰਥ ਅੰਦਰ ਗਿਆਨ ਵਿਚ ਮਲੂਮ ਹੁੰਦੇ ਹਨ, ਬਾਹਰ ਨਹੀਂ, ਜਿਸ ਤਰਾਂ ਘੜੇਦਾ ਗਿਆਨ ਆਤਮਾ ਵਿੱਚ ਹੈ ਤਦੇ ਮਨੁੱਸ਼ ਕਹਿੰਦਾ ਹੈ ਕਿ ਇਹ ਘੜਾ ਹੈ, ਜੇਕਰ ਅੰਦਰ ਗਿਆਨ ਨਾ ਹੋਵੇ ਤਾਂ ਨਹੀਂ ਕਹ ਸਕਦਾ ਅਜੇਹਾ ਮੰਨਦਾ ਹੈ। ਤੀਜਾ "ਸੌਤ੍ਰਾਂਤਿਕ" ਜੇਹੜਾ ਬਾਹਰ ਪਦਾਰਥ ਦਾ ਅਨੁਮਾਨ ਮੰਨਦਾ ਹੈ, ਕਿਸ ਕਰਕੇ ਬਾਹਰ ਕੋਈ ਪਦਾਰਥ ਸਾਂਗੋਪਾਂਗ ਪ੍ਰਤੱਖਛ ਨਹੀਂ ਹੁੰਦਾ, ਕਿੰਤੂ ਇਕ ਜਗਹ ਪ੍ਰਤਖਛ ਹੋਨ ਕਰਕੇਬਾਕੀ ਵਿਚ ਅਨੁਮਾਨ ਕੀਤਾ ਜਾਂਦਾ ਹੈ ਏਸਦਾ ਅਜੇਹਾ ਮਤ ਹੈ। ਚੌਥਾ "ਵੈਭਾਸ਼ਿਕ" ਹੈ ਉਸਦਾ ਮਤ ਬਾਹਰੋਂ ਪਦਾਰਥ ਪ੍ਰਤਖਛ ਹੁੰਦਾ ਹੈ ਅੰਦਰ ਨਹੀਂ, ਜਿਸ ਤਰਾਂ "ਇਹ ਨੀਲਾ ਘੜਾ ਹੈ" ਏਸ ਪ੍ਰਤੀਤੀ ਵਿਚ ਨੀਲਿਆਈ ਨਾਲ ਮਿਲੀ ਹੋਈ ਘੜੇ ਦੀ ਸ਼ਕਲ ਬਾਹਰ ਮਲੂਮ ਹੁੰਦੀ ਹੈ ਇਹ ਅਜੇਹਾ ਮੰਨਦਾ ਹੈ। ਯੱਦਪੀ ਇਨਾਂ ਦਾ ਆਚਾਰਯ 'ਬੁੱਧ' ਇੱਕ ਹੈ ਤਥਾਪੀ ਸ਼ਿੱਸ਼ਾਂ ਦੀ ਬੁੱਧੀਦੇ ਫਰਕ ਕਰਕੇ ਚੌਹਾਂ ਤਰਾਂ ਦੀਆਂ ਸ਼ਾਖਾ ਹੋ ਗਈਆਂ ਹਨ, ਜਿਸ ਤਰਾਂ ਸੂਰਯ ਦੇ ਭੁੱਬਨ ਵਿਚ ਯਾਰ ਪੁਰੁਸ਼ ਪਰਇਸਤ੍ਰੀਗਮਨ, ਅਰ ਵਿਦਵਾਨ ਸੱਚ ਬੋਲਨ ਆਦੀ ਅੱਛੇ ਕੰਮ ਕਰਦੇ ਹਨ ਵੇਲਾ ਇੱਕ ਹੈ ਪਰੰਤੂ ਅਪਨੀ ਅਪਨੀ ਬੁੱਧੀਦੇ ਅਨੁਸਾਰ ਵਖਰੇ ਵਖਰੇ ਵਿਹਾਰ ਕਰਦੇ ਹਨ॥

ਹੁਨ ਇਨਾਂ ਪਹਿਲਾਂ ਕਹੇ ਹੋਏ ਚੌਹਾਂ ਵਿਚੋਂ ਮਾਧਮਿਕ ਸਾਰਿਆਂ ਨੂੰ ਖਛਣਕ ਮੰਨਦਾ ਹੈ ਅਰਥਾਤ ਖਛਣ ਖਛਣ ਵਿਚ ਬੁੱਧੀ ਦੇ ਪਰੀਣਾਮ ਹੋਨ ਕਰਕੇ ਜੇਹੜਾ ਪਹਿਲੇ ਖਛਣ ਵਿਚ ਗਿਆਤ ਵਸਤੂ ਸੀ ਓਹੋ ਜਿਹਾ ਦੂਜੇ

ਖਛਣ ਵਿਚ ਨਹੀਂ ਰਹਿੰਦਾ ਏਸ ਵਾਸਤੇ ਸਾਰਿਆਂ ਨੂੰ ਖਛਣਕ ਮੰਨਨਾ ਚਾਹੀਏ, ਏਸ ਤਰਾਂ ਮੰਨਦਾ ਹੈ। ਦੂਜਾ "ਯੋਗਾਚਾਰ" ਜੋ ਪ੍ਰਵ੍ਰਿੱਤੀ ਹੈ ਸੋ ਸਾਰੀ ਦੁੱਖ ਰੂਪ ਹੈ, ਕਿਉਂਕਿ ਪ੍ਰਾਪਤੀ ਵਿਚ ਸੰਤੁਸ਼ਟ ਕੋਈ ਭੀ ਨਹੀਂ ਰਹਿੰਦਾ, ਇੱਕ ਦੀ ਪ੍ਰਾਪਤੀ ਵਿਚ ਦੂਸੈ ਦੀ ਇਛਿਆ ਬਨੀ ਹੀ ਰਹਿੰਦੀ ਹੈ ਏਸ ਤਰਾਂ ਮੰਨਦਾ ਹੈ। ਤੀਜਾ "ਸੌਤ੍ਰਾਂਤਿਕ" ਸਾਰੇ ਪਦਾਰਥ ਅਪਨੇ ਅਪਨੇ ਲਖਛਣਾਂ ਨਾਲ ਜਾਨੇ ਜਾਂਦੇ ਹਨ, ਜਿਸ ਤਰਾਂ ਗਊ ਦੀ ਨਿਸ਼ਾਨੀਆਂ ਨਾਲ ਗਊ, ਅਰ ਘੋੜੇ ਦੀ ਨਿਸ਼ਾਨੀਆਂ ਨਾਲ ਘੋੜਾ ਮਲੂਮ ਹੁੰਦਾ ਹੈ ਉੱਸੇ ਤਰਾਂ ਲਖਛਣ ਲਖਛ ਵਿਚ ਸਦਾ ਰਹਿੰਦੇ ਹਨ ਏਸ ਤਰਾਂ ਕਹਿੰਦਾ ਹੈ। ਅਰ ਚੌਥਾ "ਵੈਭਾਸ਼ਿਕ" ਸ਼ੂਨਜ ਹੀ ਨੂੰ ਇੱਕ ਪਦਾਰਥ ਮੰਨਦਾ ਹੈ ਪਹਿਲਾਂ "ਮਾਧਮਿਕ" ਸਾਰਿਆਂ ਨੂੰ ਸ਼ੂਨਜ ਮੰਨਦਾ ਹੈ ਉਸੇ ਦਾ ਪਖਛ "ਵੈਭਾਸ਼ਿਕ" ਦਾ ਭੀ ਹੈ, ਇਤਿਆਦੀ ਬੌਧਾਂ ਵਿਚ ਬਹੁਤ ਸਾਰੇ ਵਿਵਾਦ ਦੇ ਪਖਛ ਹਨ, ਏਸ ਪ੍ਰਕਾਰ ਚੌਹਾਂ ਤਰਾਂ ਦੀ ਭਾਵਨਾ ਮੰਨਦੇ ਹਨ॥

(ਉੱਤਰ) ਜੇਕਰ ਸਬ ਸ਼ੂਨਜ ਹੋਵੇ ਤਾਂ ਸ਼ੂਨਜ ਦਾ ਜਾਨਨ ਵਾਲਾ ਸ਼ੂਨਜ ਨਹੀਂ ਹੋ ਸਕਦਾ, ਅਰ ਜੇ ਸਬ ਸ਼ੂਨਜ ਹੋਵੇ ਤਾਂ ਸ਼ੂਨਜ ਸ਼ੂਨਜ ਨੂੰ ਨਾ ਜਾਨ ਸਕੇ, ਏਸ ਵਾਸਤੇ ਸ਼ੂਨਜ ਦਾ ਜਾਨਨ ਵਾਲਾ ਅਰ ਜਾਨਨੇ ਯੋਗ ਦੋ ਪਦਾਰਥ ਸਿੱਧ ਹੁੰਦੇ ਹਨ। ਅਰ ਜੋ "ਯੋਗਾਚਾਰ" ਬਾਹਰ ਸ਼ੂਨਜਪਨਾ ਮੰਨਦਾ ਹੈ ਤਾਂ ਪਰਬਤ ਏਸ ਦੇ ਅੰਦਰ ਹੋਨਾ ਚਾਹੀਏ, ਜੇਕਰ ਕਹੇ ਕਿ ਪਰਬਤ ਅੰਦਰ ਹੈ ਤਾਂ ਉਸਦੇ ਹਿਰਦੇ ਵਿਚ ਪਰਬਤ ਦੇ ਬਰਾਬਰ ਪੁਲਾੜ ਕਿੱਥੇ ਹੈ ? ਏਸ ਵਾਸਤੇ ਬਾਹਰ ਪਰਬਤ ਹੈ, ਅਰ ਪਰਬਤ ਦਾ ਗਿਆਨ ਆਤਮਾ ਵਿਚ ਰਹਿੰਦਾ ਹੈ। "ਸੌਤ੍ਰਾਂਤਿਕ" ਕਿਸੇ ਪਦਾਰਥ ਨੂੰ ਪ੍ਰਤਖਛ ਨਹੀਂ ਮੰਨਦਾ ਤਾਂ ਓਹ ਆਪ ਸ੍ਰੁਯੰ ਅਰ ਉਸਦਾ ਵਚਨ ਭੀ ਅਨੁਮਾਨ ਪ੍ਰਮਾਣ ਦਾ ਵਿਸ਼ਯ ਹੋਨਾ ਚਾਹੀਏ, ਪ੍ਰਤਖਛ ਨਹੀਂ ਜੇਕਰ ਪ੍ਰਤਖਛ ਨਾ ਹੋਵੇ ਤਾਂ "ਇਹ ਘੜਾ ਹੈ" ਇਹ ਪ੍ਰਯੋਗ ਭੀ ਨਾ ਹੋਨਾ ਚਾਹੀਏ, ਕਿੰਤੂ "ਇਹ ਘੜੇ ਦਾ ਇੱਕ ਦੇਸ਼ ਹੈ" ਅਰ ਇੱਕ ਦੇਸ਼ ਦਾ ਨਾਮ ਘੜਾ ਨਹੀਂ ਕਿੰਤੂ ਸਾਰੇ ਦਾ ਨਾਮ ਘੜਾ ਹੈ, "ਇਹ ਘੜਾ ਹੈ" ਇਹ ਪ੍ਰਤਖਛ ਹੈ, ਅਨੁਮਾਨ ਪ੍ਰਮਾਣ ਦਾ ਵਿਸ਼ਯ ਨਹੀਂ ਕਿਉਂਕਿ ਸਾਰਿਆਂ ਅੰਗਾਂ ਵਿਚ ਅੰਗਾਂ ਵਾਲਾ ਇੱਕ ਹੈ ਉਸਦੇ ਪ੍ਰਤਖਛ ਹੋਨ ਨਾਲ ਸਾਰੇ ਘੜੇ ਦੇ ਅੰਗ ਭੀ ਪ੍ਰਤਖਛ ਹੁੰਦੇ ਹਨ ਅਰਥਾਤ ਅੰਗਾਂ ਦੇ ਨਾਲ ਘੜਾ ਪ੍ਰਤਖਛ ਹੁੰਦਾਹੈ। ਚੌਥਾ ਵੈਭਾਵਿਕ–ਬਾਹਰ ਪਦਾਰਥਾਂ ਨੂੰ ਪ੍ਰਤਖਛ ਮੰਨਦਾ ਹੈ ਓਹ ਭੀ ਠੀਕ ਨਹੀਂ, ਕਿਉਂਕਿ ਜਿੱਥੇ ਜਾਨਨ ਵਾਲਾ ਅਰ ਜਾਨਨਾ ਹੁੰਦਾ ਹੈ ਉੱਥੇ ਹੀ ਪ੍ਰਤਖਛ ਹੁੰਦਾ ਹੈ ਭਾਵੇਂ ਪ੍ਰਤਖਛ ਦਾ ਵਿਸ਼ਯ ਬਾਹਰ ਹੁੰਦਾ ਹੈ,ਤਿਸ ਵਿਸ਼ਯ ਦੀ ਸ਼ਕਲ ਵਾਲਾ ਗਿਆਨ ਆਤਮਾ ਨੂੰ ਹੁੰਦਾ ਹੈ, ਉੱਸੇ ਤਰਾਂ ਜੋ ਖਛਣ ਪਦਾਰਥ ਅਰ ਉਸਦਾ ਗਿਆਨ ਖਛਣਕ ਹੋਵੇ ਤਾਂ ਪ੍ਰਤਅਭਿਗਿਆ ਅਰਥਾਤ ਮੈਂ ਨੇ ਓਹ ਗੱਲ ਕੀਤੀਸੀ

ਅਜੇਹੀ ਯਾਦਗੀਰੀ ਨਾ ਹੋਨੀ ਚਾਰੀਏ, ਪਰੰਤੂ ਪਹਿਲਾਂ ਦੇਖੇ ਸੁਨੇ ਦੀ ਯਾਦਗੀਰੀ ਹੁੰਦੀ ਹੈ ਏਸ ਵਾਸਤੇ ਖਛਣਕਵਾਦ ਭੀ ਠੀਕ ਨਹੀਂ । ਜੇਕਰ ਸਾਰਾ ਦੁੱਖ ਹੀ ਹੋਵੇ, ਅਰ ਸੁਖ ਕੁਝ ਭੀ ਨਾ ਹੋਵੇ ਤਾਂ ਸੁਖ ਦੀ ਅਪੇਖਛਾ ਤੇ ਬਿਨਾ ਦੁੱਖ ਸਿੱਧ ਨਹੀਂ ਹੋਸਕਦਾ, ਜਿਸ ਤਰਾਂ ਰਾਤ ਦੀ ਅਪੇਖਛਾ ਕਰਕੇ ਦਿਨ, ਅਰ ਦਿਨ ਦੀ ਅਪੇਖਛਾ ਕਰਕੇ ਰਾਤ ਹੁੰਦੀ ਹੈ ਏਸ ਵਾਸਤੇ ਸਬ ਦੁੱਖ ਮੰਨਨਾ ਠੀਕ ਨਹੀਂ, ਜੇਕਰ ਅਪਨੇ ਲਖਛਣ ਹੀ ਮੰਨੀਏਂ ਤਾਂ ਅੱਖਾਂ ਰੂਪਦਾ ਲਖਛਣ ਹਨ ਅਰ ਰੂਪ ਲਖਛ ਹੈ, ਜਿਸ ਤਰਾਂ ਘੜੇ ਦਾ ਰੂਪ ਘੜੇ ਦੇ ਰੂਪਦਾ ਲਖਛਣ, ਅੱਖਾਂ ਲਖਛ ਥੀਂ ਵਖਰੀਆਂ ਹਨ, ਅਰ ਰੀਧ ਪ੍ਰਿਥਿਵੀ ਥੀਂ ਵਖਰੀ ਨਹੀਂ ਹੈ ਇਸੇ ਤਰਾਂ ਵਖਰੇ ਭੀ ਨਾ ਵਖਰੇ ਭੀ, ਲਖਛ ਲਖਛਣ ਮੰਨਨੇ ਚਾਹੀਏ । ਸ਼ੂਨਜ ਦਾ ਜੇਹੜਾ ਉੱਤਰ ਹੈ ਓਹ ਪਹਿਲਾਂ ਦਿੱਤਾ ਹੈ ਓਹੀ ਅਰਥਾਤ ਸ਼ੂਨਜ ਦਾ ਜਾਨਨ ਵਾਲਾ ਸ਼ੂਨਜ ਥੀਂ ਵਖਰਾ ਹੁੰਦਾ ਹੈ ॥

ਸਰਸਜ ਸੰਸਾਰਸਜ ਦੁਃਖਾਤਮਕਤੈ ਸਰਵਤੀਰਥੰਕਰਸੰਮਤਮ ॥

ਜਿਨਾਂ ਨੂੰ ਬੌਧ ਤੀਰਥੰਕਰ ਮੰਨਦੇ ਹਨ ਉਨਾਂ ਹੀ ਨੂੰ ਜੈਨ ਭੀ ਮੰਨਦੇ ਹਨ, ਏਸ ਵਾਸਤੇ ਇਹ ਦੋਨੋਂ ਇੱਕੋ ਹੀ ਹਨ, ਅਰ ਪਹਿਲਾਂ ਕਹੀ ਹੋਈ ਭਾਵਣਾਚਤੁਸ਼ਟੇ ਅਰਥਾਤ ਚੌਹਾਂ ਭਾਵਨਾ ਥੀਂ ਸਾਰੀਆ ਵਾਸਨਾ ਦੂਰ ਹੋਨ ਤੇ ਸ਼ੂਨਜ ਰੂਪ ਨਿਰਬਾਣ ਅਰਥਾਤ ਮੁਕਤੀ ਮੰਨਦੇ ਹਨ ਅਪਨੇ ਸ਼ਿੱਸ਼ਾਂ ਨੂੰ ਯੋਗਾਚਾਰ ਦਾ ਉਪਦੇਸ਼ ਕਰਦੇ ਹਨ, ਗੁਰੂ ਦੇ ਵਚਨ ਦਾ ਮਨਨ ਕਰਨਾ, ਅਨਾਦੀ ਬੁੱਧੀ ਵਿਚ ਵਾਸਨਾ ਹੋਨ ਥੀਂ ਬੁਧੀ ਹੀ ਅਨੇਕ ਸ਼ਕਲ ਭਾਸਦੀ ਹੈ, ਉਨਾਂ ਵਿਚੋਂ ਪਹਿਲਾ ਸਕੰਧ :—

ਰੂਪਵਿਜਞਾਨਵੇਦਨਾਸੰਜਞਾਸੰਸਕਾਰ ਸੰਜਞਕਃ ॥

(ਪਹਿਲਾ) ਜੋ ਇੰਦ੍ਰੀਆਂ ਨਾਲ ਰੂਪ ਆਦੀ ਵਿਸ਼ਯ ਗ੍ਰਹਣ ਕੀਤਾ ਜਾਂਦਾ ਹੈ ਓਹ "ਰੂਪਸਕੰਧ ॥

(ਦੂਜਾ) ਆਲਯ ਵਿਗਿਆਨ ਪ੍ਰਵ੍ਰਿੱਤੀ ਜਾਨਨਾ ਰੂਪ ਵਿਹਾਰ ਨੂੰ "ਵਿਗਿਆਨ ਸਕੰਧ"

(ਤੀਜਾ) ਰੂਪਸਕੰਧ ਅਰ ਵਿਗਿਆਨਸਕੰਧ ਥੀਂ ਉਤਪੰਨ ਹੋਇਆ ਸੁਖ, ਦੁਖ ਆਦੀ ਪ੍ਰਤੀਤੀ ਰੂਪ ਵਿਹਾਰ ਨੂੰ "ਵੇਦਨਾਸਕੰਧ"॥

(ਚੌਥਾ) ਗਊ ਆਦੀ ਸੰਗਿਆ ਦਾ ਸੰਬੰਧ ਨਾਮ ਵਾਲੇ ਦੇ ਨਾਲ ਮੰਨਨ ਰੂਪ ਨੂੰ "ਸੰਗਿਆਸਕੰਧ"

(ਪੰਜਵਾਂ) ਵੇਦਨਾਸਕੰਧ ਥੀਂ ਪ੍ਰੀਤੀ ਗਲਾਨੀ ਆਦੀ ਕਲੇਸ਼ ਅਤ ਭੁੱਖ

ਤੇਹ ਆਦੀ ਉਪਕਲੇਸ਼, ਮਸਤੀ, ਆਲਸ, ਹੰਕਾਰ, ਧਰਮ ਅਰ ਅਧਰਮ ਰੂਪ ਵਿਹਾਰ ਨੂੰ "ਸੰਸਕਾਰਸਕੰਧ" ਮੰਨਦੇ ਹਨ। ਸਾਰੇ ਸੰਸਾਰ ਵਿਚ ਦੁੱਖ ਰੂਪ ਦੁੱਖ ਦਾ ਘਰ, ਦੁਖਦਾ ਸਾਧਨ ਰੂਪ ਭਾਵਨਾ ਕਰਕੇ ਸੰਸਾਰ ਥੀਂ ਛੁੱਟਨਾ ਚਾਰਵਾਕਾਂ ਵਿਚ ਵਧੀਕ ਮੁਕਤੀ ਅਰ ਅਨੁਮਾਨ ਅਰ ਜੀਵ ਨੂੰ ਨਾ ਮੰਨਨਾ ਬੌਂਧ ਮੰਨਦੇ ਹਨ॥

ਦੇਸ਼ਨਾ ਲੋਕਨਾਥਾਨਾਂ ਸੱਤ੍ਵਾਸ਼ਯਵਸ਼ਾਨੁਗਾਃ।
ਭਿਦਨੰਤੇ ਬਹੁਧਾ ਲੋਕੇ ਉਪਾਯੈਰਬਹੁਭਿਃ ਕਿਲ ॥ ੧ ॥
ਗੰਭੀਰੌਂਤਾਨਭੇਦੇਨ ਕ੍ਵਚਿੱਦੋਭਯਲਖ੍ਖਣਾਃ।
ਭਿੰਨਾ ਹਿ ਦੇਸ਼ਨਾ ਭਿੰਨਾ ਸ਼ੁਨਜਤਾਦ੍ਰਯਲਖਣਾਃ ॥੨॥
ਅਰਥਾਨੁਪਾਰਜਨਬਹੁਸ਼ੋ ਦ੍ਵਾਦਸ਼ਾਯਤਨਾਨਿ ਵੈ।
ਪਰਿਤਃ ਪੂਜਨੀਯਾਨਿ ਕਿਮਨਜੈਰਿਹ ਪੂਜਿਤੈਃ ॥ ੩ ॥
ਜਵਾਨੇਂਦ੍ਰਿਯਾਣਿ ਪੰਚੈਵ ਤਥਾ ਕਰਮੇਂਦ੍ਰਿਯਾਣਿ ਚ।
ਮਨੋ ਬੁੱਧਿਰਿਤਿ ਪ੍ਰੋਕਤੰ ਦ੍ਵਾਦਸ਼ਾਯਤਨੰ ਬੁਧੈਃ ॥ ੪ ॥

ਅਰਥਾਤ ਜੋ ਗਿਆਨੀ, ਵਿਰਕਤ, ਜੀਵਨਮੁਕਤ ਲੋਕਾਂਦੇ ਨਾਥ ਬੁੱਧ ਆਦੀ ਤੀਰਥੰਕਰਾਂ ਦੇ ਪਦਾਰਥਾਂ ਦੇ ਸ੍ਵਰੂਪ ਨੂੰ ਜਾਨਨਵਾਲਾ, ਜੋ ਕਿ ਵੱਖਰੇ ਵੱਖਰੇ ਪਦਾਰਥਾਂ ਦਾ ਉਪਦੇਸ਼ ਕਰਨ ਵਾਲਾ ਹੈ, ਜਿਸਨੂੰ ਬਹੁਤ ਸਾਰੇ ਭੇਦ ਅਰ ਬਹੁਤ ਸਾਰੇ ਉਪਾਵਾਂ ਨਾਲ ਕਹਿਆ ਹੈ ਉਸਨੂੰ ਮੰਨਨਾ ॥ ੧ ॥ ਵੱਡੇ ਡੂੰਘੇ ਅਰ ਪ੍ਰਸਿੱਧ ਭੇਦ ਨਾਲ ਕਿਧਰੇ ਕਿਧਰੇ ਛਪਾਕੇ ਅਪ੍ਰਗਟਤਾ ਨਾਲ ਵੱਖਰੇ ਵੱਖਰੇ ਗੁਰੂਆਂ ਦੇ ਉਪਦੇਸ਼ ਜੇਹੜੇ ਕਿ ਥੋੜੇ ਲਖਛਣਾਂ ਨਾਲ ਮਿਲੇ ਹੋਏ ਪਹਿਲਾਂ ਦੱਸ ਆਏ ਉਨ੍ਹਾਂ ਨੂੰ ਮੰਨਨਾ ॥ ੨ ॥ ਜੇਹੜੀ ਬਾਰ੍ਹਾਂ ਅਯਤਨ ਪੂਜਾ ਹੈ ਓਹੋ ਮੁਕਤੀ ਕਰਨ ਵਾਲੀ ਹੈ, ਉਸ ਪੂਜਾ ਦੇ ਵਾਸਤੇ ਬਹੁਤ ਧਨ ਆਦੀ ਪਦਾਰਥਾਂ ਨੂੰ ਪ੍ਰਾਪਤ ਹੋਕੇ ਦ੍ਵਾਦਸ਼ਾਯਤਨ ਅਰਥਾਤ ਬਾਰ੍ਹਾਂ ਤਰਾਂ ਦੀਆਂ ਜਗਹ ਵਿਸ਼ੇਸ਼ ਬਨਾਕੇ ਸਥਤਰਾਂ ਨਾਲ ਪੂਜਾ ਕਰਨੀ ਚਾਹੀਏ, ਹੋਰਦੀ ਪੂਜਾ ਕਰਨ ਨਾਲ ਕੀ ਮਤਲਬ ॥ ੩ ॥ ਇਨ੍ਹਾਂਦੀ ਦ੍ਵਾਦਸ਼ਯਾਤਨਪੂਜਾ ਇਹ ਹਨਃ— ਪੰਜ ਗਿਆਨ ਇੰਦ੍ਰੀਆਂ ਅਰਥਾਤ ਕੰਨ, ਖਲੜੀ, ਅੱਖਾਂ, ਜ਼ਬਾਨ ਅਰ ਨਾਸਾਂ ਪੰਜ ਕਰਮ ਇੰਦ੍ਰੀਆਂ ਅਰਥਾਤ ਬਾਣੀ, ਹੱਥ, ਪੈਰ, ਗੁਦਾ ਅਰ ਲਿੰਗ ਇਹ ਦਸ ਇੰਦ੍ਰੀਆਂ ਅਰ ਮਨ, ਬੁੱਧੀ, ਇਨ੍ਹਾਂ ਹੀ ਦਾ ਆਦਰ

अरथात इनुंनुं आनंद विच लगाई रॅखना, एसथीं आदी लैके बौंध दा मत है ॥ ४ ॥

(उॅत्तर) जेकर सारा जगत दुॅख रूप हुंदा तां किसे जीव दी प्रविृत्ती ना होनी चाहीए, जगत विच जीवां दी प्रविृत्ती प्रतखछदिखाई दिंदी है एसवासते सारा संसार दुॅख रूप नहीं हो सॅकदा किंतु एस विच सुख, दुॅख दोनों हन अर जो बौंधलोग अजेहाही सिॅधांत मंनदे हन तां खान, पीन आदी करना,अर परहेज़ तथा दुआई आदी करनं करके शरीर दी रखछा करन विच प्रविृत्त होके सुख किउं मंनदे हन? जेकर आखन असीं प्रविृत्त तां हुंदे हां परंतु एसनुं दुॅखही मंनदे हां तां इह कहना ही बनदा नहीं, किउंकि जीव सुख जानके प्रविृत्त अर दुॅख जानके निविृॅत्त हुंदा है। जगत विच धरम, क्रिआ, विदिआ, सतसंग आदी अॅछा विहार सारे सुख करन वाले हन, इनां नुंकोई भी विदवान दुॅखदा चिंनु नहीं मंन सकदा बिना बौंधां दे। जेहड़े पंज सकंध हन ओहभी पूरण अपूरण हन, किसकरके सो अजेहे अजेहे सकंध विचारन लगीऐ तां इक इक दे अनेक भेद हो सकदे हन। जिनां तीरथंकरां नुं उपदेशक अर लोकनाथ मंनदे हन अर अनादी जो नाथां दा भी नाथ परमातमा है उसनुं नहीं मंनदे तां उनां तीरथंकरां ने उपदेश किस पासों पाइआ? जेकर कहन अपने आप प्रापत होइआ तां अजेहा कहना बनदा नहीं, किउंकि कारण दे बिना कारज नहीं हो सकदा। अथवा उनां दे कहे अनुसार ईकन ही हुंदा तां हुन भी उनां विच बिना पड़े पड़ाए सुने सुनाए अर गिआनीआंदे सतसंग कीते बिना गिआनी किउं नहींहो जांदे? जद नहीं हुंदे तां अजेहाकहना हमेशानिरमूल अत युकतो रहित, संनिपात रोग करके गूसे होऐ मनुॅश दे बड़बड़ाने दे वाकण है। जकर शूनज रूप हो अदृत उपदेश बौंधां दा है तां विदजमान वसतु शूनज रूप कदी नहीं हो सकदी, हां सूखछम कारण रूप तां हो जांदा है एस वासते इह भी कहना भ्रम रूप है। जेकर धनां दे अकॅठा करन ते ही पहिलां कही दादशाअतन पूजा मोखछदा साधन मंनदे हन तां दस प्राण अर यारवें जीव आतमा दी पूजा किउं नहीं करदे? जद इंदीआं अर अंतहकरण दी पूजा भी मोखछ देन वाली

ਹੈ ਭਾਂ ਇਨ੍ਹਾਂ ਬੌੱਧਾਂ ਅਰ ਵਿਸ਼ਈ ਮਨੁੱਸ਼ਾਂ ਵਿਚ ਕੀ ਫਰਕ ਰਹਿਆ। ਜੇਕਰ ਉਨ੍ਹਾਂਥੀਂ ਇਹ ਬੌੱਧ ਨਹੀਂ ਬਚ ਸਕੇ ਭਾਂ ਉੱਥੇਮੁਕਤੀ ਭੀ ਤਿੱਥੇ ਰਹੀ? ਜਿੱਥੇ ਅਜੇਹੀਆਂ ਗੱਲਾਂ ਹਨ ਉੱਥੇ ਮੁਕਤੀ ਦਾ ਕੀ ਕੰਮ ? ਕੇਹੀ ਇਨ੍ਹਾਂ ਨੇ ਅਪਨੀ ਅਵਿਦਿਆ ਦੀ ਉੱਨਤੀ ਕੀਤੀ ਹੈ ਜਿਸਦਾ ਸਾਦ੍ਰਿਸ਼ਜ ਇਨ੍ਹਾਂ ਦੇ ਬਿਨਾ ਦੂਜਿਆਂ ਨਾਲ ਨਹੀਂ ਬਨ ਸਕਦਾ ਨਿਸ਼ਚੇ ਭਾਂ ਇਹ ਹੁੰਦਾ ਹੈ ਕਿ ਇਨ੍ਹਾਂ ਨੂੰ ਵੇਦ, ਈਸ਼੍ਵਰ ਨਾਲ ਵਿਰੋਧ ਕਰਨ ਦਾ ਇਹੀ ਫਲ ਮਿਲਿਆ । ਪਹਿਲੇ ਭਾਂ ਸਾਰੇ ਸੰਸਾਰ ਦੀ ਦੁਖ ਰੂਪੀ ਭਾਵਨਾਕੀਤੀ, ਫੇਰ ਵਿਚਕਾਰ ਦ੍ਵਾਦਸ਼ਾਯਤਨ ਪੂਜਾ ਲਗਾ ਦਿੱਤੀ,ਕੀ,ਇਨ੍ਹਾਂ ਦੀ ਦ੍ਵਾਦਸ਼ਾਯਤਨਪੂਜਾ ਸੰਸਾਰ ਦੇਪਦਾਰਥਾਂ ਥੀਂਬਾਹਿਰ ਦੀ ਹੈ ਜੋ ਮੁਕਤੀ ਦੇ ਦੇਨ ਹਾਰੀ ਹੋਸੱਕੇ, ਭਾਂ ਭਲਾ ਕਦੀ ਅੱਖਾਂ ਮੀਚਕੇ ਕੋਈ ਰਤਨ ਢੂੰਡਿਆ ਚਾਹੇ ਵਾ ਢੂੰਡੇ ਕਦੀ ਪ੍ਰਾਪਤ ਹੋ ਸਕਦਾ ਹੈ ? ਅਜੇਹੀ ਇਨ੍ਹਾਂ ਦੀ ਲੀਲਾ ਵੇਦ ਈਸ਼੍ਵਰ ਨੂੰ ਨਾ ਮੰਨਨ ਕਰਕੇ ਹੋਈ, ਹੁਨ ਭੀ ਸੁਖ ਚਾਹੁਨ ਭਾਂ ਵੇਦ ਈਸ਼੍ਵਰ ਦਾ ਸਹਾਰਾ ਲੈਕੇ ਅਪਨਾ ਜਨਮ ਸੁਫਲ ਕਰਨ। ਵਿਵੇਕਵਿਲਾਸ ਗ੍ਰੰਥ ਵਿਚ ਬੌੱਧਾਂ ਦਾ ਏਸ ਪ੍ਰਕਰਾ ਦਾ ਮਤ ਲਿਖਿਆ ਹੈ:–

ਬੌੱਧਾਨਾਂ ਸੁਗਤੋ ਦੇਵੋ ਵਿਸ਼੍ਵੰ ਚ ਖਛੰਣਭੰਗੁਰਮ।

ਆਰਯਸੱਤ੍ਵਾਖ੍ਯਜਯਾਦੱਤ੍ਵੰਚਤੁਸ਼ਟਯਮਿਦੰ ਕ੍ਰਮਾਤ ॥ ੧ ॥
ਦੁਃਖਮਾਯਤਨੰ ਚੈਵ ਤਤਃ ਸਮੁਦਯੋ ਮਤਃ।
ਮਾਰਗਸ਼ਚੇਤਜਸਜ ਚ ਵਜਾਖਜਾਕ੍ਰਮੇਣ ਸ਼ੂਯਤਾਮਤਃ॥੨
ਦੁਃਖਸੰਸਾਰਿਣਸਕੰਧਾਸਤੇ ਚ ਪੰਚ ਪ੍ਰਕੀ ਰੱਤਿਤਾਃ।
ਵਿਜਵਾਨੰ ਵੇਦਨਾਸੰਜਵਾ ਸੰਸਕਾਰੋ ਰੂਪਮੇਵ ਚ ॥੩॥
ਪੰਚੇਂਦ੍ਰਿਯਾਣਿ ਸ਼ਬਦਾ ਵਾ ਵਿਸ਼ਯਾਃ ਪੰਚ ਮਾਨਸਮ ॥
ਧਰਮਾਯਤਨਮੇਤਾਨਿ ਦ੍ਵਾਦਸ਼ਾਯਤਨਾਨਿ ਤੁ ॥ ੪॥
ਰਾਗਾਦੀਨਾਂ ਗਲੋ ਯਃ ਸਜਾਤਸਮੁਦੇਤਿ ਨ੍ਰਿਣਾਂ ਹ੍ਰਿਦਿ ।
ਆਤਮਾਤਮੀਯਸ੍ਵਭਾਵਾਖਜਃਸਸਜਾਤਸਮੁਦਯਃਪੁਨਃ ॥੫
ਖਛਣਿਕਾਃ ਸਰਵਸੰਸਕਾਰਾ ਇਤਿ ਯਾ ਵਾਸਨਾ ਸਥਿਰਾ।
ਸ ਮਾਰਗ ਇਤਿ ਵਿਜਵੇਯਃ ਸ ਚ ਮੋੱਖਛੋਅਭਿਧੀਯਤੇ॥੬

प्रतखछानुमानं च प्रमाणं द्वितयं तथा ।
चतुःप्रसथानिका बौंधाः खजातां वैभाशिकादयः॥७
अथो जवानान्नितो वैभाशिकेण बहु मनजते।
सौत्रांतिकेन प्रतजखछगृाहजोअरथो न बहिरमतः॥८
आकारसहिता बुधिरयोगाचारसज समता ।
केवलां संविदं सृसथां मनजंते मधजमाःपुनः ॥ ९
रागादिजवानसंतानवासनाँछेदसंभवा ।
चतुरणामपि बौंधानां मुकतिरेशापूकीरतिता॥१०
स्रंतिःकमंडलुरमौंडजं चीरं पूरवाहणभोजनम।
सिघो रकतांबरतूंच शिशिूये बौंधभिखछुभिः॥११॥

ਬੌੱਧਾਂ ਦਾ ਸੁਗਤਦੇਵ ਬੁੱਧਭਗਵਾਨ ਪੂਜਾ ਦੇ ਯੋਗਜ ਦੇਵ ਅਰ ਜਗਤ ਖਛਣ ਭੰਗੁਰ, ਆਰਯ ਪੁਰੁਸ਼ ਅਰ ਆਰਯ ਇਸਤ੍ਰੀ ਤਥਾ ਤਤ੍ਰਾਂ ਦੀ ਆਖਿਆ ਸੰਗਿਆ ਆਦੀ ਪ੍ਰਸਿੱਧੀ ਇਹ ਚਾਰ ਤਤ੍ਰ ਬੌੱਧਾਂ ਵਿਚ ਮੰਨਨ ਯੋਗ ਪਦਰਾਥ ਹਨ ॥ ੧ ॥ ਏਸ ਜਗਤ ਨੂੰ ਦੁੱਖ ਦਾ ਘਰ ਜਾਨੇ, ਤਿਸ ਥੀਂ ਪਿੱਛੋਂ ਸਮੁਦਾਯ ਅਰਥਾਤ ਉੱਨਤੀ ਹੁੰਦੀ ਹੈ, ਅਰ ਇਨਾਂ ਦੀ ਵਿਆਖਿਆ ਕ੍ਰਮ ਨਾਲ ਸੁਨੋ ॥ ੨ ॥ ਸੰਸਾਰ ਵਿੱਚ ਦੁੱਖ ਹੀ ਹੈ, ਜੇਹੜੇ ਪੰਜ ਸਕੰਧ ਪਹਿਲਾਂ ਕਹਿ ਆਏ ਹਾ ਉਨ੍ਹਾਂ ਨੂੰ ਜਾਨਨਾ ॥ ੩ ॥ ਪੰਜ ਗਿਆਨ ਇੰਦ੍ਰੀਆਂ, ਉਨਾਂ ਦੇ ਸ਼ਬਦ ਆਦੀ ਵਿਸ਼ਯ ਪੰਜ ਅਰ ਮਨ, ਬੁੱਧੀ, ਅੰਤਹਕਰਣ ਧਰਮ ਦੀ ਜਗਹ ਇਹ ਬਾਰ੍ਹਾਂ ਹਨ ॥ ੪ ॥ ਜੋ ਮਨੁੱਸ਼ਾਂ ਦੇ ਹਿਰਦੇ ਵਿਚ ਰਾਗ, ਦ੍ਵੇਸ਼ ਆਦੀ ਅਕੱਠੇ ਦੀ ਉਤਪੱਤੀ ਹੁੰਦੀ ਹੈ ਓਹ ਸਮੁਦਯ ਅਰ ਜੋ ਆਤਮਾ, ਆਤਮਾ ਦੇ ਸੰਬੰਧੀ ਅਰ ਸੁਭਾਵ ਹੈ ਓਹ ਆਖਿਆ, ਇਨਾਂ ਹੀ ਵਿਚ ਫਿਰ ਮੁਦਯ ਹੁੰਦਾ ਹੈ ॥ ੫ ॥ ਸਾਰੇ ਸੰਸਕਾਰ ਖਛਣਕ ਹਨ, ਜੋ ਇਹ ਵਾਸਨਾ ਠੈਹਰ ਜਾਨੀ ਓਹ ਬੌੱਧਾਂ ਦਾ ਮਾਰਗ ਹੈ ਅਰ ਓਹੀ ਸ਼ੂਨਜਤਤ੍ਵ ਸ਼ੂਨਜ ਰੂਪ ਹੋ ਜਾਨਾ ਮੋਖਛ ਹੈ ॥ ੬ । ਬੌੱਧ ਲੋਗ ਪ੍ਰਤਖਛ ਅਰ ਅਨੁਮਾਨ ਦੋਹੀ ਪ੍ਰਮਾਣ ਮੰਨਦੇ ਹਨ, ਚੌਹਾਂ ਤਰਾਂ ਦੇ ਇਨਾਂ ਵਿਚ ਭੇਦ ਹਨ, ਵੈਭਾਸ਼ਿਕ, ਸੌਤ੍ਰਾਂਤਿਕ, ਯੋਗਾਚਾਰ ਅਰ ਮਾਧਮਿਕ ॥੭॥ ਇਨਾਂ ਵਿਚ ਵੈਭਾਸ਼ਿਕ ਗਿਆਨ ਵਿਚ ਜੇਹੜਾ ਅਰਥ ਹੈ ਉਸਨੂੰ ਮਾਨੁਦ ਮੰਨਦਾ

ਹੈ, ਕਿਸ ਵਾਸਤੇ ਜੇਹੜਾ ਗਿਆਨ ਵਿਚ ਨਹੀਂ ਹੈ ਉਸਦਾ ਹੋਨਾ ਸਿੱਧ ਪੁਰੁਸ਼ ਨਹੀਂ ਮੰਨ ਸੱਕਦਾ। ਅਰ ਸੌਤ੍ਰਾਂਤਿਕ ਅੰਦਰ ਨੂੰ ਪ੍ਰਤਖਛ ਪਦਾਰਥ ਮੰਨਦਾ ਹੈ ਬਾਹਿਰ ਨਹੀਂ॥੮॥ਯੋਗਾਚਾਰ ਆਕਾਰ ਸਹਿਤ ਵਿਗਿਆਨ ਨਾਲ ਮਿਲੀ ਹੋਈ ਬੁੱਧੀ ਨੂੰ ਮੰਨਦਾ ਹੈ। ਅਰ ਮਾਧਮਿਕ ਨਿਰਾ ਅਪਨੇ ਵਿਚ ਪਦਾਰਥਾਂਦਾ ਗਿਆਨ ਮਾਤ੍ਰ ਮੰਨਦਾ ਹੈ ਪਦਾਰਥਾਂ ਨੂੰ ਨਹੀਂ ਮੰਨਦਾ॥੯॥ਅਰ ਰਾਗ ਆਦੀਗਿਆਨ ਦੇ ਪ੍ਰਵਾਹ ਦੀ ਵਾਸਨਾ ਦੇ ਨਾਸ਼ ਥੀਂ ਉਤਪੱਤੀ ਹੋਈ ਮੁਕਤੀ ਚੌਹਾਂ ਬੌੱਧਾਂ ਦੀ ਹੈ॥ ੧੦॥ਹਰਣ ਆਦੀ ਦਾ ਚਮੜਾ, ਕਰਮੰਡਲ, ਮੁੰਡਮੁੰਡਾਏ,ਭੋਜਪਤ੍ਰ ਦੇ ਵਸਤ੍ਰ, ਪੂਰਵਾਹਣ ਅਰਥਾਤ ੯ ਬਜੇ ਥੀਂ ਪਹਿਲਾਂ ਭੋਜਨ, ਅਕੱਲਾ ਨ ਰਹੇ, ਲਾਲ ਕਪੜਿਆਂ ਦਾ ਪਹਰਨਾ ਇਹ ਬੌੱਧਾਂ ਦੇ ਸਾਧੂਆਂ ਦਾ ਪਹਿਰਾਵਾ ਹੈ॥ ੧੧॥

(ਉੱਤਰ) ਜੋ ਬੌਧਾਂ ਦਾ ਸੁਗਤ ਬੁੱਧ ਹੀ ਦੇਵ ਹੈ ਤਾਂ ਉਸਦਾ ਗੁਰੂ ਕੇਹੜਾ ਸੀ ? ਅਰ ਜੇਕਰ ਜਗਤ ਖਛਣਭੰਗੁਰ ਹੋਵੇ ਤਾਂ ਚਿਰਦ੍ਰਿਸ਼ਟ ਪਦਾਰਥ ਦਾ ਇਹ ਉਹਾ ਹੀ ਹੈ ਅਜੇਹੀ ਯਾਦਗੀਰੀ ਨਾ ਹੋਨੀ ਚਾਹੀਏ, ਜੇਕਰ ਖਛਣ ਭੰਗੁਰ ਹੁੰਦਾ ਤਾਂ ਓਹ ਪਦਾਰਥ ਹੀ ਨਹੀਂ ਰਹਿੰਦਾ ਫੇਰ ਯਾਦਗੀਰੀ ਕਿਸਦੀਹੋਵੇ ਜੇਕਰ ਖਛਣਕਵਾਦ ਹੀ ਬੌੱਧਾਂ ਦਾ ਮਾਰਗ ਹੈ ਤਾਂ ਇਨਾਂ ਦਾ ਮੋਖਛ ਭੀ ਖਛਣ ਭੰਗੁਰ ਹੋਵੇਗਾ, ਜੇਕਰ ਗਿਆਨ ਨਾਲ ਮਿਲਿਆ ਹੋਇਆ ਅਰਥ ਦ੍ਰਵ੍ਯ ਹੋਵੇ ਤਾ ਜੜ ਦ੍ਰਵ੍ਯ ਵਿਚ ਭੀ ਗਿਆਨ ਹੋਨਾ ਚਾਹੀਏ ਅਰ ਓਹ ਚਲਨਾ ਆਦੀ ਕ੍ਰਿਆ ਕਿਸ ਉੱਤੇ ਕਰਦਾ ਹੈ ? ਜੋ ਬਾਹਰ ਦਿਸਦਾ ਹੈ, ਓਹ ਮਿਥਿਆ ਕਿਸ ਤਰਾਂ ਹੋਸਕਦਾ ਹੈ ? ਜੇਕਰ ਆਕਾਸ਼ ਦੇ ਸਮੇਤ ਬੁੱਧੀ ਹੋਵੇ ਤਾਂ ਦੇਖਨ ਵਿਚ ਆਉਂਨਾ ਚਾਹੀਏ, ਜੋ ਨਿਰਾ ਗਿਆਨ ਹੀ ਹਿਰਦੇ ਵਿਚ ਆਤਮਾਦੇ ਅੰਦਰ ਹੋਵੇ ਬਾਹਰਲੇਪਦਾਰਥਾਂ ਨੂੰ ਨਿਰਾ ਗਿਆਨ ਹੀ ਮੰਨਿਆ ਜਾਵੇ ਤਾਂ'ਗੋਯ'ਪਦਾਰਥਦੇ ਬਿਨਾ ਗਿਆਨ ਹੀ ਨਹੀਂ ਹੋ ਸਕਦਾ,ਜੇਕਰ ਵਾਸਨਾ ਦੂਰ ਕਰਨੀ ਹੀ ਮੁਕਤੀ ਹੈ ਤਾਂ ਸੁਸ਼ੁਪਤੀ ਵਿਚ ਭੀ ਮੁਕਤ ਮੰਨਨੀ ਚਾਹੀਏ, ਅਜੇਹਾ ਮੰਨਨਾ ਵਿਦਿਆ ਤੋਂ ਉਲਟਾ ਹੋਨੇ ਕਰਕੇ ਦੂਰ ਕਰਨੇ ਯੋਗ ਹੈ, ਇਤ੍ਯਾਦੀ ਗੱਲਾਂ ਥੋੜੀਆਂ ਜੇਹੀਆਂ ਬੌੱਧਮਤ ਵਾਲਿਆਂ ਦੀਆਂ ਦਿਖਾ ਦਿੱਤੀਆਂ ਹਨ, ਹੁਨ ਬੁੱਧਵਾਨ ਵਿਚਾਰਵਾਨ ਪੁਰੁਸ਼ ਦੇਖ ਕਰਕੇ ਜਾਨ ਜਾਨਗੇ ਕਿ ਇਨਾਂ ਦੀ ਕੇਹੀ ਵਿਦਿਆ ਅਰ ਕੇਹਾ ਮਤ ਹੈ, ਏਸ ਨੂੰ ਜੈਨ ਲੋਗ ਭੀ ਮੰਨਦੇ ਹਨ॥

ਏਸ ਥੀਂ ਅੱਗੇ ਜੈਨ ਮਤ ਦਾ ਵਰਣਨ ਹੈ :—

ਪ੍ਰਕਰਣਰਤਨਾਕਰ ੧ ਭਾਗ, ਨਯਚਕ੍ਰਸਾਰ ਵਿਚ ਹੇਠਾਂ ਲਿਖੀਆਂ ਹੋਈਆ ਗੱਲਾਂ ਲਿਖੀਆਂ ਹਨ :—

ਬੌੱਧ ਲੋਗ ਵੇਲੇ ਵੇਲੇ ਵਿਚ ਨਵੇਪਨ ਥੀਂ (੧) ਆਕਾਸ਼, (੨) ਕਾਲ, (੩) ਜੀਵ, (੪) ਪੁਦਗਲ, ਇਹ ਚਾਰ ਦ੍ਰਵ੍ਯ ਮੰਨਦੇ ਹਨ। ਅਰ ਜੈਨੀ

लोग धर्मास्तिकाय, अधर्मास्तिकाय, आकाशास्तिकाय, पुद्गलास्तिकाय, जीवास्तिकाय, अर कालं इनां छी द्रव्य नूं मंनदे हन । इनां विचों कालं नूं आस्तिकाय नहीं मंनदे. किंतु अजेहा कहिंदेहन कि कालं उपचार थीं द्रव्य है वास्तव ते नहीं, उनां विचो "धर्मास्तिकाय" जेहड़ा गती परिणामीपन थीं परिणाम नूं प्राप्त होइआ जीव, अर पुद्गल एसदी गती दे समीप थीं रोकन दा कारण है ओह धर्मास्तिकाय अर ओह असंख्यप्रदेशपरीमाणअरलोक विच विआपक है। दूजा "अधर्मास्तिकाय" इह है कि जो सथिरता थीं परिणामी होए जीव तथा पुद्गल दी इसथिती दे आश्रय दा कारण है। तीजा "अकाशास्तिकाय" उसनूं कहिंदे हन कि जेहड़ा सारे द्रव्यां दा आधार जिस विच अवगाहन, प्रवेश, निरगम आदी क्रिआ करन वाले जीव तथा पुद्गलां नूं अवगाहन दा कारण अर सरव विआपी है । चौथा "पुद्गलास्तिकाय" इह है कि जेहड़ा कारण रूप, सूखछम, नित, इक रस, वरण, गंध, सपरश, कारज दा लिंग, पूरने अर गलन दे सुभाव वाला हुंदा है । पंजवां "जीवास्तिकाय" जेहड़ा चेतना लखछण गिआन दरशन विच उपजुकत अनंत परजाइआं थीं परीणामी होन वाला भोगन वाला है। अर छीवां "कालं" इह है कि जो पहिलां कहे पंज आस्तिकायां दा परड़, अपरड़ नवें पुरानेपन दा चिन रूप प्रसिंध वरतमान रूप परजाइआं नाल मिलिआ होइआ है ओह कालं कहांदा है ॥

(समीखछक) जेहड़े बौंधां ने चार द्रव्य हरइक वेलै विच नवें नवें मंने हन, ओह झूठे हन किउंकि आकाश कालं, जीव अर प्रमाणू इह नवें वा पुराने कदी नहीं हो सकदे किस करके इह अनादी अर कारण रूप थीं नाश थीं रहित हन, फेर नवां अर पुरानापन किस तरां बन सकदा है ? अर जैनीआं दा मंननां भी ठीक नहीं किउंकि धरमाधरम द्रव्य नहीं किंतु गुण हन, इह दोनों जीवास्तिकाय विच आजांदे हन, एस वासते आकाश, प्रमाणू, जीव, अर कालं मंनदे तां ठीक सी, अर जो नौं द्रव्य वैशेशिक विच मंने हन ओहा ही ठीक हन, किउंकि प्रिथिवी आदी पंजतड़. कालं, दिशा, आतमा, अर मन, इह नौं वखो वखरे पदारथ निशचे कीते होए हन, इक जीव नूं चेतन मंनके ईशूर नूं ना मंननां इह जैन, बौंधां दी झूठी पखछपात दी गलं है ॥

ਹੁਨ ਜੋ ਬੌੱਧ ਅਰ ਜੈਨੀ ਲੋਗ ਸਪਤਭੰਗੀ ਅਰ ਸਜਾਦਵਾਦ ਮੰਨਦੇ ਹਨ ਓਹ ਇਹ ਹੈ "ਸਨਘਟ:" ਏਸ ਨੂੰ ਪਹਿਲਾ ਭੰਗ ਕਹਿੰਦੇ ਹਨ, ਕਿਸਕਰਕੇ ਘੜਾ ਅਪਨੀ ਵਰਤਮਾਨਤਾ ਨਾਲ ਮਿਲਿਆ ਹੋਇਆ ਅਰਥਾਤ ਘੜਾ ਹੈ ਏਸਨੇ ਅਭਾਵਦਾ ਵਿਰੋਧ ਕੀਤਾ ਹੈ। ਦੂਜਾ ਭੰਗ "ਅਸਨਘਟ:" ਘੜਾ ਨਹੀਂ ਹੈ ਪਹਿਲੇ ਘੜੇ ਦੇ ਭਾਵ ਥੀਂ ਏਸ ਘੜੇ ਦੇ ਅਸਦਭਾਵ ਥੀਂ ਦੂਜਾ ਭੰਗ ਹੈ। ਤੀਜਾ ਭੰਗ ਇਹ ਹੈ ਕਿ "ਸੰਨ ਸੰਨ ਘਟ:" ਅਰਥਾਤ ਇਹ ਘੜਾ ਤਾਂ ਹੈ ਪਰੰਤੂ ਵਸਤ੍ ਨਹੀਂ ਹੈ ਕਿਉਂਕਿ ਉਨ੍ਹਾਂ ਦੋਹਾਂ ਨਾਲੋਂ ਵੱਖਰਾ ਹੋਗਿਆ। ਚੌਥਾ ਭੰਗ "ਘਟੋਅਘਟ:" ਜਿਸ ਤਰਾਂ "ਅਘਟ: ਪਟ:" ਦੂਜੇ ਵਸਤ੍ ਦੇ ਅਭਾਵ ਦੀ ਅਪੇਖਛਾ ਅਪਨੇ ਵਿਚ ਹੋਨ ਕਰਕੇ ਘੜਾ ਨਾ ਘੜਾ ਕਹਾਂਦਾ ਹੈ, ਇਕੋ ਵੇਲੇ ਵਿਚ ਉਸਦੀ ਦੋ ਸੈਗਿਆ ਅਰਥਾਤ ਘਟ ਅਰਅਘਟ ਭੀ ਹੈ, ਪੰਜਵਾਂ ਭੰਗ ਇਹ ਹੈ ਕਿ ਘੜੇ ਨੂੰ ਵਸਤ੍ ਕਹਨਾ ਅਯੋਗ ਅਰਥਾਤ ਉਸ ਵਿਚ ਘੜਾਪਨ ਕਹਨਾ ਯੋਗ ਹੈ ਅਰ ਵਸਤ੍ਪਨ ਕਹਨਾ ਅਯੋਗ ਹੈ। ਛੀਵਾਂ ਭੰਗ ਇਹ ਹੈ ਕਿ ਜੋ ਘੜਾ ਨਹੀਂ ਹੈ ਓਹ ਕਹਨਾ ਯੋਗ ਭੀ ਨਹੀਂ ਹੈ ਅਰ ਜੋ ਹੈ ਓਹ ਹੈ ਅਰ ਕਹਨੇ ਯੋਗ ਭੀ ਹੈ। ਅਰ ਸਤਵਾਂ ਭੰਗ ਇਹ ਹੈ ਜੋ ਕਹਨੇ ਨੂੰ ਇਸ਼ਟ ਹੈ ਪਰੰਤੂ ਓਹ ਨਹੀਂ ਹੈ ਅਰ ਕਹਨੇ ਦੇ ਯੋਗ ਭੀ ਘੜਾ ਨਹੀਂ ਇਹ ਸਤਵਾਂਭੰਗ ਕਹਾਂਦਾ ਹੈ ਇਸੇ ਪ੍ਰਕਾਰ :—

ਸਜਾਦਸਤਿ ਜੀਵੋਅਯੰ ਪ੍ਰਥਮੋ ਭੰਗ:॥੧॥ਸਜਾਨੱਾਸਤਿ ਜੀਵੋ ਦ੍ਵਿਤੀਯੋ ਭੰਗ: ॥੨॥ ਸਜਾਦਵਕਤਵਜੋ ਜੀਵਤ੍ਰਿ-ਤੀਯੋ ਭੰਗ: ॥੩॥ ਸਜਾਦਸਤਿ ਨਾਸਤਿ ਨਾਸਤਿਰੂਪੋ ਜੀਵਸ਼ਚਤੁਰਥੋ ਭੰਗ: ॥੪॥ ਸਜਾਤਅਸਤਿਅਵਕਤਵਜੋ ਜੀਵ:ਪੰਚਮੋ ਭੰਗ: ॥ ੫ ॥ ਸਜਾਨੱਾਸਤਿ ਅਵਕਤਵਜੋ ਜੀਵ: ਸ਼ਸ਼ਠੋ ਭੰਗ: ॥ ੬ ॥ ਸਜਾਤ ਅਸਤਿ ਨਾਸਤਿ ਅਵਕਤਵਜੋ ਜੀਵ ਇਤਿ ਸਪਤਮੋ ਭੰਗ: ॥ ੭ ॥

ਅਰਥਾਤ "ਹੈ ਜੀਵ" ਅਜੈਹਾ ਕਹਨਾ ਹੋਵੇਤਾਂ ਜੀਵ ਦੇ ਵਿਰੋਧੀ ਜੜ ਪਦਾਰਥਾਂ ਦਾ ਜੀਵ ਵਿਚ ਅਭਾਵ ਰੂਪ ਭੰਗ ਪਹਿਲਾ ਕਹਾਂਦਾ ਹੈ। ਦੂਜਾ ਭੰਗ ਇਹ ਹੈ ਕਿ ਨਹੀਂ ਹੈ ਜੀਵ ਜੜ ਵਿਚ, ਅਜੈਹਾ ਕਹਨਾ ਭੀ ਹੁੰਦਾ ਹੈ, ਏਸ ਥੀਂ ਇਹ ਦੂਜਾ ਭੰਗ ਕਹਾਂਦਾ ਹੈ। ਜੀਵ ਹੈ ਪਰੰਤੂ ਕਹਨੇ ਯੋਗ ਨਹੀਂ ਇਹ ਤੀਜਾ ਭੰਗ। ਜਦ ਜੀਵ ਸ਼ਰੀਰ ਧਾਰਣ ਕਰਦਾ ਹੈ ਤਦ ਪ੍ਰਸਿੱਧ, ਅਰ ਜਦ ਸ਼ਰੀਰ

थीं वॅखरा हुंदा है तद अप्रसिॅध रहिंदा है अजेहा कहना होवे उस नूं चौथा भंग कहिंदे हन। जीव है, परंतु कहने योग नहीं जो अजेहा कहना है उस नूं पंजवां भंग कहिंदे हन। जीव प्रतखछ प्रमाण नाल कहने विच नहीं आउंदा एस वासते अॅखां करके प्रतखछ नहीं है अजेहा विहार है, उसनूंछीवां भंग कहिंदे हन। इॅक वेले विच जीव दा अनुमान नाल होना अर अदृिशटपन विच ना होना अर इॅको जेहा ना रहना किंतु खछण खछण विच परीणाम नूं प्रापत होना, असती, नासती, ना होवे अर नासती असती विवहार भी ना होवे इह सतवां भंग कहांदा है। इॅसे तरां नितजतु सपतभंगी अर अनितजतु सपत-भंगी तथा सामानजथरम, विशेशथरम, गुण अर परजाइआं दी इक इक वसतु विच सपतभंगी हुंदी है, उॅसे तरां द्रवज,गुण, सुभाव, अर परजाइआं दे अनंत होन थीं सपतभंगी भी अनंत हुंदीहै अजेहा बौॅध तथा जैनीआं दा सजादवाद अर सपतभंगी निआइ कहांदा है।

(समीखछक) इह कहना इक अनजोनजाभाव विच साधरमज अर वैधरमज विच घटसकदा है, एस सिॅधे प्रकरण नूं छॅडके औॅखा जाल थनाना निरा अगिआनीआं दे फसान दे वासते हुंदा है वेखो! जीव दा अजीव विच अर अजीव दा जीव विच अभाव रहिंदा ही है, जिसतरां जीव अर जड़दे वरतमान होन थीं साधरमज, अथ चेतन तथा जड़ होन थीं वैधरमज अरथात जीव विच चेतनतु (असती)है अर जड़तु (नासती) नहीं है। इॅसे तरां जड़ विच जड़तु है अर चेतनतु नहीं है, एस थीं गुण, करम, सुभाव दे समान धरम अर विरुॅध धरम दे विचार नाल सारा इनुं दा सपतभंगी अर सजादवाद सहजता नाल समझ विच आउंदा है,फेर इॅनां प्रपंच वधाना केहड़े कंमदा है। एस विच बौॅध-अंरॅ जैनीआं दा इॅक मत है, थोड़ा जिहा ही वॅखरा वॅखरा होन थीं भिंन भाव भी हो जांदा है॥ हुन एस दे अॅगे निरा जैन मत देविशे विच लिखिआ जांदा है॥

चिद चिदद्वे परे तत्वे विवेकसतद्विचनम।
उपादेजमुपादेजं हेजं हेजं च कुरवतः॥ १॥
हेजं हि करत्रिरागादि ततकारजमविवेखिनः।
उपादेजं परं जजोति रुपजोरैकलखछणम॥ २॥

ਜੈਨਲੋਗ "ਚਿਤ" ਅਰ "ਅਚਿਤ" ਅਰਥਾਤ ਚੇਤਨ ਅਰ ਜੜ ਦੋ ਹੀ ਪਰਤਤ੍ਵ ਮੰਨਦੇ ਹਨ, ਉਨ੍ਹਾਂ ਦੁਹਾਂ ਦੇ ਵਿਚਾਰ ਦਾ ਨਾਮ ਵਿਵੇਕ, ਜੋ ਜੋ ਗ੍ਰਹਣ ਦੇ ਯੋਗ ਹੈ ਉਸ ਉਸਦਾ ਗ੍ਰਹਣ, ਜੋ ਜੋ ਤ੍ਯਾਗ ਕਰਨੇ ਯੋਗ ਹੈ ਉਸ ਉਸਦੇ ਤ੍ਯਾਗ ਕਰਨੇ ਵਾਲੇ ਨੂੰ ਵਿਵੇਕੀ ਕਹਿੰਦੇ ਹਨ॥੧॥ ਜਗਤ ਦਾ ਕਰਤਾ ਅਰ ਰਾਗ ਆਦੀ ਤਥਾ ਈਸ਼੍ਵਰ ਨੇ ਜਗਤ ਕੀਤਾ ਹੈ ਏਸ ਬੇਵਿਚਾਰੇ ਮਤਦਾ ਤ੍ਯਾਗ ਅਰ ਯੋਗ ਕਰਕੇ ਜਾਨਨੇ ਯੋਗ ਅਤ੍ਯੰਤ ਪ੍ਰਕਾਸ਼ਸ੍ਵਰੂਪ ਜੋ ਜੀਵ ਹੈ ਉਸਦਾ ਗ੍ਰਹਣ ਕਰਨਾ ਉੱਤਮ ਹੈ ॥ ੨ ॥ ਅਰਥਾਤ ਜੀਵਦੇ ਬਿਨਾ ਦੂਸਾ ਚੇਤਨ ਤਤ੍ਵ ਈਸ਼੍ਵਰ ਨੂੰ ਨਹੀਂ ਮੰਨਦੇ ਕੋਈ ਭੀ ਅਨਾਦੀ ਸਿੱਧ ਈਸ਼੍ਵਰ ਨਹੀਂ ਅਜੇਹਾ ਬੌੱਧ ਜੈਨ ਲੋਗ ਮੰਨਦੇ ਹਨ । ਏਸ ਵਿਚ ਰਾਜਾ ਸ਼ਿਵਪ੍ਰਸ਼ਾਦ ਜੀ "ਇਤਿਹਾਸ ਤਿਮਿਰਨਾਸ਼ਕ" ਗ੍ਰੰਥ ਵਿਚ ਲਿਖਦੇ ਹਨ, ਕਿ ਉਨ੍ਹਾਂ ਦੇ ਦੋ ਨਾਮ ਹਨ ਇਕ ਜੈਨ ਅਤ ਦੂਸਾ ਬੌੱਧ, ਇਹ ਪਰਯਾਯਵਾਚੀ ਸ਼ਬਦ ਹਨ, ਪਰੰਤ੍ਰ ਬੌੱਧਾਂ ਵਿਚ ਵਾਮਮਾਰਗੀ ਸ਼ਰਾਬ ਮਾਂਸ ਖਾਨ ਵਾਲੇ ਬੌੱਧ ਹਨ, ਉਨ੍ਹਾਂਦੇ ਨਾਲ ਜੈਨੀਆਂ ਦਾ ਵਿਰੋਧ, ਪਰੰਤ੍ਰ ਜੋ ਮਹਾਬੀਰ ਅਰ ਗੌਤਮ ਗਣਧਰ ਹਨ ਉਨ੍ਹਾਂਦਾ ਨਾਮ ਬੌੱਧਾਂਨੇ ਬੁੱਧ ਰਖਿਆ ਹੈ, ਅਰ ਜੈਨੀਆਂ ਨੇ ਗਣਧਰ ਅਰ ਜਿਨਵਰ, ਏਸਵਿਚ ਜਿਨ੍ਹਾਂਦੀ ਪਰੰਪਰਾ ਜੈਨਮਤ ਹੈ ਉਨ੍ਹਾਂਦਾ ਰਾਜਾ ਸ਼ਿਵਪ੍ਰਸਾਦ ਜੀਨੇ ਅਪਨੇ "ਇਤਿਹਾਸ ਤਿਮਿਰਨਾਸ਼ਕ" ਗ੍ਰੰਥ ਦੇ ਤੀਜੇ ਖੰਡ ਵਿਚ ਲਿਖਿਆ ਹੈ ਕਿ " ਸੁਆਮੀ ਸ਼ੰਕਰਾਚਾਰਯ" ਥੀਂ ਪਹਿਲਾਂ ਜਿਨ੍ਹਾਂ ਨੂੰ ਹੋਏ ਹਜ਼ਾਰ ਵਰ੍ਹੇ ਦੇ ਲਗਭਗ ਗੁਜ਼ਰੇ ਹਨ ਸਾਤੇ ਭਾਰਤਵਰਸ਼ ਵਿਚ ਬੌੱਧ ਅਥਵਾ ਜੈਨਧਰਮ ਫੈਲਿਆ ਹੋਇਆ ਸੀ । ਏਸ ਉੱਪਰ ਨੋਟ "ਬੌੱਧ ਕਹਨੇ ਥੀਂ ਸਾਡਾ ਆਸ਼ਾ ਉਸ ਮਤ ਨਾਲ ਹੈ ਜੋ ਮਹਾਬੀਰ ਦੇ ਗਣਧਰ ਗੌਤਮ ਸੁਆਮੀ ਦੇ ਵੇਲੇ ਥੀਂ ਸ਼ੰਕਰ ਸੁਆਮੀ ਦੇ ਵੇਲੇ ਤਕ ਵੇਦ ਵਿਰੁੱਧ ਸਾਰੇ ਭਾਰਤਵਰਸ਼ ਵਿਚ ਫੈਲ ਰਹਿਆ, ਅਰ ਜਿਸਨੂੰ ਅਸ਼ੋਕ ਅਰ ਸੰਪ੍ਰਤੀ ਮਹਾਰਾਜ ਨੇ ਮੰਨਿਆਂ ਉਸਥੀਂ ਜੈਨ ਬਾਹਿਰ ਕਿਸੇਤਰਾਂ ਨਹੀਂ ਨਿਕਲ ਸੱਕਦੇ । ਜਿਸ ਜਿਸਥੀਂ ਜੈਨ ਨਿਕਲਿਆ, ਅਰ ਬੁੱਧ ਜਿਸਥੀਂ ਬੌੱਧਨਿਕਲਿਆ ਦੋਨੋਂ ਪਰਯਾਯਵਾਚੀ ਸ਼ਬਦ ਹਨ, ਕੋਸ਼ ਵਿਚ ਦੁਹਾਂਦਾ ਅਰਥ ਇਕਹੀ ਲਿਖਿਆ ਹੈ, ਅਰ ਗੌਤਮ ਨੂੰ ਦੋਨੋਂ ਮੰਨਦੇ ਹਨ, ਵਰਨਾ ਦੀਪਵੰਸ਼ ਇਤ੍ਯਾਦੀ ਪੁਰਾਨੇ ਬੁੱਧ ਗ੍ਰੰਥਾਂ ਵਿਚ ਸ਼ਾਕ੍ਯਮੁਨੀ ਗੌਤਮ ਬੁੱਧ ਨੂੰ ਬਹੁਤ ਕਰਕੇ ਮਹਾਬੀਰ ਹੀਦੇ ਨਾਮ ਕਰਕੇ ਲਿਖਿਆ ਹੈ,ਏਸ ਲਈ ਉਸਦੇ ਵੇਲੇ ਵਿਚ ਇੱਕਹੀ ਉਨ੍ਹਾਂਦਾ ਮਤ ਰਹਿਆ ਹੋਵੇਗਾ, ਅਸਾਂਨੇ ਜੋ ਜੈਨ ਨਾ ਲਿਖਕੇ ਗੌਤਮ ਦੇ ਮਤਵਾਲਿਆਂ ਨੂੰ ਬੁੱਧ ਲਿਖਿਆ ਉਸਦਾ ਮਤਲਬ ਕੇਵਲ ਇੱਨਾ ਹੀ ਹੈ ਕਿ ਉਨ੍ਹਾਂ, ਨੂੰ ਦੂਜੇ ਦੇਸ਼ ਵਾਲਿਆਂ ਨੇ ਬੁੱਧਹੀਦੇ ਨਾਮ ਕਰਕੇ ਲਿਖਿਆ ਹੈ । ਅਜੇਹਾ ਹੀ ਅਮਰਕੋਸ਼ ਵਿਚ ਭੀ ਲਿਖਿਆ ਹੈ :—

सर्वज्ञः सुगतो बुद्धो धर्मराजस्तथागतः ।
समंतभद्रो भगवान मारजिल्लोकजिज्जिनः ॥१॥
षडभिज्ञो दशबलो अद्वयवादी विनायकः ।
मुनींद्रः श्रीघनः शास्ता मुनिः शाक्यमुनिस्त्रयः॥२
स शाक्यसिंहः सर्वार्थः सिद्धशौद्धोदनिश्च सः ।
गौतमश्चारकबंधुश्च मायादेवीसुतश्च सः ॥३॥

अमरकोश कांड १ । वर्ग १ । श्लोक ८ से १० तक ॥

हुन वेखो!बुद्ध,जिनअर बौद्ध तथाजैन इकदे नाम हन वा नहीं? की, अमरसिंह भी बुद्ध, जिनदे इक लिखन विच भुल गिआ है ? जेहड़े अविद्वान जैन हन ओह झां ना अपना जानदे अर ना दूजेदा, निरा हठ मात्र नाल बरड़ाइआ करदे हन, परंतु जेहड़े जैनां विच विदवान हन ओह सब जानदे हन कि"बुद्ध" अते"जिन"तथा"बौद्ध" अर"जैन"प्रयायवाची हन एसविच कुझ संदेह नहीं। जैन लोग कहिंदे हन कि जीव ही परमेश्वर होजांदा है, ओह जो अपने तीरथंकरां हीनूं केवली मुकती प्राप्त अर परमेश्वर मंनदे हन अनादी परमेश्वर कोई नहीं, सरवज्ञ, वीतराग, अरहन, केवली, तीरथंक्रित,जिन इह छी नास्तिकां दे देवतिआं दे नाम हन। आदी देव दा सरुप चैद्र सुरी ने "आपतनिश्चिआलंकार"ग्रंथ विच लिखिआ है:—

सर्वज्ञो वीतरागादिदोशस्त्रैलोक्यपूजितः ।
यथा स्थितार्थवादि च देवोअरहन परमेश्वरः॥१

उसतरां ही "तैतात्तिरीं" ने भी लिहिआ है कि:—

सर्वज्ञो दृश्यते तावंनेदानीमसमदादिभिः ।
दृश्टो न चैकदेशोअसति लिंगं वा योनुमापयेत ॥२
न चागमविधिः कश्चित्तज्ञस्यसर्वज्ञवेधकः ।
न च तत्रार्थवादानां तात्पर्यमपि कल्पते ॥ ३

ਨ ਚਾਨਜ਼ਾਰਥਪ੍ਰਧਾਨੈ ਸਤੈਸਤਦਸਤਿਤ੍ਵੈ ਵਿਧੀਯਤੇ।
ਨ ਚਾਨੁਵਾਦਿਤੁੰ ਸ਼ਕ੍ਯਃ ਪੂਰ੍ਵਮਨਜ਼ੈਰਬੋਧਿਤਃ ॥੪॥

ਜੋ ਰਾਗ ਆਦੀ ਦੋਸ਼ਾਂ ਥੀਂ ਰਹਿਤ, ਤਿੱਨਾਂ ਲੋਕਾਂ ਵਿਚ ਪੂਜਨੇ ਯੋਗ, ਯਥਾਵਤ ਪਦਾਰਥਾਂ ਦਾ ਕਹਨ ਵਾਲਾ, ਸਰਵੱਗ ਅਰਹਨ ਦੇਵ ਹੈ, ਓਹੀ ਪਰਮੇਸ਼੍ਵਰ ਹੈ ॥ ੧ ॥ ਜਿਸ ਵਾਸਤੇ ਅਸੀਂ ਏਸ ਵੇਲੇ ਪਰਮੇਸ਼੍ਵਰ ਨੂੰ ਨਹੀਂ ਵੇਖਦੇ ਏਸ ਵਾਸਤੇ ਕੋਈ ਸਰਵੱਗ ਅਨਾਦੀ ਪਰਮੇਸ਼੍ਵਰ ਪ੍ਰਤਖਛ ਨਹੀਂ, ਜਦ ਈਸ਼੍ਵਰ ਵਿਚ ਪ੍ਰਤਖਛ ਪ੍ਰਮਾਣ ਨਹੀਂ ਤਾਂ ਅਨੁਮਾਨ ਭੀ ਨਹੀਂ ਘਟ ਸਕਦਾ, ਕਿਉਂਕਿ ਇਕ ਦੇਸ਼ ਪ੍ਰਤਖਛ ਦੇ ਬਿਨਾ ਅਨੁਮਾਨ ਨਹੀਂ ਹੋ ਸਕਦਾ ॥ ੨ ॥ ਜਦ ਪ੍ਰਤਖਛ ਅਨੁਮਾਨ ਨਹੀਂ ਤਾਂ ਆਗਮ ਅਰਥਾਤ ਨਿੱਤ ਅਨਾਦੀ ਸਰਵੱਗ ਪਰਮਾਤਮਾ ਦਾ ਜਨਾਨ ਵਾਲਾ ਸ਼ਬਦ ਪ੍ਰਮਾਣ ਭੀ ਨਹੀਂ ਹੋ ਸਕਦਾ, ਜਦ ਤਿੱਨੇ ਪ੍ਰਮਾਣ ਨਹੀਂ ਤਾਂ ਅਰਥਵਾਦ ਅਰਥਾਤ ਉਸਤਤੀ, ਨਿੰਦਿਆ ਪਰਕ੍ਰਿਤਿ ਅਰਥਾਤ ਪਰਾਏ ਚਰਿਤ੍ਰ ਦਾ ਕਹਨਾ, ਅਰ ਪੁਰਾਕਲਪ ਅਰਥਾਤ ਇਤਿਹਾਸ ਦਾ ਮਤਲਬ ਭੀ ਨਹੀਂ ਘਟ ਸਕਦਾ ॥ ੩ ॥ ਅਰ ਅਨਜ਼ਾਰਥ ਪ੍ਰਧਾਨ ਅਰਥਾਤ ਬਹੁਬ੍ਰੀਹੀ ਸਮਾਸਦੇ ਵਾਛਣ ਪਰੋਖਛ ਪਰਮਾਤਮਾ ਦੀ ਸਿੱਧੀ ਦਾ ਵਿਧਾਨ ਭੀ ਨਹੀਂ ਹੋ ਸਕਦਾ, ਫੇਰ ਈਸ਼੍ਵਰ ਦੇ ਉਪਦੇਸ਼ ਕਰਨ ਵਾਲਿਆਂ ਥੀਂ ਸੁਨੇ ਬਿਨਾ ਅਨੁਵਾਦ ਭੀ ਕਿਸਤਰਾਂ ਹੋ ਸਕਦਾ ਹੈ ? ॥ ੪ ॥

(ਏਸਦਾ ਪ੍ਰਤ੍ਯਾਖ੍ਯਾਨ ਅਰਥਾਤ ਖੰਡਨ)

ਜੇਕਰ ਅਨਾਦੀ ਈਸ਼੍ਵਰ ਨਾ ਹੁੰਦਾ ਤਾਂ ਅਰਹਨ ਦੇ ਵਦੇ ਮਾਤਾ ਪਿਤਾ ਆਦੀ ਦੇਸ਼ਰੀਰਦਾ ਸੱਚਾ ਕੌਨ ਬਨਾਂਦਾ? ਬਿਨਾ ਸੰਜੋਗ ਕਰਨਵਾਲੇਦੇ ਯਥਾਯੋਗ ਸਾਰੇ ਅੰਗਾਂ ਸਹਿਤ ਜੈਹਾ ਚਾਹੀਏ ਕਾਰਯ ਕਰਨੇ ਵਿਚ ਉਪਯੁਕਤ ਸ਼ਰੀਰ ਬਨ ਹੀ ਨਹੀਂ ਸੱਕਦਾ, ਅਰ ਜਿਨ੍ਹਾਂ ਪਦਾਰਥਾਂ ਥੀਂ ਸ਼ਰੀਰ ਬਨਿਆ ਹੈ ਉਨ੍ਹਾਂ ਦੇ ਜਜ਼ ਹੋਨ ਥੀਂ ਅਪਨੇ ਆਪ ਏਸ ਤਰਾਂ ਦੀ ਉੱਤਮ ਬਨਾਵਟ ਨਾਲ ਮਿਲੇ ਹੋਏ ਸ਼ਰੀਰ ਰੂਪ ਨਹੀਂ ਬਨ ਸਕਦੇ, ਕਿਸ ਕਰਕੇ ਉਨ੍ਹਾਂ ਵਿਚ ਯਥਾਯੋਗ ਬਨਨ ਦੀ ਸਮਝ ਹੀ ਨਹੀਂ ਅਰ ਜੋ ਰਾਗ ਆਦੀ ਦੋਸ਼ਾਂ ਦੇ ਸਹਿਤ ਹੋਕੇ ਪਿੱਛੋਂ ਦੋਸ਼ ਰਹਿਤ ਹੁੰਦਾ ਹੈ ਓਹ ਈਸ਼੍ਵਰ ਕਦੀ ਨਹੀਂ ਹੋ ਸਕਦਾ, ਕਿਉਂਕਿ ਜਿਸ ਕਾਰਣ ਥੀਂ ਓਹ ਰਾਗ ਆਦੀ ਥੀਂ ਮੁਕਤ ਹੁੰਦਾ ਹੈ ਓਹ ਮੁਕਤੀ ਉਸ ਕਾਰਣ ਦੇ ਛੁੱਟਨ ਥੀਂ ਉਸਦਾ ਕਾਰਯਮੁਕਤੀ ਭੀ ਅਨਿੱਤ ਹੀ ਹੋਵੇ ਗੀ, ਜੋ ਥੋੜਾ ਅਰ ਥੋੜੇ ਗਿਆਨ ਵਾਲਾ ਹੈ ਓਹ ਸ਼ਰਵ ਵਿਆਪਕ ਅਰ ਸਰਵੱਗ ਕਦੀ ਨਹੀਂ ਹੋ ਸਕਦਾ, ਕਿਉਂਕਿ ਜੀਵਦਾ ਸ੍ਵਰੂਪ ਇੱਕਦੇਸ਼ੀ ਅਰ ਅੰਦਾਜ਼ ਦੇ ਗੁਣ, ਕਰਮ, ਸੁਭਾਵ ਵਾਲਾ ਹੁੰਦਾ ਹੈ ਓਹ ਸਰੀ ਵਿਦਿਆਂ ਵਿਚ ਸਬਤਰਾਂ ਨਾਲ ਯਥਾਰਥ ਕਹਨ ਵਾਲਾ ਨਹੀਂ ਹੋ ਸਕਦਾ, ਏਸਲਈ ਤੁਹਾਡੇ ਤੀਰਥੰਕਰ

परमेश्वर कदी नहीं हो सकदे॥ १॥की तुसीं जो प्रत्यक्ष पदारथ हनउन्हांही नूं मंनदेहो अप्रत्यक्षनूं नहीं, जिसतरां कंन थीं रूप अर अक्खां नाल आवाज़ दा सुनना नहीं हो सकदा, उसेतरां अनादी परमात्मा नूं वेखन दा उपाय शुद्ध अंतहकरण, विदिआ अर योगाभिआस पवित्र आतमा परमेश्वर नूं प्रत्यक्षवेखदा है, जिसतरां बिना पड़े विदिआ दे मतलब दा हासल होना नहीं हुंदा, उसेतरां योगाभिआस अर विगिआन दे बिना परमात्मा भी नहीं दिसदा, जिसतरां प्रिथिवी दे रूप आदी गुण ही नूं वेख जानके गुणां नाल नज़ीक सिंबंध थीं प्रिथिवी प्रत्यक्ष हुंदी है, उसेतरां एस जगत विच परमात्मा दी रचना विशेश चिंन वेखके परमात्मा प्रत्यक्ष हुंदा है, अर जेहड़ी पापदे करन दी इछिआ दे वेले विच डर, शंका, लज्जिआउतपंन हुंदी है उह अंतरयामी परमात्मा दी तरफों है, एस थीं भी परमात्मा प्रत्यक्ष हुंदा है। अनुमान दे होन विच की संदेह हो सकदा है॥ २॥ अर प्रत्यक्ष तथा अनुमान दे होने थीं आगम प्रमाण भी नित्य अनादी सरवज्ञ ईश्वर दा जनान वाला हुंदा है एसलई शबद प्रमाण भी ईश्वर विच है, जद तिंनां प्रमाणां नाल ईश्वर नूं जीव जान सकदा है तद अरथवाद अरथात परमेश्वर दे गुणांदी उसतती करनी भी ठीक घटदी है, किउंकि जेहड़े नित्य पदारथ हन उन्हांदे गुण, करम, सुभाव भी नित्य हुंदे हन उन्हांदी उसतीकरन विच कोई रोकन वाला नहीं॥ ३॥ जीकन मनुशां विच करता दे बिना कोई भी कंम नहीं हुंदा, उकन ही एस वड्डे कंमदा करता दे बिनां होना सदा असंभव है। जद अजेहा है तां ईश्वर दे होंन विच मूरख नूं भी संदेह नहीं हो सकदा, जद परमात्मा दे उपदेश करन वालिआं थीं सुनेंगे पिछों उसदा अनुवाद करना भी सुखाला है॥ ४॥ एस थीं जैनीआं दे प्रत्यक्ष आदी प्रमाणां नाल ईश्वर दा खंडन करना आदी विहार अयोग है॥ (प्रश्न)ः—

अनादेरागमसज़ारथो न च सरवज्ञ आदिमान।
क्रित्रिमेण त्रसतज़ेन स कथं प्रतिपादज़ते॥ १॥
अथ तद्वचनेनैव सरवज्ञोअनज़ैः प्रदीयते।-
प्रकल्पेत कथं सिंधिरनज़ोअनज़ाश्रयओसतज़ोः॥२॥

ਸਰਵਜਞੋਕਤਤਯਾ ਵਾਕਯੰ ਸਤਯੰ ਤੇਨ ਤਦਸਤਿਤਾ।
ਕਥੰ ਤਦੁ ਭਯੰ ਸਿਧਯੇਤ ਸਿੰਧਮੂਲਾਂਤਰਾਦ੍ਰਿਤੇ ॥ ੩ ॥

ਵਿਚਕਾਰ ਸਰਵੱਗ ਹੋਇਆ ਅਨਾਦੀ ਸ਼ਾਸਤ੍ਰ ਦਾ ਅਰਥ ਨਹੀਂ ਹੋਸਕਦਾ, ਕਿਉਂਕਿ ਕੀਤੇ ਹੋਏ ਝੂਠੇ ਵਚਨ ਨਾਲ ਉਸਦਾ ਪ੍ਰਤੀਪਾਦਨ ਕਿਸਤਰਾਂ ਨਾਲ ਹੋ ਸੱਕੇ ? ॥੧॥ ਅਰ ਜੇ ਪਰਮੇਸ਼੍ਵਰ ਹੀ ਦੇ ਵਚਨ ਨਾਲ ਪਰਮੇਸ਼੍ਵਰ ਸਿੱਧ ਹੁੰਦਾ ਹੈ ਤਾਂ ਅਨਾਦੀ ਈਸ਼੍ਵਰ ਥੀਂ ਅਨਾਦੀ ਸ਼ਾਸਤ੍ਰ ਦੀ ਸਿੱਧੀ, ਅਨਾਦੀ ਸ਼ਾਸਤ੍ਰ ਥੀਂ ਅਨਾਦੀਈਸ਼੍ਵਰ ਦੀ ਸਿੱਧੀ, ਅਨਜੋ ਅਨਜਆਸ਼ੈ ਦੋਸ਼ ਆਉਂਦਾਹੈ ॥੨॥ ਕਿਉਂਕਿ ਸਰਵੱਗ ਦੇ ਕਹਨ ਨਾਲ ਓਹ ਵੇਦਵਾਕ ਸੱਚੇ, ਅਰ ਉੱਸੇ ਵੇਦ ਦੇ ਵਚਨ ਨਾਲ ਈਸ਼੍ਵਰ ਦੀ ਸਿੱਧੀ ਕਰਦੇ ਹੋ ਇਹ ਕੀਕਨ ਸਿੱਧ ਹੋ ਸਕਦਾ ਹੈ ? ਉਸ ਸ਼ਾਸਤ੍ਰ ਅਰ ਪਰਮੇਸ਼੍ਵਰ ਦੀ ਸਿੱਧੀ ਦੇ ਵਾਸਤੇ ਤੀਜਾ ਕੋਈ ਪ੍ਰਮਾਣ ਚਾਹੀਏ, ਜੇ ਈਕਨ ਮੰਨੋਗੇ ਤਾਂ ਅਨਵਸਥਾ ਦੋਸ਼ ਆਵੇਗਾ ॥ ੩ ॥

(ਉੱਤਰ) ਅਸੀਂ ਲੋਗ ਪਰਮੇਸ਼੍ਵਰ ਅਰ ਪਰਮੇਸ਼੍ਵਰ ਦੇ ਗੁਣ, ਕਰਮ, ਸੁਭਾਵ ਨੂੰ ਅਨਾਦੀ ਮੰਨਦੇ ਹਾਂ, ਅਨਾਦੀ ਨਿੱਤ ਪਦਾਰਥਾਂ ਵਿਚ ਅਨਜੋਅ-ਅਨਜਾਸ਼ੈ ਦੋਸ਼ ਨਹੀਂ ਆ ਸਕਦਾ, ਜੀਕਨ ਕਾਰਯ ਥੀਂ ਕਾਰਣ ਦਾ ਗਿਆਨ ਅਰ ਕਾਰਣ ਥੀਂ ਕਾਰਯ ਦਾ ਬੋਧ ਹੁੰਦਾ ਹੈ, ਕਾਰਯ ਵਿਚ ਕਾਰਣ ਦਾ ਸ੍ਵਭਾਵ ਅਰ ਕਾਰਣ ਵਿਚ ਕਾਰਣ ਦਾ ਸ੍ਵਭਾਵ ਨਿੱਤ ਹੈ, ਈਕਨ ਪਰਮੇਸ਼੍ਵਰ ਅਰ ਪਰਮੇਸ਼੍ਵਰ ਦੇ ਅਨੰਤ ਵਿਦਿਆ ਆਦੀ ਗੁਣ ਨਿੱਤ ਹੋਨ ਥੀਂ ਈਸ਼੍ਵਰ ਕਰਕੇ ਬਨਾਏ ਹੋਏ ਵੇਦ ਵਿਚ ਅਨਵਸਥਾ ਦੋਸ਼ ਨਹੀਂ ਆਉਂਦਾ ॥ ੧ ॥ ॥ ੩ ॥ ਅਰ ਤੁਸੀਂ ਤੀਰਥੰਕਰਾਂ ਨੂੰ ਪਰਮੇਸ਼੍ਵਰ ਮੰਨਦੇ ਹੋ ਇਹ ਕਦੀ ਨਹੀਂ ਬਨ ਸਕਦਾ, ਕਿਉਂਕਿ ਬਿਨਾ ਮਾਂ, ਪਿਉ ਦੇ ਉਨ੍ਹਾਂ ਦਾ ਸ਼ਰੀਰ ਹੀ ਨਹੀਂ ਹੁੰਦਾ ਤਾਂ ਓਹ ਅਪਸ਼ਚਰਯਾ, ਗਿਆਨ ਅਰ ਮੁਕਤੀ ਨੂੰ ਕੀਕਨ ਪਾ ਸਕਦੇ ਹਨ, ਉੱਸੇਤਰਾਂ ਹੀ ਸੰਯੋਗ ਦਾ ਆਦਿ ਜ਼ਰੂਰ ਹੁੰਦਾ ਹੈ, ਕਿਉਂਕਿ ਬਿਨਾ ਵਿਯੋਗ ਦੇ ਸੰਯੋਗ ਹੋ ਹੀ ਨਹੀਂ ਸੱਕਦਾ, ਏਸਲਈ ਅਨਾਦੀ ਸ੍ਰਿਸ਼ਟੀ ਦਾ ਬਨਾਨਵਾਲਾ ਪਰਮਾਤਮਾ ਨੂੰ ਮੰਨੋ। ਵੇਖੋ! ਚਾਹੇ ਕਿੱਨਾਂ ਹੀ ਕੋਈ ਸਿੱਧ ਹੋਵੇ ਤਾਂ ਭੀ ਸ਼ਰੀਰ ਆਦੀ ਦੀ ਬਨਾਉਟ ਨੂੰ ਪੂਰਣਤਾ ਨਾਲ ਨਹੀਂ ਜਾਨ ਸਕਦਾ, ਜਦ ਸਿੱਧਜੀਵ ਸੁਸੁਪਤੀ ਦਸ਼ਾ ਵਿਚ ਜਾਂਦਾ ਹੈ ਤਦ ਉਸ ਨੂੰ ਕੁਝ ਭੀ ਮਲੂਮ ਨਹੀਂ ਰਹਿੰਦਾ, ਜਦ ਜੀਵ ਦੁੱਖ ਨੂੰ ਪ੍ਰਾਪਤ ਹੁੰਦਾ ਹੈ ਤਦ ਉਸਦਾ ਗਿਆਨ ਭੀ ਥੋੜਾ ਹੋ ਜਾਂਦਾ ਹੈ, ਅੱਜਹੇ ਪਰੀਛਿੰਨ ਸਾਮਰਥ ਵਾਲੇ, ਇਕ ਦੇਹ ਵਿਚ ਰਹਨ ਵਾਲੇ ਨੂੰ ਈਸ਼੍ਵਰ ਮੰਨਨਾ ਬਿਨਾ ਭ੍ਰਮ ਬੁੱਧੀ ਵਾਲੇ ਜੈਨੀਆਂ ਥੀਂ ਹੋਰ ਕੋਈ ਭੀ ਨਹੀਂ ਮੰਨ ਸਕਦਾ। ਜੇਕਰ ਤੁਸੀਂ ਕਹੋ ਕਿ ਉਹ ਤੀਰਥੰਕਰ ਅਪਨੇ ਮਾਤਾ ਪਿਤਾ ਥੀਂ ਹੋਏ ਤਾਂ ਓਹ ਕਿਨ੍ਹਾਂ ਥੀਂ?

ਅਰ ਉਨ੍ਹਾਂ ਦੇ ਮਾਂ, ਪਿਉ ਕਿਨ੍ਹਾਂ ਥੀਂ? ਫੇਰ ਉਨ੍ਹਾਂ ਦੇ ਭੀ ਮਾਂ, ਪਿਉ ਕਿਨ੍ਹਾਂ ਥੀਂ ਪੈਦਾ ਹੋਏ? ਇਤਿਆਦੀ ਅਨਵਸਥਾ ਆਵੇਗੀ।

ਆਸਤਿਕ ਅਰ ਨਾਸਤਿਕ ਦਾਸੰਵਾਦ।

ਏਸਦੇ ਅੱਗੇ ਪ੍ਰਕਰਣ ਰਤਨਾਕਰ ਦੇ ਦੂਜੇ ਭਾਗ ਆਸਤਿਕ ਨਾਸਤਿਕ ਦੇ ਸੰਵਾਦ ਦੇ ਪ੍ਰਸ਼ਨ ਉੱਤਰਇੱਥੇ ਲਿਖਨੇ ਹਾਂ, ਜਿਸ ਨੂੰ ਵੱਡੇ ਵੱਡੇ ਜੈਨੀਆਂ ਨੇ ਅਪਨੀ ਸੱਮਤੀ ਦੇ ਨਾਲ ਮੰਨਿਆਂ, ਅਰ ਬੰਬਈ ਵਿਚ ਛਪਵਾਇਆ ਹੈ॥

(ਨਾਸਤਿਕ) ਈਸ਼੍ਵਰ ਦੀ ਇਛਿਆ ਨਾਲ ਕੁਝ ਨਹੀਂ ਹੁੰਦਾ, ਜੋ ਕੁਝ ਹੁੰਦਾ ਹੈ ਓਹ ਕਰਮ ਨਾਲ।

(ਆਸਤਿਕ) ਜੇਕਰ ਸਬ ਕਰਮ ਥੀਂ ਹੁੰਦਾ ਹੈ ਤਾਂ ਕਰਮ ਕਿਸ ਥੀਂ ਹੁੰਦਾ ਹੈ? ਜੇਕਰ ਆਖੋ ਕਿ ਜੀਵ ਆਦਿ ਥੀਂ ਹੁੰਦਾ ਹੈ, ਤਾਂ ਜਿਨ੍ਹਾਂ ਕੰਨ ਆਦੀ ਸਾਧਨਾਂ ਨਾਲ ਜੀਵ ਕਰਮ ਕਰਦਾ ਹੈ ਓਹ ਕਿਨ੍ਹਾਂ ਥੀਂ ਹੋਏ? ਜੇਕਰ ਆਖੋ ਕਿ ਅਨਾਦੀ ਕਾਲ ਅਰ ਸੁਭਾਵ ਥੀਂ ਹੁੰਦੇ ਹਨ ਤਾਂ ਅਨਾਦੀ ਦਾ ਛੁਟਨਾ ਅਸੰਭਵ ਹੋਕੇ ਤੁਹਾਡੇ ਮਤ ਵਿਚ ਮੁਕਤੀ ਦਾ ਅਭਾਵ ਹੋਵੇਗਾ। ਜੇ ਆਖੋ ਕਿ ਪ੍ਰਾਗਭਾਵ ਵਾਙਣ ਅਨਾਦੀ ਸਾਂਤ ਹਨ ਤਾਂ ਬਿਨਾ ਯਤਨ ਦੇ ਸਾਰਿਆਂ ਦੇ ਕਰਮ ਦੂਰ ਹੋ ਜਾਨਗੇ। ਜੇਕਰ ਈਸ਼੍ਵਰ ਫਲ ਦੇਨ ਵਾਲਾ ਨਾ ਹੋਵੇ ਤਾਂ ਪਾਪ ਦੇ ਫਲ ਦੁੱਖ ਨੂੰ ਜੀਵ ਅਪਨੀ ਇਛਿਆ ਨਾਲ ਕਦੀ ਨਹੀਂ ਭੋਗੇਗਾ, ਜੀਕਨ ਚੋਰ ਆਦੀ ਚੋਰੀ ਦਾ ਫਲ ਦੰਡ ਅਪਨੀ ਮਰਜ਼ੀ ਨਾਲ ਨਹੀਂ ਭੋਗਦੇ ਕਿੰਤੂ ਰਾਜ ਵਿਵਸਥਾ ਥੀਂ ਭੋਗਦੇ ਹਨ, ਉੱਸੇ ਤਰਾਂ ਪਰਮੇਸ਼੍ਵਰ ਦੇ ਭੁਗਾਨ ਥੀਂ ਜੀਵ ਪਾਪ ਅਰ ਪੁੰਨਾਂ ਦੇ ਫਲਾਂ ਨੂੰ ਭੋਗਦੇ ਹਨ, ਹੋਰੀ ਤਰਾਂ ਕਰਮ ਗੜਬੜ ਹੋ ਜਾਨਗੇ, ਹੋਰੀ ਦੇ ਕਰਮ ਹੋਰੀ ਨੂੰ ਭੋਗਨੇ ਪੈਨਗੇ।

(ਨਾਸਤਿਕ) ਈਸ਼੍ਵਰ ਕ੍ਰਿਆ ਥੀਂ ਰਹਿਤ ਹੈ, ਕਿਉਂਕਿ ਜੇਕਰ ਕਰਮ ਕਰਨ ਵਾਲਾ ਹੁੰਦਾ ਤਾਂ ਕਰਮ ਦਾ ਫਲ ਭੀ ਭੋਗਨਾ ਪੈਂਦਾ, ਏਸਲਈ ਜੀਕਨ ਅਸੀਂ ਕੇਵਲੀ ਪ੍ਰਾਪਤ ਮੁਕਤਾਂ ਨੂੰ ਬਿਨਾ ਕ੍ਰਿਆ ਦੇ ਮੰਨਦੇ ਹਾਂ ਉਕਨ ਤੁਸੀਂ ਭੀ ਮੰਨੋ।

(ਆਸਤਿਕ) ਈਸ਼੍ਵਰ ਬਿਨਾ ਕ੍ਰਿਆ ਦੇ ਨਹੀਂ ਕਿੰਤੂ ਕ੍ਰਿਆ ਸਹਿਤ ਹੈ ਤਦ ਚੇਤਨ ਹੈ ਤਾਂ ਕਰਨ ਵਾਲਾ ਕਿਉਂ ਨਹੀਂ ਅਰ ਜੇ ਕਰਤਾ ਹੈ ਤਾਂ ਓਹ ਕ੍ਰਿਆ ਥੀਂ ਵੱਖਰਾ ਕਦੀ ਨਹੀਂ ਹੋ ਸਕਦਾ, ਜੀਕਨ ਤੁਸੀਂ ਕ੍ਰਿਤ੍ਰਿਮ ਅਰਥਾਤ ਬਨਾਉਟ ਦੇ ਈਸ਼੍ਵਰ ਤੀਰਥੰਕਰ ਨੂੰ ਜੀਵ ਥੀਂ ਬਨੇ ਹੋਏ ਮੰਨਦੇ ਹੋ, ਏਸ ਤਰਾਂ ਦੇ ਈਸ਼੍ਵਰ ਨੂੰ ਕੋਈ ਭੀ ਵਿਦਵਾਨ ਨਹੀਂ ਮੰਨ ਸਕਦਾ, ਕਿਉਂਕਿ ਜੇ ਨਿਮਿੱਤ ਥੀਂ ਈਸ਼੍ਵਰ ਬਨੇ ਤਾਂ ਅਨਿੱਤ ਅਰ ਪਰਾਧੀਨ ਹੋ ਜਾਵੇ, ਕਿਉਂਕਿ ਈਸ਼੍ਵਰ ਬਨਨ ਦੇ ਪਹਿਲਾਂ ਜੀਵ ਸੀ, ਪਿਛੋਂ ਕਿਸੇ ਨਿਮਿੱਤ ਥੀਂ ਈਸ਼੍ਵਰ ਬਨਿਆ ਤਾਂ

ਫੇਰ ਭੀ ਜੀਵ ਹੋ ਜਾਵੇਗਾ, ਅਪਨੇ ਜੀਵਪਨੇ ਸੁਭਾਵ ਨੂੰ ਕਦੀ ਨਹੀਂ ਛੱਡ ਸਕਦਾ, ਕਿਉਂਕਿ ਅਨੰਤ ਕਾਲ ਥੀਂ ਜੀਵ ਹੈ, ਅਰ ਅਨੰਤਕਾਲ ਤਕ ਰਹੇਗਾ, ਏਸ ਲਈ ਏਸ ਅਨਾਦੀ ਸੁਤਃ ਸਿੱਧ ਪਰਮੇਸ਼ੁਰ ਨੂੰ ਮੰਨਨਾ ਯੋਗ ਹੈ। ਦੇਖੋ ! ਜੀਕਨ ਵਰਤਮਾਨ ਵੇਲੇ ਵਿਚ ਜੀਵ ਪਾਪ, ਪੁੰਨ ਕਰਨ ਵਾਲਾ, ਸੁਖ, ਦੁੱਖ ਭੋਗਨ ਵਾਲਾ ਹੈ ਉਕਨ ਈਸ਼ੁਰ ਕਦੀ ਨਹੀਂ ਹੁੰਦਾ,ਜੇ ਈਸ਼ੁਰ ਕ੍ਰਿਆਵਾਨ ਨਾ ਹੁੰਦਾ ਤਾਂ ਏਸ ਜਗਤ ਨੂੰ ਕੀਕਨ ਬਨਾ ਸੱਕਦਾ ? ਜੇ ਕਰਮਾਂ ਨੂੰ ਪ੍ਰਾਗਭ ਵ ਵਾਛਣ ਅਨਾਦੀ ਸਾਂਤ ਮੰਨਦੇ ਹੋ ਤਾਂ ਕਰਮ ਸਮਵਾਇ ਸੈਬੰਧ ਨਾਲ ਨਹੀਂ ਰਹੇਗਾ, ਜੇਹੜਾ ਸਮਵਾਇ ਸੈਬੰਧ ਨਾਲ ਨਹੀਂ ਓਹ ਸੈਜੋਗ ਥੀਂ ਹੋਨ ਵਾਲਾ ਹੋਕੇ ਅਨਿੱਤ ਹੁੰਦਾ ਹੈ, ਜੇਕਰ ਮੁਕਤੀ ਵਿਚ ਕ੍ਰਿਆ ਥੀਂ ਰਹਿਤ ਮੰਨਦੇ ਹੋ ਤਾਂ ਓਹ ਮੁਕਤ ਜੀਵ ਗਿਆਨ ਵਾਲੇ ਹੁੰਦੇ ਹਨ ਵਾ ਨਹੀਂ ? ਜੇਕਰ ਕਹੋ ਹੁੰਦੇ ਹਨ ਤਾਂ ਅੰਤ ਕ੍ਰਿਆ ਵਾਲੇ ਹੋਏ, ਕੀ ਮੁਕਤੀ ਵਿਚ ਪੱਥਰ ਵਾਛਣ ਜੜ ਹੋ ਜਾਂਦੇ, ਇਕ ਠਿਕਾਨੇ ਪਏ ਰਹਿੰਦੇ ਅਰ ਕੁਝ ਭੀ ਬਿਹਾਰ ਨਹੀਂ ਕਰਦੇ ਤਾਂ ਮੁਕਤੀ ਕੀ ਹੋਈ ਕਿੰਤੂ ਹਨੇਰੇ ਅਰ ਢਾਹੀ ਵਿਚ ਪੈ ਗਏ ॥

(ਨਾਸਤਿਕ) ਈਸ਼ੁਰ ਵਿਆਪਕ ਨਹੀਂ ਹੈ, ਜੇਕਰ ਵਿਆਪਕ ਹੁੰਦਾ ਤਾਂ ਸਾਰੀਆਂ ਵਸਤੂ ਚੇਤਨ ਕਿਉਂ ਨਾ ਹੁੰਦੀਆਂ ? ਅਰ ਬ੍ਰਾਹਮਣ, ਖਛਤ੍ਰੀ, ਵੈਸ਼ਜ, ਸ਼ੂਦ੍ ਆਦੀ ਦੀ ਉੱਤਮ, ਮੱਧਮ, ਨਿਕ੍ਰਿਸ਼ਟ ਅਵਸਥਾ ਕਿਉਂ ਹੋਈ ? ਕਿਉਂਕਿ ਸਾਰਿਆਂ ਵਿਚ ਈਸ਼ੁਰ ਇਕੋ ਜਿਹਾ ਵਿਆਪਕ ਹੈ ਤਾਂ ਛੁਟਿਆਈ ਵਡਿਆਈ ਨਾ ਹੋਨੀ ਚਾਹੀਏ ॥

(ਆਸਤਿਕ) ਵਿਆਪਜ ਅਰ ਵਿਆਪਕ ਇਕੋ ਜਿਹੇ ਨਹੀਂ ਹੁੰਦੇ ਕਿੰਤੂ ਵਿਆਪਜ ਇਕਦੇਸ਼ੀ ਅਰ ਵਿਆਪਕ ਸਰਵਦੇਸ਼ੀ ਹੁੰਦਾ ਹੈ, ਜੀਕਨ ਆਕਾਸ਼ ਸਾਰਿਆਂ ਵਿਚ ਵਿਆਪਕ ਹੁੰਦਾ ਹੈ ਅਰ ਭੂਗੋਲ ਅਰ ਘੜਾ ਕਪੜਾ ਆਦੀ ਸਾਰੇ ਵਿਆਪਜ ਇਕਦੇਸ਼ੀ ਹਨ, ਜੀਕਨ ਜ਼ਮੀਨ, ਆਕਾਸ਼ ਇਕ ਨਹੀਂ. ਉਕਨ ਈਸ਼ੁਰ ਅਰ ਜਗਤ ਇੱਕ ਨਹੀਂ, ਜੀਕਨ ਸਾਰੇ ਘੜੇ, ਕਪੜੇ ਆਦੀ ਵਿਚ ਆਕਾਸ਼ ਵਿਆਪਕ ਹੈ ਅਰ ਘੜਾ,ਕਪੜਾ ਆਦੀ ਆਕਾਸ਼ ਨਹੀਂ, ਉਸੇ ਤਰਾਂ ਪਰਮੇਸ਼ੁਰ ਚੇਤਨ ਸਾਰਿਆਂ ਵਿਚ ਹੈ ਅਰ ਸਾਰੇ ਚੇਤਨ ਨਹੀਂ ਹੁੰਦਾ, ਜੀਕਨ ਵਿਦਵਾਨ, ਅਵਿਦਵਾਨ ਅਰ ਧਰਮਾਤਮਾ, ਅਧਰਮਾਤਮਾ ਬਰਾਬਰ ਨਹੀਂ ਹੁੰਦੇ, ਵਿਦਿਆ ਆਦੀ ਅੱਛੇ ਗੁਣ ਅਰ ਸੱਚ ਕਹਿਨ ਆਦੀ ਕਰਮ,ਸੁਸ਼ੀਲਤਾ ਆਦੀ ਸੁਭਾਵ ਦੇ ਘੱਟ ਵੱਧ ਹੋਨ ਥੀਂ ਬ੍ਰਾਹਮਣ,ਖਛਤ੍ਰੀ, ਵੈਸ਼, ਸ਼ੂਦ੍ ਅਰ ਚੰਡਾਲ ਵੱਡੇ ਛੋਟੇ ਮੰਨੇ ਜਾਂਦੇ ਹਨ, ਵਰਣਾਂ ਦੀ ਵਿਆਖਿਆ ਜਿਹੀ ਚੌਥੇ ਸਮੁੱਲਾਸ ਵਿਚ ਲਿਖ ਆਏ ਹਾਂ ਉੱਥੇ ਦੇਖ ਲੌ।

(ਨਾਸਤਿਕ) ਜੇਕਰ ਈਸ਼ੁਰ ਦੀ ਰਚਨਾ ਥੀਂ ਸ੍ਰਿਸ਼ਟੀ ਹੁੰਦੀ ਭਾਂ ਮਾਂ, ਪਿਉ ਆਦੀ ਦਾ ਕੀ ਕੰਮ ?

(ਆਸਤਿਕ) ਈਸ਼ੁਰ ਦੀ ਸ੍ਰਿਸ਼ਟੀ ਦਾ ਈਸ਼ੁਰ ਕਰਨ ਵਾਲਾ ਹੈ, ਜੀਵਦੀ ਸ੍ਰਿਸ਼ਟੀ ਦਾ ਨਹੀਂ, ਜਿਹੜੇ ਜੀਵਾਂ ਦੇ ਕਰਨਯੋਗ ਕਰਮ ਹਨ ਓਨ੍ਹਾਂ ਨੂੰ ਈਸ਼ੁਰ ਨਹੀਂ ਕਰਦਾ, ਕਿੰਤੂ ਜੀਵ ਹੀ ਕਰਦਾ ਹੈ, ਜੀਕਨ ਦੁਖਤ, ਫਲ ਦੁਆਈ, ਅੰਨ ਆਦੀ ਈਸ਼ੁਰ ਨੇ ਉਤਪੰਨ ਕੀਤਾ ਹੈ ਉਸ ਨੂੰ ਲੈਕੇ ਮਨੁਸ਼ਨਾ ਪੀਹਨ, ਨਾ ਕੁੱਟਨ, ਨਾ ਰੋਟੀ ਆਦੀ ਪਦਾਰਥ ਬਨਾਨ, ਅਰ ਨਾ ਖਾਨ ਤਾਂ ਕੀ ਈਸ਼ੁਰ ਉਸਦੇ ਬਦਲੇ ਇਨ੍ਹਾਂ ਕੰਮਾਂ ਨੂੰ ਕਦੀ ਕਰੇਗਾ? ਅਰ ਜੇ ਨਾ ਕਰਨ ਤਾਂ ਜੀਵਦਾ ਜੀਵਨ ਭੀ ਨਾ ਹੋ ਸੱਕੇ, ਏਸਲਈ ਆਦੀ ਸ੍ਰਿਸ਼ਟੀ ਵਿਚ ਜੀਵਦੇ ਸ਼ਰੀਰਾਂ ਅਰ ਸੱਚੇ ਨੂੰ ਬਨਾਨਾ ਈਸ਼ੁਰ ਦੇ ਅਧੀਨ ਹੈ ਪਿਛੋਂ ਉਨਾਂ ਥੀਂ ਪੁਤ੍ਰ ਆਦੀ ਦੀ ਉਤਪੱਤੀ ਕਰਨਾ ਜੀਵਦਾ ਕਰਨ ਯੋਗ ਕੰਮ ਹੈ ॥

(ਨਾਸਤਿਕ) ਜਦ ਪਰਮਾਤਮਾ ਨਿਰੰਤਰ, ਅਨਾਦੀ, ਚੈਤਨ, ਆਨੰਦ, ਗਿਆਨਸ੍ਵਰੂਪ ਹੈ ਤਾ ਜਗਤ ਜੰਜਾਲ ਅਰ ਦੁੱਖ ਵਿਚ ਕਿਉਂ ਪਇਆ ? ਆਨੰਦ ਛੱਡ ਦੁੱਖ ਵਿਚ ਪੈਨਾ ਅਜੇਹਾ ਕੰਮ ਕੋਈ ਸਾਧਾਰਣ ਮਨੁੱਸ਼ ਭੀ ਨਹੀਂ ਕਰਦਾ ਈਸ਼ੁਰ ਨੇ ਕਿਉਂ ਕੀਤਾ ?

(ਆਸਤਿਕ) ਪਰਮਾਤਮਾ ਕਿਸੇ ਜੰਜਾਲ ਅਰ ਦੁੱਖ ਵਿਚ ਨਹੀਂ ਡਿਗਦਾ, ਨਾ ਅਪਨੇ ਆਨੰਦ ਨੂੰ ਛੱਡਦਾ ਹੈ, ਕਿਉਂਕਿ ਪ੍ਰਪੰਚ ਅਰ ਦੁੱਖ ਵਿਚ ਡਿਗਨਾ ਜੋ ਇੱਕਦੇਸ਼ੀ ਹੋਵੇ ਉਸਦਾ ਹੋ ਸਕਦਾ ਹੈ ਸਰਵਦੇਸ਼ੀ ਦਾ ਨਹੀਂ। ਜੇਕਰ ਅਨਾਦੀ ਚੈਤਨ ਆਨੰਦ ਗਜਾਨ ਸ੍ਵਰੂਪ ਪਰਮਾਤਮਾ ਜਗਤਨੂੰ ਨਾ ਬਨਾਵੇਤਾਂ ਹੋਰ ਕੇਹੜਾ ਬਨਾ ਸਕੇ, ਜਗਤ ਬਨਾਨ ਦਾ ਜੀਵ ਵਿਚ ਸਾਮਰਥ ਨਹੀਂ, ਅਰ ਜੜ ਵਿਚ ਅਪਨੇ ਆਪ ਬਨਨ ਦਾ ਭੀ ਸਾਮਰਥ ਨਹੀਂ ਏਸ ਥੀਂ ਏਹ ਸਿੱਧ ਹੋਇਆ ਕਿ ਪਰਮਾਤਮਾ ਹੀ ਜਗਤ ਨੂੰ ਬਨਾਂਦਾ, ਅਰ ਸਦਾ ਆਨੰਦ ਵਿਚ ਰਹਿੰਦਾ ਹੈ. ਜੀਕਨ ਪਰਮਾਤਮਾ ਪ੍ਰਮਾਣੂਆਂ ਥੀਂ ਸ੍ਰਿਸ਼ਟੀ ਕਰਦਾ ਹੈ ਊਕਨ ਮਾਤਾ ਪਿਤਾ ਰੂਪ ਨਿਮਿੱਤ ਕਾਰਣ ਥੀਂ ਭੀ ਉਤਪੱਤੀ ਦਾ ਪ੍ਰਬੰਧ ਨਿਯਮ ਉੱਸੇਨੇ ਕੀਤਾ ਹੈ ॥

(ਨਾਸਤਿਕ) ਈਸ਼ੁਰ ਮੁਕਤੀ ਰੂਪ ਸੁਖ ਨੂੰ ਛੱਡ ਜਗਤ ਦੀ ਉਤਪੱਤੀ ਕਰਨੇ, ਧਾਰਨੇ ਅਰ ਪ੍ਰਲੈ ਕਰਨੇ ਦੇ ਬਖੇੜੇ ਵਿਚ ਕਿਉਂ ਪਇਆ ?

(ਆਸਤਿਕ) ਈਸ਼ੁਰ ਸਦਾ ਮੁਕਤ ਹੋਨ ਥੀਂ ਤੁਹਾਡੇ ਸਾਧਨਾਂ ਥੀਂ ਸਿੱਧ ਹੋਏ ਤੀਰਥੰਕਰਾਂ ਦੇ ਵਾਙਣ ਇਕ ਜਗਹ ਵਿਚ ਰਹਿਨ ਵਾਲੇ ਬੰਧ-ਪੂਰਵਕ ਮੁਕਤੀ ਨਾਲ ਮਿਲਿਆ ਹੋਇਆ ਸਨਾਤਨ ਪਰਮਾਤਮਾ ਨਹੀਂ ਹੈ, ਜੋ ਅਨੰਤਸਰੂਪ ਗੁਣ, ਕਰਮ, ਸੁਭਾਵਨਾਲ ਮਿਲਿਆ ਹੋਇਆ ਪਰਮਾਤਮਾ ਹੈ ਓਹ ਏਸ ਥੋੜੇ ਜਿਹੇ ਜਗਤ ਨੂੰ ਬਨਾਂਦਾ, ਧਰਦਾ ਅਰ ਪ੍ਰਲੈ ਕਰਦਾ ਹੋਇ-ਆ ਭੀ ਬੰਧਨ ਵਿੱਚ ਨਹੀਂ ਪੈਂਦਾ, ਕਿਉਂਕਿ ਬੰਧ ਅਰ ਮੋਖਛ ਇੱਕ ਦੂਜੇ ਦੀ ਅਪੇਖਛਾ ਥੀਂ ਹੈ, ਜੀਕਨ ਮੁਕਤੀ ਦੀ ਅਪੇਖਛਾ ਥੀਂ ਬੰਧ, ਅਰ ਬੰਧ ਦੀ ਅਪੇਖਛਾ ਥੀਂ ਮੁਕਤੀ ਹੁੰਦੀ ਹੈ, ਜੇਹੜਾ ਕਦੀ ਬੱਧ ਨਹੀਂ ਸੀ ਓਹ ਮੁਕਤ

ਕਿਉਂਕਰ ਕਹਿਆ ਜਾ ਸਕਦਾ ਹੈ। ਅਰ ਜੋ ਟਿੱਕਦੇਸ਼ੀ ਜੀਵ ਹਨ ਓਹਾ ਹੀ ਬੱਧ ਅਰ ਮੁਕਤ ਸਦਾ ਹੋਇਆ ਕਰਦੇ ਹਨ, ਅਨੰਤ ਸਰਵਦੇਸ਼ੀ, ਸਰਵ ਵਿਆਪਕ ਈਸ਼ੁਰ ਬੰਧਨ ਵਾ ਨੈਮਿਤਿੱਕ ਮੁਕਤੀ ਦੇ ਚਕ੍ਰ ਵਿਚ ਜੀਕਨ ਕਿ ਤੁਹਾਡੇ ਤੀਰਥੰਕਰ ਹਨ ਕਦੀ ਨਹੀਂ ਪੈਂਦਾ, ਏਸਲਈ ਓਹ ਪਰਮਾਤਮਾ ਸਦਾ ਮੁਕਤ ਕਹਾਂਦਾ ਹੈ॥

(ਨਾਸਤਿਕ) ਜੀਵ ਕਰਮਾਂ ਦੇ ਫਲ ਈਕਨ ਹੀ ਭੋਗ ਸਕਦੇ ਹਨ ਜੀਕਨ ਭੰਗ ਪੀਨ ਦ ਨਸ਼ੇ ਨੂੰ ਆਪਹੀ ਭੋਗਦਾ ਹੈ ਏਸ ਵਿਚ ਈਸ਼ੁਰ ਦਾ ਕੰਮ ਨਹੀਂ।

(ਆਸਤਿਕ) ਜੀਕਨ ਬਿਨਾ ਰਾਜਾ ਦੇ ਡਾਕੂ, ਲੰਪਟ, ਚੋਰ ਆਦੀ ਖੋਟੇ ਮਨੁਸ਼ ਆਪ ਫਾਂਸੀ ਵਾ ਕੈਦਖਾਨੇ ਨਹੀਂ ਜਾਂਦੇ ਨਾ ਓਹ ਜਾਨਾ ਚਾਹੁੰਦੇ ਹਨ ਕਿੰਤੂ ਰਾਜਾ ਦੀ ਨਿਆਯਵਿਵਸਥਾ ਅਨੁਸਾਰ ਜ਼ਬਰਦਸਤੀ ਨਾਲ ਪਕੜਾਕੇ ਲੈਹਾ ਚਾਹੀਏ ਏਹਾ ਰਾਜਾ ਦੰਡ ਦਿੰਦਾ ਹੈ, ਇੱਸੇ ਤਰਾਂ ਜੀਵ ਨੂੰ ਭੀ ਈਸ਼ੁਰ ਅਪਨੀ ਨਿਆਯ ਵਿਵਸਥਾ ਨਾਲ ਅਪਨੇ ਅਪਨੇ ਕਰਮਾਂ ਦੇ ਅਨੁਸਾਰ ਯਥਾਯੋਗ ਦੰਡ ਦਿੰਦਾ ਹੈ, ਕਿਉਂਕਿ ਕੋਈ ਭੀ ਜੀਵ ਅਪਨੇ ਖੋਟੇ ਕਰਮਾਂ ਦਾ ਫਲ ਭੋਗਨਾ ਨਹੀਂ ਚਾਹੁੰਦਾ, ਏਸਲਈ ਅਵਸ਼ਯਪਰਮਾਤਮਾ ਨਿਆਯਾਧੀਸ਼ ਹੋਨਾ ਚਾਹੀਏ।

(ਨਾਸਤਿਕ) ਜਗਤ ਵਿਚ ਇਕ ਈਸ਼ੁਰ ਨਹੀਂ ਕਿੰਤੂ ਜਿੱਨੇ ਮੁਕਤ ਜੀਵ ਹਨ ਓਹ ਸਾਰੇ ਈਸ਼ੁਰ ਹਨ।

(ਆਸਤਿਕ) ਇਹ ਕਹਨਾ ਸਥਤਰਾਂ ਨਿਕੰਮਾ ਹੈ, ਕਿਉਂਕਿ ਜੇ ਪਹਿਲਾਂ ਬੱਧ ਹੋਕੇ ਮੁਕਤ ਹੋਵੇ ਤਾਂ ਫੇਰ ਬੰਧਨ ਵਿਚ ਜਰੂਰ ਪਵੇ, ਕਿਉਂਕਿ ਓਹ ਸੁਭਾਵਿਕ ਸਦਾ ਮੁਕਤ ਨਹੀਂ, ਜੀਕਨ ਤੁਹਾਡੇ ਵਦੀ ਤੀਰਥੰਕਰ ਪਹਿਲਾਂ ਬੱਧ ਸਨ, ਫੇਰ ਮੁਕਤ ਹੋਏ, ਫੇਰਭੀ ਬੰਧ ਵਿਚ ਜ਼ਰੂਰ ਡਿੱਗਨ ਗੇ। ਅਰ ਜਦ ਬਹੁਤਸਾਰੇ ਈਸ਼ੁਰ ਹਨ ਤਾਂ ਜੀਕਨ ਜੀਵ ਅਨੇਕ ਹੋਨ ਥੀਂ ਲੜਦੇ ਭਿੜਦੇ ਫਿਰਦੇ ਹਨ ਤੈਂਕਨ ਈਸ਼ੁਰਭੀ ਲੜਿਆ ਭਿੜਿਆ ਕਰਨ ਗੇ॥

(ਨਾਸਤਿਕ) ਹੇ ਮੂਰਖਾ! ਜਗਤ ਦਾ ਕਰਤਾ ਕੋਈ ਨਹੀਂ ਕਿੰਤੂ ਜਗਤ ਅਪਨੇ ਆਪ ਸਿੱਧ ਹੈ॥

(ਆਸਤਿਕ) ਇਹ ਜੈਨੀਆਂ ਦੀ ਕਿੱਨੀ ਵੱਡੀ ਭੁੱਲ ਹੈ, ਭਲਾ ਬਿਨਾ ਕਰਤਾ ਦੇ ਕੋਈ ਕਰਮ, ਕਰਮ ਦੇ ਬਿਨਾ ਕੋਈ ਕਾਰਯ ਜਗਤ ਵਿਚ ਹੁੰਦਾ ਦਿਸਦਾ ਹੈ? ਇਹ ਅਜੇਹੀ ਗੱਲ ਹੈ ਕਿ ਜੀਕਨ ਕਨਕ ਦੀ ਖੇਤੀ ਵਿਚ ਅਪਨੇ ਆਪ ਬਨਿਆ ਹੋਇਆ ਆਟਾ ਰੋਟੀ ਬਨਕੇ ਜੈਨੀਆਂ ਦੇ ਪੇਟ ਵਿਚ ਚਲੀ ਜਾਂਦੀ ਹੋਵੇ। ਕਪਾਹ, ਸੂਤ, ਕਪੜਾ, ਅੰਗਰੱਖਾ, ਦੁਪੱਟਾ, ਧੋਤੀ, ਪਗੜੀ ਆਦੀ ਬਨਕੇ ਕਦੀ ਨਹੀਂ ਆਉਂਦੇ ਜਦ ਅਜੇਹਾ ਨਹੀਂ ਤਾਂ ਈਸ਼ੁਰ

ਕਰਤਾਦੇ ਬਿਨਾ ਇਹ ਅਨੇਕ ਪ੍ਰਕਾਰਦਾ ਜਗਤ ਅਰ ਨਾਨਾਪ੍ਰਕਾਰ ਦੀ ਰਚਨਾ ਵਿਸ਼ੇਸ਼ ਕੀਕਨ ਬਨ ਸਕਦੀ, ਜੇ ਹਠ ਧਰਮ ਨਾਲ ਅਪਨੇ ਆਪ ਬਨਿਆ ਜਗਤ ਨੂੰ ਮੰਨੋ ਤਾਂ ਅਪਨੇ ਆਪ ਸਿੱਧ, ਉਪਰ ਕਹੇ ਵਸਤ੍ਰ ਆਦਿਕਾਂ ਨੂੰ ਕਰਤਾ ਦੇ ਬਿਨਾ ਪ੍ਰਤਖਛ ਕਰ ਦਿਖਾਓ, ਜਦ ਅਜੇਹਾ ਸਿੱਧ ਨਹੀਂ ਕਰ ਸਕਦੇ ਫੇਰ ਤੁਹਾਡੇ ਪ੍ਰਮਾਣ ਰਹਿਤ ਕਹਨੇ ਨੂੰ ਕੇਹੜਾ ਬੁਧਵਾਨ ਮੰਨ ਸਕਦਾ ਹੈ ?

(ਨਾਸਤਿਕ) ਈਸ਼੍ਵਰ ਵਿਰਕਤ ਹੈ ਵਾ ਮੋਹਿਤ ? ਜੇ ਵਿਰਕਤ ਹੈ ਤਾਂ ਜਗਤ ਦੇ ਪ੍ਰਪੰਚ ਵਿਚ ਕਿਉਂ ਪਿਆ ? ਜੇਕਰ ਮੋਹਿਤ ਹੈ ਤਾਂ ਜਗਤ ਦੇ ਬਨਾਨੇ ਨੂੰ ਸਮਰਥ ਨਹੀਂ ਹੋ ਸੱਕੇਗਾ॥

(ਆਸਤਿਕ) ਪਰਮੇਸ਼੍ਵਰ ਵਿਚ ਵਿਰਾਗ ਵਾ ਮੋਹ ਕਦੀ ਨਹੀਂ ਘਟ ਸੱਕਦਾ, ਕਿਉਂਕਿ ਜੋ ਸਰਵਵਿਆਪਕ ਹੈ ਓਹ ਕਿਸ ਨੂੰ ਛੱਡੇ ਅਰ ਕਿਸਨੂੰ ਗ੍ਰਹਣ ਕਰੇ, ਈਸ਼੍ਵਰ ਨਾਲੋਂ ਉੱਤਮ ਵਾ ਉਸ ਨੂੰ ਅਪ੍ਰਾਪਤ ਕੋਈ ਪਦਾਰਥ ਨਹੀਂ ਹੈ ਏਸ ਲਈ ਕਿਸੇ ਵਿਚ ਮੋਹ ਭੀ ਨਹੀਂ ਹੁੰਦਾ, ਵਿਰਾਗ ਅਰ ਮੋਹ ਦਾ ਹੋਨਾ ਜੀਵ ਵਿਚ ਘੱਟਦਾ ਹੈ ਈਸ਼੍ਵਰ ਵਿਚ ਨਹੀਂ॥

(ਨਾਸਤਿਕ) ਜੇ ਈਸ਼੍ਵਰ ਨੂੰ ਜਗਤ ਦਾ ਕਰਤਾ ਅਰ ਜੀਵਾਂ ਦੇ ਕਰਮਾਂਦੇ ਫਲਾਂ ਦਾ ਦਾਤਾ ਮੰਨੋਗੇ ਤਾ ਈਸ਼੍ਵਰ ਪ੍ਰਪੰਚੀ ਹੋਕੇ ਦੁੱਖੀ ਹੋ ਜਾਵੇਗਾ॥

(ਆਸਤਿਕ) ਭਲਾ ਕਈ ਤਰਾਂ ਦੇ ਕਰਮਾਂ ਦਾ ਕਰਤਾ ਅਰ ਪ੍ਰਾਣੀਆਂ ਨੂੰ ਫਲਾਂ ਦਾ ਦਾਤਾ ਧਰਮੀ ਨਿਆਯ ਕਰਨ ਵਾਲਾ ਵਿਦਵਾਨ ਕ ਮਾਂ ਵਿਚ ਨਹੀਂ ਫਸਦਾ ਨਾ ਪ੍ਰਪੰਚੀ ਹੁੰਦਾ ਹੈ ਤਾ ਪਰਮੇਸ਼੍ਵਰ ਅਨੰਤ ਸਾਮਰਥ ਵਾਲਾ ਪ੍ਰਪੰਚੀ ਅਰ ਦੁੱਖੀ ਕਿਸ ਤਰਾਂ ਹੋਵੇਗਾ ? ਹਾਂ ਤੁਸੀਂ ਅਪਨੇ ਅਰ ਅਪਨੇ ਤੀਰਥੰਕਰਾਂ ਦੇ ਵਾਕਣ ਪਰਮੇਸ਼੍ਵਰ ਨੂੰ ਭੀ ਅਪਨੇ ਅਗਿਆਨ ਥੀਂ ਸਮਝਦੇ ਹੋ, ਸੋ ਤੁਹਾਡੀ ਅਵਿਦਿਆ ਦੀ ਲੀਲਾ ਹੈ, ਜੇਕਰ ਅਵਿਦਿਆ ਆਦੀ ਦੋਸ਼ਾਂ ਥੀਂ ਛੁੱਟਨਾ ਚਾਹੋ ਤਾਂ ਵੇਦ ਆਦੀ ਸਤ ਸ਼ਾਸਤ੍ਰਾਂ ਦਾ ਆਸ਼ਰਾ ਲਵੋ, ਕਿਉਂ ਭੁਲੇਖੇ ਵਿਚ ਪੈ ਪੈਕੇ ਠੋਕਰਾਂ ਖਾਂਦੇ ਹੋ॥

ਹੁਨ ਜੈਨ ਲੋਗ ਜਗਤ ਨੂੰ ਜੇਹਾ ਮੰਨਦੇ ਹਨ ਉਜੇਹਾ ਇਨਾਂ ਦੇ ਸੂਤ੍ਰਾਂ ਦੇ ਅਨੁਸਾਰ ਦਿਖਾਂਦੇ ਅਰ ਸੰਖਛੇਪ ਤੇ ਮੂਲ ਦੇ ਅਰਥ ਨੂੰ ਕਰਕੇ ਪਿਛੋਂ ਸੱਚ ਝੂਠ ਦੀ ਸਮੀਖਛਾ ਕਰਕੇ ਦਿਖਾਂਦੇ ਹਾਂ॥

ਸਾਮਿਅਣਾਇਅਣੰਤੇ ਚ ਨੂਗਇ ਮੰਸਾਰ ਘੋਰਕਾਂਤਰੇ।
ਮੋਹਾਇ ਕੱਮਗੁਰੁ ਠਿਇ ਵਿਵਾਗ ਵਸਨੁਭਮਇਜੀਵਰੋ॥

ਪ੍ਰਕਰਣਰਤਨਾਕਰ ਭਾਗ ੨। ਸ਼ਸ਼ਟੀਸ਼ਤਕ ੬੦। ਸੂਤ੍ਰ ੨॥

ਇਹ ਰਤਨਸਾਰ ਭਾਗਨਾਮ ਵਾਲੇ ਗ੍ਰੰਥ ਦੇ ਸਮਾਕਤ੍ਵ ਪ੍ਰਕਾਸ਼ ਪ੍ਰਕਰਣ ਵਿਚ ਗੌਤਮ ਅਰ ਮਹਾਵੀਰ ਦਾ ਸੰਵਾਦ ਹੈ॥

ਏਸਦਾ ਸੰਖਛੇਪ ਨਾਲ ਉਪਯੋਗੀ ਅਰਥ ਇਹ ਹੈ ਕਿ ਇਹ ਸੰਸਾਰ ਅਨਾਦੀ ਅਨੰਤ ਹੈ, ਨਾ ਕਦੀ ਏਸਦੀ ਉਤਪੱਤੀ ਹੋਈ, ਨਾ ਕਦੀ ਵਿਨਾਸ਼ ਹੁੰਦਾ ਹੈ ਅਰਥਾਤ ਕਿਸੇ ਦਾ ਬਨਾਇਆ ਜਗਤ ਨਹੀਂ, ਉਹਾ ਹੀ ਆਸਤਿਕ ਨਾਸਤਿਕ ਦੇ ਸੰਵਾਦ ਵਿਚ, ਹੇ ਮੂਰਖ! ਜਗਤ ਦਾ ਕਰਤਾ ਕੋਈ ਨਹੀਂ, ਨਾ ਕਦੀ ਬਨਿਆ ਅਰ ਨਾ ਕਦੀ ਨਾਸ਼ ਹੁੰਦਾ॥

(ਸਮੀਖਛਕ) ਜੇਹਾ ਸੰਜੋਗ ਥੀਂ ਉਤਪੰਨ ਹੁੰਦਾ ਹੈ ਓਹ ਅਨਾਦੀ ਅਨੰਤ ਕਦੀ ਨਹੀਂ ਹੋ ਸਕਦਾ। ਅਰ ਉਤਪੱਤੀ ਤਥਾ ਵਿਨਾਸ਼ ਹੋਏ ਤੋਂ ਬਿਨਾ ਕਰਮ ਨਹੀਂ ਰਹਿੰਦਾ, ਜਗਤ ਵਿਚ ਜਿੰਨ ਪਦਾਰਥ ਉਤਪੰਨ ਹੁੰਦੇ ਹਨ ਓਹ ਸਾਰੇ ਸੰਜੋਗ ਥੀਂ ਹੋਏ ਹੋਏ ਉਤਪੱਤੀ ਵਿਨਾਸ਼ ਵਾਲੇ ਦੇਖੇ ਜਾਂਦੇ ਹਨ, ਫੇਰ ਜਗਤ ਉਤਪੱਤੀ ਅਰ ਵਿਨਾਸ਼ ਵਾਲਾ ਕਿਉਂ ਨਹੀਂ? ਏਸ ਲਈ ਤੁਹਾਡੇ ਤੀਰਥੰਕਰਾਂ ਨੂੰ ਅੱਛੀਤਰਾਂ ਗਿਆਨ ਨਹੀਂ ਸੀ, ਜੇ ਉਨਾਂ ਨੂੰ ਅੱਛੀ ਤਰਾਂ ਗਿਆਨ ਹੁੰਦਾ ਤਾਂ ਅਜੇਹੀਆਂ ਅਨਹੁੰਦੀਆਂ ਗੱਲਾਂ ਕਿਉਂ ਲਿਖਦੇ? ਜਿਹੇ ਤੁਹਾਡੇ ਗੁਰੂ ਹਨ ਉਜੇਹੇ ਤਸੀਂ ਸਿੱਖ ਭੀ ਹੋ, ਤੁਹਾਡੀ ਗੱਲਾਂ ਸੁਨਨ ਵਾਲੇ ਨੂੰ ਪਦਾਰਥ ਗਿਆਨ ਕਦੀ ਨਹੀਂ ਹੋ ਸਕਦਾ। ਭਾਲਾ ਜਹਾ ਪ੍ਰਤਖਛ ਸੰਜੁਕਤ ਪਦਾਰਥ ਦਿੱਸਦਾ ਹੈ ਉਸਦੀ ਉਤਪੱਤੀ ਅਰ ਵਿਨਾਸ਼ ਕਿਉਂ ਕਰ ਨਹੀਂ ਮੰਨਦੇ ਅਰਥਾਤ ਇਨਾਂ ਦੇ ਆਚਾਰਜ ਵਾ ਜੈਨੀਆਂ ਨੂੰ ਭੂਗੋਲ ਖਗੋਲ ਵਿਦਿਆ ਭੀ ਨਹੀਂ ਆਉਂਦੀ ਸੀ, ਅਰ ਨਾ ਹੁਨ ਇਹ ਵਿਦਿਆ ਇਨਾਂ ਵਿਚ ਹੈ, ਨਹੀਂਤਾਂ ਹੇਠਾਂ ਲਿਖੀਆਂ ਅਜੇਹੀਆਂ ਅਨਹੁੰਦੀਆਂ ਗੱਲਾਂ ਕੀਕਨ ਮੰਨਦੇ ਅਰ ਕਹਿੰਦੇ, ਦੇਖੋ! ਏਸ ਸ੍ਰਿਸ਼ਟੀ ਵਿਚ ਪ੍ਰਿਥਵੀਕਾਯ ਅਰਥਾਤ ਪ੍ਰਿਥਵੀ ਭੀ ਜੀਵਦਾ ਸ਼ਰੀਰ ਹੈ। ਅਰ ਜਲਕਾਯ ਆਦੀ ਜੀਵਭੀ ਮੰਨਦੇ ਹਨ, ਏਸਨੂੰ ਕੋਈ ਭੀ ਨਹੀਂ ਮੰਨ ਸਕਦਾ। ਹੋਰਭੀ ਵੇਖੋ! ਇਨ੍ਹਾਂਦੀਆਂ ਝੂਠੀਆਂ ਗੱਲਾਂ ਜਿਨ੍ਹਾਂ ਤੀਰਥੰਕਰਾਂ ਨੂੰ ਜੈਨਲੋਗ ਪੱਕੇ ਗਿਆਨੀ ਅਰ ਪਰਮੇਸ਼ੁਰ ਮੰਨਦੇ ਹਨ ਉਨ੍ਹਾਂ ਦੀਆਂ ਝੂਠੀਆਂ ਗੱਲਾਂ ਦੇ ਇਹ ਨਮੂਨੇ ਹਨ। "ਰਤਨਸਾਰਭਾਗ" (ਏਸ ਗ੍ਰੰਥ ਨੂੰ ਜੈਨ ਲੋਗ ਮੰਨਦੇ ਹਨ, ਅਰ ਇਹ ਈਸਵੀ ਸਨ ੧੮੭੯ ਅਪ੍ਰੈਲ ਤਾਂ ੨੮ ਵਿੱਚ ਕਾਸ਼ੀ ਜੈਨਪ੍ਰਭਾਕਰ ਪ੍ਰੇਸ ਵਿਚ ਨਾਨਕਚੰਦ ਯਤੀਨੇ ਛਪਵਾਕੇ ਪ੍ਰਸਿੱਧ ਕੀਤਾ ਹੈ) ਦੇ ੧੩੫ ਪਤ੍ਰੇ ਵਿਚ ਕਾਲ ਦੀ ਏਸ ਪ੍ਰਕਾਰ ਵਿਆਖਿਆ ਕੀਤੀ ਹੈ ਅਰਥਾਤ ਵੇਲੇਦਾ ਨਾਮ ਸੂਖਛਮ ਕਾਲ ਹੈ ਅਰ ਅਨਗਿਨਤ ਵੇਲਿਆਂ ਨੂੰ "ਆਵਲੀ" ਕਹਿੰਦੇ ਹਨ। ਇੱਕ ਕ੍ਰੋੜ ਛਿਆਠ ਲੱਖ ਸੱਤਰ ਹਜ਼ਾਰ ਦੋ ਸੌ ਸੋਲਾਂ ਆਵਲੀਆਂ ਦਾ ਇਕ "ਮਹੂਰਤ" ਹੁੰਦਾ ਹੈ, ਉਜੇਹੇ ਤੀਹ ਮਹੂਰਤਾਂ ਦਾ ਇੱਕ "ਦਿਨ," ਉਜੇਹੇ ਪੰਦ੍ਰਾਂ ਦਿਨਾਂ ਦਾ ਇਕ "ਪਖਛ," ਉਜੇਹੇ ਦੋ ਪੱਖਛਾਂ ਦਾ ਇਕ "ਮਹੀਨਾ," ਉਜੇਹੇ ਬਾਰਾਂ ਮਹੀਨਿਆਂ ਦਾ ਇਕ "ਵਰ੍ਹਾ" ਹੁੰਦਾ ਹੈ, ਉਜੇਹੇ ਸੱਤਰ ਲੱਖ ਕ੍ਰੋੜ ਛਿਵੰਜਾ ਹਜ਼ਾਰ ਕ੍ਰੋੜ ਵਰ੍ਹੇਆਂ ਦਾ ਇਕ "ਪੂਰਵ" ਹੁੰਦਾ ਹੈ, ਅਜੇਹੇ ਅਸੰਖਿਆਤ ਪੂਰਵਾਂ ਦਾ ਇਕ "ਪਲਯੋਪਮ ਕਾਲ

कहिंदे हन असैखिआत ऐस नूं कहिंदे हन कि इक चार कोह दा चौरस अर उॅनां ही डूंगा खूह खटके उस नूं जुगलीए मनुॅश दे शरीर दे हेठां लिखे होऐ वालां दे टोटिआं नाल भरना अरथात वरतमान मनुॅश दे वाल थों जुगलीए मनुॅश दा वाल चार हज़ार छिआनवें हिॅसे सूखछम हुंदा है, जद जुगलीए मनुॅशां दे चार हज़ार छिआनवें वालां नूं अकॅठा करीऐ तां ऐस देश दे मनुॅशां दा इक वाल हुंदा है अजेहे जुगलीए मनुॅश दे इक वालदे इक उंगल हिॅसे दे सॅत वेरी अॅठ अॅठ टोटे करन थों २०९७१५२ अरथात वीह लख सतानवें हज़ार इक सौ बवैजा टोटे हुंदे हन, अजेहे टोटिआं नाल पिछें कहे होऐ खूह नूं भरना, उस विच जे वरे दे पिछें इक इक टोटा कॅढना, जद सारे टोटे निकल जान अर खूह खाली हो जावे तां भी ओह सैखिआत काल है, अर जद उनां विचों इक टोटे दे असैखिआत टोटे करके उनां टोटिआं नाल उसे खूह नूं अजेहा ठोक के भरना कि उसदे उपर थीं चकॅरवरती राजा दी सैना लंघ जावे तां भी ना दॅबोवे, उनां टोटिआं विचों इक टोटा कॅढे जद ओह खूह खाली हो जावे तद उस विच असैखिआत पूरव पौंन तद इक इक पलओपम काल हुंदा है ओह पलओपम काल खूहे दे दृिशटांत नाल जानना। जद दस कोड़ान-कोड़ पलओपम काल बीतन तद इक "सागरोपम" काल हुंदा है, जद दस कोड़ांनकोड़ सागरोपम काल बीत जावे तद इक "उतसरपणी" काल हुंदा है, अर जद इक उतसरपणी अर इक अवसरपणी काल बीत जावे तद इक"कालचकॅर" हुंदा है, जद अनंत काल चकॅर बीत जान तद इक "पुदगलपराविॅत" हुंदा है। हुन अनंत काल किस नूं कहिंदे हन, जे सिॅधांत पुसतकां विच नवां दृिशटांतां नाल काल दी गिणती कीती है उसथीं उपरांत "अनंतकाल" कहांदा है, उजेहे अनंड पुदगलपराविॅत काल जोवनूं भुमदे होऐ बीतेहन, इतिआदी। सुनो भराओ! गणितविदिआ वाले लोको! जैनीआं दे गीथां दी काल सैखिआ कर सॅकोगे वा नहीं? अर तुसीं ऐस नूं सॅच भी मंन सॅकोगे वा नहीं? देखे! इनां तीरथंकरां ने अजेही गणितविदिआ पड़ी सी। अजेहे अजेहे तां इनां दे मत विच गुरु अर सिॅख हन जिनॅां दी अविदिआ दा कुॅझ पारावार नहीं, होर भी इनां दा हनेर सुनो, रतनसार भाग पहला १३३ थीं लैके जो कुॅझ बुटाबोल अरथात जैनीआं दे सिॅधांत गीथ जेहड़े कि उनां दे तीरथंकर अर रिशभदेव

ਥੀਂ ਲੈਕੇ ਮਹਾਵੀਰ ਤਕ ਚੌਵੀ ੨੪ ਹੋਏ ਹਨ ਉਨ੍ਹਾਂ ਦੇ ਵਚਨਾਂ ਦਾ ਸਾਰ ਸੰਗ੍ਰਹ ਹੈ, ਅਜੇਹੇ ਰਤਨਸਾਰ ਭਾਗ ਪਤ੍ਰਾ ੧੪੯ ਵਿਚ ਲਿਖਿਆ ਹੈ ਕਿ ਪ੍ਰਿਥਿਵੀਕਾਯ ਦੇ ਜੀਵ ਮਿੱਟੀ, ਪੱਥਰ ਆਦੀ ਪ੍ਰਿਥਿਵੀ ਦੇ ਭੇਦ ਕਰਕੇ ਜਾਨਨਾ। ਉਨ੍ਹਾਂ ਵਿਚ ਰਹਨ ਵਾਲ਼ੇ ਜੀਵਾਂ ਦੇ ਸ਼ਰਰ ਦਾ ਅੰਦਾਜ਼ਾ ਇਕ ਅੰਗੁਲ ਦਾ ਅਸੰਖਿਆਤਵਾਂ ਹਿੱਸਾ ਸਮਝਨਾ ਅਰਥਾਤ ਅਤਯੰਤਹੀ ਸੂਖਛਮ ਹੁੰਦੇ ਹਨ, ਉਨ੍ਹਾਂ ਦੀ ਉਮਰ ਅਰਥਾਤ ਓਹ ਵਧੀਕ ਥੀਂ ਵਧੀਕ ੨੨ ਹਜਾਰ ਵਰ੍ਹੇ ਤਕ ਜੀਉਂਦੇ ਹਨ। (ਰਤਨਸਾਰ ਪਤ੍ਰਾ ੧੪੯) ਬਨਸਤੀ ਦੇ ਇਕ ਸ਼ਰ ਰ ਵਿਚ ਅਨੰਤ ਜਾਵ ਹੁੰਦੇ ਹਨ,ਓਹ ਸਾਧਾਰਣ ਬਨਸਪਤ ਕਹਾਂਦੀਆਂ ਹਨ, ਜੋਕਿ ਕੰਦ, ਮੂਲ਼ ਪ੍ਰਮੁਖ ਅਰ ਅਨੰਤਕਾਯ ਪ੍ਰਮੁਖ ਹੁੰਦੇ ਹਨ, ਉਨ੍ਹਾਂ ਨੂੰ ਸਾਧਾਰਣ ਬਨਸਪਤੀ ਦੇ ਜੀਵ ਕਹਨੇ ਚਾਹੀਏ, ਉਨ੍ਹਾਂ ਦੀ ਉਮਰ ਦਾ ਅੰਦਾਜ਼ਾ ਅਨੰਤ ਮਹੂਰਤ ਹੁੰਦਾ ਹੈ, ਪਰੰਤੂ ਏਥੇ ਪਹਿਲਾਂ ਕਹਿਆ ਹੋਇਆ ਇਨ੍ਹਾਂ ਦਾ ਮਹੂਰਤ ਸਮਝਨਾ ਚਾਹੀਏ ਅਤ ਇਕ ਸ਼ਰੀਰ ਵਿਚ ਜੋ ਇਕ ਇੰਦ੍ਰਿਯ ਅਤਥਾਤ ਸਪਰਸ਼ ਇੰਦ੍ਰੀ ਇਨ੍ਹਾਂ ਵਿਚ ਹੈ ਅਰ ਉਸ ਵਿਚ ਇਕ ਜੀਵ ਰਹਿੰਦਾ ਹੈ ਉਸਨੂੰ ਪ੍ਰਤੇਕ ਬਨਸਪਤ ਕਹਿੰਦੇ ਹਨ,ਉਸਦਾ ਦੇਹਮਾਨ ਇਕ ਹਜ਼ਾਰ ਯੋਜਨ ਅਰਥਾਤ ਪੁਰਾਣੀਆਂ ਦਾ ਯੋਜਨ ਚੌਂਹ ਕੋਹਾਂ ਦਾ,ਪਰੰਤੂ ਜੈਨੀਆਂ ਦਾ ਯੋਜਨ ੧੦੦੦੦ ਦਸ ਹਜ਼ਾਰ ਕੋਹਾਂ ਦਾ ਹੁੰਦਾ ਹੈ, ਅਜੇਹੇ ਚਾਰ ਹਜ਼ਾਰ ਕੋਹ ਦਾ ਸ਼ਰੀਰ ਹੁੰਦਾ ਹੈ, ਉਸਦਾ ਆਯੁਮਾਨ ਵਧੀਕ ਥੀਂ ਵਧੀਕ ਦਸ ਹਜ਼ਾਰ ਵਰ੍ਹੇ ਦਾ ਹੁੰਦਾ ਹੈ । ਹੁਨ ਦੋ ਇੰਦ੍ਰੀਆਂ ਵਾਲੇ ਜੀਵ ਅਰਥਾਤ ਇਕ ਉਨ੍ਹਾਂ ਦਾ ਸ਼ਰੀਰ ਅਰ ਇਕ ਮੂੰਹ ਜੋ ਸ਼ੰਖ, ਕੌਡੀ ਅਰ ਜੂੰ ਆਦੀ ਹੁੰਦੇ ਹਨ ਉਨ੍ਹਾਂ ਦਾ ਦੇਹਮਾਨ ਵਧੀਕ ਥੀਂ ਵਧੀਕ ਅਠਤਾਲੀ ਕੋਹ ਦਾ ਸਥੂਲ ਸ਼ਰੀਰ ਹੁੰਦਾ ਹੈ। ਅਰ ਉਨ੍ਹਾਂ ਦਾ ਆਯੁਮਾਨ ਵਧੀਕ ਥੀਂ ਵਧੀਕ ਬਾਰਾਂ ਵਰ੍ਹੇ ਦਾ ਹੁੰਦਾ ਹੈ। ਇੱਥੇ ਬਹੁਤ ਭੁੱਲ ਗਿਆ. ਕਿਉਂਕਿ ਇੱਨੇ ਵਡੇ ਸ਼ਰੀਰ ਦੀ ਉਮਰ ਵਧੀਕ ਲਿਖਦਾ, ਅਰ ਅਠਤਾਲੀ ਕੋਹ ਦੀ ਮੋਟੀ ਜੂੰ ਜੈਨੀਆਂ ਦੇ ਸ਼ ਰੀਰ ਵਿਚ ਪੈਂਦੀ ਹੋਵੇ ਗੀ, ਅਤ ਉਨਾਂ ਚੀ ਨੇ ਦੇਖੀ ਭੀ ਹੋਵੇਗੀ, ਹੋਰਨਾਂ ਦੇ ਭਾਗ ਅਜੇਹੇ ਕਿਥੋਂ ਜੋ ਇੱਨੀ ਵੱਡੀ ਜੂੰ ਨੂੰ ਦੇਖਨ ! (ਰਤਨਸਾਰ ਭਾਗ ਪਤ੍ਰਾ ੧੫੦) ਹੋਰ ਦੇਖੋ ! ਇਨਾਂ ਦਾ ਅੰਧਾਧੁੰਦ ਅਠੂਹਾਂ, ਬਗਾਰੀ, ਕਸਾਰੀ, ਅਰ ਮੱਖੀ, ਇਕ ਯੋਜਨ ਦੇ ਸ਼ਰੀਰ ਵਾਲੇ ਹੁੰਦੇ ਹਨ ਇਨ੍ਹਾਂ ਦੀ ਉਮਰ ਵਧੀਕ ਥੀਂ ਵਧੀਕ ਛੀ ਮਹੀਨੇ ਦੀ ਹੈ, ਦੇਖੋ ਭਰਾਓ ! ਚੌਹਾਂ ਦੋਹਾਂ ਕੋਹਾਂ ਦਾ ਅਠੂਹਾਂ ਹੋਰੀ ਕਿਸੇ ਨੇ ਦੇਖਿਆ ਨਾ ਹੋਵੇਗਾ ਜੋ ਅੱਠਾ ਮੀਲਾਂ ਤਕ ਦਾ ਸ਼ਰੀਰ ਵਾਲਾ ਅਠੂਹਾਂ ਅਰ ਮੱਖੀ ਭੀ ਜੈਨੀਆਂ ਦੇ ਮਤ ਵਿਚ ਹੁੰਦੀ ਹੈ, ਅਜੇਹੇ ਅਠੂਹੇਂ ਅਰ ਮੱਖੀ ਉਨਾਂ ਹੀ ਦੇ ਘਰ ਵਿਚ ਰਹਿੰਦੇ ਹੋਨਗੇ, ਅਰ ਉਨਾਂ ਹੀ ਨੇ ਦੇਖੇ ਹੋਨਗੇ, ਹੋਰੀ ਕਿਸੇ ਨੇ ਜਗਤ ਵਿਚ ਨਹੀਂ ਦੇਖੇ ਹੋਨਗੇ, ਕਦੀ ਅਜੇਹੇ ਅਠੂਹੇਂ ਕਿਸੇ

ਜੈਨੀ ਨੂੰ ਲਛਨ ਭਾਂ ਉਸਦਾ ਕੀ ਹੁੰਦਾ ਹੋਵੇਗਾ। ਜਲਦੇ ਜੀਵ ਮੱਛੀ ਆਦੀ ਦੇ ਸ਼ਰੀਰ ਦਾ ਅੰਦਾਜ਼ਾ ਇਕ ਹਜ਼ਾਰ ਯੋਜਨ ਅਰਥਾਤ ੧੦੦੦ ਕੋਹ ਦੇ ਯੋਜਨ ਦੇ ਹਿਸਾਬ ਨਾ ਲ ੧੦੦੦੦੦੦ ਇਕ ਕ੍ਰੋੜ ਕੋਹ ਦਾ ਸ਼ਰੀਰ ਹੁੰਦਾ ਹੈ, ਅਰ ਇਕ ਕ੍ਰੋੜ ਪਿਛਲੇ ਵਰ੍ਹੇਆਂ ਦਾ ਇਨਾਂ ਦਾ ਆਯੂ ਹੁੰਦਾ ਹੈ. ਉਸਹਾ ਵਡਾ ਜਲਦਾ ਜੀਵ ਬਿਨਾ ਜੈਨੀਆਂ ਦੇ ਹੋਰੀ ਕਿਸੇ ਨੇ ਨਾ ਦੇਖਿਆ ਹੋਵੇਗਾ, ਅਤ ਤੈਂਹ ਪੈਰਾਂ ਵਾਲਾ ਹਾਥੀ ਆਦੀ ਦਾ ਦੇਹ ਪਾਨ ਦੋ ਕੋਹ ਥੀਂ ਨਵਾਂ ਕੋਹਾਂ ਤਕ, ਅਤ ਆਯੂ ਪਾਨ ਚੌਰਾਸੀ ਹਜ਼ਾਰ ਵਰ੍ਹੇ ਆਂ ਦਾ, ਇਤਿਆਦੀ ਅਸਹੇ ਵਡੇ ਵਡੇ ਸ਼ਰੀਰ ਵਾਲੇ ਜੀਵ ਭੀ ਜੈਨੀ ਲੋਗਾਂ ਨ ਦਖੇ ਹੋਨਗ, ਅਤ ਮੰਨਦੇ ਹਨ, ਹੋਰ ਕੇਹੜੇ ਬ੍ਰਾਹਮਨ ਨਹੀਂ ਮੰਨ ਸੱਕਦਾ। (ਰਤਨਸਾਰਭਾਗ ਪਤ੍ਰਾ ੧੫੧) ਜਲ ਵਿਚ ਫਿਰਨ ਵਾਲੇ, ਜਹਤ ਥੀਂ ਹੋਨ ਵਾਲ ਜੀਵਾਂ ਦਾ ਦੇਹ ਪਾਨ ਵਡਾ ਇਕ ਹਜ਼ਾਰ ਜੋਜਨ ਅਰਥਾਤ ੧੦੦੦੦੦੦੦ ਇਕ ਕ੍ਰੋੜ ਕੋਹਾਂ ਦਾ ਅਤ ਆਯੂ ਪਾਨ ਇਕ ਕ੍ਰੋੜ ਉਪਰ ਪਹਲੇ ਵਰ੍ਹੇਆਂ ਦਾ ਹੁੰਦਾ ਹੈ ਇਨੇ ਵਡੇ ਸ਼ਰੀਰ ਅਤ ਆਯੂ ਵਾਲੇ ਜੀਵਾਂ ਭੀ ਇਨ੍ਹਾਂ ਹੀਦੇ ਮਾਤਾਜਾਂਨੇ ਸੁਪਨੇ ਵਿਚ ਦਖੇ ਹੋਨਗ। ਕੀ ਇਹ ਵੱਡੀ ਝੂਠੀ ਗੱਲ ਨਹੀਂ ਕਿ ਜਿਸਦਾ ਕਦੀ ਭੀ ਹੋਨਾ ਨਾ ਹੋ ਸੱਕੇ॥

ਹੁਨ ਸੁਨੋ ਪ੍ਰਿਥਿਵੀ ਦੇ ਅੰਦਾਜ਼ੇ ਨੂੰ (ਰਤਨਸਾਰ ਭਾਗ ਪਤ੍ਰਾ ੧੫੨) ਏਸ ਤਿਰਛੇ ਲੋਕ ਅਸੰਖਿਆਤ ਦੀਪ ਅਤ ਅਸੰਖਿਆਤ ਸਮੁੰਦ੍ ਹਨ, ਇਨਾਂ ਅਸੰਖਿਆਤ ਦਾ ਅੰਦਾਜ਼ਾ ਅਰਥਾਤ ਜੋ ਢਾਈ ਸਾਗਰੋਪਮ ਕਾਲ ਵਿਚ ਜਿੱਨਾ ਸਮਾ ਹੋਵੇ ਉਨੇ ਦੀਪਰਥਾ ਸਮੁੰਦ੍ ਜਾਨਨਾ,ਹੁਨ ਏਸ ਪ੍ਰਿਥਿਵ ਵਿਚ "ਜੈਬੂਦ੍ਵੀਪ" ਪਹਿਲਾਂ ਸਾਰੇ ਦੀਪਾਂ ਦੇ ਵਿਚਕਾਰ ਹੈ, ਏਸ ਦਾ ਪ੍ਰਮਾਣ ਇਕ ਲੱਖ ਜੋਜਨ ਅਰਥਾਤ ਇਕ ਅਰਬ ਕੋਹ ਦਾ ਹੈ, ਅਤ ਏਸ ਦੇ ਚੌਹਾਂ ਪਾਸੇ ਖਾਰਾ ਸਮੁੰਦ੍ ਹੈ, ਉਸਦਾ ਪ੍ਰਮਾਣ ਦੋ ਲੱਖ ਜੋਜਨ ਕੋਹ ਦਾ ਹੈ, ਅਰਥਾਤ ਦੋ ਅਰਬ ਕੋਹ ਦਾ, ਏਸ ਜੈਬੂਦ੍ਵੀਪ ਦੇ ਚੌਹਾਂ ਪਾਸੇ ਜੋ "ਧਾਤਕੀ ਖੰਡ" ਨਾਮ ਦੀਪ ਹੈ ਉਸਦਾ ਚਾਰ ਲੱਖ ਜੋਜਨ ਅਰਥਾਤ ਚਾਰ ਅਰਬ ਕੋਹ ਦਾ ਪ੍ਰਮਾਣ ਹੈ, ਅਰ ਉਸਦੇ ਪਿਛੇ "ਕਾਲੋਦਧੀ" ਸਮੁਦ੍ ਹੈ, ਉਸ ਦਾ ਅੱਠ ਲੱਖ ਅਰਥਾਤ ਅਠ ਅਰਬ ਕੋਹਦਾ ਅੰਦਾਜ਼ ਹੈ. ਉਸ ਦੇ ਪਿਛੇ "ਪੁਸ਼ਕਰਾਵਰਤ" ਦ੍ਵੀਪ ਹੈ ਉਸਦਾ ਅੰਦਾਜ਼ ਸੋਲ੍ਹਾਂ ਕੋਹਾਂ ਦਾ ਹੈ, ਤ੍ਰਿਸ ਦੀਪ ਦੇ ਅੰਦਰ ਦੀ ਕੋਰਾਂ ਹੈਨ, ਉਸ ਦ੍ਵੀਪ ਦੇ ਅੱਧ ਵਿਚ ਮਨੁੱਸ਼ ਵੱਸਦੇ ਹਨ, ਅਰ ਉਸਦੇ ਅੱਗੇ ਅਸੰਖਿਆਤ ਦ੍ਵੀਪ ਸਮੁੰਦ੍ ਹਨ, ਉਨਾਂ ਵਿਚ ਤਿਰਯਕ ਯੋਨੀਆਂ ਦੇ ਜੀਵ ਰਹਿੰਦੇ ਹਨ(ਰਤਨਸਾਰ ਭਾਗ ਪਤ੍ਰਾ੧੫੩) ਜੈਬੂਦ੍ਵੀਪ ਵਿਚ ਇਕ ਹਿਮਵੰਤ, ਇਕ ਏਰੰਡਵੰਤ, ਇਕ ਹਰੀਵਰਸ਼, ਇਕ ਰਮਜਕ, ਇਕ ਦੇਵਕੁਰੂ, ਇਕ ਉੱਤਰਕੁਰੂ, ਇਹ ਛੇ ਖੇਤ੍ ਹਨ॥

(ਸਮੀਖਛਕ) ਸੁਨੋ ਭਰਾਵੋ ਭੂਗੋਲ ਵਿਦਿਆ ਦੇ ਜਾਨਨ ਵਾਲੇ ਲੋਗੋ ! ਭੂਗੋਲ ਦੇ ਮਿਨਨ ਵਿਚ ਤੁਸੀਂ ਭੁੱਲੇ ਵਾ ਜੈਨੀ ? ਜੇਕਰ ਜੈਨੀ ਭੁੱਲ ਗਏ

ਹੋਨ ਭਾਂ ਤੁਸੀਂ ਉਨ੍ਹਾਂ ਨੂੰ ਸਮਝਾਓ, ਅਰ ਜੇ ਤੁਸੀਂ ਭੁੱਲੇ ਹੋ ਭਾਂ ਉਨਾਂ ਥੀਂ ਸਮਝ ਲਵੋ, ਥੋੜਾ ਜਿਹਾ ਵਿਚਾਰ ਕੇ ਦੇਖੋ ਭਾਂ ਇਹਾ ਨਿਸ਼ਚੇ ਹੁੰਦਾ ਹੈ ਕਿ ਜੈਨੀਆਂ ਦੇ ਆਚਾਰਯ ਅਰ ਮਿੱਖਾਂ ਨੇ ਛੁਰੋਲ, ਖਰੋਲ ਅਰ ਗਾਂਦਭ ਵਿਦਿਆ ਕੁਝ ਭੀ ਨਹੀਂ ਪੜ੍ਹੀ ਸੀ,ਪੜ੍ਹੇ ਹੁੰਦੇ ਭਾਂ ਵੱਡਾ ਅਨਹੋਂਦ ਗਪੌੜਾ ਕਿਉਂ ਮਾਰਦੇ? ਭਲਾ ਅਜੇਹੇ ਅਵਿਦਵਾਨ ਪੁਰੁਸ਼ ਜਗਤ ਨੂੰ ਕਰਤਾ ਦੇ ਇਨਾ ਅਰ ਈਸ਼੍ਵਰ ਨੂੰ ਨਾ ਮੰਨਨ ਏਸ ਵਿਚ ਕੀ ਆਸ਼ਚਰਯ ਹੈ ? ਏਸ ਲਈ ਜੈਨੀ ਲੋਗ ਅਪਨੇ ਪੁਸਤਕਾਂ ਨੂੰ ਕਿਸੇ ਵਿਦਵਾਨ ਹੋਰੀ ਮਤ ਵਾਲਿਆਂ ਨੂੰ ਨਹੀਂ ਦਿੰਦੇ, ਕਿਉਂਕਿ ਜਿਨਾਂ ਨੂੰ ਇਹ ਲੋਕ ਮੰਨਨ ਯੋਗ ਭੀਰੁੱਕਰਾਂ ਦੇ ਬਨਾਏ ਹੋਏ ਸਿੱਧਾਂਤ ਰੂੱਖ ਮੰਨਦੇ ਹਨ ਉਨਾਂ ਵਿਚ ਇਸੇ ਤਰਾਂ ਅਵਿਦਿਆ ਦੀਆਂ ਗੱਲਾਂ ਭਰੀਆਂ ਪਈਆ ਹਨ, ਏਸ ਲਈ ਨਹੀਂ ਦੇਖਨ ਦਿੰਦੇ, ਜੇ ਦੇਨ ਭਾਂ ਪੋਲ ਖੁਲ ਜਾਵੇ, ਇਨਾਂ ਦੇ ਇਨਾ ਕੱਕੋਈ ਮਨੁੱਸ਼ ਕੁਝ ਭੀ ਪੜ੍ਹ ਰਖਦਾ ਹੋਵੇਗਾ ਓਹ ਕਦੀ ਭੀ ਏਸ ਗਪੌੜੇ ਨੂੰ ਸੱਚ ਨਹੀਂ ਮੰਨ ਸੱਕੇਗਾ, ਇਹ ਸਾਰਾ ਪ੍ਰਪੰਚ ਜੈਨੀਆਂ ਨੇ ਜਗਤ ਨੂੰ ਅਨਾਦੀ ਮਨਨ ਲਈ ਖੜਾ ਕੀਤਾ ਹੈ, ਪਰੰਤੂ ਇਹ ਨਿਰਾ ਝੂਠ ਹੈ, ਹਾਂ ਜਗਤ ਦਾ ਕਾਰਣ ਅਨਾਦੀ ਹੈ, ਕਿਉਂਕਿ ਓਹ ਪ੍ਰਮਾਣੂ ਆਦੀ ਤਤ੍ਵ ਸ੍ਵਰੂਪ ਅਕਰਤ੍ਰਿਕ ਹਨ, ਪਰੰਤੂ ਉਨਾਂ ਵਿਚ ਨਿਯਮ ਪੂਰਵਕ ਬਨਨੇ ਵਾ ਵਿਗੜਨੇ ਦਾ ਸਾਮਰਥ ਕੁਝ ਭੀ ਨਹੀਂ ਕਿਉਂਕਿ ਜਦ ਇਕ ਪ੍ਰਮਾਣੂ ਦ੍ਰਵ ਕਿਸੇ ਦਾ ਨਾਮ ਹੈ ਅਰ ਸ੍ਵਭਾਵ ਥੀਂ ਵਖਰਾ ਵਖਰਾ ਰੂਪ ਅਰ ਜੜ ਹਨ ਓਹ ਆਪਨੇ ਆਪ ਕੀਕਨ ਚਾਹੀਏ ਭੀਕਨ ਨਹੀਂ ਬਨ ਸਕਦੇ, ਏਸ ਲਈ ਇਨ੍ਹਾਂ ਦਾ ਬਨਾਨ ਵਾਲਾ ਚੇਤਨ ਜ਼ਰੂਰ ਹੈ, ਅਰ ਓਹ ਬਨਾਨ ਵਾਲਾ ਗਿਆਨਸ੍ਵਰੂਪ ਹੈ। ਦੇਖੋ ! ਪ੍ਰਿਥਵੀ ਸੂਰਯ ਆਦੀ ਸਾਰੇ ਲੋਕਾ ਨੂੰ ਨਿਯਮ ਵਿਚ ਰਖਨਾ, ਅਤੇ ਅਨਾਦੀ ਚੇਤਨ ਪਰਮਾਤਮਾ ਦਾ ਕੰਮ ਹੈ, ਜਿਸ ਵਿਚ ਮੈਯੋਗ ਰਚਨਾ ਵਿਸ਼ੇਸ਼ ਦਸੀਂਦੀ ਹੈ, ਓਹ ਸਥੂਲ ਜਗਤ ਅਨਾਦੀ ਕਦੀ ਨਹੀਂ ਹੋ ਸਕਦਾ, ਜੇ ਕਾਰਯ ਜਗਤ ਨੂੰ ਨਿੱਤ ਮੰਨੋਗੇ ਭਾਂ ਉਸਦਾ ਕਾਰਣ ਕੋਈ ਨਾ ਹੋਵੇਗਾ, ਕਿੰਤੂ ਓਹੀ ਕਾਰਯ ਕਾਰਣ ਰੂਪ ਹੋ ਜਾਵੇਗਾ, ਜੇ ਈਕਨ ਕਹੋਗੇ ਭਾਂ ਅਪਨਾ ਕਾਰਯ ਅਰ ਕਾਰਣ ਆਪ ਹੀ ਹੋਨ ਥੀਂ ਅਨਜੋਅਨਜਾਏ ਅਰ ਆਣਮਾਏ ਦੋਸ਼ ਆਵੇਗਾ, ਈਕਨ ਅਪਨੀ ਪੌਨ ਉਪਰ ਆਪ ਚੜ੍ਹਨਾ, ਅਰ ਅਪਨਾ ਪਿਤਾ ਪੁਤ੍ਰ ਆਪ ਨਹੀਂ ਹੋ ਸਕਦਾ ਏਸ ਲਈ ਜਗਤ ਦਾ ਕਰਤਾ ਜ਼ਰੂਰ ਹੀ ਮਨਨਾ ਹੈ ॥

(ਪ੍ਰਸ਼ਨ) ਜੇ ਈਸ਼੍ਵਰ ਨੂੰ ਜਗਤ ਦਾ ਕਰਤਾ ਮੰਨਦੇ ਹੋ ਭਾਂ ਈਸ਼੍ਵਰ ਦਾ ਕਰਤਾ ਕੌਨ ਹੈ ?

(ਉੱਤਰ) ਕਰਤਾ ਦਾ ਕਰਤਾ ਅਰ ਕਾਰਣ ਦਾ ਕਾਰਣ ਕੋਈ ਭੀ ਨਹੀਂ ਹੋ ਸਕਦਾ, ਕਿਉਂਕਿ ਪਹਿਲਾ ਕਰਤਾ ਅਰ ਕਾਰਣ ਦੇ ਹੋਨ ਥੀਂ

ਹੀ ਕਾਰਯਹੁੰਦਾ ਹੈ, ਜਿਸ ਵਿਚ ਸੰਯੋਗ ਵਿਯੋਗ ਨਹੀਂ ਹੁੰਦਾ, ਜੋ ਪਹਿਲੇ ਸੰਯੋਗਵਿਯੋਗ ਦਾ ਕਾਰਣ ਹੈ, ਉਸਦਾ ਕਰਤਾ ਵਾ ਕਾਰਣ ਕਿਸੇ ਭਰਾਂ ਨਹੀਂ ਹੋ ਸਕਦਾ, ਏਸ ਦੀ ਵਿਸ਼ੇਸ਼ ਵਿਆਖਿਆ ਅੱਠਵੇਂ ਸਮੁੱਲਾਸ ਵਿਚ ਸ੍ਰਿਸ਼ਟੀ ਦੀ ਵਿਆਖਿਆ ਵਿਚ ਲਿਖੀ ਹੈ ਦੇਖ ਲੈਨੀ । ਇਨਾਂ ਜੈਨੀ ਲੋਗਾਂ ਨੂੰ ਮੋਟੀ ਗੱਲ ਦਾ ਭੀ ਪੂਰਾ ਪੂਰਾ ਗਿਆਨ ਨਹੀਂ ਭਾਂ ਪਰਮ ਸੂਖਛਮ ਸ੍ਰਿਸ਼ਟੀ ਵਿਦਿਆ ਦਾ ਗਿਆਨ ਕੀਕਨ ਹੋ ਸਕਦਾ ਹੈ ? ਏਸ ਲਈ ਜੋ ਜੈਨੀ ਲੋਗ ਸ੍ਰਿਸ਼ਟੀ ਨੂੰ ਅਨਾਦਾ ਅਨੰਤ ਮੰਨਦੇ, ਅਰ ਦ੍ਰਵ੍ਯ ਪਰਯਾਇਆਂ ਨੂੰ ਭੀ ਅਨਾਦੀ ਅਨੰਤ ਮੰਨਦੇ ਹਨ, ਅਰ ਪ੍ਰਤੀਗੁਣ ਪ੍ਰਤੀਦੇਸ਼ ਵਿਚ ਪਰਯਾਇਆਂ ਅਰ ਪ੍ਰਤੀਵਸਤੂ ਥੀਂ ਅਨੰਤ ਪ੍ਰਯਾਯਾਂ ਨੂੰ ਮੰਨਦੇ ਹਨ, ਇਹ ਪ੍ਰਕਰਣਰਤਨਾਕਰ ਦੇ ਪਹਿਲੇ ਭਾਗਵਿਚ ਲਿਖਿਆ ਹੈ, ਇਹ ਭੀ ਗੱਲ ਕਦੀ ਨਹੀਂ ਘਟ ਸਕਦੀ, ਕਿਉਂ ਕਿ ਜਿਨ੍ਹਾਂ ਦਾ ਅੰਤ ਅਰਥਾਤ ਮਰਯਾਦਾ ਹੁੰਦੀ ਹੈ ਉਨ੍ਹਾਂ ਦੇ ਸਾਰੇ ਮੀਥੀ ਅੰਤ ਵਾਲੇਹੀ ਹੁੰਦੇ ਹਨ । ਜੇਕਰ ਅਨੰਤ ਨੂੰ ਅਮੰਖ ਕਹਿੰਦੇ ਭਾਂ ਭੀ ਨਹੀਂ ਘਟ ਸਕਦਾ, ਕਿੰਤੂ ਜੀਵ ਅਪੇਖਛਾ ਵਿਚ ਇਹ ਰੱਲ ਘਟ ਸਕਦੀ ਹੈ ਪਰਮੇਸ਼ੁਰ ਦੇ ਸਾਮਨੇ ਨਹੀਂ, ਕਿਉਂਕਿ ਇਕ ਇਕ ਦ੍ਰਵ੍ਯ ਵਿਚ ਅਪਨੇ ਅਪਨੇ ਇਕ ਇਕ ਕਾਰਯ ਕਾਰਣ ਸਾਮਰਥ ਨੂੰ ਵਿਭਾਗ ਤੋਂ ਬਿਨਾ ਪਰਯਾਇਆਂ ਥੀਂ ਅਨੰਤ ਸਾਮਰਥ ਮੰਨਨਾ ਨਿਰੀ ਅਵਿਦਿਆ ਦੀ ਗੱਲ ਹੈ, ਜਦ ਇਕ ਪ੍ਰਮਾਣੂ ਦ੍ਰਵ੍ਯ ਦੀ ਸੀਮਾ ਹੈ ਭਾਂ ਉਸ ਵਿਚ ਅਨੰਤ ਵਿਭਾਗ ਰੂਪ ਪਰਯਾਯ ਕੀਕਨ ਰਹ ਸਕਦੇ ਹਨ ? ਏਸ ਤਰਾਂ ਹੀ ਇਕ ਇਕ ਦ੍ਰਵ੍ਯ ਵਿਚ ਅਨੰਤਗੁਣ, ਅਰ ਇਕ ਗੁਣਪ੍ਰਦੇਸ਼ ਵਿਚ ਅਵਿਭਾਗ ਰੂਪ ਅਨੰਤ ਪਰਯਾਯਾਂ ਨੂੰ ਭੀ ਅਨੰਤ ਮੰਨਨਾ ਨਿਰੀ ਬਾਲਪਨੇ ਦੀ ਗੱਲ ਹੈ, ਕਿਉਂਕਿ ਜਿਸਦੇ ਆਧਾਰ ਦਾ ਅੰਤ ਹੈ ਭਾਂ ਉਸ ਵਿਚ ਰਹਨ ਵਾਲੇ ਦਾ ਅੰਤ ਕਿਉਂ ਨਹੀਂ ? ਅਜੇਹੀ ਹੀ ਲੱਮੀਆਂ ਚੌੜੀਆਂ ਝੂਠੀਆਂ ਬਾਤਾਂ ਲਿਖੀਆਂ ਹਨ ॥

ਹੁਨ ਜੀਵ ਅਰ ਅਜੀਵ ਇਨਾਂ ਦੋਹਾਂ ਪਦਾਰਥਾਂ ਦੇ ਵਿਸ਼ਯ ਵਿਚ ਜੈਨੀਆਂ ਦਾ ਨਿਸ਼ਚਾ ਅਜੇਹਾ ਹੈ :—

चेतनालक्षणो जीवः सज्ञादजीवसत्तदनज्ञकः ।
सत्कर्मपुद्गलाः पुण्यं पापं तत्सज्ञविपर्ययः॥

ਇਹ ਜਿੰਨਦੱਤ ਸੂਰੀ ਦਾ ਵਚਨ ਹੈ–ਅਰ ਏਹੀ ਪ੍ਰਕਰਣਰਤਨਾਕਰ ਭਾਗ ਪਹਿਲੇ ਵਿਚ ਨਯਚਕ੍ਰਸਾਰ ਵਿਚ ਭੀ ਲਿਖਿਆ ਹੈ [illegible]

ਭਾਗ ਪਹਿਲੇ ਵਿਚ ਨਯਚਕ੍ਰਸਾਰ ਵਿਚ ਭੀ ਲਿਖਿਆ ਹੈ ਕਿ ਚੇਤਨਾ ਲਖਛਣ ਜੀਵ, ਅਰ ਚੇਤਨਾ ਬਿਨਾ ਅਜੀਵ ਅਰਥਾਤ ਜੜ ਹੈ । ਸਭ ਕਰਮਾ ਰੂਪ ਪੁਦਗਲ ਪੁੰਨ ਅਰ ਪਾਪ ਕਰਮ ਰੂਪ ਪੁਦਗਲ ਪਾਪ ਕਹਾਂਦੇ ਹੰਨ ॥

(ਸਮੀਖਛਕ) ਜੀਵ ਅਰ ਜੜ ਦਾ [illegible]

ਰੂਪ ਪੁਦਗਲ ਹਨ ਓਹ ਪਾਪ ਪੁੰਨ ਵਾਲੇ ਕਦੀ ਨਹੀਂ ਹੋ ਸਕਦੇ, ਕਿਉਂਕਿ ਪਾਪ ਪੁੰਨ ਕਰਨੇ ਦਾ ਸੁਭਾਵ ਚੇਤਨ ਵਿਚ ਹੁੰਦਾ ਹੈ, ਦੇਖੋ ! ਏਹ ਜਿੱਨੇ ਜੜ ਪਦਾਰਥ ਹਨ ਓਹ ਸਾਰੇ ਪਾਪ ਪੁੰਨ ਥੀਂ ਰਹਿਤ ਹਨ, ਜੋ ਜੀਵਾਂ ਨੂੰ ਅਨਾਦੀ ਮੰਨਦੇ ਹਨ ਏਹ ਭਾਂ ਠੀਕ ਹੈ, ਪਰੰਤੂ ਉੱਸੇ ਅਲਪ ਅਰ ਅਲਪੱਗ ਜੀਵ ਨੂੰ ਮੁਕਤੀ ਦਸ਼ਾ ਵਿਚ ਸਰਵੱਗ ਮੰਨਨਾ ਝੂਠ ਹੈ, ਕਿਉਂਕਿ ਜੋ ਅਲਪ ਅਰ ਅਲਪੱਗਹੈ ਉਸਦਾ ਸਾਮਰਥ ਭੀ ਸਦਾ ਸੀਮਾ ਵਾਲਾ ਰਹੇਗਾ।ਜੈਨੀ ਲੋਗ ਜਗਤ ਜੀਵ, ਜੀਵ ਦੇ ਕਰਮ ਅਰ ਬੰਧ ਅਨਾਦੀ ਮੰਨਦੇ ਹਨ, ਇੱਥੇ ਭੀ ਜੈਨੀਆ ਦੇ ਤੀਰਥੰਕਰ ਭੁੱਲ ਗਏ ਹਨ, ਕਿਉਂਨਿ ਮਿਲੇ ਹੋਏ ਜਗਤ ਦਾ ਕਾਰਯ ਕਾਰਣ ਪ੍ਰਵਾਹ ਥੀਂ ਕਾਰਯ, ਅਰ ਜੀਵਦੇ ਕਰਮ, ਬੰਧ ਭੀ ਅਨਾਦੀ ਨਹੀਂ ਹੋ ਸਕਦੇ, ਜਦ ਅਜੇਹਾ ਮੰਨਦੇਹੋ ਤਾਂ ਕਰਮ ਅਰ ਬੰਧ ਦਾ ਛੁੱਟਨਾ ਕਿਉਂ ਮੰਨਦੇਹੋ ? ਕਿਉਂਕਿ ਜੋ ਅਨਾਦੀ ਪਦਾਰਥ ਹੈ ਓਹ ਕਦੀ ਨਹੀਂ ਛੁੱਟ ਸਕਦਾ, ਜੋ ਅਨਾਦੀ ਦਾ ਭੀ ਨਾਸ਼ ਮੰਨੋਗੇ ਤਾਂ ਤੁਹਾਡੇ ਸਭ ਅਨਾਦੀ ਪਦਾਰਥਾਂ ਦੇ ਨਾਸ਼ ਦਾ ਪ੍ਰਸੰਗ ਹੋਵੇਗਾ, ਅਰ ਜਦ ਅਨਾਦੀ ਨੂੰ ਨਿੱਤ ਮੰਨੋਗੇ ਤਾਂ ਕਰਮ ਅਰ ਬੰਧ ਭੀ ਨਿੱਤ ਹੋਵੇਗਾ। ਅਰ ਜਦ ਸਭ ਕਰਮਾਂ ਦੇ ਨਾਸ਼ ਦਾ ਪ੍ਰਸੰਗ ਹੋਵੇਗਾ । ਅਰ ਜਦ ਅਨਾਦੀ ਨੂੰ ਨਿੱਤ ਮੰਨੋਗੇ ਤਾਂ ਕਰਮ ਅਰ ਬੰਧ ਭੀ ਨਿੱਤ ਹੋਵੇਗਾ । ਅਰ ਜਦ ਸਭ ਕਰਮਾਂ ਦੇ ਛੁੱਟਨ ਥੀਂ ਮੁਕਤੀ ਮੰਨਦੇ ਹੋ ਤਾਂ ਸਭ ਕਰਮਾਂ ਦਾ ਛੁੱਟਨਾ ਰੂਪ ਮੁਕਤੀ ਦਾ ਨਿਮਿੱਤ ਹੋਇਆ, ਤਦ ਨਿਮਿੱਤ ਵਾਲੀ ਮੁਕਤੀ ਹੋਵੇਗੀ ਤਾਂ ਸਦਾ ਨਹੀਂ ਰਹ ਸਕੈਗੀ, ਅਰ ਕਰਮ ਕਰਤਾ ਦਾ ਨਿੱਤ ਸੰਬੰਧ ਹੋਨ ਥੀਂ ਕਰਮ ਭੀ ਕਦੀ ਨਹੀਂ ਛੁੱਟਨਗੇ, ਫੇਰ ਜਦ ਤੁਸਾਂ ਨੇ ਅਪਨੀ ਮੁਕਤੀ ਅਰ ਤੀਰਥੰਕਰਾਂ ਦੀ ਮੁਕਤੀ ਨਿੱਤ ਮੰਨੀ ਹੈ ਸੋ ਨਹੀਂ ਬਨ ਸੱਕੇਗੀ ॥

(ਪ੍ਰਸ਼ਨ) ਜੀਕਨ ਧਾਨ ਦਾ ਛਿੱਲੜ ਉਤਾਰਨ ਵਾ ਅੱਗ ਦੇ ਸੰਯੋਗ ਹੋਨ ਥੀਂ ਓਹ "ਬੀਜ" ਫਿਰ ਨਹੀਂ ਉੱਗਦਾ ਇੱਸੇ ਤਰਾਂ ਮੁਕਤੀ ਵਿਚ ਗਿਆ ਹੋਇਆ ਜੀਵ ਫਿਰ ਜਨਮ ਮਰਨ ਰੂਪ ਸੰਸਾਰ ਵਿਚ ਨਹੀਂ ਆਉਂਦਾ ॥

(ਉੱਤਰ) ਜੀਵ ਅਰ ਕਰਮ ਦਾ ਸੰਬੰਧ ਛਿੱਲੜ ਅਰ'ਬੀਜ' ਦੇ ਵਾਕਰ ਨਹੀਂ ਹੈ ਕਿੰਤੂ ਇਨ੍ਹਾਂ ਦਾ ਸਮਵਾਇਸੰਬੰਧ ਹੈ, ਏਸ ਥੀਂ ਅਨਾਦੀ ਕਾਲ ਥੀਂ ਜੀਵ ਅਰ ਉਸ ਵਿਚ ਕਰਮ ਅਰ ਕਰਤ੍ਰਿਤ੍ਵ ਦੀ ਸ਼ਕਤੀ ਦਾ ਸੰਬੰਧ ਹੈ, ਜੋ ਉਸ ਵਿਚ ਕਰਮ ਕਰਨੇ ਦੀ ਸ਼ਕਤੀ ਦਾ ਭੀ ਅਭਾਵ ਮੰਨੋਗੇ ਤਾਂ ਸਾਰੇ ਜੀਵ ਪੱਥਰ ਵਾਙਣ ਹੋ ਜਾਨਗੇ ਅਰ ਮੁਕਤੀ ਨੂੰ ਭੰਗਨ ਦਾ ਭੀ ਸਾਮਰਥ ਨਹੀਂ ਰਹੇਗਾ, ਜੀਕਨ ਅਨਾਦੀ ਕਾਲ ਦਾ ਕਰਮ ਬੰਧਨ ਛੁੱਟਕੇ ਜੀਵ ਮੁਕਤ ਹੁੰਦ ਹੈ, ਤਾਂ ਤੁਹਾਡੀ ਨਿੱਤ ਮੁਕਤੀ ਥੀਂ ਭੀ ਛੁੱਟਕੇ ਬੰਧਨ ਵਿਚ ਪਵੇਗਾ, ਕਿਉਂਕਿ ਜੀਕਨ ਕਰਮ ਰੂਪੀ ਮੁਕਤੀ ਦੇ ਸਾਧਨਾਂ ਥੀਂ ਭੀ ਛੁੱਟਕੇ ਜੀਵ ਦਾ ਮੁਕਤ ਹੋਨਾ ਮੰਨਦੇ ਹੋ, ਉਕਨ ਹੀ ਨਿੱਤ ਮੁਕਤੀ ਤੋਂ ਭੀ ਛੁੱਟਕੇ ਬੰਧਨ ਵਿਚ ਪਵੇਗਾ,

साधनां थीं सिॅध होइआ पदारथ निॅत कदी नहीं होॅ सकदा। अर जे साधन सिॅध दे बिना मुकती मंनोगे तां करमां दे बिना ही बंध प्रापत होॅ सॅकेगा। जीकन कपड़िआं विच मैल लगदी अर धोन थीं छुॅट जांदी है, फेर मैल लॅग जांदी है, ऊकन मिथिआपने आदी होड़ुआं थीं रागा, द्वेश आदी दे आशूय थीं जीवनूं करम रूप फल लगदा है। अर जो समजक गिआन, दरशन, चरित्र थीं निरमल हुंदा है अर मल लगन दे कारणां थीं मलां दा लगना मंनदे होॅ तां मुकत जीव सैसारी अर सैसारी जीव दा मुकत होना ज़रूर मंननां पवेगा, किउंकि जीकन निमिॅतां थीं मैल दूर हुंदी हे ऊकन निमिॅतां थीं मैल लॅग भी जावेगी, एस लई जीव नूं बंध अर मुकती प्रवाह रूप थीं अनादी मंनो, अनादी अनंतता थीं नहीं॥

(प्रशन) जीव निरमल कदी नहीं सी किंतु मल वाला है।

(उॅतर) जो कदी निरमल नहीं सी तां निरमल भी कदी नहीं होसकेगा, जीकन शुध कपड़े विच पिॅछों थीं लॅगी होई मैलनूं धोन थीं छुडा दिंदे हन, उसदे सुभाविक चिॅटे रंग नूं नहीं छुडा सॅकदे, मैलफेर भी कपड़े विच लॅग जांदी है इॅसेतरां मुकती विच भी लॅगेगा॥

(प्रशन) जीव पिछले अकॅठे कीते होए करमां ही थीं शरीर धारण कर लैंदा है ईशूर दा मंननां विअरथ है॥

(उॅतर) जो निरा करम ही शरीर धारण विच निमिॅत होवे, ईशूर कारण ना होवे तां ओह जीव बुरा जनम कि जिॅथे बहुत दुॅख होवे उसनूं धारण कदी नहीं करे, किंतु सदा अॅछे अॅछे जनम धारणकीता करे। जे आखें कि करम प्रतीबंधक है तां भी जीकन चोर अपने आप आके कैदखाने विच नहीं जांदा, अर अपने आप फांसी भी नहीं चड़दा किंतु राजा दिंदा है, इॅसे तरां जीव नूं शरीर धारण करानां अर उसदे करम अनुसार फल देन वाले परमेशूर नूं तुसीं भी मंनो॥

(प्रशन) नशे दे वाकर करम अपने आप प्रापत हुंदा है फल देन विच दूजे दी ज़रूरत नहीं॥

(उॅतर) जो अॅजेहा होवे तां जीकन नशा पीन वाले नूं नशा घॅद चड़दा ना पीन वाले नूं बहुत चड़दा है, ऊकन निॅत बहुत पाप पुंन करने वाले नूं कम अर कदी कदी थोड़ा थोड़ा पाप पुंन करन वालिआं नूं वधीक फल होना चाहीऐ, अर छोटे करम वालिआं नूं वधीक फल होवे॥

(ਪ੍ਰਸ਼ਨ) ਜਿਸਦਾ ਜਿਹਾ ਸੁਭਾਵ ਹੁੰਦਾ ਹੈ ਉਸਨੂੰ ਉਜੇਹਾ ਹੀ ਫਲ ਹੋਇਆ ਕਰਦਾ ਹੈ ॥

(ਉੱਤਰ) ਜੋ ਸੁਭਾਵ ਥੀਂ ਹੈ ਤਾਂ ਉਸਦਾ ਛੁਟਨਾ ਵਾ ਮਿਲਨਾ ਨਹੀਂ ਹੋ ਸਕਦਾ, ਹਾਂ ਜੀਕਨ ਸਾਫ ਕਪੜੇ ਵਿਚ ਸਬਬਾਂ ਥੀਂ ਮੈਲ ਲਗਦਾ ਹੈ, ਉਸ ਦੇ ਛੁਡਾਨ ਦੇ ਸਬਬ ਥੀਂ ਛੁੱਟ ਭੀ ਜਾਂਦਾ ਹੈ ਈਕਨ ਮੰਨਨਾ ਠੀਕ ਹੈ ॥

(ਪ੍ਰਸ਼ਨ) ਸੰਯੋਗ ਦੇ ਬਿਨਾ ਕਰਮ ਫਲ ਨੂੰ ਪ੍ਰਾਪਤ ਨਹ ਹੁੰਦਾ ਜੀਕਨ ਦੁੱਧ ਅਰ ਖਟਾਈ ਦੇ ਸੰਯੋਗ ਦੇ ਬਿਨਾ ਦਹੀ ਨਹੀਂ ਹੁੰਦਾ ਇਸੇਤਰਾਂ ਜੀਵ ਅਰ ਕਰਮ ਦੇ ਸੰਯੋਗ ਥੀਂ ਕਰਮ ਦਾ ਫਲ ਹੁੰਦਾ ਹੈ ॥

(ਉੱਤਰ) ਜੀਕਨ ਦਹੀ ਅਰ ਖਟਾਈ ਦਾ ਮਿਲਾਨ ਵਾਲਾ ਤੀਜਾ ਹੁੰਦਾ ਹੈ ਉਕਨ ਹੀ ਜੀਵਾਂ ਨੂੰ ਕਰਮਾਂ ਦੇ ਫਲ ਦੇ ਸੰਗ ਮਿਲਾਨ ਵਾਲਾ ਤੀਜਾ ਈਸ਼ੁਰ ਹੋਨਾ ਚਾਹੀਏ, ਕਿਉਂਕਿ ਜੜ ਪਦਾਰਥ ਅਪਨੇ ਆਪ ਨਿਯਮ ਥੀਂ ਅਕੱਠੇ ਨਹੀਂ ਹੁੰਦੇ, ਅਰ ਜੀਵ ਭੀ ਅਲਪੱਗ ਹੋਨ ਥੀਂ ਅਪਨੇ ਆਪ ਅਪਨੇ ਕਰਮ ਫਲ ਨੂੰ ਪ੍ਰਾਪਤ ਨਹੀਂ ਹੋ ਸਕਦੇ,ਏਸ ਥੀਂ ਏਹ ਸਿੱਧ ਹੋਇਆ ਕਿ ਬਿਨਾ ਈਸ਼ੁਰ ਦੇ ਠਰਾਏ ਹੋਏ ਸ੍ਰਿਸ਼ਟੀਕ੍ਰਮ ਦੇ ਕਰਮ ਫਲ ਵਿਵਸਥਾ ਨਹੀਂਹੋਸਕਦੀ॥

(ਪ੍ਰਸ਼ਨ) ਜੋ ਕਰਮ ਥੀਂ ਮੁਕਤ ਹੁੰਦਾ ਹੈ ਓਹੀ ਈਸ਼ੁਰ ਕਹਾਂਦਾ ਹੈ ॥

(ਉੱਤਰ) ਜੁਦ ਅਨਾਦੀ ਕਾਲ ਥੀਂ ਜੀਵ ਦੇ ਸੰਗ ਕਰਮ ਲਗੇ ਹਨ ਤਦ ਉਨਾਂ ਥੀਂ ਜੀਵ ਮੁਕਤ ਕਦੀ ਨਹੀਂ ਹੋ ਸੱਕਨਗੇ ॥

(ਪ੍ਰਸ਼ਨ) ਕਰਮ ਦਾ ਬੰਧ ਆਦਿ ਵਾਲਾ ਹੈ ॥

(ਉੱਤਰ) ਜੋ ਆਦਿ ਵਾਲਾ ਹੈ ਤਾਂ ਕਰਮ ਦਾ ਸੰਬੰਧ ਅਨਾਦੀ ਨਹੀਂ, ਅਰ ਸੰਯੋਗ ਦੇ ਆਦਿ ਵਿਚ ਜੀਵ ਬਿਨਾਕਰਮ ਹੋਵੇਗਾ, ਅਰ ਜੋ ਨਿਸ਼ਕਰਮ ਨੂੰ ਕਰਮ ਲਗ ਗਿਆ ਤਾਂ ਮੁਕਤਾਂ ਨੂੰ ਭੀ ਲਗ ਜਾਵੇਗਾ, ਅਰ ਕਰਮ ਕਰਤਾ ਦਾ ਸਮਵਾਇ ਅਰਥਾਤ ਨਿੱਤ ਸੰਬੰਧ ਹੁੰਦਾ ਹੈ ਏਹ ਕਦੀ ਨਹੀਂ ਛੁੱਟਦਾ, ਏਸ ਲਈ ਜੇਹਾ ਨੌਵੇਂ ਸਮੁੱਲਾਸ ਵਿਚ ਲਿਖ ਆਏ ਹਾਂ ਉਜੇਹਾ ਹੀ ਮੰਨਨਾ ਠੀਕ ਹੈ। ਜੀਵ ਚਾਹੇ ਜਿਹਾ ਅਪਨਾ ਗਿਆਨ ਅਰ ਸਾਮਰਥ ਵਧਾਵੇ ਤਾਂ ਭੀ ਉਸ ਵਿਚ ਅੰਦਾਜ਼ੇ ਦਾ ਗਿਆਨ ਅਰ ਸਸੀਮ ਸਾਮਰਥ ਰਹੇਗਾ, ਈਸ਼ੁਰਦੇ ਬਰਾਬਰ ਕਦੀ ਨਹੀਂ ਹੋ ਸਕਦਾ। ਹਾਂ ਜਿੱਨਾ ਸਾਮਰਥ ਵਧਨਾ ਯੋਗ ਹੈ ਉੱਨਾਂ ਯੋਗ ਥੀਂ ਵਧਾ ਸਕਦਾ ਹੈ, ਅਰ ਜੋ ਜੈਨੀਆਂ ਵਿਚ ਆਰਹਤ ਲੋਗ ਦੇਹ ਦੇ ਅੰਦਾਜ਼ੇ ਥੀਂ ਜੀਵਦਾ ਭੀ ਅੰਦਾਜ਼ਾ ਮੰਨਦੇ ਹਨ ਉਨ੍ਹਾਂ ਥੀਂ ਪੁਛਨਾ ਚਾਹੀਏ ਕਿ ਜੋ ਅਜੇਹਾ ਹੋਵੇ ਤਾ ਹਾਥੀ ਦਾ ਜੀਵ ਕੀੜੀ ਵਿਚ, ਅਰ ਕੀੜੀ ਦਾ ਜੀਵ ਹਾਥੀ ਵਿਚ ਕੀਕਨ ਸਮਾ ਸਕੇਗਾ ? ਏਹ ਭੀ ਇਕ ਮੂਰਖਤਾ ਦੀ ਗਲ ਹੈ ਕਿਉਂਕਿ ਜੀਵ ਇਕ ਸੂਖਛਮ ਪਦਾਰਥ ਹੈ ਜੋ ਕਿ ਇਕ ਪ੍ਰਮਾਣੂ ਵਿਚ ਭੀ ਰਹ ਸਕਦਾ ਹੈ, ਪਰੰਤੂ ਉਸਦੀ ਸ਼ਕਤੀਆਂ ਸ਼ਰੀਰ ਵਿਚ ਪ੍ਰਾਣ, ਬਿਜਲੀ, ਅਰ

नाड़ी आदीदे सैगमिलीआं होइआंरहिंदीआं हनउन्हां थीं सभशरीर दा वरतमान जानदा है, अच्छे सैग थीं अच्छा अर बुरे सैग थीं बुरा हो जांदा है हुन जैनी लोग धरम ऐस प्रकार दा मंनदे हन :—

रे जीव भवदुहाई इक्कंचिय हरइ जिणमयधम्मं।
इयराणं परमं तो सुहकप्पजे मूढ़मुसि ओसि॥

प्रकरणरत्नाकर भाग २। शशटी शतक ६०। सूत्रांक ३॥

हे जीव! इक ही जिन मत श्री वीतराग भाशित धरम, सैसार सैबंधी जनम, बुढ़ेपा, मरन आदी दुखां दा हरन करदा है, इने तरां सुदेव, अर सुगुरु, भी जैन मत वाले नूं जानना, होर जो वीतराग रिशभदेव थीं लैके महावीर तक वीतराग देवां थीं वखरे, होर हरी, हर, ब्रहमा आदी कुदेव हन उन्हां दी अपने कलिआण वासते जो जीव पूजा करदे हन, ओह सारे मनुश ठगे गऐ हन, ऐसदा ऐह भावारथ है कि जैनमत ने सुदेव, सुगुरु, तथा सुधरम नूं छडके होर कुदेव कुगुरु तथा कुधरम नूं सेवन थीं कुश भी कलिआण नहीं हुंदा। (समीखछक) हुन विदवानां नूं विचारना चाहीऐ कि किस तरां दे निंदिआ वाले इनां दे धरम पुसतक हन॥

अरिहं देवो सुगुरु सुधं धंमम चपंच नवकारो।
धंनाणं कयंछाणं निरंतरं बसइ हिअयंमि॥

प्रकरणरत्नाकर भाग २। शशटीशतक ६०। सूत्र १॥

जो अरिहन देव करके कीती होई पूजा आदिकां दे जोग दूजा पदारथ उतम कोई नहीं अजेहा जो देवां दा देव शोभा वाला, अरिहंत देव, गिआन क्रिआवाला, शासत्रां दा उपदेश करन वाला पवित्र कशाऐ, मलरहित, समजकत्र,नमूता, दया मूल. श्री जिन दा कहिआ होइआ जो धरम है ओही दुरगती विच पैन वाले प्राणीआं दा उधार करन वाला है, अर होर हरी, हर आदी दा धरम संसार थीं उधार करन वाला नहीं, अर पंच अरिहंत आदिक परमेशठी तसंबंधी उन्हां नूं नमसकार, ऐह चार पदारथ धंन हन अरथात अछे हन, अरथात दइआ, खछमा, समजकत्र, गिआन, दरशन अर चारित्र ऐह जेनां दा धरम है। (समीखछक) जद मनुश मात्र उपर दइआ

ਨਹੀਂ ਓਹ ਦਇਆ ਨ ਖਛਮਾ, ਗਿਆਨ ਦੇ ਬਦਲੇ ਅਗਿਆਨ, ਦਰਸ਼ਨ ਹਨੇਰ, ਅਰ ਚਾਰਿਤ੍ਰ ਦੇ ਬਦਲੇ ਭੁੱਖੇ ਮਰਨਾ ਕੇਹੜੀ ਅੱਛੀ ਬਾਤ ਹੈ ? ਜੈਨ ਮਤ ਦੇ ਧਰਮ ਦੀ ਉਸਤਤੀ :—

ਜਇਨ ਕੁਣਸਿ ਤਵ ਚਰਣੰ ਨ ਪੜਸਿ ਨ ਗੁਣੋਸਿ ਦੇਸਿ ਨੋ ਦਾਣਮ। ਤਾ ਇਤਿਯੰ ਨ ਸੱਕਿਸਿਜੰ ਦੇਵੋ ਇੱਕ ਅਰਿਹੰਤੋ ॥

ਪ੍ਰਕਰਣਰਤਨਾਕਰ ਭਾਗ ੨। ਸਸ਼ਟੀ ਸੂਤ੍ਰ ੨ ॥

ਹੇ ਮਨੁੱਸ਼! ਜੋ ਤੂੰ ਤਪ ਚਾਰਿਤ੍ਰ ਨਹੀਂ ਕਰ ਸੱਕਦਾ, ਨਾ ਸੂਤ੍ਰ ਪੜ੍ਹ ਸੱਕਦਾ, ਨਾ ਪ੍ਰਕਰਣ ਆਦੀ ਦਾ ਵਿਚਾਰ ਕਰ ਸੱਕਦਾ, ਅਰ ਸੁਪਾਤ੍ਰ ਆਦੀ ਨੂੰ ਦਾਨ ਨਹੀਂ ਦੇ ਸਕਦਾ, ਤਾਂ ਭੀ ਜੋ ਤੂੰ ਦੇਵਤਾ ਇਕ ਅਰਹੰਤ ਹੀ ਸਾਡੇ ਅਰਾਧਨੇ ਦੇ ਯੋਗ, ਸੁਗੁਰੂ, ਸੁਧਰਮ, ਜੈਨਮਤ ਵਿਚ ਸ਼ਰੱਧਾ ਰਖਨੀ ਸਾਰਿਆਂ ਥੀਂ ਉੱਤਮ ਬਾਤ ਅਰ ਉਧਾਰ ਦਾ ਕਾਰਣ ਹੈ। (ਸਮੀਖਛਕ) ਭਾਵੇਂ ਦਇਆ ਅਰ ਖਛਮਾ ਅੱਛੀ ਵਸਤੂ ਹੈ ਤਥਾਪੀ ਪਖਛਪਾਤ ਵਿਚ ਫਸਨ ਥੀਂ ਦਇਆ ਅਦਇਆ, ਅਰ ਖਛਮਾ ਅਖਛਮਾ ਹੋ ਜਾਂਦੀ ਹੈ, ਏਸਦਾ ਪ੍ਰਯੋਜਨ ਏਹ ਹੈ ਕਿ ਕਿਸੇ ਜੀਵ ਨੂੰ ਦੁੱਖ ਨਾ ਦੇਨਾ ਏਹ ਬਾਤ ਸਰਵਥਾ ਸੰਭਵ ਨਹੀਂ ਹੋ ਸਕਦੀ, ਕਿਉਂਕਿ ਦੁਸ਼ਟਾਂ ਨੂੰ ਦੰਡ ਦੇਨਾ ਭੀ ਦਇਆ ਵਿਚ ਗਿਨਨਾ ਯੋਗ ਹੈ, ਜੋ ਇਕ ਦੁਸ਼ਟ ਨੂੰ ਦੰਡ ਨਾ ਦਿੱਤਾ ਜਾਵੇ ਤਾਂ ਹਜ਼ਾਰਾਂ ਮਨੁੱਸ਼ਾਂ ਨੂੰ ਦੁੱਖ ਪ੍ਰਾਪਤ ਹੋਵੇ, ਏਸ ਲਈ ਓਹ ਦਇਆ ਅਦਇਆ, ਅਰ ਖਛਮਾ ਅਖਛਮਾ ਹੋ ਜਾਵੇ। ਏਹ ਭਾਂ ਠੀਕ ਹੈ ਕਿ ਸਭ ਪ੍ਰਾਣੀਆਂ ਦੇ ਦੁੱਖ ਨਾਸ਼ ਅਰ ਸੁਖ ਦੀ ਪ੍ਰਾਪਤੀ ਦਾ ਉਪਾਯ ਕਰਨਾ ਦਇਆ ਕਹਾਂਦੀ ਹੈ,ਨਿਰਾ ਜਲ ਛਾਨਕੇ ਪੀਨਾ,ਤੁੱਛ ਜੀਵਾਂ ਨੂੰਬਚਾਨਾ ਹੀ ਦਇਆ ਨਹੀਂ ਕਹਾਂਦੀ, ਕਿੰਤੂ ਏਸ ਪ੍ਰਕਾਰ ਦੀ ਦਇਆ ਜੈਨੀਆਂ ਦੇ ਕਹਨਮਾਤ੍ਰ ਹੀ ਹੈ, ਕਿਉਂਕਿ ਉਜੇਹਾ ਵਰਤਦੇ ਨਹੀਂ। ਕੀ, ਮਨੁੱਸ਼ ਆਦੀਉੱਤੇ ਚਾਹੇ ਕਿਸੇ ਮਤ ਵਿਚ ਕਿਉਂ ਨਾ ਹੋਵੇ ਦਇਆ ਕਰਕੇ ਉਸਨੂੰ ਅੰਨ ਪਾਨ ਆਦੀ ਥੀਂ ਸਤਕਾਰ ਕਰਨਾ ਅਰ ਦੂਜੇ ਮਤ ਦੇ ਵਿਦਵਾਨਾਂ ਦਾ ਮਾਨ,ਅਰਸੇਵਾ ਕਰਨੀ ਦਇਆ ਨਹੀਂ ਹੈ ? ਜੋ ਇਨ੍ਹਾਂਦੀ ਸੱਚੀ ਦਇਆ ਹੁੰਦੀ ਤਾਂ "ਵਿਵੇਕ ਸਾਰ" ਦੇ ਪਤ੍ਰੇ ੨੨੫ ਵਿਚ ਦੇਖੋ! ਕੀ ਲਿਖਿਆ ਹੈ, "ਇਕ ਪਰਮਤੀ ਦੀ ਉਸਤਤੀ" ਅਰਥਾਤ ਉਨ੍ਹਾਂ ਦਾ ਗੁਣ ਕੀਰਤਨ ਕਦੀ ਨਾ ਕਰਨਾ। ਦੂਜਾ "ਉਨ੍ਹਾਂ ਨੂੰ ਨਮਸਕਾਰ" ਅਰਥਾਤ ਮੱਥਾ ਟੇਕਨਾ ਭੀ ਨਾ ਕਰਨਾ। ਤੀਜਾ "ਆਲਾਪਨ" ਅਰਥਾਤ ਹੋਰ ਮਤ ਵਾਲਿਆਂ ਦੇ ਸੰਗ ਥੋੜਾ ਬੋਲਣਾ। ਚੌਥਾ "ਸੰਲਪਨ" ਅਰਥਾਤ ਉਨ੍ਹਾਂ ਥੀਂ ਵਾਰਤਾਵਾਰ ਨਾ ਬੋਲਨਾ। ਪੰਜਵਾਂ "ਉਨ੍ਹਾਂ ਨੂੰ ਅੰਨ,

ਕਪੜੇ ਆਦੀ ਦਾਨ" ਅਰਥਾਤ ਉਨ੍ਹਾਂਨੂੰ ਖਾਨ ਪੀਂਨ ਦੀ ਵਸਤੂ ਭੀ ਨਾ ਦੇਨੀ। ਛੀਵਾਂ"ਗੰਧ ਪੁਸ਼ਪ ਆਦੀ ਦਾਨ" ਹੋਰੀ ਮਤਦੀ ਪ੍ਰਤਿਮਾ ਪੂਜਨ ਦੇ ਲਈ ਗੰਧ ਪੁਸ਼ਪ ਆਦੀ ਭੀ ਨਾ ਦੇਨਾ। ਏਹ ਛੀ ਯਤਨਾ ਅਰਥਾਤ ਇਨ੍ਹਾਂ ਛੀ ਪ੍ਰਕਾਰ ਦੇ ਕਰਮਾਂ ਨੂੰ ਜੈਨ ਲੋਗਕਦੀ ਨਾ ਕਰਨ। (ਸਮੀਖਛਕ) ਹੁਨ ਬੁਧਵਾਨਾਂ ਨੂੰ ਵਿਚਾਰਨਾ ਚਾਹੀਏ ਕਿ ਇਨ੍ਹਾਂ ਜੈਨੀ ਲੋਗਾਂ ਦੀ ਹੋਰ ਮਤ ਵਾਲੇ ਮਨੁਸ਼ਾਂ ਉਪਰ ਕਿੱਨੀ ਅਦਇਆ, ਕੁਦ੍ਰਿਸ਼ਟੀ ਅਰ ਦ੍ਵੇਸ਼ ਹੈ, ਜਦ ਹੋਰ ਮਤ ਵਾਲਿਆਂ ਮਨੁਸ਼ਾਂ ਉੱਪਰ ਇੱਨੀ ਅਦਇਆ ਹੈ ਤਾਂ ਫਿਰ ਜੈਨੀਆਂ ਨੂੰ ਦਇਆ ਹੀਨ ਕਹਨਾ ਸੰਭਵ ਹੈ,ਕਿਉਂਕਿ ਅਪਨੇ ਘਰ ਵਾਲਿਆਂ ਹੀ ਦੀ ਸੇਵਾ ਕਰਨੀ ਵਿਸ਼ੇਸ਼ ਧਰਮ ਨਹੀਂ ਕਹਾਂਦਾ, ਉਨ੍ਹਾਂਦੇ ਮਤ ਦੇ ਮਨੁਸ਼ ਉਨ੍ਹਾਂਦੇ ਘਰ ਦੇ ਵਾਕਰ ਹਨ, ਏਸਲਈ ਉਨ੍ਹਾਂਦੀ ਸੇਵਾ ਕਰਦੇ ਹੋਰੀ ਮਤ ਵਾਲਿਆਂ ਦੀ ਨਹੀਂ, ਫੇਰ ਉਨਾਂ ਨੂੰ ਦਇਆਵਾਨ ਕੌਨ ਬੁਧਵਾਨ ਕਹ ਸਕਦਾ ਹੈ ? ਵਿਵੇਕ ਸਾਰ ਪਤ੍ਰਾ ੧੦੯ ਵਿਚ ਲਿਖਿਆ ਹੈ ਕਿ ਮਥੁਰਾ ਦੇ ਰਾਜਾ ਦੇ ਨਮੁਚੀ ਨਾਮ੍ਹੀ ਦਿਵਾਨ ਨੂੰ ਜੈਨਮਤ ਵਾਲਿਆਂ ਨੇ ਅਪਨਾ ਵਿਰੋਧੀ ਸਮਝਕੇ ਮਾਰ ਸੁਟਿਆਂ, ਅਰ ਆਲੋਇਣਾ' ਪ੍ਰਾਯਸ਼ਚਿਤ ਕਰਕੇ ਸ਼ੁੱਧ ਹੋਗਏ। ਕੀ ਏਹ ਭੀ ਦਇਆ ਅਰ ਖਛਮਾ ਦਾ ਨਾਸ਼ ਕਰਨ ਵਾਲਾ ਕਰਮ ਨਹੀਂ ਹੈ ? ਜਦ ਹੋਰ ਮਤ ਵਾਲਿਆਂ ਉੱਪਰ ਪ੍ਰਾਣ ਲੈਨ ਤਕ ਵੈਰ ਬੁੱਧ ਰਖਦੇ ਹਨ ਤਾਂ ਇਨ੍ਹਾਂ ਨੂੰ ਦਇਆਲੂ ਦੀ ਜਗਹ ਪਰਹਿੰਸਕ ਕਹਨਾ ਹੀ ਸਾਰਥਿਕ ਹੈ। ਹੁਨ ਸਮਸਕਤ੍ਵ ਦਰਸ਼ਨ ਆਦੀ ਦੇ ਲਖਛਨ ਆਰਹਤ ਪ੍ਰਵਚਨ ਸੰਗ੍ਰਹ ਪਰਮਾਗਮਨ ਸਾਰ ਵਿਚ ਕਹਿਆ ਹੈ ਸਮਸਕ ਸ਼ੁੱਧਾਨ, ਸਮਸਕ ਦਰਸ਼ਨ, ਗਿਆਨ ਅਰ ਚਾਰਿਤ੍ਰ ਏਹ ਚਾਰ ਮੋਖਛ ਮਾਰਗ ਦੇ ਸਾਧਨ ਹਨ, ਇਨ੍ਹਾਂ ਦੀ ਵਿਆਖਿਆ ਯੋਗਦੇਵਨੇ ਕੀਤੀ ਹੈ, ਜਿਸ ਰੂਪ ਥੀਂ ਜੀਵ ਆਦੀ ਦ੍ਰਵ੍ਯਅਵਸਥਿਤ ਹਨ ਉੱਸੇ ਰੂਪ ਨਾਲ ਜਿਨ ਪ੍ਰਤੀਪਾਦਿਤ ਗ੍ਰੰਥ ਅਨੁਸਾਰ ਵਿਪਰੀਤ ਅਭਿਨਿਵੇਸ਼ ਆਦੀ ਰਹਿਤ ਜੋ ਸ਼ੁੱਧਾ ਅਰਥਾਤ ਜਿਨਮਤ ਵਿਚ ਪ੍ਰੀਤੀ ਹੈ ਸੋ ਸਮਸਕ ਸ਼ੁੱਧਾਨ ਅਰ ਸਮਸਕ ਦਰਸ਼ਨ ਹੈ।

ਰੁਚਿਰਜਿਨੋਕਤਤੱਤ੍ਵੇਸ਼ੁ ਸਮਸਕਸ਼ੁੱਧਾਨਮੁਚਸਤੇ ।

ਜਿਨੋਕਤ ਤੱਤਾਂ ਵਿਚ ਸਮਸਕ ਸ਼ੁੱਧਾ ਕਰਨੀ ਚਾਹੀਏ ਅਰਾਤ ਹੋਰ ਜਗਹ ਕਿਦੇ ਨਹੀਂ ॥

ਯਥਾਵਸਥਿਤੱਤ੍ਵਾਨਾਂ ਸੰਖਛੇਪਾਦ੍ਵਿਸਤਰੇਣ ਵਾ ।
ਯੋ ਬੋਧਸਤਮਤ੍ਰਾਹੁਃਸਮਸਗਜਵਾਨੰਮਨੀਸ਼ਿਣਃ ।

ਜਿਸ ਪ੍ਰਕਾਰ ਦੇ ਜੀਵ ਆਦੀ ਤਤ੍ਵ ਹਨ ਉਨ੍ਹਾਂ ਦਾ ਸੰਖਛੇਪਵਾ ਵਿਸਤਾਰ ਥੀਂ ਜੋ ਬੋਧ ਹੁੰਦਾ ਹੈ ਉੱਸੇ ਨੂੰ ਸਮਸਕ ਗਿਆਨ ਬੁਧਵਾਨ ਕਹਿੰਦੇ ਹਨ ॥

ਸਰੱਵਥਾਅਨਵਦਜਯੋਗਾਨਾ ਤਜ਼ਾਗਸ਼੍ਚਾਰਿਤ੍ਰਮੁਚਜ਼ਤੇ।
ਕੀਰਤਿਤੰ ਤਦਹਿੰਸਾਦਿ ਵ੍ਰਤਭੇਦੇਨ ਪੰਚਧਾ॥
ਅਹਿੰਸਾਸ਼ੂਨ੍ਰਿਤਾਸਤੇਯਬ੍ਰਹਮਚਰਯਾਪਰਿਗ੍ਰਹਾ:।

ਸਬ ਪ੍ਰਕਾਰ ਥੀਂ ਨਿੰਦਿਆਜੋਗਜ਼ ਹੋਰੀ ਮਤ ਸੰਬੰਧ ਦਾ ਤ੍ਯਾਗ ਚਾਰਿਤ੍ਰ ਕਹਾਂਦਾ ਹੈ, ਅਰ ਅਹਿੰਸਾ ਆਦੀ ਭੇਦ ਥੀਂ ਪੰਜ ਤਰਾਂ ਦਾ ਬ੍ਰਤ ਹੈ ਇਕ (ਅਹਿੰਸਾ) ਕਿਸੇ ਪ੍ਰਾਣੀਮਾਤ੍ਰ ਨੂੰ ਨਾ ਮਾਰਨਾ। ਦੂਜਾ (ਸ਼ੂਨ੍ਰਿਤਾ) ਮਿੱਠੀ ਬਾਣੀ ਬੋਲਨਾ। ਤੀਜਾ (ਅਸਤੇਯ) ਚੋਰੀ ਨਾ ਕਰਨਾ। ਚੌਥਾ (ਬ੍ਰਹਮਚਰਯ) ਲਿੰਗ ਇੰਦ੍ਰੀ ਦਾ ਸੰਯਮ। ਅਰ ਪੰਜਵਾਂ (ਅਪਰੀਗ੍ਰਹ) ਸਬ ਵਸਤ੍ਵਾਂ ਦਾ ਤ੍ਯਾਗ ਕਰਨਾ, ਇਨ੍ਹਾਂ ਵਿਚ ਬਹੁਤ ਸਾਰੀਆਂ ਬਾਤਾਂ ਅੱਛੀਆਂ ਹਨ ਅਰਥਾਤ ਅਹਿੰਸਾ ਅਰ ਚੋਰੀ ਆਦੀ, ਨਿੰਦਿਆ ਯੋਗ ਕਰਮਾਂ ਦਾ ਤ੍ਯਾਗ ਅੱਛੀ ਬਾਤ ਹੈ, ਪਰੰਤੂ ਏਹ ਸਬ ਹੋਰ ਮਤ ਦੀ ਨਿੰਦਿਆ ਕਰਨੇ ਆਦੀ ਦੋਸ਼ਾਂ ਥੀਂ ਸਾਰੀਆਂ ਅੱਛੀਆਂ ਬਾਤਾਂ ਭੀ ਦੋਸ਼ ਵਾਲੀਆਂ ਹੋਗਈਆਂ ਹਨ, ਜੀਕਨ ਪਹਿਲੇ ਸ਼ੂਤ੍ਰ ਵਿਚ ਲਿਖੀ ਹੈ, ਹੋਰ ਹਰੀ ਹਰ ਆਦਿਕ ਦਾ ਧਰਮ ਸੰਸਾਰ ਵਿਚ ਉੱਧਾਰ ਕਰਨੇ ਵਾਲਾ ਨਹੀਂ। ਕੀ, ਏਹ ਛੋਟੀ ਨਿੰਦਿਆ ਹੈ ਕਿ ਜਿਨ੍ਹਾਂ ਦੇ ਗ੍ਰੰਥ ਦੇਖਨ ਥੀਂ ਹੀ ਪੂਰੀ ਵਿਦਿਆ ਅਰ ਧਾਰਮਿਕਤਾ ਪਾਈ ਜਾਂਦੀ ਹੈ ਉਸਨੂੰ ਬੁਰਾ ਕਹਨਾ ਅਰ ਅਪਨੀ ਮਹਾ ਅਸੰਭਵ ਜਿਹਾ ਕਿ ਪਿੱਛੇ ਲਿਖ ਆਏ ਉਜੇਹੀ ਆਂਗੱਲਾਂ ਦੇ ਕਹਨ ਵਾਲੇ ਅਪਨੇ ਤੀਰਥੰਕਰਾਂ ਦੀ ਉਸਤਤੀ ਕਰਨਾ ਨਿਰੀ ਹਠ ਦੀਆਂ ਬਾਤਾਂ ਹਨ, ਭਲਾ ਜੋ ਜੈਨੀ ਕੁਝ ਚਾਰਿਤ੍ਰ ਨਾ ਕਰ ਸੱਕੇ, ਨਾ ਪੜ੍ਹਸਕੇ, ਨਾ ਦਾਨ ਦੇਨ ਦਾ ਸਾਮਰਥ ਹੋਵੇ ਤਾਂ ਭੀ ਜੈਨ ਮਤ ਸੱਚਾ ਹੈ, ਕੀ ਇੱਨਾ ਕਹਨੇ ਹੀ ਥੀਂ ਓਹ ਉੱਤਮ ਹੋ ਜਾਵੇ? ਅਰ ਅੱਨਮਤ ਵਾਲੇ ਸ਼ੇ੍ਸ਼ਠਭੀ ਅਸ਼ੇ੍ਸ਼ਠ ਹੋ ਜਾਨ? ਅਜੇਹੇ ਕਥਨ ਕਰਨ ਵਾਲੇ ਮਨੁਸ਼ਾਂ ਨੂੰ ਭ੍ਰਮੀ ਅਰ ਬਾਲਬੁੱਧ ਨਾ ਕਹਿਆ ਜਾਵੇ ਤਾਂ ਕੀ ਕਹੀਏ ? ਏਸ ਥੀਂ ਏਹ ਮਲ੍ਹੂਮ ਹੁੰਦਾ ਹੈ ਕਿ ਇਨ੍ਹਾਂ ਦੇ ਆਚਾਰਯ ਮਤਲਬੀ ਸਨ, ਪੂਰੇ ਵਿਦਵਾਨ ਨਹੀਂ, ਕਿਉਂਕਿ ਜੋ ਸਾਰਿਆਂ ਦੀ ਨਿੰਦਿਆ ਨਾ ਕਰਦੇ ਤਾਂ ਅਜੇਹੀ ਝੂਠੀ ਗੱਲਾਂ ਵਿਚ ਕੋਈ ਨਾ ਫਸਦਾ, ਨਾ ਉਨ੍ਹਾਂ ਦਾ ਪ੍ਰਯੋਜਨ ਸਿੱਧ ਹੁੰਦਾ। ਵੇਖੋ ! ਏਹ ਤਾਂ ਸਿੱਧ ਹੁੰਦਾ ਹੈ ਕਿ ਜੈਨੀਆਂ ਦਾ ਮਤ ਡੁੱਬਨ ਵਾਲਾ, ਅਰ ਵੇਦ ਮਤ ਸਾਰਿਆਂ ਦਾ ਉੱਧਾਰ ਕਰਨ ਵਾਲਾ, ਹਰੀ, ਹਰ ਆਦੀ ਦੇਵ ਸੁਦੇਵ, ਅਰ ਇਨ੍ਹਾਂ ਦੇ ਰਿਸ਼ਭਦੇਵ ਆਦੀ ਸਬ ਕੁਦੇਵ, ਦੂਜੇ ਲੋਗ ਕਹਨ ਤਾਂ ਕੀ ਉਜੇਹਾ ਹੀ ਉਨ੍ਹਾਂ ਨੂੰ ਬੁਰਾ ਨਾ ਲੱਗੇਗਾ ? ਹੋਰ ਭੀ ਇਨ੍ਹਾਂ ਦੇ ਆਚਾਰਯ ਅਰ ਮੰਨਨੇ ਵਾਲਿਆਂ ਦੀ ਭੁੱਲ ਵੇਖ ਲੌ:—

ਜਿਣਵਰ ਆਣਾ ਭੰਗ ਉਮੱਗ ਉੱਸੁੱਤਲੇਸਦੇਸਣ ਉ।

ਆਣਾ ਭੰਗੇ ਪਾਵੰਤਾ ਜਿਣਮਯ ਦੁੱਕਰੰ ਧੱਮਮ।

ਪ੍ਰਕਰ੦ ਭਾਗ੦ ੧ । ਸ਼ਸ਼ਠੀਸ਼੦ ੬ । ਸੂਤ੍ਰ ੧੧ ॥

ਉਨਮਾਰਗ, ਉਤਸੂਤ੍ਰ ਦੇ ਬੇਸ਼ ਵਿਖਾਨੇ ਥੀਂ ਜੋ ਜਿਨਵਰ ਅਰਥਾਤ ਵੀ-ਤਰਾਗ ਤੀਰਥੰਕਰਾਂਦੀ ਆਗਿਆ ਦਾ ਭੰਗ ਹੁੰਦਾ ਹੈ ਓਹ ਦੁੱਖ ਦਾ ਕਾਰਣ ਪਾਪ ਹੈ, ਜਿਨੇਸ਼੍ਵਰ ਦੇ ਕਹੇ ਸਮਜਕਤ੍ਵ ਆਦੀ ਧਰਮ ਗ੍ਰਹਣ ਕਰਨਾ ਵੱਡਾ ਔਖਾ ਹੈ, ਏਸਲਈ ਜਿਸ ਪ੍ਰਕਾਰ ਜਿਨ ਆਗਿਆ ਦਾ ਭੰਗ ਨਾ ਹੋਵੇ ਉਕਨ ਕਰਨਾ ਚਾਹੀਏ। (ਸਮੀਖਛਕ)ਜੋ ਅਪਨੇ ਹੀ ਮੂੰਹ ਥੀਂ ਅਪਨੀ ਉਸਤਤੀ,ਅਰ ਅਪਨੇ ਹੀ ਧਰਮ ਨੂੰ ਵੱਡਾਕਹਨਾ ਅਰ ਦੂਜੇਦੀ ਨਿੰਦਿਆ ਕਰਨੀ ਹੈ ਓਹਮੂਰਖਤਾ ਵੀ ਬਾਤ ਹੈ, ਕਿਉਂਕਿ ਉਸਤਤੀ ਉੱਸੇ ਦੀ ਠੀਕ ਹੈ, ਜਿਸਦੀ ਦੂਜੇ ਵਿਦਵਾਨ ਕਰਨ, ਅਪਨੇ ਮੂੰਹ ਥੀਂ ਅਪਨੀ ਉਸਤਤੀ ਤਾਂ ਚੋਰ ਭੀ ਕਰਦੇ ਹਨ, ਤਾਂ ਕੀ ਓਹ ਉਸਤਤੀ ਯੋਗ ਹੋ ਸਕਦੇ ਹਨ ? ਇੱਸੇ ਪ੍ਰਕਾਰ ਦੀਆਂ ਇਨ੍ਹਾਂ ਦੀਆ ਬਾਤਾਂ ਹਨ ॥

ਬਹੁਗੁਣਵਿਜਝਾਨਿਲਯੋ ਓਸੁੱਤਭਾਸੀ ਤਹਾਵਿਮੁੱਤੱਬੋ।
ਜਹਵਰਮਣਿਜੁਤੋ ਵਿਹੁਵਿੱਘਕਰੋ ਵਿਸਹਰੋ ਲੋਏ॥

ਪ੍ਰਕਰ੦ ਭਾਗ੦ ੨ । ਸ਼ਸ਼ਠੀ ਸੂਤ੍ਰ ੧੯ ॥

ਜੀਕਨ ਵਿਸ਼ਵਾਲੇ ਸ਼ੱਪ ਵਿਚ ਮਨੀ ਤਿਆਗਨੇ ਯੋਗ ਹੈ ਊਕਨ ਜੋ ਜੈਨ ਮਤ ਵਿਚ ਨਹੀਂ ਓਹ ਚਾਹੇ ਕਿੱਨਾਵੱਡਾ ਧਰਮੀ ਪੰਡਿਤ ਹੋਵੇ ਉਸ ਨੂੰ ਤਿਆਗ ਦੇਨਾ ਹੀ ਜੈਨੀਆਂ ਨੂੰ ਯੋਗ ਹੈ। (ਸਮੀਖਛਕ)ਵੇਖੋ ! ਕਿੱਨੀ ਭੁੱਲ ਦੀ ਗੱਲ ਹੈ ਜੋ ਇਨ੍ਹਾਂ ਦੇ ਚੇਲੇ ਅਰ ਆਚਾਰਯ ਵਿਦਵਾਨ ਹੁੰਦੇ ਤਾਂ ਵਿਦਵਾਨਾਂ ਥੀਂ ਪ੍ਰੇਮ ਕਰਦੇ ਜਦ ਇਨ੍ਹਾਂ ਦੇ ਤੀਰਥੰਕਰਾਂ ਸਮੇਤ ਅਵਿਦਵਾਨ ਹਨ ਤਾਂ ਵਿਦਵਾਨਾਂ ਦਾ ਮਾਨ ਕਿਉਂ ਕਰਨ ? ਕੀ ਮੈਲ ਵਾ ਧੂੜ ਵਿਚ ਪਏ ਹੋਏ ਸੋਨੇ ਨੂੰ ਕੋਈ ਤਿਆਗਦਾ ਹੈ ? ਏਸ ਥੀਂ ਏਹ ਸਿੱਧ ਹੋਇਆ ਕਿ ਬਿਨਾ ਜੈਨੀਆਂ ਦੇ ਊਕਨ ਦੂਜੇ ਕੌਨ ਪਖੰਛਪਾਤੀ, ਹਠੀ, ਖੋਟੇ ਹਠਵਾਲੇ, ਅਨਪੜੇ ਹੋਨਗੇ ॥

ਅਇਸਯਪਾਵਿਯਪਾ ਵਾਧੱਮਿਅਪੱਬੇਸੁਤੋਵਿਪਾਵਰਯਾ।
ਨਚਲੰਤਿਸੁੱਧਧੱਮਾਧੱਨਾਕਿਵਿਪਾਵਪੱਵੇਸੁ ॥

ਪ੍ਰਕਰ੦ ਭਾਗ ੨ । ਸ਼ਸ਼ਠੀ੦ ਸੂਤ੍ਰ ੧੧ ॥

ਅਨਜਦਰਸ਼ਨੀ, ਕੁਲਿੰਗੀ ਅਰਥਾਤ ਜੈਨ ਮਤ ਵਿਰੋਧੀ ਉਨ੍ਹਾਂ ਦਾ ਦਰਸ਼ਨ ਭੀ ਜੈਨੀ ਲੋਗ ਨਾ ਕਰਨ। (ਸਮੀਖਛਕ) ਬੁਧਵਾਨ ਲੋਗ ਵਿਚਾਰ ਲੈਨਗੇ ਕਿ ਇਹ ਕਿੱਨੀ ਪਾਮਰਪਨੇ ਦੀ ਗੱਲ ਹੈ, ਸੱਚ ਤਾਂ ਇਹ ਹੈ ਕਿ ਜਿਸ

Generated by CamScanner from intsig.com

ਦਾ ਮਤ ਸੱਚਾ ਹੈ ਉਸ ਨੂੰ ਕਿਸੇ ਥੀਂ ਡਰ ਨਹੀਂ ਹੁੰਦਾ, ਇਨ੍ਹਾਂ ਦੇ ਆਚਾਰਯ ਜਾਣਦੇ ਸਨ ਕਿ ਸਾਡਾ ਮਤ ਪੋਲਮਪੋਲ ਹੈ, ਜੋ ਦੂਜੇ ਨੂੰ ਸੁਨਾਵਾਂਗੇ ਤਾਂ ਖੰਡਨ ਹੋ ਜਾਵੇਗਾ, ਏਸਲਈ ਸਬਦੀ ਨਿੰਦਿਆ ਕਰੋ ਅਰ ਮੂਰਖਜਨਾਂਨੂੰ ਫਸਾਓ ॥

ਨਾਮੰ ਪਿਤੱਸਅ ਸੁਹੰਜੋਲਨਿੰਦਿਠਾਇ ਮਿੱਛਪੱਵਾਇ॥
ਜੋਸਿੰਅਲੁਸੰਗਾ ਉਧੱਮੀਲਵਿਹੋਈ ਪਾਵਮਇ ॥

ਪ੍ਰਕਰ੦ ਭਾਗ ੨। ਸ਼ਸ਼ਠੀ੦ ੬। ਸੂਤ੍ਰ ੨੭।

ਜੋ ਜੈਨ ਧਰਮ ਥੀਂ ਵਿਰੁੱਧ ਧਰਮ ਹਨ ਓਹ ਸਾਰੇ ਮਨੁਸ਼ਾਂ ਨੂੰ ਪਾਪੀ ਕਰਨ ਵਾਲੇ ਹਨ,ਏਸਲਈ ਕਿਸੇ ਦੇ ਹੋਰੀ ਧਰਮ ਨੂੰ ਨਾ ਮੰਨਕੇ ਜੈਨ ਧਰਮ ਹੀ ਨੂੰ ਮੰਨਨਾ ਸ਼੍ਰੇਸ਼ਠ ਹੈ। (ਸਮੀਖਛਕ) ਏਸ ਥੀਂ ਏਹ ਸਿੱਧ ਹੁੰਦਾ ਹੈ ਕਿ ਸਬ ਨਾਲ ਵੈਰ ਵਿਰੋਧ, ਨਿੰਦਿਆ, ਈਰਸ਼ਾ, ਆਦੀ ਖੋਟੇ ਕਰਮ ਰੂਪ ਸਮੁੰਦ੍ ਵਿਚ ਡੁਬਾਨ ਵਾਲਾ ਜੈਨ ਮਾਰਗ ਹੈ, ਜੀਕਨ ਜੈਨੀ ਲੋਗ ਸਾਰਿਆਂ ਦੇ ਨਿੰਦ੍ਕ ਹਨ ਉਕਨ ਕੋਈ ਭੀ ਦੂਜੇ ਮਤ ਵਾਲਾ ਮਹਾਨਿੰਦਕ ਅਰ ਅਧਰਮੀ ਨਾ ਹੋਵੇਗਾ। ਕੀ, ਇਕ ਤਰਫ ਥੀਂ ਸਾਰਿਆਂ ਦੀ ਨਿੰਦਿਆ ਅਰ ਅਪਨੀ ਅਤੀ ਉਸਤਤੀ ਕਰਨੀ ਮੂਰਖ ਮਨੁਸ਼ਾਂ ਦੀਆਂ ਗੱਲਾਂ ਨਹੀ ਹਨ ? ਵਿਵੇਕੀ ਲੋਗ ਤਾਂ ਚਾਹੇ ਕਿਸੇ ਦੇ ਮਤ ਦੇ ਹੋਨ ਉਨ੍ਹਾਂ ਵਿਚੋਂ ਅੱਛੇ ਨੂੰ ਅੱਛਾ ਅਰ ਬੁਰੇ ਨੂੰ ਬੁਰਾ ਕਹਿੰਦੇ ਹਨ ॥

ਹਾਹਾ ਗੁਰੁਅਅ ਕੱਝੰ ਸਾਮੋਨਹੁ ਅੱਛਿੱਕੱਸ ਪੁੱਕਰਿਮੋ।
ਕਹ ਜਿਣਵਯਣ ਕਹ ਸੁਗੁਰੁ ਸਾਵਯਾ ਕਹਇਯਅਕੰਝ

ਪ੍ਰਕ੦ ਭਾਗ ੨ ਸ਼ਸ਼ਠੀ੦ ਸੂਤ੍ਰ ੩੫ ॥

ਸਰਵੱਗ ਭਾਸ਼ਿਤ ਜਿਨ ਵਚਨ ਜੈਨ ਦੇ ਸੁਗੁਰੁ ਅਰ ਧਰਮ ਕਿਥੋਂ, ਅਰ ਉਨ੍ਹਾਂ ਥੀਂ ਵਿਰੁੱਧ ਕੁਗੁਰੂ ਹੋਰ ਮਾਰਗੀਆਂ ਦੇ ਉਪਦੇਸ਼ਕ ਕਿੱਥੇ ਅਰਥਾਤ ਸਾਡੇ ਸੁਗੁਰੂ,ਸੁਦੇਵ, ਸੁਧਰਮ, ਅਰ ਹੋਰਨਾਂ ਦੇ ਕੁਦੇਵ, ਕੁਗੁਰੂ, ਕੁਧਰਮ ਹਨ। (ਸਮੀਖਛਕ) ਏਹ ਬਾਤ ਬੇਰ ਵੇਚਨ ਵਾਲੀ ਕੁੰਜੜੀ ਦੇ ਵਾਕਰ ਹੈ, ਜੀਕਨ ਓਹ ਅਪਨੇ ਖੱਟੇ ਬੇਰਾਂ ਨੂੰ ਮਿੱਠੇ ਅਰ ਦੂਜੀ ਦੇ ਮਿਠੇਆਂ ਨੂੰ ਖੱਟੇ ਅਰ ਨਿਕੱਮੇ ਦੱਸਦੀ ਹੈ, ਇੱਸੇ ਤਰਾਂ ਦੀ ਜੈਨੀਆਂ ਦੀਆਂ ਬਾਤਾਂ ਹਨ, ਏਹ ਲੋਗ ਅਪਨੇ ਮਤ ਥੀਂ ਭਿੰਨ ਮਤ ਵਾਲਿਆਂ ਦੀ ਸੇਵਾ ਵਿਚ ਵੱਡਾ ਅਕਾਰਯ ਅਰਥਾਤ ਪਾਪ ਗਿਨਦੇ ਹਨ ॥

ਸੱਪੋ ਏੱਕੰ ਮਰਣੰ ਕੁਗੁਰੁ ਅਣੰਤਾ ਇਦੇਇ ਮਰਣਾਇ।

Generated by CamScanner from intsig.com

ਤੋਵਰਿਸੱਪੀ ਗਹਿਯੁੱਮਾ ਕੁਗੁਰੁਸੇਵਣੰ ਭੱਦਮ ॥

ਪ੍ਰਕ० ਭਾਗ ੨ । ਸ਼ੁਭ੍ ੩੭ ॥

ਸੀਕਨ ਪਹਿਲਾਂ ਲਿਖ ਆਏ ਕਿ ਸੱਪ ਵਿਚ ਮਣੀ ਦਾ ਭੀ ਤਿਆਗ ਕਰਨਾ ਯੋਗ ਹੈ, ਊਕਨ ਅਨਜਮਾਰਗੀਆਂ ਵਿਚ ਅੱਛੇ ਧਰਮੀ ਪੁਰੁਸ਼ ਦਾ ਭੀ ਤਿਆਗ ਕਰਦੇਨਾ, ਹੁਨ ਉਸ ਥੀਂ ਭੀ ਵਿਸ਼ੇਸ਼ ਨਿੰਦਿਆ ਹੋਰ ਮਤ ਵਾਲਿਆਂ ਦੀ ਕਰਦੇ ਹਨ, ਜੈਨਮਤ ਥੀਂ ਭਿੰਨ ਸਬ ਕੁਗੁਰੂ ਅਰਥਾਤ ਓਹ ਸੱਪ ਥੀਂ ਭੀ ਬੁਰੇ ਹਨ, ਉਨ੍ਹਾਂ ਦਾ ਦਰਸ਼ਨ, ਸੇਵਾ, ਸੰਗ ਕਦੀ ਨਾ ਕਰਨਾ ਚਾਹੀਏ, ਕਿਉਂਕਿ ਸੱਪ ਦੇ ਸੰਗ ਥੀਂ ਇਕਵਾਰ ਮਰਨ ਹੁੰਦਾ ਹੈ, ਅਰ ਹੋਰ ਮਤਵਾਲੇ ਕੁਗੁਰੂਆਂ ਦੇ ਸੰਗ ਥੀਂ ਅਨੇਕ ਵਾਰ ਜਨਮ ਮਰਨ ਵਿਚ ਡਿਗਨਾ ਪੈਂਦਾ ਹੈ, ਏਸਲਈ ਹੇ ਭਲੇ ਮਨੁਸ਼! ਹੋਰੀ ਮਤ ਵਾਲੇ ਦੇ ਕੁਗੁਰੂਆਂ ਦੇ ਪਾਸ ਭੀ ਨਾ ਖਲੋਤਾ ਰਹੁ, ਕਿਉਂਕਿ ਜੋਤੂੰ ਹੋਰੀ ਮਤ ਵਾਲਿਆਂ ਦੀ ਕੁਝ ਭੀ ਸੇਵਾ ਕਰੇਂਗਾ ਤਾਂ ਦੁੱਖ ਵਿਚ ਪਵੇਂਗਾ । (ਸਮੀਖਛਕ) ਵੇਖੋ! ਜੈਨੀਆਂ ਦੇ ਵਾਕਰ ਕਰਜ਼ਾ ਭਰਮੀ ਦ੍ਵੇਸ਼ੀ, ਨਿੰਦਕ, ਭੁੱਲੇ ਹੋਏ, ਦੂਜੇ ਮਤ ਵਾਲੇ ਕੋਈ ਭੀ ਨਾ ਹੋਨਗੇ, ਇਨ੍ਹਾਂ ਨੇ ਮਨ ਥੀਂ ਏਹ ਵਿਚਾਰਿਆ ਹੈ ਕਿ ਜੇ ਅਸੀਂ ਹੋਰੀ ਦੀ ਨਿੰਦਿਆ ਅਰ ਅਪਨੀ ਉਸਤਤ ਨਾ ਕਰਾਂਗੇ ਤਾਂ ਸਾਡੀ ਸੇਵਾ ਅਰ ਪ੍ਰਤਿਸ਼ਠਾ ਨਾ ਹੋਵੇਗੀ, ਪਰੰਤੂ ਏਹ ਬਾਤ ਉਨ੍ਹਾਂ ਦੇ ਦੁਰਭਾਗਾਂ ਦੀ ਹੈ, ਕਿਉਂਕਿ ਜਦ ਤਕ ਉੱਤਮ ਵਿਦਵਾਨਾਂ ਦਾ ਸੰਗ, ਸੇਵਾ ਨਾ ਕਰਨਗੇ ਜਦ ਤਕ ਇਨ੍ਹਾਂ ਨੂੰ ਯਥਾਰਥ ਗਿਆਨ ਅਰ ਸਤਧਰਮ ਦੀ ਪ੍ਰਾਪਤੀ ਕਦੀ ਨਾ ਹੋਵੇਗੀ, ਏਸਲਈ ਜੈਨੀਆਂ ਨੂੰ ਯੋਗ ਹੈ ਕਿ ਅਪਨੀ ਵਿਦਿਆ ਵਿਰੁੱਧ ਮਿਥਿਆ ਬਾਤਾਂ ਛਡ, ਵੇਦੋਕਤ ਸੱਤ ਬਾਤਾਂ ਦਾ ਗ੍ਰਹਣ ਕਰਨ ਤਾਂ ਉਨ੍ਹਾਂ ਦੇ ਲਈ ਵੱਡੇ ਕਲਿਆਣ ਦੀ ਬਾਤ ਹੈ ॥

ਕਿੰ ਭਣਿਮੋ ਕਿੰ ਕਰਿਮੋਤਾਣਹਯਾਸਾਣ ਧਿਠਦੁਠਾ ਣੰ ।
ਜੇ ਦੰਸਿ ਉਣ ਲਿੰਗੰ ਖਿਵੰਤਿਨਰਯੱਮਿਮੁੱਧਜਣੰ ॥

ਪ੍ਰਕ० ਭਾਗ । ਸ਼ਸ਼ਠੀ० ਸੂਤ੍ਰ ੪੦ ॥

ਜਿਸਦੀ ਕਲਿਆਣ ਦੀ ਆਸ਼ਾ ਨਸ਼ਟ ਹੋਗਈ, ਢੀਠ ਬੁਰੇ ਕੰਮ ਕਰਨ ਵਿਚ ਅਤੀਚਤੁਰ, ਦੁਸ਼ਟ ਦੋਸ਼ ਵਾਲੇ ਨੂੰ ਕੀ ਕਹਨਾ ਅਰ ਕੀ ਕਰਨਾ ਕਿਉਂਕਿ ਜੋ ਉਸਦਾ ਉਪਕਾਰ ਕਰੋ ਤਾਂ ਉਲਟਾ ਉਸਦਾ ਨਾਸ਼ ਕਰੇ, ਜੀਕਨ ਕੋਈ ਦਇਆ ਕਰਕੇ ਅਨ੍ਹੇ ਸ਼ੇਰ ਦੀ ਅੱਖਾਂ ਖੋਲਨ ਨੂੰ ਜਾਏ ਤਾਂ ਓਹ ਉਸੇ ਨੂੰ ਖਾ ਲਵੇ, ਊਕਨ ਹੀ ਕੁਗੁਰੂ ਅਰਥਾਤ ਹੋਰ ਮਾਰਗੀਆਂ ਦਾ ਉਪਕਾਰ ਕਰਨਾ ਅਪਨਾ ਨਾਸ਼ ਕਰ ਲੈਨਾ ਹੈ, ਅਰਥਾਤ ਉਨ੍ਹਾਂ ਥੀਂ ਸਦਾ ਵੱਖਰਾ ਹੀ ਰਹਨਾ । (ਸਮੀਖਛਕ) ਜੀਕਨ ਜੈਨਲੋਗ ਵਿਚਾਰਦੇ ਹਨ ਊਕਨ ਦੂਜੇ ਮਤ

Generated by CamScanner from intsig.com

ਵਾਲੇ ਭੀ ਵਿਚਾਰਨ ਤਾਂ ਜੈਨੀਆਂ ਦੀ ਕਿੱਨੀ ਦੁਰਦਸ਼ਾ ਹੋਵੇ, ਅਰ ਉਨ੍ਹਾਂ ਦਾ ਕੋਈ ਕਿਸੇ ਪ੍ਰਕਾਰ ਦਾ ਉਪਕਾਰ ਨਾ ਕਰੇ ਤਾਂ ਉਨ੍ਹਾਂ ਦੇ ਬਹੁਤਸਾਰੇ ਕੰਮ ਨਸ਼ਟ ਹੋਕੇ ਕਿੱਨਾ ਦੁਖ ਪ੍ਰਾਪਤ ਹੋਵੇ ? ਊਕਨ ਹੋਰੀ ਦੇ ਵਾਸਤੇ ਜੈਨੀ ਕਿਉਂ ਨਹੀਂ ਵਿਚਾਰਦੇ॥

ਜਹਜਹਤੁੱਠਇ ਧੱਮੋ ਜਹਜਹਦੁਠਾਣਹੋਯ ਅਇਉਦਉ।
ਸਮੱਦਿਠਿਜਿਯਾਣ ਤਹ ਹਤ ਉੱਲਸਇਸ ਮੱਤੰ॥

ਪ੍ਰਕ੦ ਭਾਗ ੨। ਸ਼ਸ਼ਠੀ ਸੂਤ੍ਰ ੪੨।

ਜਿਹੇ ਜਿਹੇ ਦਰਸ਼ਨਭ੍ਰਸ਼ਟ, ਨਿਹਨਵ, ਪੱਾਛੱਤਾ, ਉਸੱਨਾ ਤਥਾ ਕੁਸੀਲਿਯਾ ਆਦਿਕ ਅਰ ਅਨਜਦਰਸ਼ਨੀ, ਤ੍ਰਿਦੰਡੀ, ਪਰੀਬ੍ਰਾਜਕ ਤਥਾ ਵਿਪ੍ਰਾਦਿਕ ਦੁਸ਼ਟ ਲੋਗਾਂ ਦਾ ਅਤਿਸ਼ਯਬਲ, ਸਤਕਾਰ, ਪੂਜਾ ਆਦਿਕ ਹੋਵੇ ਉਜੇਹੇ ਉਜੇਹੇ ਸਮਜਕ ਦ੍ਰਿਸ਼ਟੀ ਜੀਵਾਂ ਦਾ ਸਮਜਕਤ੍ਵ ਵਿਸ਼ੇਸ਼ ਪ੍ਰਗਟ ਹੋਵੇ ਏਹਵੱਡਾ ਆਸ਼ਚਰਯ ਹੈ। (ਸਮੀਖਛਕ) ਹੁਨ ਦੇਖੋ ! ਕੀ, ਇਨ੍ਹਾਂ ਜੈਨੀਆਂ ਥੀਂ ਵਧੀਕ ਈਰਸ਼ਾ, ਦ੍ਵੇਸ਼, ਵੈਰਬੁੱਧੀ ਵਾਲਾ ਦੂਜਾ ਕੋਈ ਹੋਵੇਗਾ? ਹਾਂ ਦੂਜੇ ਮਤ ਵਿਚ ਭੀ ਈਰਸ਼ਾ ਦ੍ਵੇਸ਼ ਹੈ ਪਰੰਤੂ ਜਿੱਨੀ ਇਨ੍ਹਾਂ ਜੈਨੀਆਂ ਵਿੱਚ ਹੈ ਉੱਨੀ ਕਿਸੇ ਵਿਚ ਨਹੀਂ ਅਰ ਦ੍ਵੇਸ਼ ਹੀ ਪਾਪ ਦਾ ਮੂਲ ਹੈ ਏਸਲਈ ਜੈਨੀਆਂ ਵਿਚ ਪਾਪਾਚਾਰ ਕਿਉਂ ਨਾ ਹੋਵੇ ?

ਸੰਗੋ ਵਿਜਾਣ ਅਹਿਉਤੇ ਸਿੰਧੱਮਾਇ ਜੇਪਕੁੱਬੰਤਿ।
ਮੁਤੂਣ ਚੋਰਸੰਗੰ ਕਰੰਤਿ ਤੇ ਚੋਰਿਯੰ ਪਾਵਾ॥

ਪ੍ਰਕ੦ ਭਾਗ ੨। ਸ਼ਸ਼ਠੀ੦ ਸੂਤ੍ਰ ੭੫॥

ਏਸਦਾ ਮੁੱਖ ਪ੍ਰਯੋਜਨ ਇੱਨਾ ਹੀ ਹੈ ਕਿ ਜੀਕਨ ਮੂਰਖ ਪੁਰੁਸ਼ ਚੋਰ ਦੇ ਸੰਗ ਥੀਂ ਨੱਕ ਵੱਢਨਾ ਆਦੀ ਦੰਡ ਥੀਂ ਭੈ ਨਹੀਂ ਕਰਦੇ, ਊਕਨ ਜੈਨ ਮਤ ਥੀਂ ਭਿੰਨ ਚੋਰ ਧਰਮਾਂ ਵਾਲੇ ਪੁਰੁਸ਼ ਅਪਨੇ ਅਕਲਿਆਣ ਥੀਂ ਭੈ ਨਹੀਂ ਕਰਦੇ। (ਸਮੀਖਛਕ) ਜੋ ਜੇਹਾ ਮਨੁਸ਼ ਹੁੰਦਾ ਹੈ ਓਹ ਪ੍ਰਾਯਃ ਅਪਨੇ ਹੀ ਵਾਙਣ ਦੂਜਿਆਂ ਨੂੰ ਸਮਝਦਾ ਹੈ, ਕੀ ਏਹ ਬਾਤ ਸੱਚ ਹੋ ਸਕਦੀ ਹੈ ਕਿ ਹੋਰ ਸਾਰੇ ਚੋਰ ਮਤ, ਅਰ ਜੈਨ ਦਾ ਸਾਹੂਕਾਰ ਮਤ ਹੈ ? ਜਦ ਤਕ ਮਨੁੱਸ਼ਾਂ ਵਿਚ ਅਤੀ ਅਗਿਆਨ ਅਰ ਕੁਸੰਗ ਥੀਂ ਭ੍ਰਸ਼ਟ ਬੁੱਧੀ ਹੁੰਦੀ ਹੈ ਤਦ ਤਕ ਦੂਜਿਆਂ ਦੇ ਨਾਲ ਅਤੀਈਰਸ਼ਾ, ਦ੍ਵੇਸ਼ ਆਦੀ ਦੁਸ਼ਟਤਾ ਨਹੀਂ ਛੱਡਦਾ, ਜੇਹਾ ਜੈਨਮਤ ਪ੍ਰਾਯਃ ਦ੍ਵੇਸ਼ੀ ਹੈ ਅਜੇਹਾ ਹੋਰ ਕੋਈ ਨਹੀਂ॥

ਜੱਛ ਪਸੁਮਹਿਸਲਰਕਾ ਪੱਬੰਹੋਮੰਤਿ ਪਾਵਨ ਵਮੀਏ।
ਪੂਅੰਤਿਤੰਪਿ ਸੱਢਾਹਾ ਹੀ ਲਾਵੀ ਪਰਾਯੱਸ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੭੬॥

Generated by CamScanner from intsig.com

ਪਿਛਲੇ ਸੂਤ੍ਰ ਵਿਚ ਜੋ ਮਿਥਿਆਤ੍ਵੀ ਅਰਥਾਤ ਜੈਨ ਮਾਰਗ ਭਿੰਨ ਸਾਰੇ ਮਿਥਿਆਤ੍ਵੀ ਅਰ ਆਪ ਸਮਜਕਤ੍ਵੀ ਅਰਥਾਤ ਹੋਰ ਸਥ ਪਾਪੀ, ਜੈਨ ਲੋਗ ਸਥ ਪੁੰਨ ਆਤਮਾ ਏਸ ਲਈ ਜੋ ਕੋਈ ਮਿਥਿਆਤ੍ਵੀ ਦੇ ਧਰਮ ਦਾ ਸਥਾਪਨ ਕਰੇ ਓਹ ਪਾਪੀ ਹੈ। (ਸਮੀਖਛਕ) ਜੀਕਨ ਹੋਰਨਾਂ ਦੇ ਸਥਾਨਾਂ ਵਿਚ ਚਾਮੁੰਡਾ, ਕਾਲਿਕਾ ਜੁਆਲਾ, ਪ੍ਰਮੁਖਦੇ ਅੱਗੇ ਪਾਪਨੌਮੀ ਅਰਥਾਤ ਦੁਰਗਾਨੌਮੀ ਤਿਥਿ ਆਦੀ ਸਬ ਬੁਰੇ ਹਨ, ਊਕਨ ਕੀ, ਤੁਹਾਡੇ ਪਜੂਸਣ ਆਦੀ ਬ੍ਰਤ ਬੁਰੇ ਨਹੀਂ ਹਨ ? ਜਿਨ੍ਹਾਂ ਥੀਂ ਮਹਾਕਸ਼ਟ ਹੁੰਦਾ ਹੈ, ਇੱਥੇ ਵਾਮਮਾਰਗੀਆਂ ਦੀ ਲੀਲਾ ਦਾ ਖੰਡਨ ਤਾਂ ਠੀਕ ਹੈ ਪਰੰਤੂ ਜੋ ਸ਼ਾਸਨਦੇਵੀ ਅਰ ਮਰੁਤਦੇਵੀ ਆਦੀ ਨੂੰ ਮੰਨਦੇ ਹਨ ਉਨ੍ਹਾਂ ਦਾ ਭੀ ਖੰਡਨ ਕਰਦੇ ਤਾਂ ਅੱਛਾ ਸੀ, ਜੇ ਕਹਨ ਕਿ ਸਾਡੀ ਦੇਵੀ ਹਿੰਸਕ ਨਹੀਂ ਤਾਂ ਇਨ੍ਹਾਂ ਦਾ ਕਹਨਾ ਮਿਥਿਆ ਹੈ ਕਿਉਂਕਿ ਸ਼ਾਸਨਦੇਵੀ ਨੇ ਇਕ ਪੁਰੁਸ਼ ਅਰ ਦੂਜੇ ਬਕਰੇ ਦੀਆਂ ਅੱਖਾਂ ਕੱਢ ਲੀਤੀਆਂ ਸਨ ਫੇਰ ਓਹ ਰਾਖਛਸ਼ੀ ਅਰ ਦੁਰਗਾ ਕਾਲਿਕਾ ਦੀ ਸੱਕੀ ਬਹਿਨ ਕਿਉਂ ਨਹੀਂ ? ਅਰ ਅਪਨੇ ਯੱਚਖਾਨ ਆਦੀ ਬ੍ਰਤਾਂ ਨੂੰ ਅਤੀ ਸ੍ਰੇਸ਼ਠ ਅਰ ਨੌਮੀਆਦੀ ਨੂੰ ਦੁਸ਼ਟ ਕਹਨਾ ਮੂਰਖਤਾ ਦੀ ਬਾਤ ਹੈ, ਕਿਉਂਕਿ ਦੂਜੇ ਦੇ ਉਪਵਾਸਾਂ ਦੀ ਤਾਂ ਨਿੰਦਿਆ ਅਰ ਅਪਨੇ ਉਪਵਾਸਾਂ ਦੀ ਉਸਤਤੀ ਕਰਨਾ ਮੂਰਖਤਾ ਦੀ ਬਾਤ ਹੈ, ਹਾਂ ਜੋ ਸੱਚ ਬੋਲਨ ਆਦੀ ਬ੍ਰਤ ਧਾਰਣ ਕਰਨੇ ਹਨ ਓਹ ਤਾਂ ਸਾਰਿਆਂ ਦੇ ਲਈ ਉੱਤਮ ਹਨ, ਜੈਨੀਆਂ ਅਰ ਹੋਰ ਕਿਸੇਦਾ ਉਪਵਾਸ ਸੱਚਾ ਨਹੀਂ ਹੈ ॥

ਚੇਸਾਣਰਵੰਦਿਯਾਣਯ ਮਾਹਣਡੁੰ ਬਾਣਜਰ ਕਸਿਰਕਾ-ਣਮ । ਭੱਤਾ ਭਰ ਕਠਾਣੰ ਵਿਯਾਣੰ ਜੰਤਿ ਦੂਰੇਣੰ ॥

ਪ੍ਰਕਰਣਰਤਨਸਾਰ ਭਾਗ ੨ । ਸ਼ਸ਼ਠੀ ਸੂਤ੍ਰ ੯੨ ॥

ਏਸਦਾ ਮੁੱਖ ਪ੍ਰਯੋਜਨ ਏਹ ਹੈ ਕਿ ਜੋ ਕੰਜਰੀ, ਚਾਰਣ, ਭੱਟ ਆਦੀ ਲੋਗਾਂ, ਬ੍ਰਾਹਮਣ, ਯਖਛ ਗਣੇਸ਼ ਆਦਿਕ ਮਿਥਿਆ ਦ੍ਰਿਸ਼ਟੀ ਦੇਵੀ ਆਦੀ ਦੇਵਤਿਆਂ ਦਾ ਭਗਤ ਹੈ, ਜੋ ਇਨ੍ਹਾਂ ਦੇ ਮੰਨਨੇ ਵਾਲੇ ਹਨ ਓਹ ਸਾਰੇ ਡੁਬਾਨ ਅਰ ਡੁੱਬਨ ਵਾਲੇ ਹਨ, ਕਿਉਂਕਿ ਉਨ੍ਹਾਂ ਹੀ ਦੇ ਪਾਸ ਓਹ ਸਬ ਚੀਜ਼ਾਂ ਮੰਨਦੇ ਹਨ, ਅਰ ਵੀਤਰਾਗ ਪੁਰੁਸ਼ਾਂ ਥੀਂ ਦੂਰ ਰਹਿੰਦੇ ਹਨ। (ਸਮੀਖਛਕ) ਹੋਰ ਮਾਰ-ਗੀਆਂ ਦੇ ਦੇਵਤਿਆਂ ਨੂੰ ਝੂਠ ਕਹਨਾ ਅਰ ਅਪਨੇ ਦੇਵਤਿਆਂ ਨੂੰ ਸੱਚ ਕਹਨਾ ਨਿਰੀ ਪਖਛਪਾਤ ਦੀਬਾਤ ਹੈ, ਅਰ ਹੋਰ ਵਾਮਮਾਰਗੀਆਂ ਦੀ ਦੇਵੀ ਆਦੀ ਦਾ ਨਿਸ਼ੇਧ ਕਰਦੇ ਹਨ, ਪਰੰਤੂ ਜੋ ਸ਼੍ਰਾਧ ਦਿਨ ਕ੍ਰਿਤਜ ਦੇ ਪਤ੍ਰ ੪੬ ਵਿੱਚ ਲਿਖਿਆ ਹੈ ਕਿ ਸ਼ਾਸਨਦੇਵੀ ਨੇ ਰਾਤ ਵਿਚ ਭੋਜਨ ਕਰਨ ਦੇ ਸਬਬੋਂ ਇਕ ਪੁਰੁਸ਼ ਨੂੰ ਧੱਪਾਮਾਰਿਆ ਉਸਦੀ ਅੱਖ ਕੱਢ ਸੱਟੀ ਉਸਦੇ ਬਦਲੇ ਬਕਰੇ ਦੀ ਅੱਖ ਕੱਢਕੇ ਉਸ ਮਨੁਸ਼ ਨੂੰ ਲਾ ਦਿੱਤੀ, ਏਸ ਦੇਵੀ ਨੂੰ ਹਿੰਸਕ ਕਿਉਂ ਨਹੀਂ ਮੰਨਦੇ ?

Generated by CamScanner from intsig.com

ਰਤਨਸਾਗਰ ਭਾਗ ੧ ਪਤ੍ਰਾ ੬੭ ਵਿਚ ਦੇਖੋ ਕੀ ਲਿਖਿਆ ਹੈ, ਮਰੁਤਦੇਵੀ ਰਾਹੀਆਂ ਨੂੰ ਪੱਥਰ ਦੀ ਮੂਰਤੀ ਹੋਕੇ ਸਹਾਇਤਾ ਕਰਦੀ ਸੀ, ਏਸ ਨੂੰ ਭੀ ਊਕਨ ਕਿਉਂ ਨਹੀਂ ਮੰਨਦੇ ?

ਕਿੰਸੋਪਿਜਣਇ ਜਾਓਜਾਣੋ ਜਣਣੀ ਇਕਿੰ ਅਗੋਵਿੱਧੀ।
ਜਇਮਿੱਛਰਓ ਜਾਓ ਗੁਣੇ ਸੁਤਮੱਛਰੰ ਬਹਇ ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੯੧ ॥

ਜੋ ਜੈਨ ਮਤ ਵਿਰੋਧੀ ਮਿਥਿਆਤ੍ਰੀ ਅਰਥਾਤ ਮਿਥਿਆਧਰਮ ਵਾਲੇ ਹਨ ਓਹ ਕਿਉਂ ਜੰਮੇਂ ? ਜੋ ਜੰਮੇਂ ਭਾਂ ਵਧੇ ਕਿਉਂ ? ਅਰਥਾਤ ਸ਼ਤਾਬੀ ਹੀ ਨਸ਼ਟ ਹੋਜਾਂਦੇ ਭਾਂ ਅੱਛਾ ਹੁੰਦਾ। (ਸਮੀਖਛਕ) ਦੇਖੋ ਇਨ੍ਹਾਂ ਦੇ ਵੀਤਰਾਗ ਭਾਸ਼ਿਤ ਦਇਆ, ਧਰਮ, ਦੂਜੇ ਮਤ ਵਾਲਿਆਂ ਦਾ ਜੀਉਨਾ ਭੀ ਨਹੀਂ ਚਾਹੁੰਦੇ, ਨਿਰਾ ਇਨ੍ਹਾਂ ਦਾ ਦਇਆ ਧਰਮ ਕਹਨ ਮਾਤ੍ਰ ਹੈ, ਅਰ ਜੋ ਹੈ ਸੋ ਤੁੱਛ ਜੀਵਾਂ ਅਰ ਪਸ਼ੂਆਂ ਦੇ ਲਈ ਹੈ, ਜੈਨ ਭਿੰਨ ਮਨੁਸ਼ਾਂ ਦੇ ਲਈ ਨਹੀਂ ॥

ਸ਼ੁੱਧੇ ਮੱਗੇ ਜਾਯਾ ਸੁਹੇਣ ਮੱਛੱਤਿ ਸ਼ੁੱਧਿਮੱਗਮਿ।
ਜੇ ਪੁਣਅੱਗਜਾਯਾ ਮੱਗੇ ਗੱਛੰਤਿ ਤੰ ਚੁੱਪੰ ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੯੩ ॥

ਏਸਦਾ ਮੁੱਖ ਪ੍ਰਯੋਜਨ ਏਹ ਹੈ ਕਿ ਜੋ ਜੈਨਕੁਲ ਵਿਚ ਜਨਮ ਲੈਕੇ ਮੁਕਤੀ ਨੂੰ ਜਾਵੇ ਭਾਂ ਕੁਝ ਆਸ਼ਚਰਯ ਨਹੀਂ, ਪਰੰਤੂ ਜੈਨ ਭਿੰਨ ਕੁਲ ਵਿਚ ਹੋਏ ਮਿਥਿਆ ਧਰਮ ਵਾਲੇ ਅਨਜਮਾ.ਗੀ ਮੁਕਤੀ ਨੂੰ ਪ੍ਰਾਪਤ ਹੋਨ ਏਸ ਵਿਚ ਵੱਡਾ ਆਸ਼ਚਰਯ ਹੈ, ਏਸਦਾ ਫਲਿਤ ਅਰਥ ਏਹ ਹੈ ਕਿ ਜੈਨਮਤ ਵਾਲੇ ਹੀ ਮੁਕਤੀ ਨੂੰ ਜਾਂਦੇ ਹਨ ਹਰ ਕੋਈ ਨਹੀਂ, ਜੋ ਜੈਨਮਤਦਾ ਗ੍ਰਹਣ ਨਹੀਂ ਕਰਦੇ ਓਹ ਨਰਕਗਾਮੀ ਹਨ (ਸਮੀਖਛਕ) ਕੀ, ਜੈਨਮਤ ਵਿਚ ਕੋਈ ਦੁਸ਼ਟ ਵਾ ਨਰਕਗਾਮੀ ਨਹੀਂ ਹੁੰਦਾ ? ਸਭ ਹੀ ਮੁਕਤੀ ਨੂੰ ਜਾਂਦੇ ਹਨ ? ਅਰ ਹੋਰ ਕੋਈ ਨਹੀਂ ? ਕੀ ਏਹ ਉਨਮੱਤ ਪਨ ਦੀ ਬਾਤ ਨਹੀਂ ਹੈ ? ਬਿਨਾ ਭੋਲੇ ਮਨੁਸ਼ਾਂ ਦੇ ਅਜੇਹੀ ਬਾਤ ਕੌਨ ਮੰਨ ਸਕਦਾ ਹੈ ?

ਤਿੱਛਰਾਣੰ ਪੂਆਸੰਮੱਤਗੁਣਾਣਕਾਰਿਣੀ ਭਣਿਯਾ।
ਸਾਵਿਯਮਿੱਛੱਤਯਰੀ ਜਿਣ ਸਮਯੇ ਦੇਸਿਯਾ ਪੂਆ ॥

ਪ੍ਰਕ੦ ਭਾਗ ੨ । ਸ਼ਸ਼ਠੀ ਸੂਤ੍ਰ ੯੦ ॥

ਇਕ ਜਿਨ ਮੂਰਤੀਆਂ ਦੀ ਪੂਜਾ ਸਾਰ ਅਰ ਏਸ ਥੀਂ ਭਿੰਨ ਮਾਰਗੀਆਂ ਦੀ ਮੂਰਤੀਪੂਜਾ ਅਸਾਰ ਹੈ, ਜਿਨਮਾਰਗ ਦੀ ਆਗਿਆ ਪਾਲਦਾ ਹੈ ਓਹ

Generated by CamScanner from intsig.com

ਤਤ੍ਵਗਿਆਨੀ, ਜੋ ਨਹੀਂ ਪਾਲਦਾ ਓਹ ਤਤ੍ਵਗਿਆਨੀ ਨਹੀਂ । (ਸਮੀਖਛਕ) ਵਾਹਜੀ! ਕੀ ਕਹਨਾ ! ਕੀ ਤੁਹਾਡੀਆਂ ਮੂਰਤੀਆਂ ਪਾਸ਼ਾਣ ਆਦੀ ਜੜ ਪਦਾਰਥਾਂ ਦੀਆਂ ਨਹੀਂ ਜੇਹੀ ਕਿ ਵੈਸ਼ਨਵ ਆਦਿਕਾਂ ਦੀਆਂ ਹਨ? ਜੇਹੀ ਤੁਹਾਡੀ ਮੂਰਤੀਪੂਜਾ ਮਿਥਿਆ ਹੈ ਉਜੇਹੀ ਹੀ ਮੂਰਤੀਪੂਜਾ ਵੈਸ਼ਨਵ ਆਦਿਕਾਂ ਦੀ ਭੀ ਮਿਥਿਆ ਹੈ, ਜੋ ਤੁਸੀਂ ਤਤ੍ਵਗਿਆਨੀ ਬਨਦੇ ਹੋ ਅਰ ਹੋਰੀ ਨੂੰ ਅਤਤ੍ਵ ਗਿਆਨੀ ਬਨਾਂਦੇ ਹੋ ਏਸ ਥੀਂ ਮਲੂਮ ਹੁੰਦਾ ਹੈ ਕਿ ਤੁਹਾਡੇ ਮਤ ਵਿਚ ਤਤ੍ਵ-ਗਿਆਨ ਨਹੀਂ ਹੈ ॥

ਜਿਣਆਣਾ ਏਧੱਮੋ ਆਣਾ ਰਹਿ ਆਣ ਫੁਡੰ ਅਹਮੁੱਤਿ। ਇਯਮੁਣਿਊਣ ਯਤੱਤੰਜਿਣ ਆਣਾਏ ਕੁਣਹੁ ਧੱਮੰ ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੯੨।

ਜੋ ਜਿਨਦੇਵ ਦੀ ਆਗਿਆ, ਦਇਆ, ਖਛਮਾ ਆਦੀ ਰੂਪ ਧਰਮ ਹੈ ਉਸਥੀਂ ਅਨਜ ਸਬ ਆਗਿਆ ਅਧਰਮ ਹਨ। (ਸਮੀਖਛਕ) ਏਹ ਕਿੱਨੇ ਵੱਡੇ ਅਨਿਆਯ ਦੀ ਗੱਲ ਹੈ, ਕੀ ਜੈਨਮਤ ਥੀਂ ਭਿੰਨ ਕੋਈ ਭੀ ਪੁਰੁਸ਼ ਸਤਵਾਦੀ ਧਰਮਾਤਮਾ ਨਹੀਂ ? ਕੀ ਉਸ ਧਰਮੀ ਜਨ ਨੂੰ ਨਾ ਮੰਨਨਾ ਚਾਹੀਏ ? ਹਾਂ ਜੋ ਜੈਨਮਤ ਵਾਲਿਆਂ ਮਨੁੱਸ਼ਾਂ ਦੇ ਮੂੰਹ ਜ਼ਬਾਨ ਚਮੜੇ ਦੀ ਨਾ ਹੁੰਦੀ ਤਾਂ ਏਹ ਬਾਤ ਘਟ ਸਕਦੀ ਸੀ, ਏਸ ਥੀਂ ਅਪਨੇ ਹੀ ਮਤ ਦੇ ਗ੍ਰੰਥ, ਵਚਨ ਸਾਧੂ ਆਦੀ ਦੀ ਅਜੇਹੀ ਵਡਿਆਈ ਕੀਤੀ ਹੈ ਕਿ ਜਾਨੋ ਭੰਡਾਂ ਦੇ ਵਡੇ ਭਰਾ ਹੀ ਜੈਨੀ ਲੋਗ ਬਨ ਰਹੇ ਹਨ ॥

ਵੱਨੇਮਿਨਾਰਯਾ ਉਵਿਜੇਸਿੰਦੁਰਕਾਇ ਸੰਭਰੰਤਾਣਮ । ਭੱਵਾਣ ਜਣਇਹਰਿਹਰਰਿੱਧਿ ਸਮਿੱਧੀਵਿਉੱਧੋਸੰ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੯੫।

ਏਸਦਾ ਮੁੱਖ ਤਾਤਪਰਯ ਏਹ ਹੈ ਕਿ ਜੋ ਹਰੀ ਹਰ ਆਦੀ ਦੇਵਾਂ ਦੀ ਵਿਭੂਤੀ ਹੈ ਓਹ ਨਰਕ ਦਾ ਕਾਰਣ ਹੈ, ਉਸ ਨੂੰ ਵੇਖਕੇ ਜੈਨੀਆਂ ਦੇ ਲੂੰ ਖਲੋ ਜਾਂਦੇ ਹਨ, ਜੀਕਨ ਰਾਜਾ ਦੀ ਆਗਿਆ ਭੰਗ ਥੀਂ ਮਨੁਸ਼ ਮਰਨ ਤਕ ਦੁੱਖ ਪਾਂਦਾ ਹੈ, ਊਕਨ ਜਿਨੇਂਦ੍ਰ ਆਗਿਆ ਭੰਗ ਥੀਂ ਕਿਉਂ ਨਾ ਜਨਮ ਮਰਨ ਦੁੱਖ ਪਾਵੇਗਾ ? (ਸਮੀਖਛਕ) ਵੇਖੋ ! ਜੈਨੀਆਂ ਦੇ ਆਚਾਰਯ ਆਦੀ ਦੀ ਮਾਨਸੀ ਬ੍ਰਿੱਤੀ ਅਰਥਾਤ ਉੱਪਰਦੇ ਕਪਟ ਅਰ ਛਲ ਦੀ ਲੀਲਾ, ਹੁਨ ਤਾਂ ਇਨ੍ਹਾਂ ਦੇ ਅੰਦਰਦੀ ਖੁੱਲ ਗਈ, ਹਰੀ ਹਰ ਆਦੀ ਅਰ ਉਨ੍ਹਾਂ ਦੇ ਉਪਾਸਕ ਐਸ਼੍ਵਰਯ ਅਰ ਵਾਧੇ ਨੂੰ ਵੇਖ ਭੀ ਨਹੀਂ ਸੱਕਦੇ, ਉਨਾਂ ਦੇ ਰੋਮ ਏਸ ਲਈ ਖਲੋ ਜਾਂਦੇ ਹਨ ਕਿ ਦੂਜੇ ਦਾ ਵਾਧਾ ਕਿਉਂ ਹੋਇਆ ? ਬਹੁਤ ਤਰਾਂ ਦੇ ਊਕਨ ਚਾਹੁੰਦੇ

Generated by CamScanner from intsig.com

ਹੋਨਗੇ ਕਿ ਇਨ੍ਹਾ ਦਾ ਸਬ ਐਸ਼ੁਰਯ ਸਾਨੂੰ ਮਿਲ ਜਾਵੇ ਅਰ ਏਹ ਕੰਗਾਲ ਹੋਜਾਨ ਤਾਂ ਅੱਛਾ, ਅਰ ਰਾਜਾ ਦੀ ਆਗਿਆ ਦਾ ਦ੍ਰਿਸ਼ਟਾਂਤ ਏਸਲਈ ਦਿੰਦੇ ਹਨ, ਕਿ ਏਹ ਜੈਨ ਲੋਗ ਰਾਜਾ ਦੇ ਵੱਡੇ ਖੁਸ਼ਾਮਦੀ,ਝੂਠੇ ਅਰ ਡਰਾਕਲ ਹਨ, ਕੀ, ਝੂਠੀ ਗੱਲ਼ ਭੀ ਰਾਜਾਦੀ ਮੰਨ ਲੈਨੀ ਚਾਹੀਏ? ਜੋ ਈਰਸ਼ਾ ਕਰਨ ਵਾਲਾ ਦ੍ਵੇਸ਼ੀ ਹੋਵੇ ਤਾਂ ਜੈਨੀਆਂ ਥੀਂ ਵਧਕੇ ਦੂਜਾ ਕੋਈ ਭੀ ਨਾ ਹੋਵੇਗਾ ॥

ਜੋ ਦੇਇਸ਼ੁੱਧਧੱਮੰ ਸੋ ਪਰਮਪਜ਼ਾ ਜਯੱਮਿ ਨਹੁਅੱਨੋ।
ਕਿੰਕੱਪੱਦੁੱਮ ਸਰਿਸੋ ਇਯਰਤ੍ਰੁ ਹੋਇਕਇਯਾਵਿ ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੧੦੧ ॥

ਓਹ ਮੂਰਖ ਲੋਗ ਹਨ ਜੋ ਜੈਨ ਧਰਮ ਥੀਂ ਵਿਰੁੱਧ ਹਨ, ਅਰ ਜੋ ਜਿਨੇਂਦ੍ਰ ਭਾਸ਼ਿਤ ਧਰਮ ਉਪਦੇਸ਼ਟਾ ਸਾਧੂ ਵਾ ਗ੍ਰਿਹਸਥੀ ਅਥਵਾ ਗ੍ਰੰਥ ਬਨਾਨ ਵਾਲੇ ਹਨ ਓਹ ਤੀਰਥੰਕਰਾਂ ਦੇ ਬਰਾਬਰ ਹਨ, ਉਨ੍ਹਾਂ ਨੂੰ ਬਰਾਬਰ ਕੋਈ ਭੀ ਨਹੀਂ। (ਸਮੀਖਛਕ)ਕਿਉਂ ਨਹੀਂ ? ਜੋ ਜੈਨੀ ਲੋਗ ਅਜਾਨ ਬੁੱਧੀ ਨਾ ਹੁੰਦੇ ਤਾਂ ਅਜੇਹੀ ਬਾਤਾਂ ਕਿਉਂ ਮੰਨ ਬੈਠਦੇ ? ਜੀਕਨ ਕੰਜਰੀ ਬਿਨਾ ਅਪਨੇ ਦੇ ਦੂਜੇ ਦੀ ਉਸਤਤੀ ਨਹੀਂ ਕਰਦੀ ਉਕਨ ਹੀ ਏਹ ਬਾਤ ਭੀ ਦਿੱਸਦੀ ਹੈ ॥

ਜੋ ਅਮੁਣਿਅਗੁਣ ਦੋਸ਼ਾਤੇ ਕਹ ਅਵੁਹਾਣਹੁੰਤਿਮਝੱਛਾ।
ਅਹਤੇ ਵਿਹੁਮਝੱਛਾਤਾ ਵਿਸਅਮਿ ਆਣ ਤੁੱਲੱਤੰ।

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੧੦੨।

ਜਿਨੇਂਦ੍ਰਦੇਵ ਤਿਸ ਕਰਕੇ ਕਹਿਆ ਸਿੱਧਾਂਤ ਅਰ ਜਿਨਮਤ ਦੇ ਉਪਦੇਸ਼ਟਾ ਦਾ ਤਿਆਗ ਕਰਨਾ ਜੈਨੀਆਂ ਨੂੰ ਯੋਗ ਨਹੀਂ। (ਸਮੀਖਛਕ) ਏਹ ਜੈਨੀਆਂ ਦਾ ਹਠ, ਪਖਛਪਾਤ ਅਰ ਅਵਿਦਿਆ ਦਾ ਫਲ ਨਹੀਂ ਤਾਂ ਕੀ ਹੈ ? ਕਿੰਤੂ ਜੈਨੀਆਂ ਦੀ ਥੋੜੀ ਜੇਹੀ ਬਾਤ ਛੱਡਕੇ ਹੋਰ ਸਾਰੇ ਤਿਆਗਨੇ ਯੋਗ ਹਨ ਜਿਸਦੀ ਕੁਝ ਥੋੜੀ ਜੇਹੀ ਭੀ ਬੁੱਧੀ ਹੋਵੇਗੀ ਓਹ ਜੈਨੀਆਂਦੇ ਦੇਵ, ਸਿੱਧਾਂਤ ਗ੍ਰੰਥ, ਅਰ ਉਪਦੇਸ਼ਟਾ ਨੂੰ ਵੇਖੇ, ਸੁਨੇ, ਵਿਚਾਰੇ ਤਾਂ ਉੱਸੇ ਸਮੇ ਨਿਰਸੰਦੇਹ ਛਡ ਦੇਵੇਗਾ ॥

ਵਯਣੇ ਵਿਸੁਗੁਰੁਜਿਣਵੱਲਹੱਸਕੇ ਸਿੰਨਉੱਲਸਇਸੰਮੀ।
ਅਹਕਹਦਿਣ ਮਣਿਤੇਯੰ ਉਲੁਆਣੰਹਰਇ ਅੰਧੱਤੰ ॥

ਪ੍ਰਕਰਣਰਤਨਸਾਰ ਭਾਗ ੨ ਸ਼ਸ਼ਠੀ। ਸੂਤ੍ਰ ੧੦੮।

ਜੋ ਜਿਨ ਵਚਨ ਦੇ ਅਨੁਸਾਰ ਚਲਦੇ ਹਨ ਓਹ ਪੂਜਾ ਯੋਗ ਅਰ ਜੋ ਵਿਰੁੱਧ ਚਲਦੇ ਹਨ ਓਹ ਨਾ ਪੂਜਾ ਯੋਗ ਹਨ, ਜੈਨ ਗੁਰੂਆਂ ਨੂੰ ਮੰਨਨਾ

Generated by CamScanner from intsig.com

ਅਰਥਾਤ ਹੋਰ ਮਾਰਗੀਆਂ ਨੂੰ ਨਾ ਮੰਨਨਾ। (ਸਮੀਖਛਕ) ਭਲਾ ਜੋ ਜੈਨ ਲੋਗ ਹੋਰ ਅਗਿਆਨੀਆਂ ਨੂੰ ਪਸ਼ੂ ਵਾਕਰ ਚੇਲੇ ਕਰਕੇ ਨਾ ਬਨ੍ਹਦੇ ਤਾਂ ਉਨ੍ਹਾਂ ਦੇ ਜਾਲ ਥੀਂ ਛੁੱਟਕੇ ਅਪਨੀ ਮੁਕਤੀ ਦਾ ਸਾਧਨ ਕਰਕੇ ਜਨਮ ਸਫਲ ਕਰ ਲੈਂਦੇ, ਭਲਾ ਜੋ ਕੋਈ ਤੁਹਾਨੂੰ ਕੁਮਾਰਗ ਕੁਗੁਰੂ, ਮਿਥਿਆਧਰਮ, ਅਰ ਕੁਪਦੇਸ਼ਟਾ ਕਹਨ ਤਾਂ ਤੁਹਾਨੂੰ ਕਿੱਨਾ ਦੁੱਖ ਲੱਗੇ ? ਊਕਨ ਹੀ ਜੋ ਤੁਸੀਂ ਦੂਜੇ ਨੂੰ ਦੁੱਖਦਾਈ ਹੋ ਏਸ ਲਈ ਤੁਹਾਡੇ ਮਤ ਵਿਚ ਅਸਾਰ ਬਾਤਾਂ ਬਹੁਤ ਸਾਰੀਆਂ ਭਰੀਆਂ ਹਨ ॥

ਤਿਹੁਅਣ ਜਣ ਮਰੰਤੰ ਦਠ੍ਠੂਣ ਨਿਅੰਤਿਜੋਨ ਅੱਪਾਣੰ।
ਵਿਰਮੰਤਿਨ ਪਾਵਾ ਉਧਿੱਧੀ ਧਿਠੱਤਣੰ ਤਾਣਮ ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸ੍ਤੂ ੧੦੯ ॥

ਜੋ ਮਰਨੇ ਤਕ ਦੁੱਖ ਹੋਵੇ ਤਾਂ ਭੀ ਖੇਤੀ ਵਿਆਪਾਰ ਆਦੀ ਕਰਮ ਜੈਨੀ ਲੋਗ ਨਾ ਕਰਨ, ਕਿਉਂਕਿ ਏਹ ਕਰਮ ਨਰਕ ਵਿੱਚ ਲੈ ਜਾਨ ਵਾਲੇ ਹਨ। (ਸਮੀਖਛਕ) ਹੁਨ ਕੋਈ ਜੈਨੀਆਂ ਥੀਂ ਪੁੱਛੇ ਕਿ ਤੁਸੀਂ ਵਿਆਪਾਰ ਆਦੀ ਕਰਮ ਕਿਉਂ ਕਰਦੇ ਹੋ ? ਇਨ੍ਹਾਂ ਕਰਮਾਂ ਨੂੰ ਕਿਉਂ ਨਹੀਂ ਛੱਡ ਦਿੰਦੇ ਅਰ ਜੇ ਛੱਡਦੇ ਤਾ ਤੁਹਾਡੇ ਸ਼ਰੀਰ ਦਾ ਪਾਲਨ, ਪੋਸ਼ਨ ਭੀ ਨਾ ਹੋ ਸੱਕੇ, ਅਰ ਜੋ ਤੁਹਾਡੇ ਕਹਨ ਥੀਂ ਸਬ ਲੋਗ ਛੱਡ ਦੇਨ ਤਾਂ ਤੁਸੀਂ ਕੀ ਵਸਤੂ ਖਾਕੇ ਜੀਵੋਗੇ ? ਅਜੇਹਾ ਅਤਯਾਚਾਰ ਦਾ ਉਪਦੇਸ਼ ਕਰਨਾ ਸਬ ਤਰਾਂ ਵਿਅਰਥ ਹੈ, ਕੀ ਕਰਨ ਵਿਚਾਰੇ ਵਿਦਿਆ ਸਤ ਸੰਗਤ ਤੋਂ ਬਿਨਾਂ ਜੋ ਮਨ ਵਿਚ ਆਇਆ ਸੋਬਕ ਦਿੱਤਾ।

ਤਇਯਾਹੁਮਾਣਅਹਮਾਕਾਰਣਰਹਿਯਾਅਨਾਣਗਵੇਜੇਟਾ।
ਜੇਜੰਪੰਤਿ ਉਸ਼ੁੱਤੰ ਤੇਸਿੰਦਿੱਧਿਛੱਮਿੱਚੰ ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸ੍ਤੂ ੧੨੧ ॥

ਜੋ ਜੈਨ ਸ਼ਾਸਤ੍ਰ ਥੀਂ ਵਿਰੁੱਧ ਸ਼ਾਸਤ੍ਰਾਂ ਨੂੰ ਮੰਨਨ ਵਾਲੇ ਹਨ ਓਹ ਨੀਚ ਤੇ ਨੀਚ ਹਨ ਚਾਹੇ ਕੋਈ ਮਤਲਥੀ ਭੀ ਸਿੱਧ ਹੁੰਦਾ ਹੋਵੇ ਤਾਂ ਭੀ ਜੈਨਮਤ ਥੀਂ ਵਿਰੁੱਧ ਨਾ ਬੋਲੇ, ਨਾ ਮੰਨੇ,ਚਾਹੇ ਕੋਈ ਮਤਲਥ ਸਿੱਧ ਹੁੰਦਾ ਹੈ ਤਾਂਭੀ ਹੋਰ ਮਤ ਦਾ ਤਿਆਗ ਕਰ ਦੇਵੇ।(ਸਮੀਖਛਕ)ਤੁਹਾਡੇ ਮੂਲ ਪੁਰੁਸ਼ਾਂ ਥੀਂ ਲੈਕੇਅੱਜ ਤਕ ਜਿਨੇ ਹੋਗਏ ਅਰ ਹੋਨਗੇ ਉਨ੍ਹਾਂ ਨੇ ਬਿਨਾ ਦੂਜੇ ਮਤ ਨੂੰ ਗਾਲੀ ਦੇਨਦੇਹੋਰ ਕੁਝ ਭੀ ਦੂਜੀ ਗੱਲ ਨਾ ਕੀਤੀ ਅਰ ਨਾ ਕਰਨਗ, ਭਲਾ ਜਿੱਥੇ ਜਿੱਥੇ ਜੈਨੀ ਲੋਗ ਅਪਨਾ ਮਤਲਥ ਸਿੱਧ ਹੁੰਦਾ ਦੇਖਦੇ ਹਨ ਉੱਥੇ ਚੇਲਿਆਂ ਦੇ ਭੀ ਚੇਲੇ ਬਨ ਜਾਂਦੇ ਹਨ ਤਾਂ ਅਜੇਹੀ ਮਿਥਿਆ, ਲੱਮੀ, ਚੌੜੀ ਗੱਪਾਂ ਦੇ ਮਾਰਨ ਵਿਚ ਥੋੜੀ ਭੀ ਲਜਿਆ ਨਹੀਂ ਆਉਂਦੀ ਏਹ ਵਡੇ ਸ਼ੋਕ ਦੀ ਗੱਲ ਹੈ ॥

Generated by CamScanner from intsig.com

ਜੰਬੀਰ ਜਿਣੱਸਜਿਓ ਮਿਰਇ ਉੱਸੁਤਲੇ ਸਦੇਸਣਓ।
ਸਾਗਰ ਕੋੜਾ ਕੋੜਿੰਹਿੰ ਮਇਅਇ ਭੀ ਭਵਰਣੇ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ ੨੨।

ਜੋ ਕੋਈ ਅਜੇਹਾ ਆਖੇ ਕਿ ਜੈਨ ਸਾਧੂਆਂ ਵਿਚ ਧਰਮ ਹੈ, ਸਾਡੇ ਅਰ ਹੋਰਨਾਂ ਵਿਚ ਭੀ ਧਰਮ ਹੈ ਤਾਂ ਓਹ ਮਨੁਸ਼ ਕ੍ਰੋੜਾਂ ਦਰ ਕ੍ਰੋੜਾਂ ਵਰ੍ਹੇ ਤਕ ਨਰਕ ਵਿਚ ਰਹਕੇ ਫੇਰ ਭੀ ਨੀਚ ਜਨਮ ਪਾਉਂਦਾ ਹੈ। (ਸਮੀਖਛਕ) ਵਾਹ ਜੀ ਵਾਹ! ਵਿਦਿਆ ਦੇ ਵੈਰੀਓ! ਤੁਸਾਂ ਨੇ ਏਹੀ ਵਿਚਾਰਿਆ ਹੋਵੇਗਾ ਕਿ ਸਾਡੇ ਮਿਥਿਆਵਚਨਾਂ ਦਾ ਕੋਈ ਖੰਡਨ ਨਾ ਕਰੇ, ਏਸ ਲ਼ਈ ਏਹ ਡਰਾਉਨਾ ਵਚਨ ਲ਼ਿਖਿਆ ਹੈ ਸੋ ਅਸੰਭਵ ਹੈ, ਹੁਨ ਕ੍ਰਿੱਥੋਂ ਤਕ ਤੁਹਾਨੂੰ ਸਮਝਾਈਏ ਤੁਸਾਂ ਨੇ ਤਾਂ ਝੂਠ ਨਿੰਦਿਆ ਅਰ ਹੋਰ ਮਤਾਂ ਨਾਲ਼ ਵੈਰ ਵਿਰੋਧ ਕਰਨ ਉੱਤੇ ਹੀ ਲੱਕ ਬਨ੍ਹਕੇ ਅਪਨਾ ਮਤਲਬ ਸਿੱਧ ਕਰਨਾ ਕਜ਼ਾਹ ਪ੍ਰਸਾਦਿ ਦੇ ਸਮਾਨ ਸਮਝ ਲ਼ਿਆ ਹੈ॥

ਦੂਰੇ ਕਰਣੰ ਦੂਰੱਮਿ ਸਾਹੂਣੰ ਤਹਯਭਾਵਣਾ ਦੂਰੇ।
ਜਿਣਧੱਮ ਸੱਦਹਾਣੰ ਪਿਤਿਰ ਕਦੁਰਕਾਇਨਿਠਵਇ।

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ ੧੨੭।

ਜਿਸ ਮਨੁਸ਼ ਥੀਂ ਜੈਨਧਰਮ ਦਾ ਕੁਝ ਭੀ ਸੇਵਨ ਨਾ ਹੋ ਸੱਕੇ ਤਾਂ ਭੀ ਜੋ ਜੈਨ ਧਰਮ ਸੱਚਾ ਹੈ ਹੋਰ ਕੋਈ ਨਹੀਂ ਇੱਨੀ ਸ਼੍ਰੱਧਾ ਮਾਤ੍ ਹੀ ਕਰਕੇ ਦੁੱਖ ਥੀਂ ਤਰ ਜਾਂਦਾ ਹੈ। (ਸਮੀਖਛਕ) ਭਲਾ ਏਸ ਥੀਂ ਵਧੀਕ ਮੂਰਖਾਂ ਨੂੰ ਅਪਨੇ ਮਤ ਜਾਲ ਵਿਚ ਫਸਾਨ ਦੀ ਦੂਜੀ ਕੇਹੜੀ ਬਾਤ ਹੋਵੇਗੀ ਕਿਉਂਕਿ ਕੁਝ ਕਰਮ ਕਰਨਾ ਨਾ ਪਵੇ ਅਰ ਮੁਕਤੀ ਹੋਹੀ ਜਾਵੇ ਅਜੇਹਾ ਭੈਂਦ੍ ਮਤ ਕੇਹੜਾ ਹੋਵੇਗਾ॥

ਕਇਯਾ ਹੋਹੀ ਦਿਵਸੋ ਜਇਯਾ ਸੁਗੁਰੁਣ ਪਾਯਮੂਲੱਮਿ।
ਉੱਸੁਤ ਸਵਿਸਲਵਰ ਹਿਲੇਓਨਿਸੁਣੇ ਮੁਜਿਣਧੱਮੰ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ ੧੨੮।

ਜੇ ਮੈਂ ਮਨੁਸ਼ ਹਾਂ ਤਾਂ ਜਿਨਾਗਮ ਅਰਥਾਤ ਜੈਨਾਂਦੇ ਸ਼ਾਸਤ੍ਰਾਂ ਨੂੰ ਸੁਨਾਂਗਾ, ਉਤਸੂਤ੍ ਅਰਥਾਤ ਹੋਰ ਮਤ ਦੇ ਗ੍ਰੰਥ ਨੂੰ ਕਦੀ ਨਾ ਸੁਨਾਂਗਾ, ਇੱਨੀ ਇਛਿਆਕਰੇ ਓਹ ਇੱਨੀ ਇਛਿਆ ਮਾਤ੍ ਹੀ ਥੀਂ ਦੁੱਖ ਸਮੁੰਦ੍ ਥੀਂ ਤਰ ਜਾਂਦਾ ਹੈ। (ਸਮੀਖਛਕ) ਏਹ ਭੀ ਗੱਲ ਭੋਲੇ ਮਨੁਸ਼ਾਂ ਦੇ ਫਸਾਨ ਦੇ ਲਈ ਹੈ, ਕਿਉਂ-ਕਿ ਏਸ ਪ੍ਰਰਵੋਕਤ ਇੱਛਾ ਥੀਂ ਏਥੋਂ ਦੇ ਦੁੱਖ ਸਮੁੰਦ੍ ਥੀਂ ਭੀ ਨਹੀਂ ਤਰਦਾ,

Generated by CamScanner from intsig.com

ਅਰ ਪੂਰਵਜਨਮ ਦੇ ਭੀ ਸੰਚਿਤ ਪਾਪਾਂ ਦੇ ਦੁੱਖਰੂਪੀ ਫਲ਼ ਭੋਗੇ ਬਿਨਾਂ ਨਹੀਂ ਛੁਟ ਸਕਦਾ। ਜੋ ਅਜੇਹੀ ਅਜੇਹੀ ਝੂਠ ਬਾਤ ਅਰਥਾਤ ਵਿਦਿਆ ਵਿਰੁੱਧ ਬਾਤ ਨਾ ਲਿਖਦੇ ਤਾਂ ਇਨ੍ਹਾਂ ਦੇ ਅਵਿਦਿਆਰੂਪ ਗ੍ਰੰਥਾਂ ਨੂੰ ਵੇਦ ਆਦੀ ਸ਼ਾਸਤ੍ਰ ਦੇਖ, ਸੁਨ ਸੱਚ, ਝੂਠ ਜਾਨਕੇ ਇਨ੍ਹਾਂ ਦੇ ਪੋਲੇ ਗ੍ਰੰਥਾਂ ਨੂੰ ਛੱਡ ਦਿੰਦੇ, ਪਰੰਤੂ ਅਜੇਹਾ ਜਕੜਕੇ ਇਨ੍ਹਾਂ ਅਵਿਦਵਾਨਾਂ ਨੂੰ ਬੰਨਿਆ ਹੈ ਕਿ ਏਸ ਜਾਲ ਥੀਂ ਕੋਈ ਇਕ ਬੁਧਵਾਨ ਸਤਸੰਗੀ ਚਾਹੇ ਛੁੱਟ ਸੱਕੇ ਤਾਂ ਬਨ ਸਕਦਾ ਹੈ ਪਰੰਤੂ ਹੋਰਨਾਂ ਜੜ ਬੁੱਧਾਂ ਦਾ ਛੁੱਟਨਾ ਤਾਂ ਬਹੁਤ ਔਖਾ ਹੈ॥

ਜਹਜੋਲੰ ਹਿੰਭਣਿਯੰ ਸੁਯਵ੍ਵਹਾਰੰ ਵਿਸੋਹਿਯੰ ਤੱਸ।
ਜਾਯਇ ਵਿਸੁੱਧ ਬੋਹੀ ਜਿਣਆਣਾ ਰਾਹ ਗੱਤਾਓ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੧੩੮।

ਜੋ ਜਿਨ ਆਚਰਯਾਂ ਨੇ ਕਹੇ ਸੂਤ੍ਰ, ਨਿਰੁਕਤ, ਬ੍ਰਿੱਤੀ, ਭਾਸ਼ਯ ਚੂਰਣੀ ਮੰਨਦੇ ਹਨ ਉਹਾਹੀ ਸ਼ੁਭ ਵਿਹਾਰ ਅਰ ਦੁੱਖ ਕਰਕੇ ਸਹਾਰੇ ਜਾਨੇ ਵਾਲੇ ਵਿਵਹਾਰ ਕਰਨ ਥੀਂ ਚਾਰਿਤ੍ਰ ਯੁਕਤ ਹੋਕੇ ਸੁੱਖਾਂ ਨੂੰ ਪ੍ਰਾਪਤ ਹੁੰਦੇ ਹਨ, ਹੋਰੀ ਮਤ ਦੇ ਗ੍ਰੰਥ ਦੇਖਨ ਥੀਂ ਨਹੀਂ। (ਸਮੀਖਛਕ) ਕੀ, ਅਤਯੰਤ ਭੁੱਖੇ ਮਰਨ ਆਦੀ ਦੁੱਖ ਸਹਨ ਨੂੰ ਚਾਰਿਤ੍ਰ ਕਹਿੰਦੇ ਹਨ, ਜੋ ਭੁੱਖਾ, ਤਿਹਾਇਆ, ਮਰਨਾ ਆਦੀ ਹੀ ਚਾਰਿਤ੍ਰ ਹੈ ਤਾਂ ਬਹੁਤ ਸਾਰੇ ਮਨੁਸ਼ ਕਾਲ ਵਾ ਜਿਨ੍ਹਾਂ ਨੂੰ ਅੱਨ ਆਦੀ ਨਹੀਂ ਮਿਲਦੇ ਭੁੱਖੇ ਮਰਦੇ ਹਨ ਓਹ ਸ਼ੁੱਧ ਹੋਕੇ ਸ਼ੁਭ ਫਲਾਂ ਨੂੰ ਪ੍ਰਾਪਤ ਹੋਨੇ ਚਾਹੀਏ, ਸੋ ਨਾ ਏਹ ਸ਼ੁੱਧ ਹੋਨ ਅਰ ਨਾ ਭੁਸੀਂ, ਕਿੰਤੂ ਪਿੱਤ ਆਦੀ ਦੇ ਵਧਜਾਨ ਥੀਂ ਰੋਗੀ ਹੋਕੇ ਸੁਖ ਦੇ ਬਦਲੇ ਦੁੱਖ ਨੂੰ ਪ੍ਰਾਪਤ ਹੁੰਦੇ ਹਨ, ਧਰਮ ਤਾਂ ਨਿਆਯਾਚਰਣ, ਬ੍ਰਹਮਚਰਯ, ਸੱਚ ਬੋਲਨ ਆਦੀ ਹੈ ਅਰ ਝੂਠ ਬੋਲਨਾ ਅਨਿਆਯਾਚਰਣ ਆਦੀ ਪਾਪ ਹੈ, ਅਰ ਸਾਰਿਆਂ ਨਾਲ ਪ੍ਰੀਤੀ ਪੂਰਵਕ ਪਰਉਕਾਰ ਵਾਸਤੇ ਵਰਤਨਾ ਸ਼ੁਭ ਚਾਰਿਤ੍ਰ ਕਹਾਂਦਾ ਹੈ, ਜੈਨਮਤ ਵਾਲਿਆਂ ਦਾ ਭੁੱਖਾ ਤਿਹਾਇਆ ਰਹਨਾ ਆਦੀ ਧਰਮ ਨਹੀਂ, ਇਨ੍ਹਾਂ ਸੂਤ੍ਰ ਆਦਿਕਾਂ ਨੂੰ ਮੰਨਨ ਥੀਂ ਥੋੜਾ ਜਿਹਾ ਸੱਚ ਅਰ ਵਧੀਕ ਝੂਠ ਨੂੰ ਪ੍ਰਾਪਤ ਹੋਕੇ ਦੁੱਖ ਸਮੁੰਦ੍ਰ ਵਿਚ ਡੁੱਬਦੇ ਹਨ॥

ਜਇਜਾਣਸਿ ਜਿਣਨਾਹੋ ਲੋਯਾਯਾ ਰਾਵਿਪਰਕ ਏਕੂਓ।
ਤਾਤੰਤੰ ਮੰਨੰ ਤੋ ਕਹਮੰਨਸਿ ਲੋਅ ਆਯਾਰੰ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸੂਤ੍ਰ ੧੪੯।

ਜੋ ਉੱਤਮ ਪ੍ਰਾਰਬਧ ਵਾਲੇ ਮਨੁਸ਼ ਹੁੰਦੇ ਹਨ ਉਹਾਹੀ ਜਿਨਧਰਮ ਦਾ ਗੁਣ ਕਰਦੇ ਹਨ ਅਰਥਾਤ ਜੋ ਜਿਨਧਰਮ ਦਾ ਗੁਹ ਨਹੀਂ ਕਰਦੇ ਉਨ੍ਹਾਂ

Generated by CamScanner from intsig.com

ਦਾ ਪ੍ਰਾਰਬਧ ਨਸ਼ਟ ਹੈ। (ਸਮੀਖਛਕ) ਕੀ ਏਹ ਬਾਤ ਭੁੱਲਦੀ ਅਰ ਝੂਠ ਨਹੀਂ ਹੈ ? ਕੀ ਹੋਰੀ ਮਤ ਵਿਚ ਅੱਛੀ ਪ੍ਰਾਰਬਧ ਵਾਲੇ ਅਰ ਜੈਨਮਤ ਵਿਚ ਨਸ਼ਟ ਪ੍ਰਾਰਬਧ ਵਾਲੇ ਕੋਈ ਭੀ ਨਹੀਂ ਹਨ ? ਅਰ ਜੋ ਏਹ ਆਖਿਆ ਕਿ ਸਧਰਮੀ ਅਰਥਾਤ ਜੈਨਮਤ ਵਾਲੇ ਆਪਸਵਿਚ ਕਲੇਸ਼ ਨਾ ਕਰਨ ਕਿੰਤੂ ਪ੍ਰੀਤੀ ਪੂਰਵਕ ਵਰਤਨ, ਏਸ ਥੀਂ ਏਹ ਬਾਤ ਸਿੱਧ ਹੁੰਦੀ ਹੈ ਕਿ ਦੂਜੇ ਦੇ ਮੇਗ ਕਲਹ ਕਰਨ ਵਿਚ ਬੁਰਿਆਈ ਜੈਨ ਲੋਗ ਨਹੀਂ ਮੰਨਦੇ ਹੋਨਗੇ, ਏਹ ਭੀ ਇਨ੍ਹਾਂ ਦੀ ਬਾਤ ਅਯੋਗ ਹੈ, ਕਿਉਂਕਿ ਸੱਜਨ ਪੁਰੁਸ਼ ਸੱਜਨਾਂ ਦੇ ਨਾਲ ਪ੍ਰੇਮ ਅਰ ਦੁਸ਼ਟਾਂ ਨੂੰ ਸ਼ਿਖਛਾ ਦੇਕੇ ਅੱਛੀ ਸ਼ਿਖਛਾ ਵਾਲਾ ਕਰਦੇ ਹਨ, ਅਰ ਜੋ ਏਹ ਲਿਖਿਆ ਕਿ ਬ੍ਰਾਹਮਣ, ਤ੍ਰਿਦੰਡੀ, ਪਰੀਬ੍ਰਾਜਕਾਚਾਰਯ ਅਰਥਾਤ ਸੰਨਿਆਸੀ ਅਰ ਤਾਪਸ ਆਦੀ ਅਤਬਾਤ ਬੈਰਾਗੀ ਆਦੀ ਸਬ ਜੈਨਮਤ ਦੇ ਸ਼ਤ੍ਰੂ ਹਨ। ਹੁਨ ਵੇਖੋ ਕਿ ਸਾਰਿਆਂ ਨੂੰ ਸ਼ਤ੍ਰੂ ਭਾਵ ਥੀਂ ਵੇਖਦੇ ਅਰ ਨਿੰਦਿਆ ਕਰਦੇ ਹਨ ਤਾਂ ਜੈਨੀਆਂ ਦੀ ਦਇਆ ਅਰ ਖਛਮਾ ਰੂਪ ਧਰਮ ਕਿੱਥੇ ਰਹਿਆ ? ਕਿਉਂ-ਕਿ ਜਦ ਦੂਜੇ ਉੱਤੇ ਦ੍ਵੇਸ਼ ਰੱਖਨਾ ਦਇਆ ਖਛਮਾ ਦਾ ਨਾਸ਼ ਅਰ ਅਰ ਏਸਦੇ ਬਰਾਬਰ ਕੋਈ ਦੂਜਾ ਹਿੰਸਾ ਰੂਪ ਦੋਸ਼ ਨਹੀਂ, ਜੀਕਨ ਦ੍ਵੇਸ਼ਮੂਰਤੀਆਂ ਜੈਨ ਲੋਗ ਹਨ ਉਕਨ ਦੂਜੇ ਥੋੜੇ ਹੀ ਹੋਨਗੇ, ਰਿਸ਼ਭਦੇਵ ਥੀਂ ਲੈਕੇ ਮਹਾਵੀਰ ਤਕ ਚੌਬੀ ਤੀਰਥੰਕਰਾਂ ਨੂੰ ਰਾਗੀ, ਦ੍ਵੇਸ਼ੀ ਮਿਥਿਆ ਧਰਮ ਵਾਲੇ ਕਹੀਏ, ਅਰ ਜੈਨਮਤ ਮੰਨਨ ਵਾਲਿਆਂ ਨੂੰ ਸੰਨਿਪਾਤ ਤਪ ਵਿਚ ਫਸਿਆ ਹੋਇਆ ਮੰਨੀਏ, ਅਰ ਉਨ੍ਹਾਂਦਾ ਧਰਮ ਨਰਕ ਅਰ ਜੈਹਰਦੇ ਸਮਾਨ ਸਮਝੀਏ ਤਾਂ ਜੈਨੀਆਂ ਨੂੰ ਤਿੱਨਾ ਬੁਰਾ ਲਗੇਗਾ, ਏਸ ਲਈ ਜੈਨੀ ਲੋਗ ਨਿੰਦਿਆ ਅਰ ਪਰਮਤ ਦ੍ਵੇਸ਼ ਰੂਪੀ ਨਰਕ ਵਿਚ ਡੁੱਬਰੇ ਮਹਾਕਲੇਸ਼ ਭੋਗ ਰਹੇ ਹਨ, ਏਸ ਬਾਤ ਨੂੰ ਛੱਡ ਦੇਨ ਤਾਂ ਬਹੁਤ ਅੱਛਾ ਹੋਵੇ ॥

ਏਗੋ ਅਗਰੁ ਏਗੋ ਵਿਸਾਵ ਗੋਚੇ ਇਆਣ ਵਿਵਹਾਣਿ।
ਤੱਛਯਜੰ ਜਿਣਦੱਬੰ ਪਰੁਪਰੰਤੰ ਨ ਵਿੱਚਿੰਤਿ ॥

ਪ੍ਰਕਰਣਰਤਨਸਾਰ ਭਾਗ ੨। ਸ਼ਸ਼ਠੀ ਸ੍ਤ੍ਰ ੧੫੦।

ਸਬ ਸ਼੍ਰਾਵਕਾਂ ਦਾ ਦੇਵਗੁਰੂ ਧਰਮ ਇੱਕ ਹੈ, ਚੈਤ੍ਯਵੰਦਨ ਅਰਥਾਤ ਜਿਨ ਪ੍ਰਤੀਬਿੰਬ ਮੂਰਤੀ ਦੇਵਲ ਅਰ ਜਿਨ ਦ੍ਰਵ੍ਯਦੀ ਰਖਛਾ ਅਰ ਮੂਰਤੀ ਦੀ ਪੂਜਾ ਕਰਨਾ ਧਰਮ ਹੈ (ਸਮੀਖਛਕ)ਹੁਨ ਦੇਖੋ ! ਜਿੱਨਾ ਮੂਰਤੀ ਪੂਜਾ ਦਾ ਝਗੜਾ ਚਲਜਾਹੈ ਓਹ ਸਾਰਾ ਜੈਨੀਆਂਦੇ ਘਰਥੀਂ ਅਰ ਪਾਖੰਡਾਂ ਦਾਮੂਲਭੀ ਜੈਨਮਤਹੈ।

ਸ਼੍ਰਾਧ ਦਿਨਕ੍ਰਿਤ ਪਤ੍ਰੇ ੧ ਵਿਚ ਮੂਰਤੀਪੂਜਾ ਦੇ ਪ੍ਰਮਾਣਃ—

ਨਵਕਾਰੇਣ ਵਿਵੋਹੋ॥ ੧॥ ਅਨੁਸਰਣੰ ਸਾਵਉ ॥ ੨॥

Generated by CamScanner from intsig.com

ਵਯਇੰ ਇਮੇ ॥੩॥ ਜੋਗੋ ॥ ੪ ॥ ਚਿਯਵੰਦਣਗੋ ॥੫॥ ਯੱਚਰਖਾਣੰ ਤੁ ਵਿਹਿ ਪੁੱਛਮ ॥ ੬ ॥

ਇਤਿਆਦੀ ਸ਼੍ਰਾਵਕਾਂ ਨੂੰ ਪਹਲੇ ਦ੍ਵਾਰ ਵਿਚ ਨਵਕਾਰ ਦਾ ਜਪ ਕਰ ਜਾਨਾ॥ ੧ ॥ ਦੂਜਾ ਨਵਕਾਰ ਜਪੇ ਪਿਛੋਂ ਮੈਂ ਸ਼੍ਰਾਵਕ ਹਾਂ ਯਾਦ ਕਰਨਾ ॥ ੨ ॥ ਤੀਜੇ ਅਣੂਬ੍ਰੱਤਾਦਿਕ ਸਾਡੇ ਕਿੰਨੇ ਹਨ ॥੩ ॥ ਚੌਥੇ ਦੁਆਰੇ ਚਾਰ ਵਰਗ ਵਿਚ ਅਗ੍ਰਗਾਮੀ ਮੋਖਛ ਹੈ, ਉਸਕਾਰਣ ਗਿਆਨ ਆਦਿਕ ਹੈ ਸੋ ਯੋਗ ਉਸਦਾ ਸਬ ਅਤੀਚਾਰ ਨਿਰਮਲ ਕਰਨ ਥੀਂ ਛੀ ਜਰੂਰੀ ਕਾਰਣ ਸੋਭੀ ਉਪਚਾਰ ਥੀਂ ਯੋਗ ਕਹਾਂਦਾ ਹੈ ਸੋ ਯੋਗਕਹਾਂਗੇ ॥ ੪ ॥ਪੰਜਵੇਂ ਚੈਤਯਵੰਦ ਅਰਥਾਤ ਮੂਰਤੀ ਨੂੰ ਨਮਸਕਾਰ ਦ੍ਰਵਯਭਾਵ ਪੂਜਾ ਕਹਾਂਗੇ ॥ ੫ ॥ ਛੀਵਾਂ ਪ੍ਰਤਿਆਖਿਆਨ ਦ੍ਵਾਰ ਨਵਕਾਰਸੀਪ੍ਰਮੁਖਵਿਧੀ ਪੂਰਵਕ ਕਹ੍ਵਾਂਗੇ ਇਤਿਆਦੀ ॥ ੬ ॥ ਅਰ ਇੱਸੇ ਗ੍ਰੰਥ ਵਿਚ ਅੱਗੇ ਅੱਗੇ ਬਹੁਤ ਸਾਰੀ ਵਿਧੀਆਂ ਲਿਖੀਆਂ ਹਨ ਅਰਥਾਤ ਸੰਧਿਆ ਭੋਜਨ ਸਮੇਂ ਵਿਚ ਜਿਨ ਬਿੰਬ ਅਰਥਾਤ ਤੀਰਥੰਕਰਾਂ ਦੀ ਮੂਰਤੀ ਪੂਜਨਾ, ਅਰਦੁਆਰ ਪੂਜਨਾ ਅਰ ਦੁਆਰਪੂਜਾ ਵਿਚ ਬੜੇ ਬੜੇ ਬਖੇੜੇ ਹਨ। ਮੰਦਿਰ ਬਨਾਨ ਦੇ ਨੇਮ, ਪੁਰਾਨੇ ਮੰਦਿਰ ਨੂੰ ਬਨਵਾਨੇ ਅਰ ਸੁਧਾਰਨੇ ਥੀਂ ਮੁਕਤੀ ਹੋ ਜਾਂਦੀ ਹੈ, ਮੰਦਿਰ ਵਿਚ ਏਸ ਪ੍ਰਕਾਰ ਜਾਕੇ ਬੈਠੇ ਵੱਡੇ ਭਾਉ ਪ੍ਰੀਤੀ ਥੀਂ ਪੂਜਾ ਕਰੇ "ਨਮੋ ਜਿਨੇਂਦ੍ਰੇਭਯਃ" ਇਤਿਆਦੀ ਮੰਤ੍ਰਾਂ ਥੀਂ ਅਸ਼ਨਾਨ ਆਦੀ ਕਰਾਨਾ। ਅਰ "ਜਲਚੰਦਨ ਪੁਸ਼ਪਧੂਪਦੀਪਨੈ:"ਇਤਿਆਦੀ ਥੀਂ ਗੰਧ ਆਦੀ ਚੜ੍ਹਾਨ। ਰਤਨਸਾਰ ਭਾਗ ਦੇ ੧੨ਵੇਂ ਪਤ੍ਰੇ ਵਿਚ ਮੂਰਤੀਪੂਜਾ ਦਾ ਫਲ ਇਹ ਲਿਖਿਆ ਹੈ ਕਿ ਪੁਜਾਰੀ ਨੂੰ ਰਾਜਾ ਵਾ ਪ੍ਰਜਾ ਕੋਈ ਭੀ ਨਾ ਰੋਕ ਸੱਕੇ। (ਸਮੀਖਛਕ) ਏਹ ਬਾਤਾਂ ਸਬ ਕਪੋਲ ਕਲਪਿਤ ਹਨ, ਕਿਉਂਕਿ ਬਹੁਤ ਸਾਰੇ ਜੈਨ ਪੂਜਾਰੀਆਂ ਨੂੰ ਰਾਜਾ ਆਦੀ ਰੋਕਦੇ ਹਨ। ਰਤਨਸਾਰ ਪਤ੍ਰੇ ੩ ਵਿਚ ਲਿਖਿਆ ਹੈ ਮੂਰਤੀਪੂਜਾ ਥੀਂ ਰੋਗ ਪੀੜਾ ਅਰ ਬੜੇ ਦੋਸ਼ ਛੁਟ ਜਾਂਦੇ ਹਨ। ਇਕ ਕਿਸੇ ਨੇ ੫ ਕੌਡੀ ਦਾ ਫੁੱਲ ਚੜ੍ਹਾਇਆ ਉਸਨੇ ੧੯ ਦੇਸ਼ ਦਾ ਰਾਜ ਪਾਇਆ ਉਸਦਾ ਨਾਮ ਕੁਮਾਰਪਾਲ ਹੋਇਆ ਸੀ, ਇਤਿਆਦੀ ਸਬ ਬਾਤਾਂ ਝੂਠੀਆਂ ਅਰ ਮੂਰਖਾਂ ਦੇ ਲੁਭਾਨ ਦੀਆਂ ਹਨ, ਕਿਉਂਕਿ ਅਨੇਕ ਜੈਨੀ ਲੋਗ ਪੂਜਾ ਕਰਦੇ ਕਰਦੇ ਰੋਗੀ ਰਹਿੰਦੇ ਹਨ, ਅਰ ਇਕ ਵਿਘੰਦਾ ਭੀ ਰਾਜ ਪੱਥਰ ਆਦੀ ਮੂਰਤੀਪੂਜਾ ਥੀਂ ਨਹੀਂ ਮਿਲਦਾ, ਅਰ ਜੋ ਪੰਜਕੌਡੀ ਦਾ ਫੁੱਲ ਚੜ੍ਹਾਂਨ ਥੀਂ ਰਾਜ ਮਿਲੇ ਤਾਂ ਪੰਜ ਕੌਡੀ ਦੇ ਫੁੱਲ ਚੜ੍ਹਾਕੇ ਸਬ ਭੂਗੋਲ ਦਾ ਰਾਜ ਕਿਉਂ ਨਹੀਂ ਕਰ ਲੈਂਦੇ ? ਅਰ ਰਾਜਦੰਡ ਕਿਉਂ ਭੋਗਦੇ ਹਨ ? ਅਰ ਜੋ ਮੂਰਤੀ ਪੂਜਾ ਕਰਕੇ ਸੰਸਾਰ ਸਮੁੰਦ੍ਰ ਥੀਂ ਤਰ ਜਾਂਦੇ ਹੋਨ ਤਾਂ ਗਿਆਨ ਸਮਯਕ ਦਰਸ਼ਨ ਅਰ ਚਾਰਿਤ੍ਰ ਕਿਉਂ ਕਰਦੇ ਹੋ ? ਰਤਨਸਾਰ ਭਾਗ ਪਤ੍ਰਾ ੧੩ ਵਿਚ

Generated by CamScanner from intsig.com

ਲਿਖਿਆ ਹੈ ਕਿ ਗੌਤਮ ਦੇ ਅੰਗੂਠੇ ਵਿਚ ਅੰਮ੍ਰਿਤ ਅਰ ਉਸਦੇ ਸਿਮਰਣ ਥੀਂ ਮਨਭਾਉਂਦਾ ਫਲ ਪਾਉਂਦਾ ਹੈ।(ਸਮੀਖਛਕ) ਜੇ ਅਜੇਹਾ ਹੋਵੇ ਤਾਂ ਸਬ ਜੈਨੀ ਲੋਗ ਅਮਰ ਹੋ ਜਾਨੇ ਚਾਹੀਏ ਸੋ ਨਹੀਂ ਹੁੰਦੇ, ਏਸ ਥੀਂ ਏਹ ਇਨ੍ਹਾਂਦੀ ਨਿਰੀ ਮੂਰਖਾਂਦੇ ਬਕਾਨ ਦੀ ਬਾਤ ਹੈ, ਦੂਸਾਇਸ ਵਿਚ ਕੁਝਭੀ ਸਾਰ ਨਹੀਂ ॥

ਇਨ੍ਹਾਂਦੀ ਪੂਜਾ ਕਰਨ ਦਾ ਸ਼ਲੋਕ ਰਤਨਮਾਰ ਭਾਗ ਪਤ੍ਰੇ ੫੨ ਵਿਚ:-

ਜਲਚੰਦਨਧੂਪਨੈਰਥ ਦੀਪਾਖਛਤਕੈਨੈਵੇਦਜ਼ਵਸਤ੍ਰੈਃ।
ਉਪਚਾਰਵਰੈਰਜਿਨੇਂਦ੍ਰਾਨ ਰੁਚਿਰੈਰਦਜ਼ ਯਜਾਮਹੇ॥

ਅਸੀਂ ਜਲ, ਚੰਦਨ, ਚਾਵਲ, ਫੁੱਲ, ਧੂਪ, ਦੀਪ, ਨੈਵੇਦ, ਕਪੜਾ, ਅਰ ਅਤੀ ਸ਼੍ਰੇਸ਼ਠ ਉਪਚਾਰਾਂ ਥੀਂ ਜਿਨੇਂਦ੍ਰ ਅਰਥਾਤ ਤੀਰਥੰਕਰਾਂ ਦੀ ਪੂਜਾ ਕਰੀਏ, ਇੱਸੇ ਥੀਂ ਅਸੀਂ ਕਹਿੰਦੇ ਹਾਂ ਕਿ ਮੂਰਤੀਪੂਜਾ ਜੈਨੀਆਂ ਥੀਂ ਚੱਲੀ ਹੈ (ਵਿਵੇਕਸਾਰ ਪਤ੍ਰਾ ੨੧) ਜਿਨ ਮੰਦਿਰ ਵਿਚ ਮੋਹ ਨਹੀਂ ਆਉਂਦਾ ਅਰ ਸੰਸਾਰ ਸਮੁੰਦ੍ਰ ਦੇ ਪਾਰ ਉਤਾਰਨ ਵਾਲ ਹੈ। (ਵਿਵੇਕਸਾਰ ਪਤ੍ਰਾ ੫੧ ਥੀਂ ੫੨) ਮੂਰਤੀਪੂਜਾ ਥੀਂ ਮੁਕਤੀ ਹੁੰਦੀ ਹੈ' ਅਰ ਜਿਨ ਮੰਦਿਰ ਵਿਚ ਜਾਨ ਥੀਂ ਅੱਛੇ ਗੁਣ ਆਉਂਦੇ ਹਨ, ਜੋ ਜਲ ਚੰਦਨ ਆਦੀ ਥੀਂ ਤੀਰਥੰਕਰਾਂ ਦੀ ਪੂਜਾ ਕਰੇ ਓਹ ਨਰਕ ਥੀਂ ਛੁੱਟ ਸੁਰਗ ਨੂੰ ਜਾਵੇ । (ਵਿਵੇਕਸਾਰ ਪਤ੍ਰਾ ੫੫) ਜਿਨ ਮੰਦਿਰ ਵਿਚ ਰਿਸ਼ਭਦੇਵ ਆਦੀ ਦੀ ਮੂਰਤੀਆਂ ਦੇ ਪੂਜਨ ਥੀਂ ਧਰਮ, ਅਰਥ, ਕਾਮ ਅਰ ਮੋਖਛਦੀ ਸਿੱਧੀ ਹੁੰਦੀ ਹੈ । (ਵਿਵੇਕਸਾਰ ਪਤ੍ਰਾ ੬੧) ਜਿਨ ਮੂਰਤੀਆਂ ਦੀ ਪੂਜਾ ਕਰੇ ਤਾਂ ਸਬ ਜਗਤ ਦੇ ਦੁੱਖਛੁਟ ਜਾਨ। (ਸਮੀਖਛਕ) ਹੁਨ ਦੇਖੋ ਇਨਾਂ ਦੀ ਅਵਿਦਿਆਂ ਵਾਲੀਆਂ ਅਸੰਭਵ ਬਾਤਾਂ ਜੇ ਏਸ ਪ੍ਰਕਾਰ ਥੀਂ ਪਾਪ ਆਦੀ ਬੁਰੇ ਕਰਮ ਛੁੱਟ ਜਾਨ, ਮੋਹ ਨਾ ਆਵੇ,ਸੰਸਾਰ ਸਮੁੰਦ੍ ਥੀਂ ਪਾਰ ਉਤਰ ਜਾਨ, ਅੱਛੇ ਗੁਣ ਆਜਾਨ,ਨਰਕ ਨੂੰ ਛੱਡ ਸੁਰਗਵਿਚ ਜਾਨ ਧਰਮ, ਅਰਥ, ਕਾਮ ਮੋਖਛ ਨੂੰ ਪ੍ਰਾਪਤ ਹੋਨ,ਅਰ ਸਾਰੇ ਦੁੱਖ ਛੁੱਟ ਜਾਨ ਤਾਂ ਸਬ ਜੈਨੀ ਲੋਗ ਸੁਖੀ ਅਰ ਸਬ ਪਦਾਰਥਾਂ ਦੀ ਸਿੱਧੀ ਨੂੰ ਪ੍ਰਾਪਤ ਕਿਉਂ ਨਹੀਂ ਹੁੰਦੇ?

ਇਸੇ ਵਿਵੇਕਸਾਰ ਦੇ ੩ ਪਤ੍ਰੇ ਵਿਚ ਲਿਖਿਆ ਹੈ ਕਿ ਜਿਨ੍ਹਾਂ ਨੇ ਜਿਨ ਮੂਰਤੀ ਦਾ ਸਥਾਪਨ ਕੀਤਾ ਹੈ ਉਨ੍ਹਾਂ ਨੇ ਅਪਨੀ ਅਰ ਅਪਨੇ ਕੁਟੁੰਬ ਦੀ ਜੀਵਿਕਾ ਖੜੀ ਕੀਤੀ ਹੈ। (ਵਿਵੇਕਸਾਰ ਪਤ੍ਰਾ ੨੨੫) ਸ਼ਿਵ, ਵਿਸ਼ਨੂ ਆਦੀ ਦੀ ਮੂਰਤੀਆਂ ਦੀ ਪੂਜਾ ਕਰਨੀ ਬਹੁਤ ਬੁਰੀ ਹੈ ਅਰਥਾਤ ਨਰਕ ਦਾ ਸਾਧਨ ਹਨ (ਸਮੀਖਛਕ) ਭਲਾ ਜਦ ਸ਼ਿਵ ਆਦੀ ਦੀ ਮੂਰਤੀਆਂ ਨਰਕ ਦੇ ਸਾਧਨ ਹਨ ਤਾਂ ਜੈਨੀਆਂਦੀਆਂ ਮੂਰਤੀਆਂ ਕੀ ਉਜੇਹੀਆਂ ਨਹੀਂ ? ਜੇ ਆਖੋ ਕਿ ਸਾਡੀਆਂ ਮੂਰਤਾਂ ਇਆਗੀ, ਸ਼ਾਂਤ ਅਰ ਸ਼ੁਭ ਮੁਦ੍ਰਾ ਵਾਲੀਆਂ ਹਨ ਏਸਲਈ ਅੱਛੀ, ਅਰ ਸ਼ਿਵ ਆਦੀ ਦੀ ਮੂਰਤੀ ਉਜੇਹੀ ਨਹੀਂ ਏਸ ਲਈ ਬੁਰੀ ਹਨ,

Generated by CamScanner from intsig.com

ਭਾਂ ਇਨ੍ਹਾਂ ਨੂੰ ਕਹਨਾ ਚਾਹੀਏ ਕਿ ਤੁਹਾਡੀ ਮੂਰਤੀਆਂ ਤਾਂ ਲੱਖਾਂ ਰੁਪਈਆਂ ਦੇ ਮੰਦਿਰਾਂ ਵਿਚ ਰਹਿੰਦੀਆਂ ਹਨ ਅਰ ਚੰਦਨ ਕੇਸ਼ਰ ਆਦੀ ਚੜ੍ਹਦਾ ਹੈ ਫੇਰ ਤਿਆਗੀ ਕਿਸਤਰਾਂ, ਅਰ ਸ਼ਿਵ ਆਦੀ ਦੀ ਮੂਰਤੀਆਂ ਤਾਂ ਬਿਨਾਂ ਛਾਂ ਦੇ ਭੀ ਰਹਿੰਦੀਆਂ ਹਨ ਓਹ ਤਿਆਗੀ ਕਿਉਂ ਨਹੀਂ ? ਅਰ ਜੋ ਸ਼ਾਂਤ ਆਖੋ ਤਾਂ ਜੜ ਪਦਾਰਥ ਸਭ ਕ੍ਰਿਆ ਰਹਿਤ ਹੋਨ ਥੀਂ ਸ਼ਾਂਤ ਹਨ. ਸਭ ਮਤਾਂ ਦੀ ਮੂਰਤੀ ਪੂਜਾ ਵਿਅਰਥ ਹੈ ॥

(ਪ੍ਰਸ਼ਨ) ਸਾਡੀ ਮੂਰਤੀਆਂ ਕਪੜੇ ਗਹਨੇ ਆਦੀ ਧਾਰਣ ਨਹੀਂ ਕਰਦੀਆਂ ਏਸਲਈ ਅੱਛੀਆਂ ਹਨ। (ਉੱਤਰ) ਸਭ ਦੇ ਸਾਮਨੇ ਨੰਗੀ ਮੂਰਤੀਆਂ ਦਾ ਰਹਨਾ ਅਰ ਰਖਨਾ ਪਸ਼ੂਆਂ ਵਾਕਰ ਲੀਲਾ ਹੈ ॥

(ਪ੍ਰਸ਼ਨ) ਜੀਕਨ ਇਸਤ੍ਰੀ ਦਾ ਚਿਤ੍ਰ ਵਾ ਮੂਰਤੀ ਦੇਖਨ ਥੀਂ ਕਾਮ ਦੀ ਉਤਪੱਤੀ ਹੁੰਦੀ ਹੈ ਉਕਨ ਸਾਧੂ ਅਰ ਯੋਗੀਆਂ ਦੀ ਮੂਰਤੀਆਂ ਨੂੰ ਦੇਖਨ ਥਂ ਸ਼ੁਭ ਗੁਣ ਪ੍ਰਾਪਤ ਹੁੰਦੇ ਹਨ। (ਉੱਤਰ) ਜੇ ਪੱਥਰ ਦੀਆਂ ਮੂਰਤੀਆਂ ਦੇ ਵੈਖਨ ਥੀਂ ਸ਼ੁਭ ਫਲ ਮੰਨਦੇ ਹੋ ਤਾਂ ਉਸਦੇ ਜੜਪਨਾ ਆਦੀ ਗੁਣ ਭੀ ਤੁਹਾਡੇ ਵਿਚ ਆ ਜਾਨਗੇ,ਜਦ ਜੜਬੁੱਧੀ ਹੋਵੋਗੇ ਤਾਂ ਸਭ ਤਰਾਂ ਨਸ਼ਟ ਹੋਜਾਓਗੇ।ਦੂਜਾ ਜੋ ਉੱਤਮ ਵਿਦਵਾਨ ਹਨ ਉਨ੍ਹਾਂ ਦੇ ਸੰਗ ਸੇਵਾ ਤੋਂ ਛੁਟਨ ਥੀਂ ਮੂਰਖਤਾ ਭੀ ਵਧੀਕ ਹੋਵੇਗੀ, ਅਰ ਜੋ ਜੋ ਦੋਸ਼ ਯਾਰ੍ਹਵੇਂ ਸਮੁੱਲਾਸ ਵਿਚ ਲਿਖੇ ਹਨ ਓਹ ਸਭ ਪਾਸ਼ਾਣ ਆਦੀ ਮੂਰਤੀਪੂਜਾ ਕਰਨ ਵਾਲਿਆਂ ਨੂੰ ਲੱਗਦੇ ਹਨ, ਏਸਲਈ ਜਿਹਾ ਜੈਨੀਆਂ ਨੇ ਮੂਰਤੀਪੂਜਾ ਵਿਚ ਝੂਠਾ ਰੌਲਾ ਮਚਾਇਆ ਹੈ ਉਕਨ ਇਨ੍ਹਾਂ ਦੇ ਮੰਤ੍ਰਾਂ ਵਿਚ ਭੀ ਬਹੁਤ ਸਾਰੀਆਂ ਅਸੰਭਵ ਗੱਲਾਂ ਲਿਖੀਆਂ ਹਨ । ਏਹ ਇਨ੍ਹਾਂ ਦਾ ਮੰਤ੍ਰ ਹੈ। ਰਤਨਸਾਰ ਭਾਗ ਪਤ੍ਰੇ ੧ ਵਿਚ:—

ਨਮੋਅਰਿਹਮਤਾਣੰ ਨਮੋਸਿੱਧਾਣੰ ਨਮੋਆਯਰਿਯਾਣੰ ਨਮੋਉਵੱਝਾਯਾਣੰ ਨਮੋ ਲੋਇ ਸੱਬਸਾਹੂਣੰ ਏਸੋ ਪੰਚ ਨਮੁੱਕਾਰੋਸੱਬਪਾਵੱਪਣਾਸਣੋ ਮੰਗਲਾਚਰਣੰ ਚ ਸੱਬੇ ਸਿਪੜ੍ਹਮੰ ਹਵਇ ਮੰਗਲਮ ॥ ੧ ॥

ਏਸ ਮੰਤ੍ਰ ਦਾ ਵੱਡਾ ਮਹਾਤਮ ਲਿਖਿਆ ਹੈ, ਅਰ ਸਭ ਜੈਨੀਆਂ ਦਾ ਏਹ ਗੁਰੂ ਮੰਤ੍ਰ ਹੈ। ਏਸਦਾ ਅਜੇਹਾ ਮਹਾਤਮ ਧਰਿਆ ਹੈ ਕਿ ਤੈਂਤ੍ਰਪੁਰਾਣ ਭੱਟਾਂ ਦੀ ਭੀ ਕਥਾ ਨੂੰ ਪਰਾਜੈ ਕਰ ਦਿੱਤਾ ਹੈ. ਸ਼ੁੱਧ ਦਿਨ ਕ੍ਰਿਤਯਪਤ੍ਰਾ ੨:—

ਨਮੁੱਕਾਰ ਤਉਪਢੈ॥੯॥ਜਉਕੱਏ।ਮੰਤਾਣਮੱਤੇਪਰਮੰ

Generated by CamScanner from intsig.com

ਇਮੁੱਤਿਧੋਯਾਣ ਧੋਯੰਪਰਮੰਇਮੁੱਤਿ।ਤੱਤਾਣਤੱਤੰਪਰਮੰ ਪਵਿੱਤੰਸੰਸਮਾਰਸੱਤਾਣਦੁਹਾ ਹਯਾਣੰ ॥੧੦॥ ਤਾਣੰਅੱਨਤੁ ਨੋ ਅਤਿਯ ਜੀਵਾਣੰਭਵਸਾਯਰੇ ।ਬੁੱਡੰ ਤਾਣੰਇਮੰਮੁਤੰ । ਨ ਮੁਕਾਰੰਸੁਪੋਯਯਮ॥੧੧॥ਕੱਬੰਅਣੇਗਜੱਮੰਤਰਸੰਚਿ-ਯਾਲਾਂਦਹਾਣੰਸਾਰੀ ਰਿਅਮਾਣੁਮਾਣੁਸਾਣੰ । ਕੱਤੋਯ ਭੁੱਬਾਣਭਵਿੱਜਨਾਸੋ ਨ ਜਾਵਪੱਤੋ ਨਵਕਾਰਮੰਤੇ ॥ ੧੨ ॥

ਜੋ ਏਹ ਮੰਤ੍ਰ ਹੈ ਪਵਿਤ੍ਰ ਅਰ ਪਰਮਮੰਤ੍ਰ ਹੈ, ਓਹ ਧਿਆਨ ਦੇਯੋਗ ਵਿਚ ਅਤਯੰਤ ਧਿਆਨਯੋਗ ਹੈ, ਸਾਰਾਂ ਵਿਚ ਅਤਯੰਤ ਸਾਰ ਹੈ, ਦੁੱਖਾਂ ਥੀਂ ਦੁੱਖੀ ਸੰਸਾਰੀ ਜੀਵਾਂ ਨੂੰ ਨਵਕਾਰ ਮੰਤ੍ਰ ਅਜੇਹਾ ਹੈ ਕਿ ਜੇਹੀ ਸਮੁੰਦ੍ਰ ਦੇ ਪਾਰ ਉਤਾਰਨ ਦੀ ਬੇੜੀ ਹੁੰਦੀ ਹੈ ॥ ੧੦ ॥ ਜੋ ਏਹ ਨਵਕਾਰਮੰਤ੍ਰ ਹੈ ਓਹ ਬੇੜੀ ਦੇ ਸਮਾਨ ਹੈ, ਜੋ ਏਸ ਨੂੰ ਛੱਡ ਦਿੰਦੇ ਹਨ ਓਹ ਸੰਸਾਰ ਸਮੁੰਦ੍ਰ ਵਿਚ ਡੁੱਬਦੇ ਹਨ, ਅਰ ਜੋ ਏਸਦਾ ਗ੍ਰਹਣ ਕਰਦੇ ਹਨ ਓਹ ਦੁੱਖਾਂ ਥੀਂ ਤਰ ਜਾਂਦੇ ਹਨ, ਜੀਵਾਂ ਨੂੰ ਦੁੱਖਾਂ ਥੀਂ ਵੱਖਰਾ ਰੱਖਨ ਵਾਲਾ, ਸਬ ਪਾਪਾਂ ਦਾ ਨਾਸ਼ ਕਰਨ ਵਾਲਾ ਮੁਕਤੀ ਕਰਨ ਵਾਲਾ ਏਸ ਮੰਤ੍ਰ ਦੇ ਬਿਨਾ ਦੂਜਾ ਕੋਈ ਨਹੀਂ ॥ ੧੧ ॥ ਅਨੇਕ ਸੰਸਾਰ ਦੇ ਅੰਦਰ ਵਿਚ ਉਤਪੰਨ ਹੋਇਆ ਸ਼ਰੀਰ ਸੰਬੰਧੀ ਦੁੱਖ ਸੰਸਾਰੀ ਜੀਵਾਂ ਨੂੰ ਸੰਸਾਰ ਸਮੁੱਦ੍ ਥੀਂ ਤਾਰਨੇ ਵਾਲਾ ਇਹੀ ਹੈ, ਜਦ ਤਕ ਨਵਕਾਰ ਮੰਤ੍ਰ ਨਹੀਂ ਪਾਇਆ ਤਦ ਤਕ ਸੰਸਾਰ ਸਮੁੱਦ੍ ਥੀਂ ਜੀਵ ਨਹੀਂ ਤਰ ਸਕਦਾ ਏਹ ਅਰਥ ਸੂਤ੍ਰ ਵਿਚ ਕਹਿਆ ਹੈ, ਅਰ ਜੋ ਅਗਨੀ ਪ੍ਰਮੁਖ ਅੱਠ ਮਹਾਂ ਡਰਾਂ ਵਿਚ ਸਹਾਇਕ ਇਕ ਨਵਕਾਰ ਮੰਤ੍ਰ ਨੂੰ ਛੱਡਕੇ ਦੂਜਾ ਕੋਈ ਨਹੀਂ, ਜੀਕਨ ਮਹਾ ਰਤਨ' ਵੈਦੂਰਯ' ਨਾਮਕ ਮਣੀ ਗ੍ਰਹਣ ਕਰਨ ਵਿਚ ਆਵੇ, ਅਥਵਾ ਦੁਸ਼ਮਨ ਦੇ ਡਰ ਵਿਚ ਅਮੋਘ ਸ਼ਸਤ੍ਰ ਦੇ ਗ੍ਰਹਣ ਕਰਨ ਵਿਚ ਆਵੇ ਉਕਨ ਸ਼ੁਭ ਕੇਵਲੀ ਦਾ ਗ੍ਰਹਣ ਕਰੇ, ਅਰ ਸਬ ਦੁਆਦਸ਼ ਅੰਗੀਦਾ ਨਵਕਾਰ ਮੰਤ੍ਰ ਰਹੱਸਜ ਹੈ, ਏਸ ਮੰਤ੍ਰ ਦਾ ਅਰਥ ਏਹ ਹੈ (ਨਮੋ ਅਰੀਹੰਤਾਣੰ) ਸਬ ਤੀਰਥੰ-ਕਰਾਂ ਨੂੰ ਨਮਸਕਾਰ (ਨਮੋ ਸਿਧਾਣੰ) ਜੈਨਮਤੀਦੇ ਸਬ ਸਿੱਧਾਂ ਨੂੰ ਨਮਸਕਾਰ । (ਨਮੋਆਯਰੀਯਾਣੰ)ਜੈਨਮਤ ਦੇ ਸਬ ਆਚਰਯਾਂ ਨੂੰ ਨਮਸਕਾਰ (ਨਮੋ ਉਬਜ-ਝਾਯਾਂਣੰ)ਜੈਨਮਤ ਦੇ ਸਬ ਉਪਾਧਿਆਇਆਂ ਨੂੰ ਨਮਸਕਾਰ (ਨਮੋ ਲੋਯਸਬ-ਸਾਹੂਣੰ)ਜਿੱਨੇ ਜੈਨਮਤ ਦੇ ਸਾਧੂ ਏਸ ਲੋਕ ਵਿਚ ਹਨ ਉਨ੍ਹਾਂ ਸਾਰਿਆਂ ਨੂੰ ਨਮਸਕਾਰਹੈ । ਯੱਦਪੀ ਮੰਤ੍ਰ ਵਿਚ ਜੈਨ ਪਦ ਨਹੀਂ ਹੈ ਤਥਾਪੀ ਜੈਨੀਆਂ ਦੇ

Generated by CamScanner from intsig.com

अनेक ग्रंथां विच बिना जैनमत दे होरी किसे नूं नमसकार भी ना करना लिखिआ है एस लई एह अरथ ठीक है। (तत्त्व विवेक पत्रे १६८) जो मनुश्र लकड़ी पॱथर नूं देवबुॱधी कर पूजदा है ओह अॱछे फलां नूं प्रापत हुंदा है। (समीखछक) जो अजेहा होवे तां सब कोई दरशन करके सुख रूप फलां नूं प्रापत किउं नही हुंदे? (रतनसार भाग० पत्रा १०) पारशनाथ दी मूरती दे दरशन थीं पाप नशट हो जांदे हन,।कलपभाशज पत्रे ५१ विच लिखिआ है कि सवा लख पुराने मंदिरां दा सुधार कीता, इतिआदी मूरतीपूजा विशे विच इनां दा बहुत सारा लेख है, इॱसे थीं समझिआ जांदा है कि मूरतीपूजा दा मूल कारन जैन मत है। हुन इनां जैनीआं दे साधूआं दी लीला देखो! (विवेकसार पत्रा २२८) इक जैनमत दा सादू कोशा कंजरी नाल भोग करके पिॱछों तिआरी होके सुरग लोक नूं गिआ। (विवेकसार पत्रा१०) अरणकि मुनी चारित्र थीं चुकके कई वरेआं तक दॱत सेठ दे घर विच विशे भोगकरके पिछों देवलोक नूं गिआ, शरीकृशन दे पुत्र ढंढनमुनी नूं सथालिआ दूॱकके लैगिआ, पिछों देवता होइआ ।(विवेकसार,पत्रा १५६) जैनमत दा साधू लिंगधारी अरथात भेशधारी मात्र होवे तां भी उसदा आदर शरावक लोग करन, भावें साधू नेक चलन होन, भावें बदचलन होनसब पूजा योग हन।(विवेकसार पत्रा १६८) जैनमत दा साधू चारित्ररहित होवे तां होर मत दे साधूआं थ ं अॱछा है। (विवेकसार पत्रा १२१) शरावक लोग जैनमत दे साधूआं नूं चारित्र बिना भ्रशटाचार वाला वेखन तां भी उनां दी सेवा करनी चाहीए। (विवेकसार पत्रा २१६) इक चोर ने पंज मुॱठी लोंचके चारित्र गरहण कीता वडा दुॱख अर पछतावा कीता छीवें महीने विच निपट गिआन पाके सिॱध होगिआ (समीखछक) हुन वेखो! इनां दे साधू अर गरिहसथीआं दी लीलां इनां दे मत विच बहुत कुकरम करनवाला साधू भी अॱछी गती नूं गिआ अर विवेक सार पत्रा १०६ विच लिखिआ है किशी करिशन तीजे नरक विच गिआ। विवेकसार पत्रा १४५ विच लिखिआ है कि धनंजी नरक विच गिआ। विवेकसार पत्रा ४८ विच जोगी,जंगम,काज़ी,मुॱला,किॱने ही अगिआन थीं तप कश करके भी कुगती नूं पांदे हन। रतनसार भाग० पत्रा १२१ विच लिखिआ है कि नौवासदेव अरथात तरिपरिशठवासुदेव, दरीपरिशठवासदेव, सुयंभुवासदेव, पुरशोतमवासदेव, सिंहपुरुशवासदेव,

Generated by CamScanner from intsig.com

ਪੁਰੁਸ਼ਪੁੰਡਰੀਕ ਵਾਸੁਦੇਵ, ਦੱਤਵਾਸੁਦੇਵ,ਲਖਛਮਣਵਾਸੁਦੇਵ, ਅਰ ਸ਼੍ਰੀਕ੍ਰਿਸ਼ਨ ਵਾਸੁਦੇਵ, ਏਹ ਸਾਰ ਯਾਰ੍ਹਵੇਂ, ਬਾਰ੍ਹਵੇਂ, ਚੌਦਵੇਂ, ਪੰਦ੍ਰਵੇਂ, ਅਠਾਰ੍ਹਵੇਂ, ਵੀਹੇਂ ਅਰ ਬਾਈਵੇਂ ਤੀਰਥੰਕਰਾਂਦੇ ਸਮੇਂ ਵਿਚ ਨਰਕ ਨੂੰ ਗਏ, ਅਰ ਨੌਪ੍ਰਤੀਵਾਸੁਦੇਵ ਅਰਥਾਤ ਅਸ੍ਵਗ੍ਰੀਵਪ੍ਰਤੀਵਾਸੁਦੇਵ, ਤਾਰਕਪ੍ਰਤੀ ਵਾਸੁਦੇਵ, ਮੋਦਕਪ੍ਰਤੀਵਾਸੁਦੇਵ, ਮਧਪ੍ਰਤੀ ਵਾਸੁਦੇਵ, ਨਿੱਸ਼ੁੰਭਪ੍ਰਤੀਵਾਸੁਦੇਵ,ਬਲੀਪ੍ਰਤੀਵਾਸੁਦੇਵ, ਪ੍ਰਹਲਾਦਪ੍ਰਤੀ ਵਾਸੁਦੇਵ, ਰਾਵਣਪ੍ਰਤੀਵਾਸੁਦੇਵ, ਅਰ ਜਰਾਸਿੰਧਪ੍ਰਤੀਵਾਸੁਦੇਵ, ਏਹ ਭੀ ਸਾਰੇ ਨਰਕ ਨੂੰ ਗਏ। ਅਰ ਕਲਪ ਭਾਸ਼ਯਵਿਚ ਲਿਖਿਆ ਹੈ ਕਿ ਰਿਸ਼ਭਦੇਵ ਥੀਂ ਲੈਕੇ ਮਹਾਵੀਰ ਤਕ ੨੪ ਤੀਰਥੰਕਰ ਸਭ ਮੋਖਛ ਨੂੰ ਪ੍ਰਾਪਤ ਹੋਏ।(ਸਮੀਖਛਕ) ਭਲਾਕੋਈ ਬੁਧਵਾਨਪੁਰੁਸ਼ ਵਿਚਾਰੇ ਕਿ ਇਨ੍ਹਾਂ ਦੇ ਸਾਧੂਗ੍ਰਿਹਸਥੀ ਅਰ ਤੀਰਥੰਕਰ ਜਿਨ੍ਹਾਂ ਵਿਚ ਬਹੁਤਸਾਰੇ ਕੰਜਰੀ ਭੋਗਨ ਵਾਲੇ,ਪਰਇਸਤ੍ਰੀਗਾਮੀ, ਚੋਰ ਆਦੀ ਸਭ ਜੈਨਮਤ ਵਾਲੇ ਸ੍ਵਰਗ ਅਰ ਮੁਕਤੀ ਨੂੰ ਗਏ ਅਰ ਸ਼੍ਰੀਕ੍ਰਿਸ਼ਨ ਆਦੀ ਮਹਾਧਰਮੀ ਮਹਾਤਮਾ ਸਭ ਨਰਕ ਨੂੰ ਗਏ ਇਹ ਕਿੰਨੀ ਵਡੀ ਬੁਰੀ ਬਾਤ ਹੈ ? ਜੇਕਰ ਵਿਚਾਰਕੇ ਵੇਖੀਏ ਤਾਂ ਅੱਛੇ ਪੁਰੁਸ਼ ਨੂੰ ਜੈਨੀਆਂਦਾ ਸੰਗ ਕਰਨਾ ਵਾ ਉਨ੍ਹਾਂ ਨੂੰ ਵੇਖਨਾ ਭੀ ਬੁਰਾ ਹੈ, ਕਿਉਂਕਿ ਜੋ ਇਨ੍ਹਾਂਦਾ ਸੰਗ ਕਰੇ ਤਾਂ ਅਜੇਹੀ ਹੀ ਝੂਠੀ ਝੂਠੀ ਗੱਲਾਂ ਉਸਦੇ ਭੀ ਦਿਲ ਵਿਚ ਠੈਹਰ ਜਾਨਗੀਆਂ, ਕਿਉਂਕਿ ਇਨ੍ਹਾਂ ਮਹਾ ਹਠੀ,ਖੋਟੇ ਹਠ ਵਾਲੇ ਮਨੁਸ਼ਾਂ ਦੇ ਸੰਗਥੋਂ ਬਿਨਾ ਬੁਰਿਆਈਆਂ ਦੇ ਹੋਰ ਕੁਝਭੀ ਪੱਲੇ ਨਾ ਪਵੇਗਾ ॥ ਹਾਂ! ਜੋ ਜੈਨੀਆਂ ਵਿਚ ਉੱਤਮਜਨ * ਹਨ ਉਨ੍ਹਾਂ ਨਾਲ ਸਤਸੰਗ ਆਦੀ ਕਰਨ ਵਿਚ ਕੁਝਭੀ ਦੋਸ਼ ਨਹੀਂ। ਵਿਵੇਕਸਾਰ० ਪਤ੍ਰਾ ੫੫ ਵਿਚ ਲਿਖਿਆ ਹੈ ਕਿ ਗੰਗਾ ਆਦੀ ਤੀਰਥ ਅਰ ਕਾਸ਼ੀ ਆਦੀ ਖਛੇਤ੍ਰਾਂਦੇ ਸੇਵਨ ਥੀਂ ਕੁਝਭੀ ਪਰਮਾਰਥ ਸਿੱਧ ਨਹੀਂ ਹੁੰਦਾ, ਅਰ ਅਪਨੇ ਗਿਰਨਾਰ, ਪਾਲੀਟਾਨਾ ਅਰ ਆਬੂ ਆਦੀ ਤੀਰਥ ਖਛੇਤ੍ਰ ਮੁਕਤੀ ਤਕ ਦੇ ਦੇਨ ਵਾਲੇ ਹਨ (ਸਮੀਖਛਕ) ਏਥੇ ਵਿਚਾਰਕਰਨਾ ਚਾਹੀਏ ਕਿ ਜੀਕਨ ਸ਼ੈਵ, ਵੈਸ਼ਨਵ ਆਦੀ ਦੇ ਤੀਰਥ ਅਰ ਖਛੇਤ੍ਰ ਜਲ, ਥਲ ਜੜ ਸ੍ਵਰੂਪ ਹਨ, ਉਂਕਨ ਜੈਨੀਆਂ ਦੇ ਭੀ ਹਨ, ਇਨ੍ਹਾਂ ਵਿਚ ਇੱਕਦੀ ਨਿੰਦਿਆ ਅਰ ਦੂਜੇ ਦੀ ਉਸਤਤੀ ਕਰਨਾ ਮੂਰਖਤਾ ਦਾ ਕੰਮ ਹੈ ॥

ਜੈਨੀਆਂ ਦੀ ਮੁਕਤੀ ਦਾ ਵਰਣਨ ॥

(ਰਤਨਸਾਰ ਭਾਗ ਪਤ੍ਰਾ ੨੩) ਮਹਾਵੀਰ ਤੀਰਥੰਕਰਾ ਗੌਤਮ ਜੀ ਨੂੰ ਕਹਿੰਦੇ ਹਨ ਕਿ ਉਪਰਲੇ ਲੋਕ ਵਿਚ ਇਕ ਸਿੱਧਸ਼ਿਲਾ ਜਗਹ ਹੈ ਸ੍ਵਰਗਪੁਰੀ ਦੇ ਉੱਪਰ ਪੰਜਤਾਲੀ ਲੱਖ ਯੋਜਨ ਲੰਮੀ ਅਰ ਉੱਨੀ ਹੀ ਪੋਲੀ ਹੈ ਤਥਾ ੮ ਯੋਜਨ ਮੋਟੀ ਹੈ, ਜੀਕਨ ਮੋਤੀ ਦਾ ਚਿੱਟਾ ਹਾਰ ਵਾ ਗਊਦੁੱਧ

* ਜੋ ਉੱਤਮਜਨ ਹੋਵੇਗਾ ਓਹ ਇਸ ਅਸਾਰਜੈਨਮਤ ਵਿਚ ਕਦੀ ਨ ਰਹੇਗਾ।

Generated by CamScanner from intsig.com

ਹੈ ਉਸਥੀਂ ਭੀ ਚਿੱਟੀ ਸੋਨੇਦੇ ਵਾਕਰ ਚਮਕ ਵਾਲੀ ਅਰ ਬਲੌਰ ਥੀਂ ਭੀ ਸਾਫ ਹੇ ਓਹ ਸਿੱਧਸ਼ਿਲਾ ਚੌਦਵੇਂ ਲੋਕਦੀ ਟੀਸੀ ਉੱਪਰ ਹੈ ਅਰ ਉਸ ਸਿੱਧ-ਸ਼ਿਲਾ ਦੇ ਉੱਪਰ ਸ਼ਿਵਪੁਰ ਧਾਮ ਉਸ ਵਿਚ ਭੀ ਮੁਕਤ ਪੁਰੁਸ਼ ਅਧਰ ਰਹਿੰਦੇ ਹਨ, ਉੱਥੇ ਜਨਮ ਮਰਨ ਆਦੀ ਕੋਈ ਦੋਸ਼ ਨਹੀਂ, ਅਰ ਆਨੰਦ ਕਰਦੇ ਰਹਿੰਦੇ ਹਨ, ਫੇਰ ਜਨਮ ਮਰਨ ਵਿੱਚ ਨਹੀਂ ਆਉਂਦੇ, ਸਬ ਕਰਮਾਂ ਥੀਂ ਛੁੱਟ ਜਾਂਦੇ ਹਨ, ਏਹ ਜੈਨੀਆਂਦੀ ਮੁਕਤੀ ਹੈ ॥

(ਸਮੀਖਛਕ) ਵਿਚਾਰਨਾ ਚਾਹੀਏ ਕਿ ਜੀਕਨ ਹੋਰੀਮਤ ਵਿਚ ਵੈਕੁੰਠ ਕੈਲਾਸ਼, ਗੋਲੋਕ, ਸ਼੍ਰੀਪੁਰ ਆਦੀ ਪੁਰਾਣੀ, ਚੌਥੇ ਆਸਮਾਨ ਵਿਚ ਈਸਾਈ, ਸੱਤਵੇਂ ਆਸਮਾਨ ਵਿਚ ਮੁਸਲਮਾਨਾਂ ਦੇ ਮਤ ਵਿਚ ਮੁਕਤੀ ਦੀ ਜਗਹ ਲਿਖੀਆਂ ਹਨ, ਉਕਨ ਹੀ ਜੈਨੀਆਂ ਦੀ ਸਿੱਧਸ਼ਿਲਾ ਅਰ ਸ਼ਿਵਪੁਰੀ ਭੀ ਹੈ, ਕਿਉਂਕਿ ਜਿਸ ਨੂੰ ਜੈਨੀ ਲੋਗ ਉੱਚਾ ਮੰਨਦੇ ਹਨ ਓਹੀ ਹੇਠਾਂ ਵਾਲੇ ਜੋ ਕਿ ਸਾਡੇ ਥੀਂ ਭੂਗੋਲ ਦੇ ਹੇਠਾਂ ਰਹਿੰਦੇ ਹਨ ਉਨ੍ਹਾਂ ਦੀ ਅਪੇਖਛਾ ਵਿਚ ਨੀਵਾਂ ਹੇ, ਉੱਚਾ ਨੀਵਾਂ ਵਿਵਸਥਾ ਕੀਤਾ ਹੋਇਆ ਪਦਾਰਥ ਨਹੀਂ. ਹੈਜੋ ਆਰਯਾਵਰਤ ਵਾਸੀ ਜੈਨੀ ਲੋਗ ਉੱਚਾ ਮੰਨਦੇ ਹਨ ਉਸੇ ਨੂੰ ਅਮਰੀਕਾ ਵਾਲੇ ਨੀਵਾਂ ਮੰਨਦੇ ਹਨ, ਅਰ ਆਰਯਾਵਰਤ ਵਾਸੀ ਜਿਸਨੂੰ ਨੀਵਾਂ ਮੰਨਦੇ ਹਨ ਉਸੇਨੂੰ ਅਮਰੀਕਾ ਵਾਲੇ ਉੱਚਾ ਮੰਨਦੇ ਹਨ, ਭਾਵੇਂ ਓਹ ਸ਼ਿਲਾ ਪੰਜਤਾਲੀ ਲੱਖ ਥੀਂ ਦੂਨੀ ਨੱਵੇ ਲੱਖ ਕੋਹ ਦੀ ਹੁੰਦੀ ਤਾਂ ਭੀ ਓਹ ਮੁਕਤ ਬੰਧਨ ਵਿੱਚ ਹਨ, ਕਿਉਂਕਿ ਉਸ ਸ਼ਿਲਾ ਵਾ ਸ਼ਿਵਪੁਰ ਦੇ ਬਾਹਰ ਨਿਕਲਨ ਥੀਂ ਉਨ੍ਹਾਂਦੀ ਮੁਕਤੀ ਛੁਟ ਜਾਂਦੀ ਹੋਵੇਗੀ, ਅਰ ਸਦਾ ਉਸ ਵਿਚ ਰਹਨ ਦੀ ਪ੍ਰੀਤੀ ਅਰ ਉਸਥੀਂ ਬਾਹਰ ਜਾਨ ਵਿਚ ਅਪ੍ਰੀਤੀ ਭੀ ਰਹਿੰਦੀ ਹੋਵੇਗੀ, ਜਿੱਥੇ ਅਟਕਾ ਪ੍ਰੀਤੀ, ਅਰ ਅਪ੍ਰੀਤੀ ਹੈ ਉਸਨੂੰ ਮੁਕਤੀ ਕਿਸਤਰਾਂ ਕਹ ਸੱਕਨੇ ਹਾਂ ? ਮੁਕਤੀ ਤਾਂ ਜੇਹੀ ਨੌਵੇਂ ਸਮੁੱਲਾਸ ਵਿੱਚ ਵਰਣਨ ਕਰ ਆਏ ਹਾਂ ਉਜੇਹੀ ਮੰਨਨੀ ਠੀਕ ਹੈ, ਅਰ ਏਹ ਜੈਨੀਆਂ ਦੀ ਮੁਕਤੀ ਭੀ ਇਕ ਪ੍ਰਕਾਰ ਦਾ ਬੰਧਨ ਹੈ, ਏਹ ਜੈਨੀ ਭੀ ਮੁਕਤੀ ਵਿਸ਼ੇ ਵਿਚ ਭ੍ਰਮ ਨਾਲ ਫਾਥੇ ਹਨ। ਏਹ ਸੱਚ ਹੈ ਕਿ ਬਿਨਾ ਵੇਦਾਂ ਦੇ ਠੀਕ ਅਰਥ ਗਿਆਨ ਦੇ ਮੁਕਤੀ ਦੇ ਸ੍ਵਰੂਪ ਨੂੰ ਕਦੀ ਨਹੀਂ ਜਾਨ ਸਕਦੇ ॥

ਹੁਨ ਹੋਰ ਭੀ ਥੋੜੀ ਜੇਹੀਆਂ ਅਨਹੁੰਦੀਆਂ ਗੱਲਾਂ ਇਨ੍ਹਾਂ ਦੀਆਂ ਸੁਨੋ। (ਵਿਵੇਕਸਾਰ ਪਤ੍ਰਾ ੭੮) ਇਕ ਕ੍ਰੋੜ ਸੱਠ ਲੱਖ ਗਾਗਰਾਂ ਨਾਲ ਮਹਾਵੀਰ ਨੂੰ ਜਨਮ ਵੇਲੇ ਵਿਚ ਅਸ਼ਨਾਨ ਕਰਾਇਆ। (ਵਿਵੇਕਸਾਰ ਪਤ੍ਰਾ ੧੩੬) ਦਸ਼ਾਰਣ ਰਾਜਾ ਮਹਾਵੀਰ ਦੇ ਦਰਸ਼ਨ ਨੂੰ ਗਿਆ, ਉੱਥੇ ਕੁਝ ਅਭਿਮਾਨ ਕੀਤਾ ਉਸ ਦੇ ਦੂਰ ਕਰਨ ਦੇ ਲਈ ੧੬,੨੨,੨੨,੧੬੦੦੦ ਇੱਨੇ ਇੰਦ੍ਰ ਦੇ ਸ੍ਵਰੂਪ ਅਰ ੧੩,੩੨,੦੫,੨੨,੮੦,੦੦੦੦੦੦੦ ਇੱਨੀਆਂ ਇੰਦ੍ਰਾਣੀਆਂ ਉੱਥੇ ਆਈਆਂ ਸਨਂ ਵੇਖਕੇ ਰਾਜਾ ਅਸ਼ਚਰਯ ਹੋਗਿਆ।

Generated by CamScanner from intsig.com

(ਸਮੀਖਛਕ) ਹੁਨ ਵਿਚਾਰਨਾ ਚਾਹੀਏ ਕਿ ਇੰਦ੍ਰ ਅਰ ਇੰਦ੍ਰਾਣੀਆਂ ਦੇ ਖਲੋਤੇ ਰਹਨ ਦੇ ਲਈ ਅਜੇਹੇ ਅਜੇਹੇ ਕਿੱਨੇ ਹੀ ਭੂਗੋਲ ਚਾਹੀਏ ॥

ਸ਼੍ਰਾਧਦਿਨਕ੍ਰਿਤ ਆਤਮਨਿੰਦਾ ਭਾਵਨਾ ਪਤ੍ਰਾ ੩੧ ਵਿਚ ਲਿਖਿਆ ਹੈ ਕਿ ਬਾਉਲੀ, ਖੂਹ ਅਰ ਤਲਾ ਨਾ ਬਨਵਾਨੇ ਚਾਹੀਏ।(ਸਮੀਖਛਕ)ਭਲਾ ਜੋ ਸਬ ਮਨੁੱਸ਼ ਜੈਨਮਤ ਵਿਚ ਹੋਜਾਨ ਅਰ ਖੂਹ, ਤਲਾ, ਬਾਉਲੀ ਆਦੀ ਕੋਈ ਭੀ ਨਾ ਬਨਵਾਨ ਤਾਂ ਸਬ ਲੋਕ ਪਾਨੀ ਕਿੱਥੋਂ ਥੀਂ ਪੀਨ ॥

(ਪ੍ਰਸ਼ਨ) ਤਲਾ ਆਦੀ ਬਨਵਾਨੇ ਥੀਂ ਜੀਵ ਪੈਂਦੇ ਹਨ ਉਸ ਥੀਂ ਬਨਵਾਨੇ ਵਾਲੇ ਨੂੰ ਪਾਪ ਲੱਗਦਾ ਹੈ ਏਸ ਲਈ ਅਸੀਂ ਜੈਨੀ ਲੋਗ ਏਸ ਕੰਮ ਨੂੰ ਨਹੀਂ ਕਰਦੇ ॥

(ਉੱਤਰ) ਤੁਹਾਡੀ ਬੁੱਧੀ ਮਾਰੀ ਕਿਉਂ ਗਈ ? ਕਿਉਂਕਿ ਜੀਕਨ ਜਰਾ ਜਰਾ ਜਿੱਨੇ ਜੀਵਾਂ ਦੇ ਮਰਨ ਥੀਂ ਪਾਪ ਗਿਨਦੇ ਹੋ ਤਾਂ ਬੜੇ ਬੜੇ ਗਊ ਆਦੀ ਪਸ਼ੂ ਅਰ ਮਨੁਸ਼ ਆਦੀ ਪ੍ਰਾਣੀਆਂ ਦੇ ਜਲ ਪੀਨ ਆਦੀ ਥੀਂ ਮਹਾਪੁੰਨ ਹੋਵੇਗਾ ਉਸਨੂੰ ਕਿਉਂ ਨਹੀਂ ਗਿਨਦੇ ? (ਤਤ੍ਵਵਿਵੇਕ ਪਤ੍ਰਾ ੧੯੬) ਏਸ ਨਗਰੀ ਵਿਚ ਇਕ ਨੰਦਮਣੀਕਾਰ ਸੇਠ ਨੇ ਬਾਉਲੀ ਬਨਵਾਈ, ਉਸ ਥੀਂ ਧਰਮ ਭ੍ਰਸ਼ਟ ਹੋਕੇ ਸੋਲਾਂ ਮਹਾਰੋਗ ਹੋਏ, ਮਰਕੇ ਉੱਸੇ ਬਾਉਲੀ ਵਿਚ ਡੱਡੂ ਹੋਇਆ, ਮਹਾਵੀਰ ਦੇ ਦਰਸ਼ਨ ਥੀਂ ਉਸ ਨੂੰ ਜਾਤੀ ਯਾਦ ਆਗਈ, ਮਹਾਵੀਰ ਕਹਿੰਦੇ ਹਨ ਕਿ ਮੇਰਾ ਆਉਨਾ ਸੁਨਕੇ ਓਹ ਪਿਛਲੇ ਜਨਮ ਦੇ ਧਰਮ ਦਾ ਆਚਾਰਯ ਜਾਨ ਮੱਥਾ ਟੇਕਨ ਨੂੰ ਆਉਨ ਲੱਗਾ, ਰਸਤੇ ਵਿਚ ਸ਼੍ਰੇਣਿਕ ਦੇ ਘੋੜੇ ਦੀ ਟਾਪ ਥੀਂ ਮਰਕੇ ਅੱਛੇ ਧਿਆਨ ਦੇ ਯੋਗ ਥੀਂ ਦਰਦੁਰਾਂਕ ਨਾਮ ਮਹਰਧਿਕ ਦੇਵਤਾ ਹੋਇਆ, ਅਵਧੀ ਗਿਆਨ ਥੀਂ ਮੈਨੂੰ ਇੱਥੇ ਆਇਆ ਜਾਨ ਮੱਥਾ ਟੇਕ ਕੇ ਰਿੱਧੀ ਵਿਖਾਕੇ ਗਿਆ। (ਸਮੀਖਛਕ) ਇਤ੍ਯਾਦੀ ਵਿਦਿਆ ਵਿਰੁੱਧ ਅਨਹੋਂਦ ਮਿਥਿਆ ਬਾਤ ਦੇ ਕਹਨ ਵਾਲੇ ਨੂੰ ਮਹਾਵੀਰ ਸਾਰਿਆਂ ਨਾਲੋਂ ਉੱਤਮ ਮੰਨਨਾ ਮਹਾ ਅਗਿਆਨ ਦੀ ਬਾਤ ਹੈ ?

(ਸ਼ੁੱਧ ਦਿਨ ਕ੍ਰਿਤ ਪਤ੍ਰਾ ੩੬) ਵਿਚ ਲਿਖਿਆ ਹੈ ਕਿ ਕਫਨ(ਖੱਫਨ) ਸਾਧੂ ਲੈ ਲੈਨ।(ਸਮੀਖਛਕ)ਵੇਖੋ!ਇਨ੍ਹਾਂਦੇ ਸਾਧੂ ਭੀ ਆਚਾਰਜੀਆਂ ਦੇਵਾਕਰ ਹੋ ਗਏ, ਵਸਤ੍ਰ ਤਾਂ ਸਾਧੂ ਲੈਂਨ ਪਰੰਤੂ ਮੁਏ ਦੇ ਗਹਨੇ ਕੌਨ ਲਵੇ ? ਬਹੁਤ ਮੁੱਲ ਵਾਲੇ ਹੋਨ ਥੀਂ ਘਰ ਵਿਚ ਰਖ ਲੈਂਦੇ ਹੋਨਗੇ ਤਾਂ ਆਪ ਕੌਨ ਹੋਏ ?

(ਰਤਨਸਾਰ ਪਤ੍ਰਾ ੧੦੫) ਭੁੰਜਨੇ, ਕੁੱਟਨੇ, ਪੀਹਨੇ, ਅੱਨ ਪਕਾਨੇ ਆਦੀ ਵਿਚ ਪਾਪ ਹੁੰਦਾ ਹੈ। (ਸਮੀਖਛਕ) ਹੁਨ ਵੇਖੋ ! ਇਨ੍ਹਾਂ ਦੀ ਵਿਦਿਆ ਹੀਨਤਾ ਭਲਾ ਏਹ ਕਰਮ ਨਾ ਕੀਤੇ ਜਾਨ ਤਾਂ ਮਨੁਸ਼ ਆਦੀ ਪ੍ਰਾਣੀ ਕਿਸ ਤਰਾਂ ਜੀ ਸੱਕਨ, ਅਰ ਜੈਨੀ ਲੋਗ ਭੀ ਦੁੱਖੀਹੋਕੇਮਰਜਾਨ(ਰਤਨਸਾਰ ਪਤ੍ਰਾ ੧੦੪) ਬਗੀਚਾ ਲਗਾਨਥੀਂ ਇਕ ਲੱਖ ਪਾਪ ਮਾਲੀਨੂੰ ਲੱਗਦਾ ਹੈ।(ਸਮੀਖਛਕ)ਜੋ

Generated by CamScanner from intsig.com

ਮਾਲੀ ਨੂੰ ਲੱਖ ਪਾਪ ਲਗਦਾ ਹੈ ਤਾਂ ਅਨੇਕ ਜੀਵ ਪਤ੍ਰ ਫਲ, ਫੁਲ ਅਰ ਛਾਂ ਥੀਂ ਖੁਸ਼ ਹੁੰਦੇ ਹਨ ਤਾਂ ਕ੍ਰੋੜਾਂ ਗੁਣਾ ਪੁੰਨ ਭੀ ਹੁੰਦਾ ਹੈ, ਏਸ ਉੱਪਰ ਕੁਝ ਧਿਆਨ ਭੀ ਨਾ ਦਿੱਤਾ, ਕਿੱਡਾ ਹਨੇਰ ਹੈ ॥

(ਤਤ੍ਵਵਿਵੇਕ ਪਤ੍ਰਾ ੨੦੨) ਇੱਕ ਦਿਨ ਲਬਧੀ ਸਾਧੂ ਭ੍ਰਮ ਥੀਂ ਕੰਜਰੀ ਦੇ ਘਰ ਵਿਚ ਚਲਿਆ ਗਿਆ,ਅਰ ਧਰਮਥੀਂ ਭਿਖਛਾ ਮੰਗਾ,ਕੰਜ ਰੀ ਬੋਲੀ ਕਿ ਏਥੇ ਧਰਮ ਦਾ ਕੰਮ ਨਹੀਂ ਕਿੰਤੂ ਟਕੇ ਦਾ ਕੰਮ ਹੈ, ਤਾਂ ਉਸ ਲਬਧੀ ਸਾਧੂ ਨੇ ਸਾਢੇ ਬਾਰ੍ਹਾਂ ਲੱਖ ਮੋਰ੍ਹਾਂ ਉਸ ਦੇ ਘਰ੍ਹ ਵਿਚ ਵਸਾ ਦਿੱਤੀਆਂ। (ਸਮੀਖਛਕ)ਏਸ ਬਾਤਨੂੰ ਸੱਚ ਬਿਨਾ ਨਸ਼ਟ ਮੁੱਧੀ ਪੁਰੁਸ਼ਦੇ ਕੌਨ ਮੰਨੇਗਾ ॥

ਰਤਨਸਾਰ ਭਾਗ੦ ਪਤ੍ਰਾ ੬੭ ਵਿਚ ਲਿਖਿਆ ਹੈ ਕਿ ਇਕ ਪਾਸ਼ਾਣ ਦੀ ਮੂਰਤੀ ਘੋੜੇ ਉੱਪਰ ਚੜ੍ਹੀ ਹੋਈ ਉਸਦੀ ਜਿਥੇ ਯਾਦ ਕਰੇ ਉਥੇ ਪਾਸ ਠਹਰਕੇ ਰਖਛਾ ਕਰਦੀ ਹੈ (ਸਮੀਖਛਕ) ਦੱਸੋ ! ਜੈਨੀ ਜੀ ਅੱਜ ਕੱਲ ਤੁਹਾਨੂੰ ਚੋਰ, ਆਦੀ ਅਰ ਦੁਸ਼ਮਨ ਥੀਂ ਡਰ ਹੁੰਦਾ ਹੀ ਹੈ ਤਾਂ ਤੁਸੀਂ ਉਸਦੀ ਯਾਦ ਕਰਕੇ ਅਪਨੀ ਰਖਛਾ ਕਿਉਂ ਨਹੀਂ ਕਰਾ ਲੈਂਦੇ ਹੋ? ਕਿਉਂ ਜਿੱਥੇ ਤਿੱਥੇ ਪੁਲਸ ਆਦੀ ਰਾਜ ਜਗਹ ਵਿਚ ਮਾਰੇ ਮਾਰੇ ਫਿਰਦੇ ਹੋ ? ਹੁਨ ਇਨ੍ਹਾਂ ਦੇ ਸਾਧੂਆਂ ਦੇ ਲਖਣ:—

ਸਰਜੋ ਹਰਣਭੈਖਛਜਭੁਜੋ ਲੁੰਚਿਤਮੂਰਧਜਾਃ ।
ਸ਼੍ਵੇਤਾਂਬਰਾਃ ਖਛਮਾਸ਼ੀਲਾ ਨਿਃਸੰਗਾ ਜੈਨਸਾਧਵਃ ॥੧॥
ਲੁੰਚਿਤਾ ਪਿਖਛਿਕਾ ਹਸਤਾ ਪਾਣਿਪਾਤ੍ਰਾ ਦਿਗੰਬਰਾਃ ।
ਊਰਧ੍ਵਾਸਿਨੋਗ੍ਰਿਹੇਦਾਤੁਰਦ੍ਵਿਤੀਯਾਃਸਜੁਰਜਿਨਰਸ਼ਯਃ॥
ਭੁੰਕਤੇ ਨ ਕੇਵਲੰ ਨ ਇਸਤ੍ਰੀਮੋਖਛਮੇਤਿਦਿਗੰਬਰਾਃ।
ਪ੍ਰਾਹੁਰੇਸ਼ਾਮਯੰ ਭੇਦੋ ਮਹਾਨ ਸ਼੍ਵੇਤਾਂਬਰੈਃ ਸਹ ॥ ੩ ॥

ਜੈਨ ਦੇ ਸਾਧੂਆਂ ਦੇ ਲਖਛਣ ਅਰਥ ਜਿਨਦੱਤਸੂਰੀ ਨੇ ਏਨ੍ਹਾਂ ਸ਼ਲੋਕਾਂ ਥੀਂ ਕਹੇ ਹਨ। (ਸਰਜੋਹਰਣ) ਚੌਰੀ ਰੱਖਨਾ, ਅਰ ਭਿਖਛਾ ਮੰਗਕੇ ਖਾਨੀ, ਸਿਰਦੇ ਵਾਲ ਪੁੱਟ ਦੇਨੇ, ਚਿੱਟੇ ਕਪੜੇ ਪਾਨੇ, ਖਛਮਾ ਵਾਲਾ ਰਹਨਾ, ਕਿਸੇ ਦਾ ਸੰਗ ਨਾ ਕਰਨਾ, ਅਜੇਹੇ ਲਖਛਣਾਂ, ਵਾਲੇ ਜੈਨੀਆਂ ਦੇ ਸ਼੍ਵੇਤਾਂਬਰਜਿਨਹਾਂ ਨੂੰ ਯਤੀ ਕਹਿੰਦੇ ਹਨ ॥ ੧ ॥ ਦੂਜੇ 'ਦਿਗੰਬਰ' ਅਰਥਾਤ ਵਸਤ੍ਰ ਧਾਰਣ ਨਾ ਕਰਨਾ, ਸਿਰਦੇ ਵਾਲ ਪੁੱਟ ਸੁੱਟਨੇ, 'ਪਿਛਿੱਕਾ' ਇਕ ਉੱਨ ਦੇ ਧਾਗਿਆਂ ਦਾ ਝਾੜੂ ਲਗਾਨ ਦਾ ਸਾਧਨ ਕੱਛ ਵਿਚ ਰਖੱਨਾ, ਜੋ ਕੋਈ ਭਿਖਛਾ ਦੇਵੇ ਤਾਂ

Generated by CamScanner from intsig.com

ਹੱਥ ਵਿਚ ਲਕੇ ਖਾ ਲੈਨੀ ਏਹ ਦਿਗੰਬਰ ਦੂਜੇ ਪ੍ਰਕਾਰ ਦੇ ਸਾਧੂ ਹੁੰਦੇ ਹਨ॥ ੨ ॥ ਅਰ ਭਿਖਛਾ ਦੇਨ ਵਾਲਾ ਗ੍ਰਿਹਸਥੀ ਜਦ ਭੋਜਨ ਕਰ ਚੁੱਕੇ ਉਸਦੇ ਪਿਛੋਂ ਭੋਜਨ ਕਰਨ, ਓਹ ਜਿਨਰਸ਼ੀ ਅਰਥਾਤ ਤੀਜੇ ਪ੍ਰਕਾਰ ਦੇ ਸਾਧੂ ਹੁੰਦੇ ਹਨ, ਦਿਗੰਬਰਾ ਦਾ ਸ੍ਵੇਤਾਬਰਾਂ ਦੇ ਸੰਗ ਇੱਨਾ ਹੀ ਭੇਦ ਹੈ ਕਿ ਦਿਗੰਬਰ ਲੋਕ ਇਸਤ੍ਰੀ ਦਾ ਅਪਵਰਗ ਨਹੀਂ ਕਹਿੰਦੇ ਅਰ ਸ੍ਵੇਤਾਂਬਰ ਕਹਿੰਦੇ ਹਨ। ਇਤਿਆਦੀ ਬਾਤਾਂ ਥੀਂ ਮੋਖਛ ਨੂੰ ਪ੍ਰਾਪਤ ਹੁੰਦੇ ਹਨ ॥ ੩ ॥ ਏਹ ਇਨ੍ਹਾਂ ਦੇ ਸਾਧੂਆਂ ਦਾ ਭੇਦ ਹੈ, ਏਸ ਥੀਂ ਜੈਨ ਲੋਗਾਂ ਦਾ ਸਿਰਦੇ ਵਾਲ ਪੁੱਟਨੇ ਸਭ ਜਗਹਿ ਮਸ਼ਹੁਰ ਹੈ, ਅਰ ਪੰਜ ਮੁੱਠੀ ਪੱਟਨੀਆਂ ਇਤਿਆਦੀ ਭੀ ਲਿਖਿਆ ਹੈ। ਵਿਵੇਕਸਾਰ ਭਾ੦ ਪਤ੍ਰਾ ੨੧੬ ਵਿਚ ਲਿਖਿਆ ਹੈ ਕਿ ਪੰਜ ਮੁਠੀ ਪੱਟਨ ਨਾਲ ਚਾਰਿਤ੍ਰ ਗ੍ਰਹਣ ਕੀਤਾ ਅਰਥਾਤ ਪੰਜ ਮੁੱਠੀ ਸਿਰਦੇ ਵਾਲ ਪੁੱਟਕੇ ਸਾਧੂ ਹੋਇਆ। (ਕਲਪ ਸੂਤ੍ਰ ਭਾਸ਼ਜ ਪਤ੍ਰਾ ੧੦੯) ਕੇਸ ਪੁੱਟੇ ਗਊ ਦੇ ਵਾਲਾਂ ਦੇ ਬਰਾਬਰ ਰਖੇ। (ਸਮੀਖਛਕ) ਹੁਨ ਕਹੋ ਜੈਨੀ ਲੋਗੋ ! ਤੁਹਾਡਾ ਦਇਆ ਧਰਮ ਕਿੱਥੇ ਰਹਿਆ ? ਕੀ ਏਹ ਹਿੰਸਾ ਅਰਥਾਤ ਭਾਵੇਂ ਅਪਨੇ ਹੱਥ ਨਾਲ ਪੁੱਟੇ ਭਾਵੇਂ ਉਸਦਾ ਗੁਰੂ ਪੁੱਟੇ ਵਾ ਹੋਰ ਕੋਈ ਪਤੰਤੂ ਕਿੱਨਾਂ ਵਡਾ ਦੁਖ ਉਸ ਜੀਵ ਨੂੰ ਹੁੰਦਾ ਹੋਵੇਗਾ ? ਜੀਵ ਨੂੰ ਦੁਖ ਦੇਨਾ ਹੀ ਹਿੰਸਾ ਕਹਾਂਦੀ ਹੈ। ਵਿਵੇਕਸਾਰ ਪੱਤ੍ਰਾ ਸੰਵਤ ੧੯੩੩ ਦੇ ਵਰ੍ਹੇ ਵਿਚ ਸ੍ਵੇਤਾਂਬਰਾਂ ਵਿਚੋਂ ਢੂੰਢੀਏ, ਅਰ ਢੂੰਢੀਆਂ ਵਿਚੋਂ ਤੇਹਰਾਂਪੰਥੀ ਆਦੀ ਢੋਂਗੀ ਨਿਕਲੇ ਹਨ, ਢੂੰਢੀਏ ਲੋਗ ਪਾਸ਼ਾਣ ਆਦੀ ਮੂਰਤੀ ਨੂੰ ਨਹੀਂ ਮੰਨਦੇ, ਅਰ ਭੋਜਨ ਅਸ਼ਨਾਨ ਨੂੰ ਛੱਡ ਸਦਾ ਮੂੰਹ ਉੱਤੇ ਪੱਟੀ ਬਨ੍ਹੇ ਰਹਿੰਦੇ ਹਨ, ਅਰ ਯਤੀ ਆਦੀ ਭੀ ਜਦ ਪੁਸਤਕ ਵਾਚਦੇ ਹਨ, ਤਦੇ ਮੂੰਹ ਉੱਤੇ ਪੱਟੀ ਬਨ੍ਹਦੇ ਹਨ ਹੋਰੀ ਵੇਲੇ ਨਹੀਂ ॥

(ਪ੍ਰਸ਼ਨ) ਮੂੰਹ ਉੱਤੇ ਪੱਟੀ ਜਰੂਰ ਬਨ੍ਹਨੀ ਚਾਹੀਏ ਕਿਉਂਕਿ ਵਾਯੂ ਕਾਯ ਅਰਥਾਤ ਜੋ ਹਵਾ ਵਿਚ ਸੂਖਛਮ ਸ਼ਰੀਰ ਵਾਲੇ ਜੀਵ ਰਹਿੰਦੇ ਹਨ ਓਹ ਮੂੰਹ ਦੀ ਹਵਾੜ ਦੀ ਗਰਮੀ ਥੀਂ ਮਰਦੇ ਹਨ, ਅਰ ਉਸਦਾ ਪਾਪ ਮੂੰਹ ਉੱਤੇ ਪੱਟੀ ਨਾ ਬੰਨ੍ਹਨ ਵਾਲੇ ਨੂੰ ਹੁੰਦਾ ਹੈ, ਏਸ ਲਈ ਅਸੀਂ ਲੋਗ ਮੂੰਹ ਉੱਤੇ ਪੱਟੀ ਬਨ੍ਹਨਾ ਅੱਛਾ ਸਮਝਦੇ ਹਾਂ। (ਉੱਤਰ) ਏਹ ਬਾਤ ਵਿਦਿਆ ਅਰ ਪ੍ਰਤਖਛ ਆਦੀ ਪ੍ਰਮਾਣ ਦੀ ਰੀਤੀ ਨਾਲ ਨਹੀਂ ਬਨਦੀ ਹੈ, ਕਿਉਂਕਿ ਜੀਵ ਅਜਰ ਅਮਰ ਹਨ, ਫਿ ਓਹ ਮੁਖ ਦੀ ਹਵਾੜ ਥੀਂ ਕਦੇ ਨਹੀਂ ਮਰ ਸਕਦੇ, ਇਨਾਂ ਨੂੰ ਤੁਸੀਂ ਭੀ ਅਜਰ ਅਮਰ ਮੰਨਦੇ ਹੋ ॥

(ਪ੍ਰਸ਼ਨ) ਜੀਵ ਭਾਂ ਨਹੀਂ ਮਰਦਾ ਪਰੰਤੂ ਜੋ ਮੂੰਹ ਦੀ ਗਰਮ ਹਵਾ ਨਾਲ ਉਨਾਂ ਨੂੰ ਪੀੜਾ ਪਹੁੰਚਦੀ ਹੈ ਉਸ ਪੀੜਾ ਪੁਚਾਨ ਵਾਲੇ ਨੂੰ ਪਾਪ ਹੁੰਦਾ ਹੈ, ਏਸ ਲਈ ਮੂੰਹ ਉੱਤੇ ਪੱਟੀ ਬਨਨਾ ਅੱਛਾ ਹੈ। (ਉੱਤਰ) ਏਹ ਭੀ ਤੁਹਾਡੀ ਗੱਲ ਕਿਸੇ ਤਰਾਂ ਨਹੀਂ ਬਨਦੀ ਹੈ। ਕਿਉਂਕਿ ਦੁੱਖ ਦਿੱਤੇ ਬਿਨਾ ਕਿਸੇ ਜੀਵ

Generated by CamScanner from intsig.com

ਦਾ ਜਰਾ ਮਾਤ੍ਰ ਭੀ ਨਿਰਬਾਹ ਨਹੀਂ ਹੋ ਸਕਦਾ, ਜਦ ਮੂੰਹ ਦੀ ਹਵਾ ਨਾਲ ਤੁਹਾਡੇ ਮਤ ਵਿਚ ਜੀਵਾਂ ਨੂੰ ਪੀੜਾ ਪਹੁੰਚਦੀ ਹੈ ਤਾਂ ਚਲਨੇ ਫਿਰਨੇ ਬੈਠਨੇ ਹੱਥ ਉਠਾਨੇ ਅਰ ਅੱਖ ਆਦੀ ਦੇ ਚਲਾਨ ਵਿਚ ਭੀ ਪੀੜਾ ਜ਼ਰੂਰ ਪਹੁੰਚਦੀ ਹੋਵੇਗੀ, ਏਸ ਲਈ ਤੁਸੀਂ ਭੀ ਜੀਵਾਂ ਨੂੰ ਪੀੜਾ ਪੁਚਾਨ ਥੀਂ ਵੱਖਰੇ ਨਹੀਂ ਰਹ ਸਕਦੇ ॥

(ਪ੍ਰਸ਼ਨ) ਹਾਂ ਜਿਥੋਂ ਤਕ ਬਨ ਸਕੇ ਉਥੋਂ ਤਕ ਜੀਵਾਂ ਦੀ ਰਖਛਾਕਰਨੀ ਚਾਹੀਏ, ਅਰ ਜਿਥੇ ਅਸੀਂ ਨਹੀਂ ਬਚਾ ਸਕਦੇ ਉਥੇ ਅਸਮਰਥ ਹਾਂ, ਕਿਉਂਕਿ ਸਬ ਹਵਾ ਆਦੀ ਪਦਾਰਥਾਂ ਵਿਚ ਜੀਵ ਭਰੇ ਹੋਏ ਹਨ, ਜੋ ਅਸੀਂ ਮੂੰਹ ਉੱਤੇ ਕਪੜਾ ਨਾ ਬਨ੍ਹੀਏਂ ਤਾਂ ਬਹੁਤ ਜੀਵ ਮਰਨ, ਕਪੜਾ ਬਨ੍ਹਨ ਥੀਂ ਘੱਟ ਮਰਦੇ ਹਨ। (ਉੱਤਰ) ਏਹ ਭੀ ਤੁਹਾਡਾ ਕਹਨਾ ਯੁਕਤੀ ਰਹਿਤ ਹੈ, ਕਿਉਂਕਿ ਕਪੜਾ ਬਨ੍ਹਨ ਥੀਂ ਜੀਵਾਂ ਨੂੰ ਵਧੀਕ ਦੁੱਖ ਪਹੁੰਚਦਾ ਹੈ, ਜਦ ਕੋਈ ਮੂੰਹ ਉਪਰ ਕਪੜਾ ਬਨ੍ਹੇ ਤਾਂ ਉਸਦੇ ਮੂੰਹ ਦੀ ਹਵਾ ਰੁਕਕੇ ਹੇਠਾਂ ਵਾ ਪਾਸਿਆਂ ਵਲ ਅਰ ਚੁੱਪ ਵੇਲੇ ਵਿਚ ਨਾਸਾਂ ਵਲੋਂ ਅਕੱਠੀ ਹੋਕੇ ਜ਼ੋਰ ਨਾਲ ਨਿਕਲਦੀ ਹੈ, ਉਸ ਵਿਚ ਗਰਮੀ ਵਧੀਕ ਹੋਕੇ ਜੀਵਾਂ ਨੂੰ ਵਧੀਕ ਦੁਖ ਤੁਹਾਡੇ ਮਤ ਅਨੁਸਾਰ ਪਹੁੰਚਦਾ ਹੋਵੇਗਾ, ਦੇਖੋ! ਜੀਕਨ ਘਰ ਵਾ ਕੋਠੜੀ ਦੇ ਸਬ ਦਰਵਾਜ਼ੇ ਬੰਦ ਕੀਤੇ ਵਾ ਪੜਦੇ ਸੁੱਟੇ ਜਾਨ ਤਾਂ ਵਿਚ ਗਰਮੀ ਵਧੀਕ ਹੁੰਦੀ ਹੈ, ਖੁੱਲਾ ਰੱਖਨ ਥੀਂ ਉੱਨੀ ਨਹੀਂ ਹੁੰਦੀ, ਊਕਨ ਮੂੰਹ ਉੱਪਰ ਕਪੜਾ ਬਨ੍ਹਨ ਥੀਂ ਗਰਮੀ ਵਧੀਕ ਹੁੰਦੀ ਹੈ, ਅਰ ਖੁੱਲਾ ਰੱਖਨ ਥੀਂ ਘੱਟ, ਊਕਨ ਤੁਸੀਂ ਅਪਨੇ ਮਤ ਅਨੁਸਾਰ ਜੀਵਾਂ ਨੂੰ ਅਧਿਕ ਦੁੱਖ ਦੇਨ ਵਾਲੇ ਹੋ, ਅਰ ਜਦ ਮੂੰਹ ਬਨ੍ਹਿਆ ਜਾਂਦਾ ਹੈ ਤਦ ਨੱਕ ਦੇ ਛੇਕਾਂ ਥੀਂ ਹਵਾ ਰੁਕ ਕੇ ਅਕੱਠੀ ਹੋਕੇ ਜ਼ੋਰ ਨਾਲ ਨਿਕਲਦੀ ਹੋਈ ਜੀਵਾਂ ਨੂੰ ਵਧੀਕ ਧੱਕਾ ਅਰ ਪੀੜਾ ਦਿੰਦੀ ਹੋਵੇਗੀ। ਵੇਖੋ! ਜੀਕਨ ਕੋਈ ਮਨੁਸ਼ ਅੱਗ ਨੂੰ ਮੂੰਹ ਨਾਲ ਫੂਕਦਾ ਅਰ ਕੋਈ ਨਲੀ ਨਾਲ ਤਾਂ ਮੂੰਹ ਦੀ ਹਵਾ ਖਿੰਡਨ ਥੀਂ ਘਟ ਜ਼ੋਰ ਵਾਲੀ ਅਰ ਨਲੀ ਦੀ ਹਵਾ ਅਕੱਠੀ ਹੋਨ ਥੀਂ ਵਧੀਕ ਜ਼ੋਰ ਨਾਲ ਅੱਗ ਵਿੱਚ ਲਗਦੀ ਹੈ, ਊਕਨ ਹੀ ਮੂੰਹ ਉੱਪਰ ਪੱਟੀ ਬਨ੍ਹਕੇ ਹਵਾ ਨੂੰ ਰੋਕਨ ਥੀਂ ਨਾਸਾਂ ਵਿਚੋਂ ਬਹੁਤ ਉਤਾਵਲ ਨਾਲ ਨਿਕਲਕੇ ਜੀਵਾਂ ਨੂੰ ਅਧਿਕ ਦੁੱਖ ਦਿੰਦੀ ਹੈ, ਏਸ ਥੀਂ ਮੂੰਹ ਉੱਪਰ ਪੱਟੀ ਬਨ੍ਹਨ ਵਾਲਿਆਂ ਥੀਂ ਨਾ ਬਨ੍ਹਨ ਵਾਲੇ ਧਰਮਾਤਮਾ ਹਨ, ਅਰ ਮੁਖ ਉੱਪਰ ਪੱਟੀ ਬਨ੍ਹਨ ਥੀਂ ਅੱਖਰਾਂ ਦਾ ਜੀਕਨ ਚਾਹੀਏ ਤੇਹਾ (ਸਥਾਨ) ਪ੍ਰਯਤਨ ਦੇ ਨਾਲ ਉੱਚਾਰਣ ਭੀ ਨਹੀਂ ਹੁੰਦਾ, *ਨਿਰਨੁਨਾਸਿਕ ਅੱਖਰਾਂ ਨੂੰ

*(ਨੋਟ) ਜੋ ਨੱਕ ਨਾਲ ਨਾ ਬੋਲੇ ਜਾਂਨ ਉਨ੍ਹਾਂ ਨੂੰ ਨਿਰਅਨੁਨਾਸਿਕ, ਅਰ ਜੋ ਨੱਕ ਕਰਕੇ ਬੋਲੇ ਜਾਂਨ ਉਨ੍ਹਾਂ ਨੂੰ ਸ, ਅਨੁਨਾਸਿਕ ਕਹਿੰਦੇ ਹਨ।

Generated by CamScanner from intsig.com

ਸਾਨੁਨਾਸਿਕ ਬੋਲਨ ਥੀਂ ਭੁਹਾਨੂੰ ਦੋਸ਼ ਲੱਗਦਾ ਹੈ, ਤਥਾ ਮੁੰਹ ਉੱਪਰ ਪੱਟੀ ਬਨ੍ਹਨ ਥੀਂ ਬਦਬੋ ਭੀ ਵਧੀਕ ਹੁੰਦੀ ਹੈ ਕਿਉਂਕਿ ਸ਼ਰੀਰ ਦੇ ਅੰਦਰ ਬਦਬੋ ਭਰੀ ਹੈ। ਸ਼ਰੀਰ ਥੀਂ ਜਿੱਨੀ ਹਵਾ ਨਿਕਲਦੀ ਹੈ ਓਹ ਬਦਬੋ ਵਾਲੀ ਪ੍ਰਤਖਛਹੈ ਜੇ ਓਹ ਰੋਕੀ ਜਾਵੇ ਤਾਂ ਬਦਬੋ ਬਹੁਤ ਵੱਧ ਜਾਵੇ, ਜਿਹਾ ਕਿ ਬੰਦ ਜਾਜਰੂਰ, ਵਧੀਕ ਬਦਬੋ ਵਾਲਾ, ਅਰ ਖੁਲਿਆ ਹੋਇਆ ਘਟ ਬਦਬੋ ਵਾਲਾ ਹੁੰਦਾ ਹੈ, ਊਕਨ ਹੀ ਮੁੰਹ ਉੱਤੇ ਪੱਟੀ ਬਨ੍ਹਨਾ ਦੰਦ ਨਾ ਧੋਨੇ, ਮੁੰਹ ਨਾ ਧੋਨੇ, ਅਰ ਅਸ਼ਨਾਨ ਨਾ ਕਰਨੇ, ਤਥਾ ਕਪੜੇ ਨਾ ਧੋਨੇ ਕਰਕੇ ਭੁਹਾਡੇ ਸ਼ਰੀਰ ਥੀਂ ਅਧਿਕ ਬਦਬੋ ਉਤਪੰਨ ਹੋਕੇ ਸੰਸਾਰ ਵਿਚ ਬਹੁਤ ਰੋਗ ਕਰਕੇ ਜੀਵਾਂ ਨੂੰ ਜਿੱਨੀ ਪੀੜਾ ਪੁਚਾਂਦੇ ਹੋ ਉੱਨਾ ਪਾਪ ਭੁਹਨੂੰ ਵਧੀਕ ਹੁੰਦਾ ਹੈ. ਜੀਕਨ ਮੇਲੇ ਆਦੀ ਵਿਚ ਅਧਿਕ ਬਦਬੋ ਹੋਂਨ ਥੀਂ "ਵਿਸੂਚਿਕਾ" ਅਰਥਾਤ ਹੈਜ਼ਾ ਆਦੀ ਬਹੁਤ ਪ੍ਰਕਾਰ ਦੇ ਰੋਗ ਉਤਪੰਨ ਹੋਕੇ ਜੀਵਾਂ ਨੂੰ ਦੁੱਖਦਾਈ ਹੁੰਦੇ ਹਨ ਅਰ ਘੱਟ ਬਦਬੋ ਹੋਨ ਥੀਂ ਰੋਗ ਭੀ ਘੱਟ ਹੋਕੇ ਜੀਵਾਂ ਨੂੰ ਬਹੁਤ ਦੁੱਖ ਨਹੀਂ ਪਹੁੰਚਦਾ, ਏਸ ਥੀਂ ਭੁਸੀਂ ਵਧੀਕ ਬਦਬੋ ਵਧਾਨ ਵਿਚ ਵਧੀਕ ਅਪਰਾਧੀ ਅਰ ਜੇ ਮੁੰਹ ਉੱਪਰ ਪੱਟੀ ਨਹੀਂ ਬਨ੍ਹਦੇ, ਦਾਤਨ ਕਰਕੇ, ਮੁੰਹ ਧੋਕੇ ਅਸ਼ਨਾਨ ਕਰਕੇ ਜਗ-ਹਿ ਕਪੜਿਆਂ ਨੂੰ ਸਾਫ ਰੱਖਦੇ ਹਨ, ਓਹ ਭੁਹਾਡੇ ਨਾਲੋਂ ਬਹੁਤ ਅੱਛੇ ਹਨ, ਜੀਕਨ ਚੁਹੜਿਆਂ ਦੀ ਬਦਬੋ ਦੇ ਪਾਸ ਰਹਨ ਵਾਲਿਆਂ ਥੀਂ ਵੱਖਰੇ ਰਹਨ ਵਾਲੇ ਬਹੁਤ ਅੱਛੇ ਹਨ। ਜੀਕਨ ਚੁਹੜਿਆਂ ਥੀਂ ਬਦਬੋ ਦੇ ਪਾਸ ਵੱਸਨ ਥੀਂ ਨਿਰਮਲ ਬੁੱਧੀ ਨਹੀਂ ਹੁੰਦੀ ਊਕਨ ਭੁਸੀਂ ਅਰ ਭੁਹਾਡੇ ਸੰਗੀਆਂ ਦੀ ਭੀ ਬੁੱਧੀ ਨਹੀਂ ਵਧਦੀ ਜੀਕਨ ਰੋਗ ਦੀ ਅਧਿਕਤਾ ਅਰ ਬੁੱਧੀਦੇ ਥੋੜੇ ਹੋਨ ਥੀਂ ਧਰਮ ਸੇਵਨ ਦੀ ਰੁਕਾਵਟ ਹੁੰਦੀ ਹੈ ਊਕਨ ਹੀ ਬਦਬੋ ਵਾਲਾ ਤੁਹਾਡਾ ਅਰ ਭੁਹਾਡੇ ਸੰਗੀਆਂ ਦਾ ਭੀ ਹਾਲ ਹੁੰਦਾ ਹੋਵੇਗਾ॥

(ਪ੍ਰਸ਼ਨ) ਜੀਕਨ ਬੰਦ ਮਕਾਨ ਵਿਚ ਬਾਲੀ ਹੋਈ ਅੱਗ ਦੀ ਲਾਟ ਬਾਹਰ ਨਿਕਲਕੇ ਬਾਹਰ ਦੇ ਜੀਵਾਂ ਨੂੰ ਦੁੱਖ ਨਹੀਂ ਪੁਚਾ ਸਕਦੀ, ਊਕਨ ਅਸੀਂ ਮੁੰਹ ਪੱਟੀ ਬਨ੍ਹਕੇ ਹਵਾ ਨੂੰ ਰੋਕ ਕੇ ਬਾਹਰ ਦੇ ਜੀਵਾਂ ਨੂੰ ਘੱਟ ਦੁੱਖ ਪੁਚਾਨ ਵਾਲੇ ਹਾਂ, ਮੁੰਹ ਪੱਟੀ ਬਨ੍ਹਨ ਥੀਂ ਬਾਹਰ ਦੇ ਹਵਾ ਦੇ ਜੀਵਾਂ ਨੂੰ ਪੀੜਾ ਨਹੀਂ ਪਹੁੰਚਦੀ, ਅਰ ਜੀਕਨ ਸਾਮਨੇ ਅੱਗ ਬਲਦੀ ਹੈ ਉਸ ਨੂੰ ਟੇਢਾ ਹੱਥ ਦੇਨ ਥੀਂ ਘੱਟ ਲਗਦੀ ਹੈ ਅਰ ਹਵਾ ਦੇ ਜੀਵ ਸ਼ਰੀਰ ਵਾਲੇ ਹੋਨ ਥੀਂ ਉਨ੍ਹਾਂ ਨੂੰ ਪੀੜਾ ਜ਼ਰੂਰ ਪਹੁਚਦੀ ਹੈ॥

(ਉੱਤਰ) ਏਹ ਭੁਹਾਡੀ ਬਾਤ ਬਾਲਪਨ ਦੀ ਹੈ, ਪਹਿਲਾਂ ਤਾਂ ਦੇਖੋ! ਜਿੱਥੇ ਛਿਦ੍ਰ ਅਰ ਅੰਦਰ ਹਵਾ ਦਾ ਸੰਬੰਧ ਬਾਹਿਰ ਦੀ ਹਵਾ ਦੇ ਨਾਲ ਨਾ ਹੋਵੇ ਤਾਂ ਉੱਥੇ ਅੱਗ ਬਲ ਹੀ ਨਹੀਂ ਸੱਕਦੀ, ਜੋ ਇਨਾਂ ਨੂੰ ਪ੍ਰਤਖਛ ਦੇਖਨਾ ਚਾਹੋ ਤਾਂ ਕਿਸੇ ਫਨੂਸ ਵਿਚ ਦੀਵਾ ਜਗਾਕੇ ਸਾਰੇ ਛਿਦ੍ਰ ਬੰਦ ਕਰਕੇ ਦੇਖੋ ਤਾਂ ਦੀਵਾ

Generated by CamScanner from intsig.com

ਉੱਸੇ ਵੇਲੇ ਬੁਝ ਜਾਵੇਗਾ, ਜੀਕਨ ਜ਼ਮੀਨ ਉੱਪਰ ਰਹਨ ਵਾਲੇ ਮਨੁਸ਼ ਆਦੀ ਪ੍ਰਾਣੀ ਬਾਹਿਰ ਦੀ ਹਵਾ ਦ ਸੰਬੰਧ ਤੇ ਬਿਨਾ ਨਹੀਂ ਜੀ ਸਕਦੇ ਉੱਕਨ ਅੱਗ ਭੀ ਨਹੀਂ ਬਲ ਸਕਦੀ, ਜਦ ਇੱਕ ਤਰਫ ਥੀਂ ਅੱਗ ਦਾ ਵੇਗ ਰੋਕਿਆ ਜਾਵੇ ਤਾਂ ਦੂਜੇ ਪਾਸਿਓਂ ਵਧੀਕ ਵੇਗ ਨਾਲ ਨਿਕਲੇਗੀ, ਅਰ ਹੱਥ ਦਾ ਓਹਲਾ ਕਰਨ ਥੀਂ ਮੂੰਹ ਉਪਰ ਸੇਕ ਘਟ ਲਗਦਾ ਹੈ, ਪਰੰਤੂ ਓਹ ਸੇਕ ਹੱਥ ਉਪਰ ਵਧੀਕ ਲਗ ਰਿਹਾ ਹੈ, ਏਸ ਲਈ ਤੁਹਾਡੀ ਬਾਤ ਠੀਕ ਨਹੀਂ ॥

(ਪ੍ਰਸ਼ਨ) ਏਸ ਨੂੰ ਸਬ ਕੋਈ ਜਾਨਦਾ ਹੈ ਕਿ ਜਦ ਕਿਸੇ ਬਡੇ ਮਨੁਸ਼ ਥੀਂ ਛੋਟਾ ਮਨੁਸ਼ ਕੰਨ ਵਿਚ ਵਾ ਪਾਸ ਹੋਕੇ ਗੱਲ ਕਹਿੰਦਾ ਹੈ ਤਦ ਮੂੰਹ ਉਪਰ ਪੱਲਾ ਵਾ ਹੱਥ ਲਗਾਂਦਾ ਹੈ ਏਸ ਲਈ ਕਿ ਮੂੰਹ ਥੀਂ ਥੁੱਕ ਉਡਕੇ ਵਾ ਬਦਬੋ ਉਸਨੂੰ ਨਾ ਲੱਗੇ, ਅਰ ਜਦ ਪੁਸਤਕ ਵਾਚਦਾ ਹੈ ਤਦ ਜ਼ਰੂਰ, ਥੁੱਕ ਉਡਕੇ ਉਸ ਉਪਰ ਡਿਗਨ ਥੀਂ ਜੂਠਾ ਹੋਕੇ ਓਹ ਵਿਗੜ ਜਾਂਦਾ ਹੈ ਏਸ ਲਈ ਏਹ ਮੂੰਹ ਉਪਰ ਪੱਟੀ ਦਾ ਬੱਨ੍ਹਨਾ ਅੱਛਾ ਹੈ ॥

(ਉੱਤਰ) ਏਸ ਥੀਂ ਏਹ ਸਿੱਧ ਹੋਇਆ ਕਿ ਜੀਵਦੀ ਰਖਛਾ ਵਾਸਤੇ ਮੂੰਹ ਉੱਤੇ ਪੱਟੀ ਬੱਨ੍ਹਨਾ ਵਿਅਰਥ ਹੈ, ਅਰ ਜਦ ਕੋਈ ਵਡੇ ਮਨੁਸ਼ ਨਾਲ ਗੱਲ ਕਰਦਾ ਹੈ ਤਾਂ ਮੂੰਹ ਉੱਤੇ ਹੱਥ ਵਾ ਪੱਲਾ ਏਸਲਈ ਰਖਦਾ ਹੈ ਕਿ ਉਸ ਗੁਪਤ ਗੱਲ ਨੂੰ ਦੂਜਾਕੋਈ ਨਾ ਸੁਨ ਲਵੇ, ਕਿਉਂਕਿ ਜਦ ਕੋਈ ਸਾਮਨੇ ਬਾਤ ਕਰਦਾ ਹੈ ਤਦ ਕੋਈ ਭੀ ਮੂੰਹ ਉੱਤੇ ਹਥ ਵਾ ਪੱਲਾ ਨਹੀਂ ਧਰਦਾ, ਏਸ ਥੀਂ ਕੀ ਮਲੂੰਮ ਹੁੰਦਾ ਹੈ ਕਿ ਗੁਪਤ ਗੱਲਦੇ ਲਈ ਏਹ ਗੱਲ ਹੈ। ਦਾਤਨ ਆਦੀ ਨਾ ਕਰਨ ਥੀਂ ਤੁਹਾਡੇ ਮੂੰਹ ਆਦੀ ਅੰਗਾਂ ਥੀਂ ਅਤਨੰਤ ਬਦਬੋ ਨਿਕਲਦੀ ਹੈ, ਅਰ ਜਦ ਤੁਸੀਂ ਕਿਸੇਦੇ ਪਾਸ ਵਾ ਕੋਈ ਤੁਹਾਡੇ ਪਾਸ ਬੈਠਦਾ ਹੋਵੇਗਾ ਤਾਂ ਬਿਨਾ ਬਦਬੋ ਦੇ ਹੋਰ ਕੀ ਆਉਂਦਾ ਹੋਵੇਗਾ ? ਇਤਿਆਦੀ ਮੂੰਹ ਦੇ ਓਹਲੇ ਹੱਥ ਵਾ ਪੱਲਾ ਦੇਨਦੇ ਮਤਥਲ ਹੋਰ ਬਹੁਤ ਹਨ, ਜੀਕਨ ਬਹੁਤ ਮਨੁਸ਼ਾਂ ਦੇ ਸਾਮਨੇ ਗੁਪਤ ਗੱਲ ਕਰਨ ਵਿੱਚ ਜੇ ਹੱਥ ਵਾ ਪੱਲਾ ਨਾ ਲਗਾਇਆ ਜਾਵੇ ਤਾਂ ਦੂਜੇ ਦੀ ਤਰਫ ਹਵਾਦੇ ਖਿੰਡਨ ਥੀਂ ਗੱਲ ਭੀ ਖਿੰਡ ਜਾਵੇ, ਜਦ ਓਹ ਦੋਏ ਏਕਾਂਤ ਵਿੱਚ ਗੱਲ ਕਰਦੇ ਹਨ ਤਾਂ ਮੂੰਹ ਉੱਤੇ ਹੱਥ ਵਾ ਪੱਲਾ ਏਸ ਲਈ ਨਹੀਂ ਲਗਾਂਦੇ ਕਿ ਇੱਥੇ ਤੀਜਾ ਕੋਈ ਸੁਨਨ ਵਾਲਾ ਨਹੀਂ, ਜੇ ਵਡਿਆਂ ਹੀਦੇ ਉਪਰ ਥੁੱਕ ਨਾ ਡਿੱਗੇ ਏਸਥੀਂ ਕੀ ਛੋਟਿਆਂ ਦੇ ਉੱਪਰ ਥੁੱਕ ਪਾਨੀ ਚਾਹੀਏ ? ਅਰ ਉਸ ਥੁੱਕਥੀਂ ਬਚਭੀ ਨਹੀਂ ਸੱਕਦਾ, ਕਿਉਂਕਿ ਅਸੀਂ ਦੂਰ ਖਲੋਕੇ ਗੱਲ ਕਰੀਏ ਅਰ ਹਵਾ ਗਾਡੀ ਤਰਫੋਂ ਦੂਜੇ ਦੀ ਤਰਫ ਜਾਂਦੀ ਹੋਵੇ ਤਾਂ ਸੂਖਛਮ ਹੋਕੇ ਉਸਦੇ ਸ਼ਰੀਰ ਉੱਪਰ ਹਵਾਦੇ ਸੰਗ ਤ੍ਰਿਸਰੇਣੂ ਜ਼ਰੂਰ ਡਿੱਗਨਗੇ, ਉਸਦਾ ਦੋਸ਼ ਗਿਨਨਾਅਵਿਦਿਆ ਦੀ ਗੱਲ ਹੈ, ਕਿਉਂਕਿ ਜੋ ਮੂੰਹ ਦੀ ਗਰਮੀ ਥੀਂ ਜੀਵ ਮਰਦੇ ਵਾ ਉਨ੍ਹਾਂ ਨੂੰ ਪੀੜਾ ਪਹੁੰਚਦੀ ਹੋ ਤਾਂ ਵਿਸਾਖ ਵਾ

Generated by CamScanner from intsig.com

ਜੇਠਦੇ ਮਹੀਨੇ ਵਿਚ ਸੂਰਯ ਦੀ ਮਹਾਗਰਮੀ ਥੀਂ ਹਵਾਦੇ ਜੀਵਾਂ ਵਿਚੋਂ ਮੋਏ ਬਿਨਾ ਇਕ ਭੀ ਨਾ ਬਚ ਸੱਕੇ, ਸੋ ਗਰਮੀ ਥੀਂ ਭੀ ਓਹ ਜੀਵ ਨਹੀਂ ਮਰ ਸਕਦੇ, ਏਸ ਲਈ ਏਹ ਤੁਹਾਡਾ ਸਿੱਧਾਂਤ ਝੂਠਾ ਹੈ, ਕਿਉਂਕਿ ਜੇ ਤੁਹਾਡੇ ਤੀਰਥੰਕਰ ਭੀ ਪੂਰੇ ਵਿਦਵਾਨ ਹੁੰਦੇ ਤਾਂ ਅਜੇਹੀ ਵਿਅਰਥ ਬਾਤਾਂ ਕਿਉਂ ਕਰਦੇ ? ਦੇਖੋ ! ਪੀੜ ਉਨ੍ਹਾਂਹੀ ਜੀਵਾਂ ਨੂੰ ਪਹੁੰਚਦੀ ਹੈ ਜਿਨ੍ਹਾਂਦੀ ਬ੍ਰਿਤੀ ਸਾਰੇ ਅੰਗਾਂ ਦੇ ਸੰਗ ਲੱਗੀ ਹੋਵੇ ਏਸ ਵਿਚ ਪ੍ਰਮਾਣਃ—

ਪੰਚਾਵਯਵਯੋਗਾਤਸੁਖਸੰਵਿੱਤਿਃ ॥ ਸਾਂਖਃ ਅ੦ ੫। ਸੂ੦ ੨੭।

ਜਦ ਪੰਜਾਂ ਇੰਦ੍ਰੀਆਂ ਦਾ ਪੰਜਾਂ ਵਿਸ਼ਿਆਂ ਦੇ ਸੰਗ ਸੰਬੰਧ ਹੁੰਦਾ ਹੈ ਤਦੇ ਸੁਖ ਵਾ ਦੁੱਖ ਦੀ ਪ੍ਰਾਪਤੀ ਜੀਵ ਨੂੰ ਹੁੰਦੀ ਹੈ, ਜੀਕਨ ਡੋਰੇ ਨੂੰ ਗਾਲੀ ਦਾ ਦੇਨਾ, ਅਨ੍ਹੇ ਨੂੰ ਰੂਪ ਵਾ ਅੱਗੇ ਥੀਂ ਸੱਪ ਬਘਿਆੜ ਆਦੀ ਡਰਾਉਨੇ ਜੀਵਾਂ ਦਾ ਚਲਾ ਜਾਨਾ, ਮੂੰਨ ਬਹਰੀ ਵਾਲੇ ਨੂੰ ਛੁਹਨਾ ਜ਼ੁਕਾਮ ਰੋਗ ਵਾਲੇ ਨੂੰ ਬੋ, ਅਰ ਮੂੰਨਜ਼ਬਾਨ ਵਾਲੇ ਨੂੰ ਸੁਆਦ ਪ੍ਰਾਪਤ ਨਹੀਂ ਹੋ ਸਕਦਾ, ਇਸੇ ਪ੍ਰਕਾਰ ਉਨਾਂ ਜੀਵਾਂ ਦਾ ਭੀ ਹਾਲ ਹੈ। ਦੇਖੋ ! ਜਦ ਮਨੁਸ਼ ਦਾ ਜੀਵ ਸੁਸ਼ੁਪਤੀ ਦਸ਼ਾ ਵਿਚ ਰਹਿੰਦਾ ਹੈ ਤਦ ਉਸਨੂੰ ਸੁਖ ਵਾ ਦੁਖ ਦੀ ਪ੍ਰਾਪਤੀ ਕੁਝ ਨਹੀਂ ਹੁੰਦੀ ਕਿਉਂਕਿ ਓਹ ਸ਼ਰੀਰ ਦੇ ਅੰਦਰ ਤਾਂ ਹੈ ਪਰੰਤੂ ਉਸਦਾ ਬਾਹਰ ਦੇ ਅੰਗਾਂ ਦੇ ਸੰਗ ਉਸ ਵੇਲੇ ਸੰਬੰਧ ਨਾ ਰਹਨ ਥੀਂ ਸੁਖ, ਦੁਖ ਦੀ ਪ੍ਰਾਪਤੀ ਨਹੀਂ ਕਰ ਸਕਦਾ, ਅਰ ਜੀਕਨ ਵੈਦ ਵਾ ਅੱਜਕਲ ਦੇ ਡਾਕਟਰ ਲੋਗ ਨਸ਼ੇ ਦੀ ਚੀਜ਼ ਖੁਆ ਵਾ ਸੁੰਘਾ ਕੇ ਰੋਗੀ ਪੁਰੁਸ਼ ਦੇ ਸ਼ਰੀਰ ਦੇ ਅਵੈਵਾਂ ਨੂੰ ਕੱਟਦੇ ਵਾ ਚੀਰਦੇ ਹਨ, ਉਸਨੂੰ ਉਸ ਵੇਲੇ ਕੁਝ ਭੀ ਦੁਖ ਪ੍ਰਤੀਤ ਨਹੀਂ ਹੁੰਦਾ, ਉਕਨ ਹਵਾਦੇ ਸ਼ਰੀਰ ਵਾਲੇ ਅਥਵਾ ਹੋਰ ਸਥਾਵਰ ਸ਼ਰੀਰ ਵਾਲੇ ਜੀਵਾਂ ਨੂੰ ਸੁਖ ਵਾ ਦੁਖ ਪ੍ਰਾਪਤ ਕਦੀ ਨਹੀਂ ਹੋ ਸਕਦਾ, ਜੀਕਨ ਬਿਹੋਸ਼ ਪ੍ਰਾਣੀਸੁਖ ਦੁਖਨੂੰ ਪ੍ਰਾਪਤਨਹੀਂ ਹੋ ਸਕਦਾ, ਉਕਨ ਓਹ ਹਵਾ ਦੇ ਜੀਵ ਭੀ ਬਹੁਤ ਹੀ ਬੇਹੋਸ਼ ਹੋਨਥੀਂ ਸੁਖ ਦੁਖ ਨੂੰ ਪ੍ਰਾਪਤ ਨਹੀਂ ਹੋ ਸਕਦੇ,ਫੇਰ ਇਨਾਂ ਨੂੰ ਦੁੱਖ ਥੀਂ ਬਚਾਨ ਦੀ ਬਾਤ ਸਿੱਧ ਕਿਸਤਰਾਂ ਹੋ ਸਕਦੀ ਹੈ ? ਜਦ ਉਨ੍ਹਾਂ ਨੂੰ ਸੁਖ ਦੁਖ ਦੀ ਪ੍ਰਾਪਤੀ ਹੀਪ੍ਰਤਖਛ ਨਹੀਂ ਹੁੰਦੀ ਤਾਂ ਅਨੁਮਾਨ ਆਦੀ ਇੱਥੇ ਕਿਸ ਤਰਾਂ ਬਨ ਸਕਦੇ ਹਨ ॥

(ਪ੍ਰਸ਼ਨ) ਜਦ ਓਹ ਜੀਵ ਹਨ ਤਾਂ ਉਨਾਂ ਨੂੰ ਸੁਖ, ਦੁੱਖ ਕਿਉਂ ਨਹੀਂ ਹੋਵੈਗਾ ? (ਉੱਤਰ) ਸੁਨੋ ! ਭੋਲੇ ਭਰਾਵੋ ! ਜਦ ਤੁਸੀਂ ਸੁਸ਼ੁਪਤੀ ਵਿਚ ਹੁੰਦੇ ਹੋ ਤਦ ਤੁਹਾਨੂੰ ਸੁਖ ਦੁਖ ਪ੍ਰਾਪਤ ਕਿਉਂ ਨਹੀਂ ਹੁੰਦੇ ? ਸੁਖ ਦੁਖ ਦੀ ਪ੍ਰਾਪਤੀ ਦਾ ਸਬਬ ਪ੍ਰਸਿੱਧ ਸੰਬੰਧ ਹੈ, ਹੁਨੇ ਹੀ ਅਸੀਂ ਏਸਦਾ ਉੱਤਰ ਦੇ ਆਏ ਹਾਂ ਕਿ ਨਸ਼ਾ ਸੁੰਘਾਕੇ ਡਾਕਟਰ ਲੋਗ ਅੰਗਾਂ ਨੂੰ ਚੀਰਦੇ, ਫਾੜਦੇ ਅਰ ਕੱਟਦੇ ਹਨ ਜੀਕਨ ਉਸਨੂੰ ਦੁਖ ਮਲੂਮ ਨਹੀਂ ਹੁੰਦਾ ਇੱਸੇ ਤਰਾਂ ਬਹੁਤ ਹੀ ਬੇਹੋਸ਼

Generated by CamScanner from intsig.com

ਜੀਵਾਂ ਨੂੰ ਸੁਖ ਦੁਖ ਕਿਸ ਤਰਾਂ ਪ੍ਰਾਪਤ ਹੋਨ, ਕਿਉਂਕਿ ਉੱਥੇ ਪ੍ਰਾਪਤ ਹੋਨ ਦਾ ਸਾਧਨ ਕੋਈ ਨਹੀਂ ॥

(ਪ੍ਰਸ਼ਨ) ਦੇਖੋ! ਨਿਲੋਂਤੀ ਅਰਥਾਤ ਜਿੰਨੇ ਹਰੇ ਸਾਗ,, ਪਤ੍ਰ ,ਅਰ ਕੰਦ ਮੂਲ ਹਨ ਉਨਾਂ ਨੂੰ ਅਸੀਂ ਲੋਗ ਨਹੀਂ ਖਾਂਦੇ ਕਿਉਂਕਿ ਨਿਲੋਂਤੀ ਵਿਚ ਬਹੁਤ ਅਰ ਕੰਦ ਮੂਲ ਵਿਚ ਅਨਗਿਨਤ ਜੀਵ ਹਨ, ਜੋ ਅਸੀਂ ਉਨਾਂ ਨੂੰ ਖਾਈਏ ਤਾਂ ਉਨਾਂ ਜੀਵਾਂ ਨੂੰ ਮਾਰਨੇ ਅਰ ਪੀੜਾ ਪਹੁੰਚਾਨ ਥੀਂ ਅਸੀਂ ਲੋਗ ਪਾਪੀ ਹੋ ਜਾਈਏ (ਉੱਤਰ) ਏਹ ਤੁਹਾਡੀ ਵੱਡੀ ਅਵਿਦਿਆ ਦੀ ਬਾਤ ਹੈ, ਕਿਉਂਕਿ ਹਰੇ ਸਾਗ ਦੇ ਖਾਨ ਵਿਚ ਜੀਵਦਾ ਮਰਨਾ ਉਨਾਂ ਨੂੰ ਦੁਖ ਪਹੁੰਚਾਨਾ ਕਿਸ ਤਰਾਂ ਮੰਨਦੇ ਹੋ ? ਭਲਾ ਜਦ ਤੁਹਾਨੂੰ ਪੀੜਾ ਪ੍ਰਾਪਤ ਹੁੰਦੀ ਪ੍ਰਤਖਛ ਨਹੀਂ ਦਿੱਸਦੀ ਅਰ ਜੇ ਦਿੱਸਦੀ ਹੈ ਤਾਂ ਸਾਨੂੰ ਭੀ ਦਿਖਾਓ, ਤੁਸੀਂ ਕਦੀ ਨਾ ਪ੍ਰਤਖਛ ਦੇਖ ਵਾ ਸਾਨੂੰ ਦਿਖਾ ਸੱਕੋਗੇ। ਜਦ ਪ੍ਰਤਖਛ ਨਹੀਂ ਤਾਂ ਅਨੁਮਾਨ, ਉਪਮਾਨ ਅਰ ਸ਼ਬਦ ਪ੍ਰਮਾਣ ਭੀ ਕਦੀ ਨਹੀਂ ਘਟ ਸੱਕਦਾ, ਫੇਰ ਜੇਹੜਾ ਅਸੀਂ ਉੱਪਰ ਉੱਤਰ ਦੇ ਆਏਹਾਂ ਓਹ ਏਸ ਬਾਤ ਦਾ ਭੀ ਉੱਤਰ ਹੈ ਕਿਉਂਕਿ ਜੋ ਬਹੁਤ ਹੀ ਹਨੇਰੇ ਮਹਾਸੁਸ਼ੁਪਤੀ ਅਰ ਮਹਾਂ ਨਸ਼ੇ ਵਿੱਚ ਜੀਵ ਹਨ ਉਨ੍ਹਾਂ ਨੂੰ ਸੁਖ ਦੁਖ ਦੀ ਪ੍ਰਾਪਤੀ ਮੰਨਨਾ ਤੁਹਾਡੇ ਤੀਰਥੰਕਰਾਂ ਦੀ ਭੀ ਭੁੱਲ ਮਲੂਮ ਹੁੰਦੀ ਹੈ, ਜਿਨ੍ਹਾਂ ਨੇ ਤੁਹਾਨੂੰ ਅਜੇਹੀ ਯੁਕਤੀ ਅਰ ਵਿਦਿਆ ਵਿਰੁੱਧ ਉਪਦੇਸ਼ ਕੀਤਾ ਹੈ, ਭਲਾ ਜਦ ਘਰਦਾ ਅੰਤ ਹੈ ਤਾਂ ਉਸ ਵਿਚ ਰਹਨ ਵਾਲੇ ਅਨੰਤ ਕਿਸਤਰਾਂ ਹੋ ਸੱਕਨ ਗੇ ? ਜਦ ਕੰਦ ਦਾ ਅੰਤ ਅਸੀਂ ਵੇਖਦੇ ਹਾਂ ਤਾਂ ਉਸ ਵਿਚ ਰਹਨ ਵਾਲੇ ਜੀਵਾਂ ਦਾ ਅੰਤ ਕਿਉਂ ਨਹੀਂ ? ਏਸ ਥੀਂ ਏਹ ਤੁਹਾਡੀ ਬਾਤ ਵੱਡੀ ਭੁੱਲ ਦੀ ਹੈ ॥

(ਪ੍ਰਸ਼ਨ) ਵੇਖੋ! ਤੁਸੀਂ ਲੋਗ ਬਿਨਾ ਗਰਮ ਕੀਤੇ ਕੱਚਾ ਪਾਨੀ ਪੀਂਦੇ ਹੋ ਓਹ ਵੱਡਾ ਪਾਪ ਕਰਦੇ ਹੋ, ਜੀਕਨ ਅਸੀਂ ਗਰਮ ਪਾਨੀ ਪੀਨੇ ਹਾਂ ਉਕਨ ਤੁਸੀਂ ਲੋਗ ਭੀ ਪੀਤਾ ਕਰੋ ॥

(ਉੱਤਰ) ਏਹ ਭੀ ਤੁਹਾਡੀ ਬਾਤ ਭ੍ਰਮ ਜਾਲਦੀ ਹੈ, ਕਿਉਂਕਿ ਜਦ ਤੁਸੀਂ ਪਾਨੀ ਨੂੰ ਗਰਮ ਕਰਦੇ ਹੋ ਤਦ ਪਾਨੀ ਦੇ ਜੀਵ ਸਭ ਮਰਦੇ ਹੋਨਗੇ, ਅਰ ਉਨ੍ਹਾਂਦਾ ਸ਼ਰੀਰਪਾਨੀ ਵਿਚ ਰਿੱਝਕੇ ਓਹ ਪਾਨੀ ਮੌਫਦੇ ਅ ਕ ਦੇ ਵਾਕਰ ਹੋਨ ਥੀਂ ਜਾਨੋ ਤੁਸੀਂ ਉਨ੍ਹਾਂ ਦੇ ਸ਼ਰੀਰ ਦਾ "ਤੇਜਆਬ" ਪੀਂਦੇ ਹੋ, ਏਸ ਥੀਂ ਤੁਸੀਂ ਵੱਡੇ ਪਾਪੀ ਹੋ। ਅਰ ਜੋ ਠੰਡਾ ਜਲ ਪੀਂਦੇ ਹਨ ਓਹ ਨਹੀਂ, ਕਿਉਂਕਿ ਜਦ ਠੰਡਾ ਪਾਨੀ ਪੀਂਨਗੇ ਤਦ ਪੇਟ ਵਿਚ ਜਾਨ ਥੀਂ ਥੋੜੀ ਗਰਮੀ ਪਾਕੇ ਸ੍ਵਾਸ ਦੇ ਨਾਲ ਓਹ ਜੀਵ ਬਾਹਰ ਨਿਕਲ ਜਾਨਗੇ, ਜਲ ਵਾਲੇ ਜੀਵਾਂ ਨੂੰ ਸੁਖ ਦੁੱਖ ਪ੍ਰਾਪਤ ਪਹਿਲਾਂ ਕਹੀ ਰੀਤੀ ਨਾਲ ਨਹੀਂ ਹੋ ਸਕਦਾ, ਫੇਰ ਏਸ ਵਿਚ ਪਾਪ ਕਿਸੇ ਨੂੰ ਨਹੀਂ ਹੋਵੇਗਾ ॥

(ਪ੍ਰਸ਼ਨ) ਜੀਕਨ ਪੇਟ ਦੀ ਅੱਗ ਥੀਂ ਉਕਨ ਗਰਮੀ ਪਾਕੇ ਜਲ

Generated by CamScanner from intsig.com

ਥੀਂ ਬਾਹਿਰ ਜੀਵ ਕਿਉਂ ਨਾ ਨਿਕਲ ਜਾਨਗੇ ॥

(ਉੱਤਰ) ਹਾਂ ਨਿਕਲ ਭਾਂ ਜਾਂਦ, ਪਰੰਤੂ ਜਦ ਤੁਸੀਂ ਮੂੰਹ ਦੀ ਹਵਾ ਦੀ ਗਰਮੀ ਥੀਂ ਜੀਵ ਦਾ ਮਰਨਾ ਮੰਨਦੇ ਹੋ ਤਾਂ ਪਾਨੀ ਗਰਮ ਕਰਨ ਥੀਂ ਤੁਹਾਡੇ ਮਤ ਅਨੁਸਾਰ ਜੀਵ ਮਰਜਾਨਗੇ ਵਾ ਵਧੀਕ ਪੀੜਾ ਪਾਕੇ ਨਿਕਲਨਗੇ ਅਰ ਉਨ੍ਹਾਂ ਦੇ ਸ਼ਰੀਰ ਉਸ ਜਲ ਵਿਚਰਿੱਝ ਜਾਨਗੇ, ਏਸ ਥੀਂ ਤੁਸੀਂ ਵਧੀਕ ਪਾਪੀ ਹੋਵੋਗੇ ਵਾ ਨਹੀਂ ?

(ਪ੍ਰਸ਼ਨ) ਅਸੀਂ ਅਪਨੇ ਹੱਥ ਥੀਂ ਗਰਮ ਜਲ ਨਹੀਂ ਕਰਦੇ ਅਰ ਨਾ ਕਿਸੇ ਗ੍ਰਿਹਸਥੀ ਨੂੰ ਗਰਮ ਜਲ ਕਰਨ ਦੀ ਆਗਿਆ ਦਿੰਦੇ ਹਾਂ ਏਸ ਲਈ ਸਾਨੂੰ ਪਾਪ ਨਹੀਂ ॥

(ਉੱਤਰ) ਜੋ ਤੁਮੀਂ ਗਰਮਜਲ ਨਾ ਲੈਂਦੇ, ਨਾ ਪੀਂਦੇ ਤਾਂ ਗ੍ਰਿਹਸਥੀ ਗਰਮ ਕਿਉਂ ਕਰਦੇ ? ਏਸ ਲਈ ਉਸ ਪਾਪਦੇ ਭਾਗੀ ਤੁਸੀਂ ਹੀ ਹੋ ਉਲਟੇ ਵਧੀਕ ਪਾਪੀ ਹੋ, ਕਿਉਂਕਿ ਜੋ ਤੁਸੀਂ ਕਿਸੇ ਇਕ ਗ੍ਰਿਹਸਥੀ ਨੂੰ ਗਰਮ ਕਰਨ ਨੂੰ ਕਹਿੰਦੇ ਤਾਂ ਇਕ ਠਿਕਾਨੇ ਗਰਮ ਹੁੰਦਾ, ਜਦ ਓਹ ਗ੍ਰਿਹਸਥੀ ਏਸ ਭੁਲੇਖੇ ਵਿਚ ਰਹਿੰਦੇ ਹਨ ਕਿ ਨਾ ਜਾਨੇ ਸਾਧੂ ਜੀ ਕਿਸ ਦੇ ਘਰ ਨੂੰ ਆਉਨਗੇ ਏਸਲਈ ਹਰਇਕ ਗ੍ਰਿਹਸਥੀ ਅਪਨੇ ਅਪਨੇ ਘਰ ਵਿਚ ਗਰਮ ਜਲ ਕਰਰਖਦੇ ਹਨ. ਏਸ ਪਾਪਦੇ ਭਾਗੀ ਮੁੱਖ ਤੁਸੀਂ ਹੀ ਹੋ। ਦੂਜਾ ਜ਼ਿਆਦਾ ਲਕੜੀ ਅਰ ਅੱਗਦੇ ਬਲਨੇ ਬਾਲਨੇ ਥੀਂ ਭੀ ਉੱਪਰ ਲਿਖੇ ਪ੍ਰਮਾਣੇ ਰਸੋਈ, ਖੇਤੀ ਅਰ ਵਿਹਾਰ ਆਦੀ ਵਿਚ ਜ਼ਿਆਦਾ ਪਾਪੀ ਅਰ ਨਰਕਗਾਮੀ ਹੁੰਦੇ ਹੋ, ਫੇਰ ਜਦ ਗਰਮ ਜਲ ਕਰਾਨੇ ਦੇ ਮੁੱਖ ਕਾਰਣ, ਅਰ ਤੁਸੀਂ ਗਰਮ ਜਲਦੇ ਪੀਨੇ ਅਰ ਠੰਡੇਦੇ ਨਾ ਪੀਨੇ ਦੇ ਉਪਦੇਸ਼ ਕਰਨ ਥੀਂ ਤੁਸੀਂ ਹੀ ਮੁੱਖ ਪਾਪ ਦੇ ਭਾਗੀ ਹੋ ਅਰ ਜੋ ਤੁਹਾਡਾ ਉਪਦੇਸ਼ ਮੰਨਕੇ ਅਜੇਹੀ ਗੱਲਾਂ ਕਰਦੇ ਹਨ ਓਹ ਭੀ ਪਾਪੀ ਹਨ। ਹੁਨ ਵੇਖੋ। ਕਿ ਤੁਸੀਂ ਵੱਡੀ ਅਵਿਦਿਆ ਵਿੱਚ ਹੁੰਦੇ ਹੋ ਵਾ ਨਹੀਂ ? ਕਿ ਛੋਟੇ ਛੋਟੇ ਜੀਵਾਂ ਉੱਪਰ ਦਇਆ ਕਰਨੀ, ਅਰ ਹੋਰੀ ਮਤ ਵਾਲਿਆਂ ਦੀ ਨਿੰਦਿਆ ਅਨੁਪਕਾਰ ਕਰਨਾ ਕੀ ਥੋੜਾ ਪਾਪ ਹੈ ? ਜੋ ਤੁਹਾਡੇ ਤੀਰਥੰਕਰਾਂ ਦਾ ਮਤ ਸੱਚਾ ਹੁੰਦਾ ਤਾਂ ਸ੍ਰਿਸ਼ਟੀ ਵਿਚ ਇੱਨਾਂ ਮੀਂਹ, ਦਰਯਾਵਾਂ ਦਾ ਚਲਨਾ, ਅਰ ਇੱਨਾਂ ਜਲ ਕਿਉਂ ਉਤਪੰਨ ਈਸ਼ੂਰ ਨੇ ਕੀਤਾ ? ਅਰ ਸੂਰਯ ਨੂੰ ਭੀ ਉਤਪੰਨ ਨਾ ਕਰਦਾ ਕਿਉਂਕਿ ਇਨਾਂ ਵਿਚ ਕ੍ਰੋੜਾਂ ਦਰ ਕ੍ਰੋੜਾਂ ਜੀਵ ਤੁਹਾਡੇ ਮਤ ਅਨੁਸਾਰ ਮਰਦੇਹੀ ਹੋਨਗੇ ਜਦ ਓਹ ਮਾਜੂਦਸਨ ਅਰ ਤੁਸੀਂ ਜਿਨ੍ਹਾਂ ਨੂੰ ਈਸ਼ੂਰ ਮੰਨਦੇ ਹੋ ਉਨ੍ਹਾਂ ਨੇ ਦਇਆ ਕਰ ਸੂਰਯ ਦੀ ਤਪਤ ਅਰ ਬੱਦਲ ਨੂੰ ਬਨ੍ਹ ਕਿਉਂ ਨਾ ਦਿੱਤਾ ? ਅਰ ਪਹਲੀ ਕਹੀ ਰੀਤੀ ਨਾਲ ਬਿਨਾ ਪ੍ਰਤਖਛ ਪ੍ਰਾਣੀਆਂ ਦੇ ਦੁੱਖ, ਸੁਖ ਦੀ ਪ੍ਰਾਪਤੀ ਕੰਦ ਮੂਲ ਆਦੀ ਚੀਜ਼ਾਂ ਵਿਚ ਰਹਨ ਵਾਲੇ ਜੀਵਾਂ ਨੂੰ ਨਹੀਂ ਹੁੰਦੀ, ਸਬ ਤਰਾਂ ਸਬ ਜੀਵਾਂ

Generated by CamScanner from intsig.com

ਉੱਪਰ ਦਇਆ ਕਰਨਾ ਭੀ ਦੁੱਖ ਦਾ ਕਾਰਣ ਹੁੰਦਾ ਹੈ, ਕਿਉਂਕਿ ਜੋ ਤੁਹਾਡੇ ਮਤ ਅਨੁਸਾਰ ਸਬ ਮਨੁਸ਼ ਹੋ ਜਾਨ, ਚੋਰ ਡਾਕੂਆਂ ਨੂੰ ਕੋਈ ਭੀ ਦੰਡ ਨਾ ਦੇਵੇ, ਤਾਂ ਕਿੱਨਾ ਵੱਡਾ ਪਾਪ ਖੜਾ ਹੋ ਜਾਵੇ ? ਏਸ ਲਈ ਦੁਸ਼ਟਾਂ ਨੂੰ ਜੀਕਨ ਚਾਹੀਏ ਤੇਹਾ ਦੰਡ ਦੇਨੇ ਅਰ ਭਲਿਆਂ ਲੋਗਾਂ ਦੇ ਪਾਲਨ ਕਰਨ ਵਿੱਚ ਦਇਆ, ਅਰ ਏਸ ਥੀਂ ਉਲਟਾ ਕਰਨ ਵਿਚ ਦਇਆ ਖਛਮਾ ਰੂਪ ਧਰਮ ਦਾ ਨਾਸ਼ ਹੈ । ਕਿੱਨੇਕ ਜੈਨੀ ਲੋਗ ਦੁਕਾਨ ਕਰਦੇ, ਉਨ੍ਹਾਂ ਵਿਹਾਰਾਂ ਵਿੱਚ ਝੂਠ ਬੋਲਦੇ, ਪਰਾਇਆ ਧਨ ਮਾਰਦੇ ਅਰ ਦੀਨਾਂ ਨੂੰ ਛਲਨਾ ਆਦੀ ਕੁਕਰਮ ਕਰਦੇ ਹਨ, ਉਨ੍ਹਾਂ ਦੇ ਦੂਰ ਕਰਨ ਵਿੱਚ ਜ਼ਿਆਦਾ ਉਪਦੇਸ਼ ਕਿਉਂ ਨਹੀਂ ਕਰਦੇ ? ਅਰ ਮੂੰਹ ਪੱਟੀ ਬਨ੍ਹਨੇ ਆਦੀ ਬਖੇੜੇ ਵਿਚ ਕਿਉਂ ਰਹਿੰਦੇ ਨੋ ? ਜਦ ਤੁਸੀਂ ਚੇਲਾ ਚੇਲੀ ਕਰਦੇ ਹੋ ਤਦ ਕੇਸ ਪੁੱਟਨ ਅਰ ਬਹੁਤੇ ਦਿਨ ਭੁੱਖੇ ਰਹਨ ਵਿਚ ਪਰਾਏ ਵਾ ਆਪਨੇ ਆਤਮਾ ਨੂੰ ਦੁੱਖ ਦੇਕੇ ਅਰ ਦੁਖ ਨੂੰ ਪ੍ਰਾਪਤ ਹੋਕੇ ਦੂਜਿਆਂ ਨੂੰ ਦੁੱਖ ਦਿੰਦੇ ਅਰ ਆਤਮਹਤਿਆ ਅਰਥਾਤ ਆਤਮਾ ਨੂੰ ਦੁਖ ਦੇਨ ਵਾਲ਼ੇ ਹੋਕੇ ਹਿੰਸਕ ਕਿਉਂ ਬਨਦੇ ਹੋ ? ਜਦ ਹਾਥੀ, ਘੋੜੇ, ਬੈਲ, ਉਂਠ ਉਪਰ ਚੜਨੇ, ਅਰ ਮਨੁਸ਼ਾਂ ਨੂੰ ਮਜੂਰੀ ਕਰਾਨ ਵਿਚ ਪਾਪ ਜੈਨੀ ਲੋਗ ਕਿਉਂ ਨਹੀਂ ਗਿਨਦੇ ? ਜਦ ਤੁਹਾਡੇ ਚੇਲੇ ਊਟਪਟਾਂਗ ਬਾਤਾਂ ਨੂੰ ਸੱਚੀਆਂ ਨਹੀਂ ਕਰ ਸਕਦੇ ਤਾਂ ਤੁਹਾਡੇ ਤੀਰਥੰਕਰ ਭੀ ਸੱਚੀਆਂ ਨਹੀਂ ਕਰ ਸਕਦੇ, ਜਦ ਤੁਸੀਂ ਕਥਾ ਵਾਚਦੇ ਹੋ ਤਦ ਮਾਰਗ ਵਿਚ ਸੁਨਨ ਵਾਲ਼ਿਆਂ ਦੇ ਤੁਹਾਡੇ ਮਤ ਅਨੁਸਾਰ ਜੀਵ ਮਰਦੇ ਹੀ ਹੋਨਗੇ, ਏਸ ਲਈ ਤੁਸੀਂ ਏਸ ਪਾਪ ਦੇ ਮੁਖ ਕਾਰਣ ਕਿਤੁੰ ਹੁੰਦੇ ਹੋ ? ਏਸ ਥੋੜੇ ਕਹਨੇ ਥੀਂ ਬਹੁਤ ਸਮਝ ਲੈਨਾ, ਕਿ ਉਨਾਂ ਜਲ, ਥਲ, ਹਵਾ ਦੇ ਸਥਾਵਰ ਸ਼ਰੀਰ ਵਾਲੇ ਅਤਸੈਤ ਮੂਰਛਿਤ ਜੀਵਾਂ ਨੂੰ ਦੁਖ ਵਾ ਸੁਖ ,ਕਦੀ ਨਹੀਂ ਪਹੁੰਚ ਸਕਦਾ ॥

ਹੁਨ ਜੈਨੀਆਂ ਦੀ ਹੋਰ ਭੀ ਥੋੜੀ ਜੇਹੀ ਅਸੰਭਵ ਕਥਾ ਲਿਖਨੇ ਹਾਂ ਸੁਨਨਾ ਚਾਹੀਏ ਅਰ ਏਹ ਖਿਆਲ ਵਿਚ ਰਖਨਾ ਕਿ ਅਪਨੇ ਹੱਥ ਨਾਲ ਸਾਢੇ ਤਿੱਨਾਂ ਹੱਥਾਂ ਦਾ ਧਨੁਸ਼ ਹੁੰਦਾ ਹੈ ਅਤਵੇਲ਼ੇ ਦੀ ਗਿਨਤੀ ਜੋਕਨ ਪਿਛੇ ਲਿਖ ਆਏ ਹਾਂ ਉਕਨ ਹੀ ਸਮਝਨਾ। ਰਤਨਸਾਰ ਭਾਗ ੧ ਪਤ੍ਰਾ ੧੬੬–੧੬੭ ਵਿੱਚ ਲਿਖਿਆ ਹੈ (੧) ਰਿਸ਼ਭਦੇਵ ਦਾ ਸ਼ਰੀਰ ੫੦੦ (ਪੰਜਸੌ) ਧਨੁਸ਼ ਲੰਮਾਂ ਅਰ ੮੪੦੦੦੦੦ ਚੁਰਾਸੀ ਲੱਖ ਪੂਰਵ ਵਰ੍ਹੇ ਦਾ ਆਯੂ (੨) ਅਜਿਤਨਾਥ ਦਾ ੪੫੦ [ਚਾਰਸੌ ਪੰਜਾਹ] ਧਨੁਸ਼ ਪਰੀਮਾਣ ਦਾ ਸ਼ਰੀਰ ਅਰ ੭੨੦੦੦੦੦ [ਬਹੱਤਰ ਲੱਖ] ਪੂਰਵ ਵਰ੍ਹੇ ਦਾ ਆਯੂ । (੩) ਸੰਭਵਨਾਥ ਦਾ ੪੦੦ [ਚਾਰਸੌ] ਧਨੁਸ਼ ਪਰੀਮਾਣ ਦਾ ਸ਼ਰੀਰ ਅਰ ੬੦੦੦੦੦੦ [ਸੱਠ ਲੱਖ] ਪੂਰਵ ਵਰੇ ਦਾ ਆਯੂ (੪) ਅਭੀਨੰਦਨ ਦਾ ੩੫੦ [ਸਾਢੇ ਤਿਨਸੌ] ਧਨੁਸ਼ ਦਾ ਸ਼ਰੀਰ ਅਰ

Generated by CamScanner from intsig.com

[ਪੰਜਾਹ ਲੱਖ] ਪੂਰਵ ਵਰੇ ਦਾ ਆਯੂ । (੫) ਸੁਮਤੀਨਾਥ ਦਾ ੩੦੦ [ਤਿੰਨਸੌ] ਧਨੁਸ਼ ਪਟੀਮਾਣ ਦਾ ਸ਼ਰੀਰ ਅਰ ੪੦੦੦੦੦੦ [ਚਾਲੀ ਲੱਖ] ਪੂਰਵ ਵਰੇ ਦਾ ਆਯੂ । (੬) ਪਦਮਪ੍ਰਭੂ ਦਾ ੧੪੦ [ਇਕ ਸੌ ਚਾਲੀ] ਧਨੁਸ਼ ਦਾ ਸ਼ਰੀਰ ਅਰ ੩੦੦੦੦੦੦ [ਤੀਹ ਲੱਖ] ਪੂਰਵ ਵਰੇ ਦਾ ਆਯੂ । (੭) ਪਾਰਸ਼੍ਵਨਾਥ ਦਾ ੨੦੦ [ਦੋਸੌ] ਧਨੁਸ਼ ਦਾ ਸ਼ਰੀਰ ਅਰ ੨੦੦੦੦੦੦ [ਵੀਹ ਲੱਖ] ਪੂਰਵ ਵਰ੍ਹੇ ਦਾ ਆਯੂ । (੮) ਚੰਦ੍ਰਪ੍ਰਭ ਦਾ ੧੫੦ [ਡੇਢਸੌ] ਧਨੁਸ਼ ਪਰੀਮਾਣ ਦਾ ਸ਼ਰੀਰ ਅਤ ੧੦੦੦੦੦ [ਦਸ ਲੱਖ] ਪੂਰਵ ਵਰੇ ਦਾ ਆਯੂ । (੯) ਸੁਵਿਧੀ ਨਾਥ ਦਾ ੧੦੦ [ਸੌ] ਧਨੁਸ਼ ਦਾ ਸ਼ਰੀਤ ਅਰ ੨੦੦੦੦੦ [ਦੋ ਲੱਖ] ਪੂਰਵ ਵਰੇ ਦਾ ਆਯੂ। (੧੦) ਸ਼ੀਤਲਨਾਥ ਦਾ ੯੦ [ਨੱਵੇ] ਧਨੁਸ਼ ਦਾ ਸ਼ਰੀਰ ਅਰ ੧੦੦੦੦੦ [ਇਕ ਲੱਖ] ਪੂਰਵ ਵਰੇ ਦਾ ਆਯੂ । (੧੧) ਸ਼੍ਰੇਯਾਂਸਨਾਥ ਦਾ ੮੦ [ਅੱਸੀ] ਧਨੁਸ਼ ਦਾ ਸ਼ਰੀਰ ਅਰ ੮੪੦੦੦੦੦ [ਚੁਰਾਸੀ ਲੱਖ] ਵਰੇ ਦਾ ਆਯੂ (੧੨) ਵਾਸੁਪੂਜਾਸ੍ਵਾਮੀ ਦਾ ੭੦ [ਸੱਤਰ] ਧਨੁਸ਼ ਦਾ ਸ਼ਰੀਰ ਅਰ ੭੨੦੦੦੦੦ [ਬਹੱਤਰ ਲੱਖ] ਵਰੇ ਦਾ ਆਯੂ। (੧੩) ਵਿਮਲਨਾਥ ਦਾ ੬੦ [ਸੱਠ] ਧਨੁਸ਼ ਦਾ ਸ਼ਰੀਰ ਅਰ ੬੦੦੦੦੦੦ [ਸੱਠ ਲੱਖ] ਵਰੇ ਦਾ ਆਯੂ। (੧੪) ਅਨੰਤਨਾਥ ਦਾ ੫੦ [ਪੰਜਾਹ] ਧਨੁਸ਼ ਦਾ ਸ਼ਰੀਰ ਅਰ ੩੦੦੦੦੦੦ [ਤੀਹ ਲੱਖ] ਵਰੇ ਦਾ ਆਯੂ । (੧੫) ਧਰਮਨਾਥ ਦਾ ੪੫ [ਪੰਜਤਾਲੀ] ਧਨੁਸ਼ ਦਾ ਸ਼ਰੀਰ ਅਰ ੧੦੦੦੦੦੦ [ਦਸ ਲੱਖ] ਵਰੇ ਦਾ ਆਯੂ । (੧੬) ਸ਼ਾਂਤੀਨਾਥ ਦਾ ੪੦ [ਚਾਹਲੀ] ਧਨੁਸ਼ ਦਾ ਸ਼ਰੀਰ ਅਰ ੧੦੦੦੦੦ [ਇਕ ਲੱਖ] ਵਰੇ ਦਾ ਆਯੂ । (੧੭)ਕੁੰਥੂਨਾਥ ਦਾ ੩੫ [ਪੈਂਤੀ] ਧਨੁਸ਼ ਦਾ ਸ਼ਰੀਰ ਅਰ ੯੫੦੦੦ [ਪਚਾਨਵੇਂ ਹਜ਼ਾਰ] ਵਰੇ ਦਾ ਆਯੂ । (੧੮) ਅਮਰਨਾਥ ਦਾ ੩੦ [ਤੀਹ] ਧਨੁਸ਼ ਦਾ ਸ਼ਰੀਰ ੮੪੦੦੦ [ਚੁਰਾਸੀ ਹਜ਼ਾਰ] ਵਰੇ ਦਾ ਆਯੂ। (੧੯) ਮਲ੍ਲੀਨਾਥ ਦਾ ੨੫[ਪੰਜੀ]ਧਨੁਸ਼ ਦਾ ਸ਼ਰੀਰ ਅਰ ੫੫੦੦੦ [ਪਚਵੰਜਾ ਹਜ਼ਾਰ] ਵਰੇ ਦਾ ਆਯੂ। (੨੦) ਮੁਨੀਸੁਬ੍ਰਤ ਦਾ ੨੦ (ਵੀਹ) ਧਨੁਸ਼ ਦਾ ਸ਼ਰੀਰ ਅਰ ੩੦੦੦੦ [ਤੀਹ ਹਜ਼ਾਰ] ਵਰੇ ਦਾ ਆਯੂ । (੨੧) ਨਮੀਨਾਥ ਦਾ ੧੪ [ਚੌਦਾਂ] ਧਨੁਸ਼ ਦਾ ਸ਼ਰੀਰ ਅਰ ੧੦੦੦[ਇਕ ਹਜ਼ਾਰ]ਵਰੇ ਦਾ ਆਯੂ। (੨੨) ਨੇਮੀਨਾਥ ਦਾ ੧੦ [ਦਸ] ਧਨੁਸ਼ ਦਾ ਸ਼ਰੀਰ ਅਰ ੧੦੦੦ [ਇਕ ਹਜ਼ਾਰ] ਵਰੇ ਦਾ ਆਯੂ। (੨੩) ਪਾਰਸ਼੍ਵਨਾਥ ਦਾ ੯ [ਨੌਂ] ਹੱਥ ਦਾ ਸ਼ਰੀਰ ਅਰ ੧੦੦ [ਸੌ] ਵਰੇ ਦਾ ਆਯੂ। (੨੪) ਮਹਾਵੀਰਸ੍ਵਾਮੀ ਦਾ ੭ [ਸੱਤ] ਹੱਥ ਦਾ ਸ਼ਰੀਰ ਅਰ ੭੨ [ਬਹੱਤਰ] ਵਰੇ ਦਾ ਆਯੂ । ਏਹ ਚੌਵੀ ਤੀਰਥੰਕਰ ਜੈਨੀਆਂ ਦੇ ਮਤ ਚਲਾਨੇ ਵਾਲੇ ਆਚਾਰਯ ਅਰ ਗੁਰੂ ਹਨ, ਇਨਾਂ ਹੀ ਨੂੰ ਜੈਨੀ ਲੋਗ ਪਰਮੇਸ਼੍ਵਰ ਮੰਨਦੇ ਹਨ ਅਰ ਏਹ ਸਾਰੇ ਮੋਖਛ ਨੂੰ ਗਏ ਹਨ,ਏਸ ਵਿਚਬੁਧਵਾਨ ਲੋਗ ਵਿਚਾਰ ਲੈਨ ਕਿ ਇੰਨੇ ਵਡੇ ਸ਼ਰੀਰ ਅਰ ਇੱਨਾ ਆਯੂ ਮਨੁਸ਼ ਦੇਹ ਦਾ

Generated by CamScanner from intsig.com

ਹੋਨਾ ਕਦੀ ਸੰਭਵ ਹੈ ? ਏਸ ਭੂਗੋਲ ਵਿਚ ਬਹੁਤ ਹੀ ਥੋੜੇ ਮਨੁਸ਼ ਵਸ ਸਕਦੇ ਹਨ। ਇਨਾਂ ਹੀ ਜੈਨੀਆਂ ਦੇ ਗਪੌੜੇ ਲੈਕੇ ਜੋ ਪੁਰਾਣੀਆਂ ਨੇ ਇੱਕ ਲੱਖ ਦਸ ਹਜ਼ਾਰ ਅਰ ਇਕ ਹਜ਼ਾਰ ਵਰੇ ਦਾ ਆਯੂ ਲਿਖਿਆ ਸੇ ਭੀ ਸੰਭਵ ਨਹੀਂ ਹੋ ਸਕਦਾ ਭਾਂ ਜੈਨੀਆਂ ਦਾ ਕਹਨਾ ਸੰਭਵ ਕਿਸ ਤਰਾਂ ਹੋ ਸਕਦਾ ਹੇ ? ਹੁਨਹੋਰ ਭੀ ਸੁਨੋ ! (ਕਲਪਭਾਸ਼ਯ ਪਤ੍ਰਾ ੪ ਨਾਗਕੇਤ ਨੇ ਪਿੰਡ ਦੇ ਬਰਾਬਰ ਇਕ ਸ਼ਿਲਾ ਉਂਗਲੀ ਉਪਰ ਧਰ ਲਈ(!) (ਕਲਪ ਭਾਸ਼ਯ ਪਤ੍ਰਾ ੩੫)ਮਹਾਵੀਰਨੇ ਅੰਗੂਠੇ ਨਾਲ ਜ਼ਮੀਨਨੂੰ ਦਬਾਯਾ ਤੁਸਥੀਂ ਸ਼ੇਸ਼ਨਾਗ ਕੰਬ ਗਿਆ (!) [ਕਲਪ ਭਾਸ਼ਯ ਪਤ੍ਰਾ ੪੬) ਮਹਾਵੀਰ ਨੇ ਸੱਪ ਨੇ ਕੱਟਿਆ ਲਹੂ ਦੇ ਬਦਲੇ ਦੁਧ ਨਿਕਲਿਆ ਅਰ ਓਹ ਸੱਪ ਦੂਵੇਂ ਸੁਰਗ ਨੂੰ ਗਿਆ (!) (ਕਲਪ ਭਾਸ਼ਯ ਪਤ੍ਰਾ ੪੭) ਮਹਾਵੀਰ ਦੇ ਪੈਰ ਉਪਰ ਖੀਰ ਪਕਾਈ ਅਰ ਪੈਰ ਨਾ ਸੜੇ (!) (ਕਲਪ ਭਾਸ਼ਯ ਪਤ੍ਰਾ ੧੬) ਛੋਟੇ ਜੇਹੇ ਬਤਤਨ ਵਿਚ ਉਂਠ ਬੁ ਲਾਇਆ (!) ਰਤਨ-ਸਾਰ ਭਾਗ ੧ ਪਤ੍ਰਾ ੧੪) ਸ਼ਤੋਰ ਦੇ ਮੈਲ ਨੂੰ ਨਾ ਉਤਾਰੇ ਅਰ ਨਾ ਖਰਰੇ (ਵਿਵੇਕਸਾਰ ਭਾਗ ੧ ਪਤ੍ਰਾ ੧੫) ਜੈਨੀਆਂ ਦੇ ਇਕ ਦਮਸਾਰ ਸਾਧ ਨੇ ਕ੍ਰੋਧ-ਵਾਨ ਹੋਕ ਉਦ੍ਰੇਗ ਜਨਕ ਸੂਤ੍ਰ ਪੜ੍ਹਕੇ ਇਕ ਸ਼ੈਹਰ ਵਿਚ ਅੱਗ ਲਗਾ ਦਿੱਤੀ ਅਰ ਮਹਾਵੀਰ ਤਰੀਥੰਕਰ ਦਾ ਬਹੁਤ ਪਿਆਰਾ ਸੀ । (ਵਿਵੇਕਸਾਰ ਭਾਗ ੧ ਪਤ੍ਰਾ ੧੨੭) ਰਾਜਾ ਦੀ ਆਗਿਆ ਜ਼ਰੂਰ ਮੰਨਨੀ ਚਾਹੀਏ । (ਵਿਵੇਕਸਾਰ ਭਾਗ ੧ ਪਤ੍ਰਾ ੨੨੭) ਇਕ ਕੋਸ਼ਾ ਬੇਸਵਾ ਨੇ ਥਾਲੀ ਵਿਚ ਸਰਿਓਂ ਦੀ ਢੇਰੀ ਲਾਕੇ ਉਸਦੇ ਉਪਰ ਫੁੱਲਾਂ ਦੀ ਛੱਕੀ ਹੋਈ ਸੂਈ ਖੜਵਾਕੇ ਉਸ ਉਪਰ ਅੱਛੀ ਤਰਾਂ ਨਾਚ ਕੀਤਾ ਪਰ ਸੂਈ ਪੈਰ ਵਿਚ ਨਾ ਚੁਭੀ ਅਰ ਸਰਿਓਂ ਦੀ ਢੇਰੀ ਖਿੰਡੀ ਨਹੀਂ (!!!) (ਤਤ੍ਵਵਿਵੇਕ ਪਤ੍ਰਾ ੨੨੯) ਇਸੇ ਕੋਸ਼ਾ ਬੇਸਵਾ ਦੇ ਸੰਗ ਇਕ ਸਥੂਲ ਮੁਨੀ ਨੇ ੧੨ ਵਰ੍ਹੇਆਂ ਤਕ ਭੋਗ ਵਿਲਾਸ ਕੀਤਾ, ਅਰ ਪਿਛੋਂ ਦੀਖਛਾ ਲੈਕੇ ਸਦਗਤੀ ਨੂੰ ਗਿਆ, ਅਰ ਕੋਸ਼ਾ ਬੇਸਵਾ ਭੀ ਜੈਨਧਰਮ ਨੂੰ ਪਾਲਦੀ ਹੋਈ ਸਦਗਤੀ ਨੂੰ ਗਈ । (ਵਿਵੇਕਸਾਰ ਭਾਗ ੧ ਪਤ੍ਰ ੧੯੫) ਇਕ ਸਿੱਧ ਦੀ ਖੱਫਨੀ ਜੋ ਗਲ ਵਿੱਚ ਪਾਈ ਜਾਂਦੀ ਹੈ ਓਹ ੫੦੦ ਮੋਰ੍ਹਾਂ ਇਕ ਵੈਸ਼ਨ ਨੂੰ ਨਿੱਤ ਦਿੰਦੀ ਰਹੀ। (ਵਿਵੇਕਸਾਰ ਭਾਗ ੧ ਪਤ੍ਰਾ ੨੨੯) ਜ਼ੋਰਾਵਰ ਪੁਰੁਸ਼ ਦੀ ਆਗਿਆ, ਦੇਵ ਦੀ ਆਗਿਆ, ਭਿਆਨਕ ਬਨ ਵਿਚ ਦੁਖ ਨਾਲ ਨਿਰਬਾਂਹ, ਗੁਰੂ ਦੇ ਰੋਕਨ, ਮਾ, ਪਿਉ. ਕੁਲਦਾ ਆਚਾਰਯ, ਜਾਤੀ ਦੇ ਲੋਗ, ਅਰ ਧਰਮ ਦਾ ਉਪਦੇਸ਼ ਕਰਨ ਵਾਲਾ, ਇਨ੍ਹਾਂ ਛੀਆਂ ਦੇ ਰੋਕਨ ਥੀਂ ਧਰਮ ਵਿਚ ਘਾਟਾ ਹੋਨ ਥੀਂ ਧਰਮ ਦੀ ਹਾਨੀ ਨਹੀਂ ਹੁੰਦੀ।

(ਸਮੀਖਛਕ) ਹੁਨ ਦੇਖੀਏ ਇਨ੍ਹਾਂ ਦੀਆਂ ਮਿਥਿਆ ਗੱਲਾਂ! ਇਕ ਮਨੁਸ਼ ਪਿੰਡ ਦੇ ਬਰਾਬਰ ਪੱਥਰ ਦੀ ਸ਼ਿਲਾ ਨੂੰ ਉਂਗਲੀ ਉੱਪਰ ਕਦੀ ਧਰ ਸਕਦਾ ਹੈ ? ਅਰ ਜ਼ਮੀਨ ਦੇ ਉੱਪਰ ਅੰਗੂਠੇ ਨਾਲ ਦੱਬਨੇ ਥੀਂ ਜ਼ਮੀਨ

Generated by CamScanner from intsig.com

ਕਦੀ ਦੱਬ ਸਕਦੀ ਹੈ ? ਅਰ ਜਦ ਸ਼ੇਸ਼ਨਾਗ ਹੀ ਨਹੀਂ ਤਾਂ ਕੰਬੇਗਾ ਕੌਨ ? ਭਲਾ ਸ਼ਰੀਰ ਦੇ ਕੱਟਨੇ ਥੀਂ ਦੁੱਧ ਨਿਕਲਨਾ ਕਿਸੇ ਨੇ ਨਹੀਂ ਦੇਖਿਆ ਬਿਨਾ ਇੰਦ੍ਰਜਾਲ ਦੇ ਦੂਜੀ ਗੱਲ਼ ਨਹੀਂ ਉਸਨੂੰ ਕੱਟਨ ਵਾਲਾ ਸੱਪ ਤਾਂ ਸੁਰਗ ਵਿਚ ਗਿਆ ਅਰ ਮਹਾਤਮਾ ਮੂੰਕ੍ਰਿਸ਼ਨ ਆਦੀ ਤੀਜੇ ਨਰਕ ਨੂੰ ਗਏ ਏਹ ਕਿੱਨੀ ਮਿਥ੍ਯਾ ਬਾਤ ਹੈ ? ਜਦ ਮਹਾਵੀਰ ਦੇ ਪੈਰ ਉੱਪਰ ਖੀਰ ਪਕਾਈ ਤਦ ਉਸ ਦੇ ਪੈਰ ਸੜ ਕਿਉਂ ਨਾ ਗਏ ? ਭਲਾ ਛੋਟੇ ਜਿਹੇ ਭਾਂਡੇ ਵਿਚ ਕਦੀ ਹੁਠ ਆ ਸਕਦਾ ਹੈ ? ਜੋ ਸ਼ਰੀਰ ਦਾ ਮੈਲ ਨਹੀਂ ਉਤਾਰਦੇ ਅਰ ਨਾ ਖੁਰਕਦੇ ਹੋਨਗੇ ਓਹ ਬਦਬੋ ਰੂਪ ਮਹਾਨਰਕ ਭੋਗਦੇ ਹੋਨਗੇ। ਜਿਸ ਸਾਧੂ ਨੇ ਨਗਰ ਸਾੜਿਆ ਉਸ ਦੀ ਦਇਆ ਅਰ ਖਛਮਾ ਕਿੱਥੇ ਗਈ ? ਜਦ ਮਹਾਵੀਰ ਦੇ ਮੰਗ ਥੀਂਭੀ ਉਸਦਾ ਪਵਿਤ੍ਰ ਆਤਮਾ ਨਾਹੋਇਆ ਤਾਂ ਹੁਨ ਮਹਾਵੀਰ ਦੇ ਮੁਏ ਪਿਛੋਂ ਉਸਦੇ ਆਖੇ ਥੀਂ ਜੈਨੀ ਲੋਗ ਕਦੀ ਪਵਿਤ੍ਰ ਨਾ ਹੋਨਗੇ। ਰਾਜਾ ਦੀ ਆਗਿਆ ਮੰਨਨੀ ਚਾਹੀਏ, ਪਰ ਜੈਨੀ ਲੋਗ ਬਨੀਏਂ ਹਨ ਏਸਲਈ ਰਾਜਾ ਥੀਂ ਡਰਕੇ ਏਹ ਬਾਤ ਲਿਖ ਦਿੱਤੀ ਹੋਵੇਗੀ। ਕੋਸ਼ਾ ਬੇਸਵਾ ਚਾਹੇ ਉਸਦਾ ਸ਼ਰੀਰ ਕਿੱਨਾ ਹੀ ਹਲਕਾ ਹੋਵੇ ਤਾਂ ਭੀ ਸਰ੍ਹਿਓਂਦੀ ਢੇਰੀ ਉਤੋਂ ਸੂਈ ਖੜੀ ਕਰਕੇ ਉਸਦੇ ਉੱਪਰ ਨੱਚਨਾ ਸੂਈ ਦਾ ਨਾ ਦੁੱਭਨਾ ਅਰ ਸਰ੍ਹਿਓਂ ਦਾ ਨਾ ਖਿੰਡਨਾ ਅਤ੍ਯੰਤ ਹੀ ਝੂਠ ਨਹੀਂ ਤਾਂ ਕੀ ਹੈ ? ਧਰਮ ਕਿਸੇ ਨੂੰ ਕਿਸੇ ਅਵਸਥਾ ਵਿਚ ਭੀ ਨਾ ਛੱਡਨਾ ਚਾਹੀਏ ਚਾਹੇ ਕੁਝ ਭੀ ਹੋ ਜਾਵੇ? ਭਲਾ ਖੱਫਨੀ ਕਪੜੇਦੀ ਹੁੰਦਾ ਹੈ,ਓਹ ਰੋਜ਼ ਰੋਜ਼ ੫੦੦ ਮੋਰ੍ਹਾਂ ਕਿਸ ਤਰਾਂ ਦੇ ਸਕਦੀ ਹੈ ? ਹੁਨ ਅੱਜੇਹੀ ਅੱਜੇਹੀ ਅਸੰਭਵ ਕਹਾਨੀ ਇਨਾਂਦੀ ਲਿਖੀਏ ਤਾਂ ਜੈਨੀਆਂ ਦੇ ਥੋਥੇ ਪੋਥਿਆਂ ਦੇ ਵਾਕਰ ਬਹੁਤ ਵਧ ਜਾਵੇ, ਏਸ ਲਈ ਵਧੀਕ ਨਹੀਂ ਲਿਖਦੇ ਅਰਥਾਤ ਥੋੜੀ ਜੇਹੀਆਂ ਇਨਾਂ ਜੈਨੀਆਂ ਦੀਆਂ ਬਾਤਾਂ ਛੱਡਕੇ ਬਾਕੀ ਸਬ ਮਿਥਿਆ ਜਾਲ ਭਰਿਆ ਹੈ ਦੇਖੋ :—

ਦੋਸਸਿ ਦੋਰਵਿ ਪਛਮੇ। ਦੁਗੁਣਾ ਲਵਣੰ ਮਿਧਾਯ ਈਸੰ ਮੇ। ਵਾਰਸਸਸਿ ਵਾਰਸਰਵਿ। ਤਪਜਭਿ ਇਨਿ ਦਿਠ ਸਸਿ ਰਵਿਣੋ॥ ਪ੍ਰਕਰਣਃ ਭਾਗ ੪ ਸੰਗ੍ਰਹਣੀ ਸੂਤ੍ਰ ੭੭।

ਜੋ ਜੰਬੂਦ੍ਵੀਪ ਲੱਖ ਯੋਜਨ ਅਰਥਾਤ ਚਾਰ ਲੱਖ ਕੋਹ ਦਾ ਲਿਖਿਆ ਹੈ, ਉਨਾਂ ਵਿਚ ਏਹ ਪਹਿਲਾ ਦ੍ਵੀਪ ਕਹਾਂਦਾ ਹੈ, ਏਸ ਵਿਚ ਦੋ ਚੰਦ੍ਰਮਾ ਅਰ ਦੋ ਸੂਰਯ ਹਨ, ਅਰ ਉਕਨ ਹੀ ਖਾਰੇ ਸਮੁੰਦ੍ਰ ਵਿਚ ਉਸਥੀਂ ਦੂਨੇ ਅਰਥਾਤ ਚਾਰ ਚੰਦ੍ਰਮਾ ਅਰ ਚਾਰ ਸੂਰਯ ਹਨ, ਤਥਾ ਧਾਤਕੀ ਖੰਡ ਵਿਚ ਬਾਰਾਂ ਚੰਦ੍ਰਮਾਂ, ਅਰ ਬਾਰਾਂ ਸੂਰਯ ਹਨ, ਅਰ ਇਨਾਂ ਨੂੰ ਤਿੰਨ ਗੁਣਾ ਕਰਨੇ ਥੀਂ ਛੱਤੀ ਹੁੰਦੇ

Generated by CamScanner from intsig.com

ਹਨ, ਉਨਾਂ ਦੇ ਸੰਗ ਦੋ ਜੰਬੂਦ੍ਵੀਪ ਦੇ, ਅਰ ਚਾਰ ਖਾਰੇ ਸਮੁੰਦ੍ਰ ਦੇ ਮਿਲਕੇ ਬਤਾਲੀ ਚੰਦ੍ਰਮਾ ਅਰ ਬਤਾਲੀ ਸੂਰਯ ਕਾਲੋਦਹੀਦੇ ਸਮੁੰਦ੍ਰ ਵਿਚ ਹਨ, ਇਸੇ ਪ੍ਰਕਾਰ ਅਗਲੇ ਅਗਲੇ ਦ੍ਵੀਪ ਅਰ ਸਮੁੰਦ੍ਰਾਂ ਵਿਚ ਪੂਰਵ ਉਕਤ ਬਤਾਲੀ ਨੂੰ ਤਿੰਨ ਗੁਨਾਂ ਕਰੀਏ ਤਾਂ ਇਕ ਸੌ ਛੱਬੀ ਹੁੰਦੇ ਹਨ, ਉਨਾਂ ਵਿਚ ਧਾਤਕੀ ਖੰਡ ਦੇ ਬਾਰਾਂ ਖਾਰੇ ਸਮੁੰਦ੍ਰ ਦੇ ਚਾਰ, ਅਰ ਜੰਬੂਦ੍ਵੀਪ ਦੇ ਜੋ ਦੋ ਦੋ ਇੱਸੇ ਰੀਤ ਨਾਲ ਕੱਢਕੇ ੧੪੪ (ਇਕ ਸੋ ਚੁਤਾਲੀ) ਚੰਦ੍ਰਮਾ ਅਰ ੧੪੪ ਸੂਰਯ ਪੁਸ਼ਕਰ ਦ੍ਵੀਪ ਵਿਚ ਹਨ, ਏਹ ਭੀ ਅੱਧੇ ਮਨੁਸ਼ ਖਛੇਤ੍ਰ ਦੀ ਗਣਨਾ ਹੈ, ਪਰੰਤੂ ਜਿਥੋਂ ਤਕ ਮਨੁੱਸ਼ ਨਹੀਂ ਰਹਿੰਦੇ ਹਨ ਉੱਥੇ ਬਹੁਤ ਸਾਰੇ ਸੂਰਯ ਅਰ ਬਹੁਤ ਚੰਦ੍ਰਮਾ ਹਨ, ਅਰ ਜੋ ਪਿਛਲੇ ਅੱਧੇ ਪੁਸ਼ਕਰ ਦ੍ਵੀਪ ਵਿਚ ਬਹੁਤ ਚੰਦ੍ਰਮਾ ਅਰ ਸੂਰਯ ਹਨ ਓਹ ਖਲੋਤੇ ਹਨ, ਪਿੱਛੇ ਕਹੇ ਹੋਏ ਇਕ ਸੌ ਚੁਤਾਲੀ ਨੂੰ ਤਿੰਨ ਗੁਣਾ ਕਰਨ ਥੀਂ ੪੩੨, ਅਰ ਉਨ੍ਹਾਂ ਵਿਚੋਂ ਪਹਿਲਾਂ ਕਹੇ ਹੋਏ ਜੰਬੂਦ੍ਵੀਪ ਦੇ ਦੋ ਚੰਦ੍ਰਮਾ, ਦੋ ਸੂਰਯ, ਚਾਰ ਚਾਰ ਖਾਰੇ ਸਮੁੰਦ੍ਰ ਦੇ, ਅਰ ਬਾਰਾਂ ਬਾਰਾਂ ਧਾਤਕੀਖੰਡ ਦੇ, ਅਰ ਬਤਾਲੀ ਕਾਲੋਦਧੀ ਦੇ ਮਿਲਾਨੇ ਥੀਂ ੪੮੨ ਚੰਦ੍ਰਮਾ, ਤਿਸੇਤਰਾਂ ੪੮੨ ਸੂਰਯ ਪੁਸ਼ਕਰ ਸਮੁੰਦ੍ਰ ਵਿਚ ਹਨ, ਏਹ ਸਾਰੀ ਬਾਤਾਂ ਸ੍ਰੀਜਿਨ ਭਦ੍ਰਗਣੀ ਖਛਮਾ ਸ਼੍ਰਮਣ ਨੇ ਬਡ਼ੀ "ਸੰਘਯਣੀ" ਵਿਚ ਇਸੇ ਤਰਾਂ"ਜੋਤੀਸਕਰੰਡਕ"ਪੱਯਨਾ ਵਿਚ,ਅਰ "ਚੰਦ੍ਰਪੱਨਤੀ"ਤਥਾ "ਸੂਰਪਨਤੀ" ਪ੍ਰਮੁਖ ਸਿੱਧਾਂਤ ਗ੍ਰੰਥਾਂ ਵਿਚ ਇਸੇ ਪ੍ਰਕਾਰ ਕਹਿਆ ਹੈ॥

(ਸਮੀਖਛਕ) ਹੁਨ ਸੁਨੋ! ਭੂਗੋਲ ਖਗੋਲ ਦੇ ਜਾਨਨੇ ਵਾਲਿਓ! ਏਸ ਇਕ ਭੂਗੋਲ ਵਿਚ ਇਕ ਪ੍ਰਕਾਰ ੪੮੨ (ਚਾਰ ਸੌ ਬਾਨਵੇਂ) ਅਰ ਦੂਜੇ ਪ੍ਰਕਾਰ ਅਨਗਿਣਤ ਚੰਦ੍ਰਮਾ ਅਰ ਸੂਰਯ ਜੈਨੀ ਲੋਗ ਮੰਨਦੇ ਹਨ! ਤੁਸਾਂ ਲੋਕਾਂ ਦਾ ਬਡ਼ਾ ਭਾਗ ਹੈ। ਕਿ ਵੇਦਮਤ ਅਨੁਯਾਈ ਸੂਰਯ ਸਿੱਧਾਂਤ ਆਦੀ ਜੋਤਸ਼ ਗ੍ਰੰਥਾਂਦੇ ਪੜਨ ਥੀਂ ਠੀਕ ਠੀਕ ਭੂਗੋਲ, ਖਗੋਲ ਮਲੂਮ ਹੋਏ, ਜੋ ਕਿਦੇ ਜੈਨ ਦੇ ਮਹਾ ਹਨੇਰ ਵਿਚ ਹੁੰਦੇ ਤਾਂ ਜਨਮ ਭਰ ਹਨੇਰ ਵਿਚ ਰਹਿੰਦੇ, ਜੀਕਨ ਕਿ ਜੈਨੀਲੋਗ ਅੱਜ ਕਲ ਹਨ, ਇਨਾਂ ਅਵਿਦਵਾਨਾਂ ਨੂੰ ਏਹ ਸ਼ੰਕਾ ਹੋਈ ਕਿ ਜੰਬੂਦ੍ਵੀਪ ਵਿਚ ਇਕ ਸੂਰਯ ਅਰ ਇਕ ਚੰਦ੍ਰਮਾਂ ਥੀਂ ਕੰਮ ਨਹੀਂ ਚਲਦਾ, ਕਿਉਂਕਿ ਇੱਨੀ ਵਡੀ ਜ਼ਮੀਨਾਂ ਨੂੰ ਤੀਹ ਘੜੀ ਵਿਚ ਚੰਦ੍ਰਮਾ, ਸੂਰਯ ਕਿਸ ਤਰਾਂ ਆ ਸੱਕਨ, ਕਿਉਂਕਿ ਜ਼ਮੀਨ ਨੂੰ ਜੋ ਲੋਗ ਸੂਰਯ ਆਦਾ ਥੀਂ ਭੀ ਵਡੀ ਮੰਨਦੇ ਹਨ, ਏਹੀ ਇਨਾ ਦੀ ਵਡੀ ਭੁਲ ਹੈ॥

दोससि दो रवि पंती एगंतरियाछ सठिसंखाया।
मेरुपयाहिणंता। मानुसखित्ते परिअडंति॥

प्रकरणरतनसार भाग ४। मंगूह सत्र ७९॥

Generated by CamScanner from intsig.com

ਮਨੁੱਸ਼ ਲੋਕ ਵਿਚ ਚੰਦ੍ਰਮਾ ਅਰ ਸੂਰਯ ਦੀ ਪੰਗਤੀਦੀ ਗਿਣਤੀ ਕਹਿੰਦੇ ਹਨ,ਦੋ ਚੰਦ੍ਰਮਾ ਅਰ ਦੋ ਸੂਰਯ ਦੀ ਪੰਗਤੀ (ਸ਼੍ਰੇਣੀ) ਹੈ, ਓਹ ਇਕ ਇਕ ਲੱਖ ਯੋਜਨ ਅਰਥਾਤ ਚਾਰ ਲੱਖ ਕੋਹ ਦੇ ਆਂਤਰੇ ਥੀਂ ਚਲਦੇ ਹਨ, ਜੀਕਨ ਸੂਰਯਦੀ ਪੰਗਤੀ ਦੇ ਆਂਤਰੇ ਇਕ ਪੰਗਤੀ ਚੰਦ੍ਰਮਾਦੀ ਹੈ ਇਸੇ ਪ੍ਰਕਾਰ ਚੰਦ੍ਰਮਾ ਦੀ ਪੰਗਤੀ ਦੇ ਆਂਤਰੇ ਸੂਰਯ ਦੀ ਪੰਗਤੀ ਹੈ, ਇੱਸੇ ਰੀਤ ਨਾਲ ਚਾਰ ਪੰਗਤੀ ਹਨ, ਓਹ ਇਕ ਇਕ ਚੰਦ੍ਰਮਾ ਪੰਗਤੀ ਵਿਚ ੬੬ ਚੰਦ੍ਰਮਾ ਅਰ ਇਕ ਇਕ ਸੂਰਯ ਪੰਗਤੀ ਵਿਚ ੬੬ ਸੂਰਯ ਹਨ, ਓਹ ਚਾਰੇ ਪੰਗਤੀਆਂ ਜੰਬੂ ਦ੍ਵੀਪਦੇ ਮੇਰੂ ਪਰਬਤ ਦੀ ਪ੍ਰਦਖਛਣਾ ਕਰਦੀਆਂ ਹੋਈਆਂ ਮਨੁੱਸ਼ ਖਛੇਤ੍ਰ ਵਿਚ ਚਾਰੇ ਪਾਸੇ ਘੁੱਮਦੀਆਂ ਹਨ ਅਰਥਾਤ ਜਿਸ ਸਮੇਂ ਜੰਬੁਦ੍ਵੀਪ ਦੇ ਮੇਰੂ ਥੀਂ ਇਕ ਸੂਰਯ ਦੱਖਛਣ ਦਿਸ਼ਾ ਵਿਚ ਵਿਚਰਦਾਉਸੇ ਵੇਲੇ ਦੂਜਾ ਸੂਰਯ ਉਤ੍ਰਰ ਦਿਸ਼ਾ ਵਿਚ ਫਿਰਦਾ ਹੈ. ਉਕਨ ਹੀ ਲੂਨ ਦੇ ਸਮੁੰਦ੍ਰ ਦੀ ਇਕ ਇਕ ਦਿਸ਼ਾ ਵਿਚ ਦੋ ਦੋ ਚਲਦੇ ਫਿਰਦੇ, ਧਾਤਕੀਖੰਡ ਦੇ ੬, ਕਾਲੋਦਧੀ ਦੇ ੨੧. ਪੁਸ਼ਕਰਾਰਧ ਦੇ ੩੬, ਏਸਤਰਾਂ ਸਾਰੇ ਮਿਲਕੇ ੬੬ ਸੂਰਯ ਦੱਖਛਿਣ ਦਿਸ਼ਾ ਅਰ ੬੬ ਸੂਰਯ ਉੱਤ੍ਰਰ ਦਿਸ਼ਾ ਵਿਚ ਅਪਨੇ ਅਪਨੇ ਕ੍ਰਮ ਨਾਲ ਫਿਰਦੇ ਹਨ। ਅਰ ਜਦ ਇਨ੍ਹਾਂ ਦੋਹਾਂ ਦਿਸ਼ਾਂ ਦੇ ਸਾਰੇ ਸੂਰਯ ਮਿਲਾਏ ਜਾਨ ਤਾਂ ੧੩੨ ਸੂਰਯ ਅਰ ਏਕਨ ਹੀ ਥਾਹਠ ਥਾਹਠ ਚੰਦ੍ਰਮਾ ਦੀ ਦੋਹਾ ਦਿਸ਼ਾਂ ਦੀ ਪੰਗਤੀਆਂ ਮਿਲ਼ਾਈਆਂ ਜਾਨ ਤਾਂ ੧੩੨ ਚੰਦ੍ਰਮਾਂ ਮਨੁੱਸ਼ ਲੋਕ ਵਿਚ ਚਾਲ ਚਲਦੇ ਹਨ, ਇਸੇਤਰਾਂ ਚੰਦ੍ਰਮਾਂ ਦੇ ਸੰਗ ਤਾਰੇ ਆਦੀ ਦੀ ਭੀ ਪੰਗਤੀਆਂ ਬਹੁਤ ਸਾਰੀ ਜਾਨਨੀਆਂ ॥

(ਸਮੀਖਛਕ) ਹੁਨ ਵੇਖੋ ਭਟਾਵੇ! ਏਸ ਭੂਗੋਲ ਵਿਚ ੧੩੨ ਸੂਰਯ ਅਰ ੧੩੨ ਚੰਦ੍ਰਮਾਂ ਜੈਨੀਆਂ ਦੇ ਘਰ ਉਪਰ ਤਪਦੇ ਹੋਂਨਗੇ,ਭਲਾ ਜੋ ਤਪਦੇ ਹੋਂਨਗੇ ਤਾਂ ਓਹ ਜੀਉਂਦੇ ਕੀਕਨ ਹਨ ? ਅਰ ਰਾਤ ਵਿਚ ਭੀ ਸਰਦੀ ਦੇ ਮਾਰੇ ਜੈਨੀ ਲੋਗ ਜਕੜ ਜਾਂਦੇ ਹੋਂਨਗ ? ਅਜੇਹੀ ਅਨਹੋਂਦ ਗੱਲ ਵਿਚ ਭੂਗੋਲ ਖਗੋਲ ਦੇ ਨਾ ਜਾਨਨ ਵਾਲੇ ਫਸਦੇ ਹਨ ਹੋਰ ਨਹੀਂ। ਜਦ ਇਕ ਸੂਰਯ ਏਸ ਭੂਗੋਲ ਦੇ ਵਾਕਰ ਦੋਰੀਅਨੇਕ ਭੂਗੋਲਾਂਨੂੰ ਪ੍ਰਕਾਸ਼ਦਾਹੈ ਤਦ ਏਸ ਛੋਟੇ ਜਿਹੇ ਭੂਗੋਲਦੀ ਕੀ ਕਥਾ ਕਹਨੀ? ਅਰ ਜੇਕਰ ਜਮੀਨ ਨਾ ਫਿਰੇ ਅਰ ਸੂਰਯ ਪ੍ਰਿਥਿਵੀ ਦੇ ਚੌਹਾਂਪਾਸੇ ਨਾ ਫਿਰੇ ਤਾਂ ਕਈਕ ਵਰ੍ਹੇਆਂ ਦਾ ਦਿਨ ਅਰ ਰਾਤ ਹੋਵੇ। ਅਰ ਸੁਮੇਰੂ ਬਿਨਾ ਹਿਮਾਲਾ ਦੇ ਦੂਜਾ ਕੋਈ ਨਹੀਂ, ਏਹ ਸੂਰਯ ਦੇ ਸਾਮਨੇ ਅਜੇਹਾਹੈ ਜੀਕਨ ਘੜੇ ਦੇ ਸਾਮਨੇ ਰਾਈਦਾ ਦਾਨਾ ਭੀ ਨਹੀਂ, ਇਨ੍ਹਾਂ ਥਾਤਾਂ ਨੂੰ ਜੈਨੀ ਲੋਗ ਸਦਤਕ ਉੱਸੇ ਮਤਵਿਚ ਰਹਨਜੋ ਜ਼ਦ ਤਕ ਨਹੀਂ ਜਾਨ ਸਕਦੇ, ਕਿੰਤੂ ਸਦਾ ਹਨੇਰ ਵਿਚ ਰਹਨਗੇ ॥

ਸ਼ਮੱਤਚਰਣ ਸਹਿਯਾਸੱਞੰਲੋਗੀ ਫੁਸੇ ਨਿਰਬਸੇਸੰ।

Generated by CamScanner from intsig.com

ਸੱਤਯਚਉਦਸਭਾਏ ਪੰਜਯਸੁਪਦੇਸਵਿਰਈਏ ॥

ਪ੍ਰਕਰਣਃ ਭਾਗ ੪। ਸੰਗ੍ਰਹ ਸੂਤ ੧੩੫ ॥

ਸਮਜਕ ਚਾਰਿਤ੍ਰ ਸਮੇਤ ਜੋ ਕੇਵ ਲੀ ਓਹ ਕੇਵਲ ਸਮੁਦਘਾਤ ਅਵਸਥਾ ਥੀਂ ਸਾਰੇ ਚੌਦਾਂ ਰਾਜਲੋਕ ਅਪਨੇ ਆਤਮ ਪ੍ਰਦੇਸ਼ ਕਰਕੇ ਫਿਰਨਗੇ।

(ਸਮੀਖਛਕ) ਜੈਨੀ ਲੋਗ ੧੪ ਚੌਦਾਂ ਰਾਜ ਮੰਨਦੇ ਹਨ, ਉਨ੍ਹਾਂ ਵਿਚੋਂ ਚੌਦਵੇਂ ਦੀ ਟੀਸੀ ਉੱਪਰ ਸਰਵਾਰਥ ਸਿੱਧੀ ਵਿਮਾਨ ਦੀ ਧ੍ਵਜਾ ਥੀਂ ਉੱਪਰ ਥੋੜੀ ਦੂਰ ਉੱਤੇ ਸਿੱਧਸ਼ਿਲਾ ਤਥਾ ਦਿੱਵ ਆਕਾਸ਼ ਨੂੰ ਸ਼ਿਵਪੁਰ ਕਹਿੰਦੇ ਹਨ, ਉਸ ਵਿਚ ਕੇਵਲੀ ਅਰਥਾਤ ਜਿਨ੍ਹਾਂ ਨੂੰ ਕੇਵਲ ਜ੍ਞਿਆਨ, ਸਰਵੱਗਤਾ ਅਰ ਪੂਰੀ ਪਵਿਤ੍ਰਤਾ ਪ੍ਰਾਪਤ ਹੋਈ ਹੈ ਓਹ ਉਸ ਲੋਕ ਵਿਚ ਜਾਂਦੇ ਹਨ, ਅਰ ਅਪਨੇ ਆਤਮ ਪ੍ਰਦੇਸ਼ ਥੀਂ ਸਰਵੱਗ ਰਹਿੰਦੇ ਹਨ। ਜਿਸਦਾ ਪ੍ਰਦੇਸ਼ ਹੁੰਦਾ ਹੈ ਓਹ ਵਿਆਪਕ ਨਹੀਂ, ਜੋ ਵਿਆਪਕ ਨਹੀਂ ਓਹ ਸਰਵੱਗ ਕੇਵਲ ਗਿਆਨੀ ਕਦੀ ਨਹੀਂ ਹੋ ਸਕਦਾ. ਕਿਉਂਕਿ ਜਿਸਦਾ ਆਤਮਾ ਇਕ ਦੇਸ਼ੀ ਹੈ, ਓਹ ਜਾਂਦਾ, ਆਉਂਦਾ, ਅਰ ਬੱਧ, ਮੁਕਤ, ਗਿਆਨੀ, ਅਗਿਆਨੀ ਹੁੰਦਾ ਹੈ, ਸਰਵਵਿਆਪੀ. ਸਰਵੱਗ ਉਨ੍ਹੇਹਾ ਕਦੀ ਨਹੀਂ ਹੋ ਸਕਦਾ, ਜੋ ਜੈਨੀਆਂ ਦੇ ਤੀਰਥੰਕਰ ਜੀਵ ਰੂਪ, ਅਲਪ, ਅਲਪੱਗ ਹੋਕੇ ਠਹਰੇ ਹੋਏ ਸਨ ਓਹ ਸਰਵਵਿਆਪਕ ਸਰਵੱਗ ਕਦੀ ਨਹੀਂ ਹੋ ਸਕਦੇ, ਕਿੰਤੂ ਜੋ ਪਰਮਾਤਮਾ ਅਨਾਦੀ, ਅਨੰਤ, ਸਰਵਵਿਆਪਕ, ਸਰਵੱਗ, ਪਵਿਤ੍ਰ. ਗਿਆਨ ਸਰੂਪ ਹੈ ਉਸਨੂੰ ਜੈਨੀ ਲੋਗ ਮੰਨਦੇ ਨਹੀਂ ਕਿ ਜਿਸ ਵਿਚ ਸਰਵੱਗ ਆਦੀ ਗੁਣ ਜਿਹੇ ਚਾਹੀਦੇ ਹਨ ਉਜੇਹੇ ਘਟਦੇ ਹਨ ॥

ਗੱਭਨਰਤਿ ਪਲਿਯਾਉ। ਤਿਗਾਉ ਉੱਕੋਸਤੇਜਹੱਨੇਣੰ।
ਮੁੱਛਿਮਦੁਹਾਵਿਅੰਤਮੁਹੁਅੰਗੁਲਅਸੰਖਭਾਗਤਣੂ॥੨੪੧

ਇੱਥੇ ਮਨੁੱਸ਼ ਦੋ ਪ੍ਰਕਾਰ ਦੇ ਹਨ, ਇਕ ਗਰਭ੍ਹ ਥੀਂ ਹੋਨ ਵਾਲੇ, ਦੂਜੇ ਜੋ ਗਰਭ ਦੇ ਬਿਨਾ ਉਤਪੰਨ ਹੋਏ। ਉਨ੍ਹਾਂ ਵਿਚੋਂ ਗਰਭ ਥੀਂ ਹੋਨ ਵਾਲੇ ਮਨੁੱਸ਼ ਦਾ ਉਤਕ੍ਰਿਸ਼ਟ ਤਿੰਨ ਪਲਜੋਪਮ ਦਾ ਆਯੁ ਜਾਨਨਾ,ਅਰ ਤਿੰਨ ਕੋਹ ਦਾ ਸ਼ਰੀਰ (ਸਮੀਖਛਕ) ਭਲਾ ਤਿੰਨ ਪਲਜੋਪਮ ਦਾ ਆਯੁ ਅਰ ਤਿੰਨ ਕੋਹ ਦੇ ਸ਼ਰੀਰ ਵਾਲੇ ਮਨੁੱਸ਼ ਏਸ ਭੂਗੋਲ ਵਿਚ ਬਹੁਤ ਥੋੜੇ ਸਮਾ ਸੱਕਨ, ਅਰ ਫਿਰ ਤਿੰਨ ਪਲਜੋਪਮ ਦੀ ਆਯੁ ਜੀਕਨ ਕਿ ਪਹਿਲਾਂ ਲਿਖ ਆਏ ਹਾਂ ਉੱਨੇ ਸਮੇਂ ਤਕ ਜੀਉਨ ਤਾਂ ਊਕਨ ਹੀ ਉਨ੍ਹਾਂ ਦੀ ਔਲਾਦ ਭੀ ਤਿੰਨ ਕੋਹ ਦੇ ਸ਼ਰੀਰ ਵਾਲੀ ਹੋਨੀ ਚਾਹੀਏ, ਜੀਕਨ ਬੰਬਈ ਦੇ ਸ਼ੈਹਰ ਵਿਚ ਦੋ ਅਰ ਕਲਕੱਤਾ ਅਜੇਹੇ ਸ਼ੈਹਰ ਵਿਚ ਤਿੰਨ ਵਾ ਚਾਰ ਮਨੁੱਸ਼ ਰਹ ਸੱਕਦੇ ਹਨ, ਜੋ ਅਜੇਹਾ ਹੈ ਤਾਂ

Generated by CamScanner from intsig.com

ਜੈਨੀਆਂ ਨੇ ਇਕ ਨਗਰ ਵਿਚ ਲਖਾਂ ਮਨੁੱਸ਼ ਲਿਖੇ ਹਨ ਤਾਂ ਉਨ੍ਹਾਂਦੇ ਰਹਨੇ ਦਾ ਨਗਰ ਭੀ ਲਖਾਂ ਕੋਹ ਦਾ ਚਾਹੀਏ, ਤਾਂ ਸਾਰੇ ਭੂਗੋਲ ਵਿਚ ਉਸੇਹਾ ਇਕ ਨਗਰ ਭੀ ਨਾ ਬਸ ਸੱਕੇ ॥

ਪਣਯਾ ਲਲਰਕ ਯੋਯਣ। ਵਿਰਕੰਭਾ ਸਿੱਧਸ਼ਿਲ ਫਲਿਹਵਿਮਲਾ। ਤਦੁ ਵਰਿ ਗਜੋਯਣੰਤੇ ਲੋਰੀਤੋ ਤੱਛ ਸਿੱਧਠਿਈ॥ ੨੫੯ ॥

ਜੋ ਸਰਵਾਰਥਸਿੱਧੀ ਵਿਪਾਨਦੀ ਧ੍ਵਜਾਥੀਂ ਉੱਪਰ ੧੨ਯੋਜਨ ਸਿੱਧਸ਼ਿਲਾ ਹੈ ਓਹ ਵਾਟਲਾ ਅਰ ਲੰਬੇਪਨ ਅਰ ਪੋਲਪਨ ਵਿਚ ੪੫ ਪੰਤਾਲੀ ਪੰਤਾਲੀ ਲੱਖ ਯੋਜਨ ਅੰਦਾਜ ਦੀ ਹੈ, ਓਹ ਸਬ ਧਵਲਾ, ਅਰਜੁਨ, ਸੋਨਾ ਰੂਪ ਥਲੌਰ ਦੇ ਵਾਕਰ ਨਿਰਮਲ ਸਿੱਧਸ਼ਿਲਾ ਦੀ ਸਿੱਧਭੂਮੀ ਹੈ, ਏਸਨੂੰ ਕੋਈ "ਈਸ਼ਤ" "ਪ੍ਰਾਗਭਰਾ" ਅਜੇਹਾ ਨਾਮ ਕਹਿੰਦੇ ਹਨ, ਏਹ ਸਰਵਾਰਥ ਸਿੱਧਸ਼ਿਲਾ ਵਿਮਾਨ ਥੀਂ ੧੨ ਯੋਜਨ ਅਲੋਕਭੀ ਹੈ।ਏਹਪਰਮਾਰਥ ਕੇਵਲੀਸ਼ਰੁਤ ਜਾਨਦਾਹੈ, ਏਹ ਸਿੱਧਸ਼ਿਲਾ ਸਰਵਾਰਥ ਵਿਚਕਾਰਲੇ ਭਾਗ ਵਿਚੋਂ ੮ ਯੋਜਨ ਮੋਟੀ ਹੈ। ਉੱਥੋਂ ਥੀਂ ੪ ਦਿਸ਼ਾ ਅਰ ੪ ਉਪਦਿਸ਼ਾ ਵਿਚ ਘਟਦੀ ਘਟਦੀ ਮੱਖੀ ਦੇ ਖੰਭ ਦੇ ਵਾਕਰ ਪਤਲੀ ਉੱਤਾਨ ਛਤ੍ਰ ਅਰ ਆਕਾਰ ਕਰਕੇ ਸਿੱਧਸ਼ਿਲਾ ਦੀ ਸਥਾਪਨਾ ਹੈ, ਉਸ ਸ਼ਿਲਾ ਥੀਂ ਉੱਪਰ ਇਕ ਯੋਜਨ ਦੇ ਆਂਤਰੇ ਲੋਕਾਂਤ ਹੈ, ਉੱਥੇ ਸਿੱਧਾਂ ਦਾ ਡੇਰਾ ਹੈ। (ਸਮੀਖਛਕ) ਹੁਨ ਵਿਚਾਰਨਾ ਚਾਹੀਏ ਕਿ ਜੈਨੀਆਂ ਦੀ ਮੁਕਤੀ ਦੀ ਜਗਹ ਸਰਵਾਰਥ ਸਿੱਧੀ ਵਿਮਾਨ ਦੀ ਧ੍ਵਜਾ ਦੇ ਉੱਪਰ ੪੫ ਪੰਤਾਲੀ ਲੱਖ ਯੋਜਨ ਦੀ ਸ਼ਿਲਾ ਅਰਥਾਤ ਭਾਵੇਂ ਅਜੇਹੀ ਅੱਛੀ ਅਰ ਨਿਰਮਲ ਹੋਵੇ ਤਾਂ ਭੀ ਉਸ ਵਿਚ ਰਹਨ ਵਾਲੇ ਮੁਕਤ ਜੀਵ ਇਕ ਤਰਾਂ ਦੇ ਬੱਧ ਹਨ, ਕਿਉਂਕਿ ਉਸ ਸ਼ਿਲਾ ਥੀਂ ਬਾਹਰ ਨਿਕਲਨ ਵਿਚ ਮੁਕਤੀ ਦੇ ਸੁਖ ਥੀਂ ਛੁਟ ਜਾਂਦੇ ਹੋਂਨਗੇ, ਅਰ ਜੋ ਅੰਦਰ ਰਹਿੰਦੇ ਹੋਂਨਗੇ ਤਾਂ ਉਨ੍ਹਾਂ ਨੂੰ ਹਵਾ ਭੀ ਨਾ ਲਗਦੀ ਹੋਵੇਗੀ, ਏਹ ਨਿਰਾ ਕਲਪਨਾ ਮਾਤ੍ਰ ਅਵਿਦਵਨਾਂ ਦੇ ਫਸਾਨ ਦੇ ਵਾਸਤੇ ਭ੍ਰਮ ਜਾਲ ਹੈ।

ਵਿਤਿਚਉਰਿੰ ਦਿਸ ਸਰੀਰੰ। ਵਾਰ ਸਜੋਯਣਤਿ ਕੋਸਚ ਉਕੋਸੰ ਜੋਯਣਸਹਸ ਪਣਿਦਿਯ। ਉਹੇ ਵੁੱਛੰਤਿ ਵਿਸੇਸੰਤੁ॥ ਪ੍ਰਕਰਣਰਤਨਸਾਰ ਭਾਗ ੪। ਸੰਗ੍ਰਹ੦ ਸੂਤ੍ ੨੬੭॥

ਸਮਾਨਪਨ ਥੀਂ ਇਕ ਇੰਦ੍ਰੀਦਾ ਸ਼ਰੀਰ ਹਜ਼ਾਰ ਯੋਜਨ ਦੇ ਸ਼ਰੀਰ ਵਾਲਾ ਬੜਾ ਜਾਨਨਾ; ਅਰ ਦੋ ਇੰਦ੍ਰੀ ਵਾਲੇ ਜੋ ਸ਼ੰਖ ਆਦੀ ਦਾ ਸ਼ਰੀਰ ੧੨

Generated by CamScanner from intsig.com

योजन दा जानना, अर चार इंद्री डौरे आदी दा शरीर चव्वां कोहां दा, अर पंज इंद्री इक हज़ार योजन अरथात ४ हज़ार कोहां दे शरीर वाले जानना। (समीखछक) चार चार हज़ार कोह दे अंदाज़े वाले शरीरधारी होंन तां ब्रुगोल विच तां बहुत थोड़े मनुॱश अरथात सैंकड़े मनुॱशां नाल ब्रुगोल ठैक के भरी जावे, किसे दे चलने दी जगह भी ना रहे, फिर ओह जैनीआं थीं रहन दा ठिकाना अर रसता पुॱछन, अर जो इन्हां ने लिखिआ है तां अपने घर विच रख लैन, परंतु चार हज़ार कोहां दे शरीर वाले नूं गुज़ारे वासते कोई इक दे लई ३२ बॱती हज़ार कोहदा घर तां चाहीऐ, अजेहे इक घरदे बनान विच जैनीआं दा सारा धन मुक जावे तां भी घर ना बन सॱके, इॱने वड़े अॱठ हज़ार कोहदी छॱत बनान दे लई वले किथों थीं लिआउंनगे ? अर जो उस विच थंम लगान तां ओह अंदर वड़ भी नहीं सकदा, एस लई अजेही गॱलां मिथिआ होइआ करदीआं हन।

तेथुला पॱले विहुसं खिॱजाचे बहुति सॱबेवि।
तेइॱकिॱक असंखे। सुहुमे खंमे पकॱपेह॥

प्रकरणः भाग ४। लघुखछेत्र समासप्रकरण सूत्र ४॥

पूरवोकत इक उंगल लोमदे खंडिआं नाल ४ कोदा चौरस अर उॱना ही डुंघा खुह होवे, उंगल जेडा लोम दा खंड, सब मिलके वीह लॱख सतानवें हज़ार इक सौ बएंजा हुंदे हन, वधीक थीं वधीक (३३०७६२१०४” २४६५६२५” ४२१८८६६०” ८७५३६००” ०००००००) तेती क्रोड़ा क्रोड़ी, सतलख बाहठ हज़ार इकसौ चार कोड़ाकोड़ी चौवी लख पैंठ हजार छी सौ पंजी इॱने कोड़ा कोड़ी, तथा बतालीस लख उॱनी हज़ार नौं सौ सठ इने कोड़ा कोड़ी, तथा सतानवें लख त्रैंजा हज़ार अर छीसौ कोड़ा कोड़ी” इॱनी वाटला घन योजन पलजोपम विच सारे सथूल रोमखंड दी संखिआ होवे. एह भी गिनतीकाल हुंदा है, पूरवोकत इकलोम खंड दे अनगिणत खंड मनथीं कलपे तद अनगिणत सूखछम रोमाणू होंन। (समीखछक) हुन देखो ! इन्हांदी गिनती दी रीत इक उंगल बराबर लोमदे खिॱने टुकड़े कीते, एह कदी किसेदी गिनती विच आ सकदे हन ? अर उसदे पिछों मन थीं अनगिणत खंड कलपदे हन, एसथीं एहभी सिॱध हुंदा है कि पूरवोकत खंड हॱथ नाल कीते होनगे, जदहथ थीं ना होसके तद मन नाल कीते. भला एह

Generated by CamScanner from intsig.com

ਬਾਤ ਕਦੀ ਹੋਨ ਵਾਲੀ ਹੋ ਸਕਦੀ ਹੈ ਕਿ ਇਕ ਉਂਗਲ ਵਾਲ ਦੇ ਅਨਗਿਣਤ ਟੁਕੜੇ ਹੋ ਸੱਕਨ ? ॥

ਜੰਬੂਦੀਪਪਮਾਣੰ ਗੁਲਜੋਯਾਟਲਰਕ ਵੱਟਵਿਰਕੰਭੀ। ਲਵਣਾਈਯਾਸੇਸਾ। ਬਲਯਾ ਭਾਦੁਗੁਲਦੁਗੁਲਾਯ ॥

ਪ੍ਰਕਰਣਃ ਭਾਗ ੪। ਲਘੁਖਛੇਤ੍ਰ ਸਮਾਃ ਸੂਤ੍ਰ ੧੨ ॥

ਪਹਿਲਾਂ ਜੰਬੂਦ੍ਵੀਪ ਦਾ ਲੱਖ ਯੋਜਨ ਦਾ ਅੰਦਾਜ਼ਾ ਅਰ ਪੋਲਾ ਹੈ, ਅਰ ਬਾਕੀ ਲੂਨ ਆਦੀ ਸਤ ਸਮੁੰਦ੍, ਸਤ ਦ੍ਵੀਪ, ਜੰਬੂਦ੍ਵੀਪ ਦੇ ਅੰਦਾਜ਼ੇ ਥੀਂ ਦੁਨੇ ਦੁਨ ਹਨ, ਏਸ ਇਕ ਪ੍ਰਿਥਿਵੀ ਵਿਚ ਜੰਬੂਦ੍ਵੀਪ ਆਦੀ ਸੱਤ ਦ੍ਵੀਪ ਅਰ ਸਤ ਸਮੁੰਦ੍ ਹਨ, ਜੀਕਨ ਕਿ ਪਹਿਲੇ ਲਿਖ ਆਏ ਹਾਂ। (ਸਮੀਖਛਕ) ਹੁਨ ਜੰਬੂਦ੍ਵੀਪ ਥੀਂ ਦੂਜਾ ਦ੍ਵੀਪ ਦੋ ਲਖ ਯੋਜਨ, ਤੀਜਾ ਚਾਰ ਲਖ ਯੋਜਨ, ਚੌਥਾ ਅਠ ਲਖ ਯੋਜਨ, ਪੰਜਵਾਂ ਸੋਲਾਂ ਲਖ ਯੋਜਨ, ਛੀਵਾਂ ਬੱਤੀ ਲਖ ਯੋਜਨ, ਅਰ ਸਤਵਾਂ ਚੌਂਠ ਲਖ ਯੋਜਨ, ਅਰ ਉੱਨੇ ਅੰਦਾਜੇ ਵਾ ਉਨ੍ਹਾਂ ਥੀਂ ਵਧੀਕ ਸਮੁੰਦ੍ ਦੇ ਅੰਦਾਜ਼ੇ ਥੀਂ ਏਸ ਪੰਦ੍ਰਾਂ ਹਜ਼ਾਰ ਘੇਰੇ ਵਾਲੀ ਭੂਗੋਲ ਵਿਚ ਕਿਸਤਰਾਂ ਸਮਾ ਸਕਦੇ ਹਨ ? ਏਸ ਥੀਂ ਏਹ ਬਾਤ ਨਿਰੀ ਮਿਥਿਆ ਹੈ ॥

ਕੁਰੁਨਇਚੁਲਸੀ ਸਹਸਾ। ਛੱਚੇਵੰਤਰਨਈ ਉਪਇ ਵਿਜਯੰ। ਦੋਦੋਮਹਾਨਈਉ। ਚਨੁਦਸ ਸਹਸਾਉਪੱਤੇਯੰ॥

ਪ੍ਰਕਰਣਃ ਭਾਗ ੪। ਲਘੁਖਛੇਤ੍ਰ ਸਮਾਃ ਸੂਤ੍ਰ ੬੩।

ਕੁਰੁਖਛੇਤ੍ਰ ਵਿਚ ੮੪ ਚੁਰਾਸੀ ਹਜ਼ਾਰ ਨਦੀਆਂ ਹਨ।(ਸਮੀਖਛਕ)ਭਲਾ ਕੁਰੁਖਛੇਤ੍ਰ ਬਹੁਤ ਛੋਟਾ ਦੇਸ਼ ਹੈ ਉਸਨੂੰ ਨਾ ਦੇਖਕੇ ਇਕ ਮਿਥਿਆ ਬਾਤ ਲਿਖਨ ਵਿਚ ਇਨ੍ਹਾਂ ਨੂੰ ਲਜਿਆ ਭੀ ਨਾ ਆਈ ॥

ਯਾਮੁੱਤਰਾ ਉਤਾਉ। ਇਗੇਗ ਸਿੰਹਾਸਣਾਉ ਅਇ-ਪੁੱਬੰ। ਚਉ ਸੁ ਵਿਤਾਸ ਨਿਆਸਣ, ਦਿਸਿਭਵੰਜਣ ਮੱਜਣੰ ਹੋਈ॥ ਪ੍ਰਕਰਣ० ਭਾਗ ੪। ਲਘੁਖਛੇਤ੍ਰ ਸਮਾਃ ਸੂਤ੍ਰ ੧੧੯ ॥

ਉਸ ਸ਼ਿਲਾਦੇ ਵਿਸ਼ੇਸ਼ ਦੱਖਛਿਣ ਅਰ ਉੱਤਰ ਦਿਸ਼ਾ ਵਿਚ ਇਕ ਇਕ ਸਿੰਘਾਸਨ ਜਾਨਨਾ ਚਾਹੀਏ, ਉਨ੍ਹਾਂ ਸ਼ਿਲਾਦੇ ਨਾਮ ਦੱਖਛਿਣ ਦਿਸ਼ਾ ਵਿਚ ਅਤੀ ਪਾਂਡੂ ਕੰਬਲਾ, ਉੱਤਰ ਦਿਸ਼ਾ ਵਿਚ ਅਤੀਰਿਕਤ ਕੰਬਲਾ ਸ਼ਿਲਾ ਹੈ, ਉਨ੍ਹਾਂ ਸਿੰਘਾਸਨਾਂ ਉੱਪਰ ਤੀਰਥੰਕਰ ਬੈਠਦੇ ਹਨ। (ਸਮੀਖਛਕ) ਵੇਖੋ ! ਇਨ੍ਹਾਂ। ਦੇ ਤੀਰਥੰਕਰਾਂ ਦੇ ਜਨਮ ਉਤਸਵ ਆਦੀ ਕਰਨੇ ਦੀ ਸ਼ਿਲਾ ਨੂੰ ਅਜੇਹੀ ਹੀ

Generated by CamScanner from intsig.com

ਮੁਕਤੀ ਦੀ ਸਿੱਧਸ਼ਿਲਾ ਹੈ, ਅਜੇਹੀਆਂ ਇਨ੍ਹਾਂ ਦੀਆਂ ਬਹੁਤ ਸਾਰੀਆਂ ਬਾਤਾ ਗੋਲ ਮਾਲ ਹਨ, ਕਿੱਥੋਂ ਤਕ ਲਿਖੀਏ, ਕਿੰਤੂ ਜਲ ਛਾਨ ਕੇ ਪੀਨਾ, ਅਰ ਸੂਖਛਮ ਜੀਵਾਂ ਉੱਪਰ ਨਾਮ ਮਾਤ੍ਰ ਦਇਆ ਕਰਨੀ, ਰਾਤਨੂੰ ਭੋਜਨ ਨਾ ਕਰਨਾ, ਏਹ ਤਿੰਨ ਬਾਤਾਂ ਅੱਛੀਆਂ ਹਨ, ਬਾਕੀ ਜਿੱਨਾ ਇਨਾਂ ਦਾ ਕਹਨਾ ਹੈ ਸਾਰਾ ਅਸੰਭਵ ਹੈ, ਇੱਨੇ ਹੀ ਲਿਖਨੇ ਥੀਂ ਬੁਧਵਾਨ ਲੋਕ ਬਹੁਤ ਸਾਰਾ ਜਾਨ ਲੈਨਗੇ, ਥੋੜਾ ਜਿਹਾ ਏਹ ਦ੍ਰਿਸ਼੍ਟਾਂਤ ਮਾਤ੍ਰ ਲਿਖਿਆ ਹੈ ਜੋ ਇਨ੍ਹਾਂ ਦੀਆਂ ਅਨਹੋਂਦ ਗੱਲਾਂ ਸਾਰੀਆਂ ਲਿਖੀਏ ਤਾਂ ਇੱਨੇ ਪੁਸਤਕ ਹੋਜਾਂਨ ਕਿ ਇਕ ਪੁਰੁਸ਼ ਉਮਰ ਭਰ ਵਿਚ ਪੜ੍ਹ ਭੀ ਨਾ ਸਕੇ, ਏਸ ਲਈ ਜੀਕਨ ਇਕ ਹਾਂਡੀ ਵਿਚ ਉਬਲਦੇ ਚਾਵਲਾਂ ਵਿਚੋਂ ਇਕ ਚਾਵਲ ਦੀ ਪਰੀਖਛਾ ਕਰਨ ਥੀਂ ਕੱਚੇ ਵਾ ਪੱਕੇ ਹਨ ਸਾਰੇ ਚਾਵਲ ਮਲੂਮ ਹੋਜਾਂਦੇ ਹਨ, ਈਕਨ ਹੀ ਏਸ ਥੋੜੇ ਜਿਹੇ ਲੇਖ ਥੀਂ ਸੱਜਨ ਲੋਗ ਬਹੁਤਸਾਰੀਆਂ ਗੱਲਾਂ ਸਮਝ ਲੈਂਨਗੇ, ਬੁਧਵਾਨਾਂ ਦੇ ਸਾਮਨੇ ਬਹੁਤ ਲਿਖਨਾ ਜਰੂਰੀ ਨਹੀਂ, ਕਿਉਂਕਿ ਦਿਗਦਰਸ਼ਨ ਵਾਕਰ ਸਾਰੇ ਮਤਬਲ ਨੂੰ ਬੁਧਵਾਂਨ ਲੋਕ ਜਾਨ ਹੀ ਲੈਂਦੇ ਹਨ । ਏਸਤੋਂ ਅੱਗੇ ਈਸਾਈਆਂ ਦੇ ਮਤਦੇ ਵਿਸ਼ੇ ਵਿਚ ਲਿਖਿਆ ਜਾਵੇਗਾ ॥

ਇਤਿ ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮਿਕ੍ਰਿਤੇ ਸਤਜਾਰਥਪ੍ਰਕਾਸ਼ੇ ਸੁਭਾਸ਼ਾਵਿਭੂਸ਼ਿਤ ਨਾਸਤਿਕ ਮਤਮਤਾਂਤਰਗਤ ਚਾਰਵਾਕ, ਬੌੱਧ, ਜੈਨਮਤ ਖੰਡਨ ਮੰਡਨ ਵਿਸ਼ਯੇ ਦ੍ਵਾਦਸ਼ਃ ਸਮੁੱਲਾਸਃ ਸੰਪੂਰਣਃ ॥੧੨॥

———o———

ਸ੍ਰੀਮੱਦਯਾਨੰਦਸਰਸ੍ਵਤੀਸ੍ਵਾਮੀਕ੍ਰਿਤ ਸਤਜਾਰਥਪ੍ਰਕਾਸ਼ ਸੁਭਾਸ਼ਾਵਿਭੂਸ਼ਿਤ ਨਾਸਤਿਕ ਚਾਰਵਾਕ, ਬੌੱਧ ਜੈਨ ਮਤਮਤਾਂਤਰ ਖੰਡਨ ਮੰਡਨ ਵਿਸ਼ਯ ਦਾ ਬਾਰ੍ਹਵਾਂ ਸਮੁੱਲਾਸ ਸਮਾਪਤ ਹੋਇਆ ॥ ੧੨ ॥

———o———

Generated by CamScanner from intsig.com

ਅਨੁਭੂਮਿਕਾ।

—o—

ਜੋ ਇਹ ਬਾਇਬਲ ਦਾ ਮਤ ਹੈ ਓਹ ਨਿਰਾ ਈਸਾਈਆਂ ਦਾ ਹੀ ਹੈ ਸੋ ਨਹੀਂ, ਕਿੰਤੂ ਏਸਥੀਂ ਯਹੂਦੀ ਆਦੀ ਭੀ ਗ੍ਰਹਣ ਹੁੰਦੇ ਹਨ, ਜੋ ਇੱਥੇ (੧੩) ਤੇਰ੍ਹਵੇਂ ਸਮੁੱਲਾਸ ਵਿੱਚ ਈਸਾਈ ਮਤਦੇ ਵਿਸ਼ਯ ਵਿਚ ਲਿਖਿਆ ਹੈ ਏਸਦਾ ਇਹੀ ਪ੍ਰਯੋਜਨ ਹੈ ਕਿ ਅਜਕਲ ਬਾਇਬਲ ਦੇ ਮਤ ਵਿਚ ਈਸਾਈ ਮੁੱਖ ਹੋ ਰਹੇ ਹਨ, ਅਰ ਯਹੂਦੀ ਆਦੀ ਗੌਣ ਹਨ, ਮੁੱਖਦੇ ਗ੍ਰਹਣ ਕੀਤੇਆਂ ਗੌਣ ਦਾ ਗ੍ਰਹਣ ਹੋ ਜਾਂਦਾ ਹੈ, ਏਸ ਕਰਕੇ ਯਹੂਦੀਆਂ ਦਾ ਮਤ ਭੀ ਗ੍ਰਹਣ ਸਮਝ ਲੌ, ਇਨ੍ਹਾਂ ਦਾ ਜੋ ਵਿਸ਼ਾ ਇੱਥੇ ਲਿਖਿਆ ਹੈ ਸੋ ਨਿਰਾ ਬਾਇਬਲ ਵਿਚੋਂ ਕਿ ਜਿਸਨੂੰ ਈਸਾਈ ਅਰ ਯਹੂਦੀ ਆਦੀ ਸਾਰੇ ਮੰਨਦੇ ਹਨ, ਅਰ ਇਸੇ ਗ੍ਰੰਥ ਨੂੰ ਅਪਨੇ ਧਰਮ ਦਾ ਮੁੱਢ ਕਾਰਣ ਸਮਝਦੇ ਹਨ, ਏਸ ਗ੍ਰੰਥ ਦੇ ਅਨੁਵਾਦ ਬਹੁਤਸਾਰੇ ਹੋਏ ਹਨ, ਜੇਹੜੇ ਇਨ੍ਹਾਂ ਦੇ ਮਤ ਵਿਚ ਵਡੇ ਵਡੇ ਪਾਦਰੀ ਹਨ ਉਨ੍ਹਾਂਨੇ ਕੀਤੇ ਹਨ, ਉਨ੍ਹਾਂ ਵਿਚ ਦੇਵਨਾਗਰੀ ਵਾ ਸੰਸਕ੍ਰਿਤ ਬੋਲੀ ਅੰਦਰ ਵੇਖਕੇ ਮੈਨੂੰ ਬਾਇਬਲ ਉੱਤੇ ਬਹੁਤਸਾਰੀਆਂ ਸ਼ੰਕਾ ਹੋਈਆਂ ਹਨ, ਉਨ੍ਹਾਂ ਵਿਚੋਂ ਥੋੜੀਆਂ ਕੁ ਹੀਆਂ ਏਸ ਤੇਰ੍ਹਵੇਂ ੧੩ ਸਮੁੱਲਾਸ ਵਿਚ ਸਾਰਿਆਂ ਦੇ ਵਿਚਾਰ ਵਾਸਤੇ ਲਿਖੀਆਂ ਹਨ, ਏਹ ਲੇਖ ਨਿਰਾ ਸੱਚ ਦੇ ਵਧਾਉਨ ਵਾਸਤੇ ਅਰ ਝੂਠ ਦੇ ਘਟਾਉਨ ਵਾਸਤੇ ਹੈ, ਨਾ ਕਿ ਕਿਸੇ ਨੂੰ ਦੁਖਾਨੇ, ਯਾਂ ਨੁਕਸਾਨ ਕਰਨੇ, ਯਾ ਝੂਠੇ ਦੋਸ਼ ਲਗਾਨੇ ਵਾਸਤੇ ਹੈ, ਏਸਦਾ ਪ੍ਰਯੋਜਨ ਉੱਤਰ ਦੇ ਲੇਖ ਵਿਚ ਸਬ ਕੋਈ ਸਮਝ ਲੈਂਨਗੇ ਕਿ ਇਹ ਗ੍ਰੰਥ ਕੇਹਾ ਹੈ, ਅਰ ਇਨ੍ਹਾਂ ਦਾ ਮਤ ਭੀ ਕੇਹਾ ਹੈ, ਏਸ ਲੇਖ ਕਰਕੇ ਇਹੋਹੀ ਮਤਬਲ ਹੈ ਕਿ ਸਾਰੇ ਮਨੁੱਸ਼ ਮਾਤ੍ਰ ਨੂੰ ਵੇਖਨਾ, ਸੁਨਨਾ, ਲਿਖਨਾ ਆਦਿ ਕਰਨਾ ਸੁਖੱਲਾ ਹੋਵੇਗਾ, ਅਰ ਪਖਛੀ ਅਰਥਾਤ (ਕਿਸੀ ਮਤ ਨੂੰ ਲੈਕੇ ਝਗੜਨੇ ਵਾਲਾ) ਪ੍ਰਤੀਪਖਛੀ ਅਰਥਾਤ (ਉਲਟੇ ਪਖਛ ਨੂੰ ਲੈਕੇ ਝਗੜਨੇ ਵਾਲਾ) ਹੋਕੇ ਈਸਾਈ ਮਤ ਦਾ ਜਾਂਚਨਾ ਸਬ ਕੋਈ ਕਰ ਸਕਨਗੇ, ਏਸਥੀਂ ਇਕ ਏਹ ਮੜਲਬ ਸਿੱਧ ਹੋਵਗਾ ਕਿ ਮਨੁੱਸ਼ਾਂ ਨੂੰ ਧਰਮ ਸੰਬੰਧੀ ਗਿਆਨ ਵਧਕੇ ਇਹਾ ਕਿ ਚਾਹੀਦਾ ਹੈ ਸੱਚਾ, ਝੂਠਾ ਮਤ, ਅਰ ਕਰਨੇ ਯੋਗ, ਨਾ ਕਰਨੇ ਯੋਗ, ਕਰਮ ਸੰਬੰਧੀ ਵਿਸ਼ਾ ਅਰਥਾਤ (ਜਿਸ ਵਿਸ਼ਯ ਦਾ ਕਰਮ ਦੇ ਨਾਲ ਸੰਬੰਧ ਹੈ) ਪ੍ਰਤਖਛ ਹੋਕੇ ਸੱਚਾ ਅਰ ਕਰਨੇ ਯੋਗਜ ਕਰਮ ਦਾ ਅੰਗੀਕਾਰ, ਝੂਠਾ ਅਰ ਨਾ ਕਰਨੇ ਯੋਗਜ ਕਰਮ ਦਾ ਛੱਡ ਦੇਨਾ ਸਹਜਨਾਲ

Generated by CamScanner from intsig.com

ਹੋ ਸੱਕੇਗਾ। ਸਭ ਮਨੁਸ਼ਾਂਨੂੰ ਚਾਹੀਦਾਹੈ ਕਿ ਸਾਰਿਆਂ ਦੇ ਮਤ ਵਿਸ਼ਯਦ ਗ੍ਰੰਥਾਂਨੂੰ ਵੇਖ, ਸਮਝਕੇ ਕੁਝ ਸੱਮਤੀ ਯਾ ਅਸੱਮਤੀ ਦੇਨ ਯਾ ਲਿਖਨ.ਨਹੀਂ ਤਾਂ ਸੁਨਿਆ ਕਰਨ, ਕਿਸ ਕਰਕੇ ਜਿਸਤਰਾਂ ਨਾਲ ਪੜ੍ਹਨੇ ਕਰਕੇ ਪੰਡਿਤ ਹੁੰਦਾ ਹੈ ਉਸੇਤਰਾਂ ਸੁਨਨ ਨਾਲ ਬਹੁਸ਼ ਰੁਤ (ਬਹੁਤਾ ਵਾਕਬ) ਹੁੰਦਾ ਹੈ, ਜੇਕਰ ਸੁਨਨੇ ਵਾਲਾ ਦੂਸਰੇ ਨੂੰ ਨਾ ਸਮਝਾ ਸੱਕੇ ਤਾਂ ਭੀ ਆਪ ਤਾਂ ਸਮਝ ਹੀ ਜਾਂਦਾ ਹੈ, ਜੇਹੜੇ ਕੋਈ ਪਖਛਪਾਤ ਰੂਪੀ ਸਵਾਰੀ ਉੱਤੇ ਚੜ੍ਹਕੇ ਵੇਖਦੇ ਹਨ ਉਨ੍ਹਾਂ ਨੂੰ ਨਾ ਅਪਨੇ ਅਰ ਨਾ ਪਰਾਏ ਗੁਣ ਦੋਸ਼ ਮਲੂਮ ਹੋ ਸੱਕਦੇ ਹਨ, ਮਨਸ਼ ਦਾ ਆਤਮਾ ਯਥਾਯੋਗਜ ਸੱਚ ਝੂਠਦੇ ਨਿਖੇੜਨੇ ਦਾ ਬਲ ਰੱਖਦਾ ਹੈ, ਜਿੱਨਾ ਅਪਨਾ ਪੜ੍ਹਿਆ ਯਾ ਸੁਨਿਆ ਹੋਇਆ ਹੈ ਉੱਨਾ ਨਿਸ਼ਚੇ ਕਰ ਸਕਦਾ ਹੈ, ਜੇਕਰ ਇਕ ਮਤ ਵਾਲੇ ਦੂਜੇ ਮਤ ਵਾਲੇ ਦੇ ਵਿਸ਼ਿਆਂ ਨੂੰ ਜਾਨਨ ਅਰ ਹੋਰ ਨਾ ਜਾਨਨ ਤਾਂ ਜਿਹਾ ਚਾਹੀਦਾ ਹੈ ਸੰਵਾਦ (ਚਰਚਾ) ਨਹੀਂ ਹੋ ਸਕਦੀ, ਕਿੰਤੂ ਅਗਿਆਨੀ ਕਿਸੇ ਭੁਲੇਖੇ ਰੂਪੀ ਵਾੜੇ ਵਿਚ ਘਿਰ ਜਾਂਦੇ ਹਨ ਅਜੇਹਾ ਨਾ ਹੋਵੇ, ਏਸ ਵਾਸਤੇ ਏਸ ਗ੍ਰੰਥ ਵਿਚ ਚੱਲੇ ਹੋਏ ਸਭ ਮਤਾਂ ਦਾ ਵਿਸ਼ਯ ਥੋੜਾ ਥੋੜਾ ਲਿਖਿਆ ਹੈ। ਐੱਨੇ ਤੋਂ ਹੀ ਬਾਕੀ ਦੇ ਵਿਸ਼ਿਆਂ ਵਿਚ ਅਨੁਮਾਨ ਕਰ ਸਕਦਾ ਹੈ ਕਿ ਓਹ ਸੱਚੇ ਹਨ ਯਾ ਝੂਠੇ, ਜੋ ਜੋ ਸਾਰਿਆਂ ਕਰਕੇ ਮੰਨਨੇ ਯੋਗ ਸੱਚੇ ਵਿਸ਼ਯ ਹੈਨ ਓਹ ਸਾਰਿਆਂ ਵਿਚ ਇੱਕੋ ਜਿਹੇ ਹਨ, ਝਗੜਾ ਝੂਠੇ ਵਿਸ਼ਿਆਂ ਵਿਚ ਹੁੰਦਾ ਹੈ, ਯਾ ਇਕ ਸੱਚਾ ਅਤ ਦੂਜਾ ਝੂਠਾ ਹੋਵੇ ਤਾਂ ਭੀ ਕੁਝ ਥੋੜਾ ਜਿਹਾ ਵਿਵਾਦ ਚਲਦਾ ਹੈ, ਜੇਕਰ ਵਾਦੀ ਪ੍ਰਤੀਵਾਦੀ ਸੱਚੇ ਝੂਠੇ ਨਿਸ਼ਚੇ ਦੇ ਵਾਸਤੇ ਵਾਦ ਪ੍ਰਤੀਵਾਦ ਕਰਨ ਤਾਂ ਜ਼ਰੂਰ ਨਿਸ਼ਚੇ ਹੋ ਜਾਵੇ।

ਹੁਨ ਮੈਂ ਏਸ ਤੇਰ੍ਹਵੇਂ ਸਮੁੱਲਾਸ ਵਿਚ ਈਸਾਈ ਮਤ ਸੰਬੰਧੀ ਥੋੜਾ ਜਿਹਾ ਲਿਖਕੇ ਸਾਰਿਆਂ ਦੇ ਸਾਮਨੇ ਰਖਦਾ ਹਾਂ, ਵਿਚਾਰੋ ਕਿ ਕਿਹੋ ਜਿਹਾ ਹੈ॥

ਅਲਮਿਤਿ ਲੇਖੇਨ ਵਿਚਖਛਣਵਰੇਸ਼ੁ।

—o—

Generated by CamScanner from intsig.com

ਤੇਰ੍ਹਵਾਂ ਸਮੁੱਲਾਸ

ਈਸਾਈਆਂ ਦੇ ਮਤ ਦੇ ਵਿਸ਼ਯ ਵਿਚ।

ਹੁਨ ਏਸ ਥੀਂ ਅੱਗੇ ਈਸਾਈਆਂ ਦੇ ਮਤ ਵਿਸ਼ਯ ਵਿਚ ਲਿਖਨੇ ਹਾਂ ਜਿਸ ਥੀਂ ਸਾਰਿਆਂ ਨੂੰ ਮਲੂਮ ਹੋਜਾਵੇ ਕਿ ਇਨ੍ਹਾਂ ਦਾ ਮਤ ਭੁੱਲ ਤੋਂ ਬਿਨ ਅਰ ਇਨ੍ਹਾਂ ਦੀ ਬਾਇਬਲ ਪੁਸਤਕ ਈਸ਼੍ਵਰ ਕਰਕੇ ਬਨਾਈ ਹੋਈ ਹੈ ਯਾ ਨਹੀਂ ਪਹਲਾਂ ਬਾਇਬਲ ਦੇ ਤੌਰੇਤ ਦਾ ਵਿਸ਼ਯ ਲਿਖਿਆ ਜਾਂਦਾ ਹੈ।

੧—ਆਰੰਭ ਵਿਚ ਈਸ਼੍ਵਰ ਨੇ ਆਕਾਸ਼ ਅਰ ਜ਼ਮੀਨ ਨੂੰ ਬਨਾਇਆ, ਅਰ ਜ਼ਮੀਨ ਬੇਡੌਲ ਅਰ ਸੁੰਨੀਸੀ, ਅਰ ਡੁੰਘਾਨ ਉੱਪਰ ਹਨੇਰਾ ਸੀ, ਅਰ ਈਸ਼੍ਵਰ ਦਾ ਆਤਮਾ ਜਲਦੇ ਉੱਪਰ ਡੋਲਦਾ ਸੀ। ਪਰਵ ੧ ਆ ੦ ੧। ੨ ॥

(ਸਮੀਖਛਕ) ਆਰੰਭ ਕਿਸਨੂੰ ਆਖਦੇਹੋ ? (ਈਸਾਈ) ਸ੍ਰਿਸ਼ਟੀ ਦੀ ਪਹਲੀ ਉਤਪੱਤੀ ਨੂੰ। (ਸਮੀਖਛਕ) ਕੀ, ਏਹੀ ਸ੍ਰਿਸ਼ਟੀ ਪਹਲਾਂ ਹੋਈ, ਏਸ ਦੇ ਪਹਿਲਾਂ ਕਦੀ ਨਹੀਂ ਹੋਈ ਸੀ ? (ਈਸਾਈ) ਅਸੀਂ ਨਹੀਂ ਜਾਨਦੇ ਹੋਈਸੀ ਯਾ ਨਹੀਂ ਈਸ਼੍ਵਰ ਜਾਨੇ । (ਸਮੀਖਛਕ) ਜਦ ਨਹੀਂ ਜਾਨਦੇ ਤਾਂ ਏਸ ਪੁਸਤਕ ਉੱਪਰ ਭਰੋਸਾ ਕਿਉਂ ਕੀਤਾ ? ਕਿਉਂਕਿ ਜਿਸ ਥੀਂ ਸੰਸ਼ਯ ਦੂਰ ਨਹੀਂ ਹੋ ਸਕਦਾ, ਅਰ ਇੱਸੇ ਦੇ ਭਰੋਸੇ ਲੋਗਾਂ ਨੂੰ ਉਪਦੇਸ਼ ਕਰਕੇ ਏਸ ਸੰਸ਼ਿਆਂ ਦੇ ਭਰੇ ਹੋਏ ਮਤ ਵਿਚ ਕਿਉਂ ਫਸਾਂਦੇ ਹੋ ? ਅਰ ਸੰਸ਼ਯ ਤੋਂ ਬਿਨਾ ਸਾਰੀਆਂ ਸ਼ੰਕਾ ਦੂਰ ਕਰਨ ਵਾਲੇ ਵੇਦ ਮਤ ਦਾ ਗ੍ਰਹਣ ਕਿਉਂ ਨਹੀਂ ਕਰਦੇ? ਜਦ ਤੁਸੀਂ ਈਸ਼੍ਵਰ ਦੀ ਸ੍ਰਿਸ਼ਟੀ ਦਾ ਹਾਲ ਨਹੀਂ ਜਾਨਦੇ ਤਾਂ ਈਸ਼੍ਵਰ ਨੂੰ ਕੀਕਨ ਜਾਨਦੇ ਹੋਵੋਗੇ ? ਆਕਾਸ਼ ਕਿਸ ਨੂੰ ਮੰਨਦੇ ਹੋ ? (ਈਸਾਈ) ਪੋਲ ਅਰ ਉੱਪਰ ਨੂੰ ? (ਸਮੀਖਛਕ) ਪੋਲ ਦੀ ਉਤਪੱਤੀ ਕਿਸ ਤਰਾਂ ਹੋਈ ? ਕਿਉਂਕਿ ਏਹ ਵਿਭੂ ਪਦਾਰਥ ਅਰ ਅਤੀਸੂਖਛਮ ਹੇ, ਅਰ ਉੱਪਰ ਹੇਠਾਂ ਇਕੋ ਜਿਹਾ ਹੈ। ਜਦ ਆਕਾਸ਼ ਨਹੀਂ ਬਨਿਆ ਸੀ ਤਦ ਪੋਲਅਰ ਆਕਾਸ਼ ਸੀ ਵਾ ਨਹੀਂ? ਜੇਕਰ ਨਹੀਂ ਸੀ ਤਾਂ ਈਸ਼੍ਵਰ ਜ਼ਗਤ ਦਾ ਕਾਰਣ ਅਰ ਜੀਵ ਕਿੱਥੇ ਰਹਿੰਦੇ ਸਨ ? ਬਿਨਾ ਆਕਾਸ਼ ਦੇ ਕੋਈ ਪਦਾਰਥ ਠੈਹਰ ਨਹੀਂ ਸੱਕਦਾ, ਏਸ ਲਈ ਤੁਹਾਡੀ ਬਾਇਬਲ ਦਾ ਕਹਨਾ ਠੀਕ ਨਹੀਂ । ਈਸ਼੍ਵਰ ਬੇਡੌਲ ਉਸਦਾ ਗਿਆਨ, ਕਰਮ, ਬੇਡੌਲ ਹੁੰਦਾ ਹੈ ਵਾ ਸਬ ਡੌਲ ਵਾਲਾ ? (ਈਸਾਈ) ਡੌਲ ਵਾਲਾ ਹੁੰਦਾ ਹੈ। (ਸਮੀਖਛਕ) ਜਾਂ ਏਂਥੇ ਈਸ਼੍ਵਰ ਦੀ ਬਨਾਈ

Generated by CamScanner from intsig.com

ज़मीन बेडौल सी, इस तरां किउं लिखिआ ? (ईसाई) बेडौल दा अरथ इह है कि उूंची नीवीं सी, बराबर नहीं सी । (समीखछक) फिर बराबर किसने कीती ? अर की, हुन भी उूंची नीवीं नहीं है ? एस वासते ईशूर दा कंम बेडौल नहीं होसकदा, किस करके ओह सब जानने वाला है, उुसदे कंम विच ना भुल ना चुक कदी हो सकदी है, अर बाइबल विच ईशूर दी सिशटी बेडौल लिखी एस वासते एह पुसतक ईशूर करके बनाइआ नहीं होसकदा है, पहिलां ईशूर दा आतमा की पदारथ है ? (ईसाई) चेतन (समीखछक) ओह साकार है वा निराकार ? अर विआपक है वा इक देश विच रहिन वाला ? (ईसाई) निराकार, चेतन अर विआपक है पर किसे इक सनाई परबत, चौबे आसमान आदी ठिकानिआं विच वधीक रहिंदा है । (समीखछक) जेकर निराकार है तां उुसनूं किसने देखिआ ? अर विआपक दा जल उूपर डोलना कदी नहीं होसकदा, भला जद ईशूर दा आतमा जल उुपर डोलदा सी तद ईशूर किथे सी ? एस करके एहो सिध हुंदा है कि ईशूर दा शरीर किसे होर जगह ठैहरिआ होइआ होवेगा, या अपने कुझ आतमा दे इक टुकड़े नूं जल उूते डुलाइआ होवेगा, जो अजेहा है तां विआपक अर सब जानने वाला कदी नहीं होसकदा, जेकर विआपक नहीं तां जगत दी उुतपती, धारना, पालना अर जीवां दे करमां दी विवसथा, वा पलय कदी नहीं कर सकदा, किस करके कि जिस पदारथ दा सरूप इकदेशी है उुसदे गुण, करम, सुभाव भी इकदेशी हुंदे हन, जे अजेहा है तां ओह ईशूर नहीं हो सकदा, किस करके ईशूर सरवविआपक, बेअंत गुण, करम, सुभाव सहित सत, चित, आनंदसरूप, नित, शुध, बुध, मुकत सुभाव, अनादी, अनंत आदी लखछणां वाला वेदां विच कहिआ है उुसे नूं मंनों तदे ही तुहाडा कलिआण होवेगा, होर तरां नहीं॥१॥

२—अर ईशूर ने आखिआ कि चानना होवे अर चानना होगिआ। अर ईशूर ने चानने नूं देखिआ कि अछा है। परव १ । आयत ३। ४ ॥

(समीखछक) की, ईशूर दी गल जड़ रूप चाननेने सुन लई? जेकर सुनी होवे तां एस वेले भी सूरय अर दीवा अर अग दा चानना साडी तुहाडी गल किउं नहीं सुनदा ? चानना जड़ हुंदा है ओह कदी किसे दी गल नहीं सुन सकदा, जद ईशूर ने चानने नूं देखिआ तदे ही जानिआ कि चानना अछा है पहिलां नहीं जानदा

Generated by CamScanner from intsig.com

ਸੀ ? ਜੇਕਰ ਜਾਨਦਾ ਹੁੰਦਾ ਤਾਂ ਦੇਖਕੇ ਅੱਛਾ ਕਿਉਂ ਕਹਿੰਦਾ ? ਜੇ ਨਹੀ ਜਾਨਦਾ ਸੀ ਤਾਂ ਓਹ ਈਸ਼ੁਰ ਹੀ ਨਹੀਂ, ਏਸ ਵਾਸਤੇ ਤੁਹਾਡੀ ਬਾਇਬਲ ਈਸ਼ੁਰ ਕਰਕੇ ਬਨਾਈ, ਅਰ ਉਸ ਵਿਚ ਕਹਿਆ ਹੋਇਆ ਈਸ਼ੁਰ ਸਬ ਕੁਝ ਜਾਨਨ ਵਾਲਾ ਨਹੀਂ ਹੈ॥ ੨ ॥

੩—ਅਰ ਈਸ਼ੁਰ ਨੇ ਆਖਿਆ ਕਿ ਪਾਨੀਆਂ ਦੇ ਵਿਚਕਾਰ ਵਿਚ ਆਕਾਸ਼ ਹੋਵੇ ਅਰ ਪਾਨੀਆਂ ਨੂੰ ਪਾਨੀਆਂ ਥੀਂ ਵਖਰਾ ਕਰੇ, ਤਦ ਈਸ਼ੁਰ ਨੇ ਆਕਾਸ਼ ਨੂੰ ਬਨਾਇਆ, ਅਰ ਆਕਾਸ਼ ਦੇ ਹੇਠਾਂ ਦੇ ਪਾਨੀਆਂ ਨੂੰ ਆਕਾਸ਼ ਦੇ ਉੱਪਰ ਦੇ ਪਾਨੀਆਂ ਥੀਂ ਨਖੇੜਿਆ, ਅਰ ਅਜੇਹਾ ਹੋ ਗਿਆ। ਅਰ ਈਸ਼ੁਰ ਨੇ ਆਕਾਸ਼ ਨੂੰ ਸ੍ਵਰਗ ਆਖਿਆ, ਅਰ ਸਾਂਝ ਅਰ ਸਵੇਰਾ ਦੂਜਾ ਦਿਨ ਹੋਇਆ ॥ ਪਰਵ ੧। ਆਯਤ ੬। ੭। ੮ ॥

(ਸਮੀਖਛਕ) ਕੀ, ਆਕਾਸ਼ ਅਰ ਜਲ ਨੇ ਭੀ ਈਸ਼ੁਰ ਦੀ ਗੱਲ ਸੁਨ ਲਈ ? ਅਰ ਜੇ ਜਲ ਵਿਚ ਆਕਾਸ਼ ਨਾ ਹੁੰਦਾ ਤਾਂ ਪਾਨੀ ਰਹਿੰਦਾ ਹੀ ਕਿੱਥੇ? ਪਹਿਲੀ ਆਯਤ ਵਿਚ ਆਕਾਸ਼ ਨੂੰ ਬਨਾਇਆ ਸੀ, ਫੇਰ ਆਕਾਸ਼ ਦਾ ਬਨਾਨਾ ਨਿਕੰਮਾ ਹੋਇਆ। ਜੇ ਆਕਾਸ਼ ਨੂੰ ਸ੍ਵਰਗ ਆਖਿਆ ਤਾਂ ਓਹ ਸਬ ਥਾਂ ਵਿਆਪਕ ਹੈ, ਏਸ ਵਾਸਤੇ ਸਬ ਜਗਹ ਸ੍ਵਰਗ ਹੋਇਆ। ਫੇਰ ਉਪਰ ਨੂੰ ਸ੍ਵਰਗ ਹੈ ਏਹ ਕਹਨਾ ਨਿਕੰਮਾ ਹੈ। ਜਦ ਸੂਰਯ ਪੈਦਾ ਹੀ ਨਹੀਂ ਹੋਇਆ ਤਾਂ ਫੇਰ ਦਿਨ ਅਰ ਰਾਤ ਕਿਧਰੋਂ ਹੋਗਈ ? ਅਜੇਹੀਆਂ ਹੀ ਨਾ ਹੋਨ ਵਾਲੀਆਂ ਗੱਲਾਂ ਅੱਗੇ ਦੀਆਂ ਆਯਤਾਂ ਵਿਚ ਭਰੀਆਂ ਹਨ॥ ੩ ॥

੪—ਤਦ ਈਸ਼ੁਰ ਨੇ ਆਖਿਆ ਕਿ ਅਸੀਂ ਆਦਮ ਨੂੰ ਅਪਨੇ ਸ੍ਵਰੂਪ ਵਿਚ ਅਪਨੇ ਜੇਹਾ ਬਨਾਵੀਏ, ਤਦ ਈਸ਼ੁਰ ਨੇ ਆਦਮ ਨੂੰ ਅਪਨੇ ਸ੍ਵਰੂਪ ਵਿਚ ਅਪਨੇ ਜੇਹਾ ਪੈਦਾ ਕੀਤਾ, ਉਸਨੇ ਉੱਸੇ ਈਸ਼ੁਰ ਦੇ ਸ੍ਵਰੂਪ ਵਿਚ ਪੈਦਾ ਕੀਤਾ, ਉਸਨੇ ਉਨ੍ਹਾਂ ਨੂੰ ਪੁਰੁਸ਼ ਅਰ ਇਸਤ੍ਰੀ ਬਨਾਇਆ, ਅਰ ਈਸ਼ੁਰ ਨੇ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ। ਪਰਵ ੧ ਆ੦ ੨੬। ੨੭। ੨੮ ॥

(ਸਮੀਖਛਕ) ਜਦ ਆਦਮ ਨੂੰ ਈਸ਼ੁਰ ਨੇ ਅਪਨੇ ਸ੍ਵਰੂਪ ਵਿਚ ਬਨਾਇਆ ਤਾਂ ਈਸ਼ੁਰ ਦਾ ਸ੍ਵਰੂਪ ਪਵਿਤ੍ਰ, ਗਿਆਨ ਸ੍ਵਰੂਪ ਆਨੰਦ ਸ੍ਵਰੂਪ ਆਦੀ ਲਖ-ਛਣਾਂ ਵਾਲਾ ਹੈ ਉਸਦੇ ਵਾਛਣ ਆਦਮ ਕਿਉਂ ਨਾ ਹੋਇਆ? ਜੇ ਨਹੀਂ ਹੋਇਆ ਤਾਂ ਉਸਦੇ ਸ੍ਵਰੂਪ ਵਿਚ ਨਹੀਂ ਬਨਿਆ, ਅਰ ਆਦਮ ਨੂੰ ਪੈਦਾ ਕੀਤਾ ਤਾਂ ਈਸ਼ੁਰ ਨੇ ਅਪਨੇ ਸ੍ਵਰੂਪ ਹੀ ਨੂੰ ਪੈਦਾ ਹੋਨ ਵਾਲਾ ਕੀਤਾ, ਫੇਰ ਓਹ ਅਨਿੱਤ ਕਿਉਂ ਨਹੀਂ ? ਅਰ ਆਦਮ ਨੂੰ ਪੈਦਾ ਕਿੱਥੋਂ ਕੀਤਾ ? (ਈਸਾਈ) ਮਿੱਟੀ ਥੀਂ ਬਨਾਇਆ। (ਸਮੀਖਛਕ) ਮਿੱਟੀ ਕਿਸ ਥੀਂ ਬਨਾਈ ? (ਈਸਾਈ) ਅਪਨੀ ਕੁਦਰਤ ਅਰਥਾਤ ਸਾਮਰਥ ਥੀਂ। (ਸਮੀਖਛਕ) ਈਸ਼ੁਰ ਦੀ ਸਾਮਰਥ ਅਨਾਦੀ ਯਾ ਨਵੀਨ। (ਈਸਾਈ) ਅਨਾਦੀ ਹੈ। (ਸਮੀਖਛਕ)

Generated by CamScanner from intsig.com

ਜਦ ਅਨਾਦੀ ਹੈ ਤਾਂ ਜਗਤ ਦਾ ਕਾਰਣ ਸਨਾਤਨ ਹੋਇਆ, ਫਿਰ ਅਭਾਵ ਥੀਂ ਭਾਵ ਕਿਉਂ ਮੰਨਦੇ ਹੋ ? (ਈਸਾਈ) ਸ੍ਰਿਸ਼ਟੀ ਦੇ ਪਹਿਲਾਂ ਈਸ਼ੂਰ ਦੇ ਬਿਨਾ ਕੋਈ ਵਸਤੂ ਨਹੀਂ ਸੀ। (ਸਮੀਖਛਕ) ਜੇ ਨਹੀਂ ਸੀ ਤਾਂ ਏਹ ਜਗਤ ਕਿੱਧਰੋਂ ਬਨਿਆਂ ? ਅਰ ਈਸ਼ੂਰ ਦਾ ਸਾਮਰਥ ਦ੍ਰਵ੍ਯ ਹੈ ਯਾ ਗੁਣ ? ਜੋ ਦ੍ਰਵ੍ਯ ਹੈ ਤਾਂ ਈਸ਼ੂਰ ਥੀਂ ਭਿੰਨ ਕੋਈ ਪਦਾਰਥ ਸੀ, ਅਰ ਜੇ ਗੁਣ ਹੈ ਤਾਂ ਗੁਣਥੀਂ ਦ੍ਰਵ੍ਯ ਕਦੀ ਨਹੀਂ ਬਨਸਕਦਾ, ਜਿਸ ਤਰਾਂ ਰੂਪਥੀਂ ਅਗਨੀ, ਅਰ ਰਸ ਥੀਂ ਜਲ ਨਹੀਂ ਬਨ ਸਕਦਾ, ਅਰ ਜੇ ਈਸ਼ੂਰਥੀਂ ਜਗਤ ਬਨਿਆ ਹੁੰਦਾ, ਤਾਂ ਈਸ਼ੂਰਦੀ ਨਿਆਈਂ ਗੁਣ, ਕਰਮ, ਸੁਭਾਵ ਵਾਲਾ ਹੁੰਦਾ, ਉਸਦੇ ਗੁਣ ਕਰਮ, ਸੁਭਾਵਦੀ ਨਿਆਈਂ ਨਾ ਹੋਨ ਥੀਂ ਏਹ ਨਿਸ਼ਚੇ ਹੈ ਕਿ ਈਸ਼ੂਰ ਥੀਂ ਨਹੀਂ ਬਨਿਆਂ ਕਿੰਤੂ ਜਗਤ ਦੇ ਕਾਰਣ ਅਰਥਾਤ ਪਰਮਾਣੂ ਆਦੀ ਨਾਮ ਵਾਲੇ ਜੜ ਥੀਂ ਬਨਿਆਂ ਹੈ, ਜੇਹੀ ਕਿ ਜਗਤਦੀ ਉਤਪੱਤੀ ਵੇਦਾਦੀ ਸ਼ਾਸਤ੍ਰਾਂ ਵਿਚ ਲਿਖੀ ਹੈ ਉਹੋ ਜੇਹੀ ਮੰਨਲੋ ਜਿਸਥੀਂ ਈਸ਼ੂਰ ਜਗਤ ਨੂੰ ਬਨਾਂਦਾ ਹੈ, ਜੇਕਰ ਆਦਮਦੇ ਅੰਦਰਦਾ ਸ੍ਵਰੂਪ ਜੀਵ ਅਰ ਬਾਹਿਰ ਦਾ ਮਨੁੱਸ਼ ਦੇ ਸਦ੍ਰਿਸ਼ ਹੈ ਤਾਂ ਓਹੋ ਜਿਹਾ ਈਸ਼ੂਰਦਾ ਸ੍ਵਰੂਪ ਕਿਉਂ ਨਹੀਂ ? ਕਿਉਂਕਿ ਜਦ ਆਦਮ ਈਸ਼ੂਰ ਦੇ ਸਦ੍ਰਿਸ਼ ਬਨਿਆਂ ਤਾਂ ਈਸ਼ੂਰ ਆਦਮ ਦੇ ਸਦ੍ਰਿਸ਼ ਜ਼ਰੂਰ ਹੋਨਾ ਚਾਹੀਦਾ ਹੈ।੪।

੫—ਤਦ ਪਰਮੇਸ਼ੂਰ ਈਸ਼ੂਰ ਨੇ ਭੂਮੀਦੀ ਧੂੜਥੀਂ ਆਦਮ ਨੂੰ ਬਨਾਇਆ, ਅਰ ਉਸਦੀ ਨਾਸਾਂ ਵਿਚ ਜੀਵਨ ਦਾ ਸ਼ੂਾਸ ਫੂਕਿਆ ਅਰ ਆਦਮ ਜੀਂਉਦਾ ਪ੍ਰਾਣ ਹੋਇਆ, ਅਰ ਪਰਮੇਸ਼ੂਰ ਈਸ਼ੂਰ ਨੇ 'ਅਦਨ' ਵਿਚ ਪੂਰਵ ਦੇ ਪਾਸੇ ਇਕ ਬਗੀਚੀ ਲਾਈ, ਅਰ ਉਸ ਆਦਮ ਨੂੰ ਜਿਸਨੂੰ ਉਸਨੈ ਬਨਾਇਆ ਸੀ ਉਸ ਵਿਚ ਰਖਿਆ, ਅਰ ਉਸ ਬਗੀਚੀ ਦੇ ਵਿਚਕਾਰ ਜੀਵਨ ਦਾ ਦ੍ਰਖਤ ਅਰ ਭਲੇ ਬੁਰੇ ਦੇ ਗਿਆਨ ਦਾ ਦ੍ਰਖਤ ਪ੍ਰਿਥਿਵੀ ਥੀਂ ਪੈਦਾ ਕੀਤਾ ਪਰਵ੦ ੨। ਆ੦ ੨। ੮। ੯ ॥

(ਸਮੀਖਛਕ) ਜਦ ਈਸ਼ੂਰਨੇ 'ਅਦਨ' ਵਿਚ ਬਗੀਚੀ ਬਨਾਕੇ ਉਸ ਵਿਚ ਆਦਮ ਨੂੰ ਰਖਿਆ ਤਦ ਈਸ਼ੂਰ ਨਹੀਂ ਜਾਨਦਾ ਸੀ ਕਿ ਇਸ ਨੂੰ ਫੇਰ ਏਥੋਂ ਕੱਢਨਾ ਪਵੇਗਾ ? ਅਰ ਜਦ ਈਸ਼ੂਰ ਨੇ ਆਦਮ ਨੂੰ ਧੂੜ ਥੀਂ ਬਨਾਇਆ ਤਾਂ ਈਸ਼ੂਰ ਦਾ ਸ੍ਵਰੂਪ ਨਹੀਂ ਹੋਇਆ ? ਅਰ ਜੇ ਹੈ ਤਾਂ ਈਸ਼ੂਰ ਭੀ ਧੂੜ ਥੀਂ ਬਨਿਆਂ ਹੋਵੇਗਾ, ਜਦ ਉਸਦੀ ਨਾਸਾਂ ਵਿਚ ਈਸ਼ੂਰ ਨੇ ਸ਼ੂਾਸ ਫੂਕਿਆਂ ਤਾਂ ਓਹ ਸ਼ੂਾਸ ਈਸ਼ੂਰ ਦਾ ਸ੍ਵਰੂਪ ਸੀ ਯਾ ਵਖਰਾ ? ਜੇ ਵਖਰਾ ਸੀ ਤਾਂ ਈਸ਼ੂਰ ਆਦਮ ਦੇ ਸ੍ਵਰੂਪ ਵਿਚ ਨਹੀਂ ਬਨਿਆਂ , ਜੇ ਇਕ ਹੈ ਤਾਂ ਆਦਮ ਅਰ ਈਸਰ ਇੱਕੋ ਜਿਹੇ ਹੋਏ, ਅਰ ਜੇ ਇੱਕੋ ਜਿਹੇ ਹਨ ਤਾਂ ਆਦਮ ਦੀ ਨਿਆਈਂ ਜੰਮਨਾ, ਮਰਨਾ, ਵਧਨਾ, ਘਟਨਾ, ਭੁੱਖ, ਤ੍ਰੇਹ ਆਦੀ ਦੋਸ਼ ਈਸ਼ੂਰ ਵਿਚ ਆਏ, ਫੇਰ ਓਹ ਈਸ਼ੂਰ ਕਿਸਤਰਾਂ ਨਾਲ਼ ਹੋ ਸਕਦਾ ਹੈ, ਏਸਵਾਸਤੇ ਏਹ ਤੌਰੇਤ ਦੀ ਗੱਲ

Generated by CamScanner from intsig.com

ਠੀਕ ਨਹੀਂ ਮਲੂਮ ਹੁੰਦੀ, ਅਰ ਇਹ ਪੁਸ ਭੀ ਈਸ਼ੂਰ ਦਾ ਬਨਾਇਆ ਨਹੀਂ ਹੈ ॥ ੫ ॥

੬–ਅਰ ਪਰਮੇਸ਼ੂਰ ਈਸ਼ੂਰ ਨੇ ਆਦਮ ਨੂੰ ਵੱਡੀ ਨੀਂਦ ਵਿਚ ਸੁੱਟਿਆ ਅਰਓਹ ਸੌਂਗਿਆ, ਤਦ ਉਸਨੇ ਉਸਦੀ ਪਸਲੀਆਂ ਵਿਚੋਂ ਇਕ ਪਸਲੀ ਕੱਢੀ ਅਰਉੱਸੇ ਦੀ ਜਗਹਿ ਮਾਂਸ ਭਰ ਦਿੱਤਾ, ਅਰ ਪਰਮੇਸ਼ੂਰ ਈਸ਼ੂਰ ਨੇ ਆਦਮ ਦੀ ਉਸ ਪਸਲੀ ਥੀਂ ਇਕ ਇਸਤ੍ਰੀ ਬਨਾਈ ਅਰ ਉਸ ਨੂੰ ਆਦਮ ਦੇ ਪਾਸ ਲਿਆਇਆ । ਪਰਵ ੨ ।ਆਇ ੨੧ । ੨੨ ॥

(ਸਮੀਖਛਕ) ਜੇ ਈਸ਼ੂਰ ਨੇ ਆਦਮ ਨੂੰ ਧੂੜਥੀਂ ਬਨਾਇਆ ਤਾਂ ਉਸਦੀ ਇਸਤ੍ਰੀ ਨੂੰ ਧੂੜਥੀਂ ਕਿਉਂ ਨਹੀਂ ਬਨਾਇਆ ? ਅਰ ਜੇ ਇਸਤ੍ਰੀ ਨੂੰ ਹੱਡੀਥੀਂ ਬਨਾਯਾ ਤਾਂ ਆਦਮ ਨੂੰ ਹੱਡੀਥੀਂ ਕਿਉਂ ਨਹੀਂ ਬਨਾਇਆ ? ਅਰ ਜਿਸਤਰਾਂ ਨਰਥੀਂ ਨਿਕਲਨ ਕਰਕੇ ਨਾਰੀ ਨਾਮ ਹੋਇਆ ਤਾਂ ਨਾਰੀ ਥੀਂ ਨਰ ਨਾਮ ਭੀ ਹੋਨਾ ਚਾਹੀਦਾ ਹੈ, ਅਰ ਉਨ੍ਹਾਂ ਵਿਚ ਇਕ ਦੂਜੇ ਨਾਲ ਪ੍ਰੇਮ ਭੀ ਰਹੇ, ਜਿਸ ਤਰਾਂ ਇਸਤ੍ਰੀ ਦੇ ਨਾਲ ਪੁਰੁਸ਼ ਪ੍ਰੇਮ ਕਰੇ ਉਸੇ ਤਰਾਂ ਪੁਰੁਸ਼ ਦੇ ਨਾਲ ਇਸਤ੍ਰੀ ਭੀ ਪ੍ਰੇਮ ਕਰੇ । ਵੇਖੋ ਵਿਦਵਾਨ ਲੋਗੋ! ਈਸ਼ੂਰ ਦੀ ਕੇਹੀ ਪਦਾਰਥਵਿਦ੍ਯਾ ਅਰਥਾਤ ਫਿਲਾਸਫੀ ਚਿਲਕਦੀ ਹੈ, ਜੋ ਆਦਮ ਦੀ ਇਕ ਪਸਲੀ ਕੱਢਕੇ ਇਸਤ੍ਰੀ ਬਨਾਈ ਤਾਂ ਸਾਰਿਆਂ ਮਨੁਸ਼ਾ ਦੀ ਇਕ ਪਸਲੀ ਘਟ ਕਿਉਂ ਨਹੀਂ ਹੁੰਦੀ ? ਅਰ ਇਸਤ੍ਰੀ ਦੇ ਸ਼ਰੀਰ ਵਿਚ ਇਕ ਪਸਲੀ ਚਾਹੀਦੀ ਹੈ, ਕਿਸਕਰਕੇ ਓਹ ਇਕ ਪਸਲੀ ਥੀਂ ਬਨੀ ਹੈ, ਕੀ ਜਿਸ ਸਾਮਗ੍ਰੀ ਥੀਂ ਸਾਰਾ ਜਗਤ ਬਨਾਇਆ ਉਸ ਸਮਗ੍ਰੀ ਥੀਂ ਇਸਤ੍ਰੀ ਦਾ ਸ਼ਰੀਰ ਨਹੀਂ ਬਨ ਸਕਦਾ ਸੀ ? ਏਸ ਵਾਸਤੇ ਏਹ ਬਾਇਬਲ ਦਾ ਸ੍ਰਿਸ਼ਟੀਕ੍ਰਮ ਸ੍ਰਿਸ਼ਟੀ-ਵਿਦਿਆ ਥੀਂ ਉਲਟਾ ਹੈ ॥ ੬ ॥

੭–ਹੁਨ ਸੱਪ ਪ੍ਰਿਥਿਵੀ ਦੇ ਹਰਇਕ ਪਸ਼ੂ ਥੀਂ, ਜਿਸਨੂੰ ਪਰਮੇਸ਼ੂਰ ਈਸ਼ੂਰ ਨੇ ਬਨਾਇਆਸੀ ਧੂਰਤਸੀ, ਅਰ ਉਸਨੇ ਇਸਤ੍ਰੀ ਨੂੰ ਆਖਿਆ ਕਿ ਨਿਸ਼ਚੇ ਈਸ਼ੂਰ ਨੇ ਕਹਿਆ ਹੈ ਕਿ ਤੁਸੀਂ ਏਸ ਬਗੀਚੀ ਦੇ ਹਰ ਇਕ ਦ੍ਰਖਤ ਥੀਂ ਨਾ ਖਾਨਾ, ਅਰ ਇਸਤ੍ਰੀ ਨੇ ਸੱਪ ਨੂੰ ਆਖਿਆ ਕਿ ਅਸੀਂ ਏਸ ਬਗੀਚੀ ਦੇ ਦ੍ਰਖਤਾਂ ਦਾ ਫਲ ਖਾਂਦੇ ਹਾਂ, ਪਰੰਤੂ ਉਸ ਦ੍ਰਖਤ ਦਾ ਫਲ ਜੋ ਬਗੀਚੀ ਦੇ ਅੰਦਰ ਹੈ ਈਸ਼ੂਰ ਨੇ ਆਖਿਆ ਕਿ ਤੁਸਾਂ ਉਸਨੂੰ ਨਾ ਖਾਨਾ, ਅਰ ਨਾ ਛੁਹਨਾ ਅਜੇਹਾ ਨਾ ਹੋਵੇ ਕਿ ਮਰ ਜਾਓ । ਤਦ ਸੱਪ ਨੇ ਇਸਤ੍ਰੀ ਨੂੰ ਆਖਿਆਕਿ ਤੁਸੀਂ ਨਿਸ਼ਚੇ ਨ ਮਰੋਗੇ, ਕਿਸ ਕਰਕੇ ਈਸ਼ੂਰ ਜਾਨਦਾ ਹੈ ਕਿ ਜੇਹੜੇ ਦਿਨ ਤੁਸੀਂ ਉਸ ਨੂੰ ਖਾਓਗੇ ਤੁਹਾਡੀ ਅੱਖਾਂ ਖੁਲ ਜਾਨਗੀਆਂ ਅਰ ਤੁਸੀਂ ਭਲੇ ਬੁਰੇ ਦੀ ਪਛਾਨ ਵਿਚ ਈਸ਼ੂਹ ਦੇ ਤੁੱਲ ਹੋ ਜਾਓਗੇ, ਅਰ ਜਦ ਇਸਤ੍ਰੀ ਨੇ ਦੇਖਿਆ ਓਹ ਦ੍ਰਖਤ ਖਾਨੇ ਵਿਚ ਅੱਛੇ ਸ੍ਵਾਦ ਵਾਲਾ ਅਰ ਦੇਖਨ ਵਿਚ ਸੁੰਦਰ ਅਰ ਬੁੱਧੀ ਦੇਨ

Generated by CamScanner from intsig.com

दे योग है तां उसदे फल विचों लिआ अर खाधा अर अपने पती नूं भी दिॱता, अर उसने खाधा तद उन्हां दुहां दीआ अॱखां खुॱल गईआं, अर ओह जान गए कि असीं नंगे हां, सो उन्हांने हजीर दे पॱतिआं नूं मिलाके सीता अर अपने वासते ओढना बनाइआ, तद परमेशर ईशूरने सॱप नूं आखिआ कि जो तैं इह कीता है, एस करके तूं सारे ढोर अर हर इक बनदे पशू थीं वधीक सापिआ होइआ होवेंगा, अर तूं अपने पेट दे भार दॱलेंगा, अर अपने जीवन भर मिॱटी खाइआ करेंगा, अर मैं तेरे विच अर इसत्री विच अर तेरे वैश अर उसदे वैश विच वैर पावांगा, ओह तेरे सिर नूं रगड़ेगा, अर तूं उसदी अॱडी नूं वढेंगा. अर उसने इसत्री नूं आखिआ कि मैं तेरे दुख अर गरभ धारण नूं बहुत वधावांगा, अर तूं दुखकरके बालक जनेंगी, अर तेरी मरजी तेरे पती उॱपर होवेगी, अर ओह तेरे उपर हुकम करेगा। अर उसने आदम नूं आखिआ कि तैं जो अपनी इसत्री दा शबद मंनिआ है, अर जिस दरखत थीं मैंने तैनूं खानेथीं मना कीता सी तूंने खाधा है एस वासते पृथिवी तेरे वासते सापीहोई है, अपने जीवन भर तूं उसनूं दुख नाल खावेंगा, अर ओह कंडे अर उंट कटारे तेरे वासते उगावेगी, अर तूं खेत दा साग पॱता खावेंगा। उतपती० परव ३। आ० १। २। ३। ४। ५। ६। ७। १४। १५। १६। १७। १९॥

(समीखछक) जे ईसाईआं दा ईशूर सरवॱग हुंदा तां एस धूरत सॱप अरथात शैतान नूं किउं बनांदा? अर जे बनाइआ तां ओही ईशर अपराध दा भागी है, किसकरके जे ओह उसनूं दुशट ना बनांदा तां ओह दुशटता किउं करदा? अर ओह पिछला जनम नहीं मंनदा तां बिना अपराध उसनूं पापी किउं बनाइआ? अर सॱच पुॱछे तां ओह सॱप नहीं सी किंतु मनुश सी, किस करके जे मनुश ना हुंदा तां मनुश दी बोली कीकन बोल सॱकदा, अर जेहड़ा आप झूठा अर दूसरे नूं झूठ विच चलावे उसनूं शैतान कहना चाहीए, सो इॱथे शैतान सतवादी। अर एस करके उसने इसत्री नूं नहीं बकाइआ, किंतू सॱच आखिआ, अर ईशूर ने आदम अर हॱवा नूं झूठ कहिआ कि एसदे खाने करके तुसीं मर जाओगे, जेकर ओह दरखत गिआन देन वाला अर अमर करन वाला सी तां उसदे फल खाने थीं किउं रोकिआ? अर जे मना कीता तां ओह ईशूर झूठा अर बकान वाला ठैहरिआ, किस करके उस दरखत दे फल मनुश दे गिआन अन सुख देने वाले

Generated by CamScanner from intsig.com

ਸਨ, ਅਗਿਆਨ ਅਰ ਮਾਰਨ ਵਾਲੇ ਨਹੀਂ, ਜਦ ਈਸ਼ੁਰ ਨੇ ਫਲ ਖਾਨ ਥੀਂ ਮਨ੍ਹਾਂ ਕੀਤਾ ਤਾਂ ਉਸ ਦ੍ਰਖਤ ਦੀ ਉਤਪੱਤੀ ਕਿਸ ਵਾਸਤੇ ਕੀਤੀਸੀ ? ਜੇ ਅਪਨੇ ਵਾਸਤੇ ਕੀਤੀ ਤਾਂ ਕੀ ਆਪ ਅਗਿਆਨੀ ਅਰ ਮ੍ਰਿਤ੍ਯੂ ਧਰਮ ਵਾਲਾ ਸੀ ? ਅਰ ਜੇ ਦੂਜੇ ਵਾਸਤੇ ਬਨਾਇਆ ਤਾਂ ਫਲ ਖਾਨੇ ਵਿਚ ਅਪਰਾਧ ਕੁਝ ਭੀ ਨਾ ਹੋਇਆ। ਅਰ ਅੱਜ ਕੱਲ ਕੋਈ ਭੀ ਦ੍ਰਖਤ ਗਿਆਨ ਕਰਨੇ ਵਾਲਾ ਅਰ ਮ੍ਰਿਤ੍ਯੂ ਦੂਰ ਕਰਨੇ ਵਾਲਾ ਵੇਖਨ ਵਿੱਚ ਨਹੀਂ ਆਉਂਦਾ,ਕੀ, ਈਸ਼ੁਰ ਨੇ ਉਸਦਾ 'ਬੀ' ਭੀ ਨਸ਼ਟ ਕਰ ਦਿੱਤਾ ? ਅਜੇਹੀਆਂ ਗੱਲਾਂ ਥੀਂ ਮਨੁਸ਼ ਛਲੀ ਕਪਟੀਹੁੰਦਾ ਹੈ ਤਾਂ ਈਸ਼ੁਰ ਓਹੋ ਜਿਹਾ ਕਿਉਂ ਨਹੀਂ ਹੋਇਆ ? ਕਿਸ ਕਰਕੇ ਜੇਹੜਾ ਕੋਈ ਦੂਜੇਆਂ ਨਾਲ ਛਲ਼ ਕਪਟ ਕਰੇਗਾ ਓਹ ਛਲੀਆ ਕਪਟੀ ਕਿਉਂ ਨ ਹੋਵੇਗਾ? ਅਰ ਜੇ ਇਨ੍ਹਾਂ ਤਿੱਨਾਂ ਨੂੰ ਸ੍ਰਾਪ ਦਿਤਾ ਓਹ ਬਿਨਾ ਅਪਰਾਧ ਥੀਂ ਹੈ, ਅਰ ਫੇਰ ਓਹ ਈਸ਼ੁਰ ਅਨਿਆਯ ਕਰਨ ਵਾਲਾ ਭੀ ਹੋਇਆ, ਅਰ ਇਹ ਸ੍ਰਾਪ ਈਸ਼ੁਰ ਨੂੰ ਹੋਨਾ ਚਾਹੀਏ, ਕਿਉਂਕਿ ਓਹ ਝੂਠ ਬੋਲਿਆ, ਅਰ ਉਨ੍ਹਾਂ ਨੂੰ ਬਕਾਇਆ, ਇਹ "ਫਲਾਸਫੀ" ਵੇਖੋ ! ਕੀ, ਬਿਨਾ ਪੀੜਾ ਦੇ ਗਰਭ ਧਾਰਣ ਅਰ ਬਾਲਕ ਦਾ ਜਨਮ ਹੋਸਕਦਾ ਸੀ ? ਅਰ ਬਿਨਾ ਯਤਨ ਦੇ ਕੋਈ ਅਪਨੀ ਜੀਵਿਕਾ ਕਰ ਸੱਕਦਾ ਹੈ ? ਕੀ, ਪਹਿਲੇ ਕੰਡੇ ਆਦੀ ਦੇ ਬ੍ਰਿਖ਼ਛ ਨਾ ਸਨ ? ਅਰ ਜਦ ਸਾਗ ਪਤ੍ਰ ਖਾਨਾ ਸਾਰੇ ਮਨੁੱਸ਼ਾਂ ਨੂੰ ਈਸ਼ੁਰ ਦੇ ਕਹਿਨੇ ਥੀਂ ਯੋਗਯ ਹੋਇਆ ਤਾਂ ਜੇਹੜਾ ਅੱਗੇ ਚਲਕੇ ਮਾਂਸ ਖਾਨਾ ਬਾਇਬਲ ਵਿਚ ਲਿਖਿਆ ਓਹ ਝੂਠਾ ਕਿਉਂ ਨਹੀਂ ? ਅਰ ਜੇ ਓਹ ਸੱਚਾ ਹੋਵੇ ਤਾਂ ਏਹ ਝੂਠਾ ਹੈ । ਜਦ ਆਦਮ ਦਾ ਕੁਝ ਭੀ ਅਪਰਾਧ ਸਿੱਧ ਨਹੀਂ ਹੁੰਦਾ ਤਾਂ ਈਸਾਈ ਲੋਗ ਸਾਰੇ ਮਨੁੱਸ਼ਾਂ ਨੂੰ ਆਦਮ ਦੇ ਅਪਰਾਧ ਥੀਂ ਸੰਤਾਨ ਹੋਨ ਉੱਪਰ ਅਪਰਾਧੀ ਕਿਉਂ ਕਹਿੰਦੇ ਹਨ ? ਭਲਾ ਅਜੇਹੇਪੁਸਤਕ ਅਰ ਅਜੇਹਾ ਈਸ਼ੁਰ ਕਦੀ ਸਿਆਨਿਆਂ ਦੇ ਮੰਨਨੇ ਯੋਗ ਹੋ ਸਕਦਾ ਹੈ ॥ ੭ ॥

੮–ਅਰ ਪਰਮੇਸ਼ੁਰ ਈਸ਼ੁਰ ਨੇ ਕਹਿਆ ਕਿ ਦੇਖੋ ! ਆਦਮ ਭਲੇ ਬੁਰੇ ਦੇ ਜਾਨਨ ਵਿਚ ਅਸਾਂ ਵਿਚੋਂ ਇਕ ਦੀ ਤਰਾਂ ਹੋਇਆ, ਅਰ ਹੁਨ ਅਜੇਹਾ ਨਾ ਹੋਵੇ ਕਿ ਓਹ ਅਪਨਾ ਹੱਥ ਪਾਵੇ ਅਰ ਜੀਵਨ ਦੇ ਦ੍ਰਖਤ ਵਿਚੋਂ ਭੀ ਲੈਕੇ ਖਾਵੇ ਅਰ ਅਮਰ ਹੋ ਜਾਵੇ,ਸੋ ਉਸਨੇ ਆਦਮਨੂੰ ਕੱਢ ਦਿੱਤਾ ਅਰ'ਅਦਨ'ਦੀ ਬਗੀਚੀ ਦੇ ਚੜ੍ਹਦੇ ਪਾਸੇ 'ਕਰੋਬੀਮ' ਠਹ੍ਰਾਏ,ਅਰ ਚਮਕਦੀਆਂਹੋਈਆਂ ਤਲ਼ਵਾਰਾਂ ਜੋ ਚੌਹਾਂ ਪਾਸੇ ਫਿਰਦੇ ਸਨ ਲਈਆਂ ਹੋਈਆਂ ਖਲਵਾਏ,ਜਿਨਾਂ ਕਰਕੇ ਜੀਵਨ ਦੇ ਦ੍ਰਖਤ ਦੇ ਰਸਤੇ ਦੀ ਰਖਵਾਲੀ ਕਰਨ। ਪਰਵ ੩ । ਆਯਤ ੨੨ । ੨੪ ॥

(ਸਮੀਖਛਕ) ਭਲਾ ਈਸ਼ੁਰ ਨੂੰ ਅਜੇਹੀ ਈਰਸ਼ਾ ਅਰ ਭ੍ਰਮ ਕਿਉਂ ਹੋਇਆ ? ਗਿਆਨ ਵਿਚ ਸਾਡੇ ਬਰਾਬਰ ਹੋਇਆ। ਕੀ, ਇਹ ਬੁਰੀ ਗੱਲ ਹੋਈ ? ਇੱਥੇ ਸ਼ੰਕਾ ਹੀ ਕਿਉਂ ਹੋਈ ? ਕਿਸ ਕਰਕੇ ਈਸ਼ੁਰ ਦੇ ਤੁੱਲ ਕਦੀ

Generated by CamScanner from intsig.com

ਕੋਈ ਨਹੀਂ ਹੋਸਕਦਾ, ਪਰੰਤੂ ਏਸ ਲਿਖਤ ਥੀਂ ਇਹ ਭੀ ਸਿੱਧ ਹੋਸਕਦਾ ਹੈ ਕਿ ਓਹ ਈਸ਼੍ਵਰ ਨਹੀਂ ਸੀ ਕਿੰਤੂ ਮਨੁਸ਼ ਵਿਸ਼ੇਸ਼ ਸੀ, ਬਾਇਬਲ ਵਿਚ ਜਿੱਥੇ ਕਿੱਥੇ ਈਸ਼੍ਵਰ ਦੀ ਬਾਤ ਆਉਂਦੀ ਹੈ ਉੱਥੇ ਮਨੁਸ਼ ਦੇ ਬਰਾਬਰ ਹੀ ਲਿਖੀ ਆਉਂਦੀ ਹੈ। ਹੁਨ ਦੇਖੋ! ਆਦਮ ਦੇ ਗਿਆਨ ਦੀ ਬੜ੍ਹਤੀ ਵਿਚ ਈਸ਼੍ਵਰ ਕਿੱਨਾ ਦੁੱਖੀ ਹੋਇਆ, ਅਰ ਫਿਰ ਅਮਰ ਬ੍ਰਿਖਛ ਦੇ ਫਲ ਖਾਨ ਵਿਚ ਕਿੱਨੀ ਈਰਸ਼ਾ ਕੀਤੀ, ਅਰ ਪਹਿਲਾ ਜਦ ਉਸਨੂੰ ਬਗੀਚੀ ਵਿਚ ਰਖਿਆ ਤਦ ਉਸਨੂੰ ਅੱਗੋਂ ਦਾ ਗਿਆਨ ਨਹੀਂ ਸੀ? ਕਿ ਏਸਨੂੰ ਫੇਰ ਕੱਢਨਾ ਪਵੇਗਾ, ਏਸਵਾਸਤੇ ਈਸਾਈਆਂ ਦਾ ਈਸ਼੍ਵਰ ਸਰਵਗ ਨਹੀਂ ਸੀ, ਅਰ ਚਮਕਦੀਆਂ ਤਲਵਾਰਾਂ ਦਾ ਪਹਿਰਾ ਰਖਿਆ ਏਹ ਭੀ ਮਨੁਸ਼ ਦਾ ਕੰਮ ਹੈ ਈਸ਼੍ਵਰ ਦਾ ਨਹੀਂ ॥ ੮॥

੯—ਅਰ ਕਿੱਨੇ ਦਿਨਾਂ ਦੇ ਪਿੱਛੋਂ ਇਸ ਤਰਾਂ ਹੋਇਆ ਕਿ "ਕਾਇਨ" ਪ੍ਰਿਥਿਵੀ ਦੇ ਫਲਾਂ ਵਿਚੋਂ ਪਰਮੇਸ਼੍ਵਰ ਦੇ ਵਾਸਤੇ ਭੇਟ ਲਿਆਇਆ ਅਰਹਾਵੀਲ ਭੀ ਅਪਨੀ ਝੁੰਡ ਵਿਚੋਂ ਪਹਿਲੌਠੀ ਅਰ ਮੋਟੀ ਮੋਟੀ ਭੇਡ ਲਿਆਇਆ ਅਰ ਪਰਮੇਸ਼੍ਵਰ ਨੇ "ਹਾਵੀਲ" ਅਰ ਉਸਦੀ ਭੇਟ ਦਾ ਆਦਰ ਕੀਤਾ, ਪਰੰਤੂ "ਕਾਇਨ" ਦਾ ਉਸਦੀ ਭੇਟ ਦਾ ਆਦਰ ਨਾ ਕੀਤਾ, ਏਸ ਵਾਸਤੇ ਕਾਇਨ ਬਹੁਤ ਕ੍ਰੋਧਵਾਨ ਹੋਇਆ ਅਰ ਅਪਨਾ ਮੂੰਹ ਸੁਜਾਇਆ, ਤਦ ਪਰਮੇਸ਼ਰ ਨੇ ਕਾਇਨ ਨੂੰ ਆਖਿਆ ਕਿ ਤੂੰ ਕ੍ਰੋਧਵਾਨ ਹੈਂ ਅਰ ਤੇਰਾ ਮੂੰਹ ਕਿਉਂ ਸੁਜਗਿਆ। ਤੌਰੇਤ ਪਰਵ ੪ ਆਯਤ ੩। ੪। ੫। ੬॥

(ਸਮੀਖਛਕ) ਜਦ ਈਸ਼੍ਵਰ ਮਾਂਸ ਖਾਨ ਵਾਲਾ ਨਾ ਹੁੰਦਾ ਤਾਂ ਭੇਡਦੀਭੇਟ ਅਰ'ਹਾਵੀਲ'ਦਾ ਆਦਰ ਅਰ ਕਾਇਨ ਤਥਾ ਤਿਸ ਦੀ ਭੇਟ ਦਾ ਨਿਰਾਦਰਕਿਉਂ ਕਰਦਾ? ਅਰ ਅਜੇਹਾ ਝਗੜਾ ਮਚਾਨੇ ਅਰ ਹਾਬੀਲ ਦੇ ਮਰਨੇ ਦਾ ਕਾਰਣ ਭੀ ਈਸ਼੍ਵਰ ਹੀ ਹੋਇਆ,ਅਰ ਜਿਸਤਰਾਂ ਆਪਸ ਵਿਚ ਮਨੁਸ਼ ਲੋਗ ਇਕ ਦੂਜੇ ਨਾਲ ਗੱਲਾਂ ਕਰਦੇ ਹਨ,ਉੱਸੇਤਰਾਂ ਈਸਾਈਆਂ ਦੇ ਈਸ਼੍ਵਰ ਦੀਆਂ ਗੱਲਾਂ ਹਨ, ਬਗੀਚੇ ਵਿਚ ਆਉਨਾ ਜਾਨਾ,ਉਸਦਾ ਬਨਾਨਾ ਭੀ ਮਨੁੱਸ਼ਾਂ ਦਾ ਕੰਮ ਹੈ,ਏਸ ਥੀਂ ਮਲੂਮ ਹੁੰਦਾ ਹੈ ਕਿ ਬਾਇਬਲ ਮਨੁਸ਼ਾਂ ਦੀ ਬਨਾਈ ਹੈ ਈਸ਼੍ਵਰ ਦੀ ਨਹੀਂ ॥੯॥

੧੦—ਜਦ ਪਰਮੇਸ਼੍ਵਰ ਨੇ ਕਾਇਨ ਨੂੰ ਆਖਿਆ ਤੇਰਾ ਭਰਾ ਹਾਵੀਲ ਕਿੱਥੇ ਹੈ? ਅਰ ਓਹ ਬੋਲਿਆ ਮੈਂ ਨਹੀਂ ਜਾਨਦਾ, ਕੀ, ਮੈਂ ਅਪਨੇ ਭਰਾ ਦਾ ਰਖਵਾਲਾ ਹਾਂ? ਤਦ ਉਸਨੇ ਆਖਿਆ ਤੈਂ ਕੀ ਕੀਤਾ, ਤੇਰੇ ਭਰਾ ਦੇ ਲਹੂ ਦਾ ਆਵਾਜ਼ ਪ੍ਰਿਥਿਵੀ ਤੋਂ ਮੈਨੂੰ ਬੁਲਾਂਦਾ ਹੈ, ਅਰ ਹੁਨ ਤੂੰ ਪ੍ਰਿਥਿਵੀ ਥੀਂ ਸ੍ਰਾਪਤ ਹੈ॥ ਤੌਰੇਤ ਪਰਵ ੪। ਆਯਤ ੯। ੧੦। ੧੧॥

(ਸਮੀਖਛਕ) ਕੀ, ਈਸ਼੍ਵਰ ਕਾਇਨ ਥੀਂ ਪੁੱਛੇ ਬਿਨਾ ਹਾਬੀਲ ਦਾ ਹਾਲ ਨਹੀਂ ਜਾਨਦਾ ਸੀ? ਅਰ ਲਹੂ ਦਾ ਸ਼ਬਦ ਪ੍ਰਿਥਿਵੀ ਥੀਂ ਕਦੀ ਕਿਸੇ ਨੂੰ ਪੁਕਾਰ ਸਕਦਾ ਹੈ? ਏਹ ਸਾਰੀਆਂ ਗੱਲਾਂ ਅਵਿਦਵਾਨਾਂ ਦੀਆਂ ਹਨ,

Generated by CamScanner from intsig.com

ਏਸ ਵਾਸਤੇ ਏਹ ਪੁਸਤਕ ਨਾ ਈਸ਼ੁਰ ਅਰ ਨਾ ਵਿਦਵਾਨਾਂ ਦਾ ਬਨਾਇਆ ਹੋਇਆ ਹੋਸਕਦਾ ਹੈ ॥ ੧੦ ॥

੧੧–ਅਰ 'ਹਨੂਕ ਮਤ ਸਿਲਹ' ਦੀ ਉਤਪੱਤੀ ਦੇ ਪਿਛੋਂ ੩੦੦ ਤੇਂ ਨੌ ਵਰ੍ਹੇਆਂ ਤਕ ਈਸ਼ੁਰ ਦੇ ਨਾਲ ਨਾਲ ਚਲਦਾ ਸੀ। ਤੌਰੇਤ ਪਰਵ ਪ। ਆਯਤ ੨੨

(ਸਮੀਖਛਕ) ਭਲਾ ਈਸਾਈਆਂ ਦਾ ਈਸ਼ੁਰ ਮਨੁੱਸ਼ ਨਾ ਹੁੰਦਾ ਤਾਂ ਹਨੂਕ ਉਸਦੇ ਨਾਲ ਨਾਲ ਕਿਉਂ ਚਲਦਾ ? ਏਸ ਥੀਂ ਜੇਹੜਾ ਵੇਦੋਕਤ ਨਿਰਾਕਾਤ ਈਸ਼ੁਰ ਹੈ ਉਸੀ ਨੂੰ ਈਸਾਈ ਲੋਗ ਮੰਨਨ ਤਾਂ ਉਨਾਂ ਦਾ ਕਲਿਆਣ ਹੋਵੇ ॥ ੧੧ ॥

੧੨–ਅਰ ਉਨਾਂ ਥੀਂ ਧੀਆਂ ਉਤਪੰਨ ਹੋਈਆਂ ਤਾਂ ਈਸ਼ੁਰ ਦੇ ਪੁਤ੍ਰਾਂ ਨੇ ਆਦਮ ਦੀਆਂ ਪੁਤ੍ਰੀਆਂ ਨੂੰ ਦੇਖਿਆ ਕਿ ਓਹ ਸੋਹਨੀਆਂ ਹਨ, ਅਰ ਉਨ੍ਹਾਂ ਵਿੱਚੋਂ ਜਿਨਾਂ ਨੂੰ ਉਨ੍ਹਾਂ ਨੇ ਚਾਹਿਆ ਉਨ੍ਹਾਂ ਨੂੰ ਵਿਆਹਿਆ, ਅਰ ਉਨ੍ਹਾਂ ਦਿਨਾਂ ਵਿਚ ਪ੍ਰਿਥਿਵੀ ਉੱਪਰ ਦਾਨਵ ਸਨ, ਅਰ ਉਸਦੇ ਪਿੱਛੋਂ ਭੀ ਜਦ ਈਸ਼ੁਰ ਦੇ ਪੁਤ੍ਰ ਆਦਮ ਦੀਆਂ ਪੁਤ੍ਰੀਆਂ ਨਾਲ ਮਿਲੇ ਤਾਂ ਉਨ੍ਹਾਂ ਥੀਂ ਬਾਲਕ ਉਤਪੰਨ ਹੋਏ, ਜੋ ਬਲਵਾਨ ਹੋਏ, ਜੋ ਅੱਗੇ ਥੀਂ ਨਾਮੀ ਸਨ, ਅਰ ਈਸ਼ੁਰ ਨੇ ਦੇਖਿਆ ਕਿ ਆਦਮ ਦੀ ਦੁਸ਼ਟਤਾ ਪ੍ਰਿਥਿਵੀ ਉੱਪਰ ਬਹੁਤ ਹੋਈ ਹੈ, ਅਰ ਉਨ੍ਹਾਂ ਦੇ ਮਨ ਦੀ ਚਿੰਤਾ ਅਰ ਭਾਵਨਾ ਰੋਜ਼ ਰੋਜ਼ ਨਿਪਟ ਬੁਰੀ ਹੁੰਦੀ ਹੈ, ਤਦ ਆਦਮ ਨੂੰ ਪ੍ਰਿਥਿਵੀ ਉੱਪਰ ਉਤਪੰਨ ਕਰਨ ਥੀਂ ਪਰਮੇਸ਼ੁਰ ਪਛਤਾਇਆ ਅਰ ਉਸਨੂੰ ਅਤੀ ਸ਼ੋਕ ਹੋਇਆ, ਤਦ ਪਰਮੇਸ਼ੁਰ ਨੇ ਆਖਿਆ ਕਿ ਆਦਮ ਨੂੰ ਜਿਸਨੂੰ ਮੈਂ ਨੇ ਉਤਪੰਨ ਕੀਤਾ ਆਦਮੀ ਥੀਂ ਲੈਕੇ ਪਸ਼ੂਆਂ ਤਕ ਅਰ ਕੀੜਿਆਂ ਨੂੰ ਅਰ ਆਕਾਸ਼ ਦੇ ਪਖਛੀਆਂ ਨੂੰ ਪ੍ਰਿਥਿਵੀ ਉੱਪਰੋਂ ਨਸ਼ਟ ਕਰਾਂਗਾ, ਕਿਉਂਕਿ ਉਨ੍ਹਾਂ ਦੇ ਬਨਾਨੇ ਥੀਂ ਮੈਂ ਪਛਤਾਂਦਾਹਾਂ। ਤੌਰੇਤ ਪਰਵ ੬। ਆਃ ੧।੨।੪।੫।੬।੭॥

(ਸਮੀਖਛਕ) ਈਸਾਈਆਂ ਥੀਂ ਪੁੱਛਨਾ ਚਾਹੀਏ ਕਿ ਈਸ਼ੁਰ ਦੇ ਪੁਤ੍ਰ ਕੇਹੜੇ ਹਨ ? ਅਰ ਈਸ਼ੁਰ ਦੀ ਇਸਤ੍ਰੀ, ਸੱਸ ਸੌਹਰਾ, ਸਾਲਾ ਅਰ ਸਾਕ ਕੌਨ ਹਨ ? ਕਿਉਂਕਿ ਹੁਨ ਤਾਂ ਆਦਮ ਦੀਆਂ ਧੀਆਂ ਦੇ ਨਾਲ ਵਿਵਾਹ ਹੋਨ ਥੀਂ ਈਸ਼ੁਰ ਇਨ੍ਹਾਂ ਦਾ ਸਾਕ ਹੋਇਆ, ਅਰ ਜੇਹੜੇ ਉਨ੍ਹਾਂ ਥੀਂ ਉਤਪੰਨ ਹੁੰਦੇ ਹਨ ਓਹ ਪੁਤ੍ਰ ਅਰ ਪਰਪੌਤ੍ਰੇ ਹੋਏ, ਕੀ, ਅਜੇਹੀ ਗੱਲ ਈਸ਼ੁਰ ਅਰ ਈਸ਼ੁਰਦੇ ਪੁਸਤਕ ਦੀ ਹੋਸਕਦੀ ਹੈ ? ਕਿੰਤੂ ਏਹ ਸਿੱਧ ਹੁੰਦਾ ਹੈ ਕਿ ਉਨ੍ਹਾਂ ਜੰਗਲੀ ਮਨੁੱਸ਼ਾਂ ਨੇ ਇਹ ਪੁਸਤਕ ਬਨਾਇਆ ਹੈ, ਓਹ ਈਸ਼ੁਰ ਹੀ ਨਹੀਂ ਜੇਹੜਾ ਸਰਵੱਗ ਨਾ ਹੋਵੇ, ਨਾ ਅੱਗੋਂ ਦੀ ਗੱਲ ਜਾਨੇ ਓਹ ਜੀਵ ਹੈ। ਕੀ ਜਦ ਸ੍ਰਿਸ਼ਟੀ ਬਨਾਈ ਸੀ ਤਦ ਅੱਗੇ ਮਨੁਸ਼ ਦੁਸ਼ਟ ਹੋਨਗੇ ਅਜੇਹਾ ਨਹੀਂ ਜਾਨਦਾ ਸੀ ? ਅਰ ਪਛਤਾਨਾ, ਅਤੀਸ਼ੋਕ ਆਦੀ ਹੋਨਾ, ਭੁੱਲ ਥੀਂ ਕੰਮ ਕਰਕੇ ਪਿੱਛੇ ਪਸ਼ਚਾਤਾਪ ਕਰਨਾ ਆਦੀ ਈਸਾਈਆਂ ਦੇ ਈਸ਼ੁਰ ਵਿਚ ਘਟ ਸਕਦਾ ਹੈ, ਕਿ ਈਸਾਈਆਂ ਦਾ ਈਸ਼ੁਰ ਪੂਰਣ

Generated by CamScanner from intsig.com

विदवान योगी भी नहीं सी, नहीं तां शांती अर विगिआन करके अतीशोक आदी थीं प्रिथक हो सकदा सी। भला पशू, पंखेरू भी दुशट होगए, जेकर ओह ईशूर सरवॅग हुंदा तां अजेहा विखादी किउं हुंदा, एस वासते ना इह ईशूर अर ना इह ईशूर क्रित पुसतक हो सकदा है, निसतरां वेदोकत परमेशूर सारे पाप, कलेश, दुॅख, शोक आदी थीं रहित, सचिदानंद सरुप है उसनूं ईसाई लोग मंनदे, या हुन भी मंनन तां अपने मनुॅश जनम नूं सुफल करन सॅकन ॥ १२ ॥

१३—ओस बेड़ी दी लंबिआई तिन सौ हॅथ अर चुड़िआई पंजाह हॅथ अर उंचिआई तीह हॅथ दी होवे। तैं बेड़ी विच जाना अर तेरे पुत्र अर तेरी इसत्री अर तेरे पुत्रां दीआं इसत्रीआं तेरे नाल अर सारिआं शरीरां विचों जीउंदे जीव दे दो अपने नाल बेड़ी विच लैने जिस करके ओह तेरे नाल जीउंदे रहन, ओह पुरुश अर इसत्री होन पंछीआं विचों ओसदे भांती भांती दे, अर ढोर * विचों ओसदे भांती भांती दे, अर प्रिथिवी दे हर इक कीड़िआं विचों भांती भांती दे, हत इक विचों दो दो तेरे पास आउन जिस थीं जीउंदे रहिन, अर तूं अपने वासते खान नूं सारी सामगी अपने पास इकॅठी कर, ओह तुहाडे अर उनां दे वासते भोजन होवेगा, सो ईशूर दी सारी आगिआ दे अनुसार 'नूह' ने कीता ॥ तौरेत परव ६ आयत १५ । १८ । १९ । २० । २१ । २२ ॥

(समीखछक) भला कोई भी विदवान अजेही विदिआ थीं विरुॅध असंभव गॅलदे कहन वाले नूं ईशूर मंन सकदा है ? किउंकि इॅनी वॅडी चौड़ी उॅची बेड़ी विॅच हाथी, हथनी, ऊठ, ऊठनी आदी कोझां जीव अर उनां दे खाने पीने दीआं चीज़ां ओह सारे कुटंब दे बीच समा सॅकदे हन ? इह इॅसे वासते मनुॅश क्रितपुसतक है, जिसने एह लिखिआ है ओह विदवान भी नहीं सी ॥ १३ ॥

१४—अर नूह ने परमेशूर दे वासते इक वेदी बनाई अर सारे पवित्र पशू अर हर इक पवित्र पंछीआं विचों लए, अर होमदी भेट उस देवी उपर चड़ाई, अर परमेशूर ने सुगीध सूंघिआ, अर परमेशूर ने अपने मन विच कहिआ कि आदमी दे वासते मैं प्रिथिवी नूं फिर कदी शापत ना करांगा, एस वासते कि आदमी दे मन दी

* चौहां पैरां वाले।

Generated by CamScanner from intsig.com

ਭਾਵਨਾ ਉਸ ਦੀ ਲੜਕਿਆਈ ਕਰਕੇ ਬੁਰੀ ਹੈ, ਅਰ ਜਿਸ ਰੀਤੀ ਕਰਕੇ ਮੈਂਨੇ ਸਾਰੇ ਜੀਵ ਧਾਰੀਆਂ ਨੂੰ ਮਾਰਿਆ ਫੇਰ ਕਦੀ ਨਾ ਮਾਰਾਂਗਾ ॥ ਤੌਰੇਤ ਪਰਵ ੮ ਆਯਤ ੨੦। ੨੧ ॥

(ਸਮੀਖਛਕ) ਵੇਦੀ ਦੇ ਬਨਾਨੇ ਹੋਮ ਦੇ ਕਰਨੇ ਦੇ ਲੇਖ ਥੀਂ ਇਹੋ ਸਿੱਧ ਹੁੰਦਾ ਹੈ ਕਿ ਇਹ ਗੱਲਾਂ ਵੇਦਾਂ ਥੀਂ ਬਾਇਬਲ ਵਿਚ ਗਈਆਂ ਹਨ, ਏਹ ਪਰਮੇਸ਼ੁਰ ਦਾ ਟੱਕ ਭੀ ਹੈ ਕਿ ਜਿਸ ਥੀਂ ਸੁਗੰਧ ਸੁੰਘਿਆ ? ਕੀ, ਕੀ ਈਸਾਈਆਂ ਦਾ ਈਸ਼ੁਰ ਮਨੁਸ਼ ਦੇ ਵਾਙਣ ਅਲਪੱਗ ਨਹੀਂ ਹੈ ? ਕਿ ਕਦੀ ਸ੍ਰਾਪ ਦਿੰਦਾ ਹੈ, ਅਰ ਕਦੀ ਪਛਤਾਂਦਾ ਹੈ, ਕਦੀ ਕਹਿੰਦਾ ਹੈ ਸ੍ਰਾਪ ਨਾ ਦੇਵਾਂਗਾ, ਪਹਿਲਾਂ ਦਿੱਤਾ ਸੀ, ਅਰ ਫੇਰ ਭੀ ਦੇਵਾਂਗਾ, ਪਹਿਲਾਂ ਸਾਰਿਆਂ ਨੂੰ ਮਾਰ ਸੁੱਟਿਆ, ਅਰ ਹੁਨ ਕਹਿੰਦਾ ਹੈ ਕਿ ਕਦੀ ਨਾ ਮਾਰਾਂਗਾ, ਏਹ ਗੱਲਾਂ ਸਾਰੀਆਂ ਲੜਕੇਆਂ ਵਾਙਣ ਹਨ, ਈਸ਼ੁਰ ਦੀਆਂ ਨਹੀਂ, ਅਰ ਨਾ ਕਿਸੇ ਵਿਦਵਾਨ ਦੀਆਂ, ਕਿਉਂਕਿ ਵਿਦਵਾਨ ਦੀ ਭੀ ਗੱਲ ਅਰ ਪ੍ਰਤਿਗਿਆ ਪੱਕੀ ਹੁੰਦੀ ਹੈ ॥ ੧੪ ॥

੧੫—ਅਰ ਈਸ਼ੁਰ ਨੇ 'ਨੂਹ' ਨੂੰ ਅਰ ਉਸਦੇ ਪੁਤ੍ਰਾਂ ਨੂੰ ਆਸ਼ੀਰਵਾਦ ਦਿੱਤਾ, ਅਰ ਉਨ੍ਹਾਂ ਨੂੰ ਕਹਿਆ ਕਿ ਹਰਇਕ ਜੀਉਂਦਾ ਚਲਦਾ ਜੀਵ ਤੁਹਾਡੇ ਖਾਨਦੇ ਵਾਸਤੇ ਹੋਵੇਗਾ, ਮੈਂਨੇ ਹਰੀਤਕਾਰੀ ਦੇ ਵਾਙਣ ਸਾਰੀਆਂ ਵਸਤੂ ਤੁਹਾਨੂੰ ਦਿੱਤੀਆਂ, ਕੇਵਲ ਮਾਂਸ ਉਸਦੇ ਜੀਵ ਅਰਥਾਤ ਉਸਦੇ ਲਹੂ ਸਮੇਤ ਮਤ ਖਾਨਾ ॥ ਤੌਰੇਤ ਪਰਵ ੯ ਆਯਤ ੧। ੩। ੪ ॥

(ਸਮੀਖਛਕ) ਕੀ ਇੱਕ ਨੂੰ ਪ੍ਰਾਣ ਕਸ਼ਟ ਦੇਕੇ ਦੂਜੇ ਨੂੰ ਆਨੰਦ ਕਰਾਨੇ ਥੀਂ ਦਇਆਹੀਨ ਈਸਾਈਆਂ ਦਾ ਈਸ਼ੁਰ ਨਹੀਂ ਹੈ ? ਜੇ ਮਾਂ, ਪਿਉ ਇਕ ਲੜਕੇ ਨੂੰ ਮਰਵਾਕੇ ਦੂਜੇ ਨੂੰ ਖੁਆਉਨ ਤਦ ਹਾਪਾਪੀ ਨਹੀਂ ਹੋਨ ? ਇੱਸੇ ਤਰਾਂ ਏਹ ਰੱਲ ਹੈ, ਕਿਉਂਕਿ ਈਸ਼ੁਰ ਦੇ ਵਾਸਤੇ ਸਾਰੇ ਪ੍ਰਾਣੀ ਪਸੂ ਵਾਙਣ ਹਨ, ਏਸਤਰਾਂ ਨਾ ਹੋਨ ਥੀਂ ਇਨ੍ਹਾਂ ਦਾ ਈਸ਼ੁਰ ਕਸਾਈ ਵਾਙਣ ਕੰਮ ਕਰਦਾ ਹੈ, ਅਰ ਸਾਰੇ ਮਨੁਸ਼ਾਂ ਨੂੰ ਹਿੰਸਕ ਭੀ ਇੱਸੇ ਨੇ ਬਨਾਇਆ ਹੈ ਏਸ ਵਾਸਤੇ ਈਸਾਈਆਂ ਦਾ ਈਸ਼ੁਰ ਨਿਰਦਇਆ ਹੋਨ ਥੀਂ ਪਾਪੀ ਕਿਉਂ ਨਹੀਂ ? ॥ ੧੫ ॥

੧੬—ਅਰ ਸਾਰੀ ਪ੍ਰਿਥਿਵੀ ਉੱਪਰ ਇਕ ਹੀ ਬੋਲੀ ਅਰ ਇੱਕ ਹੀ ਭਾਸ਼ਾ ਸੀ, ਫੇਰ ਉਨ੍ਹਾਂਨੇ ਆਖਿਆ ਕਿ ਆਓ ਅਸੀਂ ਇਕ ਨਗਰ ਅਰ ਇਕ ਗੁੰਮਟ ਜਿਸਦੀ ਚੋਟੀ ਸ੍ਵਰਗ ਤਕ ਪਹੁੰਚੇ ਅਪਨੇ ਵਾਸਤੇ ਬਨਾਵੀਏ, ਅਰ ਅਪਨਾ ਨਾਉਂ ਕਰੀਏ, ਇਉਂ ਨਾ ਹੋਵੇ ਕਿ ਅਸੀਂ ਸਾਰੀ ਪ੍ਰਿਥਿਵੀ ਉਪਰ ਛਿੰਨ ਭਿੰਨ ਹੋ ਜਾਵੀਏ, ਤਦ ਈਸ਼ੁਰ ਉਸ ਨਗਰ ਅਰ ਉਸ ਗੁਮਟ ਦੇ ਜਿਸ ਨੂੰ ਆਦਮ ਦੀ ਸੰਤਾਨ ਬਨਾਂਦੇ ਸਨ ਵੇਖਨ ਨੂੰ ਉਤਰਿਆ, ਤਦ ਪਰਮੇਸ਼ੁਰ ਨੇ ਕਹਿਆ ਕਿ ਵੇਖੋ ! ਏਹ ਲੋਗ ਇੱਕ ਹੀ ਹਨ, ਅਰ ਉਨ੍ਹਾਂ ਸਾਰਿਆਂ ਦੀ ਇੱਕ ਹੀ ਬੋਲੀ ਹੈ, ਹੁਨ ਓਹ ਅਜੇਹਾ ਅਜੇਹਾ ਕੁਝ ਕਰਨ ਲੱਗੇ ਸੋ ਓਹ ਜਿਸ ਉੱਪਰ

Generated by CamScanner from intsig.com

ਮਨ ਲਗਾਉਨਗੇ ਉਸ ਥੀਂ ਵਖਰੇ ਨਾ ਕੀਤੇ ਜਾਨਗੇ । ਆਓ ! ਅਸੀਂ ਉਤਰੀਏ ਅਰ ਉੱਥੇ ਉਨ੍ਹਾਂ ਦੀ ਭਾਸ਼ਾ ਨੂੰ ਵਿਗਾੜੀਏ ਜਿਸ ਥੀਂ ਇੱਕ ਦੂਜੇ ਦੀ ਬੋਲੀ ਨਾ ਸਮਝਨ, ਤਦ ਪਰਮੇਸ਼ੁਰ ਨੇ ਉਨ੍ਹਾਂ ਨੂੰ ਉੱਥੋਂ ਥੀਂ ਪ੍ਰਿਥਿਵੀ ਉੱਪਰ ਛਿੰਨ ਭਿੰਨ ਕੀਤਾ, ਅਰ ਓਹ ਉਸ ਨਗਰ ਦੇ ਬਨਾਨ ਥੀਂ ਵੱਖਰੇ ਰਹੇ ॥ ਤੌਰੇਤ ਪਰਵ ੧੧ ਆਯਤ ੧ । ੪ । ੫ । ੬ । ੭ । ੮ ॥

(ਸਮੀਖਛਕ) ਜਦ ਸਾਰੀ ਪ੍ਰਿਥਿਵੀ ਉੱਪਰ ਇੱਕ ਭਾਸ਼ਾ ਅਰ ਬੋਲੀ ਹੋਵੇਗੀ ਉਸ ਸਮੇ ਸਾਰੇ ਮਨੁੱਸ਼ਾਂ ਨੂੰ ਆਪਸ ਵਿਚ ਅਤਯੰਤ ਆਨੰਦ ਪ੍ਰਾਪਤ ਹੋਇਆ ਹੋਵੇਗਾ, ਪਰੰਤੂ ਕੀ ਕੀਤਾ ਜਾਵੇ ਏਹ ਈਸਾਈਆਂ ਦੇ ਈਰਸ਼ਾ ਕਰਨ ਵਾਲੇ ਈਸ਼ੁਰ ਨੇ ਸਾਰਿਆਂ ਦੀ ਭਾਸ਼ਾ ਵਿਗਾੜਕੇ ਸਾਰਿਆਂ ਦਾ ਸਤਿਆਨਾਸ਼ ਕੀਤਾ, ਉਸਨੇ ਇਹ ਬੜਾ ਅਪਰਾਧ ਕੀਤਾ । ਕੀ ਇਹ ਸ਼ੈਤਾਨ ਦੇ ਕੰਮ ਥੀਂ ਭੀ ਬੁਰਾ ਕੰਮ ਨਹੀਂ ਹੈ ? ਅਰ ਏਸ ਥੀਂ ਇਹ ਭੀ ਮਲੂਮ ਹੁੰਦਾ ਹੈ ਕਿ ਈਸਾਈਆਂ ਦਾ ਈਸ਼ੁਰ 'ਸਨਾਈ' ਪਹਾੜ ਆਦੀ ਉਪਰ ਰਹਿੰਦਾ ਸੀ, ਅਰ ਜੀਵਾਂ ਦੀ ਉੱਨਤੀ ਭੀ ਨਹੀਂ ਚਾਹੁੰਦਾ ਸੀ, ਇਹ ਬਿਨਾ ਇਕ ਅਵਿਦਵਾਨ ਦੇ ਈਸ਼ੁਰ ਦੀ ਗੱਲ ਅਰ ਇਹ ਈਸ਼ੁਰੋਕਤ ਪੁਸਤਕ ਕੀਕਨ ਹੋ ਸਕਦਾ ਹੈ ॥ ੧੬ ॥

੧੭–ਤਦ ਉਸਨੇ ਅਪਨੀ ਇਸਤ੍ਰੀ 'ਸਰੀ' ਨੂੰ ਆਖਿਆ ਕਿ ਵੇਖ ਮੈਂ ਜਾਨਦਾ ਹਾਂ ਤੂੰ ਵੇਖਨ ਵਿਚ ਸੋਹਨੀ ਇਸਤ੍ਰੀ ਹੈਂ, ਏਸ ਵਾਸਤੇ ਇਸਤਰਾਂ ਹੋਵੇਗਾ ਕਿ ਜਦ ਮਿਸਰੀ ਤੈਨੂੰ ਵੇਖਨ, ਤਦ ਕਹਿਨਗੇ ਕਿ ਏਹ ਉਸਦੀ ਇਸਤ੍ਰੀ ਹੈ, ਅਰ ਮੈਨੂੰ ਮਾਰ ਸੁੱਟਨਗੇ, ਪਰੰਤੂ ਤੈਨੂੰ ਜੀਉਂਦੀ ਰੱਖਨਗੇ, ਤੈਂ ਕਹਿਨਾ ਕਿ ਮੈਂ ਉਸਦੀ ਭੈਣ ਹਾਂ, ਜਿਸ ਕਰਕੇ ਤੇਰੇ ਸਬਬੋਂ ਮੇਰਾ ਭਲਾ ਹੋਵੇ ਅਰ ਮੇਰਾ ਪ੍ਰਾਣ ਤੇਰੇ ਸਬਬੋਂ ਜੀਉਂਦਾ ਰਹੇ ॥ ਤੌਰੇਤ ਪਰਵ੦ ੧੨ । ਆਯਤ ੧੧ । ੧੨ ॥ ੧੩ ॥

(ਸਮੀਖਛਕ) ਦੇਖ ਵੇਖੋ ! ਜੇਹੜਾ 'ਇਬਰਾਹੀਮ' ਵੱਡਾ ਪੈਗੰਬਰ ਈਸਾਈ ਅਰ ਮੁਸਲਮਾਨਾਂ ਦਾ ਪ੍ਰਸਿੱਧ ਹੈ, ਅਰ ਉਸਦੇ ਕੰਮ ਝੂਠ ਬੋਲਨਾ ਆਦੀ ਬੁਰੇ ਹਨ, ਭਲਾ ਜਿਨ੍ਹਾਂ ਦੇ ਅਜੇਹੇ ਪੈਗੰਬਰ ਹੋਨ ਉਨ੍ਹਾਂ ਨੂੰ ਵਿਦਿਆ ਯਾ ਕਲਿਆਣ ਦਾ ਰਸਤਾ ਕਿਸਤ੍ਰਾਂ ਮਿਲ ਸੱਕੇ ॥ ੧੭ ॥

੧੮—ਅਰ ਈਸ਼ੁਰ ਨੇ ਇਬਰਾਹੀਮ ਨੂੰ ਕਹਿਆ ਕਿ ਤੂੰ ਅਰ ਤੇਰੇ ਪਿੱਛੇ ਤੇਰਾ ਵੈਸ਼ ਉਨ੍ਹਾਂ ਦੀ ਪੀੜ੍ਹੀਆਂ ਵਿਚ ਮੇਰੇ ਨਿਯਮ ਨੂੰ ਮੰਨੇ, ਤੁਸੀਂ ਮੇਰਾ ਨਿਯਮ ਜੋ ਮੇਰੇ ਥੀਂ ਅਰ ਤੁਹਾਡੇ ਥੀਂ ਅਰ ਤੇਰੇ ਪਿੱਛੇ ਤੇਰੇ ਵੈਸ਼ ਥੀਂ ਹੈ ਜਿਸ ਨੂੰ ਤੁਸੀਂ ਮੰਨੋਗੇ ਸੋ ਇਹ ਹੈ ਕਿ ਤੁਹਾਡੇ ਵਿਚੋਂ ਹਰ ਇਕ ਦਾ ਖ਼ੁਤਨਾ ਕੀਤਾ ਜਾਵੇ, ਅਰ ਤੁਸੀਂ ਅਪਨੇਸ਼ਰੀਰ ਦੀ ਖਲੜੀਕੱਟੋ, ਅਰ ਓਹ ਮੇਰੇ ਅਰ ਤੁਹਾਡੇ ਵਿਚ ਨਿਯਮ ਦੀ ਨਿਸ਼ਾਨੀ ਹੋਵੇਗੀ, ਅਰ ਤੁਹਾਡੀ ਪੀੜ੍ਹੀਆਂ ਵਿਚ ਰਹੇ, ਇਕ ਅੱਠ ਦਿਨ ਦੇ ਪੁਰਸ਼ ਦਾ ਖ਼ੁਤਨਾ ਕੀਤਾ ਜਾਵੇ ਜੇਹੜਾ ਘਰ ਵਿਚ ਉਤਪੰਨ ਹੋਵੇ, ਯਾ ਜੋ ਕਿਸੇ ਪਰਦੇਸ਼ੀ ਥੀਂ ਜੇਹੜਾ ਤੇਰੇ ਵੈਸ਼ ਦਾ ਨਾ ਹੋਵੇ ਰੁਪਯੇ ਥੀਂ ਮੁੱਲ ਲਿਆ

Generated by CamScanner from intsig.com

ਗਿਆ ਹੋਵੇ ਜਰੂਰ ਉਸਦਾ ਖੁਤਨਾ ਕੀਤਾ ਜਾਵੇ,ਅਰ ਮੇਰਾ ਨਿਯਮ ਤੁਹਾਡੇ ਮਾਂਸ ਵਿਚ ਹਮੇਸ਼ਾ ਨਿਯਮ ਦੇ ਵਾਸਤੇ ਹੋਵੇਗਾ, ਅਰ ਜੇਹੜਾ ਅਖੁਤਨਾਬਾਲਕ ਕਿ ਜਿਸਦੀ ਖਲੜੀ ਦਾ ਖੁਤਨਾ ਨਾ ਹੋਇਆ ਹੋਵੇ ਸੋ ਪ੍ਰਾਣੀ ਅਪਨੇ ਲੋਕ ਥੀਂ ਕਟਿਆ ਜਾਵੇ, ਕਿ ਉਸਨੇ ਮੇਰਾ ਨਿਯਮ ਤੋੜਿਆ ਹੈ ॥ ਤੌਰੇਤ ਪਰਵ ੧੭। ਆਯਤ ੯। ੧੦। ੧੧। ੧੨। ੧੩। ੧੪॥

(ਸਮੀਖਛਕ) ਹੁਨ ਵੇਖੋ! ਈਸ਼ੂਰ ਦੀ ਉਲਟੀ ਆਗਿਆ ਕਿ ਜੇਕਰ ਖੁਤਨਾ ਕਰਨਾ ਈਸ਼ੂਰ ਨੂੰ ਮਨਜੂਰ ਹੁੰਦਾ ਤਾਂ ਉਸ ਚਮੜੇ ਨੂੰ ਆਦਿ ਸ੍ਰਿਸ਼ਟੀ ਵਿਚ ਬਨਾਉਂਦਾ ਹੀ ਨਾ, ਅਰ ਜੋ ਇਹ ਬਨਾਇਆ ਗਿਆ ਹੈ ਓਹ ਰਖਿਆ ਵਾਸਤੇ ਹੈ, ਜਿਸ ਤਰਾਂ ਅੱਖ ਦੇ ਉੱਪਰ ਦਾ ਚਮੜਾ, ਕਿਸਕਰਕੇ ਓਹ ਗੁਪਤ ਅਸਥਾਨ ਅਤੀਕੋਮਲ ਹੈ, ਜੇ ਉਸ ਉੱਪਰ ਚਮੜਾ ਨਾ ਹੋਵੇ ਤਾਂ ਇਕ ਕੀੜੀ ਦੇ ਭੀ ਕੱਟਨੇ ਅਰ ਥੋੜੀ ਜਿਹੀ ਚੋਟ ਲਗਨੇ ਥੀਂ ਬਹੁਤ ਸਾਰਾ ਦੁੱਖ ਹੋਵੇ, ਅਰ ਓਹ ਪਿਸ਼ਾਬ ਦੇ ਪਿਛੋਂ ਕੁਝ ਮੂਤ੍ਰ ਦੀ ਬੂੰਦ ਕਪੜਿਆਂ ਵਿਚ ਨਾ ਲੱਗੇ, ਇਤਿਆਦੀ ਗੱਲਾਂ ਦੇ ਵਾਸਤੇ ਏਸਦਾ ਕਟਨਾ ਬੁਰਾ ਹੈ। ਹੁਨ ਈਸਾਈ ਲੋਗ ਏਸਆਗਿਆ ਨੂੰ ਕਿਉਂ ਨਹੀਂ ਕਰਦੇ ? ਇਹ ਆਗਿਆ ਹਮੇਸ਼ਾ ਦੇ ਵਾਸਤੇ ਹੈ, ਏਸਦੇ ਨਾ ਕਰਨ ਥੀਂ ਈਸਾ ਦੀ ਉਗਾਹੀ ਜੇਹੜਾ ਕਿ ਵਿਵਸਥਾ ਦੇ ਪੁਸਤਕ ਦਾ ਇਕ ਕਨਕਾ ਭੀ ਝੂਠਾ ਨਹੀਂ ਹੈ ਝੂਠੀ ਹੋਗਈ, ਏਸਦਾ ਸੋਚ ਵਿਚਾਰ ਈਸਾਈ ਕੁਝ ਭੀ ਨਹੀਂ ਕਰਦੇ ॥ ੧੮ ॥

੧੯—ਜਦ ਈਸ਼ੂਰ ਇਬਰਾਹੀਮ ਥੀਂ ਗੱਲਾਂ ਕਰ ਚੁੱਕਿਆ ਤਾਂ ਉੱਪਰ ਚਲਿਆ ਗਿਆ ॥ ਤੌਰੇਤ ਪਰਵ੧੭। ਆਯਤ ੨੨॥

(ਸਮੀਖਛਕ) ਏਸ ਥੀਂ ਏਹ ਸਿੱਧ ਹੁੰਦਾ ਹੈ ਕਿ ਈਸ਼ੂਰ ਮਨੁਸ਼ਯਾ ਪੰਖੇਰੂ ਵਾਛਣ ਸੀ ਜੋ ਉੱਪਰ ਥੀਂ ਹੇਠਾਂ,ਅਰ ਹੇਠਾਂ ਥੀਂ ਉੱਪਰ ਆਉਂਦਾ ਜਾਂਦਾ ਰਹਿੰਦਾ ਸੀ, ਏਹ ਕੋਈ ਮਦਾਰੀ ਵਾਛਣ ਮਾਲੂਮ ਹੁੰਦਾ ਹੈ ॥ ੧੯॥

੨੦—ਫੇਰ ਈਸ਼ੂਰ ਉਸਨੂੰ ਮਮਰੇ ਦੇ ਥਲੂਤਾਂ ਵਿਚ ਵਿਖਾਲੀ ਦਿੱਤਾ ਅਰ ਓਹ ਦਿਨ ਨੂੰ ਧੁੱਪ ਦੇ ਸਮੇਂ ਵਿਚ ਅਪਨੇ ਤੰਬੂ ਦੇ ਦਰਵਾਜ਼ੇ ਉੱਪਰ ਬੈਠਾ ਸੀ, ਅਰ ਉਸਨੇ ਅਪਨੀਆਂ ਅੱਖਾਂ ਖੋਲੀਆਂ, ਕੀ ਵੇਖਿਆ ਕਿ ਤਿੰਨ ਮਨੁੱਸ਼ ਉਸਦੇ ਕੋਲ ਖਲੋਤੇ ਹਨ, ਅਰ ਉਨ੍ਹਾਂ ਨੂੰ ਵੇਖਕੇ ਓਹ ਤੰਬੂ ਦੇ ਦਰਵਾਜ਼ੇ ਉੱਪਰੋਂ ਉਨ੍ਹਾਂਦੇ ਮਿਲਨ ਨੂੰ ਦੌੜਿਆ ਅਰ ਪ੍ਰਿਥਵੀ ਤਕ ਡੰਡੌਤ ਕੀਤੀ ਅਰ ਆਖਿਆ ਕਿ ਹੇ ਮੇਰੇ ਸ੍ਵਾਮੀ ਜੇਕਰ ਮੈਂਨੇ ਤੁਹਾਡੀ ਨਜ਼ਰ ਵਿਚ ਕ੍ਰਿਪਾ ਪਾਈ ਹੈ ਤਾਂ ਮੈਂ ਆਪਦੇ ਅੱਗੇ ਬੇਨਤੀ ਕਰਦਾ ਹਾਂ ਕਿ ਅਪਨੇ ਦਾਸ ਦੇ ਪਾਸ ਥੀਂ ਚਲੇ ਨਾ ਜਾਉਨਾ, ਮਰਜੀ ਹੋਵੇ ਤਾਂ ਥੋੜਾ ਜਲ ਲਿਆਇਆ ਜਾਵੇ, ਅਰ ਅਪਨੇ ਚਰਣ ਧੋਵੋ, ਅਰ ਦ੍ਰਖਤ ਤਲੇ ਆਰਾਮ ਕਰੋ, ਅਰ ਮੈਂ ਇੱਕ ਥੋੜੀ ਰੋਟੀ ਲਿਆਵਾਂ, ਅਰ ਤੁਸੀਂ ਰੱਜੋ, ਉਸਦੇ ਪਿੱਛੋਂ ਅੱਗੇ ਜਾਨਾ, ਕਿਉਂਕਿ ਤੁਸੀਂ

Generated by CamScanner from intsig.com

इॅसे वास्ते अपने दासदे पास आए हो, तद ओह बोले कि जिसतरां तैं कहिआ उसतरां कर, अर इबराहीम तंबू विच 'सरा' पास काहली ठाल गिआ, अर उसनूं आखिआ कि जलदी कर, अर तिन नप्पूआ चोखा आटा लैके गुन्ह अर उसदे फुलके पका, अर इबराहीम इॅजड़ वल दौड़िआ गिआ, अर इक अॅछा कोमल वॅछा लैके दास नूं दिॅता, उसने भी उसनूं तिआर करन विच शताबी कीती, अर उसने मॅखन अर दुॅध अर उह वॅछा पकाइआ सी लीता अर उन्हां दे अॅगे रखिआ, अर आप उन्हां दे पास दूखत हंठां खलोता रहिआ अर उन्हां ने खाधा। उॅतरेत परव १८। आयत १। २। ३। ४। ५। ६। ७। ८॥

(समीखछक) हुन वेखो सॅजन लोगो! जिन्हां दा ईशूर वॅछे दा मांस खावे उसदे भगत गउ, वॅछे आदी पशूआं नूं किउं छॅडन, जिसनूं कुझ दइआ नहीं अर मांस दे खान विच लचार रहे ओह बिना हिंसक मनुश दे ईशूर कदी हो सकदा है? अर ईशूर दे नाल दो मनुश ना मलूम कौन सन? एसथीं मलूम हुंदा है कि जंगली मनुशां दी इक मंडली सी, उन्हां दा जो प्रधान मनुश सी उसदा नाम बाइबल विच ईशूर रखिआ होवेगा, इन्हांही गॅलां थीं बुधवान लोग इन्हांदे पुसतक नूं ईशूरक्रित नहीं मंन सॅकदे, अर ना अजेहे नूं ईशूर समझदेहन॥२०

२१—अर परमेशूर ने इबराहीम नूं आखिआ कि सरह किउं इह कहके मुसकाई कि जो मैं बुॅढी हां सचमुच बाल जनांगी। की, परमेशूर दे वासते कोई गॅल औखी है? उॅतरेत परव १८। आः १३।१४॥

(समीखछक) हुन वेखो! कि की, ईसाईआं दे ईशूरदी लीला कि जेहड़ा मुंडिआं या इसत्रीआं वाछण विड़दा अर मंहनेमारदा है।२१

२२—तद परमेशूर ने 'सदूम मूरा' उॅपर गीधक अर अॅग परमेशूर दे वॅलों वसाई, अर उन्हां नगरां नूं अर सारे मैदानां नूं अर नगरां दे सारे रहिन वाशिआं नूं अर जो कुझ प्रिथिवी उॅपर उॅगदा सी उलटा दिॅता। उॅतरेत उतप० परव १९॥ आयत २४। २५॥

(समीखछक) हुन एह भी लीला बाइबल दे ईशूर दी वेखो! कि जिस नूं बालक आदी उॅपर भी कुझ दइआ ना आई, की, ओह सारे ही अपराधी सन जो सारिआं नूं प्रिथिवी उलटाके दबा मारिआ? इह गॅल निआय, दइआ, अर विचार थों विरुॅध है, जिन्हांदा ईशूर अजेहा कैप करे उन्हां दे उपासक किउं ना करन॥ २२॥

२३—आओ! असीं अपने पिता नूं दाखरस (शराब) पिलावीऐ,

Generated by CamScanner from intsig.com

ਅਰ ਉਸਦੇ ਨਾਲ ਸਵੀਏਂ ਕਿ ਅਸੀਂ ਅਪਨੇ ਪਿਉ ਥੀਂ ਕੁਲ ਚਲਾਵੀਏ ॥ ਤਦ ਉਨ੍ਹਾਂ ਨੇ ਉਸ ਰਾਤ ਅਪਨੇ ਪਿਉ ਨੂੰ ਸ਼ਰਾਬ ਪਿਆਇਆ, ਅਰ ਪਹਿਲੋਠੀ ਗਈ ਅਰ ਅਪਨੇ ਪਿਉ ਦੇ ਨਾਲ ਸੁੱਤੀ ਅਸੀਂ ਉਸਨੂੰ ਅੱਜ ਰਾਤ ਭੀ ਸ਼ਰਾਬ ਪਿਆਵੀਏ, ਤੂੰ ਜਾਕੇ ਸੋਂ। ਸੋ ਲੂਤ ਦੀਆਂ ਦੋਵੇਂ ਧੀਆਂ ਅਪਨੇ ਪਿਉ ਥੀਂ ਗਰਭਣੀਆਂ ਹੋਈਆਂ ॥ ਤੌਰੇਤ ਉਤਪ० ਪਰਵ ੧੯ । ਆ० ੩੨ ੩੩ । ੩੪ ।੩੬ ॥

(ਸਮੀਖਛਕ) ਵੇਖੋ !ਪਿਉ, ਧੀ ਭੀ ਜਿਸ ਸ਼ਰਾਬ ਪਨ ਦੇ ਨਸ਼ੇ ਵਿਚਕੁਕਰਮ ਕਰਨ ਥੀਂ ਨਾ ਬਚ ਸੱਕੇ, ਅਜੇਹੇ ਦੁਸ਼ਟ ਸ਼ਰਾਬ ਨੂੰ ਜੋ ਈਸਾਈ ਆਦੀ ਪੀਂਦੇ ਹਨ ਉਨ੍ਹਾਂ ਦੀ ਬੁਰਿਆਈ ਦਾ ਕੀ ਪਾਰਾਵਾਰ ਹੈ, ਏਸ ਵਾਸਤੇ ਭਲੇ ਮਾਨਸਾਂ ਨੂੰ ਸ਼ਰਾਬ ਪੀਨਦਾ ਨਾਉਂ ਭੀ ਨਾ ਲੈਨਾ ਚਾਹੀਏ ॥ ੨੩ ॥

੨੪–ਅਰਅਪਨੇ ਕਹਿਨੇ ਅਨੁਸਾਰ ਪਰਮੇਸ਼ੁਰ ਨੇ 'ਸਰਹ' ਦੇ ਨਾਲ ਮਿਲਾਪ ਕੀਤਾ, ਅਰ ਅਪਨੇ ਵਚਨ ਦੇ ਅਨੁਸਾਰ 'ਸਰਹ' ਚੇ ਵਿਸ਼ੇ ਵਿਚ ਕੀਤਾ, ਅਰ 'ਸਰਹ' ਗਰਭਣੀ ਹੋਈ ॥ ਤੌਰੇਤ ਉਤਪ० ਪਰਵ ੨੧ । ਆਯਤ ੧ । ੨ ॥

(ਸਮੀਖਛਕ) ਹੁਨ ਵਿਚਾਰੋ ਕਿ 'ਸਰਹ' ਨਾਲ ਮੇਲ ਕਰਕੇ ਗਰਭਣੀ ਕੀਤੀ, ਏਹ ਕੰਮ ਕਿਸਤਰਾਂ ਹੋਇਆ ? ਕੀ, ਬਿਨਾ ਪਰਮੇਸ਼ੁਰ ਅਰ 'ਸਰਹ' ਦੇ ਤੀਜਾ ਕੋਈ ਗਰਭ ਠਰ੍ਹਾਂਨ ਦਾ ਸਬਬ ਦਿੱਸਦਾ ਹੈ ? ਏਸਤਰਾਂਮਲੂਮ ਹੁੰਦਾਹੈ ਕਿ 'ਸਰਹ' ਪਰਮੇਸ਼ੁਰ ਦੀ ਕ੍ਰਿਪਾ ਕਰਕੇ ਗਰਭਣੀ ਹੋਈ ॥ ੨੪ ॥

੨੫–ਤਦ ਇਬਰਾਹੀਮ ਨੇ ਵੱਡੇ ਤੜਕੇ ਉਠਕੇ ਰੋਟੀ ਅਰ ਇਕ ਮਸ਼ਕ ਵਿਚ ਜਲ ਲਿਆ ਅਰ 'ਹਾਜਿਰਹ' ਦੇ ਮੋਢੇ ਉੱਪਰ ਧਰ ਦਿੱਤਾ, ਅਰ ਮੁੰਡੇ ਨੂੰ ਭੀ ਉਸ ਨੂੰ ਸੌਂਪਕੇ ਉਸਨੂੰ ਵਿਦਿਆ ਕੀਤਾ, ਉਸ ਨੇ ਮੁੰਡੇ ਨੂੰ ਇੱਕ ਝਾੜੀ ਦੇ ਹੇਠਾਂ ਸੁੱਟ ਦਿੱਤਾ, ਅਰ ਓਹ ਉਸਦੇ ਸਾਮਨੇ ਬੈਠਕੇ ਚੀਕਾਂ ਮਾਰ ਮਾਰ ਰੋਈ, ਤਦ ਈਸ਼ੁਰ ਨੇ ਉਸ ਬਾਲਕ ਦਾ ਆਵਾਜ਼ ਸੁਨਿਆ ॥ ਤੌ० ਉਤਪ० ੨੧ ।ਆ० ੧੪ । ੧੫ । ੧੬ ।੧੭॥

(ਸਮੀਖਛਕ) ਹੁਨ ਵੇਖੋ ! ਈਸਾਈਆਂ ਦੇ ਈਸ਼ੁਰ ਦੀ ਲੀਲਾ ਕਿ ਪਹਿਲਾਂ ਤਾਂ 'ਸਰਹ' ਦਾ ਪਖਛਪਾਤ ਕਰਕੇ ਹਾਜਿਰਹ ਨੂੰ ਉੱਥੋਂ ਥੀਂ ਕਢਾ ਦਿੱਤਾ ਅਰ ਚੀਕਾਂ ਮਾਰ ਮਾਰ ਰੋਈ ਹਾਜਿਰਹ, ਹੋਰ ਸ਼ਬਦ ਸੁਨਿਆ ਮੁੰਡੇ ਦਾ, ਏਹ ਕਿਹੋ ਜੇਹੀ ਆਸ਼ਚਰਯ ਦੀ ਗੱਲ ਹੈ, ਏਹ ਏਸਤਰਾਂ ਹੋਇਆ ਹੋਵੇਗਾ ਕਿ ਈਸ਼ੁਰ ਨੂੰ ਭਰਮ ਹੋਇਆ ਹੋਵੇਗਾ ਕਿ ਇਹ ਬਾਲਕ ਹੀ ਰੋਂਦਾ ਹੈ ਭਲਾ ਏਹ ਈਸ਼ੁਰ ਅਤ ਈਸ਼ੁਰ ਦੇ ਪੁਸਤਕ ਦੀ ਗੱਲ ਕਦੀ ਹੋ ਸੱਕਦੀ ਹੈ ? ਬਿਨਾ ਸਾਧਾਰਣ ਮਨੁਸ਼ ਦੇ ਵਚਨ ਦੇ ਏਸ ਪੁਸਤਕ ਵਿਚ ਥੋੜੀ ਜੇਹੀ ਗੱਲ ਸੱਚੀ, ਬਾਕੀ ਸਾਰਾ ਅਸਾਰ ਭਰਿਆ ਹੈ ॥ ੨੫ ॥

Generated by CamScanner from intsig.com

२६—अर इनुं गॱलां थीं पिॱछे इसत्तरां होइआ कि ईशूर ने इबराहीम दी परीखछा कीत्ती, अर उस नूं आखिआ हे इबराहीम तूं अपने पुत्र नूं अपने इकलौते इज़हाक नूं जिस दे नाल तूं पिआर करदा हैं लै, उसनूं होम दी भेट वासते चढ़ा, अर अपने पुत्र इज़हाक नूं बनूके उस वेदी विच लज़कीआं उॱपर रॱख, अर इबराहीम ने छुरी लैके अपने पुत्र नूं मारन वासते हॱथ वधाइआ, तद परमेशूर दे दूत ने सूरग दे उॱपर थीं पुकारिआ कि इबराहीम इबराहीम अपना हॱथ पुत्र उॱपर मत वधा, उस नूं कुझ ना कर, किउंकि हुन मैं जानदा हां कि तूं ईशूर थीं डरदा हैं ॥ उतरेत उतप० परव २२। आ० १। २। ९। १०। ११। १२॥

(समीखछक) हुन सफा होगिआ कि बाइबल दा ईशूर अलपॱग है सरवॱग नहीं, अर इबराहीम भी इक भोला मनुश सी, नहीं तां अजेहा विहार किउं करदा? अर जे बाइबल दा ईशूर सरवॱग हुंदा तां उसदी भविशत शूधा नूं भी सरवंगता थीं जान लैंदा, एसथीं एह निशचे हुंदाहे कि ईसाईआंदा ईशूर सरवॱग नहीं ॥ २६॥

२७—सो तुसीं साडी कबरसतान विचों चुनके इक विच अपने मुरदे नूं दॱबो, जिस कर तुसीं अपने मुरदे नुं दॱबे ॥ उतरेत उतप० परव २३। आयत ६॥

(समीखछक) मुरदिआं दे दॱबन थीं संसार दी बड़ी हानी हुंदी है, किउंकि ओह सड़के हवा नूं दुरगीध वाला करके रोग. फला दिंदा है। (प्रशन) देखो! जिस नाल प्रीती होवे उसनूं साड़ना अॱछी गॱल नहीं, अर दॱबना जिहाकि उसनूं सुआ देना है एस वासते दॱबना अॱछा है ॥(उॱतर) जे मुरदे नाल प्रीती करदे हो तां अपने घर विच किउं नहीं रॱखदे अर दॱबदे भी किउं हो? जिस जीवातमा नाल प्रीती सी ओह निकल गिआ, हुन दुरगंध वाली मिॱटी नाल की प्रीती, अर जो प्रीती करदे हो तां उसनूं ज़मीन विच किउं दॱबदे हो? किउंकि किसे नूं कोई कहे कि तैनूं ज़मीन विच दॱब देईए तां ओह सुनके प्रसंन कदी नहीं हुंदा, उसदे मूंह अॱखां अर शरीर उॱपर धूड़, पॱथर, इॱटां, चूना पाना, छाती उॱपर पॱथर रखना केहड़ा प्रीती दा कंम है? अर मंदूक विच पाके दॱबन नाल बहुत दुरगंध होके ज़मीन विचों निकलके हवा नूं विगाड़ डाढे रोग दी उतपॱती करदा है। दूजा इक मुरदे वासते घॱटो घॱट छी हॱथ लंबी अर चार हॱथ चौड़ी ज़मीन चाहीदी

Generated by CamScanner from intsig.com

ਹੈ, ਇੱਸੇ ਹਿਸਾਬ ਨਾਲ ਸੌ, ਹਜ਼ਾਰ, ਯਾ ਲੱਖ, ਯਾ ਕ੍ਰੋੜਾਂ ਮਨੁਸ਼ਾਂ ਦੇ ਵਾਸ. ਕਿੱਨੀ ਜ਼ਮੀਨ ਵਿਅਰਥ ਰੁਕ ਜਾਂਦੀ ਹੈ, ਨਾ ਓਹ ਖੇਤੀ ਨਾ ਬਗੀਚਾ ਨਾ ਵੱਸਨ ਦੇ ਕੰਮਦੀ ਰਹਿੰਦੀ ਹੈ, ਏਸ ਵਾਸਤੇ ਸਾਰਿਆਂ ਥੀਂ ਬੁਰਾ ਦੱਬਨਾਂ ਹੈ, ਉਸਥੀਂ ਕੁਝ ਥੋੜਾ ਬੁਰਾ ਜਲ ਵਿਚ ਪਾਉਨਾ, ਕਿਸ ਕਰਕੇ ਉਮਨੂੰ ਜਲ ਜੀਵ ਉਸੇ ਵੇਲੇ ਚੀਰ ਪਾੜਕੇ ਖਾ ਲੈਂਦੇ ਹਨ,ਪਰੰਤੂ ਜੋ ਕੁਝ ਹੱਡ ਵਾ ਮਲ ਜਲ ਵਿਚ ਰਹੇਗਾ ਓਹ ਸੜਕੇ ਜਗਤ ਨੂੰ ਦੁਖਦਾਈ ਹੋਵੇਗਾ। ਉਸਥੀਂ ਕੁਝਕ ਥੋੜਾ ਬੁਰਾ ਜੰਗਲ ਵਿਚ ਛਡਨਾ ਹੈ. ਕਿਉਂਕਿ ਉਸਨੂੰ ਮਾਂਸ ਖਾਨ ਵਾਲੇ ਪਸ਼ੂ ਪੰਖੇਰੂ ਵਲੂੰਦਰਕੇ ਖਾਨਗੇ ਤਾਂਭੀ ਜੋ ਉਸਦੇ ਹੱਡ ਦੀ ਮੱਜਾ ਅਰ ਮੈਲ ਸੜਕੇ ਜਿੱਨਾ ਬਦਬੋ ਕਰੇਗਾ ਉੱਨਾ ਜਗਤ ਦਾ ਨੁਕਸਾਨ ਹੋਵੇਗਾ, ਅਰ ਜੋ ਸਾੜਨਾ ਹੈ ਓਹ ਸਾਰਿਆਂ ਨਾਲੋਂ ਚੰਗਾ ਹੈ, ਕਿਉਂਕਿ ਉਸਦੇ ਸਾਰੇ ਪਦਾਰਥ ਅਣੂ ਹੋਕੇ ਵਾਯੂ ਵਿਚ ਉੱਡ ਜਾਨਗੇ॥ (ਪ੍ਰਸ਼ਨ) ਸਾੜਨ ਥੀਂ ਭੀ ਬਦਬੋ ਹੁੰਦੀ ਹੈ॥ (ਉੱਤਰ) ਜੋ ਵਿਧੀ ਦੇ ਬਿਨਾ ਸਾੜਨ ਤਾਂ ਥੋੜਾ ਜਿਹਾ ਹੁੰਦਾ ਹੈ, ਪਰੰਤੂ ਗੱਡਨੇ ਆਦੀ ਨਾਲੋਂ ਬਹੁਤ ਘੱਟ ਹੁੰਦਾ ਹੈ, ਅਰ ਜੋ ਵਿਧੀ ਕਰਕੇ ਜਿਹਾ ਕਿ ਵੇਦ ਵਿਚ ਲਿਖਿਆ ਹੈ ਮੁਰਦੇ ਦੀ ਤਿੰਨ ਹੱਥ ਡੂੰਘੀ, ਸਾਢੇ ਤਿੰਨ ਹੱਥ ਚੌੜੀ, ਪੰਜ ਹੱਥ ਲੰਬੀ, ਹੇਠਾਂਥੀਂ ਡੇਢ ਗਿੱਠ, ਅਰਥਾਤ ਹੇਠਾਂ ਉੱਤੇ ਵੇਦੀ ਖੋਦਕੇ ਸ਼ਰੀਰ ਦੇ ਬਰਾਬਰ ਘਿਉ,ਉਸ ਵਿਚ ਇਕ ਸੇਰ ਵਿਚ ਨਿੱਤੀ ਭਰ ਕਸਤੂਰੀ, ਮਾਸਾ ਭਰ ਕੇਸਰ ਪਾਕੇ ਘੱਟੋ ਘੱਟ ਅੱਧ ਮਨ ਚੰਦਨ, ਵਧੀਕ ਭਾਵੇਂ ਜਿੱਨਾ ਲਵੇ ਅਗਰ, ਤਗਰ, ਕਪੂਰ ਆਦੀ ਅਰ ਛਿੱਛਰੇ ਆਦੀ ਦੀ ਲਕੜੀਆਂ ਨੂੰ ਵੇਦੀ ਵਿਚ ਜਮਾਕੇ ਉਸ ਉੱਪਰ ਮੁਰਦਾ ਰੱਖਕੇ ਫੇਰ ਚੌਹਾਂ ਪਾਸਿਓਂ ਉੱਪਰ ਵੇਦੀ ਦੇ ਮੁਖ ਥੀਂ ਇਕ ਇਕ ਗਿੱਠ ਤਕ ਭਰਕੇ ਘਿਉ ਦੀ ਆਹੁਤੀ ਦੇਕੇ ਸਾੜਨਾ ਚਾਹੀਏ, ਏਸ-ਤਰਾਂ ਨਾਲ ਦਾਹ ਕਰਨ ਤਾਂ ਕੁਝ ਭੀ ਬਦਬੋ ਨਾ ਹੋਵੇ, ਇੱਸੇ ਦਾ ਨਾਉਂ ਅੰਤਯੇਸ਼ੀ, ਨਰਮੇਧ, ਪੁਰੁਸ਼ਮੇਧ ਯੱਗ ਹੈ। ਅਰ ਜੋ ਗ਼ਰੀਬ ਹੋਵੇ ਤਾਂ ਵੀਹ ਵੀਹ ਸੇਰ ਥੀਂ ਘੱਟ ਘਿਉ ਚਿਖਾ ਵਿਚ ਨਾ ਪਾਵੇ, ਭਾਵੇਂ ਓਹ ਭਿਖਛਾ ਮੰਗਨੇ, ਵਾ ਜਾਤੀ ਵਾਲਿਆਂ ਦੇ ਦੇਨੇ, ਅਥਵਾ ਰਾਜ ਥੀਂ ਮਿਲਨ ਕਰਕੇ ਪ੍ਰਾਪਤ ਹੋਵ ਪਰੰਤੂ ਉੱਸੇ ਤਰਾਂ ਦਾਹ ਕਰੇ! ਅਰ ਜੋ ਘਿਉ ਆਦੀ ਕਿਸੇ ਤਰਾਂ ਨਾ ਮਿਲ ਸਕੇ ਤਾਂ ਭੀ ਦੱਬਨੇ ਆਦੀ ਨਾਲੋਂ ਨਿਰਾ ਲਕੜੀ ਨਾਲ ਭੀ ਮੁਰਦੇ ਦਾ ਸਾੜਨਾ ਅੱਛਾ ਹੈ, ਕਿਉਂਕਿ ਇੱਕੀ ਬਿਸਵੇ ਭਰ ਜ਼ਮੀਨ ਵਿਚ ਅਥਵਾ ਇੱਕ ਵੇਦੀ ਵਿਚ ਲੱਖਾਂ ਕ੍ਰੋੜਾਂ ਮੁਰਦੇ ਸੜ ਸੱਕਦੇ ਹਨ, ਜ਼ਮੀਨ ਭੀ ਦੱਬਨ ਵਾਛਣ ਅਧਿਕ ਨਹੀਂ ਵਿਗੜਦੀ, ਅਰ ਕਬਰ ਦੇ ਵੇਖਨ ਥੀਂ ਡਰ ਭੀ ਹੁੰਦਾ ਹੈ, ਏਸ ਥੀਂ ਦੱਬਨਾ ਆਦੀ ਨਿਰਾਪੁਰਾ ਖ਼ਰਾਬਹੈ॥੨੭

੨੮—ਪਰਮੇਸ਼ੁਰ ਮੇਰੇ ਸ੍ਵਾਮੀ ਇਬਰਾਹੀਮ ਦਾ ਈਸ਼ੁਰ ਧੱਨ, ਜਿਸਨੇ ਮੇਰੇ ਸ੍ਵਾਮੀ ਨੂੰ ਅਪਨੀ ਦਇਆ ਅਤ ਅਪਨੀ ਸਚਿਆਈ ਥਿਨਾ ਨਾ ਛੱਡਿਆ ਰਸਤੇ ਵਿਚ ਪਰਮੇਸ਼ੁਰ ਨੇ ਮੇਰੇ ਸ੍ਵਾਮੀ ਦੇ ਭਰਾਵਾਂ ਦੇ ਘਰ ਦੀ ਤਰਫ ਅਗੁਆਇ

Generated by CamScanner from intsig.com

कीती ॥ उौरेत उत्पः परवः २४ । आयत २७ ॥

(समीखछक) की, इह इबराहीम ही दा ईश्वर सी ? अर जिसतरां अॅजकॅल विगारी वा अगवे लोक अगुआई अरथात अॅगे अॅगे चॅलके रसता विखांदे हन उॅसे तरां ईश्वर ने भी कीता तां अॅज कॅल रसता किउं नहीं दिखांदा ? अर मनुशां नाल गॅलां किउं नहीं करदा ? एस वासते अजेही गॅल ईश्वर वा ईश्वर दे पुसतक दी कदी नहीं हो सकदी, किंतु जंगली मनुश दीआं हन ॥ २९ ॥

२९–इसमाईल दे पुत्रां दे नाउं इह हन । इसमईल दा पहिलोठा नबीत, अर किदार अर अदबिएल, अर मिवसाम, अर मिसमअ अर दूमः, अर मॅसा । हदर, अर तैमा, इतूर, नफीस, अर किदमः । उौरेत उत्प० परव २५ । आयत १३ । १४ । १५ ॥

(समीखछक) इह इसमाईल इबराहीम थीं उसदी हाजिरह दासी दा होइआ सी ॥ २९॥

३०–मैं तेरे पिउ दी रुची दे अनुसार सादू भोजन बनावांगी अर तूं अपने पिउ दे पास लै जावीं जिस करके उह खावे अर अपने मरने थीं अॅगे तैनूं आशीरबाद देवे । अर रबिका ने अपने घर विचों अपने वॅडे पुत्र एसू दा अॅछा पहिरावा लिआ, अर बकरी दे बचिआं दा चमड़ा उसदे हॅथां अर गलदी चिकनाई उॅपर लपेटिआ, तद याकूब अपने पिउ नूं बोलिआ कि मैं तुहाडा पहिलौठा ऐसू हां,तुहाडे कहिने दे अनुसार मैं ने कीता है, उॅठ बैठो अर मेरे शिकार दे मांस विचों खाओ, जिस करके तुहाडा प्राण मैनूं आशीरवाद देवे ॥ उौरेत परव० २७ आयत ९ । १० । १५ । १९ । १९ ॥

(समीखछक) वेखो ! अजेहे झुठ, कपट करके आशीरवाद लैके पिॅछों सिॅध अर पैगंबर बनदे हन, की इह आशचरज दी गॅलनहीं है? अर अजेहे ईसाईआं दे अगुआ होऐ हन, फेर इनां दे मत दी गज बज़ दा की घाटा होवे ॥ ३० ॥

३१—अर याकूब दिन नूं तड़के उॅठिआ अर उस पॅथर नूं जिस नूं उसने अपना तकीआ कीता सी थंम खलवाइआ, अर उस उॅपर तेल पाइआ, अर उस थां दा नाम बैतएल रॅखिआ, अर एह पॅथर जो मैने थंम खलवाइआ ईश्वर दा घर होवेगा ॥ उौरेत उत्प० २९ । आयत १९ । १९ । २२ ॥

(समीखछक) हुन देखो ! जंगलीआं दे कंम इनां ही ने पॅथर

Generated by CamScanner from intsig.com

ਪੂਜੇ ਅਰ ਪੁਜਵਾਏ, ਅਰ ਏਸਨੂੰ ਮੁਸਲਮਾਨ ਲੋਗ "ਬੈਤਲਮੁਕੱਦਸ" ਕਹਿੰਦੇ ਹਨ, ਕੀ, ਇਹੀ ਪੱਥਰ ਈਸ਼ੁਰ ਦਾ ਘਰ ਅਰ ਉੱਸੇ ਪੱਥਰ ਮਾਤ੍ਰ ਵਿਚ ਈਸ਼ੁਰ ਰਹਿੰਦਾ ਸੀ ? ਵਾਹ ! ਵਾਹ ! ਜੀ ਕੀ ਕਹਿਨਾ ਹੈ ਈਸਾਈ ਲੋਗੋ ! ਮਹਾਬੁੱਤ ਪਰਸਤ ਤਾਂ ਤੁਸੀਂ ਹੀ ਹੋ ॥ ੩੧ ॥

੩੨–ਅਰ ਈਸ਼ੁਰ ਨੇ ਰਾਖਿਲ ਨੂੰ ਯਾਦ ਕੀਤਾ, ਅਰ ਈਸ਼ੁਰ ਨੇ ਉਸਦੀ ਸੁਨੀ, ਅਰ ਉਸਦੀ ਕੁੱਖ ਨੂੰ ਖੋਲਿਆ, ਅਰ ਓਹ ਗਰਭਣੀ ਹੋਈ ਅਰ ਪੁਤ੍ਰ ਜਨੀ, ਅਰ ਕਿਹਾ ਕਿ ਈਸ਼ੁਰ ਨੇ ਮੇਰੀ ਨਿੰਦਾ ਦੂਰ ਕੀਤੀ ॥ ਤੌਰੇਤ ਉਤਪ੦ ਪਰਵ ੩੦ । ਆਇਤ ੨੨ । ੨੩ ॥

(ਸਮੀਖਛਕ) ਵਾਹ ਈਸਾਈਆਂ ਦੇ ਈਸ਼ੁਰ ਕੀ, ਏਹ ਬੜਾ ਡਾਕਟਰ ਹੈ ? ਇਸਤ੍ਰੀਆਂ ਦੀ ਕੁੱਖ ਖੋਲਨ ਨੂੰ ਕੇਹੜੇ ਸ਼ਸਤ੍ਰ ਵਾ ਦਵਾਈਆਂ ਸਨ ਜਿਨ੍ਹਾਂ ਕਰਕੇ ਖੋਲੀ, ਏਹ ਸਾਰੀ ਗੱਲ ਹਨੇਰਚੌਦਸ ਦੀ ਹੈ ॥ ੩੨ ॥

੩੩–ਪਰੰਤੂ ਈਸ਼ੁਰ ਆਰਾਮੀਲਾਵਨ ਦੇ ਸੁਪਨੇ ਵਿਚ ਰਾਤ ਨੂੰ ਆਇਆ ਅਰ ਉਸਨੂੰ ਕਹਿਆ ਕਿ ਖਬਰਦਾਰ ਰਹੁ ਤੂੰ ਈਸ਼ੁਰ ਯਾਕੂਬ ਨੂੰ ਭਲਾ ਬੁਰਾ ਮਤ ਕਹੁ, ਕਿਉਂਕਿ ਅਪਨੇ ਪਿਉ ਦੇ ਘਰ ਦਾ ਨਿਪਟ ਚਾਹਨ ਵਾਲਾ ਹੈ, ਤੈਂ ਕਿਸਵਾਸਤ ਮੇਰੇ ਦੇਵਾਂਨੂੰ ਚੁਰਾਇਆਹੈ ॥ ਤੌਰੇਤ ਉਤਪ੦ ਪਰਵ੦ ੩੧ । ਆਯਤ ੨੪ । ੩੦ ॥

(ਸਮੀਖਛਕ) ਏਹ ਅਸੀਂ ਨਮੂਨਾ ਲਿਖਨੇ ਹਾਂ, ਹਜ਼ਾਰਾਂ ਮਨੁਸ਼ਾਂ ਨੂੰ ਸੁਪਨੇ ਵਿਚ ਆਇਆ, ਗੱਲਾਂ ਕੀਤੀਆਂ, ਜਾਗਦਿਆਂ ਸਾਖਛਾਤ ਮਿਲਿਆ, ਖਾਦਾ, ਪੀਤਾ, ਆਇਆ, ਗਿਆ ਆਦੀ ਬਾਇਬਲ ਵਿਚ ਲਿਖਿਆ ਹੈ, ਪਰੰਤੂ ਹੁਨ ਨਹੀਂ ਜਾਨੀਦਾ ਉਹ ਹੈ ਵਾ ਨਹੀਂ ? ਕਿਉਂਕਿ ਹੁਨ ਕਿਸੇ ਦੇ ਸੁਪਨੇ ਵਾ ਜਾਗਦਿਆਂ ਭੀ ਈਸ਼ੁਰ ਨਹੀਂ ਮਿਲਦਾ, ਅਰ ਏਹਭੀ ਪ੍ਰਗਟ ਹੋਇਆ ਕਿ ਇਹ ਜੰਗਲੀ ਲੋਗ ਪਾਸ਼ਾਣ ਆਦੀ ਮੂਰਤੀਆਂ ਨੂੰ ਦੇਵ ਮੰਨਕੇ ਪੂਜਦੇ ਸਨ, ਪਰੰਤੂ ਈਸਾਈਆਂ ਦਾ ਈਸ਼ੁਰ ਪੱਥਰਹੀ ਨੂੰ ਦੇਵ ਮੰਨਦਾ ਹੈ ਨਹੀਂ ਤਾਂ ਦੇਵਾਂ ਦਾ ਚੁਰਾਨਾ ਕਿਸਤਰਾਂ ਬਨੇ ॥ ੩੩ ॥

੩੪–ਅਰ ਯਾਕੂਬ ਅਪਨੇ ਰਸਤੇ ਚਲਾ ਗਿਆ, ਅਰ ਈਸ਼ੁਰ ਦੇ ਦੂਤ ਉਸਨੂੰ ਆ ਮਿਲੇ, ਅਰ ਯਾਕੂਬ ਨੇ ਉਨ੍ਹਾਂ ਨੂੰ ਵੇਖਕੇ ਕਹਿਆ ਕਿ ਇਹ ਈਸ਼ੁਰ ਦੀ ਸੈਨਾ ਹੈ ॥ ਤੌਰੇਤ ਉਤਪ੦ ਪਰਵ੦ ੩੨ । ਆਯਤ ੧ । ੨ ॥

(ਸਮੀਖਛਕ) ਹੁਨ ਈਸਾਈਆਂ ਦੇ ਈਸ਼ੁਰ ਦੇ ਮਨੁਸ਼ ਹੋਨ ਵਿਚ ਕੁਝ ਭੀ ਸੰਦੇਹ ਨਹੀਂ ਰਹਿਆ, ਕਿਉਂਕਿ ਸੈਨਾ ਭੀ ਰਖਦਾ ਹੈ, ਜਦ ਸੈਨਾ ਹੋਈ ਤਾਂ ਹਥੀਆਰ ਭੀ ਹੋਨਗੇ, ਅਰ ਜਿੱਥੇ ਤਿੱਥੇ ਚੜ੍ਹਾਈ ਕਰਕੇ ਲੜਾਈ ਭੀ ਕਰਦਾ ਹੋਵੇਗਾ, ਨਹੀਂ ਤਾਂ ਸੈਨਾ ਰਖਨੇ ਦਾ ਕੀ ਮਤਲਬ ਹੈ ॥ ੩੪ ॥

੩੫–ਅਰ ਯਾਕੂਬ ਇਕੱਲਾ ਰਹਗਿਆ, ਅਰ ਉੱਥੇ ਪੋਹ ਫੁੱਟਨ ਤਕ

Generated by CamScanner from intsig.com

ਇਕ ਪੁਰੁਸ਼ ਉਸ ਨਾਲ ਕੁਸ਼ਤੀ ਕਰਦਾ ਰਹਿਆ, ਅਰ ਜਦ ਉਸਨੇ ਵੇਖਿਆ ਕਿ ਓਹ ਉਸ ਉਪਰ ਜ਼ੋਰਾਵਰ ਨਾ ਹੋਇਆ ਤਾਂ ਉਸਦੀ ਜੰਘ ਨੂੰ ਅੰਦਰ ਥੀਂ ਛੋਹਿਆ, ਤਦ ਯਾਕੂਬ ਦੇ ਜੰਘ ਦੀ ਨਾੜ ਉਸਦੇ ਨਾਲ ਮੱਲ ਯੁੱਧ ਕਰਨ ਵਿਚ ਚੜ੍ਹਗਈ, ਤਦ ਓਹ ਬੋਲਿਆ ਕਿ ਮੈਨੂੰ ਜਾਨ ਦੇਹ, ਕਿਉਂਕਿ ਪੋਹ ਫੁੱਟਦੀ ਹੈ, ਅਰ ਓਹ ਬੋਲਿਆ ਮੈਂ ਤੈਨੂੰ ਜਾਨ ਨਾ ਦੇਵਾਂਗਾ ਜਦ ਤਕ ਤੂੰ ਮੈਨੂੰ ਆਸ਼ੀਰਵਾਦ ਨਾ ਦੇਵੇਂ, ਤਦ ਉਸਨੇ ਉਸਨੂੰ ਕਹਿਆ ਕਿ ਤੇਰਾ ਨਾਉਂ ਕੀ ਹੈ? ਅਰ ਓਹ ਬੋਲਿਆ ਕਿ ਯਾਕੂਬ, ਤਦ ਉਸਨੇ ਕਹਿਆ ਤੇਰਾ ਨਾਉਂ ਅੱਗੇ ਨੂੰ ਯਾਕੂਬ ਨਾ ਹੋਵੇਗਾ ਪਰੰਤੂ ਇਸਰਾਈਲ, ਕਿਉਂਕਿ ਤੈਂ ਈਸ਼੍ਵਰ ਦੇ ਅੱਗੇ ਅਰ ਮਨੁਸ਼ਾਂ ਦੇ ਅੱਗੇ ਰਾਜ਼ਾ ਵਾਙਣ ਮੱਲ ਯੁੱਧ ਕੀਤਾ ਅਰ ਜਿੱਤਿਆ, ਤਦ ਯਾਕੂਬ ਨੇ ਇਹ ਕਹਕੇ ਉਸਥੀਂ ਪੁਛਿਆ ਕਿ ਅਪਨਾ ਨਾਉਂ ਦੱਸੋ, ਅਰ ਓਹ ਬੋਲਿਆ ਕਿ ਤੂੰ ਮੇਰਾ ਨਾਉਂ ਕਿਉਂ ਪੁੱਛਦਾ ਹੈਂ ? ਅਰ ਉਸਨੇ ਉਸਨੂੰ ਉੱਥੇ ਆਸ਼ੀਰਬਾਦ ਦਿੱਤਾ, ਅਰ ਯਾਕੂਬ ਨੇ ਉਸ ਸਥਾਨ ਦਾ ਨਾਉਂ 'ਫਨੂਏਲ' ਰੱਖਿਆ, ਕਿਸ ਵਾਸਤੇ ਮੈਂਨੇ ਈਸ਼੍ਵਰ ਨੂੰ ਪ੍ਰਤਖਛ ਵੇਖਿਆ ਅਰ ਮੇਰਾ ਪ੍ਰਾਣ ਬਚਿਆ ਹੈ, ਅਰ ਜਦ ਓਹ ਫਨੂਏਲ ਥੀਂ ਪਾਰ ਚਲਿਆ ਤਾਂ ਸੂਰਯ ਦਾ ਪ੍ਰਕਾਸ਼ ਉਸ ਉੱਪਰ ਪਿਆ, ਅਰ ਓਹ ਅਪਨੀ ਜੰਘ ਥੀਂ ਲੰਗੜਾਂਦਾ ਸੀ, ਏਸ ਵਾਸਤੇ ਇਸਰਾਏਲ ਦੇ ਵੰਸ਼ ਉਸ ਜੰਘ ਦੀ ਨਾੜ ਨੂੰ ਜੇੜ੍ਹੀ ਚੜ੍ਹ ਗਈ ਸੀ ਅੱਜ ਤਕ ਨਹੀਂ ਖਾਂਦੇ, ਕਿਸ ਵਾਸਤੇ ਉਸਨੇ ਯਾਕੂਬ ਦੀ ਜੰਘ ਦੀ ਨਾੜ ਨੂੰ ਚੜ੍ਹ ਗਈ ਸੀ ਛੁਹਾ ਸੀ॥ ਤੌਰੇਤ ਉਤਪ੦ ਪਰਵ ੨੩ । ਆਯਤ ੨੪।੨੫।੨੬।੨੭।੨੮।੨੯।੩੦।੩੧।੩੨॥

(ਸਮੀਖਛਕ) ਜਦ ਈਸਾਈਆਂ ਦਾ ਈਸ਼੍ਵਰ ਅਖਾੜੇ ਦਾ ਪਹਲਵਾਨ ਹੈ ਤਦੇ ਤਾਂ ਸਰਹ ਅਰ ਰਾਖਲ ਉੱਪਰ ਪੁਤ੍ਰ ਹੋਨ ਦੀ ਕ੍ਰਿਪਾ ਕੀਤੀ, ਭਲਾ ਇਹ ਕਦੀ ਈਸ਼੍ਵਰ ਹੋ ਸਕਦਾ ਹੈ ? ਹੋਰ ਵੇਖੋ ! ਲੀਲਾ ਕਿ ਇਕ ਮਨੁਸ਼ ਨਾਉਂ ਪੁੱਛੇ ਤਾਂ ਦੂਜਾ ਅਪਨਾ ਨਾਉਂ ਹੀ ਨਾ ਦੱਸੇ, ਅਰ ਈਸ਼੍ਵਰ ਨੇ ਉਸਦੀ ਨਾੜ ਨੂੰ ਚੜ੍ਹਾ ਤਾਂ ਦਿੱਤਾ, ਅਰ ਜਿੱਤਿਆ ਗਿਆ,ਪਰੰਤੂ ਜੋ ਡਾਕਟਰ ਹੁੰਦਾ ਤਾਂ ਜੰਘ ਦੀ ਨਾੜੀ ਨੂੰ ਅੱਛਾ ਭੀ ਕਰਦਾ, ਅਰ ਅਜੇਹੇ ਈਸ਼੍ਵਰ ਦੀ ਭਗਤੀ ਥੀਂ ਜਿਹਾ ਕਿ ਯਾਕੂਬ ਲੰਗੜਾਂਦਾ ਰਹਿਆ ਸੀ ਤਾਂ ਹੋਰ ਭਗਤ ਭੀ ਲੰਗੜਾਂਦੇ ਹੋਨਗੇ ? ਜਦ ਈਸ਼੍ਵਰ ਨੂੰ ਪ੍ਰਤਖਛ ਵੇਖਿਆ ਅਰ ਮੱਲ ਯੁੱਧ ਕੀਤਾ, ਇਹ ਗੱਲ ਬਿਨਾ ਸ਼ਰੀਰ ਵਾਲੇ ਦੇ ਕਿਸਤਰਾਂ ਹੋ ਸਕਦੀ ਹੈ ? ਇਹ ਨਿਰੀ ਮੁੰਡੇਪਨ ਦੀ ਲੀਲਾ ਹੈ ॥ ੩੫ ॥

੩੬—ਅਰ ਯਹੂਦਾਹ ਪਹਿਲੋਠਾ "ਏਰ" ਪਰਮੇਸ਼੍ਵਰ ਦੀ ਨਜ਼ਰ ਵਿਚ ਦੁਸ਼ਟ ਸੀ, ਸੋ ਪਰਮੇਸ਼੍ਵਰ ਨੇ ਉਸਨੂੰ ਮਾਰ ਸੁੱਟਿਆ, ਤਦ ਯਹੂਦਾਹ ਨੇ ਉਨੋਨ ਨੂੰ ਕਹਿਆ ਕਿ ਅਪਨੇ ਭਰਾ ਦੀ ਇਸਤ੍ਰੀ ਪਾਸ ਜਾਹ ਅਰ ਉਸ ਨਾਲ ਵਿਆਹ ਕਰ,ਅਪਨੇ ਭਰਾ ਦੇ ਵਾਸਤੇ ਕੁਲ ਚਲਾ, ਅਰ ਓਨੋਨ ਨੇ ਜਾਲਿਆ

Generated by CamScanner from intsig.com

ਕਿ ਇਹ ਕੁਲ ਮੇਰੀ ਨਾ ਹੋਵੇਗੀ, ਅਰ ਏਸਤਰਾਂ ਹੋਇਆ ਕਿ ਜਦ ਓਹ ਅਪਨੇ ਭਰਾ ਦੀ ਇਸਤ੍ਰੀ ਪਾਸ ਗਿਆ ਤਾਂ ਵੀਰਯ ਨੂੰ ਪ੍ਰਿਥਿਵੀ ਉੱਪਰ ਡੇਗ ਦਿੱਤਾ ਅਰ ਉਸਦਾ ਓਹ ਕੰਮ ਪਰਮੇਸ਼ੁਰ ਦੀ ਨਜ਼ਰ ਵਿਚ ਬੁਰਾਸੀ, ਏਸ ਵਾਸਤੇ ਉਸਨੇ ਉਸ ਨੂੰ ਭੀ ਮਾਰ ਸੁੱਟਿਆ। ਤੌ० ਉਤ੫० ਪਰਵ० ੩੮। ਆ०।੭। ੯।੯॥ ੧੦॥

(ਸਮੀਖਛਕ) ਹੁਨ ਵੇਖਲੌ! ਕਿ ਇਹ ਮਨੁਸ਼ਾਂ ਦੇ ਕੰਮ ਹਨ ਕਿ ਈਸ਼ੁਰ ਦੇ? ਜਦ ਉਸਦੇ ਨਾਲ਼ ਨਿਯੋਗ ਹੋਇਆ ਤਾਂ ਉਸ ਨੂੰ ਕਿਉਂ ਮਾਰ ਸੁੱਟਿਆ? ਉਸ ਦੀ ਬੁੱਧੀ ਕਿਸ ਵਾਸਤੇ ਸ਼ੁੱਧ ਨਾ ਕਰ ਦਿੱਤੀ? ਅਰ ਵੇਦੋਕ੍ਤ ਨਿਯੋਗ ਭੀ ਪਹਿਲਾਂ ਸਰਵਤ੍ਰ ਦੱਲਦਾ ਸੀ, ਏਹ ਨਿਸ਼ਚੇ ਹੋਇਆ ਕਿ ਨਿਯੋਗ ਦੀਆਂ ਗੱਲਾਂ ਸਾਰਿਆਂ ਦੇਸ਼ਾਂ ਵਿਚ ਚੱਲਦੀਆਂ ਸਨ॥ ੩੬॥

ਤੌਰੇਤ ਯਾਤ੍ਰਾ ਦੀ ਪੁਸਤਕ।

੩੭– ਜਦ ਮੂਸਾ ਸਿਆਨਾ ਹੋਇਆ ਅਰ ਅਪਨੇ ਭਰਾਵਾਂ ਵਿਚੋਂ ਇਕ ਇਬਰਾਨੀ ਨੂੰ ਵੇਖਿਆ ਕਿ ਮਿਸਰੀ ਉਸਨੂੰ ਮਾਰ ਰਹਿਆ ਹੈ, ਤਦ ਉਸਨੇ ਇੱਧਰ ਉੱਧਰ ਨਜ਼ਰ ਕੀਤੀ ਵੇਖਿਆ ਕਿ ਕੋਈ ਨਹੀਂ, ਤਦ ਉਸਨੇ ਉਸ ਮਿਸਰੀਨੂੰ ਮਾਰ ਸੁੱਟਿਆ ਅਰ ਰੇਤ ਵਿਚ ਉਸ ਨੂੰ ਛਿਪਾ ਦਿੱਤਾ, ਜਦ ਓਹ ਦੂਜੇ ਦਿਨ ਓਥੋਂ ਬਾਹਿਰਗਿਆ ਤਾਂ ਵੇਖਿਆ ਕਿ ਦੋ ਇਬਰਾਨੀ ਆਪਸ ਵਿਚ ਝਗੜ ਰਹੇ ਹਨ, ਤਦ ਉਸਨੇ ਉਸ ਅੰਧੇਰੀ ਨੂੰ ਕਹਿਆ ਕਿ ਤੂੰ ਅਪਨੇ ਗੁਆਂਢੀ ਨੂੰ ਕਿਉਂ ਮਾਰਦਾ ਹੈਂ? ਤਦ ਉਸਨੇ ਕਹਿਆ ਕਿ ਕਿਸਨੇ ਤੈਨੂੰ ਅਸਾਂ ਉੱਪਰ ਹਾਕਮ ਅਥਵਾ ਨਿਆਈਂ ਬਨਾਇਆ ਹੈ, ਕੀ, ਤੂੰ ਚਾਹੁੰਦਾ ਹੈਂ ਕਿ ਜਿਸਤਰਾਂ ਤੈਂ ਮਿਸਰੀ ਨੂੰ ਮਾਰ ਸੁੱਟਿਆ ਮੈਨੂੰ ਭੀ ਮਾਰ ਸੁੱਟੇ, ਤਦ ਮੂਸਾ ਡਰਿਆ ਅਰ ਪੋਲ ਨਿਕਲਿਆ॥ ਤੌ० ਯਾ० ਪਰਵ ੨ ਆਯਤ ੧੧।੧੨।੧੩।੧੪।੧੫॥

(ਸਮੀਖਛਕ) ਹੁਨ ਵੇਖੋ! ਜੋ ਬਾਇਬਲ ਦਾ ਮੁੱਖ ਸਿੱਧ ਕਰਨ ਵਾਲਾ ਮਤ ਦਾ ਆਚਾਰਯ ਮੂਸਾ ਕਿ ਜਿਸਦਾ ਚਰਿਤ੍ਰ ਕ੍ਰੋਧ ਆਦੀ ਖੋਟਿਆਂ ਗੁਣਾਂ ਵਾਲਾ, ਮਨੁਸ਼ ਦੀ ਹਤਿਆ ਕਰਨ ਵਾਲਾ, ਅਰ ਚੋਰ ਵਾਙਣ ਰਾਜਦੰਡ ਥੀਂ ਬਚਨੇ ਵਾਲਾ,ਅਰ ਜਦ ਗੱਲ ਨੂੰ ਛਪਾਂਦਾ ਸੀ ਤਾਂ ਝੂਠ ਬੋਲਨ ਵਾਲਾ ਭੀ ਜ਼ਰੂਰ ਹੋਵੇਗਾ, ਅਜੇਹੇ ਨੂੰ ਭੀ ਜੋ ਈਸ਼ੁਰ ਮਿਲਿਆ ਓਹ ਪੈਗੰਬਰ ਬਨਿਆ ਉਸਨੇ ਯਹੂਦੀ ਆਦੀ ਦਾ ਮਤ ਚਲਾਇਆ, ਓਹ ਭੀ ਮੂਸਾ ਹੀ ਦੇ ਵਾਙਣ ਹੋਇਆ, ਏਸ ਵਾਸਤੇ ਈਸਾਈਆਂ ਦੇ ਜੋ ਮੂਲ ਪੁਰੁਸ਼ਾ ਹੋਏ ਹਨ ਓਹ ਸਾਰੇ ਮੂਸਾ ਥੀਂ ਆਦਿ ਲੈਕੇ ਜੰਗਲੀ ਅਵਸਥਾ ਵਿਚ ਸਨ ਵਿਦਿਆ ਅਵਸਥਾ ਵਿੱਚ ਨਹੀਂ ਇਤਿਆਦੀ॥ ੩੭॥

Generated by CamScanner from intsig.com

३८—अर 'फसह मेमना' मारो अर इक मुॅठी जूफा लो, अर उसनूॅ उस लहु विच जो धरतन विच है बोड़के उॅपर दी चौखट दी तरफ दरवाज़े दी दोनों तरफ उस नाल छापो, अर तुहाडे विचों कोई दिन तक अपने घर दे दरवाज़े थीं बाहर ना जावे, किउंकि परमेशूर मिसर दे मारन वासते उरार पार जावेगा, अर जद ओह उॅपर दी चौखट उपर अर दरवॅजे दी दोनों तरफ लहु नूॅ वेखे तां परमेशूर दरवाज़े थीं लंघ जावेगा, अर मारन वाले तुहाडे घरां विच ना जान देवेगा कि मारे ॥ उॅरेत या० परव । १२। आ०। २१। २२। २३ ॥

(समीखछक) भला एह जो टूणे टाणे करन वाले दे वाछण है ओह ईशूर सरवॅग कदी हो सकदा है ? जद लहु दा छापा वेखे तदे इसराईल दी कुल दा घर जाने होर तरां नहीं, इह कंम तुॅछ बुधी वाले मनुशां दे वाछण है, एस वासते इह मलूम हुंदा है कि इह गॅलां किसे जंगली मनुश दीआं लिखीआं हन॥ ३८ ॥

३९—अर इसतरां होइआ कि परमेशूर ने अॅधी रात नूॅ मिसरदे देश विच सारे पहिलोठे नूॅ 'फिरअउन' दे पहिलोठे थीं लैके जो अपने सिंघासन उॅपर बैठा सी उस कैदी दे पहिलोठे तक जो कैद-खाने विच सी पशूआं दे पहिलोठे समेत नाश कीते, अर रात नूॅ 'फिर अउन' उठिआ ओह अर उस दे सारे सेवक अर सारे मिसरी उॅठे अर मिसर विच वॅडाविरलाप सी, किउंकि कोई घर न रहिआ जिस विच इक ना मोइआ ॥ उॅ० या० प० १२ । आ० २९ । ३० ॥

(समीखछक) वाह ! अॅछा अॅधी रात नूॅ डाकू दे वाछण निरदई होके ईसाईआं दे ईशूर ने मुंडे, बालक, बुॅढे अर पशू तक भी बिना अपराध मार दिॅते, अर कुझ भी दइआ ना आई, अर मिसर विच वॅडा विरलाप हुंदा रहिआ तां भी की, ईसाईआं दे ईशूर दे चिॅत थीं कठिआई दूर ना होई ? अजेहा कंम ईशूर दा तां की, किंत किसे मामूली मनुश दे करने दा भी नहीं है, इह आशचरज नहीं किस करके लिखिआ है:—"मांसाहारिणः कुतोदइआ" जदं ईसाईआं दा ईशूर मांसखानवाला है तां उसनूॅ दया करनना्ल की कंमहै?॥३९

४०—परमेशूर तुहाडे वासते युॅध करेगा, इसराईल दी संतान नूॅ आखो कि ओह अॅगे वधन, परैतू तूॅ अपनी सोटी उठा अर समुंद्र उॅपर अपना हथ वधा, अर उस नाल दो हिॅसे कर, अर इसराईल

Generated by CamScanner from intsig.com

ਦੀ ਸੰਤਾਨ ਸਮੁੰਦ੍ਰ ਦੇ ਵਿਚੋਂ ਵਿਚੋਂ ਥੀਂ ਸੁੱਕੀ ਪ੍ਰਿਥਿਵੀ ਵਿਚੋਂ ਆਕੇ ਚਲੇ ਜਾਨਗੇ ॥ ਤੌਰੇਤ ਯਾ० ੫० ੧੪ । ਆਯਤ ੧੪ । ੧੫ । ੧੬ ॥

(ਸਮੀਖਛਕ) ਕਿਉਂ ਜੀ ਅੱਗੇ ਤਾਂ ਈਸ਼ੂਰ ਭੇਡਾਂ ਦੇ ਪਿੱਛੇ ਅਯਾਲੀ ਦੇ ਵਾਛਣ ਇਸਰਾਈਲ ਕੁਲ ਦੇ ਪਿਛੇ ਪਿਛੇ ਡੋਲਿਆ ਕਰਦਾ ਸੀ, ਹੁਨ ਨਾ ਜਾਨੀਏ ਕਿਥੇ ਲੁਕ ਗਿਆ ? ਨਹੀਂ ਤਾਂ ਸਮੁੰਦ੍ਰ ਦੇ ਵਿਚੋਂ ਥੀਂ ਚਹੁੰ ਤਰਫੋਂ ਰੇਲ ਗੱਡੀਆਂ ਦੀ ਸੜਕ ਬਨਾ ਲੈਂਦੇ ਜਿਸ ਥੀਂ ਸਾਰੇ ਸੰਸਾਰ ਦਾ ਉਪਕਾਰ ਹੁੰਦਾ, ਅਰ ਬੇੜੀ ਆਦੀ ਬਨਾਨ ਦਾ ਯਤਨ ਦੂਰ ਹੋਜਾਂਦਾ, ਪਰੰਤੂ ਕੀ ਕੀਤਾ ਜਾਵੇ ਈਸਾਈਆਂ ਦਾ ਈਸ਼ੂਰ ਨਾ ਜਾਨੇ ਕਿੱਥੇ ਲੁਕ ਰਹਿਆ ਹੈ, ਇਤਿਆਦੀ ਬਹੁਤ ਸਾਰੀ ਮੂਸਾ ਦੇ ਨਾਲ ਅਨਹੋਂਦ ਲੀਲਾ ਬਾਇਬਲ ਦੇ ਈਸ਼ੂਰ ਨੇ ਕੀਤੀ ਹੈ, ਪਰੰਤੂ ਇਹ ਪ੍ਰਗਟ ਹੋਇਆ ਕਿ ਜਿਹਾ ਈਸਾਈਆਂ ਦਾ ਈਸ਼ੂਰ ਉਹੋ ਜਿਹੇ ਉਸਦੇ ਸੇਵਕ ਅਰ ਉਹੋ ਜਿਹੀ ਉਸਦੀ ਬਨਾਈ ਪੁਸਤਕ ਹੈ, ਅਜੇਹੀ ਪੁਸਤਕ ਅਰ ਅਜੇਹਾ ਈਸ਼ੂਰ ਅਸਾਂ ਲੋਕਾਂ ਥੀਂ ਦੂਰ ਰਹੇ ਤਦੇ ਅੱਛਾ ਹੈ ॥ ੪੦ ॥

੪੧–ਕਿਉਂਕਿ ਮੈਂ ਪਰਮੇਸ਼ੂਰ ਤੇਰਾ ਈਸ਼ੂਰ ਪ੍ਰਕਾਸ਼ਵਾਨ, ਸਰਵਸ਼ਕਤੀਵਾਨ ਹਾਂ, ਪਿਤਰਾਂ ਦੇ ਅਪਰਾਧ ਦਾ ਦੰਡ ਉਨ੍ਹਾਂ ਦੇ ਪੁਤ੍ਰਾਂ ਨੂੰ ਜੇਹੜੇ ਮੇਰਾ ਵੈਰ ਰੱਖਦੇ ਹਨ ਉਨ੍ਹਾਂ ਦੀ ਤੀਜੀ ਅਰ ਚੌਥੀ ਪੀਹੜੀ ਤਕ ਦੇਨ ਵਾਲਾ ਹਾਂ ॥ ਤੌਰੇਤ ਯਾ० ਪਰਵ ੨੦ ਆ० ੫ ॥

(ਸਮੀਖਛਕ) ਭਲਾ ਇਹ ਕੇਹੜੇ ਘਰ ਦਾ ਨਿਆਯ ਹੈ ਕਿ ਜੋ ਪਿਉ ਦੇ ਅਪਰਾਧ ਥੀਂ ਚਹੁੰ ਪੀੜੀ ਤਕ ਦੰਡ ਦੇਨ ਅੱਛਾ ਸਮਝਨਾ, ਕੀ ਅੱਛੇ ਪਿਉ ਦੇ ਦੁਸ਼ਟ ਹੋਰ ਦੇ ਅੱਛੇ ਸੰਤਾਨ ਨਹੀਂ ਹੁੰਦੇ ? ਜੇ ਅਜੇਹਾ ਹੈ ਤਾਂ ਚੌਥੀ ਪੀੜ੍ਹੀ ਤਕ ਦੰਡ ਕਿਸਤਰਾਂ ਦੇ ਸੱਕੇਗਾ ? ਬਿਨਾ ਅਪਰਾਧ ਕਿਸੇ ਨੂੰ ਦੰਡ ਦੇਨਾ ਅਨਿਆਯ ਕਰਨ ਵਾਲੇ ਦੀ ਗੱਲ ਹੈ ॥ ੪੧ ॥

੪੩–ਆਰਾਮ ਦੇ ਦਿਨ ਨੂੰ ਉਸ ਨੂੰ ਪਵਿਤ੍ਰ ਰੱਖਨ ਵਾਸਤੇ ਯਾਦਕਰ, ਛੀ ਦਿਨ ਤਕ ਤੂੰ ਯਤਨ ਕਰ, ਅਰ ਸੱਤਵਾਂ ਦਿਨ ਪਰਮੇਸ਼ੂਰ ਤੇਰੇ ਈਸ਼ੂਰ ਦਾ ਆਰਾਮ ਹੈ ਪਰਮੇਸ਼ਰ ਨੇ ਵਿਸ਼੍ਰਾਮ ਦਿਨ ਨੂੰ ਆਸ਼ੀਰਵਾਦ ਦਿੱਤੀ। ਤੌ० ਯਾ० ਪਰਵ ੨੦ ਆ० ੮ । ੯ ੧੦ । ੧੧ ॥

(ਸਮੀਖਛਕ) ਕੀ, ਆਦਿੱਤਜਵਾਰ ਇਕ ਹੀ ਪਵਿਤ੍ਰ, ਅਰ ਛੇ ਦਿਨ ਅਪਵਿਤ੍ਰ ਹਨ ? ਅਰ ਕੀ ਪਰਮੇਸ਼ੂਰ ਨੇ ਛੇ ਦਿਨ ਤਕ ਬੜਾ ਕੰਮ ਕੀਤਾ ਸੀ ? ਕਿ ਜਿਸਕਰ ਥੱਕਕੇ ਸਤਵੇਂ ਦਿਨ ਸੌਂਗਿਆ, ਅਰ ਜੋ ਆਦਿਤਜਵਾਰ ਨੂੰ ਆਸ਼ੀਰਵਾਦ ਦਿੱਤਾ ਤਾਂ ਸੋਮਵਾਰ ਆਦੀ ਛੇ ਦਿਨਾਂਨੂੰ ਕੀ ਦਿੱਤਾ ? ਅਰਥਾਤ ਸ਼੍ਰਾਪ ਦਿੱਤਾ ਹੋਵੇਗਾ, ਅਜੇਹਾ ਕੰਮ ਵਿਦਵਾਨ ਦਾ ਭੀ ਨਹੀਂ ਤਾਂ ਈਸ਼ੂਰ ਦਾ ਕਿਸਤਰਾਂ ਹੋ ਸਕਦਾ ਹੈ ? ਭਲਾ ਆਦਿਤਜਵਾਰ ਵਿਚ ਕੀ ਗੁਣ ਅਰ ਸੋਮਵਾਰ ਆਦੀ ਨੇ ਕੀ ਕਸੂਰ ਕੀਤਾ ਸੀ ਕਿ ਜਿਸ ਥੀਂ ਇਕ ਨੂੰ ਪਵਿਤ੍ਰ ਤਥਾ

Generated by CamScanner from intsig.com

वर दिँता अर होरनां नूं अपवित्र कर दिँता ? ॥ ४२ ॥

४३—आपने पड़ोसी उँपर झूठी उगाही मत देह, आपने पड़ोसी दी इसत्री अर उसदे दास उस दी दासी अर उसदे बलद अर उसदे खोपे, होर कसे चीज़दा जो तेरे गुआंहडी दी है लालच ना कर तौ० या० पा २० । आ १६ । १७ ॥

(समीखछक) वाह ! तदे तां ईसाई लोग परदेसीआं दे माल उँपर अजेहे झुकदे हन कि जानों तिहाइआ पांनी उँपर, भुँखा अंन उँपर, जिसतरां इह निरे मतलब सिँध अर पखछपात दी गॅल है, अजेहा ही ईसाईआं दा ईशूर ज़रूर होवेगा ? जद कोई कहे कि असीं सारे मनुश मात्र नूं गुआंहढी मंनदे हां तां बिना मनुशां दे होर कौन इसत्री अर दासी वाले हन कि जिनूं नूं गुआंहडी ना गिनीऐ ? एसवासते इह गॅलां मतलबी मनशांदीआं हन ईशूर दीआंनहीं ॥ ४३

४४—सो हुन मुंडिआं विचों हर इक पुत्र नूं अर हर इक इसत्री नूं जो पुरुश नाल मिली होई होवे प्राणां थीं मारो । परंतु इह पुत्रीआं जो पुरुश नाल संयुकत नहीं होईआं हन उनूं नूं अपने वासते जीउंदी रखो ॥ तौ० गिणती० ५० ३१ । आ० १७ । १८ ॥

(समीखठक) वाह ! जी मूसा पैगंबर अर तुहाडा ईशूर धंन है कि जेहड़ा इसत्री, बालक, बुढे अर पशूआं दी हतिआ करन थीं भी वॅखरा न रहे अर एस थीं प्रतखछ निशचे हुंदा है कि मूसा विशई सी, कि जो विशई ना हुंदा तां अखछतयोनी अरथात पुरुशां थीं समागम ना कीती होई कंनिआं नूं अपने वासते किउं मंगवांदा ? वा उनूं नूं अजेही निरदइआ वा विशईपन दी आगिआ किउं दिंदा? ॥ ४४

४५—जो कोई किसे मनुश नूं मारे अर ओह मर जावे ओह निशचे घात कीता जावे, अर ओह मनुश घात विच ना लगिआ होवे परंतु ईशूर ने उसदे हॅथ विच सौंप दिँता होवे तद मैं तैनूं नॅसन दा सथान बता देवांगा ॥ तौरेत या० ५० २१ आयत १२ । १३ ॥

(समीखछक) जे इह ईशूर दा निआय सॅचा है तां मूसा इक आदमी नूं मार गॅडके नॅस गिआ सी उसनूं दंड किउं ना होइआ ? जे आखो कि ईशूर ने मूसा नूं मारन दे वासते सउंपिआसी तां ईशूर पखछपाती होइआ, किउंकि उस मूसा दा राजा थीं निआय किउं ना होन दिँता ? ॥ ४५ ॥

४६—अर कुशल दा बलीदान बलदां थीं परमेशूर दे वासते

Generated by CamScanner from intsig.com

ਚੜ੍ਹਾਇਆ, ਅਰ ਮੂਸਾ ਨੇ ਅੱਧਾ ਲਹੂ ਲੈਕੇ ਭਾਂਡਿਆਂ ਵਿਚ ਰਖਿਆ, ਅਰ ਅੱਧਾ ਲਹੂ ਵੇਦੀ ਉੱਪਰ ਚੜ੍ਹਾਇਆ, ਅਰ ਮੂਸਾਨੇ ਉਸ ਲਹੂ ਨੂੰ ਲੈਕੇ ਲੋਗਾਂ ਉੱਪਰ ਛਿੜਕਿਆ ਅਰ ਆਖਿਆ ਕਿ ਏਹ ਲਹੂ ਉਸ ਨੇਮਦਾ ਹੈ ਜਿਸ ਕਰਕੇ ਪਰਮੇਸ਼ੁਰ ਨੇ ਇਨ੍ਹਾਂ ਗੱਲਾਂ ਦੇ ਵਾਸਤੇ ਤੁਹਾਡੇ ਨਾਲ ਕੀਤਾ ਹੈ, ਅਰ ਪਰਮੇਸ਼ੁਰ ਨੇ ਮੂਸਾ ਨੂੰ ਕਹਿਆ ਕਿ ਪਹਾੜ ਉੱਪਰ ਮੇਰੇ ਪਾਸ ਆ ਅਰ ਉੱਥੇ ਰਹੁ ਅਰ ਤੈਨੂੰ ਪੱਥਰ ਦੀਆਂ ਪੱਟੀਆਂ ਅਰ ਵਿਵਸਥਾ ਅਰ ਆਗਿਆ ਜੋ ਮੈਂਨੇ ਲਿਖੀ ਹੈਂ ਦੇਵਾਂਗਾ ॥ ਤੌਰੇਤ ਯਹ ਪਰਵ ੨੪ । ਆਯਤ ੫ । ੬ । ੮ । ੧੨ ॥

(ਸਮੰ ਖਛਕ) ਹੁਨ ਵੇਖੋ ! ਇਹ ਸਾਰੀਆਂ ਜੰਗਲੀ ਲੋਗਾਂ ਦੀਆਂ ਗੱਲਾਂ ਹੁਨ ਵਾ ਨਹੀਂ ? ਅਰ ਪਰਮੇਸ਼ੁਰ ਬਲਦਾਂ ਦਾ ਬਲੀਦਾਨ ਲੈਂਦਾ, ਅਰ ਵੇਦੀ ਉੱਪਰ ਲਹੂ ਛਿੜਕਦਾ ਇਹ ਕਿਸਤਰਾਂ ਜੰਗਲੀਪਨ ਅੱਖੜਪਨ ਦੀ ਗੱਲਹੈ ? ਜਦ ਈਸਾਈਆਂ ਦਾ ਖੁਦਾ ਭੀ ਬਲਦਾਂ ਦਾ ਬਲੀਦਾਨ ਲਵੇ ਤਾਂ ਉਸਦੇ ਭਗਤ ਬਲਦ, ਗਊ ਦੇ ਬਲੀਦਾਨ ਦੀ ਪ੍ਰਸਾਦੀ ਨਾਲ ਪੇਟ ਕਿਉਂ ਨਾ ਭਰਨ ? ਅਰ ਜਗਤ ਦਾ ਨੁਕਸਾਨ ਕਿਉਂ ਨ ਕਰਨ ? ਅਜੇਹੀਆਂ ਅਜੇਹੀਆਂ ਬੁਰੀਆਂ ਗੱਲਾਂ ਬਾਇਬਲ ਵਿਚ ਭਰੀਆਂ ਹਨ, ਇੱਸੇ ਦੇ ਖੋਟੇ ਸੰਸਕਾਰਾਂ ਥੀਂ ਵੇਦਾਂ ਵਿਚ ਭੀ ਅਜੇਹਾ ਝੂਠਾ ਦੋਸ਼ ਲਗਾਨਾ ਚਾਹੁੰਦੇ ਹਨ, ਪਰੰਤੂ ਵੇਦਾਂ ਵਿਚ ਅਜੇਹੀਆਂ ਗੱਲਾਂ ਦਾ ਨਾਉਂ ਭੀ ਨਹੀਂ, ਅਰ ਇਹ ਭੀ ਨਿਸ਼ਚੇ ਹੋਇਆ ਕਿ ਈਸਾਈਆਂ ਦਾ ਈਸ਼ੁਰ ਇਕ ਪਹਾੜੀ ਮਨੁਸ਼ ਸੀ, ਪਹਾੜ ਉੱਪਰ ਰਹਿੰਦਾ ਸੀ। ਜਦ ਓਹ ਖੁਦਾ ਸਜਾਹੀ, ਕਲਮ, ਕਾਗਜ਼ ਨਹੀਂ ਬਨਾ ਜਾਨਦਾ ਅਰ ਨਾ ਉਸਨੂੰ ਪ੍ਰਾਪਤਸੀ ਏਸ ਵਾਸਤੇ ਪੱਥਰ ਦੀਆਂ ਪੱਟੀਆਂ ਉੱਪਰ ਲਿਖ ਲਿਖ ਦਿੰਦਾ ਸੀ, ਅਰ ਇਨ੍ਹਾਂ ਹੀ ਜੰਗਲੀਆਂ ਦੇ ਸਾਮਨੇ ਈਸ਼ੁਰ ਭੀ ਬਨ ਬੈਠਾ ਸੀ ॥ ੪੬ ॥

੪੭—ਅਰ ਬੋਲਿਆ ਕਿ ਤੂੰ ਮੇਰਾ ਮੁਖ ਨਹੀਂ ਵੇਖ ਸੱਕਦਾ, ਕਿਉਂਕਿ ਮੈਨੂੰ ਵੇਖਕੇ ਕੋਈ ਮਨੁੱਸ਼ ਨਾ ਜੀਵੇਗਾ, ਅਰ ਪਰਮੇਸ਼ੁਰ ਨੇ ਕਹਿਆ ਕਿ ਵੇਖ ਇਕ ਸਥਾਨ ਮੇਰੇ ਪਾਸ ਹੈ ਅਰ ਤੂੰ ਉਸ ਢਿੱਬੇ ਉੱਪਰ ਖਲੋਤਾ ਰਹੁ, ਅਰ ਏਸਤਰਾਂ ਹੋਵੇਗਾ ਕਿ ਜਦ ਮੇਰਾ ਮਹਿਮਾ ਚਮਕੇਗਾ ਤਾਂ ਮੈਂ ਤੈਨੂੰ ਪਹਾੜ ਦੀ ਤ੍ਰੇੜ ਵਿਚ ਰੱਖਾਂਗਾ, ਅਰ ਜਦ ਤਕ ਨਿਕਲਾਂ ਤੈਨੂੰ ਅਪਨੇ ਹੱਥ ਨਾਲ ਕੱਜਾਂਗਾ ਅਰ ਅਪਨਾ ਹੱਥ ਉਠਾ ਲਵਾਂਗਾ, ਅਰ ਤੂੰ ਮੇਰਾ ਪਿੱਛਾ ਵੇਖੇਂਗਾ, ਪਰੰਤੂ ਮੇਰਾ ਰੂਪ ਦਿਖਾਈ ਨਾ ਦੇਵੇਗਾ ॥ ਤੌਰੇਤ ਯਹ ਪਰ ੩੩ । ਆਯਤ ੨੦ । ੨੨ । ੨੩ ॥

(ਸਮੀਖਛਕ) ਹੁਨ ਵੇਖੋ ! ਈਸਾਈਆਂ ਦਾ ਈਸ਼ੁਰ ਨਿਰਾ ਮਨੁਸ਼ ਵਾਙਣ ਸ਼ਰੀਰਧਾਰੀ ਅਰ ਮੂਸਾ ਨਾਲ ਕਿਹਾ ਪੂਪੰਚ ਰਚਕੇ ਆਪ ਅਪਨੇ ਆਪ ਈਸ਼ੁਰ ਬਨਗਿਆ, ਜੇ ਪਿੱਛੋਂ ਵੇਖੇਗਾ ਦੁਖ ਨਾ ਵੇਖੇਗਾ ਤਾਂ ਹੱਥ ਨਾਲ ਉਸਨੂੰ ਕੱਜ ਭੀ ਨਾ ਦਿੱਤਾ ਹੋਵੇਗਾ, ਜਦ ਖੁਦਾ ਨੇ ਅਪਨੇ ਹੱਥ ਥੀਂ ਮੂਸਾ ਨੂੰ ਕੱਜਿਆ ਹੋਵੇਗਾ, ਤਦ ਕੀ ਉਸਦੇ ਮੁਖ ਦਾ ਦੁਖ ਨਾ ਦੇਖਿਆ ਹੋਵੇਗਾ ॥ ੪੭ ॥

Generated by CamScanner from intsig.com

ਲਯ ਵਿਵਸਥਾ ਦੀ ਪੁਸਤਕ ਤੋਂ ।

੪੯—ਅਰ ਪਰਮੇਸ਼ੁਰ ਨੇ ਮੂਸਾ ਨੂੰ ਬੁਲਾਇਆ, ਅਰ ਮੰਡਲੀ ਦੇ ਤੰਬੂ ਵਿਚੋਂ ਇਹ ਗੱਲ ਉਸਨੂੰ ਆਖੀ ਕਿ ਇਸਰਾਏਲ ਦੀ ਸੰਤਾਨ ਵਿਚੋਂ ਬੋਲ ਅਰਉਨਾਂ ਨੂੰ ਆਖ ਜਦ ਕੋਈ ਤੁਹਾਡੇ ਵਿਚੋਂ ਪਰਮੇਸ਼ੁਰ ਦੇ ਵਾਸਤੇ ਭੇਟ ਲਿਆਵੇ ਤਾਂ ਤੁਸੀਂ ਪਸ਼ੂਆਂ ਥੀਂ ਅਰਥਾਤ ਗਾਂ, ਬਲਦ ਅਰ ਭੇਡ, ਬਕਰੀ ਵਿਚੋਂ ਅਪਨੀ ਭੇਟ ਲਿਆਓ ॥ ਤੌਰੇਤ ਲੈ० ਵਿਵਸਥਾ ਦੀ ਪੁਸਤਕ–ਪ० ੧ । ਆ० ੧। ੨॥

(ਸਮੀਖਛਕ) ਹੁਨ ਵਿਚਾਰੋ ! ਈਸਾਈਆਂ ਦਾ ਪਰਮੇਸ਼ੁਰ ਗਊ, ਬਲਦ ਆਦੀ ਦੀ ਭੇਟ ਲੈਨ ਵਾਲਾ ਜੋ ਅਪਨੇ ਵਾਸਤੇ ਬਲੀਦਾਨ ਕਰਾਨ ਦੇ ਵਾਸਤੇ ਉਪਦੇਸ਼ ਕਰਦਾ ਹੈ ਓਹ ਬਲਦ, ਗਾਂ ਆਦੀ ਪਸ਼ੂਆਂ ਦੇ ਲਹੂ ਮਾਂਸ ਦਾ ਭੁੱਖਾ ਤਿਹਾਇਆ ਹੈ ਵਾ ਨਹੀਂ ? ਇੱਸੇ ਕਰਕੇ ਓਹ ਅਹਿੰਸਕ ਅਰ ਈਸ਼ੁਰ ਕੋਟੀ ਵਿਚ ਗਿਨਿਆ ਕਦੀ ਨਹੀਂ ਜਾ ਸੱਕਦਾ, ਕਿੰਤੁ ਮਾਂਸ ਖਾਨ ਵਾਲੇ ਪ੍ਰਪੰਚੀ ਮਨੁਸ਼ ਦੇ ਵਾਛਣ ਹੈ ॥ ੪੯ ॥

੪੯—ਅਰ ਓਹ ਉਸ ਬਲਦ ਨੂੰ ਪਰਮੇਸ਼ੁਰ ਦੇ ਅੱਗੇ ਬਲੀ ਕਰੇ ਅਰ ਹਾਰੂਨ ਦੇ ਪੁਤ੍ਰ ਯਾਜਕ ਲਹੂ ਨੂੰ ਨਜ਼ੀਕ ਲਿਆਉਨ ਅਰ ਲਹੂ ਨੂੰ ਯੱਗ ਵੇਦੀ ਦੇ ਚੌਗਿਰਦ ਜੋ ਮੰਡਲੀ ਦੇ ਤੰਬੂ ਦੇ ਦਰਵੱਜੇ ਉੱਪਰ ਹੈ ਛਿੜਕੇ, ਤਦ ਓਹ ਉਸ ਭੇਡ ਦੇ ਬਲੀਦਾਨ ਦੀ ਖੱਲ ਕਢੇ ਅਰ ਉਸਨੂੰ ਟੋਟੇ ਟੋਟੇ ਕਰੇ, ਅਰ ਹਾਰੂਨ ਦੇ ਪੁਤ੍ਰ ਯਾਜਕ ਯੱਗ ਵੇਦੀ ਉੱਪਰ ਅੱਗ ਰਖਨ, ਅਰ ਉਸ ਉੱਪਰ ਲਕੜੀ ਰਖਨ, ਅਰ ਹਾਰੂਨ ਦੇ ਪੁਤ੍ਰ ਯਾਜਕ ਉਸਦੇ ਟੋਟਿਆਂ ਨੂੰ ਅਰ ਸਿਰ ਅਰ ਦਿਕਣਿਆਈ ਨੂੰ ਉਨਾਂ ਲਕੜੀਆਂ ਉੱਪਰ ਜੋ ਯੱਗ ਵੇਦੀ ਦੀ ਅੱਗ ਉਪਰ ਹਨ ਵਿਧੀ ਨਾਲ ਧਰਨ, ਜਿਸ ਕਰਕੇ ਬਲੀਦਾਨ ਦੀ ਭੇਟ ਹੋਵੇ, ਜੋ ਅੱਗ ਕਰਕੇ ਪਰਮੇਸ਼ੁਰ ਦੀ ਖਸ਼ਬੋ ਦੇ ਵਾਸਤੇ ਭੇਟ ਕੀਤਾ ਗਿਆ। ਤੌਤਰੇ ਲੈ ਵਿਵਸਥਾਦੀ ਪੁਸਤਕ ਪਰਵ ੧ । ਆਯਤ ੫ । ੬ । ੭ । ੮ । ੯॥

(ਸਮੀਖਛਕ) ਥੋੜਾ ਵਿਚਾਰੋ ! ਕਿ ਬਲਦ ਨੂੰ ਪਰਮੇਸ਼ੁਰ ਦੇ ਅਗੇ ਉਸਦੇ ਭਗਤ ਮਾਰਨ ਅਰ ਓਹ ਮਰਵਾਵੇ, ਅਰ ਲਹੂ ਨੂੰ ਦੋਹਾਂ ਤਰਫ ਛਿੜਕਨ, ਅੱਗ ਵਿਚ ਹੋਮ ਕਰਨ, ਈਸ਼ੁਰ ਖਸ਼ਬੋਲਵੇ, ਭਲਾ ਇਹ ਕਮਾਈ ਦੇ ਘਰ ਥੀਂ ਕੁਝ ਘੱਟ ਲੀਲਾ ਹੈ ? ਇਸੇ ਵਾਸਤੇ ਨਾ ਬਾਇਬਲ ਈਸ਼ੁਰਕ੍ਰਿਤ, ਅਰ ਨਾ ਓਹ ਨੰਗਲੀ ਮਨੁਸ਼ ਵਾਛਣ ਲੀਲਾਧਾਰੀ ਈਸ਼ੁਰ ਹੋ ਸਕਦਾ ਹੈ॥੪੯॥

੫੦–ਫੇਰ ਪਰਮੇਸ਼ੁਰ ਮੂਸਾ ਨੂੰ ਇਹ ਕਹਕੇ ਬੋਲਿਆ ਜੇਕਰ ਓਹ ਅਭਿਸ਼ੇਕ ਕੀਤਾ ਹੋਇਆ ਯਾਜਕ ਲੋਗਾਂ ਦੇ ਪਾਪ ਵਾਛਣ ਪਾਪ ਕਰੇ ਤਾਂ ਓਹ ਅਪਨੇ ਪਾਪ ਦੇ ਸਬਬੋਂ ਜੋ ਉਸਨੇ ਕੀਤਾ ਹੈ ਅਪਨੇ ਪਾਪ ਦੀ ਭੇਟ ਦੇ ਵਾਸਤੇ ਇਨਾ ਖੋਟ ਦੇ ਇਕ ਵੱਛੀ ਪਰਮੇਸ਼ੁਰ ਦੇ ਵਾਸਤੇ ਲਿਆਵੇ,ਅਰ ਵੱਛੀ ਦੇ ਸਿਰ

Generated by CamScanner from intsig.com

ਉੱਪਰ ਅਪਨਾ ਹੱਥ ਰੱਖੇ, ਅਰ ਵੱਛੀ ਨੂੰ ਪਰਮੇਸ਼ੁਰ ਦੇ ਅਗੇ ਬਲੀ ਕਰੇ। ਲੈ ਵਿਵ० ਤੌਰੇਤ ਪਰਵ ੪੦। ਆਯਤ ੧। ੩। ੪॥

(ਸਮੀਖਛਕ) ਹੁਨ ਦੇਖੋ! ਪਾਪ ਦੇ ਛੁਡਾਨ ਦੇ ਪ੍ਰਾਯਸ਼ਚਿਤ, ਅਪਨੇ ਆਪ ਪਾਪ ਕਰੇ, ਗਾਂ ਆਦੀ ਉੱਤਮ ਪਸ਼ੂਆਂ ਦੀ ਹੱਤਿਆ ਕਰੇ ਅਰ ਪਰਮੇਸ਼ੁਰ ਕਰਵਾਵੇ, ਧੰਨ ਹਨ ਈਸਾਈ ਲੋਗ ਕਿ ਅਜੇਹੀਆਂ ਗੱਲਾਂ ਦੇ ਕਰਨਕਰਾਨ ਵਾਲੇ ਨੂੰ ਭੀ ਈਸ਼ੁਰ ਮੰਨਕੇ ਅਪਨੀ ਮੁਕਤੀ ਆਦੀਦੀ ਆਸ਼ਾ ਕਰਦੇ ਹਨ॥੫੦॥

੫੧–ਜਦ ਕੋਈ ਅਧਜਖਛ ਪਾਪ ਕਰੇ, ਤਦ ਓਹ ਬਕਰੀ ਦਾ ਨਿਸ਼ਖੋਟ ਨਰ ਮੇਮਨਾ ਅਪਨੀ ਭੇਟ ਦੇ ਵਾਸਤੇ ਲਿਆਵੇ, ਅਰ ਉਸਨੂੰ ਪਰਮੇਸ਼ਰ ਦੇ ਅਗੇ ਬਲੀ ਕਰੇ ਇਹ ਪਾਪ ਦੀ ਭੇਟ ਹੈ॥ ਤੌਰੇਤ ਲੈ० ਪਰਵ ੪ । ਆਯਤ ੨੨। ੨੩। ੨੪।

(ਸਮੀਖਛਕ)ਵਾਹਜੀ ਵਾਹ! ਜੇਕਰ ਅਜੇਹਾ ਹੈ ਤਾਂ ਇਨ੍ਹਾਂ ਦੇ ਅਧਜਖਛ ਅਰਥਾਤ ਨਿਆਯਧੀਸ਼ ਤਥਾ ਸੇਨਾਪਤੀ ਆਦੀ ਪਾਪ ਕਰਨ ਥੀਂ ਕਿਉਂ ਡਰਦੇ ਹੋਨਗੇ ? ਆਪ ਤਾਂ ਜਿਸ ਤਰਾਂ ਇਛਿਆ ਹੋਵੇ ਪਾਪ ਕਰਨ ਅਰ ਪ੍ਰਾਯਸ਼ਚਿੱਤ ਦੇ ਬਦਲੇ ਗਾਂ, ਵੱਛੀ,ਬਕਰੇ ਆਦੀ ਦੇ ਪ੍ਰਾਣ ਲੈਨ, ਤਦੇ ਤਾਂ ਈਸਾਈ ਲੋਗਕਿਸੇ ਪਸ਼ੂ ਵਾ ਪੰਖੇਰੂ ਦੇ ਪ੍ਰਾਣ ਲੈਨ ਵਿਚ ਸ਼ੰਕਾ ਵਾਲੇ ਨਹੀਂ ਹੁੰਦੇ, ਸੁਨੋ ਈਸਾਈ ਲੋਗੋ! ਹੁਨ ਤਾਂ ਏਸ ਜੰਗਲੀ ਮਤ ਨੂੰ ਛੋਡਰੇ ਸਭਜਤਾ ਅਰ ਧਰਮ ਵਾਲੇ ਵੇਦ ਮਤ ਨੂੰ ਗ੍ਰਹਣ ਕਰੋ ਕਿ ਜਿਸ ਥੀਂ ਤੁਹਾਡਾ ਕਲਿਆਣ ਹੋਵੇ। ।੫੧॥

੫੨–ਅਰ ਜਦ ਉਸ ਕੋਲ ਭੇਡ ਲਿਆਉਨ ਦਾ ਮੁੱਲ ਨਾ ਹੋਵੇ ਤਾਂ ਓਹ ਅਪਨੇ ਕੀਤੇ ਹੋਏ ਅਪਰਾਧ ਦੇ ਵਾਸਤੇ ਦੋ ਘੁੱਘੀਆਂ ਅਰ ਕਬੂਤਰ ਦੇ ਦੋ ਬੱਚੇ ਪਰਮੇਸ਼ੁਰ ਦ ਵਾਸਤੇ ਲਿਆਵੇ, ਅਰ ਉਸਦਾ ਸਿਰ ਉਸਦੇ ਗਲ ਥੀਂ ਮਰੋੜ ਸੁਟੇ, ਪਤੰਤੂ ਵਖਰਾ ਨਾ ਕਰੇ, ਉਸਦੇ ਕੀਤੇ ਹੋਏ ਪਾਪ ਦਾ ਪ੍ਰਾਯਸ਼ਚਿੱਤ ਕਰੇ, ਅਰ ਉਸਦੇ ਵਾਸਤੇ ਖਛਮਾ ਕੀਤਾ ਜਾਵੇਗਾ,ਪਰ ਜਦ ਉਸਨੂੰ ਦੋ ਘੁਘੀਆ ਅਰ ਕਬੂਤਰ ਦੇ ਦੋ ਬੱਚੇ ਲਿਆਉਨ ਦਾ ਮੁਲ ਨਾ ਹੋਵੇ ਤਾਂ ਸੇਰ ਭਰ ਮਹੀਨ ਆਟੇ ਦਾ ਦਸਵਾਂ ਹਿੱਸਾ ਪਾਪਦੀ ਭੇਟ ਦੇ ਵਾਸਤੇ ਲਿਆਵੇ * ਉਸ ਉਪਰ

---

* ਏਸ ਈਸ਼ੁਰ ਨੂੰ ਧੰਨ ਹੈ ਕਿ ਜਿਸਨੇ ਵੱਛਾ, ਭੇਡ ਅਰ ਬਕਰੀ ਦਾ ਬਚਾ, ਕਬੂਤਰ ਅਰ ਆਟੇ ਤਕ ਲੈਨ ਦਾ ਨਿਯਮ ਕੀਤਾ। ਆਸ਼ਚਰਯ ਗੱਲ ਤਾਂ ਇਹ ਹੈ ਕਿ ਕਬੂਤਰ ਦੇ ਬੱਚੇ ਗਰਦਨ ਮੁਰੜਵਾਕੇ ਲੈਂਦਾ ਸੀ ਅਰਥਾਤ ਗਰਦਨ ਤੋੜਨ ਦਾ ਯਤਨ ਨਾ ਕਰਨਾ ਪਵੇ, ਇਨਾਂ ਸਾਰੀਆਂ ਗੱਲਾਂ ਦੇ ਦੇਖਨ ਥੀਂ ਮਲੂਮ ਹੁੰਦਾ ਹੈ ਕਿ ਜੰਗਲੀਆਂ ਵਿਚ ਕੋਈ ਚਤੁਰ ਪੁਰੁਸ਼ ਸੀ ਓਹ ਪਹਾੜ ਉੱਪਰ ਜਾ ਬੈਠਿਆ ਅਰ ਅਪਨੇ ਨੂੰ ਈਸ਼ੁਰ ਪ੍ਰਸਿੱਧ ਕੀਤਾ ਜੋ ਜੰਗਲੀ ਅਗਿਆਨੀ ਮਨ ਉਨਾਂ ਨੇ ਉਸੇ ਨੂੰ ਈਸ਼ੁਰ ਮੰਜ਼ੂਰ ਕਰ ਲੀਤਾ, ਅਪਨੀਆਂ

ਨ੍ਹੇਲ ਨਾ ਪਾਵੇ ਅਰ ਓਹ ਖਛਮਾ ਕੀਤਾ ਜਾਵੇਗਾ ॥ ਤੌਰੇਤ ਲੈ० ਪਰਵ ੫ । ਆਯਤ ੭।੮।੯।੧੦।੧੧।੧੨।੧੩ ॥

(ਸਮੀਖਛਕ) ਹੁਨ ਸੁਨੋ ! ਈਸਾਈਆਂ ਵਿਚੋਂ ਪਾਪ ਕਰਨ ਥੀਂ ਕੋਈ ਬਖਤਾਵਰਕੀ ਨਹੀਂ ਡਰ ਦਾਹੋਵੇਗਾ ਅਰ ਨਾ ਕੰਗਾਲ ਕਿ ਜੋਂਕਿ ਇਨ੍ਹਾਂ ਦੇ ਈਸ਼ੁਰ ਨੇ ਪਾਪਾਂ ਦਾ ਪ੍ਰਾਯਸ਼ਚਿੱਤ ਕਰਨਾ ਸੁਖਲਾ ਕਰ ਰਖਿਆ ਹੈ, ਇਕ ਏਹ ਗੱਲ ਈਸਾਈਆਂ ਦੀ ਬਾਇਬਲ ਵਿਚ ਵੱਡੀ ਆਸ਼ਚਰਯ ਦੀ ਹੈਕਿ ਬਿਨਾ ਕਸ਼ਟ ਕੀਤੇ ਪਾਪ ਥੀਂ ਛੁਟ ਜਾਵੇ,ਕਿਉਂਕਿ ਇਕ ਤਾਂ ਪਾਪ ਕੀਤਾ ਅਰ ਦੂਜਾ ਜੀਵਾਂਦੀ ਹਿੰਸਾ ਕੀਤੀ, ਖੂਬ ਆਨੰਦ ਨਾਲ ਮਾਂਸ ਖਾਧਾ ਅਰ ਪਾਪ ਭੀ ਛਟ ਗਿਆ, ਭਲਾ ਕਬੂਤਰਦੇ ਬੱਚੇਦਾ ਗੱਲ ਮਰੋੜਨ ਥੀਂ ਓ। ਬਹੁਤ ਦੇਰ ਤਕ ਤੜਫਦਾ ਹੋਵੇਗਾ ਛਦ ਭੀ ਈਸ ਈਆਂ ਨੂੰ ਦਇਆ ਨਹੀਂ ਆਉਂਦੀ ? ਦਇਆ ਕਿਸਤਰਾਂ ਆਵੇ ਇਨ੍ਹਾਂ ਦੇ ਈਸ਼ੁਰ ਦਾ ਉਪਦੇਸ਼ ਹੀ ਹਿੰਸਾ ਕਰਨ ਦਾ ਹੈ ਅਰ ਜਦ ਸਾਰੇ ਪਾਪਾਂ ਦਾ ਅਜੇਹਾ ਪ੍ਰਾਯਸ਼ਚਿੱਤ ਹੈ ਤਾਂ ਈਸਾਦੇ ਵਿਸ਼ਵਾਸ ਥੀਂ ਪਾਪ ਛੁਟ ਜਾਂਦਾ ਹੈ ਏਹ ਬਡਾ ਆਡੰਬਰ ਕਿਉਂ ਕਰਦੇ ਹਨ ? ॥ ੫੨ ॥

੫੩–ਸੋ ਉਸ ਬਲੀਦਾਨ ਦੀ ਖੱਲ ਉੱਸੇ ਯਾਜਕ ਦੀ ਹੋਵੇਗੀ ਜਿਸਨੇ ਉਸਨੂੰ ਚੜ੍ਹਾਇਆ. ਅਰ ਮੈਦਾ ਭੁੰਨਣ ਭੋਜਨ ਦੀ ਭੇਟ ਜੋ ਤੇਂਦੂਰ ਵਿਚ ਪਕਾਈਆਂ ਜਾਨ ਅਰ ਸਾਰੇ ਜੋ ਕੜਾਹੀ ਵਿਚ ਅਥਵਾ ਤਵੇ ਉੱਪਰ ਸੋ ਉੱਸੇ ਯਾਜਕਦੀ ਹੋਵੇਗੀ ॥ ਤੌ० ਲੈ० ਪ० ੭। ਆ० ੮। ੯ ॥

(ਸਮੀਖਛਕ) ਅਸੀਂ ਜਾਨਦੇਸਾਂ ਕਿ ਇੱਥੇ ਦੇਵੀ ਦੇ ਭੋਪੇ ਅਰ ਮੰਦਿਰਾਂ ਦੇ ਪੁਜਾਰੀਆਂ ਦੀ ਪੋਪਲੀਲਾ ਵਿਚਿਤ੍ਰ ਹੈ, ਪਰੰਤੂ ਈਸਾਈਆਂ ਦੇ ਈਸ਼ੁਰ ਅਰ ਉਨ੍ਹਾਂ ਦੇ ਪੁਜਾਰੀਆਂ ਦੀ ਪੋਪਲੀਲਾ ਉਸ ਨਾਲੋਂ ਹਜ਼ਾਰ ਗੁਣਾ ਵਧਕੇ ਹੈ ਕਿਉਂਕਿ ਚੰਮ ਦੇ ਦਾਮ, ਅਰ ਭੋਜਨ ਦੇ ਪਦਾਰਥ ਖਾਨ ਨੂੰ ਆਉਨ ਫਿਰ ਈਸਾਈਆਂ ਨੇ ਖੂਬ ਮੌਜ ਉਡਾਈਹੋਵੇਗੀ? ਅਰ ਹੁਨਭੀਉਡਾਂਦੇਹੋਨਗੇ? ਭਲਾ ਕੋਈ ਮਨੁਸ਼ ਇਕ ਮੁੰਡੇ ਨੂੰ ਮਰਵਾਵੇ ਅਰ ਦੂਜੇ ਮੁੰਡੇ ਨੂੰ ਉਸਦਾ ਮਾਂਸ ਖੁਆਵੇ ਅਜੇਹਾ ਕਦਾ ਹੋ ਸਕਦਾ ਹੈ ? ਉੱਸੇ ਤਰਾਂ ਈਸ਼ੁਰ ਦੇ ਸਾਰੇ ਮਨੁੱਸ਼ ਅਰ ਪਸ਼ੂ, ਪੰਛੀ ਆਦੀ ਸਾਰੇ ਜੀਵ ਪੁਤ੍ ਦਾਛਣ ਹਨ, ਪਰਮੇਸ਼ੁਰ ਅਜੇਹਾ ਕੰਮ ਕਦੀ

ਜੁਕਤੀਆਂ ਕਰਕੇ ਓਹ ਪਹਾੜ ਉੱਪਰਹੀ ਖਾਨਦੇ ਵਾਸਤੇ ਪਸ਼ੂ ਪੰਛੀ ਅਰ ਅੰਨ ਆਦੀ ਮੰਗਾ ਲਿਆ ਕਰਦਾ ਸੀ, ਅਰ ਮੌਜ ਕਰਦਾ ਸੀ, ਉਸਦੇ ਦੂਤ ਫਰਿਸ਼ਤੇ ਕੰਮ ਕੀਤਾ ਕਰਦੇ ਸਨ, ਭਲੇ ਲੋਗ ਵਿਚਾਰਨ ਕਿ ਕਿੱਥੇ ਤਾਂ ਬਾਇਬਲ ਵਿਚ ਵੱਛਾ, ਭੇਡ, ਬਕਰੀ ਦਾ ਬੱਚਾ ਕਬੂਤਰ ਅਰ ਅੱਛਿਆਟੇ ਦਾ ਖਾਨ ਵਾਲਾਈਸ਼ੁਰ ਅਰ ਕਿਥੇ ਸਰਵਵਿਆਪਕ, ਸਰਵੱਗ,ਅਜਨਮਾ,ਨਿਰਾਕਾਰ,ਸਰਵਸ਼ਕਤੀਮਾਨ ਅਰ ਨਿਆਯਕਾਰੀ ਇਤਿਆਦੀ ਉੱਤਮ ਗੁਣਯੁਕਤਵੇਦੋਕਤ ਈਸ਼ੁਰ ॥

Generated by CamScanner from intsig.com

ਪਖਛੀ ਆਦੀ ਸਾਰੇ ਜੀਵ ਪੁਤ੍ ਵ ਛਣ ਹਨ, ਪਰਮੇਸ਼ੁਰ ਅਜੇਹਾ ਕੰਮ ਕਦੀ ਨਹੀਂ ਕਰ ਸਕਦਾ, ਇਸੇ ਕਰਕੇ ਇਹ ਬਾਇਬਲ ਈਸ਼ੁਰ ਕ੍ਰਿਤ ਅਰ ਏਸ ਵਿਚ ਲਿਖਿਆ ਈਸ਼ਰ ਅਰ ਏਸ ਦੇ ਮੰਨਨ ਵਾਲੇ ਧਰਮੱਗ ਕਦੀ ਨਹੀਂ ਹੋ ਸਕਦੇ, ਇਸੇ ਤਰਾਂ ਦੀਆਂ ਹੀ ਸਾਰੀਆਂ ਗੱਲਾਂ ਲੈਵਜਵਸਥਾ ਆਦੀ ਪੁਸਤਕਾਂ ਵਿਚ ਭਰੀਆਂ ਹਨ ਕਿਥੋਂ ਤਕ ਗਿਨਾਵੀਏ ॥ ੫੩ ॥

ਗਿਣਤੀ ਦੀ ਪੁਸਤਕ।

੫੪–ਸੋ ਗਧੀ ਨੇ ਪਰਮੇਸ਼ੁਰ ਦੇ ਦੂਤ ਨੂੰ ਅਪਨੇ ਹੱਥ ਵਿਚ ਤਲਵਾਰ ਕੱਢੀ ਹੋਈ ਰਾਹ ਵਿਚ ਖਲੋਤਾ ਦੇਖਿਆ, ਤਦ ਗਧੀ ਰਾਹ ਥੀਂ ਵਖਰੀ ਖੇਤੀ ਵਿਚ ਫਿਰ ਗਈ, ਓਸਨੂੰ ਰਾਹ ਵਿਚ ਫਿਰਨੇ ਦੇ ਵਾਸਤੇ 'ਬਲ਼ਅਮ' ਨੇ ਗਧੀ ਨੂੰ ਸੋਟੀ ਨਾਲ਼ ਮਾਰਿਆ ਤਦ ਪਰਮੇਸ਼ੁਰ ਨੇ ਗਧੀ ਦਾ ਮੂੰਹ ਖੋਲਿਆ ਅਰ ਉਸਨੇ 'ਬਲ਼ਆਮ' ਨੂੰ ਕਹਿਆ ਕਿ ਮੈਂਨੇ ਤੇਰਾ ਕੀ ਕੀਤਾ ਹੈ ਕਿ ਤੈਂ ਮੈਨੂੰ ਹੁਨ ਤਿੰਨ ਵਾਰੀ ਮਾਰਿਆ ॥ ਤੌਰੇਤ ਗਿ० ਪਰਵ ੨੨। ਆਯਤ ੨੩। ੨੯ ॥

(ਸਮੀਖਛਕ) ਪਹਿਲਾਂ ਤਾਂ ਗਧੇ ਤਕ ਈਸ਼ੁਰ ਦੇ ਦੂਤਾਂ ਨੂੰ ਦੇਖਦੇ ਸਨ, ਅਰ ਅਜ ਕੱਲ ਬਿਸ਼ਪ ਪਾਦਰੀ ਆਦੀ ਅੱਛੇ ਵਾ ਬੁਰੇ ਮਨੁਸ਼ਾਂ ਨੂੰ ਭੀ ਖੁਦਾ ਵਾ ਉਸ ਦੇ ਦੂਤ ਨਹੀਂ ਦਿਸਦੇ ਹਨ, ਕੀ, ਅੱਜ ਕਲ ਪਰਮੇਸ਼ੁਰ ਅਰ ਉਸਦੇ ਦੂਤ ਹਨ ਵਾ ਨਹੀਂ ? ਜੇਕਰ ਹਨ ਤਾਂ ਕੀ, ਵੱਡੀ ਨੀਂਦ ਵਿਚ ਸੌਂਦੇ ਹਨ ? ਵਾ ਰੋਗੀ ਅਥਵਾ ਹੋਰੀ ਭੂਗੋਲ ਵਿਚ ਚਲੇ ਗਏ ? ਵਾ ਕਿਸੇ ਹੋਰੀ ਧੰਦੇ ਵਿਚ ਲਗ ਗਏ ? ਵਾ ਹੁਨ ਈਸਾਈਆਂ ਨਾਲ ਰੁੱਸ ਗਏ ? ਅਥਵਾ ਮਰ ਗਏ ? ਮਲ਼ੂਮ ਨਹੀਂ ਹੁੰਦਾ ਕਿ ਕੀ ਹੋਇਆ ? ਅਨੁਮਾਨ ਤਾਂ ਅਜੇਹਾ ਹੁੰਦਾ ਹੈ ਕਿ ਜੋ ਹੁਨ ਨਹੀਂ ਹਨ, ਨਹੀਂ ਦਿਸਦੇ, ਤਾਂ ਤਦ ਭੀ ਨਹੀਂ ਸਨ ਅਰ ਨਾ ਦਿੱਸਦੇ ਹੋਨਗੇ, ਕਿੰਤੂ ਇਹ ਨਿਰੇ ਮਨਮੰਨੇ ਗਪੌੜੇ ਉਡਾਏ ਹਨ ॥ ੫੪ ॥

ਸਮੁਏਲ ਦੀ ਦੂਜੀ ਪੁਸਤਕ।

੫੫–ਅਰ ਉੱਸੇ ਰਾਤ ਏਸ ਤਰਾਂ ਹੋਇਆ ਕਿ ਪਰਮੇਸ਼ੁਰ ਦਾ ਵਚਨ, ਏਹ ਕਹਕੇ ਨਾਤਨ ਨੂੰ ਪਹੁੰਚਿਆ ਕਿ ਜਾਹ ਅਰ ਮੇਰੇ ਸੇਵਕ 'ਦਾਊਦ' ਨੂੰ ਆਖ ਕਿ ਪਰਮੇਸ਼ੁਰ ਏਸ ਤਰਾਂ ਕਹਿੰਦਾ ਹੈ ਕਿ ਮੇਰੇ ਰਹਿਨ ਦੇ ਵਾਸਤੇ ਤੂੰ ਇਕ ਘਰ ਬਨਾਵੇਂਗਾ, ਕਿਉਂਕਿ ਜਦ ਥੀਂ ਮੈਂ ਇਸਰਾਈਲ ਦੇ ਸੰਤਾਨ ਨੂੰ ਮਿਸਰ ਥੀਂ ਕਢ ਲਿਆਇਆ ਮੈਨੇ ਤਾਂ ਅੱਜ ਦੇ ਦਿਨ ਤਕ ਘਰ ਵਿਚ ਵਾਸਾ ਨਾ ਕੀਤਾ, ਪਰੰਤੂ ਤੰਬੂ ਵਿਚ ਅਰ ਡੇਰੇ ਵਿਚ ਫਿਰਦਾ ਰਹਿਆ ॥ ਤੌਰੇਤ ਸਮੁਏਲ ਦੀ ਦੂਜੀ ਪੁਸਤਕ ਪਰਵ ੭। ਆਯਤ ੪। ੫। ੬ ॥

(ਸਮੀਖਛਕ) ਹੁਨ ਕੁਝ ਸੰਸ਼ਾ ਨਾ ਰਿਹਾ ਕਿ ਈਸਾਈਆਂ ਦਾ ਈਸ਼ੁਰ

Generated by CamScanner from intsig.com

ਮਨੁਸ਼ ਵਾਛਣ ਦੇਹਧਾਰੀ ਨਹੀਂ ਹੈ ? ਅਰ ਉਲਾਹਮਾਂ ਦਿੰਦਾ ਹੈ ਕਿ ਮੈਂਨੇ ਬਹੁਤ ਯਤਨ ਕੀਤਾ, ਇੱਧਰ ਉੱਧਰ ਡੋਲਦਾ ਫਿਰਿਆ, ਤਾਂ ਹੁਨ ਦਾਊਦ ਘਰ ਬਨਾ ਦੇਵੇ ਤਾਂ ਉਸ ਵਿਚ ਆਰਾਮ ਕਰਾਂ, ਕਿਸ ਵਾਸਤੇ ਈਸਾਈਆਂ ਨੂੰ ਅਜੇਹੇ ਏ ਸ਼ਰ ਅਰ ਅਜੇਹੇ ਪੁਸਤਕ ਨੂੰ ਮਨਨ ਵਿਚ ਲਜਿਆ ਨਹੀਂ ਆਉਂਦੀ ? ਪਰੰਤੂ ਕੀ ਕਰਨ ਵਿਚਾਰੇ ਫਸ ਹੀ ਗਏ, ਹੁਨ ਨਿਕਲਨ ਦੇ ਵਾਸਤੇ ਵੱਡਾ ਪੁਰੁਸ਼ਾਰਥ ਕਰਨਾ ਚਾਹੀਦਾ ਹੈ ॥ ੫੫ ॥

ਰਾਜਿਆਂ ਦਾ ਪੁਸਤਕ ।

੫੬—ਅਰ ਬਾਬੁਲਦੇ ਰਾਜਾ 'ਨਬੂਖਦਨਜ਼ਰ' ਦੇ ਰਾਜਦੇ ਉੱਨੀਹ੍ਵੇਂ ਵਰ੍ਹੇ ਦੇ ਪੰਜਵੇਂਮਹੀਨੇ ਸੱਤਵੀਂ ਤਿਥਿ ਵਿਚ ਬਾਬੁਲਦੇ ਰਾਜਾਦਾ ਇਕ ਸੇਵਕ ਨਬੂਸਰ ਅੱਦਾਨ ਜੋ ਅਪਨੀ ਸੈਨਾਦਾ ਪ੍ਰਧਾਨ ਅਧਜਖਛਸੀ, ਯਰੁਸਲਮ ਵਿਚ ਆਇਆ ਅਰ ਉਸਨੇ ਪਰਮੇਸ਼ੁਰ ਦਾ ਮੰਦਿਰ ਅਰ ਰਾਜਾ ਦਾ ਭਵਨ ਅਰ ਯਰੂਸ਼ਲਮ ਦੇ ਸਾਰੇ ਘਰ ਅਰ ਹਰਇਕ ਬਡੇ ਘਰਨੂੰ ਸਾੜਦਿੱਤਾ ਅਰ ਕਸਦੀਆਂ ਦੀ ਸਾਰੀ ਸੈਨਾਂ ਨੇ ਜੋ ਉਸ ਨਿਜ ਸੈਨਾਂਦੇ ਅਧਜਖਛ ਦੇ ਨਾਲ ਸਨ ਯਰੂਸ਼ਲਮਦੀ ਕੰਧਾਂਨੂੰ ਚੌਹਾਂ ਪਾਸਿਆਂ ਥੀਂ ਢਾਹਦਿੱਤਾ ॥ ਤੈਰੇਤ ਰ੦ ਪਰਵ ੨੫ । ਆਯਤ ੮ । ੯ । ੧੦ ॥

(ਸਮੀਖਛਕ) ਕੀ ਕੀਤਾ ਜਾਵੇ ਈਸਾਈਆਂ ਦੇ ਈਸ਼ੁਰ ਨੇ ਤਾਂ ਅਪਨੇ ਆਰਾਮ ਦੇ ਵਾਸਤੇ ਦਾਊਦ ਆਦੀ ਥੀਂ ਘਰ ਬਨਵਾਇਆ ਸੀ, ਉਸ ਵਿਚ ਆਰਾਮ ਕਰਦਾ ਹੋਵੇਗਾ, ਪਰੰਤੂ 'ਨਬੂਸਰ ਅੱਦਾਨ, ਨੇ ਈਸ਼ਰ ਦੇ ਘਰ ਨੂੰ ਨਸ਼ਟ ਭ੍ਰਸ਼ਟ ਕਰ ਦਿੱਤਾ, ਅਰ ਈਸ਼ੁਰ ਵਾ ਉਸਦੇ ਦੂਤਾਂ ਦੀ ਸੈਨਾ ਕੁਝ ਭੀ ਨਾ ਕਰ ਸੱਕੀ, ਪਹਿਲਾਂ ਤਾਂ ਇਨ੍ਹਾਂ ਦਾ ਈਸ਼ੁਰ ਵੱਡਆਂ ਲੜਾਈਆਂ ਮਾਰਦਾ ਸੀ, ਅਰ ਜਿੱਤਨ ਵਾਲਾ ਹੁੰਦਾ ਸੀ, ਪਰੰਤੂ ਹੁਨ ਅਪਨਾ ਘਰ ਸੜਾ ਚੁਆ ਬੈਠਾ, ਨਾ ਜਾਨੇ ਚੁਪ ਚਾਪ ਕਿਉਂ ਬੈਠਾ ਰਿਹਾ ? ਅਰ ਨਾ ਜਾਨੇ ਤਿਸਦੇ ਦੂਤ ਕਿੱਧਰ ਨੱਸ ਗਏ ? ਅਜੇਹੇ ਵੇਲੇ ਉੱਤੇ ਕੋਈ ਭੀ ਕੰਮ ਨਾ ਆਇਆ, ਅਰ ਈਸ਼ੁਰ ਦਾ ਜ਼ੋਰ ਭੀ ਨਾ ਜਾਨੇ ਕਿੱਧਰ ਉੱਡ ਗਿਆ ? ਜੇਕਰ ਏਹ ਗੱਲ ਸੱਚੀ ਹੋਵੇ ਤਾਂ ਜੋ ਜੋ ਜਿੱਤਨ ਦੀਆਂ ਗੱਲਾਂ ਪਹਿਲਾਂ ਲਿਖੀਆਂ ਸੋ ਸੋ ਸਾਰੀਆਂ ਵਿਅਰਥਹੀ ਗਈਆਂ, ਕੀ ਮਿਸਰ ਦੇ ਮੁੰਡੇ ਕੁੜੀਆਂ ਦੇ ਮਾਰਨ ਵਿਚ ਹੀ ਬਹਾਦਰ ਬਨਿਆਂ ਸੀ ? ਹੁਨ ਬਹਾਦਰਾਂ ਦੇ ਸਾਮਨੇ ਚੁੱਪ ਚਾਪ ਹੋ ਬੈਠਿਆ ? ਇਹ ਤਾਂ ਈਸਾਈਆ ਦੇ ਈਸ਼ੁਰ ਨੇ ਅਪਨੀ ਨਿੰਦਿਆ ਅਰ ਬਦਨਾਮੀ ਕਰਾ ਲਈ, ਅਜੇਹੀ ਹੀ ਹਜ਼ਾਰਾਂ ਏਸ ਪੁਸਤਕ ਵਿਚ ਨਿਕੰਮੀਆਂ ਕਹਾਨੀਆਂ ਭਰੀਆਂ ਹਨ ॥ ੫੬ ॥

ਜ਼ਬੂਰ ਦੂਜਾ ਭਾਗ ।

ਕਾਲਦੇ ਸਮਾਚਾਰ ਦੀ ਪਹਿਲੀ ਪੁਸਤਕ ।

੫੭—ਸੋ ਪਰਮੇਸ਼ੁਰ ਮੇਰੇ ਈਸ਼ੁਰ ਨੇ 'ਇਸਰਾਏਲ' ਉੱਪਰ ਮਰੀ ਭੇਜੀ

Generated by CamScanner from intsig.com

ਅਰ ਇਸਰਾਏਲ ਵਿਚੋਂ ਸੱਤਰ ਹਜ਼ਾਰ ਪੁਰੁਸ਼ ਮਰ ਗਏ । ਕਾਲ੦ ਦੂ੦ ੨ । ਪਰਵ ੨੧ । ਆਯਤ ੧੪ ॥

(ਸਮੀਖਛਕ) ਹੁਨ ਵੇਖੋ ! ਇਸਰਾਏਲ ਦੇ ਈਮਾਈਆਂ ਦੇ ਈਸ਼ੁਰ ਦੀ ਲੀਲਾ, ਜਿਸ ਇਸਰਾਏਲ ਕੁਲ ਨੂੰ ਬਹੁਤ ਸਾਰੇ ਵਰ ਦਿੱਤੇ ਸਨ ਅਰ ਰਾਤ ਦਿਨ ਜਿ.ਨ੍ਹਾਂ ਦੇ ਪਾਲਨ ਵਿਚ ਡੋਲਦਾ ਸੀ, ਹੁਨ ਝੱਟ ਕ੍ਰੋਧ ਵਾਲਾ ਹੋਕੇ 'ਮਰੀ' ਸੁੱਟਕੇ ਸੱਤਰ ਹਜ਼ਾਰ ਮਨੁਸ਼ਾਂ ਨੂੰ ਮਾਰ ਸੁੱਟਿਆ ਜੋ ਇਹ ਕਿਸੇ ਕਵੀ ਨੇ ਲਿਖਿਆ ਹੈ ਸਤ ਹੈ ਕਿ:—

ਖਛਲੇਰੁਸ਼ੂ: ਖਛਲੇ ਤੁਸ਼ੋ ਰੁਸ਼ਟਸਤੁਸ਼ਟ: ਖਛਲੇ ਖਛਲੇ।
ਅਵਜ਼ਵਸਥਿਤ ਚਿੱਤਸਜ਼ ਪ੍ਰਸਾਦੋ ਅਪਿ ਭਯੰਕਰ: ॥੧॥

ਜਿਸਤਰਾਂ ਕੋਈ ਮਨੁਸ਼ ਖਛਣ ਵਿਚ ਪ੍ਰਸੰਨ ਖਛਣ ਵਿਚ ਅਪ੍ਰਸੰਨ ਹੁੰਦਾ ਹੈ ਅਰਥਾਤ ਖਛਣ ਖਛਣ ਵਿਚ ਪ੍ਰਸੰਨ ਅਪ੍ਰਸੰਨ ਹੋਵੇ ਉਸਦੀ ਪ੍ਰਸੰਨਤਾ ਭੀ ਡਰਾਉਨੀ ਹੁੰਦੀ ਹੈ, ਓਹੋ ਜੇਹੀ ਲੀਲਾ ਈਸਾਈਆਂ ਦੇ ਈਸ਼ੁਰਦੀਹੈ॥੫੭॥

ਐਯੂਬ ਦੀ ਪੁਸਤਕ।

੫੯—ਅਰ ਇਕ ਦਿਨ ਇਸਤਰਾਂ ਹੋਇਆ ਕਿ ਪਰਮੇਸ਼ੁਰ ਦੇ ਅੱਗੇ ਈਸ਼ੁਰ ਦੇ ਪੁਤ੍ਰ ਆ ਖਲੋਤੇ ਅਰ ਸ਼ੈਤਾਨ ਭੀ ਉਨ੍ਹਾਂ ਦੇ ਵਿਚਕਾਰ ਪਰਮੇਸ਼ੁਰ ਦੇ ਅੱਗੇ ਆ ਖਲੋਤਾ। ਅਰ ਪਰਮੇਸ਼ੁਰ ਨੇ ਸ਼ੈਤਾਨ ਨੂੰ ਆਖਿਆ ਕਿ ਤੂੰ ਕਿੱਥੋਂ ਥੀਂ ਆਉਂਦਾਹੈਂ, ਤਦ ਸ਼ੈਤਾਨ ਨੇ ਉੱਤਰਦੇਕੇ ਪਰਮੇਸ਼ੁਰ ਨੂੰ ਆਖਿਆ ਕਿ ਜ਼ਮੀਂਨ ਉਪਰੋਂ ਫਿਰਦੇ ਅਰ ਇੱਧਰ ਉੱਧਰ ਥੀਂ ਫਿਰਦੇ ਚਲਿਆ ਆਉਂਦਾ ਹਾਂ। ਤਦ ਪਰਮੇਸ਼ੁਰ ਨੇ ਸ਼ੈਤਾਨ ਪਾਸੋਂ ਪੁੱਛਿਆ ਕਿ ਤੈਂ ਮੇਰੇ ਦਾਸ ਅਯੂਬ ਨੂੰ ਜਾਂਚਿਆਹੈ ਕਿ ਉਸਦੇ ਬਰਾਬਰ ਜ਼ਮੀਂਨ ਉਪਰ ਕੋਈ ਨਹੀਂ ਹੈ, ਓਹ ਸਿੱਧ ਅਰ ਖਰਾ ਮਨੁਸ਼ ਈਸ਼ੁਰ ਥੀਂ ਡਰਦਾ ਅਰ ਪਾਪ ਥੀਂ ਵੱਖਰਾ ਰਹਿੰਦਾ ਹੈ, ਅਰ ਹੁਨ ਤਕ ਅਪਨੀ ਸਚਿਆਈ ਨੂੰ ਧਰ ਰਖਿਆ ਹੈ, ਅਰ ਤੈਂ ਮੈਨੂੰ ਉਸਦੇ ਐਵੇਂ ਮਾਰਨ ਨੂੰ ਚੁੱਕਿਆ ਹੈ। ਤਦ ਸ਼ੈਤਾਨ ਨੇ ਜਵਾਬ ਦੇਕੇ ਪਰਮੇਸ਼ੁਰ ਨੂੰ ਆਖਿਆ ਕਿ ਚੱਮਦੇ ਵਾਸਤੇ ਚੱਮ ਹਾਂ, ਜੋ ਮਨੁਸ਼ ਦਾ ਹੈ ਸੋ ਅਪਨੇ ਪ੍ਰਾਣ ਦੇ ਵਾਸਤੇ ਦੇਵੇਗਾ, ਪਰੰਤੂ ਹੁਨ ਅਪਨਾ ਹੱਥ ਵਧਾ ਅਰ ਉਸਦੇ ਹੱਡ ਮਾਂਸ ਨੂੰ ਛੋਹ, ਤਦ ਓਹ ਨਿਰ-ਸੰਦੇਹ ਤੈਨੂੰ ਤੇਰੇ ਸਾਮਨੇ ਤਿਆਗੇਗਾ। ਤਦ ਪਰਮੇਸ਼ੁਰ ਨੇ ਸ਼ੈਤਾਨ ਨੂੰ ਕਹਿਆ ਕਿ ਵੇਖ ਓਹ ਤੇਰੇ ਹੱਥ ਵਿੱਚ ਹੈ ਕੇਵਲ ਉਸਦੇ ਪ੍ਰਾਣ ਨੂੰ ਬਚਾ । ਤਦ ਸ਼ੈਤਾਨ ਪਰਮੇਸ਼ੁਰ ਦੇ ਅੱਗੇ ਥੀਂ ਚਲਿਆ ਗਿਆ, ਅਰ ਐਯੂਬ ਨੂੰ ਸਿਰ ਥੀਂ ਪੈਰਾਂ ਤਕ ਬੁਰੇ ਫੋੜਿਆਂ ਨਾਲ ਮਾਰਿਆ । ਜਬੂਰ ਅਯੂ੦ ਪਰਵ ੨ । ਆਯਤ ੧ । ੨ । ੩ । ੪ । ੫ । ੬ । ੭ ॥

Generated by CamScanner from intsig.com

(ਸਮੀਖਛਕ) ਹੁਨ ਵੇਖੋ! ਈਸਾਈਆਂ ਦੇ ਈਸ਼੍ਵਰ ਦਾ ਸਾਮਰਥ ਕਿ ਸ਼ੈਤਾਨ ਉਸਦੇ ਸਾਮਨੇ ਉਸਦੇ ਭਗਤਾਂ ਨੂੰ ਦੁੱਖ ਦਿੰਦਾ ਹੈ, ਨਾ ਸ਼ੈਤਾਨ ਨੂੰ ਦੰਡ, ਨਾ ਅਪਨੇ ਭਗਤਾਂ ਨੂੰ ਬਚਾ ਸਕਦਾ ਹੈ, ਅਰ ਨਾ ਦੂਤਾਂ ਵਿਚੋਂ ਕੋਈ ਉਸਦਾ ਸਾਮਨਾ ਕਰ ਸੱਕਦਾ ਹੈ, ਇਕ ਸ਼ੈਤਾਨ ਨੇ ਸਾਰਿਆਂ ਨੂੰ ਭੈਵਾਨ ਕਰ ਰਖਿਆ ਹੈ, ਅਰ ਈਸ਼੍ਵਰ ਭੀ ਸਰਵੱਗ ਨਹੀਂ ਹੈ, ਜੇ ਸਰਵੱਗ ਹੁੰਦਾ ਤਾਂ ਐਯੂਬ ਦੀ ਪਰੀਖਛਾ ਸ਼ੈਤਾਨ ਥੀਂ ਕਿਉਂ ਕਰਾਂਦਾ ? ॥ ੫੮ ॥

ਉਪਦੇਸ਼ ਦੀ ਪੁਸਤਕ।

੫੯—ਹਾਂ ਮੇਰੇ ਅੰਤਹਕਰਣ ਨੇ ਬੁੱਧੀ ਅਰ ਗਿਆਨ ਬਹੁਤ ਵੇਖਿਆਹੈ, ਅਰ ਮੈਂਨੇ ਬੁੱਧੀ ਅਰ ਬੁਢੇਪਾ ਅਰ ਮੂਰਖਤਾ ਜਾਨਨ ਨੂੰ ਮਨ ਲਗਾਇਆ, ਮੈਂਨੇ ਜਾਨ ਲੀਤਾ ਕਿ ਇਹ ਭੀ ਮਨਦਾ ਝੁੰਝਟ ਹੈ, ਕਿਉਂਕਿ ਬਹੁਤ ਬੁੱਧੀ ਵਿਚ ਬਹੁਤ ਸ਼ੋਕ ਹੈ, ਅਰ ਜੋ ਗਿਆਨ ਵਿਚ ਵਧਦਾ ਹੈ ਓਹ ਦੁਖ ਵਿਚ ਵੱਧਦਾ ਹੈ ॥ ਜ੍ਰ੦ ਉ੦ ੫੦ ੧ । ਅ੦ ੧੬ । ੧੭ । ੧੮ ॥

(ਸਮੀਖਛਕ) ਹੁਨ ਵੇਖੋ! ਜੋ ਬੁੱਧੀ ਅਰ ਗਿਆਨ ਪਰਯਾਯਵਾਚੀ ਹਨ ਉਨ੍ਹਾਂ ਨੂੰ ਦੋ ਮੰਨਦੇ ਹਨ, ਅਰ ਬੁੱਧੀ ਵਧਨ ਵਿਚ ਚਿੰਤਾ ਅਰ ਦੁੱਖ ਮੰਨਨਾ ਬਿਨਾ ਅਵਿਦਵਾਨਾਂ ਦੇ ਅਜੇਹਾ ਲੇਖ ਕੌਨ ਕਰ ਸਕਦਾ ਹੈ? ਏਸਵਾਸਤੇ ਇਹ ਬਾਇਬਲ ਈਸ਼੍ਵਰ ਦੀ ਬਨਾਈ ਤਾਂ ਕੀ, ਕਿਸੇ ਵਿਦਵਾਨਦੀ ਭੀ ਬਨਾਈ ਨਹੀਂ ਹੈ॥

ਇਹ ਥੋੜਾਜਿਹਾ ਤੌਰੇਤ ਜ਼ਬੂਰ ਦੇ ਵਿਸ਼ਯ ਵਿਚ ਲਿਖਿਆ ਏਸਦੇ ਅੱਗੇ ਕੁਝ ਮੱਤੀ ਰਚਿਤ ਆਦੀ ਇੰਜੀਲ ਦੇ ਵਿਸ਼ੇ ਵਿਚ ਲਿਖਿਆ ਜਾਂਦਾ ਹੈ, ਜਿਸਨੂੰ ਈਸਾਈ ਲੋਗ ਬਹੁਤ ਪ੍ਰਮਾਣਭੂਤ ਮੰਨਦੇ ਹਨ, ਜਿਸਦਾ ਨਾਉਂ ਇੰਜੀਲ ਰਖਿਆਹੈ ਉਸਦੀ ਪਰੀਖਛਾ ਥੋੜੀਜਿਹੀ ਲਿਖਨੇਹਾਂ ਕਿ ਇਹ ਕਿਹੋਜਹੀ ਹੈ ॥

ਮੱਤੀ ਰਚਿਤ ਇੰਜੀਲ।

੬੦—ਯਸੂ ਖ੍ਰੀਸ਼ਟ ਦਾ ਜਨਮ ਏਸਤਰਾਂ ਨਾਲ ਹੋਇਆ ਕਿ ਉਸਦੀ ਮਾਂ ਮਰਯਮ ਦੀ ਯੂਸਫ ਨਾਲ ਮੰਗਨੀ ਹੋਈ ਸੀ, ਪਰ ਉਨ੍ਹਾਂ ਦੇ ਇਕੱਠਾ ਹੋਨ ਥੀਂ ਪਹਿਲਾਂ ਹੀ ਉਹ ਮਲੂਮ ਹੋਈ ਕਿ ਪਵਿਤ੍ਰ ਆਤਮਾ ਥੀਂ ਗਰਭਵਤੀ ਹੈ, ਵੇਖੋ! ਪਰਮੇਸ਼੍ਵਰ ਦੇ ਦੂਤਨੇ ਸੁਪਨੇ ਵਿਚ ਉਸਨੂੰ ਦਰਸ਼ਨ ਦੇਕੇ ਆਖਿਆ ਹੇ ਦਾਊਦ ਦੇ ਸੰਤਾਨ ਯੂਸਫ! ਤੂੰ ਅਪਨੀ ਇਸਤ੍ਰੀ ਮਰਯਮਨੂੰ ਇਥੇ ਲਿਆਉਨ ਥੀਂ ਨਾ ਡਰ, ਕਿਉਂਕਿ ਉਸਨੂੰ ਜੋ ਗਰਭ ਰਹਿਆ ਹੈ ਸੋ ਪਵਿਤ੍ਰ ਆਤਮਾ ਥੀਂ ਹੈ ॥ ਇੱ੦ ੫੦ ੧ । ਅ੦ ੧੮ । ੨੦ ॥

(ਸਮੀਖਛਕ) ਇਨ੍ਹਾਂ ਰੱਲਾਂ ਨੂੰ ਕੋਈ ਵਿਦਵਾਨ ਨਹੀਂ ਮੰਨ ਸਕਦਾ ਕਿ ਜੋ ਪ੍ਰਤਖਛ ਆਦੀ ਪ੍ਰਮਾਣ ਅਰ ਸ੍ਰਿਸ਼ਟੀਕ੍ਰਮ ਥੀਂ ਉਲਟੀ ਹਨ, ਇਨ੍ਹਾਂ

Generated by CamScanner from intsig.com

ਗੱਲਾਂ ਦਾ ਮੰਨਨਾ ਮੂਰਖ ਮਨੁੱਸ਼ ਨੰਗਲੀਆਂ ਦਾ ਕੰਮ ਹੈ, ਸਭਾ ਦੇ ਯੋਗ ਵਿਦਵਾਨਾਂ ਦਾ ਨਹੀਂ, ਭਲਾ ਜੋ ਪਰਮੇਸ਼ੁਰ ਦਾ ਨਿਯਮ ਹੈ ਉਸਨੂੰ ਕੋਈ ਤੋੜ ਸੱਕਦਾ ਹੈ ? ਜੋ ਪਰਮੇਸ਼ੁਰ ਭੀ ਨਿਯਮ ਨੂੰ ਉਲਟ ਪੁਲਟ ਕਰੇ ਤਾਂ ਉਸਦੀ ਆਗਿਆ ਨੂੰ ਕੋਈ ਨਾ ਮੰਨੇ, ਅਰ ਓਹ ਭੀ ਸਰਵੱਗ ਅਰ ਨਿਰਭ੍ਰਮ ਹੈ, ਏਸ ਤਰਾਂ ਤਾਂ ਜਿਸ ਜਿਸ ਕੁਆਰੀ ਨੂੰ ਗਰਭ ਹੋ ਜਾਵੇ ਤਦ ਸਭ ਕੋਈ ਅਜੇਹ ਕਹ ਸੱਕਦੇ ਹਨ ਕਿ ਏਸ ਵਿਚ ਗਰਭ ਦਾ ਰਹਿਨਾ ਈਸ਼ੁਰ ਦੀ ਵੱਲੋਂ ਹੈ,ਅਰ ਝੂਠ ਮੂਠ ਕਹ ਦੇਵੇ ਕਿ ਪਰਮੇਸ਼ੁਰ ਦੇ ਦੂਤ ਨੇ ਮੈਨੂੰ ਸੁਪਨ ਵਿਚ ਕਹ ਦਿੱਤਾ ਹੈ ਕਿ ਇਹ ਗਰਭ ਪਰਮਾਤਮਾ ਦੀ ਤਰਫ ਥੀਂ ਹੈ, ਜਿਹਾ ਇਹ ਅਸੰਭਵ ਪ੍ਰਪੰਚ ਰਚਿਆ ਹੈ ਉਸੇ ਤਰਾਂ ਸੂਰਯ ਥਾਂ ਕੁੰਤੀ ਦਾ ਗਰਭਵਤੀ ਹੋਨਾ ਭੀ ਪੁਰਾਣਾਂ ਵਿਚ ਅਸੰਭਵ ਲਿਖਿਆ ਹੈ, ਅਜੇਹੀਆਂ ਅਜੇਹੀਆਂ ਗੱਲਾਂ ਨੂੰ ਅੱਖ ਦੇ ਅਨ੍ਹੇ, ਰੀਢ ਦੇ ਪੂਰੇ ਲੋਗ ਮੰਨਕੇ ਭ੍ਰਮਜਾਲ ਵਿੱਚ ਡਿੱਗਦੇ ਹਨ,ਇਹਅਜੇਹੀ ਗੱਲ ਹੋਈ ਹੋਵੇਗੀ ਕਿਸੇ ਪੁਰੁਸ਼ ਦੇ ਨਾਲ ਸਮਾਗਮ ਹੋਨ ਥੀਂ ਗਰਭਵਤੀ ਮਰਯਮ ਹੋਈ ਹੋਵੇਗੀ, ਉਸਨੇ ਵਾ ਕਿਸੇ ਦੂਜੇ ਨੇ ਅਜੇਹੀ ਅਨਹੁੰਦੀ ਗੱਲ ਉਡਾ ਦਿੱਤੀ ਹੋਵੇਗੀ ਕਿ ਏਸ ਵਿਚ ਗਰਭ ਈਸ਼ੁਰ ਦੀ ਤਰਫੋਂ ਹੈ ॥ ੬੦ ॥

੬੧—ਤਦ ਆਤਮਾ ਯਸੂ ਨੇ ਜੰਗਲ ਵਿਚ ਲੈਗਿਆ ਕਿ ਸ਼ੈਤਾਨ ਥੀਂ ਉਸਦੀ ਪਰੀਖਛਾ ਕੀਤੀ ਜਾਵੇ, ਓਹ ਚਾਲੀਦਿਨ ਅਰ ਚਾਲੀ ਰਾਤ ਰੋਜ਼ਾ ਰਖਕੇ ਪਿਛੇ ਭੁਖਾ ਹੋਇਆ, ਤਦ ਪਰੀਖਛਾ ਕਰਨਹਾਰੇ ਨੇ ਕਹਿਆ ਕਿ ਤੂੰ ਈਸ਼ੁਰ ਦਾ ਪੁਤ੍ਰ ਹੈਂ ਤੂੰ ਕਹ ਦੇਹ ਕਿ ਇਹ ਪੱਥਰ ਰੋਟੀਆਂ ਬਨ ਜਾਨ ॥ ਇੰ ੦ ਪ੦ ੪ । ਅ੦ ੧ । ੨ । ੩ ॥

(ਸਮੀਖਛਕ) ਏਸ ਥੀਂ ਸਫ਼ ਸਿੱਧ ਹੁੰਦਾ ਹੈ ਕਿ ਈਸਾਈਆਂ ਦਾ ਈਸ਼ੁਰ ਸਰਵੱਗ ਨਹੀਂ, ਕਿਉਂਕਿ ਜੇ ਸਰਵੱਗ ਹੁੰਦਾ ਤਾਂ ਉਸਦੀ ਪਰੀਖਛਾ ਸ਼ੈਤਾਨ ਥੀਂ ਕਿਉਂ ਕਰਾਂਦਾ ? ਆਪ ਜਾਨ ਲੈਂਦਾ ? ਭਲਾ ਕਿਸੇ ਈਸਾਈ ਨੂੰ ਅੱਜਕੱਲ ਚਾਲੀ ਰਾਤ ਚਾਲੀ ਦਿਨ ਭੁਖਾ ਰਖੀਏ ਤਾਂ ਕਦੀ ਬਚ ਸੱਕੇਗਾ ? ਅਰ ਏਸ ਥੀਂ ਇਹ ਭੀ ਸਿੱਧ ਹੋਇਆ ਕਿ ਨਾ ਓਹ ਈਸ਼ੁਰ ਦਾ ਪੁਤ੍ਰ ਅਰ ਨਾ ਕੁਝ ਉਸ ਵਿਚ ਕਰਾਮਾਤ ਅਰਥਾਤ ਸਿੱਧੀ ਸੀ, ਨਹੀਂ ਤਾਂ ਸ਼ੈਤਾਨ ਦੇ ਸਾਮਨੇ ਪੱਥਰ ਰੋਟੀਆਂ ਕਿਉਂ ਨਾ ਬਨਾ ਦਿੰਦਾ ? ਅਰ ਆਪ ਭੁੱਖਾ ਕਿਉਂ ਰਹਿੰਦਾ ? ਅਰ ਸਿੱਧਾਂਤ ਇਹ ਹੈ ਕਿ ਜੋ ਪਰਮੇਸ਼ੁਰ ਨੇ ਪੱਥਰ ਬਨਾਏ ਹਨ ਉਨ੍ਹਾਂ ਨੂੰ ਰੋਟੀਆ ਕੋਈ ਭੀ ਨਹੀਂ ਬਨਾ ਸਕਦਾ, ਅਰ ਈਸ਼ੁਰ ਭੀ ਪਹਿਲੇ ਬਨਾਏ ਹੋਏ ਨਿਯਮ ਨੂੰ ਉਲਟਾ ਨਹੀਂ ਕਰ ਸਕਦਾ, ਕਿਸ ਕਰਕੇ ਓਹ ਸਰਵੱਗ ਅਰ ਉਸਦੇ ਸਭ ਕੰਮ ਬਿਨਾ ਭੁੱਲ ਚੁਕ ਦੇ ਹਨ ॥ ੬੧ ॥

੬੨—ਉਸਨੇ ਉਨਾਂ ਨੂੰ ਆਖਿਆ ਮੇਰੇ ਪਿਛੇ ਆਓ ਮੈਂ ਤੁਹਾਨੂੰ ਮਨੁਸ਼ਾਂ ਦੇ ਮਛੂਏ ਬਨਾਵਾਂਗਾ, ਓਹ ਜਲਦੀ ਜਾਲਾਂ ਨੂੰ ਛੱਡਕੇ ਉਸਦੇ ਪਿੱਛੇ

Generated by CamScanner from intsig.com

ਹੋਗਏ ॥ ਇੰਜੀਲ ਪਰਵ ੪। ਆਯਤ ੧੯। ੨੦। ੨੧।

(ਸਮੀਖਛਕ) ਮਲੂਮ ਹੁੰਦਾ ਹੈ ਕਿ ਇੱਸੇ ਪਾਪ ਅਰਥਾਤ ਜੋ ਤੌਰੇਤ ਵਿਚ ਦਸਾਂ ਆਗਿਆ ਦੇ ਵਿਚ ਲਿਖਿਆ ਹੈ ਕਿ (ਸੰਤਾਨਲੋਗ ਅਪਨੇ ਮਾਤੁ ਪਿਤਾ ਦੀ ਸੇਵਾ ਅਰ ਮਾਨ ਕਰਨ ਜਿਸ ਕਰ ਉਨਾਂ ਦੀ ਉਮਰ ਵਧੇ ਸੋ) ਈਸਾ ਨੇ ਨਾ ਅਪਨੇ ਮਾਤਾ ਪਿਤਾ ਦੀ ਸੇਵਾ ਕੀਤੀ, ਅਰ ਦੂਜੇ ਭੀ ਮਾਤਾ, ਪਿਤਾ ਦੀ ਸੇਵਾ ਥੀਂ ਛੁਡਾਏ, ਇੱਸੇ ਅਪਰਾਧ ਥੀਂ ਚਿਰੰਜੀਵੀ ਨਾ ਰਿਹਾ, ਅਰ ਏਹ ਭੀ ਮਲੂਮ ਹੋਇਆ ਕਿ ਈਸਾ ਨੇ ਮਨੁਸ਼ਾਂ ਦੇ ਫਸਾਨ ਦੇ ਵਾਸਤੇ ਇਕਮਤ ਚਲਾਇਆ ਹੈ ਕਿ ਜਾਲ ਵਿਚ ਮੱਛੀ ਦੇ ਵਾਛਣ ਮਨੁਸ਼ਾਂ ਨੂੰ ਅਪਨੇ ਮਤ ਵਿਚ ਫਸਾਕੇ ਅਪਨਾ ਮਤਲਬ ਸਾਧੀਏ, ਜਦ ਈਸਾ ਅਜੇਹਾ ਸੀ ਤਾਂ ਅੱਜ ਕਲ ਦੇ ਪਾਦਰੀ ਲੋਗ ਅਪਨੇ ਜਾਲ ਵਿਚ ਮਨੁਸ਼ਾਂ ਨੂੰ ਫਸਾਨ ਤਾਂ ਕੀ ਆਸ਼ਚਰਯਹੈ, ਕਿਉਂਕਿ ਜਿਸ ਤਰਾਂ ਵਡੀਆਂ ਵਡੀਆਂ ਅਰ ਬਹੁਤ ਮੱਛੀਆਂ ਨੂੰ ਜਾਲ ਵਿਚ ਫਸਾਨ ਵਾਲੇ ਦੀ ਨਾਮਵਰੀ ਅਰ ਜੀਵਿਕਾ ਅੱਛੀ ਹੁੰਦੀ ਹੈ ਇਸੇ ਤਰਾਂ ਜੋ ਬਹੁਤਿਆਂ ਨੂੰ ਅਪਨੇ ਮਤ ਵਿਚ ਫਸਾ ਲਵੇ ਉਸਦੀ ਵਧੀਕ ਨਾਮਵਰੀ ਅਰ ਜੀਵਿਕਾ ਅੱਛੀ ਹੁੰਦੀ ਹੈ,ਇੱਸੇ ਕਰਕੇ ਏਹ ਲੋਗ ਜਿਨਾਂ ਨੇ ਵੇਦ ਅਰ ਸ਼ਾਸਤ੍ਰਾਂ ਨੂੰ ਨਾ ਪੜ੍ਹਿਆ ਨਾ ਸੁਨਿਆਂ ਉਨਾਂ ਵਿਚਾਰੇ ਭੋਲੇ ਮਨੁਸ਼ਾਂਨੂੰਅਪਨੇਜਾਲ ਵਿਚ ਫਸਾਕੇ ਓਹਦੇ ਮਾਤਾ ਪਿਤਾ ਕੁਟੰਬ ਆਦੀ ਥੀਂ ਵਖਰਾ ਕਰ ਦਿੰਦੇਹਨ,ਏਸ ਥੀਂ ਸਬ ਵਿਦਵਾਨ ਆਰਯਾਂ ਨੂੰ ਉਚਿਤ ਹੈ ਕਿ ਆਪ ਇਨ੍ਹਾਂ ਦੇ ਭ੍ਰਮ ਜਾਲ ਥੀਂ ਬਚਕੇ ਹੋਰਨਾਂ ਅਪਨੇ ਭੋਲੇ ਭਰਾਵਾਂ ਦੇ ਬਚਾਨ ਵਿਚ ਤਤਪਰ ਰਹਿਨ ॥ ੬੨ ॥

੬੩–ਤਦ 'ਯਸੂ' ਸਾਰੇ ਗਾਲੀਲ ਦੇਸ਼ ਵਿਚ ਉਨ੍ਹਾਂ ਦੀਆਂ ਸਭਾਂ ਵਿਚ ਉਪਦੇਸ਼ ਕਰਦਾ ਹੋਇਆ ਅਰ ਰਾਜ ਦਾ ਚੰਗਾ ਸਮਾਚਾਰ ਪ੍ਰਚਾਰ ਕਰਦਾ ਹੋਇਆ, ਅਰ ਲੋਗਾਂ ਵਿਚ ਹਰ ਇਕ ਰੋਗ ਅਰ ਹਰ ਬੀਮਾਰੀ ਨੂੰ ਚੰਗਾ ਕਰਦਾ ਹੋਇਆ ਫਿਰਦਾ ਸੀ। ਸਾਰੇ ਬੀਮਾਰਾਂ ਨੂੰ ਜੋ ਕਈ ਤਰਾਂ ਦੀ ਬੀਮਾਰੀਆਂ ਅਰ ਪੀੜਾ ਕਰਕੇ ਦੁੱਖੀ ਸਨ, ਅਰ ਭੂਤਗ੍ਰਸਤਾਂ ਅਰ ਮਿਰਗੀ ਵਾਲੇ ਅਰ ਅਰਧਾਂਗੀਆਂ ਨੂੰ ਉਸਦੇ ਪਾਸ ਲਿਆਏ ਅਰ ਉਸਨੇ ਚੰਗਾ ਕੀਤਾ ॥ ਇੰਜੀਲ ਮੱਤੀ ਪਰਵ ੪। ਆਯਤ ੨੩। ੨੪। ੨੫॥

(ਸਮੀਖਛਕ) ਜਿਸ ਤਰਾਂ ਅੱਜ ਕਲ ਪੋਪਲੀਲਾ ਕਛਨੇ, ਮੰਤ੍ਰ, ਪੁਰਸ਼ਚਰਣ, ਆਸ਼ੀਰਵਾਦ, ਬੀਜ ਅਰ ਭਸਮ ਦੀ ਚੁਟਕੀ ਦੇਨ ਥੀਂ ਭੂਤਾਂ ਨੂੰ ਕੱਢਨਾ, ਰੋਗਾਂ ਨੂੰ ਛੁਡਾਨਾ ਸੱਚਾ ਹੋਵੇ ਤਾਂ ਓਹ ਇੰਜੀਲ ਦੀ ਗੱਲ ਭੀ ਸੱਚੀ ਹੋਵੇ, ਏਸ ਕਰਕੇ ਭੋਲੇ ਮਨੁੱਸ਼ਾਂ ਨੂੰ ਭ੍ਰਮ ਵਿਚ ਫਸਾਨ ਦੇ ਵਾਸਤੇ ਇਹ ਗੱਲਾਂ ਹਨ; ਜੋ ਈਸਾਈ ਲੋਗ ਈਸਾ ਦੀਆਂ ਗੱਲਾਂ ਮੰਨਦੇ ਹਨ ਤਾਂ ਇੱਥੋਂ ਦੀ ਦੇਵੀ ਦੇ ਪੋਪਾਂ ਦੀਆਂ ਗੱਲਾਂ ਕਿਉਂ ਨਹੀਂ ਮੰਨਦੇ ? ਕਿਸ ਕਰਕੇ ਓਹ ਗੱਲਾਂ ਇਨ੍ਹਾਂ ਦੇ ਹੀ ਵਾਛਣ ਹਨ ॥ ੬੩ ॥

Generated by CamScanner from intsig.com

੬੪–ਧੰਨ ਓਹ ਜੋ ਮਨ ਵਿਚ ਦੀਨ ਹਨ, ਕਿਸ ਕਰਕੇ ਜੋ ਸ੍ਵਰਗ ਦਾ ਰਾਜ ਉਨ੍ਹਾਂ ਹੀ ਦਾ ਹੈ, ਕਿਉਂਕਿ ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ ਜਿੱਥੋਂ ਤਕ ਆਕਾਸ਼ ਅਰ ਪ੍ਰਿਥਿਵੀ ਟਲ ਨਾ ਜਾਨ ਤਦ ਤਕ ਵਿਵਸਥਾ ਥੀਂ ਇਕ ਮਾਤ੍ਰਾ ਅਥਵਾ ਇਕ ਬਿੰਦੀ ਬਿਨਾ ਪੂਰਾ ਹੋਏ ਨਹੀਂ ਟਲੇਗਾ। ਏਸਵਾਸਤੇ ਇਨਾਂਅਤੀ ਛੋਟੀ ਆਗਿਆ ਵਿਚੋਂ ਇਕ ਨੂੰ ਛਪਾਕੇ ਹੋਰ ਲੋਗਾਂ ਨੂੰ ਉੱਸੇ ਤਰਾਂ ਸਿਖਾਵੇ ਓਹ ਸ੍ਵਰਗ ਦੇ ਰਾਜ ਵਿਚ ਸਾਰਿਆਂ ਥੀਂ ਨਿੱਕਾ ਕਹਾਵੇਗਾ ॥ ਇੰਜੀਲ ਮਤੀ ਪਰਵ ੫। ਆਯਤ ੩। ੪। ੧੯। ੧੯॥

(ਸਮੀਖਛਕ) ਜੇਕਰ ਸ੍ਵਰਗ ਇਕ ਹੈ ਤਾਂ ਰਾਜ ਭੀ ਇਕ ਹੋਨਾ ਚਾਹੀਏ ਏਸ ਵਾਸਤੇ ਜਿੰਨੇ ਦੀਨ ਹਨ ਓਹ ਸਾਰੇ ਸ੍ਵਰਗ ਨੂੰ ਜਾਨਗੇ ਤਾਂ ਸ੍ਵਰਗ ਵਿਚ ਰਾਜ ਦਾ ਅਧਿਕਾਰ ਕਿਸਨੂੰ ਹੋਵੇਗਾ ? ਅਰਥਾਤ ਇਕ ਦੂਜੇ ਨਾਲ ਲੜਾਈ ਭਿੜਾਈ ਕਰਨਗੇ, ਅਰ ਰਾਜਵਿਵਸਥਾ ਖੰਡ ਬੰਡ ਹੋ ਜਾਵੇਗੀ ? ਅਰ ਦੀਨ ਦੇ ਕਹਨ ਕਰਕੇ ਜੇ ਕੰਗਾਲ ਲਵੇਗੇ ਤਦ ਤਾਂ ਠੀਕ ਨਹੀਂ,ਜੋ ਨਿਰਅਭਿਮਾਨੀ ਲਵੋਗੇ ਤਾਂ ਭੀ ਠੀਕ ਨਹੀਂ, ਕਿਉਂਕਿ ਦੀਨ ਅਰ ਅਭਿਮਾਨ ਦਾ ਇਕ ਅਰਥ ਨਹੀਂ, ਕਿੰਤੂ ਜੋ ਮਨ ਵਿਚ ਦੀਨ ਹੁੰਦਾ ਹੈ ਉਸਨੂੰ ਸੰਤੋਸ਼ ਕਦੀ ਨਹੀਂ ਹੁੰਦਾ, ਏਸ ਵਾਸਤੇ ਇਹ ਗੱਲ ਠੀਕ ਨਹੀਂ। ਜਦ ਆਕਾਸ਼ ਪ੍ਰਿਥਿਵੀ ਟਲ ਜਾਨ ਤਦ ਵਿਵਸਥਾ ਭੀ ਟਲ ਜਾਵੇਗੀ, ਅਜੇਹੀ ਅਨਿਤਜ ਵਿਵਸਥਾ ਸਨੁੱਸ਼ਾਂ ਦੀ ਹੁੰਦੀ ਹੈ ਸਰਵੱਗ ਈਸ਼੍ਵਰ ਦੀ ਨਹੀਂ, ਅਰ ਇਹ ਇਕ ਲੋਭ ਅਰ ਡਰਾਵਾ ਜਿਹਾ ਦਿੱਤਾ ਹੈ ਕਿ ਜੇਹੜਾ ਇਨਾਂ ਆਗਿਆ ਨੂੰ ਨਾ ਮੰਨੇਗਾ ਓਹ ਸ੍ਵਰਗ ਵਿਚ ਸਾਰਿਆਂ ਥੀਂ ਛੋਟਾ ਗਿਨਿਆ ਜਾਵੇਗਾ ॥ ੬੪ ॥

੬੫–ਸਾਡੀ ਦਿਨ ਭਰਦੀ ਰੋਟੀ ਅੱਜ ਸਾਨੂੰ ਦੇਹ । ਅਪਨੇ ਵਾਸਤੇ ਪ੍ਰਿਥਿਵੀ ਉਪਰ ਧਨ ਦਾ ਅਕੱਠ ਨਾ ਕਰੋ ॥ ਇੰਜੀਲ ਮੱਤੀ ਪਰਵ ੬। ਆਯਤ ੧੧। ੧੯ ॥

(ਸਮੀਖਛਕ) ਏਸ ਥੀਂ ਮਲੂਮ ਹੁੰਦਾ ਹੈ ਕਿ ਜਿਸ ਵੇਲੇ ਈਸਾ ਦਾ ਜਨਮ ਹੋਇਆ ਹੈ ਉਸ ਵੇਲੇ ਲੋਗ ਜੰਗਲੀ ਅਰ ਕੰਗਾਲ ਸਨ, ਤਿਸਤਰਾਂ ਈਸਾ ਭੀ ਉੱਸੇ ਤਰਾਂ ਕੰਗਾਲ ਸੀ, ਇਸ ਵਾਸਤੇ ਤਾਂ ਦਿਨ ਭਰਦੀ ਰੋਟੀ ਦੇ ਮਿਲਨ ਵਾਸਤੇ ਈਸ਼੍ਵਰ ਦੀ ਪ੍ਰਾਰਥਨਾ ਕਰਦਾ ਅਤ ਸਿਖਾਂਦਾ ਹੈ, ਜਦ ਏਸ ਤਰਾਂ ਹੈ ਤਾਂ ਈਸਾਈ ਲੋਗ ਧਨ ਅਕੱਠਾ ਕਿਉਂ ਕਰਦੇ ਹਨ ? ਉਨਾਂ ਨੂੰ ਚਾਹੀਏ ਕਿ ਈਸਾ ਦੇ ਵਚਨ ਥੀਂ ਉਲਟਾ ਨਾ ਚਲਕੇ ਸਾਰੇ ਦਾਨ ਪੁੰਨ ਕਰਕੇ ਦੀਨ ਹੋ ਜਾਨ ॥ ੬੫ ॥

੬੬–ਹਰਇਕ ਜੋ ਮੈਂਨੂੰ ਹੇ ਸੁਆਸੀ ਸੁਆਮੀ ਕਹਿੰਦਾ ਹੈ ਸ੍ਵਰਗ ਦੇ ਰਾਜ ਵਿਚ ਪ੍ਰਵੇਸ਼ ਨਾ ਕਰੇਗਾ ॥ ਇੰਜੀਲ ਮਤੀ ਪਰਵ ੭। ਆਯਤ ੨੧ ॥

(ਸਮੀਖਛਕ) ਹੁਨ ਵਿਚਾਰੋ ਵੱਡੇ ਵੱਡੇ ਪਾਦਰੀ ਬਿਸ਼ਪ ਸਾਹਿਬ ਅਰ

Generated by CamScanner from intsig.com

ਈਸਾਈ ਲੋਗ ਸੋ ਇਹ ਈਸਾ ਦਾ ਵਚਨ ਸੱਚ ਹੈ ਏਸ ਤਰਾਂ ਸਮਝਨ ਤਾਂ ਈਸਾ ਨੂੰ ਪ੍ਰਭੂ ਅਰਥਾਤ ਈਸ਼੍ਵਰ ਕਦੀ ਨਾ ਕਹਿਨ, ਜੇਕਰ ਏਸ ਗੱਲ ਨੂੰ ਨਾ ਮੰਨਨਗੇ ਤਾਂ ਪਾਪ ਥੀਂ ਕਦੀ ਨਾ ਬਚ ਸਕਨਗੇ ॥ ੬੬ ॥

੬੭—ਉਸ ਦਿਨ ਵਿਖ ਬਹੁਤੇਰੇ ਮੈਨੂੰ ਕਹਿਨਗੇ ਤਦ ਮੈਂ ਉਨਾਂ ਨੂੰ ਖੋਲਕੇ ਕਹਾਂਗਾ ਮੈਨੇ ਤੁਹਾਨੂੰ ਕਦੀ ਨਹੀਂ ਜਾਨਿਆਂ ਹੈ ਖੋਟੇ ਕਰਮ ਕਰਨ ਹਾਰਿਓ ਮੇਰੇ ਥੀਂ ਦੂਰ ਹੋਵੋ ॥ ਇੰਜੀਲ ਮਤੀ ਪਰਵ ੭। ਆਯਤ ੨੨।੨੩ ॥

(ਸਮੀਖਛਕ) ਦੇਖੋ ! ਈਸਾ ਜੰਗਲੀ ਮਨੁਸ਼ਾਂ ਦੇ ਵਿਸ਼੍ਵਾਸ ਕਰਾਨ ਦੇ ਵਾਸਤੇ ਸ੍ਵਰਗ ਵਿਚ ਨਿਆਯਾਧੀਸ਼ ਬਨਨਾ ਚਾਹੁੰਦਾ ਸੀ ਇਹ ਨਿਰਾ ਭੋਲੇ ਮਨੁਸ਼ਾਂ ਨੂੰ ਲੋਭ ਦੇਨ ਦੀ ਗੱਲ ਹੈ ॥ ੬੭ ॥

੬੮—ਹੋਰ ਦੇਖੋ ! ਇਕ ਕੋੜ੍ਹੀ ਨੇ ਆਕੇ ਉਸ ਨੂੰ ਮੱਥਾ ਟੇਕਕੇ ਆਖਿਆ ਹੇ ਪ੍ਰਭੂ ! ਜੇਕਰ ਤੁਸੀਂ ਚਾਹੋ ਤਾਂ ਮੈਨੂੰ ਚੰਗਾ ਕਰ ਸਕਦੇ ਹੋ ? ਯਸੂ ਨੇ ਹੱਥ ਅੱਗੇ ਕਰਕੇ ਉਸਨੂੰ ਛੋਹਕੇ ਕਹਿਆ ਮੈਂ ਤਾਂ ਚਾਹੁੰਦਾ ਹਾਂ ਸ਼ੁੱਧ ਹੋਜਾ, ਅਰ ਉਸਦਾ ਕੋਹੜ ਤੁਰਤ ਸਾਫ ਹੋਗਿਆ ॥ ਇ० ਮੱ० । ਪ० ੮ । ਆ० ੨ । ੩ ॥

(ਸਮੀਖਛਕ) ਇਹ ਸਾਰੀਆਂ ਗੱਲਾਂ ਭੋਲੇ ਮਨੁਸ਼ਾਂ ਦੇ ਫਸਾਂਨ ਦੀਆਂ ਹਨ, ਕਿਸਕਰਕੇ ਜਦ ਈਸਾਈ ਲੋਗ ਇਨ੍ਹਾਂ ਵਿਦਿਆ ਸ੍ਰਿਸ਼ਟੀਕ੍ਰਮ ਵਿਰੁੱਧ ਗੱਲਾਂ ਨੂੰ ਸੱਚ ਮੰਨਦੇ ਹਨ, ਸ਼ੁਕ੍ਰਾਚਾਰਯ, ਧਨੰਤਰੀ, ਕਸ਼ਯਪ ਆਦੀ ਦੀ ਗੱਲ ਜੋ ਪੁਰਾਣ ਅਰ ਭਾਰਤ ਵਿਚ ਅਨੇਕ ਦੇਤਾਂ ਦੀ ਮਰੀ ਹੋਈ ਸੇਨਾ ਨੂੰ ਜੁਆ ਦਿੱਤਾ, ਬ੍ਰਿਹਸਪਤੀ ਦੇ ਪੁਤ੍ਰ ਕਚ ਨੂੰ ਟੋਟੇ ਟੋਟੇ ਕਰਕੇ ਜਨਾਵਰ ਅਰ ਮੱਛੀਆਂ ਨੂੰ ਖੁਆ ਦਿੱਤਾ ਫਿਰ ਭੀ ਸ਼ੁਕ੍ਰਾਚਾਰਯ ਨੇ ਜੀਉਂਦਾ ਕਰ ਦਿੱਤਾ, ਪਿੱਛੋਂ ਕਚ ਨੂੰ ਮਾਰਕੇ ਸ਼ੁਕ੍ਰਾਚਾਰਯ ਨੂੰ ਖੁਆ ਦਿੱਤਾ, ਫੇਰ ਉਸਨੂੰ ਪੇਟ ਵਿਚ ਜੀਉਂਦਾ ਕਰਕੇ ਬਾਹਿਰ ਕੱਢਿਆ ਆਪ ਮਰਗਿਆ, ਉਸ ਨੂੰ ਕਚਨੇ ਜੀਉਂਦਾ ਕੀਤਾ, ਕਸ਼ਯਪ ਰਿਸ਼ੀ ਨੇ ਮਨੁਸ਼ ਸਮੇਤ ਬ੍ਰਿਖਛ ਨੂੰ ਤੱਖਛਕ ਥੀਂ ਭਸਮ ਹੋਏ ਪਿੱਛੇ ਫੇਰ ਬ੍ਰਿਖਛ ਅਰ ਮਨੁਸ਼ ਨੂੰ ਜੁਆ ਦਿੱਤਾ, ਧਨੰਤਰੀ ਨੇ ਲੱਖਾਂ ਮੁਰਦੇ ਜੁਆਏ, ਲੱਖਾਂ ਕੋੜ੍ਹੇ ਆਦੀ ਬੀਮਾਰਾਂ ਨੂੰ ਚੰਗਾ ਕੀਤਾ, ਲੱਖਾਂ ਅੰਨ੍ਹੇ ਅਰ ਬੋਰਿਆਂ ਨੂੰ ਅੱਖਾਂ ਅਰ ਕੰਨ ਦਿੱਤੇ, ਇਤ੍ਯਾਦੀ ਕਥਾਂ ਨੂੰ ਝੂਠ ਕਿਉਂ ਕਹਿੰਦੇ ਹਨ ? ਜੇ ਉੱਪਰ ਦੀਆਂ ਗੱਲਾਂ ਝੂਠ ਹਨ ਤਾਂ ਈਸਾ ਦੀ ਗੱਲ ਝੂਠ ਕਿਉਂ ਨਹੀਂ ? ਜੋ ਦੂਜੇ ਦੀ ਗੱਲ ਨੂੰ ਝੂਠ ਅਰ ਅਪਨੀ ਝੂਠੀ ਨੂੰ ਸੱਚੀ ਕਹਿੰਦੇ ਹਨ ਤਾਂ ਹਠੀ ਕਿਉਂ ਨਹੀਂ ? ਏਸ ਵਾਸਤੇ ਈਸਾਈਆਂ ਦੀਆਂ ਗੱਲਾਂ ਨਿਰੇ ਹਠ ਅਰ ਮੂੰਡਿਆਂ ਵਾਛਣ ਹਨ॥ ੬੮

੬੯—ਤਦ ਕ੍ਰਿਤਘ੍ਨਸਤ ਮਨੁਸ਼ ਕਬਰਸਤਾਨ ਵਿਚੋਂ ਨਿਕਲ ਕੇ ਉਸਨੂੰ ਆ ਮਿਲੇ, ਜੋ ਇੱਥੋਂ ਤਕ ਬਹੁਤ ਹੀ ਡਾਢੇ ਸਨ ਕਿ ਉਸ ਰਾਹ ਥੀਂ ਕੋਈ ਨਹੀਂ ਜਾ ਸਕਦਾ ਸੀ, ਅਰ ਵੇਖੋ ! ਉਨ੍ਹਾਂ ਨੇ ਚੀਕ ਮਾਰਕੇ ਕਹਿਆ ਹੇ ਯਸੂਹ ਈਸ਼੍ਵਰ ਦੇ ਪੁਤ੍ਰ ! ਤੁਹਾਨੂੰ ਸਾਡੇ ਨਾਲ ਕੀ ਕੰਮ ? ਕੀ, ਤੁਸੀਂ ਵੇਲੇ ਥੀਂ ਅੱਗੇ ਸਾਨੂੰ ਦੁਖ

Generated by CamScanner from intsig.com

ਦੇਨਨੂੰ ਇੱਥੇ ਆਏਹੋ ? ਸੋ ਭੂਤਾਂ ਨੇ ਉਸਨੂੰ ਬੇਨਤੀ ਕਰਕੇ ਕਹਿਆ ਜੋ ਤੁਸੀਂ ਸਾਨੂੰ ਕੱਢਦੇਹੋ ਤਾਂ ਸੂਰਾਂ ਦੇ ਇੱਜੜ ਵਿੱਚ ਜਾਨਦੇਓ, ਉਸਨੇ ਉਨ੍ਹਾਂ ਨੂੰ ਕਹਿਆ ਜਾਓ, ਅਰ ਓਹ ਨਿਕਲਕੇ ਸੂਰਾਂ ਦੇ ਇੱਜੜ ਵਿਚ ਗਏ। ਅਰ ਵੇਖੋ! ਸੂਰਾਂ ਦਾ ਸਾਰਾ ਝੁੰਡ ਢਿੱਥੇ ਉਪਰੋਂ ਸਮੁੰਦ੍ਰ ਵਿਚ ਦੌੜ ਗਿਆ, ਅਰ ਪਾਨੀ ਵਿਚ ਡੁੱਬ ਮੋਇਆ॥ ਇੰ० ਮ० ੫० ੮। ਆਯਤ ੨੮। ੨੯। ੩੦। ੩੧। ੩੨।੩੩॥

(ਸਮੀਖਛਕ) ਭਲਾ ਇੱਥੇ ਥੋੜਾ ਜਿਹਾ ਵਿਚਾਰ ਕਰਨ ਤਾਂ ਇਹ ਗੱਲਾਂ ਸਾਰੀਆਂ ਝੂਠੀਆਂ ਹਨ, ਕਿਉਂਕਿ ਮੋਇਆ ਹੋਇਆ ਮਨੁਸ਼ ਕਬਰਸਤਾਨ ਵਿੱਚੋਂ ਕਦੀ ਨਹੀਂ ਨਿਕਲ ਸਕਦਾ, ਓਹ ਕਿਸੇ ਕੋਲ ਨਾ ਜਾਂਦੇ ਨਾ ਗੱਲਾਂ ਕਰਦੇ ਹਨ, ਇਹ ਸਾਰੀਆਂ ਗੱਲਾਂ ਅਗਿਆਨੀ ਲੋਗਾਂ ਦੀਆਂ ਹਨ, ਜੋ ਕਿ ਮਹਾ-ਜੰਗਲੀ ਹਨ ਓਹ ਅਜੇਹੀਆਂ ਗੱਲਾਂ ਉੱਪਰ ਨਿਸ਼ਚਾ ਲਿਆਉਂਦੇ ਹਨ, ਅਰ ਉਨ੍ਹਾਂ ਸੂਰਾਂ ਦੀ ਹਤਿਆ ਕਰਾਈ, ਸੂਰ ਵਾਲਿਆਂ ਦਾ ਨੁਕਸਾਨ ਕਰਨ ਦਾ ਪਾਪ ਈਸਾ ਨੂੰ ਹੋਇਆ ਹੋਵੇਗਾ, ਅਰ ਈਸਾਈ ਲੋਗ ਈਸਾ ਨੂੰ ਪਾਪ ਬਖਸ਼ਾਨੇ ਅਰ ਪਵਿਤ੍ਰ ਕਰਨੇ ਵਾਲਾ ਮੰਨਦੇ ਹਨ ਤਾਂ ਉਨ੍ਹਾਂ ਭੂਤਾਂ ਨੂੰ ਪਵਿਤ੍ਰ ਕਿਉਂ ਨਾ ਕਰ ਸੱਕਿਆ ? ਅਰ ਸੂਰ ਵਾਲਿਆਂ ਦਾ ਨੁਕਸਾਨ ਕਿਉਂ ਨਾ ਭਰ ਦਿੱਤਾ ? ਕੀ, ਅੱਜਕੱਲ ਦੇ ਅੱਛੀ ਸ਼ਿਖਛਾ ਵਾਲੇ ਈਸਾਈ ਅੰਗ੍ਰੇਜ਼ ਲੋਗ ਇਨ੍ਹਾਂ ਗਪੌੜਿਆਂ ਨੂੰ ਭੀ ਮੰਨਦੇ ਹੋਨਗੇ ? ਜੇਕਰ ਮੰਨਦੇ ਹਨ ਤਾਂ ਭ੍ਰਮ ਜਾਲ ਵਿਚ ਪਏ ਹਨ॥੬੯॥

੭੮—ਵੇਖੋ! ਲੋਗ ਇਕ ਅਰਧਾਂਗੀ ਨੂੰ ਜੋ ਮੰਜੀ ਉੱਪਰ ਪਿਆ ਸੀ ਉਸ ਪਾਸ ਲਿਆਏ, ਅਰ ਯਸੂ ਨੇ ਉਨ੍ਹਾਂ ਦਾ ਨਿਸ਼ਚਾ ਵੇਖਕੇ ਉਸ ਅਰਧਾਂਗੀ ਨੂੰ ਕਹਿਆ ਹੇ ਪੁਤ੍ਰ ਧੀਰਯ ਕਰ ਤੇਰੇ ਪਾਪ ਖਛਮਾ ਕੀਤੇ ਗਏ ਹਨ, ਮੈਂ ਧਰਮੀਆਂ ਨੂੰ ਨਹੀਂ ਪਰੰਤੂ ਪਾਪੀਆਂ ਨੂੰ ਪਸ਼ਚਾਤਾਪ ਦੇ ਵਾਸਤੇ ਬੁਲਾਨ ਆਇਆ ਹਾਂ॥ ਇੰਜੀਲ ਮ० ਪ० ੯। ਆਯਤ ੨। ੧੩॥

(ਸਮੀਖਛਕ) ਇਹ ਭੀ ਗੱਲ ਓਹੋ ਜਿਹੀ ਅਨਹੁੰਦੀ ਹੈ ਜਿਹੀ ਪਹਿਲਾਂ ਲਿਖ ਆਏ ਹਾਂ, ਅਰ ਜੋ ਪਾਪ ਖਛਮਾ ਕਰਨ ਦੀ ਗੱਲ ਹੈ ਓਹ ਨਿਰਾ ਭੋਲੇ ਲੋਗਾਂ ਨੂੰ ਅੱਛੀ ਤਰਾਂ ਲੋਭ ਦੇਕੇ ਫਸਾਨਾ ਹੈ, ਜਿਸਤਰਾਂ ਦੂਜੇ ਦੀ ਪੀਤੀ ਸ਼ਰਾਬ, ਭੰਗ ਅਰ ਅਫੀਮ ਖਾਧੇ ਦਾ ਨਸ਼ਾ ਦੂਜੇ ਨੂੰ ਨਹੀਂ ਮਿਲ ਸੱਕਦਾ, ਉਸੇਤਰਾਂ ਕਿਸੇਦਾ ਕੀਤਾ ਹੋਇਆ ਪਾਪ ਕਿਸੇਦੇ ਪਾਸ ਨਹੀਂ ਜਾਂਦਾ, ਕਿੰਤੂ ਜਿਹੜਾ ਕਰਦਾ ਹੈ ਓਹੀ ਭੋਗਦਾ ਹੈ ਇਹੀ ਈਸ਼੍ਵਰ ਦਾ ਨਿਆਯ ਹੈ। ਜੇਕਰ ਦੂਜੇ ਦਾ ਕੀਤਾ ਪਾਪ ਪੁੰਨ ਦੂਜੇ ਨੂੰ ਮਿਲੇ, ਅਥਵਾ ਨਿਆਯਾਧੀਸ਼ ਆਪ ਲੈ ਲਵੇ, ਵਾ ਕਰਨ ਵਾਲਿਆਂ ਹੀ ਨੂੰ ਜਿਹਾ ਚਾਹੀਏ ਫਲ ਈਸ਼੍ਵਰ ਨਾ ਦੇਵੇ ਤਾਂ ਓਹ ਅਨਿਆਯਕਾਰੀ ਹੋਜਾਵੇ। ਵੇਖੋ! ਧਰਮ ਹੀ ਕਲਿਆਣ ਕਰਨ ਵਾਲਾ ਹੈ ਈਸਾ ਵਾ ਹੋਰ ਕੋਈ ਨਹੀਂ, ਅਰ ਧਰਮਾਤਮਾ ਦੇ ਵਾਸਤੇ, ਈਸਾ ਆਦੀ ਦੀ

Generated by CamScanner from intsig.com

ਕੁਝ ਲੋੜ ਭੀ ਨਹੀਂ, ਅਰ ਨਾ ਪਾਪੀਆਂ ਦੇ ਵਾਸਤੇ, ਕਿਸ ਕਰਕੇ ਪਾਪ ਕਿਸੇ ਦਾ ਨਹੀਂ ਛੁੱਟ ਸਕਦਾ ॥ ੭੦ ॥

੭੧—ਯਸੂ ਨੇ ਅਪਨੇ ੧੨ ਸ਼ਿੱਸ਼ਾਂ ਨੂੰ ਅਪਨੇ ਪਾਸ ਬੁਲਾਕੇ ਉਨ੍ਹਾਂ ਨੂੰ ਅਪਵਿਤ੍ ਭੂਤਾਂ ਉੱਪਰ ਅਧਿਕਾਰ ਦਿੱਤਾ ਕਿ ਉਨ੍ਹਾਂ ਨੂੰ ਕੱਢਨ ਅਰ ਹਰ ਇਕ ਬੀਮਾਰੀ ਅਰ ਹਰ ਪੀੜ ਨੂੰ ਚੰਗਾ ਕਰਨ। ਬੋਲਨਵਾਲੇ ਤਾਂ ਤੁਸੀਂ ਨਹੀਂ ਹੋ, ਪਰੰਤੂ ਤੁਹਾਡੇ ਪਿਉਦਾ ਆਤਮਾ ਤੁਹਾਡੇ ਵਿਚ ਬੋਲਦਾ ਹੈ। ਮਤ ਸਮਝੋ ਕਿ ਮੈਂ ਪ੍ਰਿਥਿਵੀ ਉੱਪਰ ਮੇਲ ਕਰਵਾਨ ਨੂੰ, ਨਹੀਂ, ਪਰੰਤੂ ਤਲਵਾਰ ਚਲਵਾਨ ਨੂੰ ਆਇਆ ਹਾਂ, ਮੈਂ ਮਨੁਸ਼ ਨੂੰ ਉਸਦੇ ਪਿਤਾ ਥੀਂ ਅਰ ਧੀ ਨੂੰ ਉਸਦੀ ਮਾਤਾ ਥੀਂ ਅਰ ਨੂਹ ਨੂੰ ਉਸਦੀ ਸੱਸ ਥੀਂ ਵਖਰਾ ਕਰਨ ਨੂੰ ਆਇਆ ਹਾਂ, ਮਨੁਸ਼ ਦੇ ਘਰ ਹੀ ਦੇ ਲੋਗ ਉਸਦੇ ਵੈਰੀ ਹੋਨਗੇ। ਇੰਜੀਲ ਮਤੀ ਪਰਵ ੧੦ । ਆਯਤ ੩੪। ੩੫। ੩੬ ॥

(ਸਮੀਖਛਕ) ਇਹ ਓਹੀ ਸ਼ਿੱਸ਼ ਹਨ ਜਿਨਾਂ ਵਿਚੋਂ ਇਕ ੩੦) ਤੀਹ ਰੁਪਯਾਂ ਦੇ ਲੋਭ ਉੱਪਰ ਈਸਾ ਨੂੰ ਪਕੜਵਾਵੇਗਾ ਅਰ ਹੋਰ ਮੁਕਰ ਕੇ ਵਖੋ ਵਖ ਨੱਸਨਗੇ, ਭਲ਼ਾ ਏਹ ਗੱਲਾਂ ਜਦ ਵਿਦਿਆ ਹੀ ਨਾਲੋਂ ਉਲ਼ਟੀਆਂ ਹਨ ਕਿ ਭੂਤਾਂ ਦਾ ਆਉਨਾ ਵਾ ਕੱਢਨਾ ਬਿਨਾ ਦਵਾਈ ਵਾ ਪਰਹੇਜ਼ ਦੇ ਦੁਖਾਂ ਦਾਦੂਰ ਹੋਨਾ ਸ੍ਰਿਸ਼ਟੀਕ੍ਰਮ ਥੀਂ ਨਹੀਂ ਹੋਸਕਦਾ ਹੈ, ਏਸ ਵਾਸਤੇ ਅਜੇਹੀਆਂ ਅਜੇਹੀਆਂ ਗੱਲ਼ਾਂ ਦਾ ਮੰਨਨਾ ਅਗਿਆਨੀਆਂ ਦਾ ਕੰਮ ਹੈ, ਜੇਕਰ ਜੀਵ ਬੋਲਨ ਵਾਲੇ ਨਹੀਂ, ਈਸ਼੍ਵਰ ਬੋਲਨ ਵਾਲਾ ਹੈ ਤਾਂ ਜੀਵਕੀ ਕੰਮ ਕਰਦੇ ਹਨ ? ਅਰ ਸੱਚ ਵਾ ਝੂਠ ਕਹਿਨ ਦੇ ਫਲ਼ ਸੁਖ ਵਾ ਦੁਖ ਨੂੰ ਈਸ਼੍ਵਰ ਹੀ ਭੋਗਦਾ ਹੋਵੇਗਾ ਇਹ ਭੀ ਇਕ ਝੂਠੀ ਗੱਲ਼ ਹੈ, ਅਰ ਜਿਹਾ ਈਸਾ ਫੁਟ ਕਰਾਨ ਅਰ ਲੜਾਨ ਨੂੰ ਆਇਆ ਸੀ ਓਹੀ ਅੱਜ ਕਲ ਲੜਾਈ ਲੋਗਾਂ ਵਿਚ ਚਲਾ ਰਹਿਆ ਹੈ, ਇਹ ਕਿਸ ਤਰਾਂ ਦੀ ਬੜੀ ਬੁਰੀ ਗੱਲ਼ ਹੈ ਕਿ ਫੁੱਟ ਕਰਾਨ ਥੀਂ ਹਮੇਸ਼ਾ ਮਨੁਸ਼ਾਂ ਨੂੰ ਦੁਖ ਹੁੰਦਾ ਹੈ, ਅਰ ਈਸਾਈਆਂ ਨੇ ਇੱਸੇ ਨੂੰ ਗੁਰੂ ਮੰਤ੍ ਸਮਝ ਲਿਆ ਹੋਵੇਗਾ, ਕਿਉਂਕਿ ਇਕ ਦੂਜੇ ਦੀ ਫੁਟ ਈਸਾ ਹੀ ਅੱਛੀ ਮੰਨਦਾ ਸੀ ਤਾਂ ਇਹ ਕਿਉਂ ਨਹੀਂ ਮੰਨਦੇ ਹੋਨਗੇ, ਇਹ ਈਸਾ ਹੀ ਦਾ ਕੰਮ ਹੋਵੇਗਾ ਕਿ ਘਰ ਦੇ ਲੋਗਾਂ ਦੇ ਦੁਸ਼ਮਨ ਘਰ ਦੇ ਲੋਗਾਂ ਨੂੰ ਬਨਾਨਾ, ਇਹ ਅੱਛੇ ਮਨੁਸ਼ਾਂ ਦਾ ਕੰਮ ਨਹੀਂ ॥ ੭੧ ॥

੭੨—ਤਦ ਯਸੂ ਨੇ ਉਨ੍ਹਾ ਨੂੰ ਕਹਿਆ ਤੁਹਾਡੇ ਪਾਸ ਕਿੰਨੀਆਂ ਰੋਟੀਆਂ ਹਨ? ਉਨਾਂਨੇ ਕਹਿਆਸੱਤ,ਅਰਛੋਟੀਆਂਮੱਛੀਆਂ,ਤਦ ਉਸਨੇ ਲੋਗਾਂਨੂੰ ਜ਼ਮੀਨ ਉਪਰ ਬੈਠਨ ਦੀ ਆਗਿਆ ਦਿਤੀ, ਤਦ ਉਸਨੇ ਉਨਾਂ ਸੱਤਾਂ ਰੋਟੀਆਂ ਨੂੰ ਅਰ ਮੱਛੀਆਂ ਨੂੰ ਧੱਨ ਮੰਨਕੇ ਤੋੜਿਆ ਅਰ ਅਪਨੇ ਸ਼ਿੱਸ਼ਾਂਨੂੰ ਦਿੱਤਾ, ਅਰ ਸ਼ਿੱਸ਼ਾਂ ਨੇ ਲੋਗਾਂ ਨੂੰ ਦਿੱਤਾ, ਓਹ ਸਾਰੇ ਖਾਕੇ ਰੱਜ ਗਏ, ਅਰ ਜੇਹੜੇ ਟੋਟੇ ਬਚ ਰਹੇ

Generated by CamScanner from intsig.com

ਉਨਾਂ ਦੇ ਸਤ ਟੋਕਰੇ ਭਤੇ ਉਠਾਏ, ਜਿਨਾਂ ਨੇ ਖਾਧਾ ਓਹ ਇਸਤ੍ਰੀਆਂ ਅਰ ਬਾਲਕਾਂ ਨੂੰ ਛਡ ਚਾਰ ਹਜ਼ਾਰ ਸਨ ॥ ਇੰਜੀਲ ਮੱਤੀ ਪਰਵ ੧੫ । ਆਯਤ ੩੪। ੩੫। ੩੬। ੩੭। ੩੯। ੩੯ ॥

(ਸਮੀਖਛਕ) ਹੁਨ ਦੇਖੋ ! ਕੀ, ਇਹ ਅੱਜ ਕੱਲਦੇ ਝੂਠੇ ਕਰਾਮਾਤੀਆਂ ਅਰ ਮਦਾਰੀ ਆਦੀ ਦੇ ਵਾਛਣ ਛਲ ਦੀਆਂ ਗੱਲਾਂ ਨਹੀਂ ਹਨ ? ਉਨ੍ਹਾਂ ਰੋਟੀਆਂ ਵਿਚ ਹੋਰ ਰੋਟੀਆਂ ਕਿੱਥੋਂ ਥੀਂ ਆ ਗਈਆਂ ? ਜੇਕਰ ਈਸਾ ਵਿਚ ਅਜੇਹੀਆਂ ਕਰਾਮਾਤਾਂ ਹੁੰਦੀਆਂ ਤਾਂ ਆਪ ਭੁੱਖਾ ਹੋਇਆ ਗੂਲਰ ਦੇ ਫਲ ਖਾਨ ਨੂੰ ਭਟਕਿਆ ਕਰਦਾ ਸੀ ਅਪਨੇ ਵਾਸਤੇ ਮਿੱਟੀ, ਪਾਨੀ ਅਰ ਪੱਥਰ ਆਦੀ ਥੀਂ ਕੜਾਹ ਰੋਟੀਆਂ ਕਿਉਂ ਨਾ ਬਨਾ ਲਈਆਂ ? ਇਹ ਸਾਰੀਆਂ ਗੱਲਾਂ ਮੁੰਡਿਆਂ ਦੀ ਖੇਡ ਦੀਆਂ ਹਨ, ਜਿਸ ਤਰਾਂ ਕਿੰਨੇ ਹੀ ਸਾਧੂ ਬਿਰਾਗੀ ਅਜੇਹੀਆਂ ਛਲ ਦੀਆਂ ਗੱਲਾਂ ਕਰਕੇ ਭੋਲੇ ਮਨੁਖ਼ਾਂ ਨੂੰ ਠੱਗਦੇ ਹਨ ਉਸਤਰਾਂ ਇਹ ਭੀ ਹਨ ॥ ੭੨ ॥

੭੩–ਅਰ ਤਦ ਓਹ ਹਰ ਇਕ ਮਨੁਖ਼ ਨੂੰ ਉਸਦੇ ਕਰਮ ਦੇ ਅਨੁਸਾਰ ਫਲ ਦੇਵੇਗਾ ॥ ਇੰਜੀਲ ਮਤੀ ਪਰਵ ੧੬ । ਆਯਤ ੨੭ ॥

(ਸਮੀਖਛਕ) ਜਦ ਕਰਮਾਂ ਦੇ ਅਨੁਸਾਰ ਫਲ ਦਿੱਤਾ ਜਾਵੇਗਾ ਤਾਂ ਈਸਾਈਆਂ ਦਾ ਪਾਪ ਖਛਮਾ ਹੋਨ ਦਾ ਉਪਦੇਸ਼ ਕਰਨਾ ਨਿਕੰਮਾ ਹੈ, ਅਰ ਓਹ ਸੱਚਾ ਹੋਵੇ ਤਾਂ ਇਹ ਝੂਠਾਹੋਵੇ, ਜੇਕਰ ਕੋਈ ਕਹੇ ਕਿ ਖਛਮਾ ਕਰਨ ਦੇ ਯੋਗ ਖਛਮਾ ਕੀਤੇ ਜਾਂਦੇ, ਅਰ ਖਛਮਾ ਨਾ ਕਰਨ ਦੇ ਯੋਗ ਖਛਮਾ ਨਹੀਂ ਕੀਤੇ ਜਾਂਦੇ ਹਨ ਇਹ ਭੀ ਠੀਕ ਨਹੀਂ, ਕਿਉਂਕਿ ਸਾਰੇ ਕਰਮਾਂ ਦਾ ਫਲ ਯਥਾਯੋਗ ਦੇਨ ਹੀ ਥੀਂ ਨਿਆਯ ਅਰ ਪੂਰੀ ਦਇਆ ਹੁੰਦੀ ਹੈ ॥ ੭੩ ॥

੭੪–ਹੇ ਨਾ ਨਿਸ਼ਚੇ ਵਾਲੇ ਅਰ ਹਠ ਵਾਲੇ ਲੋਗੋ ! ਮੈਂ ਤੁਹਾਨੂੰ ਸਚ ਕਹਿੰਦਾਂ ਹਾਂ ਜੇਕਰ ਤੁਹਾਨੂੰ ਰਾਈ ਦੇ ਇਕ ਦਾਨੇ ਬਰਾਬਰ ਨਿਸ਼ਚਾ ਹੋਵੇਤਾਂ ਤੁਸੀਂ ਏਸ ਪਹਾੜ ਨੂੰ ਜੇ ਕਹੋਗੇ ਕਿ ਏਥੋਂ ਥੀਂ ਉੱਥੇ ਚਲਾ ਜਾਹ ਓਹ ਚਲਿਆ ਜਾਵੇਗਾ, ਅਰ ਕੋਈ ਕੰਮ ਤੁਹਾਡੇ ਥੀਂ ਅਸਾਧਜ ਨਹੀਂ ਹੋਵੇਗਾ ॥ ਇੰਜੀਲ ਮੱਤੀ ਪਰਵ ੧੭ । ਆਯਤ ੧੭ । ੩੦ ॥

(ਸਮੀਖਛਕ) ਹੁਨ ਜੋ ਈਸਾਈ ਲੋਗ ਉਪਦੇਸ਼ ਕਰਦੇ ਫਿਰਦੇ ਹਨ ਕਿ "ਆਓ ਸਾਡੇ ਮਤ ਵਿਚ ਪਾਪ ਖਛਮਾ ਕਰਾਓ ਮੁਕਤੀ ਪਾਓ" ਆਦੀ ਓਹ ਸਾਰੀ ਝੂਠੀ ਗੱਲ ਹੈ, ਕਿਉਂਕਿ ਜੇਕਰ ਈਸਾ ਵਿਚ ਪਾਪ ਛੁਡਾਨ, ਨਿਸ਼ਚਾ ਜਮਾਨ ਅਰ ਪਵਿਤ੍ਰ ਕਰਨ ਦਾ ਬਲ ਹੁੰਦਾ ਤਾਂ ਅਪਨੇ ਸ਼ਿੱਸ਼ਾਂ ਦੇ ਆਤਮਾ ਨੂੰ ਨਿਸ਼ਪਾਪ ਵਿਸ਼ੂਸੀ, ਪਵਿਤ੍ਰ ਕਿਉਂਨਾਕਰਦਿੰਦਾ ? ਜਿਹੜੇ ਈਸਾ ਦੇ ਨਾਲ ਨਾਲ ਫਿਰਦੇ ਸਨ ਜਦ ਉਨ੍ਹਾਂਹੀ ਨੂੰ ਸ਼ੁੱਧ ਵਿਸ਼ੂਾਸੀ ਅਰ ਕਲਿਆਣ ਨਾ ਕਰ ਸੱਕਿਆ ਜੋ ਓਹ ਮਰੇ ਉੱਪਰ ਨਾ ਜਾਨੇ ਕਿੱਥੇ ਹਨ? ਏਸ ਵੇਲੇ ਪਵਿਤ੍ਰ

Generated by CamScanner from intsig.com

ਕਿਸੇ ਨੂੰ ਨਹੀਂ ਕਰ ਸੱਕੇਗਾ, ਜਦ ਈਸਾ ਦੇ ਚੇਲੇ ਰਾਈ ਭਰ ਵਿਸ਼੍ਵਾਸ ਥੀਂ ਰਹਿਤ ਸਨ ਅਰ ਉਨ੍ਹਾਂ ਨੇਹੀ ਇਹ ਇੰਜੀਲਪੁਸਤਕ ਬਨਾਈਹੈ ਤਦ ਇਸ ਦਾ ਪ੍ਰਮਾਣ ਨਹੀਂ ਹੋਸਕਦਾ, ਕਿਉਂਕਿ ਜਿਹੜਾ ਅਵਿਸ਼੍ਵਾਸੀ ਅਪਵਿਤ੍ਰ ਆਤ੍ਮਾ ਅਧਰਧੀ ਮਨੁਸ਼ਾਂ ਦਾ ਲੇਖ ਹੁੰਦਾ ਹੈ ਉਸ ਉੱਪਰ ਵਿਸ਼੍ਵਾਸ ਕਰਨਾ ਕਲਿਆਣ ਦੀ ਇਛਿਆਂ ਕਰਨ ਵਾਲੇ ਮਨੁਸ਼ਾਂ ਦਾ ਕੰਮ ਨਹੀਂ, ਅਰ ਇਸ ਥੀਂ ਇਹ ਭੀ ਮਿੱਧ ਹੋ ਸਕਦਾ ਹੈ ਕਿ ਜੇਕਰ ਈਸਾ ਦਾ ਵਚਨ ਸੱਚਾ ਹੈ ਤਾਂ ਕਿਸੇ ਈਸਾਈ ਵਿੱਚ ਇਕ ਰਾਈ ਦੇ ਦਾਨੇ ਦੇ ਬਰਾਬਰ ਵਿਸ਼੍ਵਾਸ ਅਰਥਾਤ ਈਮਾਨ ਨਹੀਂ ਹੈ, ਜੋ ਕੋਈ ਕਹੇ ਕਿ ਅਸਾਂ ਵਿਚ ਪੂਰਾ ਵਾ ਥੋੜ੍ਹ ਵਿਸ਼੍ਵਾਸ ਹੈ ਤਾਂ ਉਸਨੂੰ ਕਹਿਨਾ ਕਿ ਤੁਸੀਂ ਇਸ ਪਹਾੜ ਨੂੰ ਰਸਤੇ ਵਿਚੋਂ ਹਟਾ ਦੇਓ, ਜੇਕਰ ਉਨ੍ਹਾਂ ਦੇ ਹਟਾਨ ਥੀਂ ਹਟ ਜਾਵੇ ਤਾਂ ਭੀ ਪੂਰਾ ਵਿਸ਼੍ਵਾਸ ਨਹੀਂ, ਕਿੰਤੂ ਇਕ ਰਾਈ ਦੇ ਦਾਨੇ ਦੇ ਬਰਾਬਰ ਹੈ, ਅਰ ਜੋ ਨਾ ਹਟਾ ਸੱਕੇ ਤਾਂ ਸਮਝੋ ਇੱਕ ਬੂੰਦ ਭੀ ਵਿਸ਼੍ਵਾਸ, ਈਮਾਨ ਅਰਥਾਤ ਧਰਮ ਦਾ ਈਸਾਈਆਂ ਵਿਚ ਨਹੀਂ ਹੈ, ਜੇਕਰ ਕੋਈ ਕਹੇ ਕਿ ਇੱਥੇ ਅਭਿਮਾਨ ਆਦੀ ਦੋਸ਼ਾਂ ਦਾ ਨਾਮ ਪਹਾੜ ਹੈ ਤਾਂ ਭੀ ਠੀਕ ਨਹੀਂ, ਕਿਉਂਕਿ ਜੇ ਅਜੇਹਾ ਹੋਵੇ ਤਾਂ ਮੁਰਦੇ, ਅੰਨ੍ਹੇ, ਕੋਹੜੇ ਭੂਤਗ੍ਰਸਤਾਂ ਨੂੰ ਚੰਗਾ ਕਹਿਨਾ ਭੀ ਆਲਸੀ, ਅਗਿਆਨੀ, ਵਿਸ਼ਯੀ ਅਰ ਭ੍ਰਮ ਵਾਲਿਆਂ ਨੂੰ ਬੋਧ ਕਰਕੇ ਸਿਆਨਾ ਰਾਜੀ ਕੀਤਾ ਹੋਵੇਗਾ, ਜੋ ਏਸਤਰਾਂ ਮੰਨਨ ਤਾਂ ਭੀ ਠੀਕ ਨਹੀਂ, ਕਿਉਂਕਿ ਜੋ ਏਸਤਰਾਂ ਹੁੰਦਾ ਤਾਂ ਅਪਨੇ ਸ਼ਿੱਸ਼ਾਂ ਨੂੰ ਅਜੇਹਾ ਕਿਉਂ ਨਾ ਕਰ ਸਕਦਾ ? ਏਸ ਵਾਸਤੇ ਅਨਹੁੰਦੀ ਗੱਲ ਕਹਿਨੀ ਈਸਾ ਦੀ ਅਗਿਆਨਤਾ ਨੂੰ ਜਨਾਂਦੀ ਹੈ। ਭਲਾ ਜੋ ਕੁਝ ਭੀ ਈਸਾ ਵਿਚ ਵਿਦਿਆ ਹੁੰਦੀ ਤਾਂ ਅਜੇਹੀ ਹਨੇਰਚੌਦਸ ਜੰਗਲੀਪਨ ਦੀ ਗੱਲ ਕਿਉਂ ਕਹਿ ਦਿੰਦਾ ? ਤਾਂ ਭੀ (ਨਿਰਸਤ-ਪਾਦਪੇ ਦੇਸ਼ੇ ਏਰੰਡੋ ਅਪਿ ਦ੍ਰੁਮਾਯਤੇ) ਜਿਸਤਰਾਂ ਜਿਸ ਦੇਸ਼ ਵਿਚ ਕੋਈ ਭੀ ਬ੍ਰਿਖ਼ਛ ਨਾ ਹੋਵੇ ਤਾਂ ਉਸ ਦੇਸ਼ ਵਿਚ ਏਰੰਡ ਦਾ ਬ੍ਰਿਖ਼ਛ ਹੀ ਸਾਰਿਆਂ ਨਾਲੋਂ ਵੱਡਾ ਅਰ ਅੱਛਾ ਗਿਨਿਆ ਜਾਂਦਾ ਹੈ, ਉੱਸ ਤਰਾਂ ਮਹਾਜੰਗਲੀ ਅਵਿਦਵਾਨਾਂ ਦੇ ਦੇਸ਼ ਵਿਚ ਈਸਾ ਦਾ ਭੀ ਹੋਨਾ ਠੀਕ ਸੀ, ਪਰ ਅੱਜਕੱਲ ਈਸਾ ਦੀ ਕੀ ਗਿਨਤੀ ਹੋਸਕਦੀ ਹੈ ? ॥ ੨੪ ॥

੨੫—ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਜੋ ਤੁਸੀਂ ਮਨ ਨਾ ਫਿਰਾਓ ਅਰ ਬਾਲਕਾਂ ਦੇ ਵਾਙਣ ਨਾ ਹੋ ਜਾਓ ਤਾਂ ਸ੍ਵਰਗ ਦੇ ਰਾਜ ਵਿਚ ਪ੍ਰਵੇਸ਼ ਕਰਨੇ ਪਾਓਗੇ ॥ ਇੰਜੀਲ। ਮ੦ ਪ੦ ੧੮। ਆਯਤ ੩ ॥

(ਸਮੀਖਛਕ) ਜਦ ਅਪਨੀ ਮਰਜ਼ੀ ਨਾਲ ਮਨ ਦਾ ਫਿਰਾਨਾ ਸ੍ਵਰਗ ਦਾ ਕਾਰਣ ਅਰ ਨਾ ਫਿਰਾਨਾ ਨਰਕ ਦਾ ਕਾਰਣ ਹੈ ਤਾਂ ਕੋਈ ਕਿਸੇ ਦਾ ਪਾਪ ਪੁੰਨ ਕਦੀ ਨਹੀਂ ਲੈ ਸਕਦਾ, ਅਜੇਹਾ ਸਿੱਧ ਹੁੰਦਾ ਹੈ ਕਿ ਬਾਲਕ ਦੇ ਵਾਙਣ ਹੋਨੇ ਦੇ ਲੇਖ ਥੀਂ ਇਹ ਮਲੂਮ ਹੁੰਦਾ ਹੈ ਕਿ ਈਸਾ ਦੀਆਂ ਗੱਲਾਂ ਵਿਦਿਆ ਅਰ

Generated by CamScanner from intsig.com

ਸ੍ਰਿਸ਼ਟੀ ਕ੍ਰਮ ਥੀਂ ਬਹੁਤ ਸਾਰੀਆਂ ਵਿਰੁਧ ਸਨ, ਅਰ ਇਹਭੀ ਉਸਦੇ ਮਨ ਵਿਚ ਸੀ ਕਿ ਲੋਗ ਮੇਰੀਆਂ ਗੱਲਾਂ ਨੂੰ ਬਾਲਕ ਵਾਙਣ ਮੰਨਲੈਂਨ ਪੁੱਛਨ ਗਿੱਛਨ ਕੁਝ ਭੀ ਨਹੀਂ, ਅੱਖਾਂ ਬਨ੍ਹ ਕੇ ਮੰਨ ਲੈਂਨ, ਬਹੁਤਸਾਰੇ ਈਸਾਈਆਂ ਦੀ ਬਾਲਬੁੱਧੀ ਵਾਙਣ ਚੇਸ਼ਟਾ ਹੈ ਨਹੀਂ ਤਾਂ ਅਜੇਹੀ ਯੁਕਤੀ ਵਿਦਿਆ ਥੀਂ ਉਲਟੀਆਂ ਗੱਲਾਂ ਕਿਉਂ ਮੰਨਦੇ ? ਅਰ ਏਹ ਭੀ ਸਿੱਧ ਹੋਇਆ ਜੇਕਰ ਈਸਾ ਆਪ ਅਨਪੜ੍ਹਿਆ ਬਾਲਕਬੁੱਧੀ ਨਾ ਹੁੰਦਾ ਤਾਂ ਹੋਰਨਾਂ ਨੂੰ ਬਾਲਕ ਵਾਙਣ ਬਨਨ ਦਾ ਉਪਦੇਸ਼ ਕਿਉਂ ਕਰਦਾ ? ਕਿਉਂਕਿ ਜੋ ਜਿਹਾ ਹੁੰਦਾ ਹੈ ਓਹ ਦੂਜੇ ਨੂੰ ਭੀ ਅਪਨੇ ਵਾਙਣ ਬਨਾਨਾ ਚਾਹੁੰਦਾ ਹੀ ਹੈ ॥ ੭੫ ॥

੭੬—ਮੈਂ ਤੁਹਾਨੂੰ ਸੱਚ ਕਹਿਨਾ ਹਾਂ ਧਨਵਾਨਾਂ ਨੂੰ ਸ੍ਵਰਗ ਦੇ ਰਾਜ ਵਿਚ ਪ੍ਰਵੇਸ਼ ਕਰਨਾ ਔਖਾ ਹੋਵੇਗਾ, ਫਿਰ ਭੀ ਮੈਂ ਤੁਹਾਨੂੰ ਕਹਿੰਦਾ ਹਾਂ ਕਿ ਈਸ਼੍ਵਰ ਦੇ ਰਾਜ ਵਿਚ ਧਨਵਾਨ ਦੇ ਪ੍ਰਵੇਸ਼ ਕਰਨ ਥੀਂ ਊਠ ਦਾ ਸੂਈ ਦੇ ਨੱਕੇ ਵਿਚੋਂ ਜਾਨਾ ਸੁਖੱਲਾ ਹੈ। ਇੰਜੀਲ ਮ੦ ਪ੦ ੧੯। ਆਯਤ ੨੩ । ੨੪ ॥

(ਸਮੀਖਛਕ) ਏਸ ਥੀਂ ਇਹੋ ਸਿੱਧ ਹੁੰਦਾ ਹੈ ਕਿ ਈਸਾ ਕੰਗਾਲਸੀ, ਧਨਵਾਨ ਲੋਗ ਉਸਦੀ ਵਡਿਆਈ ਨਾ ਕਰਦੇ ਹੋਨਗੇ, ਏਸ ਵਾਸਤੇ ਇਹ ਲਿਖਿਆ ਹੋਵੇਗਾ, ਪਰੰਤੂ ਇਹ ਗੱਲ ਮੰਦ ਨਹੀਂ, ਕਿਉਂਕਿ ਧਨਵਾਨਾਂ ਅਰ ਗਰੀਬਾਂ ਵਿਚ ਅੱਛੇ ਬੁਰੇ ਹੁੰਦੇ ਹਨ, ਜੋ ਕੋਈ ਅੱਛਾ ਕੰਮ ਕਰ ਓਹ ਅੱਛਾ, ਅਰ ਬੁਰਾ ਕਰੇ ਓਹ ਬੁਰਾ ਫਲ ਪਾਉਂਦਾ ਹੈ, ਅਰ ਏਸ ਥੀਂ ਇਹ ਭੀ ਸਿੱਧ ਹੁੰਦਾ ਹੈ ਕਿ ਈਸਾ ਈਸ਼੍ਵਰ ਦਾ ਰਾਜ ਕਿਸੇ ਵਿਸ਼ੇਸ਼ ਵਿਚ ਮੰਨਦਾ ਸੀ ਸਭ ਜਗਹ ਨਹੀਂ, ਜਦ ਐਸਾ ਹੈ ਤਾਂ ਓਹ ਈਸ਼੍ਵਰ ਹੀ ਨਹੀਂ, ਜੋ ਈਸ਼੍ਵਰ ਹੈ ਉਸਦਾ ਰਾਜ ਸਭ ਜਗਹ ਹੈ, ਫੇਰ ਉਸ ਵਿਚ ਪ੍ਰਵੇਸ਼ ਕਰੇਗਾ ਵਾ ਨਾ ਕਰੇਗਾ ਏਹ ਕਹਨਾ ਨਿਰਾ ਅਵਿਦਿਆ ਦੀ ਗੱਲ ਹੈ, ਏਸ ਥਾਂ ਏਹ ਭੀ ਆਇਆ ਕਿ ਜਿੰਨੇ ਈਸਾਈ ਧਨ ਵਾਲੇ ਹਨ ਕੀ ਓਹ ਸਾਰੇ ਨਰਕਹੀ ਵਿੱਚ ਜਾਨਗੇ?ਅਰਕੰਗਾਲ ਸਾਰੇ ਸ੍ਵਰਗ ਵਿਚ ਜਾਨਗੇ?ਭਲਾ ਥੋੜਾ ਜਿਹਾ ਵਿਚਾਰ ਤਾਂ ਈਸਾਮਸੀਹ ਕਰਦੇ ਕਿ ਜਿੱਨੀ ਸਾਮਗ੍ਰੀ ਸ਼ਾਹੂਕਾਰਾਂ ਦੇ ਪਾਸ ਹੁੰਦੀ ਹੈ ਉਂਨੀ ਕੰਗਾਲਾਂ ਪਾਸ ਨਹੀਂ, ਜੇਕਰ ਧਨਾਢਜ ਲੋਗ ਵਿਚਾਰ ਕਰਕੇ ਧਰਮ ਦੇ ਰਸਤੇ ਵਿਚ ਖਰਚ ਕਰਨ ਤਾਂ ਕੰਗਾਲ ਨੀਚਗਤੀ ਵਿਚ ਪਏ ਰਹਿਨ ਅਰ ਧਨਾਢਜ ਉੱਤਮਗਤੀ ਨੂੰ ਪ੍ਰਾਪਤ ਹੋ ਸੱਕਦੇ ਹਨ ॥ ੭੬ ॥

੭੭—ਯੱਸੂ ਨੇ ਉਨ੍ਹਾਂ ਨੂੰ ਕਹਿਆ ਮੈਂ ਤੁਹਾਨੂੰ ਸੱਚ ਕਹਿੰਦਾ ਹਾਂ ਕਿ ਨਵੀਂ ਸ੍ਰਿਸ਼ਟੀ ਵਿਚ ਜਦ ਮਨੁਸ਼ ਦਾ ਪੁਤ੍ਰ ਅਪਨੇ ਐਸ਼੍ਵਰਯ ਦੇ ਸਿੰਘਾਸਨ ਉੱਪਰ ਬੈਠੇਗਾ ਤਦ ਤੁਸੀਂ ਭੀ ਜੋ ਮੇਰੇ ਪਿੱਛੇ ਚਲ ਪਏ ਹੋ ਬਾਹਰ ਸਿੰਘਾਸਨਾਂ ਉੱਪਰ ਬੈਠ ਇਸਰਾਏਲ ਦੇ ਬਾਰਾਂ ਕੁਲਾਂ ਦਾ ਨਿਆਯ ਕਰੋਗੇ, ਜਿਸ ਕਿਸੇ ਨੇ ਮੇਰੇ ਨਾਮਦੇ ਵਾਸਤੇ ਘਰਾਂ ਵਾ ਭਰਾਵਾਂ ਵਾ ਭੈਣਾਂ ਵਾ ਪਿਉ ਵਾ ਮਾਂ ਵਾ

Generated by CamScanner from intsig.com

ਇਸਤ੍ਰੀ ਵਾ ਮੁੰਡਿਆਂ ਵਾ ਭੂਮੀ ਨੂੰ ਤਿਆਗਿਆ ਹੈ ਓਹ ਸੌ ਗੁਣਾ ਪਾਵੇਗਾ, ਅਰ ਅਨੰਤ ਜੀਵਨ ਦਾ ਅਧਿਕਾਰੀ ਹੋਵੇਗਾ॥ ਇੰਜੀਲ ਮੱ੦। ਪ੦ ੧੯। ਆਯਤ ੨੮। ੨੯॥

(ਸਮੀਖਛਕ) ਹੁਨ ਵੇਖੋ! ਈਸਾ ਦੇ ਅੰਦਰ ਦੀ ਲੀਲਾ ਕਿ ਮੇਰੇ ਜਾਲ ਥੀਂ ਮੋਏ ਪਿੱਛੇ ਭੀ ਲੋਗ ਨਾ ਨਿਕਲ ਜਾਨ, ਅਰ ਜਿਸਨੇ ੩੦) ਰੁਪਯੇ ਦੇ ਲੋਭ ਥੀਂ ਅਪਨੇ ਗੁਰੂ ਨੂੰ ਪਕੜਮਰਵਾਇਆ, ਅਜੇਹੇ ਪਾਪੀ ਭੀ ਏਸਦੇ ਪਾਸ ਸਿੰਘਾਸਨ ਉੱਪਰ ਬੈਠਨਗੇ. ਅਰ ਇਸਰਾਏਲ ਦੀ ਕੁਲਦਾ ਪਖਛਪਾਤ ਥੀਂ ਨਿਆਯਹੀ ਨਾ ਕੀਤਾ ਜਾਵੇਗਾ, ਕਿੰਤੂ ਉਨਹਾਂਦੇ ਸਾਰੇ ਗੁਣ ਮਾਫ ਅਰ ਹੋਰਨਾਂ ਕੁਲਾਂ ਦਾ ਨਿਆਯ ਕਰਨਗੇ, ਅਨੁਮਾਨ ਹੁੰਦਾ ਹੈ ਇੱਸੇ ਥੀਂ ਈਸਾਈ ਲੋਗ ਈਸਾਈਆਂ ਦਾ ਬਹੁਤ ਪਖਛਪਾਤ ਕਰਕੇ ਕਿਸੇ ਗੋਰੇ ਨੇ ਕਾਲੇ ਨੂੰ ਮਾਰ ਦਿੱਤਾ ਹੋਵੇ ਤਾਂ ਭੀ ਬਹੁਤਾ ਪਖਛਪਾਤ ਥੀਂ ਬੇਕਸੂਰਾ ਕਰਕੇ ਛੱਡ ਦਿੰਦੇ ਹਨ, ਅਜੇਹਾ ਹੀ ਈਸਾ ਦੇ ਸ੍ਵਰਗ ਦਾ ਨਿਆਯ ਹੋਵੇਗਾ, ਅਰ ਏਸ ਥੀਂ ਵਡਾ ਦੋਸ਼ ਆਉਂਦਾ ਹੈ, ਕਿਉਂਕਿ ਇਕ ਸ੍ਰਿਸ਼ਟੀ ਦੇ ਆਦਿ ਵਿਚ ਮੋਇਆ ਅਰ ਇਕ ਕਿਆਮਤ ਦੀ ਰਾਤ ਦੇ ਨਜ਼ਦੀਕ ਮੋਇਆ, ਇਕ ਤਾਂ ਆਦਿ ਥੀਂ ਅੰਤ ਤਕ ਆਸ਼ਾ ਹੀ ਵਿਚ ਪਿਆ ਰਿਹਾ ਕਿ ਕਦ ਨਿਆਯ ਹੋਵੇਗਾ, ਅਰ ਦੂਜੇ ਦਾ ਉੱਸੇ ਵੇਲੇ ਨਿਆਯ ਹੋਗਿਆ ਇਹ ਕਿੰਨਾਂ ਵੱਡਾ ਅਨਿਆਯ ਹੈ, ਅਰ ਜੇਹੜਾ ਨਰਕ ਵਿਚ ਜਾਵੇਗਾ ਸੋ ਬੇਅੰਤ ਕਾਲ ਤਕ ਨਰਕ ਭੋਗੇ, ਅਰ ਜੋ ਸ੍ਵਰਗ ਵਿਚ ਜਾਵੇਗਾ ਓਹ ਹਮੇਸ਼ਾ ਸ੍ਵਰਗ ਭੋਗੇਗਾ ਇਹ ਭੀ ਵੱਡਾ ਅਨਿਆਯ ਹੈ, ਕਿਉਂਕਿ ਅੰਤਵਾਲੇ ਸਾਧਨ ਅਰ ਕਰਮਾਂ ਦਾ ਫਲ ਅੰਤ ਵਾਲਾ ਹੋਨਾ ਚਾਹੀਏ ਅਰ ਬਰਾਬਰ ਪਾਪ ਵਾ ਪੁੰਨ ਦੋ ਜੀਵਾਂ ਦਾ ਭੀ ਨਹੀਂ ਹੋ ਸੱਕਦਾ ਏਸ ਵਾਸਤੇ ਬਰਾਬਰ ਅਵਸਥਾ ਥੀਂ ਵਧੀਕ ਥੋੜੇ ਸੁਖ ਦੁਖ ਵਾਲੇ ਅਨੇਕ ਸ੍ਵਰਗ ਅਰ ਨਰਕ ਹੋਨ ਤਦੇ ਸੁਖ ਦੁਖ ਭੋਗ ਸੱਕਦੇ ਹਨ, ਸੋ ਈਸਾਈਆਂ ਦੀ ਪੁਸਤਕ ਵਿਚ ਕਿਧਰੇ ਵਿਵਸਥਾ ਨਹੀਂ ਏਸ ਵਾਸਤੇ ਇਹ ਪੁਸਤਕ ਈਸ਼੍ਵਰਕ੍ਰਿਤ ਵਾ ਈਸਾ ਈਸ਼੍ਵਰ ਦਾ ਪੁਤ੍ਰ ਕਦੀ ਨਹੀਂ ਹੋ ਸਕਦਾ, ਇਹ ਵਡੇ ਅਨਰਥ ਦੀ ਗੱਲ ਹੈ ਕਿ ਕਦੀ ਭੀ ਕਿਸੇ ਦੇ ਮਾਂ, ਪਿਉ, ਸੌ ਸੌ ਨਹੀਂ ਹੋ ਸਕਦੇ ਕਿੰਤੂ ਇਕ ਦੀ ਇਕ ਮਾਂ, ਅਰ ਇਕ ਹੀ ਪਿਉ ਹੁੰਦਾ ਹੈ, ਅਨੁਮਾਨ ਹੈ ਕਿ ਮੁਸਲਮਾਨਾਂ ਨੇ ਜੋ ਇਕ ਨੂੰ ੭੨ ਇਸਤ੍ਰੀਆਂ ਬਹਿਸ਼ਤ ਵਿਚ ਮਿਲਦੀਆਂ ਹਨ ਲਿਖਿਆ ਹੈ ਸੋ ਇੱਥੋਂ ਥੀਂ ਲਿਆ ਹੋਵੇਗਾ॥੭੭॥

੭੮—ਵੱਡੇ ਵੇਲੇ ਜਦ ਬਹਮ ਘਰ ਨੂੰ ਫਿਰ ਜਾਂਦਾ ਸੀ ਤਦ ਉਸ ਨੂੰ ਭੁੱਖ ਲੱਗੀ, ਅਰ ਰਸਤੇ ਵਿਚ ਇਕ ਗੂਲਰ ਦਾ ਦ੍ਰਖਤ ਵੇਖਕੇ ਓਹ ਉਸ ਪਾਸ ਆਇਆ, ਪਰੰਤੂ ਉਸ ਵਿਚ ਹੋਰ ਕੁਝ ਨਾ ਲੱਭਿਆ ਨਿਰੇ ਪਤ੍ਰ ਅਰ ਉਸਨੂੰ ਕਹਿਆ ਤੇਰੇ ਵਿਚ ਫਿਰ ਕਦੀ ਫਲ ਨਾ ਲੱਗਨਗੇ, ਏਸ ਉਪਰ ਗੂਲਰ ਦਾ ਦ੍ਰਖਤ ਤੁਰਤ ਸੁੱਕਗਿਆ॥ ਇੰਜੀਲ। ਮੱ੦ ਪ੦ ੨੧। ਆਯਤ ੧੮। ੧੯॥

Generated by CamScanner from intsig.com

(ਸਮੀਖਛਕ) ਸਾਰੇ ਪਾਦਰੀ ਲੋਗ ਈਸਾਈ ਕਹਿੰਦੇ ਹਨ ਕਿ ਓਹ ਵਡਾ ਸ਼ਾਂਤੀ ਵਾਲਾ ਅਰ ਮਨ ਰੋਕਨ ਵਾਲਾ ਅਰ ਕ੍ਰੋਧ ਆਦੀ ਦੋਸ਼ਾਂ ਥੀਂ ਬਿਨਾ ਸੀ, ਪਰੰਤੂ ਏਸ ਗੱਲ ਦੇ ਵੇਖਨ ਥੀਂ ਮਲੂਮ ਹੁੰਦਾ ਹੈ ਕਿ ਈਸਾ ਕ੍ਰੋਧੀ ਅਰ ਰੁੱਤ ਦੇ ਗਿਆਨ ਥੀਂ ਰਹਿਤ ਸੀ ਅਰ ਓਹ ਜੰਗਲੀ ਮਨੁੱਸ਼ਪਨ ਦੇ ਸੁਭਾਵ ਸਹਿਤ ਵਰਤਦਾ ਸੀ, ਭਲਾ ਜੋ ਦ੍ਰਖਤ ਜੜ ਪਦਾਰਥ ਹੈ ਉਸਦਾ ਕੀ ਕਸੂਰ ਸੀ ਕਿ ਉਸਨੂੰ ਸਰਾਪ ਦਿੱਤਾ ਅਰ ਓਹ ਸੁੱਕ ਗਿਆ, ਏਸ ਦੇ ਸਰਾਪ ਥੀਂ ਤਾਂ ਨਾ ਸੁੱਕਿਆ ਹੋਵੇਗਾ ਕਿੰਤੂ ਕੋਈ ਅਜੇਹੀ ਦਵਾਈ ਪਾਉਨ ਥੀਂ ਸੁੱਕ ਗਿਆ ਹੋਵੇ ਤਾਂ ਆਸ਼ਚਰਯ ਨਹੀਂ ॥ ੭੮ ॥

੭੯—ਉਨ੍ਹਾਂ ਦਿਹਾੜਿਆਂ ਦੁਖ ਦੇ ਪਿੱਛੇ ਤੁਰਤ ਸੂਰਯ ਅੰਧਿਆਰਾ ਹੋ ਜਾਵੇਗਾ, ਅਰ ਚੰਦ੍ਰਮਾਂ ਅਪਨਾ ਚਾਨਨਾ ਨਾ ਦੇਵੇਗਾ, ਤਾਰੇ ਆਕਾਸ਼ ਥੀਂ ਢੈਹ ਪੈਹਨਗੇ, ਅਰ ਆਕਾਸ਼ਦੀ ਸੈਨਾ ਡਿਗ ਜਾਵੇਗੀ ॥ ਇੰਜੀਲ ਮੱਤ ਪ੦ ੨੪ ਆਯਤ ੨੯ ॥

(ਸਮੀਖਛਕ) ਵਾਹ ਜੀ ਈਸਾ! ਤਾਰਿਆਂ ਨੂੰ ਕਿਸ ਵਿਦਿਆ ਨਾਲ ਡਿੱਗ ਪੈਨਾ ਤੁਸਾਂ ਨੇ ਜਾਨਿਆ, ਅਰ ਆਕਾਸ਼ ਦੀ ਸੈਨਾ ਕੇਹੜੀ ਹੈ ਜੋ ਡਿੱਗ ਜਾਵੇਗੀ ? ਜੇਕਰ ਕਦੀ ਈਸਾ ਥੋੜੀ ਭੀ ਵਿਦਿਆ ਪੜ੍ਹਦਾ ਤਾਂ ਜ਼ਰੂਰ ਜਾਨ ਲੈਂਦਾਕਿ ਇਹ ਤਾਰੇ ਭੂਗੋਲ ਹਨ ਕਿਸਤਰਾਂ ਡਿੱਗਨਗੇ, ਏਸਥੀਂ ਮਲੂਮ ਹੁੰਦਾ ਹੈ ਕਿ ਈਸਾ ਤਰਖਾਨ ਦੀ ਕੁਲ ਵਿਚ ਜੰਮਿਆ ਸੀ, ਹਮੇਸ਼ਾ ਲੱਕੜਾਂ ਚੀਰਨੇ, ਛਿਲਨਾ, ਕੱਟਨਾ ਅਰ ਜੋੜਨਾ ਕਰਦਾ ਰਹਿਆ ਹੋਵੇਗਾ, ਜਦ ਲਹਰ ਉਠੀ ਕਿ ਮੈਂ ਭੀ ਏਸ ਜੰਗਲੀ ਦੇਸ਼ ਵਿਚ ਪੈਗੰਬਰ ਹੋ ਸੱਕਾਂਗਾ ਗੱਲਾਂ ਕਰਨ ਲੱਗਾ, ਕਿੰਨੀਆਂ ਗੱਲਾਂ ਉਸਦੇ ਮੁੰਹ ਥੀਂ ਅੱਛੀਆਂ ਭੀ ਨਿਕਲੀਆਂ ਅਰ ਬਹੁਤ ਸਾਰੀਆਂ ਬੁਰੀਆਂ, ਉੱਥੋਂ ਦੇ ਲੋਗ ਜੰਗਲੀ ਸਨ ਮੰਨ ਬੈਠੇ, ਜਿਸਤਰਾਂ ਅੱਜ ਕੱਲ ਯੂਰਪ ਦੇਸ਼ ਉੱਨਤੀ ਵਾਲਾ ਹੈ, ਉੱਸੇਤਰਾਂ ਪਹਿਲਾਂ ਹੁੰਦਾ ਤਾਂ ਈਸਾ ਦੀ ਸਿੱਧਤਾਈ ਕੁਝ ਭੀ ਨਾ ਚਲਦੀ, ਹੁਨ ਕੁਝ ਵਿਦਿਆ ਹੋਏ ਪਿੱਛੇ ਭੀ ਵਿਹਾਰ ਦੇ ਪੇਚ ਅਰ ਹਠ ਥੀਂ ਏਸ ਪੋਲਮਤ ਨੂੰ ਨਾ ਛੱਡਕੇ ਸਰਵਥਾ ਸੱਚੇ ਵੇਦ ਮਾਰਗ ਦੀ ਤਰਫ ਨਹੀਂ ਝੁਕਦੇ ਇਹੋ ਇਨ੍ਹਾਂ ਵਿਚ ਕਸਰ ਹੈ ॥ ੭੯ ॥

੮੦—ਆਕਾਸ਼ ਅਰ ਪ੍ਰਿਥਿਵੀ ਟਲ ਜਾਨਗੇ ਪਰੰਤੂ ਮੇਰੀਆਂ ਗੱਲਾਂ ਕਦੀ ਨਾ ਟਲਨ ਗੀਆਂ ॥ ਇੰਜੀਲ ਮੱਤ ਪ੦ ੨੪। ਆ੦ ੩੫ ॥

(ਸਮੀਖਛਕ) ਇਹ ਭੀ ਗੱਲ ਅਵਿਦਿਆ ਅਰ ਮੂਰਖਤਾ ਦੀ ਹੈ, ਭਲਾ ਆਕਾਸ਼ ਹਲਕੇ ਕਿੱਥੇ ਜਾਵੇਗਾ ? ਜਦ ਆਕਾਸ਼ ਅਤੀਸੂਖਛਮ ਹੋਨ ਥੀਂ ਅੱਖ ਥੀਂ ਦਿੱਸਦਾ ਨਹੀਂ ਤਾਂ ਏਸਦਾ ਹਿੱਲਨਾ ਕੌਨ ਵੇਖ ਸੱਕਦਾ ਹੈ ? ਅਰ ਅਪਨੇ ਮੁਖ ਥੀਂ ਅਪਨੀ ਵਡਿਆਈ ਕਰਨੀ ਅੱਛੇ ਮਨੁਸ਼ਾਂ ਦਾ ਕੰਮ ਨਹੀਂ॥੮੦॥

੮੧—ਤਦ ਓਹ ਉਨ੍ਹਾਂ ਨੂੰ ਜੋ ਖੱਬੇ ਪਾਸੇ ਹਨ ਕਹੇਗਾ ਹੇ ਸ੍ਰਾਪੇ ਹੋਏ ਲੋਗੋ!

Generated by CamScanner from intsig.com

मेरे पास थीं उस अनंत आग विच जाओ जो शैतान अर उसदे दूतां दे वासते तिआर कीती गई है ॥ इंजील मत्ती परव २५। आयत ४१॥

(समीखछक) भला इह किंने वड्डे पखछपात दी गल है जो अपने शिश हन उनां नूं स्वर्ग अर दूजे हन उनां नूं अनंत आग विच सुटना, परंतु जद आकाश ही ना रहेगा तां अनंत आग, नरक, बहिशत किंथे रहनगे ? जे शैतान अर उस दे दूतांनूं ईशुर ना बनांदा तां इंनी नरक दी तिआरी किउं करनी पैंदी ? अर इक शैतान ही ईशुर दे भे थीं ना डरिआ तां ओह ईशुर ही की है, किउं कि उसे दा दूत होके आकी होगिआ, अर ईशुर उस नूं पहिलां ही पकड़के कैदखानें विच ना पा सकिआ, ना मार सकिआ, फेर उसदी ईशुरता की, जिस ने ईशुर नूं भी चाली दिन दुख दिता ? ईसा भी उसदा कुछ ना कर सकिआ तां ईशुर दा पुत्र होना निकंमा होइआ, इस वासते ईसा ना ईशुर दा पुत्र, ना बाइबल दा ईशुर ईशुर हो सकदा है ॥ ९१ ॥

९२–तद बारां शिशां विचों इक 'याहुदह इसकरयोती" नाम इक शिश प्रधान याजकां दे पास गिआ अर आखिआ जो मैं यशु नूं तुसां लोगां दे हथ पकड़वावां तां तुसीं लोग मैनूं की देवोगे ? उनां ने उसनूं तीह रुपये देने नूं ठहराइआ ॥ इंजील मत्ती परव २६। आयत १४। १५ ॥

(समीखछक) हुन देखो ! ईसा दी सारी करामात अर ईशुरता इथे खुल गई, किउंकि जो उसदा प्रधान शिश सी ओह भी उसदे साखछात समे थीं पवित्रात्मा ना होइआ तां होरनां नूं ओह मोइआं पिछे पवित्र आतमा की कर सकेगा ? अर उसदे विशासी लोग उसदे भरोसे किंने ठगे जांदे हन, किउंकि जिसने साखछात संबंध विच चेले दा कुछ कलिआण ना कीता ओह मोए पिछे किसे दा कलिआण की कर सकेगा ॥ ९२ ॥

९३–जद ओह खांदे सन तद यशूने रोटी लैके धंनवाद कीता अर उसनूं तोड़के शिशां नूं दिंता अर किहा लै खाओ। इह मेरा शरीर है अर उसने कटोरा लै लै धंनवाद मंनिआं,अर उनां नूं देकेकिआ तुसीं सारे ऐस थीं पीओ, किउंकि इह मेरा लहू अरथात नवें निअम दा है ॥ इंजील मत्ती परव २६। आयत २६। २७। २८ ॥

(समीखछक)भला इह अजेही गॅल कोई भी भलामानस करेगा

Generated by CamScanner from intsig.com

ਬਿਨਾ ਅਵਿਦਵਾਨ ਜੰਗਲੀ ਮਨੁਸ਼ ਦੇ. ਸ਼ਿੱਸ਼ਾਂ ਥੀਂ ਖਾਨ ਦੀ ਚੀਜ਼ ਨੂੰ ਅਪਨੇ ਮਾਂਸ ਅਰ ਪੀਨ ਦੀ ਚੀਜ਼ਾਂ ਨੂੰ ਲਹੂ ਨਹੀਂ ਕਹ ਸਕਦਾ, ਅਰ ਇਸੇ ਗੱਲ ਨੂੰ ਅੱਜ ਕੱਲ ਦੇ ਈਸਾਈ ਲੋਗ ਪ੍ਰਭੂ ਭੋਜਨ ਕਹਿੰਦੇ ਹਨ ਅਰਥਾਤ ਖਾਨ ਪੀਨ ਦੀਆਂ ਚੀਜ਼ਾਂ ਵਿਚੋਂ ਈਸਾ ਦੇ ਮਾਂਸ ਅਰ ਲਹੂ ਦੀ ਭਾਵਨਾ ਕਰ ਖਾਂਦੇ ਪੀਦੇ ਹਨ ਇਹ ਕਿੰਨੀ ਬੁਰੀ ਗੱਲ ਹੈ ? ਜਿਨ੍ਹਾਂ ਨੇ ਅਪਨੇ ਗੁਰੂ ਦੇ ਮਾਂਸ ਲਹੂ ਨੂੰ ਭੀ ਖਾਨ ਪੀਨ ਦੀ ਭਾਵਨਾ ਕਰਕੇ ਨਾ ਛੱਡਿਆ ਤਾਂ ਹੋਰ ਨੂੰ ਕਿਸ ਤਰਾਂ ਛੱਡ ਸੱਕਦੇ ਹਨ ॥ ੯੩ ॥

੯੪–ਅਰ ਓਹ ਪਿਉ ਨੂੰ ਅਰ ਜਦ ਦੋਹਾਂ ਦੇ ਦੋਹਾਂ ਪੁਤ੍ਰਾਂ ਨੂੰ ਅਪਨੇ ਸੰਗ ਲੈ ਗਿਆ ਅਰ ਸ਼ੋਕ ਕਰਨੇ ਅਰ ਬਹੁਤ ਉਦਾਸ ਹੋਨ ਲਗਾ ਤਦ ਉਸਨੇ ਉਨਾਂ ਨੂੰ ਆਖਿਆ ਕਿ ਮੇਰਾ ਮਨ ਇਥੋਂ ਤਕ ਅਤੀ ਉਦਾਸ ਹੈ ਕਿ ਮੈਂ ਮਰਨ ਉਪਰ ਹਾਂ, ਅਰ ਥੋੜਾ ਅੱਗੇ ਵਧਕੇ ਓਹ ਮੁੰਹ ਦੇ ਭਾਰ ਢੱਠਾ ਅਰ ਅਰਜ਼ ਕੀਤੀ ਹੇ ਮੇਰੇ ਪਿਤਾ ਜੋ ਹੋਸਕੇ ਤਾਂ ਇਹ ਕਟੋਰਾ ਮੇਰੇ ਪਾਸ ਥੀਂ ਟਲਜਾਵੇ ॥ ਇੰਜੀਲ ਮਤੀ ਪਰਵ ੨੬। ਆਯਤ ੩੭। ੩੮। ੩੯ ॥

(ਸਮੀਖਛਕ) ਦੇਖੋ ! ਜੋ ਓਹ ਨਿਰਾ ਮਨੁਸ਼ ਨਾ ਹੁੰਦਾ, ਈਸ਼ੂਰ ਦਾ ਪੁਤ੍ਰ ਅਰ ਤ੍ਰਿਕਾਲਦਰਸ਼ੀ ਅਰ ਵਿਦਵਾਨ ਹੁੰਦਾ ਤਾਂ ਅਜੇਹੀ ਅਯੋਗ ਚੇਸ਼ਟਾ ਨਾ ਕਰਦਾ, ਏਸ ਥੀਂ ਸਪਸ਼ਟ ਮਲੂਮ ਹੁੰਦਾ ਹੈ ਕਿ ਇਹ ਪ੍ਰਪੰਚ ਈਸਾ ਨੇ ਅਥਵਾ ਉਸਦੇ ਚੇਲਿਆਂ ਨੇ ਝੂਠ ਮੂਠ ਬਨਾਇਆਂ ਹੈ ਕਿ ਓਹ ਈਸ਼ੂਰ ਦਾ ਪੁਤ੍ਰ ਪਿਛਲੇ ਅਗਲੇ ਸਮੇ ਦਾ ਜਾਨਨ ਵਾਲਾ ਅਰ ਪਾਪ ਖਛਮਾ ਕਰਦਾ ਹੈ, ਏਸ ਥੀਂ ਸਮਝਨਾ ਚਾਹੀਏ ਇਹ ਨਿਰਾ ਸਾਧਾਰਣ ਸਿੱਧਾ ਸਚਾ ਅਵਿਦਵਾਨ ਸੀ, ਨਾ ਵਿਦਵਾਨ, ਨਾ ਯੋਗੀ, ਨਾ ਕਰਾਮਾਤੀ ਸੀ ॥ ੯੪ ॥

੯੫–ਓਹ ਬੋਲਦਾ ਹੀ ਸੀ ਕਿ ਦੇਖੋ ! ਯਹੂਦਾਹ ਜੋ ਬਾਰਾਂ ਸ਼ਿੱਸ਼ਾਂ ਵਿਚੋਂ ਇਕ ਸੀ ਆ ਪਹੁੰਚਿਆ ਅਰ ਲੋਗਾਂ ਦੇ ਪ੍ਰਧਾਨ ਯਾਜਕਾਂ ਅਰ ਪ੍ਰਾਚੀਨਾਂ ਦੀ ਤਰਫ ਥੀਂ ਬਹੁਤ ਲੋਗ ਤਲਵਾਰ ਅਰ ਲਾਠੀਆਂ ਲੈ ਉਸਦੇ ਸੰਗ ਯੱਸੂ ਦੇ ਪਕੜਵਾਨਹਾਰੇ ਨੇ ਉਨਾਂ ਨੂੰ ਇਹ ਪਤਾ ਦਿਤਾ ਕਿ ਜਿਸ ਨੂੰ ਮੈਂ ਚੁਮਾਂ ਉਸਨੂੰ ਪਕੜੋ ਅਰ ਓਹ ਤੁਰਤ ਯੱਸੂ ਪਾਸ ਆਕੇ ਬੋਲਿਆ, ਹੇ ਗੁਰੂ ਪ੍ਰਣਾਮ ਅਰ ਉਸਨੂੰ ਚੁੱਮਿਆਂ, ਤਦ ਉਨਾਂ ਨੇ ਯੱਸੂ ਉਪਰ ਹੱਥ ਪਾਕੇ ਉਸ ਨੂੰ ਪਕੜਿਆ, ਤਦ ਸਾਰੇ ਸ਼ਿੱਸ਼ ਉਸਨੂੰ ਛੱਡਕੇ ਨਸੇ, ਪਿਛੋਂ ਦੇ ਝੂਠੇ ਉਗਾਹ ਆਕੇ ਬੋਲੇ ਏਸ ਨੇ ਕਹਿਆ ਕਿ ਮੈਂ ਈਸ਼ੂਰ ਦਾ ਮੰਦਿਰ ਢਾਹ ਸਕਦਾ ਹਾਂ ਉਸਨੂੰ ਤਿੰਨਾਂ ਦਿਨਾਂ ਵਿਚ ਫਿਰ ਬਨਾ ਸਕਦਾ ਹਾਂ, ਤਦ ਮਹਾ ਯਾਜਕ ਨੇ ਖੜਾ ਹੋਕੇ ਯੱਸੂ ਨੂੰ ਕਹਿਆ ਕੀ ਤੂੰ ਕੁਝ ਉੱਤਰ ਨਹੀਂ ਦਿੰਦਾ ਇਹ ਲੋਗ ਤੇਰੇ ਵਿਰੁੱਧ ਕੀ ਉਗਾਹੀ ਦਿੰਦੇ ਹਨ ? ਪਰੰਤੂ ਯੱਸੂ ਚੁੱਪ ਰਹਿਆ, ਏਸ ਉੱਪਰ ਵੱਛੇ ਯਾਜਕ ਨੇ ਉਸਨੂੰ ਕਹਿਆ ਮੈਂ ਤੈਨੂੰ ਜੀਉਂਦੇ ਈਸ਼ੂਰ ਦੀ ਸਹੁ

Generated by CamScanner from intsig.com

ਦਿੰਦਾ ਹਾਂ ਸਾਨੂੰ ਦੱਸ ਤੂੰ ਈਸ਼ੁਰ ਦਾ ਪੁਤ੍ਰ ਖ੍ਰੀਸ਼ਟ ਹੈਂ ਕਿ ਨਹੀਂ ? ਯੱਸੂ ਉਸ ਨੂੰ ਬੋਲਿਆ ਤੂੰ ਤਾਂ ਕਹ ਚੁਕਿਆ. ਤਦ ਮਹਾਯਾਜਕ ਨੇ ਅਪਨੇ ਕਪੜੇ ਪਾੜਕੇ ਕਹਿਆ ਕਿ ਇਹ ਈਸ਼ੁਰ ਦੀ ਨਿੰਦਿਆ ਕਰ ਚੁਕਿਆ ਹੈ, ਹੁਨ ਸਾਨੂੰ ਉਗਾਹਾਂ ਦਾ ਹੋਰ ਕੀ ਮਤਲਬ ਵੇਖੋ ! ਤੁਸਾਂ ਨੇ ਹੁਨ ਹੀ ਉਸਦੇ ਮੁਖ ਥੀਂ ਈਸ਼ੁਰ ਦੀ ਨਿੰਦਿਆ ਸੁਨੀ ਹੈ, ਹੁਨ ਕੀ ਵਿਚਾਰ ਕਰਦੇਹੋ ? ਤਦ ਓਨ੍ਹਾਂ ਨੇ ਉੱਤਰ ਦਿੱਤਾ ਓਹ ਮਾਰਨੇ ਦੇ ਯੋਗ ਹੈ, ਤਦ ਉਨ੍ਹਾਂ ਨੇ ਉਸਦੇ ਮੂੰਹ ਉੱਪਰ ਥੁੱਕਿਆ, ਅਰ ਉਸਨੂੰ ਮੁੱਕੇ ਮਾਰੇ, ਹੋਰਨਾਂ ਨੇ ਚਪੇੜਾਂ ਮਾਰਕੇ ਕਹਿਆ ਹੇ ਖ੍ਰੀਸ਼ਟ ਸਾਨੂੰ ਅੱਗੋਂ ਦੀ ਬਾਣੀ ਬੋਲ ਕਿਸ ਨੇ ਤੇਨੂੰ ਮਾਰਿਆ ? 'ਪਿਤਰਸ' ਬਾਹਿਰ ਵਿਹੜੇ ਵਿਚ ਬੈਠਾ ਸੀ ਅਰ ਇਕ ਟਹਿਲਨ ਉਸ ਪਾਸ ਆਕੇ ਬੋਲੀ ਤੂੰ ਭੀ ਯੱਸੂ ਗਾਲੀਲੀ ਦੇ ਸੰਗ ਸੀ ? ਉਸ ਨੇ ਸਾਰਿਆਂ ਦ ਸਾਮਨੇ ਮੁੱਕਰ ਕੇ ਕਹਿਆ ਮੈਂ ਨਹੀਂ ਜਾਨਦਾ ਤੂੰ ਕੀ ਕਹਿੰਦੀ ਹੈਂ, ਜਦ ਓਹ ਬਾਹਿਰ ਡਿਉਢੀ ਵਿਚ ਗਿਆ ਤਾਂ ਦੂਜੀ ਟਹਲਨ ਨੇ ਉਸਨੂੰ ਵੇਖਕੇ ਜੋ ਲੋਗ ਓਥੇ ਸਨ ਉਨ੍ਹਾਂ ਨੂੰ ਕਹਿਆ ਇਹ ਭੀ ਯੱਸੂ ਨਾਸਰੀ ਦੇ ਸੰਗ ਸੀ, ਉਸਨੇ ਸਹੁੰ ਖਾਕੇ ਫੇਰ ਮੁਕਰਾ ਕਿ ਮੈਂ ਉਸ ਮਨੁਸ਼ ਨੂੰ ਨਹੀਂ ਜਾਨਦਾਹਾਂ,ਤਦ ਓਹ ਥੋੜਕੇ ਅਰ ਸਹੁੰ ਖਾਨ ਲੱਗਾ ਕਿ ਉਸ ਮਨੁਸ਼ ਨੂੰ ਨਹੀਂ ਜਾਨਦਾ ਹਾਂ।। ਇੰ० ਮੱ० ਪਰਵ ੨੬ । ਆਯਤ ੪੭ । ੪੮ । ੪੯ । ੫੦ । ੬੧ । ੬੨ । ੬੬ । ੬੪ । ੬੫ । ੬੬ । ੬੭ । ੬੮ । ੬੯ । ੭੦ । ੭੧ । ੭੨ । ੭੪ ॥

(ਸਮੀਖਛਕ) ਹੁਨ ਵੇਖਲ਼ ! ਕਿ ਜਿਸਦਾ ਇੱਨਾਂ ਭੀ ਬਲ਼ ਵਾ ਪ੍ਰਤਾਪ ਨਹੀਂ ਸੀ ਕਿ ਅਪਨੇ ਚੇਲੇ ਨੂੰ ਪੱਕਾ ਨਿਸ਼ਚਾ ਕਰਾ ਸੱਕੇ, ਅਰ ਓਹ ਚੇਲੇ ਚਾਹੇ ਪ੍ਰਾਣ ਭੀ ਕਿਉਂ ਨਾ ਜਾਂਦੇ ਤਾਂ ਭੀ ਅਪਨੇ ਗੁਰੂ ਨੂੰ ਲੋਭ ਕਰਕੇ ਨਾ ਪਕੜਾਂਦੇ, ਨਾ ਮੁੱਕਰਦੇ, ਨਾ ਝੂਠ ਬੋਲ਼ਦੇ, ਨਾ ਝੂਠੀ ਸਹੁੰ ਖਾਂਦੇ, ਅਰ ਈਸਾ ਭੀ ਕੁਝ ਕਰਾਮਾਤੀ ਨਹੀਂ ਸੀ ਜਿਹਾ ਤੌਰੇਤ ਵਿਚ ਲਿਖਿਆ ਹੈ ਕਿ ਲੂਤ ਦੇ ਘਰ ਉੱਪਰ ਪ੍ਰਾਹੁਣਿਆਂ ਨੂੰ ਬਹੁਤ ਸਾਰੇ ਮਾਰਨ ਨੂੰ ਚੜ੍ਹ ਆਏ ਸਨ ਉੱਥੇ ਈਸ਼ੁਰ ਦੇ ਦੋ ਦੂਤ ਸਨ ਉਨ੍ਹਾਂ ਨੇ ਉਨਾਂ ਹੀ ਨੂੰ ਅਨ੍ਹਾਂ ਕਰ ਦਿੱਤਾ, ਭਾਵੇਂ ਇਹ ਭੀ ਗੱਲ ਅਨਹੁੰਦੀ ਹੈ ਤਾਂ ਭੀ ਈਸਾ ਵਿਚ ਤਾਂ ਇੱਨਾ ਭੀ ਸਾਮਰਥ ਨਹੀਂ ਸੀ, ਅਰ ਅੱਜਕੱਲ ਕਿੰਨੀ ਵਧਕੀ ਉਸਦੇ ਨਾਉਂ ਉੱਪਰ ਈਸਾਈਆਂ ਨੇ ਵਧਾ ਰੱਖੀਹੈ, ਭਲ਼ਾ ਅਜੇਹੀ ਦੁਰਦਸ਼ਾ ਨਾਲ ਮਰਨਥੀਂ ਆਪ ਅਪਨੇ ਆਪ ਲਟਕ ਕੇ ਵਾ ਸਮਾਧੀ ਚੜ੍ਹਾਕੇ ਅਥਵਾ ਕਿਸੇ ਪ੍ਰਕਾਰ ਨਾਲ ਪ੍ਰਾਣਾਂ ਨੂੰ ਛਡਦਾ ਤਾਂ ਅੱਛਾ ਸੀ ਪਰੰਤੂ ਓਹ ਬੁੱਧੀ ਬਿਨਾ ਵਿਦਿਆ ਦੇ ਕਿੱਥੋਂ ਥੀਂ ਆਵੇ ਓਹ ਈਸਾ ਇਹ ਭੀ ਕਹਿੰਦਾ ਹੈ ਕਿ ॥ ੮੫ ॥

੮੬–ਮੈਂ ਹੁਨੇ ਅਪਨੇ ਪਿਤਾਥੀਂ ਬੇਨਤੀ ਨਹੀਂ ਕਰਦਾ ਹਾਂ, ਅਰ ਓਹ

Generated by CamScanner from intsig.com

ਮੇਰੇ ਪਾਸ ਸਰਗ ਦੂਤਾਂ ਦੀ ਬਾਰਾਂ ਸੈਨਾਂ ਥੀਂ ਵਧੀਕ ਪੁਚਾ ਨਾ ਦੇਵੇਗਾ॥ ਇੰ० ਮੱ० ਪਰਵ ੨੬। ਆਯਤ ੫੩॥

(ਸਮੀਖਛਕ) ਧਮਕਾਂਦਾ ਭੀ ਜਾਂਦਾ ਅਪਨੀ ਅਰ ਅਪਨੇ ਪਿਤਾ ਦੀ ਵਡਿਆਈ ਭੀ ਕਰਦਾ ਜਾਂਦਾ ਪਰ ਕੁਝ ਭੀ ਨਹੀਂ ਕਰ ਸੱਕਦਾ, ਵੇਖੋ! ਆਸ਼ਚਰਯ ਦੀ ਗੱਲ, ਜਦ ਮਹਾਯਾਜਕ ਨੇ ਪੁਛਿਆ ਸੀ ਕਿ ਇਹ ਲੋਗ ਤੇਰੇ ਵਿਰੁੱਧ ਉਗਾਹੀ ਦਿੰਦੇ ਹੰਨ ਏਸਦਾ ਉੱਤਰ ਦੇਹ ਤਾਂ ਈਸਾ ਚੁੱਪ ਰਹਿਆ, ਇਹ ਭੀ ਈਸਾ ਨੇ ਅੱਛਾ ਨਾ ਕੀਤਾ ਕਿਉਂਕਿ ਜੋ ਸੱਚ ਸੀ ਓਹ ਓਥੇ ਜ਼ਰੂਰ ਕਹਦਿੰਦਾ ਤਾਂ ਭੀ ਅੱਛਾ ਹੁੰਦਾ, ਅਜੇਹੀਆਂ ਬਹੁਤ ਸਾਰੀਆਂ ਅਪਨੇ ਘਮੰਡ ਦੀਆਂ ਗੱਲਾਂ ਕਰਨੀਆਂ ਮੁਨਾਸਬ ਨਾ ਸਨ, ਅਰ ਜਿਨ੍ਹਾਂ ਨੇ ਈਸਾ ਉੱਪਰ ਝੂਠਾ ਦੋਸ਼ ਲਾਕੇ ਮਾਰਿਆ ਉਨ੍ਹਾਂ ਨੂੰ ਭੀ ਮੁਨਾਸਬ ਨਾ ਸੀ, ਕਿਉਂਕਿ ਈਸਾ ਦਾ ਉਸ ਤਰਾਂ ਦਾ ਕਸੂਰ ਨਹੀਂ ਸੀ ਜਿਹਾ ਉਸਦੇ ਵਿਸ਼ੇ ਵਿਚ ਉਨ੍ਹਾਂ ਨੇ ਕੀਤਾ, ਪਰੰਤੂ ਓਹ ਭੀ ਤਾਂ ਜੰਗਲੀ ਸਨ ਨਿਆਯ ਦੀਆਂ ਗੱਲਾਂ ਨੂੰ ਕੀ ਸਮਝਨ, ਜੇਕਰ ਈਸਾ ਝੂਠ ਮੂਠ ਈਸ਼ੂਰ ਦਾ ਪੁਤ੍ਰ ਨਾ ਬਨਦਾ ਅਰ ਓਹ ਉਸਦੇ ਨਾਲ ਅਜੇਹੀ ਬੁਰਿਆਈ ਨਾ ਵਰਤਦੇ ਤਾਂ ਦੁਹਾਂ ਦੇ ਵਾਸਤੇ ਅੱਛਾ ਕ਼ੈਮ ਸੀ ਪਰੰਤੂ ਇੱਨੀ ਵਿਦਿਆ, ਧਰਮਾਤਮਤਾ, ਨਿਆਯਸ਼ੀਲਤਾ, ਕਿੱਥੋਂ ਥੀਂ ਲਿਆਉਨ॥ ੮੬॥

੮੭—ਯੱਸੂ ਹਾਕਮ ਦੇ ਅੱਗੇ ਖਲੋਤਾ, ਅਰ ਹਾਕਮ ਨੇ ਉਸ ਪਾਸੋਂ ਪੁਛਿਆ, ਕੀ ਤੂੰ ਯਹੂਦੀਆਂ ਦਾ ਰਾਜਾ ਹੈਂ? ਯੱਸੂ ਨੇ ਉਸ ਨੂੰ ਕਹਿਆ ਤੁਸੀਂ ਹੀ ਤਾਂ ਕਹਿੰਦ ਹੋ, ਜਦ ਪ੍ਰਧਾਨ ਯਾਜਕ ਅਰ ਪ੍ਰਾਚੀਨ ਲੋਗ ਉਸ ਉੱਪਰ ਦੋਸ਼ ਲਗਾਂਦੇ ਸਨ ਤਦ ਉਸ ਨੇ ਕੁਝ ਉੱਤਰ ਨਹੀਂ ਦਿੱਤਾ, ਤਦ ਪਿਲਾਤ ਨੇ ਉਸਨੂੰ ਕਹਿਆ ਕੀ ਤੂੰ ਨਹੀਂ ਸੁਨਦਾ ਕਿ ਇਹਲੋਗ ਤੇਰੇ ਵਿਰੁੱਧ ਕਿੰਨੀਆਂ ਉਗਾਹੀਆਂ ਦਿੰਦੇ ਹਨ, ਪਰੰਤੂ ਉਸਨੇ ਇਕ ਗੱਲਦਾ ਭੀ ਉਸਨੂੰ ਉੱਤਰ ਨਾ ਦਿੱਤਾ, ਏਥੋਂ ਤਕ ਕਿ ਅਧਜਖਛ ਨੇ ਬਹੁਤ ਆਸ਼ਚਰਯ ਕੀਤਾ, ਪਿਲਾਤਨੇ ਉਨ੍ਹਾਂ ਨੂੰਕਹਿਆ ਤਾਂਮੈਂ ਯੱਸੂ ਨਾਲਜੋਖ੍ਰੀਸ਼ਟ ਕਹਾਂਉਦਾਹੈ ਕੀਕਰਾਂ? ਸਾਰਿਆਂ ਨੇ ਉਸਨੂੰ ਕਹਿਆ ਓਹ ਸੂਲੀ ਉੱਪਰ ਚੜ੍ਹਾਇਆ ਜਾਵੇ, ਅਰ ਯੱਸੂ ਨੂੰ ਕੋੜੇ ਮਾਰਕੇ ਸੂਲੀ ਉੱਪਰ ਚੜ੍ਹਾਨ ਨੂੰ ਸੌਂਪ ਦਿੱਤਾ। ਤਦ ਅਧਜਖਛ ਦੇ ਯੋਧਿਆਂ ਨ ਯੱਸੂ ਨੂੰ ਅਧਜਖਛ ਦੇ ਘਰ ਵਿਚ ਲੈਜਾਕੇ ਸਾਰੀ ਪਲਟਨ ਉਸ ਪਾਸ ਇਕੱਠੀ ਕੀਤੀ, ਅਰ ਉਨ੍ਹਾਂ ਨੇ ਉਸਦਾ ਕਪੜਾ ਉਤਾਰ ਕੇ ਉਸ ਨੂੰ ਲਾਲ ਚੋਗਾ ਪੁਵਾਇਆ, ਅਰ ਕੰਡਿਆਂ ਦਾ ਮੁਕਟ ਬਨਾਕੇ ਉਸਦੇ ਸਿਰ ਉੱਪਰ ਰਖਿਆ, ਅਰ ਉਸਦੇ ਸੱਜੇ ਹੱਥ ਉੱਪਰ ਨਰਕਟ ਦਿੱਤਾ, ਅਰ ਉਸਦੇ ਅੱਗੇ ਗੋਡੇ ਟੇਕਕੇ ਇਹ ਕਹਿਕੇ ਉਸ ਨੂੰ ਠੱਠਾ ਕੀਤਾ ਹੈ ਯਹੂਦੀਆਂ ਦੇ ਰਾਜਾ ਪ੍ਰਣਾਮ ਅਰ ਉਨ੍ਹਾਂ ਨੇ ਉਸ ਉੱਪਰ ਥੁੱਕਿਆ ਅਰ ਉਸ ਨਰਕਟ ਨੂੰ ਲੈਕੇ ਉਸਦੇ ਸਿਰ ਉਪਰ ਮਾਰਿਆ, ਤਦ ਓਹ ਉਸ ਨਾਲ ਠੱਠਾ ਕਰ ਚੁਕੇ ਤਦ

Generated by CamScanner from intsig.com

ਸ ਥੀਂ ਓਹ ਚੋਗਾ ਲਾਹਕੇ 'ਮਸੀਹ' ਦਾ ਕਪੜਾ ਪੁਆਕੇ ਉਸਨੂੰ ਸੂਲੀ ਉਪਰ ਚੜ੍ਹਾਨ ਨੂੰ ਲੈਗਏ, ਜਦ ਓਹ ਇਕ ਜਗਹ ਉਪਰ ਜੋ ਗਲ ਗਯਾ ਸੀ ਅਰਥਾਤ 'ਖੋਪੜੀ' ਦਾ ਸਥਾਨ ਕਹਾਂਦਾ ਹੈ ਪਹੁੰਚੇ ਤਦ ਉਨਾਂ ਨੇ ਸਿਰਕੇ ਵਿਚ ਪਿੱਤ ਮਿਲਾਕੇ ਉਸਨੂੰ ਪੀਨੇ ਨੂੰ ਦਿਤਾ ਪਰੰਤੂ ਉਸਨੇ ਚੱਖਕੇ ਪੀਨਾ ਨਾ ਚਾਹਿਆ, ਤਦ ਉਨਾਂ ਨੇ ਉਸਨੂੰ ਸੂਲੀ ਉਪਰ ਚੜ੍ਹਾਇਆ, ਅਰ ਉਨਾਂ ਨੇ ਉਸਦਾ ਦੋਸ਼ਪਤ੍ਰ ਉਸਦੇ ਸਿਰ ਉਪਰ ਲਗਾਇਆ, ਤਦ ਦੋ ਡਾਕੂ ਇਕ ਸੱਜੀ ਤਰਫ ਦੂਜਾ ਖੱਬੀ ਤਰਫ ਉਸਦੇ ਨਾਲ ਸੂਲੀਆਂ ਉਪਰ ਚੜ੍ਹਾਏ ਗਏ, ਜੋ ਲੋਗ ਉਧਰ ਥੀਂ ਆਉਂਦੇ ਜਾਂਦੇ ਸਨ ਉਨਾਂ ਨੇ ਅਪਨੇ ਸਿਰ ਹਲਾਕੇ ਅਰ ਇਹ ਕਹਕੇ ਉਸਦੀ ਨਿੰਦਿਆ ਕੀਤੀ, ਹੇ ਮੰਦਿਰ ਦੇ ਢਾਹਨ ਵਾਲੇ ਅਪਨੇ ਨੂੰ ਬਚਾ ਜੋ ਤੂੰ ਈਸ਼੍ਵਰ ਦਾ ਪੁਤ੍ਰ ਹੈਂ ਤਾਂ ਸੂਲੀ ਉਪਰੋਂ ਉਤਰ ਆ, ਇਸੇ ਰੀਤੀ ਨਾਲ ਪ੍ਰਧਾਨ ਯਾਜਕਾਂ ਨੇ ਭੀ ਪੜ੍ਹਾਨੇ ਵਾਲਿਆਂ ਅਰ ਪ੍ਰਾਚੀਨਾਂ ਦੇ ਸੰਗੀਆਂ ਨੇ ਠੱਠਾ ਕਰਕੇ ਕਹਿਆ ਉਸਨੇ ਹੋਰਨਾਂ ਨੂੰ ਬਚਾਇਆ, ਅਪਨੇ ਨੂੰ ਬਚਾ ਨਹੀਂ ਸਕਦਾ ਹੈ ? ਜੇਕਰ ਓਹ ਇਸਰਾਏਲ ਦਾ ਰਾਜਾ ਹੈ ਤਾਂ ਸੂਲੀ ਉਪਰੋਂ ਉਤਰ ਆਵੇ ਅਰ ਅਸੀਂ ਉਸਦਾ ਨਿਸ਼ਚਾ ਕਰਾਂਗੇ ਓਹ ਈਸ਼੍ਵਰ ਉਪਰ ਭਰੋਸਾ ਰਖਦਾ ਹੈ, ਜੇਕਰ ਈਸ਼੍ਵਰ ਉਸਨੂੰ ਚਾਹੁੰਦਾ ਹੈ ਤਾਂ ਉਸਨੂੰ ਹੁਨ ਬਚਾਵੇ, ਕਿਉਂਕਿ ਉਸਨੇ ਕਹਿਆ ਮੈਂ ਈਸ਼੍ਵਰ ਦਾ ਪੁਤ੍ਰ ਹਾਂ, ਜੋ ਡਾਕੂ ਉਸਦੇ ਸੰਗ ਚੜ੍ਹਾਏ ਗਏ ਉਨ੍ਹਾਂਨੇ ਭੀ ਇਸੇ ਰੀਤੀ ਨਾਲ ਉਸਦੀ ਨਿੰਦਿਆ ਕੀਤੀ, ਦੁਪਹਿਰਥੀਂ ਤੀਜੇ ਪਹਿਰ ਤਕ ਸਾਰੇ ਦੇਸ਼ ਵਿਚ ਹਨੇਰਾ ਹੋਗਿਆ, ਤੀਜੇ ਪਹਿਰਦੇ ਨਜ਼ਦੀਕ ਯੱਸੂ ਨੇ ਵੱਡ ਆਵਾਜ਼ ਨਾਲ ਪੁਕਾਰਕੇ ਆਖਿਆ "ਏਲੀ ਏਲੀ ਲਾਮਾ ਸਵਕਤਨੀ" ਅਰਥਾਤ ਹੇ ਮੇਰੇ ਈਸ਼੍ਵਰ ਹੇ ਮੇਰੇ ਈਸ਼੍ਵਰ ਤੂੰਨੇ ਕਿਉਂ ਮੈਨੂੰ ਛੱਡਿਆ ਹੈ ? ਜੋ ਲੋਗ ਉੱਥੇ ਖਲੋਤੇ ਸਨ ਉਨ੍ਹਾਂ ਵਿਚੋਂ ਕਿੰਨੇਆਂ ਨੇ ਇਹ ਸੁਨਕੇ ਕਹਿਆ ਉਹ ਏਲੀਆਹ ਨੂੰ ਬੁਲਾਂਦਾ ਹੈ, ਉਨ੍ਹਾਂ ਵਿਚੋਂ ਇੱਕਨੇ ਤੁਰਤ ਦੌੜਕੇ ਇਸਪੰਜ ਲੈਕੇ ਸਿਰਕੇ ਵਿਚ ਭਿਗੋਇਆ ਅਰ ਨਲ ਉਪਰ ਰਖਕੇ ਉਸਨੂੰ ਪੀਨਨੂੰ ਦਿੱਤਾ, ਤਦ ਯੱਸੂਨੇ ਫਿਰ ਵਡੇ ਆਵਾਜ਼ ਨਾਲ ਪੁਕਾਰਕੇ ਪ੍ਰਾਣ ਤਿਆਗਿਆ ॥ ਇੰਜੀਲ ਮ੦ ਪ੦ ੨੭। ਆਯਤ ੧੧। ੧੨। ੧੩। ੧੪। ੨੨। ੨੩। ੨੪। ੨੬। ੨੭। ੨੮। ੨੯। ੩੦। ੩੧। ੩੩। ੩੪। ੩੭। ੩੮। ੩੯। ੪੦। ੪੧। ੪੨। ੪੩। ੪੪। ੪੫। ੪੬। ੪੭। ੪੮। ੪੯। ੫੦ ॥

(ਸਮੀਖਛਕ) ਹਮੇਸ਼ਾ ਯੱਸੂ ਦੇ ਨਾਲ ਉਨ੍ਹਾਂ ਦੁਸ਼ਟਾਂ ਨੇ ਬੁਰਾ ਕੰਮ ਕੀਤਾ ਪਰੰਤੂ ਯੱਸੂ ਦਾ ਭੀ ਕਸੂਰ ਹੈ, ਕਿਉਂਕਿ ਈਸ਼੍ਵਰ ਦਾ ਨਾ ਕੋਈ ਪੁਤ੍ਰ ਨਾ ਓਹ ਕਿਸੇਦਾ ਪਿਉ ਹੈ, ਕਿਉਂਕਿ ਜੇ ਓਹ ਕਿਸੇ ਦਾ ਪਿਉ ਹੋਵੇ ਤਾਂ ਕਿਸੇਦਾ ਸੌਹਰਾ, ਸਾਲਾ, ਸਾਕ ਆਦੀ ਭੀ ਹੋਵੇ, ਅਰ ਜਦ ਅਧਜਖਛ ਨੇ ਪੁਛਿਆ ਸੀ ਤਦ

Generated by CamScanner from intsig.com

ਜਿਹਾਸਚ ਸੀ ਜਵਾਬ ਦੇਨਾ ਸੀ, ਅਰ ਇਹ ਠੀਕ ਹੈ ਕਿ ਜੋਜੋ ਆਸ਼ਚਰਯ ਕੰਮ ਪਹਿਲਾਂ ਕੀਤੇ ਹੋਏ ਸੱਚੇ ਹੁੰਦੇ ਤਾਂ ਹੁਨ ਭੀ ਸੂਲੀ ਉੱਪਰੋਂ ਉਤਰ ਕੇ ਸਾਰਿਆਂਨੂੰ ਅਪਨੇ ਸ਼ਿੱਸ਼ ਬਨਾ ਲੈਂਦਾ, ਅਰ ਜੇਕਰ ਓਹ ਈਸ਼ੁਰ ਦਾ ਪੁਤ੍ਰ ਹੁੰਦਾ ਤਾਂ ਈਸ਼ੁਰ ਭੀ ਉਸਨੂੰ ਬਚਾ ਲੈਂਦਾ ਜੇਕਰ ਓਹ ਤ੍ਰਿਕਾਲਦਰਸ਼ੀ ਹੁੰਦਾ ਤਾਂ ਸਿਰਕੇ ਵਿਚ ਪਿੱਤ ਮਿਲੇ ਹੋਏ ਨੂੰ ਚੱਖਕੇ ਕਿਉਂ ਛਡਦਾ ਓਹ ਪਹਿਲਾਂ ਹੀ ਥੀਂ ਜਾਨਦਾ ਹੁੰਦਾ। ਅਰ ਜੇਕਰ ਓਹ ਕਰਾਮਾਤੀ ਹੁੰਦਾ ਤਾਂ ਪੁਕਾਰ ਪੁਕਾਰ ਕੇ ਪ੍ਰਾਣ ਕਿਉਂ ਤਿਆਗਦਾ ? ਏਸ ਥੀਂ ਜਾਨਨਾ ਚਾਹੀਏ ਕਿ ਚਾਹੇ ਕੋਈ ਕਿੰਨੀ ਹੀ ਚਤੁਰਾਈ ਕਰੇ ਪਰੰਤੂ ਅੰਤ ਵਿਚ ਸੱਚ ਸੱਚ, ਅਰ ਝੂਠ ਝੂਠ ਹੋ ਜਾਂਦਾ ਹੈ, ਏਸਥੀਂ ਏਹਭੀ ਸਿੱਧ ਹੋਇਆ ਕਿ ਯੱਸੂ ਇਕ ਉਸ ਵੇਲੇ ਦੇ ਜੰਗਲੀ ਮਨੁਸ਼ਾਂ ਵਿਚ ਕੁਝ ਅੱਛਾ ਸੀ, ਨਾ ਓਹ ਕਰਾਮਾਤੀ, ਨਾ ਈਸ਼ੁਰ ਦਾ ਪੁਤ੍ਰ, ਅਰ ਨਾ ਵਿਦਵਾਨ ਸੀ, ਕਿਉਂ ਕਿ ਜੇਕਰ ਅਜੇਹਾ ਹੁੰਦਾ ਤਾਂ ਅਜੇਹਾ ਓਹ ਦੁਖ ਕਿਉਂ ਭੋਗਦਾ ? ॥ ੮੭ ॥

੮੮–ਹੋਰ ਦੇਖੋ ਵਡਾ ਭੂਚਾਲ ਆਇਆ ਕਿ ਪਰਮੇਸ਼ੁਰ ਦਾ ਇਕ ਦੂਤ ਉਤਰਿਆ ਅਰ ਆਕੇ ਕਬਰ ਦੇ ਦਰਵੱਜੇ ਉਪਰੋਂ ਪੱਥਰ ਢਲਕਾ ਕੇ ਉਸ ਉਪਰ ਬੈਠਿਆ, ਓਹ ਇੱਥੇ ਨਹੀਂ ਹੈ, ਜਿਸ ਤਰਾਂ ਉਸ ਨੇ ਕਹਿਆ ਉਸਤਰਾ ਜੀ ਉਠਿਆ ਹੈ, ਜਦ ਓਹ ਉਸ ਦੇ ਸ਼ਿੱਸ਼ਾਂ ਨੂੰ ਖਬਰ ਜਾਂਦੀ ਸੀ ਵੇਖ ਯੱਸੂ ਉਨ੍ਹਾਂ ਨਾਲ ਆ ਮਿਲਿਆ, ਕਹਿਆ ਕਲਿਆਣ ਹੋਵੇ, ਅਰ ਉਨ੍ਹਾਂ ਨੇ ਨਜ਼ਦੀਕ ਆਕੇ ਉਸਦੇ ਪੈਰ ਪਕੜਕੇ ਉਸਨੂੰ ਮੱਥਾ ਟੇਕਿਆ ਤਦ ਯੱਸੂ ਨੇ ਕਹਿਆ ਮਤ ਡਰੋ ਜਾਕੇ ਮੇਰੇ ਭਰਾਵਾਂ ਨੂੰ ਕਹ ਦੇਵੋ ਓਹ ਗਾਲੀਲ ਨੂੰ ਜਾਨ ਅਰ ਉੱਥੇ ਓਹ ਮੈਨੂੰ ਵੇਖਨਗੇ, ਯਾਰਾਂ ਸ਼ਿੱਸ਼ ਗਾਲਾਲ ਨੂੰ ਉਸ ਪਹਾੜ ਵਿਚ ਗਏ ਜੋ ਯੱਸੂ ਨੇ ਉਨ੍ਹਾਂ ਨੂੰ ਦੱਸਿਆ ਸੀ ਅਰ ਉਨ੍ਹਾਂ ਨੇ ਉਸ ਨੂੰ ਵੇਖਕੇ ਉਸਨੂੰ ਮੱਥਾ ਟੇਕਿਆ, ਪਰ ਕਿੰਨੇਆਂ ਨੂੰ ਸੰਦੇਹ ਹੋਇਆ, ਯੱਸੂ ਨੇ ਉਨ੍ਹਾਂ ਪਾਸ ਆਕ ਉਨ੍ਹਾਂ ਨੂੰ ਕਹਿਆ ਸੁਰਗ ਵਿਚ ਅਤ ਜ਼ਮੀਨ ਉੱਪਰ ਸਾਰਾ ਅਧਿਕਾਰ ਮੈਨੂੰ ਦਿੱਤਾ ਗਿਆ ਹੈ,ਅਰ ਵੇਖੋ ਮੈਂ ਜਗਤ ਦੇ ਅੰਤ ਤਕ ਸਾਰ ਦਿਨ ਤੁਹਾਡੇ ਸੰਗ ਹਾਂ ॥ ਇੰਜੀਲ ਮੱ॰ ਪ੦ ੨੮। ਆਯਤ ੨। ੬। ੯। ੧੦। ੧੬। ੧੭। ੧੮। ੨੦ ॥

(ਸਮੀਖਛਕ) ਇਹ ਗੱਲ ਭੀ ਮੰਨਨ ਯੋਗ ਨਹੀਂ, ਕਿਉਂਕਿ ਸ੍ਰਿਸ਼ਟੀ ਕ੍ਰਮ ਅਰ ਵਿਦਿਆਵਿਰੁੱਧ ਹੈ, ਪਹਿਲਾਂ ਈਸ਼ੁਰ ਦੇ ਪਾਸ ਦੂਤਾਂ ਦਾ ਹੋਨਾ, ਉਨ੍ਹਾਂ ਨੂੰ ਜਿੱਥੇ ਤਿੱਥੇ ਭੇਜਨਾ, ਉੱਪਰ ਥੀਂ ਉਤਰਨਾ, ਕੀ, ਤਹਸੀਲਦਾਰੀ ਕਲਕਟ੍ਰੀ ਦੇ ਵਾਙ੍ਹਣ ਈਸ਼ੁਰ ਨੂੰ ਬਨਾ ਦਿੱਤਾ? ਕੀ ਉੱਸੇ ਸ਼ਰੀਰ ਨਾਲ ਸੁਰਗ ਨੂੰ ਗਿਆ ? ਅਰ ਜੀ ਉਠਿਆ, ? ਕਿਉਂਕਿ ਉਨ੍ਹਾਂ ਇਸਤ੍ਰੀਆਂ ਨੇ ਉਨ੍ਹਾਂ ਦੇ ਪੈਰ ਪਕੜ ਕੇ ਮੱਥਾ ਟੇਕਿਆ ਤਾਂ ਕੀ ਓਹੀ ਸ਼ਰੀਰ ਸੀ ? ਅਰ ਓਹ ਤਿੰਨ ਦਿਨ ਤਕ ਸੜ ਕਿਉਂ ਨਾ ਗਿਆ ? ਅਰ ਅਪਨੇ ਮੁਖਨਾਲ ਸਾਰਿਆਂ ਦਾ ਅਧਿਕਾਰੀ ਬਨਨਾ ਨਿਰੀ ਦੰਭ ਦੀ ਗੱਲ ਹੈ, ਸ਼ਿੱਸ਼ਾਂ ਨਾਲ ਮਿਲਨਾ, ਅਰ ਉਨ੍ਹਾਂ

Generated by CamScanner from intsig.com

ਨਾਲ ਸਾਰੀਆਂ ਗੱਲ਼ਾਂ ਕਰਨੀਆਂ ਅਸੰਭਵ ਹਨ, ਕਿਉਂਕਿ ਜੇਕਰ ਇਹ ਗੱਲ਼ਾਂ ਸੱਚ ਹੋਨ ਤਾਂ ਅੱਜਕੱਲ ਭੀ ਕੋਈ ਕਿਉਂ ਨਹੀਂ ਜੀ ਉੱਠਦੇ ? ਅਤ ਉੱਸੇ ਸ਼ਰੀਰ ਨਾਲ ਸੁਰਗ ਨੂੰ ਕਿਉਂ ਨਹੀਂ ਜਾਂਦੇ ? ॥

ਇਹ ਮੱਤੀ ਰਚਿਤ ਇੰਜੀਲ ਦਾ ਵਿਸ਼ਯ ਹੋ ਚੁੱਕਿਆ, ਹੁਨ ਮਾਰਕ ਰਚਿਤ ਇੰਜੀਲ਼ ਦੇ ਵਿਸ਼ੇ ਵਿਚ ਲਿਖਿਆ ਜਾਂਦਾ ਹੈ ॥ ੮੮ ॥

ਮਾਰਕ ਰਚਿਤ ਇੰਜੀਲ।

੮੯–ਇਹ ਕੀ ਤਰਖਾਨ ਨਹੀਂ । ਇੰਜੀਲ਼ ਮਾਰਕ ਪ੦ ੬ । ਆ੦ ੩ ।

(ਸਮੀਖਛਕ) ਅਸਲ਼ ਵਿਚ ਯੂਸਫ ਤਰਖਾਨ ਸੀ, ਏਸ ਵਾਸਤੇ ਈਸਾ ਭੀ ਤਰਖਾਨ ਸੀ, ਕਿੰਨੇ ਹੀ ਵਰ੍ਹੇ ਤਕ ਤਰਖਾਨ ਦਾ ਕੰਮ ਕਰਦਾ ਸੀ ਪਸ਼ਚਾਤ ਪੈਗੰਬਰ ਬਨਦਾ ਬਨਦਾ ਈਸ਼ੁਰ ਦਾ ਪੁਤ੍ਰ ਹੀ ਬਨ ਗਿਆ, ਅਰ ਜੰਗਲ਼ੀ ਲੋਗਾਂ ਨੇ ਬਨਾਇਆ ਤਦ ਬੜੀ ਕਾਰੀਗਰੀ ਚਲ਼ਾਈ, ਕਾਟ ਕੂਟ ਫੁਟ ਘਟ ਕਰਨਾ ਉਸਦਾ ਕੰਮ ਹੈ ॥ ੮੯ ॥

ਲੂਕ ਰਚਿਤ ਇੰਜੀਲ ।

੯੦—ਯੱਸੂ ਨੇ ਉਸਨੂੰ ਆਖਿਆ ਤੂ ਮੈਨੂੰ ਚੰਗਾ ਕਿਉਂ ਕਹਿੰਦਾ ਹੈਂ ਕੋਈ ਚੰਗਾ ਨਹੀਂ ਇੱਕ ਅਰਥਾਤ ਈਸ਼ੁਰ । ਲੂ੦ ਪ੦ ੧੮ । ਆਯਤ ੧੯ ॥

(ਸਮੀਖਛਕ) ਜਦ ਈਸਾ ਹੀ ਇਕ ਅਦ੍ਵਿਤੀਯ ਈਸ਼ੁਰ ਕਹਿੰਦਾ ਹੈ ਤਾਂ ਈਸਾਈਆਂ ਨੇ ਪਵਿਤ੍ਰ ਆਤਮਾ ਪਿਉ ਅਰ ਪੁਤ੍ਰ ਤਿੰਨ ਕਿੱਥੋਂ ਥੀਂ ਬਨਾ ਦਿੱਤ ? ॥ ੯੦ ॥

੯੧ —ਤਦ ਉਸਨੂੰ ਹੇਰੋਦ ਦੇ ਪਾਸ ਭੇਜਿਆ, ਹੇਰੋਦ ਯੱਸੂ ਨੂੰ ਵੇਖਕੇ ਬਹੁਤ ਖੁਸ਼ ਹੋਇਆ, ਕਿਉਂਕਿ ਓਹ ਉਸਨੂੰ ਬਹੁਤ ਦਿਨਥੀਂ ਵੇਖਨਾ ਚਾਹੁੰਦਾ ਸੀ ਏਸਵਾਸਤੇ ਕਿ ਉਸਦੇ ਵਿਸ਼ੇ ਵਿਚ ਬਹੁਤ ਸਾਰੀਆਂ ਗੱਲਾਂ ਸੁਨੀਆਂ ਸਨ, ਅਰ ਉਸਦਾ ਕੁਝ ਆਸ਼ਚਰਯ ਕੰਮ ਵੇਖਨ ਦੀ ਉਸਨੂੰ ਆਸ਼ਾ ਹੋਈ, ਉਸਨੇ ਉਸਥੀਂ ਬਹੁਤ ਸਾਰੀਆਂ ਗੱਲ਼ਾਂ ਪੁੱਛੀਆਂ ਪਰੰਤੂ ਉਸਨੇ ਉਸਨੂੰ ਕੁਝ ਉੱਤਰ ਨਾ ਦਿੱਤਾ ॥ ਲੂਕ॰ ਪ੦ ੨੬ । ਆਯਤ ੮ । ੯ ॥

(ਸਮੀਖਛਕ) ਇਹ ਗੱਲ ਮੱਤੀਰਚਿਤ ਵਿੱਚ ਨਹੀਂ ਹੈ, ਏਸ ਵਾਸਤੇ ਇਹ ਉਗਾਹ ਵਿਗੜ ਗਏ, ਕਿਉਂਕਿ ਉਗਾਹ ਇੱਕੋ ਜਿਹੇ ਹੋਨੇ ਚਾਹੀਏ ਅਰ ਜੇਕਰ ਈਸਾ ਚਤੁਰ ਅਰ ਕਰਾਮਾਤੀ ਹੁੰਦਾ, ਤਾਂ (ਹੇਰੋਦ) ਨੂੰ ਜਵਾਬ ਦਿੰਦਾ ਅਰ ਕਰਾਮਾਤ ਭੀ ਵਿਖਾਂਦਾ, ਏਸਥੀਂ ਮਲੂਮ ਹੁੰਦਾਹੈ ਕਿ ਈਸਾ ਵਿਚ ਵਿੱਦਿਆ ਅਰ ਕਰਾਮਾਤ ਕੁਝ ਭੀ ਨਾ ਸੀ ॥ ੯੧ ॥

Generated by CamScanner from intsig.com

ਯੋਹਨ ਰਚਿਤ ਸੁਸਮਾਚਾਰ।

੯੨—ਆਦਿ ਵਿਚ ਵਚਨ ਸੀ ਅਰ ਵਚਨ ਈਸ਼ੁਰ ਦੇ ਸੰਗ ਸੀ, ਅਰ ਵਚਨ ਈਸ਼ੁਰ ਸੀ। ਓਹ ਆਦਿ ਵਿਚ ਈਸ਼ੁਰ ਦੇ ਸੰਗ ਸੀ। ਸਭ ਕੁਝ ਉਸਦੇ ਦੁਆਰਾ ਰਚਿਆ ਗਿਆ, ਅਰ ਜੋ ਕੁਝ ਬਨਾਇਆ ਗਿਆ ਹੈ ਕੁਝ ਭੀ ਉਸ ਬਿਨਾ ਨਹੀਂ ਬਨਾਇਆ ਗਿਆ। ਉਸ ਵਿਚ ਜੀਵਨ ਸੀ ਅਰ ਓਹ ਜੀਵਨ ਮਨੁਸ਼ਾਂ ਦਾ ਚਾਨਨਾ ਸੀ। ਪ॰ ੧। ਆਯਤ ੧। ੨। ੩। ੪॥

(ਸਮੀਖਛਕ) ਆਦਿ ਵਿਚ ਵਚਨ ਇਨਾ ਕਹਿਨ ਵਾਲੇ ਦੇ ਨਹੀਂ ਹੋਸਕਦਾ, ਅਰ ਜੇਕਰ ਵਚਨ ਈਸ਼ੁਰ ਦੇ ਸੰਗ ਸੀ ਤਾਂ ਇਹ ਕਹਨਾ ਨਿਫੈਮਾ ਹੋਇਆ ਅਰ ਵਚਨ ਈਸ਼ੁਰ ਕਦੀ ਨਹੀਂ ਹੋ ਸਕਦਾ, ਕਿਉਂਕਿ ਜਦ ਓਹ ਆਦਿ ਵਿਚ ਈਸ਼ੁਰ ਦੇ ਸੰਗ ਸੀ ਤਾਂ ਪਹਿਲਾ ਵਚਨ ਵਾ ਈਸ਼ੁਰ ਸੀ ਇਹ ਨਹੀਂ ਬਨ ਸਕਦਾ, ਵਚਨ ਦੇ ਦ੍ਵਾਰਾ ਸ੍ਰਿਸ਼ਟੀ ਕਦੀ ਨਹੀਂ ਹੋ ਸਕਦੀ ਜਦ ਤਕ ਉਸਦਾ ਕਾਹਣ ਨਾ ਹੋਵੇ, ਅਰ ਵਚਨ ਦੇ ਇਨਾ ਭੀ ਚੁੱਪ ਚਾਪ ਰਹਿ ਕਰਤਾ ਸ੍ਰਿਸ਼ਟੀ ਕਰ ਸਕਦਾ ਹੈ, ਜੀਵਨ ਕਿਸ ਵਿਚ, ਵਾ ਕੀ ਸੀ ਏਸ ਵਚਨਥੀਂ ਜਾਂਵ ਅਨਾਦੀ ਮੰਨੋਗੇ ? ਜੇਕਰ ਅਨਾਦੀ ਹਨ ਤਾਂ ਆਦਮ ਦੀਆਂ ਨਾਸਾਂ ਵਿਚ ਸ੍ਵਾਸ ਫੂਕਨਾ ਆਦੀ ਝੂਠਾ ਹੋਇਆ, ਅਰ ਕੀ ਜੀਵਨ ਮਨੁਸ਼ਾਂ ਹੀ ਦਾ ਚਾਨਨਾ ਹੈ ਪਸੂ ਆਦੀ ਦਾ ਨਹੀਂ॥ ੯੨॥

੯੩—ਅਰ ਸੰਧਿਆ ਦੇ ਵੇਲੇ ਵਿਚ ਜਦ ਸ਼ੈਤਾਨ 'ਸ਼ਿਮੋਨ' ਦੇ ਪੁਤ੍ਰ ਯਹੂਦਾਹ ਇਸਕਰਯੋਤੀ ਦੇ ਮਨ ਵਿਚ ਉਸਨੂੰ ਪਕੜਵਾਨ ਦੀ ਸਲਾਹ ਪਾ ਚੁੱਕਿਆ ਸੀ। ਯੋ०। ਪ० ੧੩। ਆਯਤ ੨॥

(ਸਮੀਖਛਕ) ਇਹ ਗੱਲ ਸੱਚ ਨਹੀਂ ਕਿਉਂਕਿ ਜਦ ਕੋਈ ਈਸਾਈਆਂ ਥੀਂ ਪੁੱਛੇਗਾ ਕਿ ਸ਼ੈਤਾਨ ਸਾਰਿਆਂ ਨੂੰ ਬਹਕਾਂਦਾ ਹੈ ਤਾਂ ਸ਼ੈਤਾਨ ਨੂੰ ਕੌਨ ਬਹਕਾਂਦਾ ਹੈ ? ਜੇਕਰ ਆਖੋ ਕਿ ਸ਼ੈਤਾਨ ਅਪਨੇ ਆਪ ਬਹਕਦਾ ਹੈ ਤਾਂ ਮਨੱਸ਼ ਭੀ ਅਪਨੇ ਆਪ ਬਹਕ ਸੱਕਦੇ ਹਨ ਫਿਰ ਸ਼ੈਤਾਨ ਦਾ ਕੀ ਕੰਮ ? ਅਰ ਜੇਕਰ ਸ਼ੈਤਾਨ ਦਾ ਬਨਾਨੇ ਅਰ ਬਹਕਾਨੇ ਵਾਲਾ ਪਰਮੇਸ਼ੁਰ ਹੈ ਤਾਂ ਓਹੀ ਸ਼ੈਤਾਨ ਦਾ ਸ਼ੈਤਾਨ ਈਸਾਈਆਂ ਦਾ ਈਸ਼ੁਰ ਠਹਰਿਆ, ਪਰਮੇਸ਼ੁਰ ਹੀ ਨੇ ਸਰਿਆਂ ਨੂੰ ਉਸਦੇ ਦੁਆਰਾ ਬਹਕਾਇਆ, ਭਲਾ ਅਜੇਹੇ ਕੰਮ ਈਸ਼ੁਰ ਦੇ ਹੋ ਸਕਦੇ ਹਨ? ਸੱਚ ਤਾਂ ਇਹੀ ਹੈ ਕਿ ਇਹ ਪੁਸਤਕ ਈਸਾਈਆਂ ਦਾ ਅਰ ਈਸਾ ਈਸ਼ੁਰ ਦਾ ਪੁਤ੍ਰ ਜਿਨ੍ਹਾਂ ਨੇ ਬਨਾਏ ਓਹ ਸ਼ੈਤਾਨ ਹੋਨ ਤਾਂ ਹੋਨ ਕਿੰਤੂ ਨਾ ਇਹ ਈਸ਼ੁਰ ਕ੍ਰਿਤ ਪੁਸਤਕ ਨਾ ਏਸ ਵਿਚ ਕਹਿਆ ਈਸ਼ੁਰ ਅਰ ਨਾ ਈਸਾ ਈਸ਼ੁਰ ਦਾ ਪੁਤ੍ਰ ਹੋ ਸੱਕਦਾ ਹੈ॥ ੯੩॥

Generated by CamScanner from intsig.com

੯੪–ਤੁਹਾਡਾ ਮਨ ਵਿਆਕੁਲ ਨਾ ਹੋਵੇ, ਈਸ਼੍ਵਰ ਉਪਰ ਵਿਸ਼੍ਵਾਸ ਕਰੋ ਅਰ ਮੇਰੇ ਉਪਰ ਵਿਸ਼੍ਵਾਸ ਕਰੋ। ਮੇਰੇ ਪਿਤਾ ਦੇ ਘਰ ਵਿਚ ਬਹੁਤ ਸਾਰੇ ਰਹਨੇ ਦੇ ਸਥਾਨ ਹਨ, ਨਹੀਂ ਤਾਂ ਮੈਂ ਤੁਹਾਨੂੰ ਕਹਿੰਦਾ ਮੈਂ ਤੁਹਾਡੇ ਵਾਸਤੇ ਸਥਾਨ ਤਿਆਰ ਕਰਨ ਜਾਂਦਾ ਹਾਂ। ਅਰ ਜੇ ਮੈਂ ਜਾਕੇ ਤੁਹਾਡੇ ਵਾਸਤੇ ਸਥਾਨ ਤਿਆਰ ਕਰਾਂ ਤਾਂ ਫਿਰ ਆਕੇ ਤੁਹਾਨੂੰ ਅਪਨੇ ਪਾਸ ਲੈ ਜਾਵਾਂਗਾ ਕਿ ਜਿੱਥੇ ਮੈਂ ਰਹਾਂ ਉਥੇ ਤੁਸੀਂ ਭੀ ਰਹੋ। ਯੱਸੂ ਨੇ ਉਸਨੂੰ ਕਹਿਆ ਮੈਂ ਹੀ ਰਸਤਾ ਅਰ ਸਚ, ਅਰ ਜੀਵਨ ਹਾਂ, ਬਿਨਾ ਮੇਰੇ ਦ੍ਵਾਰਾ ਕੋਈ ਪਿਤਾ ਦੇ ਪਾਸ ਨਹੀਂ ਪਹੁੰਚਦਾ ਹੈ। ਜੇਕਰ ਤੁਸੀਂ ਮੈਨੂੰ ਜਾਨਦੇ ਤਾਂ ਮੇਰੇ ਪਿਤਾ ਨੂੰ ਭੀ ਜਾਨਦੇ॥ ਯੋਹੱਨਾ ਪਰਵ ੧੪। ਆਯਤ ੧। ੨। ੩। ੪। ੬। ੭॥

(ਸਮੀਖਛਕ) ਹੁਨ ਦੇਖੋ! ਇਹ ਈਸਾ ਦੇ ਵਚਨ ਕੀ ਪੋਪ ਲੀਲਾ ਥੀਂ ਘਟ ਹਨ? ਜੇਕਰ ਅਜੇਹਾ ਪ੍ਰਪੰਚ ਨਾ ਰਚਦਾ ਤਾਂ ਉਸਦੇ ਮਤ ਵਿਚ ਕੌਨ ਫਸਦਾ, ਕੀ ਈਸਾ ਨੇ ਅਪਨੇ ਪਿਤਾ ਨੂੰ ਠੇਕੇ ਵਿਚ ਲੈ ਲੀਤਾ ਹੈ? ਅਰ ਜੇਕਰ ਓਹ ਈਸਾ ਦੇ ਵਸ਼ ਹੈ ਤਾਂ ਪਰਾਧੀਨ ਹੋਨ ਥੀਂ ਓਹ ਈਸ਼੍ਵਰ ਹੀ ਨਹੀਂ, ਕਿਉਂਕਿ ਈਸ਼੍ਵਰ ਕਿਸੇ ਦੀ ਸਫਾਰਸ਼ ਨਹੀਂ ਸੁਨਦਾ, ਕੀ ਈਸਾ ਦੇ ਪਹਿਲਾਂ ਕੋਈ ਭੀ ਈਸ਼੍ਵਰ ਨੂੰ ਨਹੀਂ ਪ੍ਰਾਪਤ ਹੋਇਆ ਹੋਵੇਗਾ? ਅਜੇਹਾ ਜਗਹ ਆਦੀ ਦਾ ਲੋਭ ਨਾ ਦਿੰਦਾ, ਅਰ ਜੋ ਅਪਨੇ ਮੁਖ ਥੀਂ ਆਪ ਮਾਰਗ ਸੱਚਾ ਅਰ ਜੀਵਨ ਬਨਦਾ ਹੈ ਓਹ ਸਬ ਤਰਾਂ ਨਾਲ ਦੰਭੀ ਕਹਾਂਦਾ ਹੈ॥ ਏਸ ਥੀਂ ਇਹ ਗੱਲ ਸੱਚੀ ਕਦੀ ਨਹੀਂ ਹੋ ਸਕਦੀ॥੯੪॥

੯੫–ਮੈਂ ਤੁਹਾਨੂੰ ਸਚ ਸਚ ਕਹਿਨਾ ਹਾਂ ਜੋ ਮੇਰੇ ਉੱਪਰ ਵਿਸ਼੍ਵਾਸ ਕਰੇ ਜੇਹੜੇ ਕੰਮ ਮੈਂ ਕਰਨਾਂ ਹਾਂ ਉਨਾਂ ਨੂੰ ਓਹ ਭੀ ਕਰੇਗਾ, ਅਰ ਇਨਾਂ ਥੀਂ ਬੜੇ ਕੰਮ ਕਰੇਗਾ॥ ਯੋਹੱਨਾ ਪਰਵ ੧੪। ਆਯਤ ੧੨॥

(ਸਮੀਖਛਕ) ਹੁਨ ਦੇਖੋ! ਜੇ ਈਸਾਈ ਲੋਗ ਈਸਾ ਉੱਪਰ ਪੂਰਾ ਵਿਸ਼੍ਵਾਸ ਰਖਦੇ ਹਨ, ਉਸੇ ਤਰਾਂ ਮੁਰਦੇ ਜਿਵਾਨੇ ਆਦੀ ਕੰਮ ਕਿਉਂ ਨਹੀਂ ਕਰ ਸੱਕਦੇ? ਅਰ ਜੋ ਵਿਸ਼੍ਵਾਸ ਥੀਂ ਭੀ ਆਸ਼ਚਰਯ ਕੰਮ ਨਹੀਂ ਕਰ ਸਕਦੇ ਤਾਂ ਈਸਾ ਨੇ ਭੀ ਆਸ਼ਚਰਯ ਕੰਮ ਨਹੀਂ ਕੀਤੇ ਸਨ, ਅਜੇਹਾ ਨਿਸ਼ਚੇ ਕਰਕੇ ਜਾਨਨਾ ਚਾਹੀਏ, ਕਿਉਂਕਿ ਆਪ ਈਸਾ ਭੀ ਕਹਿੰਦਾ ਹੈ ਕਿ ਤੁਸੀਂ ਭੀ ਆਸ਼ਚਰਯ ਕੰਮ ਕਰੋਗੇ, ਤਾਂ ਭੀ ਏਸ ਵੇਲੇ ਈਸਾਈ ਕੋਈ ਇਕ ਭੀ ਨਹੀਂ ਕਰ ਸਕਦਾ ਤਾਂ ਕਿਸਦੇ ਹਿਰਦੇ ਦੀਆਂ ਅੱਖਾਂ ਫੁਟ ਗਈਆਂ ਹਨ ਓਹ ਈਸਾ ਨੂੰ ਮੁਰਦੇ ਜਿਵਾਨੇ ਆਦੀ ਦਾ ਕੰਮ ਕਰਨ ਵਾਲਾ ਮੰਨ ਲਵੇ॥ ੯੫॥

੯੬–ਜੋ ਅਦ੍ਵੈਤ, ਸੱਤ ਈਸ਼੍ਵਰ ਹੈ॥ ਯੋ० ਪਰਵ ੧੭।ਆਯਤ ੩॥

(ਸਮੀਖਛਕ) ਜਦ ਅਦ੍ਵੈਤ ਇੱਕ ਈਸ਼੍ਵਰ ਹੈ ਤਾਂ ਈਸਾਈਆਂ ਦਾ ਤਿੰਨ ਕਹਨਾ ਸਭ ਤਰਾਂ ਨਾਲ ਝੂਠਾ ਹੈ॥ ੯੬॥

Generated by CamScanner from intsig.com

ਇਸੇ ਤਰਾਂ ਬਹੁਤ ਠਿਕਾਨੇ ਇੰਜੀਲ ਵਿਚ ਝੂਠੀਆਂ ਗੱਲਾਂ ਭਰੀਆਂ ਹਨ॥

ਯੋਹਨ ਦੇ ਪ੍ਰਕਾਸ਼ਿਤ ਵਾਕ।

ਹੁਨ ਯੋਹਨ ਦੀਆਂ ਆਸ਼ਚਰਯ ਗੱਲਾਂ ਸੁਨੋ :—

੬੭–ਅਰ ਅਪ.ਨੇ ਅਪਨੇ ਸਿਰ ਉੱਪਰ ਸੋਨੇ ਦ੍ਮੁਕਟ ਦਿਤੇ ਹੋਏ ਸਨ, ਅਰ ਸੱਤ ਅੱਗਦੇ ਦੀਵੇ ਸਿੰਘਾਸਨ ਦੇ ਅੱਗੇ ਜਗਦੇ ਸਨ, ਸੋ ਈਸ਼ੁਰ ਦੇ ਸੱਤ ਆਤਮਾਂ ਹਨ। ਅਰ ਸਿਘਾਸਨ ਦੇ ਅਗੇ ਕੱਚ ਦਾ ਸਮੁੰਦ੍ ਹੈ ਅਰ ਸਿੰਘਾਸਨ ਦੇ ਆਸ ਪਾਸ ਚਾਰ ਪ੍ਰਾਣੀ ਹਨ ਜੋ ਅਗੋਂ ਪਿਛੋਂ ਅੱਖਾਂ ਨਾਲ ਭਰੇ ਹੋਏ ਹਨ। ਯੋ० ਪ੍ਰ० ਪਰਵ ੪ ਆਯਤ ੪। ੫। ੬॥

(ਸਮੀਖਛਕ) ਹੁਨ ਦੇਖੋ! ਇਕ ਨਗਰ ਦੇ ਬਰਾਬਰ ਈਸਾਈਆਂ ਦ, ਸ੍ਵਰਗ ਹੈ ਅਰ ਇਨਾਂ ਦਾ ਈਸ਼ੁਰ ਭੀ ਦੀਵੇ ਦੇ ਵਾਛਣ ਅੱਗ ਹੈ, ਅਰ ਸੋਨੇ ਦਾ ਮੁਕਟ ਆਦੀ ਗਹਿਣੇ ਪਾਨੇ ਅਰ ਅੱਗੇ ਪਿਛੇ ਅੱਖਾਂ ਦਾ ਹੋਨਾ ਨਹੀਂ ਬਨਦਾ ਹੈ, ਇਨਾਂ ਗੱਲਾਂ ਨੂੰ ਕੌਨ ਮੰਨ ਸੱਕਦਾ ਹੈ ? ਅਰ ਉੱਥੇ ਸ਼ੇਰ ਆਦੀ ਚਾਰ ਪਸ਼ੂ ਲਿਖੇ ਹਨ ॥ ੬੭ ॥

੬੮–ਅਰ ਮੈਂਨੇ ਸਿੰਘਾਸਨ ਉਪਰ ਬੈਠਨ ਵਾਲੇ ਦੇ ਸੱਜੇ ਹੱਥ ਵਿਚ ਇਕ ਪੁਸਤਕ ਦੇਖਿਆ ਜੋ ਅੰਦਰ ਅਰ ਪਿੱਠ ਉੱਪਰ ਲਿਖਿਆ ਹੋਇਆ ਸੀ, ਅਰ ਸਤਾਂ ਮੋਹਰਾਂ ਨਾਲ ਉਸ ਉਪਰ ਛਾਪ ਦਿੱਤੀ ਹੋਈ ਸੀ, ਇਹ ਪੁਸਤਕ ਖੋਲਨ ਅਰ ਉਸਦੀ ਛਾਪ ਤੋੜਨ ਦੇ ਯੋਗ ਕਿਹੜਾ ਹੈ ? ਅਰ ਨਾ ਸ੍ਵਰਗ ਵਿਚ ਨਾ ਪ੍ਰਿਥਿਵੀ ਉੱਪਰ, ਨਾ ਪ੍ਰਿਥਿਵੀ ਦੇ ਹੇਠਾਂ ਕੋਈ ਓਹ ਪੁਸਤਕ ਖੋਲ, ਅਥਵਾ ਉਸਨੂੰ ਦੇਖ ਸਕਦਾ ਸੀ, ਅਰ ਮੈਂ ਬਹੁਤ ਰੋਨ ਲੱਗਾ, ਏਸ ਵਾਸਤੇ ਕਿ ਪੁਸਤਕ ਖੋਲਨ ਅਰ ਪੜ੍ਹਨ ਅਥਵਾ ਉਸਨੂੰ ਦੇਖਨ ਦੇ ਯੋਗ ਕੋਈ ਨਹੀਂ ਮਿਲਿਆ ॥ ਯੋ० ਪ੍ਰ० ਪਰਵ ੫। ਆਯਤ ੧। ੨। ੩। ੪॥

(ਸਮੀਖਛਕ) ਹੁਨ ਵੇਖੋ! ਈਸਾਈਆਂ ਦੇ ਸ੍ਵਰਗ ਵਿਚ ਸਿੰਘਾਸਨ ਅਰ ਮਨੁਸ਼ਾਂ ਦਾ ਠਾਠ ਅਰ ਪੁਸਤਕ ਕਈਆਂ ਮੋਹਰਾਂ ਨਾਲ ਬੰਨ੍ਹਿਆ ਹੋਇਆ, ਜਿਸਨੂੰ ਖੋਲਨ ਆਦੀ ਕੰਮ ਕਰਨ ਵਾਲਾ ਸ੍ਵਰਗ ਅਰ ਪ੍ਰਿਥਿਵੀ ਉੱਪਰ ਕੋਈ ਨਹੀਂ ਮਿਲਿਆ, ਯੋਹਨ ਦਾ ਰੋਨਾ, ਅਰ ਪਿੱਛੋਂ ਇਕ ਬੁੱਢੇ ਨੇ ਆਖਿਆ ਕਿ ਓਹੀ ਈਸਾ ਖੋਲਨ ਵਾਲਾ ਹੈ, ਮਤਲਬ ਇਹ ਕਿ ਜਿਸਦਾ ਵਿਵਾਹ ਉਸਦੇ ਗੀਤ, ਵੇਖੋ ਈਸਾ ਹੀ ਦੇ ਉੱਪਰ ਸਬ ਮਹਾਤਮ ਝੁਕਾਏ ਜਾਂਦੇ ਹਨ, ਪਰੰਤੂ ਇਹ ਗੱਲਾਂ ਨਿਰੀਆਂ ਕਹਿਨ ਮਾਤ੍ ਹਨ ॥ ੬੮ ॥

੬੯–ਅਰ ਮੈਂਨੇ ਨਜ਼ਰ ਕੀਤੀ ਅਰ ਵੇਖੋ ਸਿੰਘਾਸਨ ਦੀ ਵੱਲ ਚਹੁ ਪ੍ਰਾਣੀਆਂ ਦੇ ਵਿਚਕਾਰ ਅਰ ਵੱਡਿਆਂ ਦੇ ਵਿਚ ਇੱਕ ਮੇਮਨਾ ਜਿਹਾ ਬਧਾਂ

Generated by CamScanner from intsig.com

ਕੀਤਾ ਹੋਇਆ ਖਲੋਤਾ ਹੈ ? ਜਿਸਦੇ ਸੱਤਸ਼ਿੰਗ ਅਰ ਸੱਤ ਅੱਖਾਂ ਹਨ, ਜੋ ਸਾਰੀ ਪ੍ਰਿਥਿਵੀ ਵਿਚ ਭੇਜੇ ਹੋਏ ਈਸ਼੍ਵਰ ਦੇ ਸੱਤੇ ਆਤਮਾ ਹਨ ॥ ਯੋ० ਪ੍ਰ० । ਪਰਵ ੫ । ਆਯਤ ੬ ॥

(ਸਮੀਖਛਕ) ਹੁਨ ਵੇਖੋ! ਏਸ ਯੋਹਨ ਦੇ ਸੁਪਨੇ ਦਾ ਮਨੋਰਾਜ, ਉਸ ਸ੍ਵਰਗ ਦੇ ਵਿਚ ਸਾਰੇ ਈਸਾਈ, ਅਰ ਚਾਰ ਪਸ਼ੂ ਤਥਾ ਈਸਾ ਭੀ ਹੈ ਹੋਰ ਕੋਈ ਨਹੀਂ ਇਹ ਬੜੀ ਆਸ਼ਚਰਯ ਦੀਗੱਲ ਹੋਈ ਕਿ ਇੱਥੇ ਤਾਂ ਈਸਾ ਦੀਆਂ ਦੋ ਅੱਖਾਂ ਸਨ ਅਰ ਸਿੰਗ ਦਾ ਨਾਮ ਭੀ ਨਹੀਂ, ਅਰ ਸ੍ਵਰਗ ਵਿਚ ਜਾਕੇ ਸੱਤ ਸਿੰਗ ਅਰ ਸੱਤ ਅੱਖਾਂ ਵਾਲਾ ਹੋਇਆ, ਅਰ ਓਹ ਸੱਤ ਈਸ਼੍ਵਰ ਦੇ ਆਤਮਾ ਈਸਾ ਦੇ ਸਿੰਗ ਅਰ ਅੱਖਾਂ ਬਨ ਗਈਆਂ ਸਨ ! ਹਾਏ ! ਅਜੇਹੀਆਂ ਗੱਲਾਂ ਨੂੰ ਈਸਾਈਆਂ ਨੇ ਕਿਉਂ ਮੰਨ ਲਿਆ ? ਭਲਾ ਕੁਝ ਤਾਂ ਬੁਧੀ ਲਿਆਉਂਦੇ॥੯੯॥

੧੦੦–ਅਰ ਜਦ ਉਸਨੇ ਚੁਸਤਕ ਲਿਆ ਤਦ ਚਾਰੇ ਪ੍ਰਾਣੀ ਅਰ ਚੌਹੀ ੨੪ ਬ੍ਰਿੱਧ ਮੇਂਮਨੇ ਦੇ ਅੱਗੇ ਡਿੱਗ ਪਏ, ਅਰ ਹਰ ਇਕ ਦੇ ਪਾਸ ਬੀਨ ਸੀ ਅਰ ਧੂਪ ਦੇ ਭਰੇ ਹੋਏ ਸੋਨੇ ਦੇ ਪਿਆਲੇ ਜੋ ਪਵਿਤ੍ਰ ਲੋਗਾਂ ਦੀ ਪ੍ਰਾਰਥਨਾ ਹਨ । ਯੋ० ਪ੍ਰ० । ਪਰਵ ੫ । ਆਯਤ ੮ ॥

(ਸਮੀਖਛਕ) ਭਲਾ ਜਦ ਈਸਾ ਸ੍ਵਰਗ ਵਿਚ ਨਾ ਹੋਵੇਗਾ ਤਦ ਇਹ ਵਿਚਾਰੇ ਧੂਪ, ਦੀਪ, ਨੈਵੇਦ, ਆਰਤੀ ਆਦੀ ਪੂਜਾ ਕਿਸ ਦੀ ਕਰਦੇ ਹੋਨਗੇ? ਅਰ ਇੱਥੇ ਪ੍ਰਾਟਸ੍ਟੇਂਟ ਈਸਾਈ ਲੋਗ ਬੁੱਤਪਰਸਤੀ (ਮੂਰਤੀਪੂਜਾ) ਨੂੰ ਖੰਡਨ ਕਰਦੇ ਹਨ, ਅਰ ਇਨ੍ਹਾਂਦਾ ਸ੍ਵਰਗ ਬੁੱਤਪਰਸਤੀ ਦਾ ਘਰ ਬਨ ਚਿਹਾ ਹੈ ।੧੦੦

੧੦੧–ਅਰ ਜਦ ਮੇਮਨੇ ਨੇ ਛਾਪਾਂ ਵਿਚੋਂ ਇੱਕ ਨੂੰ ਖੋਲਿਆ ਤਦ ਮੈਨੇ ਨਜ਼ਰ ਕੀਤੀ ਚਹੁੰ ਪ੍ਰਾਣੀਆਂ ਵਿਚੋਂ ਇੱਕ ਨੂੰ ਜਿਸਤਰਾਂ ਬੱਦਲ ਗੱਜਨ ਦੇ ਆਵਾਜ਼ ਨੂੰ ਇਹ ਕਹਿੰਦੇ ਸੁਨਿਆ ਕਿ ਆ ਅਹ ਵੇਖ, ਅਰ ਮੈਂਨੇ ਨਜ਼ਰ ਕੀਤੀ, ਅਰ ਵੇਖੋ ਇਕ ਚਿੱਟਾ ਘੋੜਾ ਹੈ ਅਰ ਜੋ ਉਸ ਉੱਪਰ ਬੈਠਾ ਹੈ ਉਸ ਪਾਸ ਧਨੁਸ਼ ਹੈ, ਅਰ ਉਸਨੂੰ ਮੁਕਟ ਦਿੱਤਾ ਗਿਆ, ਅਰ ਉਹ ਜੈ ਕਟਦਾ ਹੋਇਆ ਅਰ ਜੈ ਕਰਨ ਨੂੰ ਨਿਕਲਿਆ । ਅਰ ਜਦ ਉਸਨੇ ਦੂਜੀ ਮੋਹਰ ਖੋਲੀ ਦੂਜਾ ਘੋੜਾ ਜੋ ਲਾਲ ਸੀ ਨਿਕਲਿਆ, ਉਸਨੂੰ ਇਹ ਦਿੱਤਾ ਗਿਆ ਕਿ ਪ੍ਰਿਥਿਵੀ ਉੱਪਰੋਂ ਮੇਲ ਉਠਾ ਦੇਵੇ । ਅਰ ਜਦ ਉਸਨੇ ਤੀਜੀ ਮੋਹਰ ਖੋਲੀ ਵੇਖੋ ਇਕ ਕਾਲਾ ਘੋੜਾ ਹੈ । ਅਰ ਜਦ ਉਸਨੇ ਚੌਥੀ ਮੋਹਰ ਖੋਲੀ ਅਰ ਵੇਖੋ ਇਕ ਪੀਲਾਸਾ ਘੋੜਾ ਹੈ । ਅਰ ਜੋ ਉਸ ਉੱਪਰ ਬੈਠਾ ਹੈ ਉਸਦਾ ਨਾਉਂ ਮੌਤ ਹੈ ਇਤਿਆਦੀ ॥ ਯੋ० ਪ੍ਰ० ਪ० ੬ । ਆ० ੧ । ੨ । ੩ । ੪ । ੫ । ੭ । ੮ ॥

(ਸਮੀਖਛਕ) ਹੁਨ ਵੇਖੋ ! ਇਹ ਪੁਰਾਣਾਂ ਥੀਂ ਭੀ ਵਧੀਕ ਝੂਠੀ ਲੀਲਾ ਹੈ ਵਾ ਨਹੀਂ ? ਭਲਾ ਪੁਸਤਕਾਂ ਦੇ ਬੰਧਨਾਂ ਦੇ ਮੋਹਰਾਂ ਦੇ ਅੰਦਰ ਘੋੜੇ ਸਵਾਰ ਕੀਕਨ ਰਹ ਸੱਕਨਗੇ? ਇਹ ਸੁਪਨੇ ਦਾ ਬਰਤਾਨਾ ਜਿਨ੍ਹਾਂ ਨੇ ਏਸਨੂੰ ਭੀ ਸੱਚ

Generated by CamScanner from intsig.com

ਮੰਨਿਆਂ ਹੈ ਉਨ੍ਹਾਂ ਵਿਚ ਅਵਿਦਿਆ ਜਿੰਨੀ ਕਹੀਏ ਉੱਨੀਹੀ ਥੋੜੀ ਹੈ ॥੧੦੧

੧੦੨–ਅਰ ਇਹ ਬੜੇ ਆਵਾਜ਼ ਨਾਲ ਪੁਕਾਰਦੇ ਸਨ ਕਿ ਹੇ ਸ੍ਵਾਮੀ ਪਵਿਤ੍ਰ ਅਰ ਸੱਚ ਕਿੱਥੋਂ ਤਕ ਤੂੰ ਨਿਆਯ ਨਹੀਂ ਕਰਦਾ ਹੈਂ ਅਰ ਪ੍ਰਿਥਿਵੀ ਦੇ ਰਹਿਨ ਵਾਲਿਆਂ ਥੀਂ ਸਾਡੇ ਲਹੂ ਦਾ ਬਦਲਾ ਨਹੀਂ ਲੈਨਾ ਹੈਂ, ਅਰ ਹਰ ਇਕ ਨੂੰ ਉਜਲਾ ਕਪੜਾ ਦਿੱਤਾ ਗਿਆ, ਅਰ ਉਨ੍ਹਾਂ ਨੂੰ ਆਖਿਆ ਗਿਆ ਕਿ ਜਦ ਤਕ ਤੁਹਾਡੇ ਸੰਗੀ ਟਹਲੀਏ ਭੀ, ਅਰ ਤੁਹਾਡੇ ਭਰਾ ਜੋ ਤੁਹਾਡੇ ਵਾਙਣ ਮਾਰੇ ਜਾਨੇ ਉੱਪਰ ਹਨ ਪੂਰੇ ਨਾ ਹੋਨ ਤਦ ਤਕ ਹੋਰ ਥੋੜੀ ਦੇਰ ਸਹਾਰਾ ਕਰੋ॥ ਯੋ० ਪ੍ਰ० ਪਰਵ ੬। ਆਯਤ ੧੦। ੧੧ ॥

(ਸਮੀਖਛਕ) ਜੋ ਕੋਈ ਈਸਾਈ ਹੋਨਗੇ ਓਹ ਦੌਰੇਸਪੁਰਦ ਹੋਕੇ ਅਜੇਹਾਂ ਨਿਆਯ ਕਰਾਨ ਦੇ ਵਾਸਤੇ ਰੋਇਆ ਕਰਨਗੇ, ਜੋ ਵੇਦਮਾਰਗ ਦਾ ਅੰਗੀਕਾਰ ਕਰੇਗਾ ਉਸਦੇ ਨਿਆਯ ਹੋਨ ਵਿਚ ਕੁਝ ਭੀ ਢਿੱਲ ਨਾ ਹੋਵੇਗੀ। ਈਸਾਈਆਂ ਪਾਸੋਂ ਪੁੱਛਨਾ ਚਾਹੀਏ ਕੀ ਈਸ਼ੁਰ ਦੀ ਕਚੈਹਰੀ ਅੱਜਕੱਲ ਬੰਦ ਹੈ? ਅਰ ਨਿਆਯ ਦਾ ਕੰਮ ਨਹੀਂ ਹੁੰਦਾ? ਨਿਆਯ ਕਰਨ ਵਾਲੇ ਨਿਕੰਮੇ ਬੈਠੇ ਹਨ? ਤਾਂ ਕੁਝ ਭੀ ਠੀਕ ਠੀਕ ਉੱਤਰ ਨਾ ਦੇਸੱਕਨਗੇ, ਅਰ ਇਨ੍ਹਾਂਦਾ ਈਸ਼ੁਰ ਬਹਕ ਭੀ ਜਾਂਦਾ ਹੈ, ਕਿਸ ਕਰਕੇ ਇਨ੍ਹਾਂ ਦੇ ਕਹਿਨੇ ਨਾਲ ਝੱਟ ਇਨ੍ਹਾਂਦੇ ਦੁਸ਼ਮਨ ਥੀਂ ਬਦਲਾ ਲੈਨ ਲੱਗਦਾ ਹੈ, ਅਰ ਵੱਢਨ ਦੇ ਸੁਭਾਵਵਾਲੇ ਹਨ ਕਿ ਮਰੇ ਪਿਛੋਂ ਅਪਨਾ ਵੈਰ ਲੀਤਾ ਕਰਦੇ ਹਨ, ਸ਼ਾਂਤੀ ਕੁਝ ਭੀ ਨਹੀਂ ਅਰ ਜਿੱਥੇ ਸ਼ਾਂਤੀ ਨਹੀਂ ਉੱਥੇ ਦੁਖ ਦਾ ਕੀ ਪਾਰਾਵਾਰ ਹੋਵੇਗਾ॥ ੧੦੨ ॥

੧੦੩–ਅਰ ਜਿਸ ਤਰਾਂ ਵੱਡੀ ਹਨੇਰੀ ਨਾਲ ਹਲਾਏ ਜਾਨ ਉੱਪਰ ਗੂਲਰ ਦੇ ਦ੍ਰਖ਼ਤ ਥੀਂ ਉਸਦੇ ਕੱਚੇ ਗੂਲਰ ਝੜਦੇ ਹਨ ਉੱਸੇ ਤਰਾਂ ਆਕਾਸ਼ ਦੇ ਤਾਰੇ ਪ੍ਰਿਥਿਵੀਉੱਪਰ ਡਿੱਗਪਏ। ਅਰ ਆਕਾਸ਼ਪਤ੍ਰ ਦੇ ਵਾਙਣ ਜੋ ਵਲ੍ਹੇਟਿਆ ਜਾਂਦਾ ਹੈ ਵੱਖਰਾ ਹੋਗਿਆ॥ ਯੋ० ਪ੍ਰ० ਪਰਵ ੬। ਆਯਤ ੧੩। ੧੪ ॥

(ਸਮੀਖਛਕ) ਹੁਨ ਵੇਖੋ ਯੋਹਨ ਅੱਗੇ ਦਾ ਹਾਲ ਕਹਿਨ ਵਾਲੇ ਨੇ ਜਦ ਵਿਦਿਆ ਨਹੀਂ ਹੈ ਤਦੇ ਤਾਂ ਅਜੇਹੀ ਅੰਡਬੰਡ ਕਥਾ ਕਹੀ, ਭਲਾ ਤਾਰੇ ਸਾਰੇ ਭੂਗੋਲ ਹਨ, ਇਕ ਪ੍ਰਿਥਿਵੀ ਉੱਪਰ ਕਿਸ ਤਰਾਂ ਡਿੱਗ ਸਕਦੇ ਹਨ? ਅਰ ਸੂਰਯ ਆਦੀ ਦੀ ਆਕਰਸ਼ਣ (ਖਿੱਚ) ਉਨ੍ਹਾਂ ਨੂੰ ਕਿਤੁੰ ਇੱਧਰ ਉੱਧਰ ਜਾਨ ਦੇਵੇਗੀ ਅਰ ਕੀ ਆਕਾਸ਼ ਨੂੰ ਫੂੜ੍ਹੀ ਦੇ ਵਾਙਣ ਸਮਝਦਾ ਹੈ? ਇਹ ਆਕਾਸ਼ ਸਾਕਾਰ ਪਦਾਰਥ ਨਹੀਂ ਹੈ ਜਿਸਨੂੰ ਕੋਈ ਵਲ੍ਹੇਟੇ ਵਾ ਇਕੱਠਾ ਕਰ ਸੱਕੇ, ਏਸ ਵਾਸਤੇ ਯੋਹਨ ਆਦੀ ਸਾਰੇ ਜੰਗਲੀ ਮਨੁਸ਼ ਸਨ, ਉਨ੍ਹਾਂ ਨੂੰ ਇਨ੍ਹਾਂ ਗੱਲਾਂ ਦੀ ਕੀ ਖ਼ਬਰ ॥ ੧੦੩ ॥

੧੦੪–ਮੈਂ ਨੇ ਉਨ੍ਹਾਂਦੀਗਿਣਤੀਸੁਨੀ,ਇਸਰਾਏਲਦੀਸੰਤਾਨਦੀਸਾਰੀਕੁਲ ਵਿਚੋਂ ਇਕ ਲੱਖ ਚੁਤਾਲੀਹਜ਼ਾਰ ਉਪਰ ਮੋਹਰ ਦਿੱਤੀ ਗਈ। ਯਹੂਦਾਹ ਦੇਕੁਲ

Generated by CamScanner from intsig.com

विचों बारांहज़ार उपन मोहर दिती गई ॥यो०प्र० ५० ७।आयत ४।५ ॥

(समीखछक) की जो बाइबल विच ईशूर लिखिआ है ओह इसराएल आदी कुलां दा सूामी है वा सारे संसाउ दा ? अजेहा ना हुंदा तां उनां ही जंगलीआं दा साथ किउं दिंदा ? अर उनां ही दी मदद करदा सी, दूजे दा नाम निशान भी नहीं लैंदा, एस थीं ओह ईशूर नहीं, अर इसराएल कुल आदी दे मनुशां उपर मोहर लगानी अलपॅगता अथवा योहन दी झूठी कलपना है ॥ १०४ ॥

१०५–एस कारण ओह ईशूर दे सिंघासन दे अॅगे हन अर उसदे मंदिर विच रात अर दिन उसदी सेवा करदे हन ॥ यो० प्र० परव ७ । आयत १५ ॥

(समीखछक) की, इह महाबुॅतपरसतो नहीं है ? अथवा उनां दा ईशूर शरीरधारी मनुश दे तुल्य इकदेशी नहीं है ? अर ईसाईआं दा ईशूर रात विच मौंदा भी नहीं है ? जेकर सौंदा है तां रात विच पूजा किस तरां करदे होनगे ? तथा उसदी नींद भी उड जांदी होवेगी, अर ज रात दिन जागदा होवेगा तां विआकुल वा अतीखीमार होवेगा ॥ १०५ ॥

१०६–अर दूजा दूत आके वेदी दे नज़दीक खड़ा होइआ, जिस दे पास सोने दी धूपदानी सी, अर उसनूं बहुत धूप दिॅता गिआ, अर धूपदा धूंआं पवित् लोगां दी प्रारथना दे नाल दूतदे हॅथ विचों ईशूर दे अॅगे चड़ गिआ। अर दूत ने ओह धूपदानी लैके उस विच वेदी दी अॅग भरक उसनूं प्रिथिवी उपर सुटिआ अर शबद अर गॅजन अर बिजलीआं अर भुचाल होऐ ॥ यो० प्र०परव ८ । आयत ३।४।५॥

(समीखछक) हुन देखो सूरग तक वेदी, धूप, दीप, नैवेद, नरसिंघे दे आवाज़ हुंदे हन, की खिरागीआं दे मंदिर थीं ईसाईआं दा सूरग घॅट है ? कुझ धूमधाम वधीक ही है ॥ १०६ ॥

१०७–पहिलं दूत ने नरसिंघा फूकिआ अर लहूदे मिले होऐ गड़े अर अॅग होई अर ओह ज़मीन उपर सुटे गऐ, अर ज़मीन दी तिहाई सड़ गई। यो० प्र० परव ८ आयत ७ ॥

(समीखछक) वाह ओ ए साईआं दे भविॅशतवकता ! ईशूर, ईशूर दे दूत, नरसिंघे दा आवाज़ अर प्रलय दी लीला निरी मुंडिआं दी खेड दिॅसदी है ॥ १०७ ॥

१०८–अर पंजवें दूत ने नरसिंघा फूकिआ, अर मैं ने इॅक

Generated by CamScanner from intsig.com

ਤਾਰੇ ਨੂੰ ਦੇਖਿਆ ਜੋ ਸ੍ਵਰਗ ਵਿਚੋਂ ਪ੍ਰਿਥਿਵੀ ਉੱਪਰ ਡਿਗਿਆ ਹੋਇਆ ਸੀ, ਅਰ ਅਥਾਹ ਕੁੰਡ ਦੇ ਖੂਹ ਦੀ ਕੁੰਜੀ ਉਸਨੂੰ ਦਿੱਤੀ ਗਈ, ਅਰ ਉਸਨੇ ਅਥਾਹ ਕੁੰਡ ਦਾ ਖੂਹ ਖੋਲਿਆ, ਅਰ ਖੂਹ ਵਿਚੋਂ ਵਡੀ ਭੱਠੀ ਦੇ ਧੂੰਏ ਦੇ ਵਾਙਣ ਧੂੰਆਂ ਉਠਿਆ, ਅਰ ਉਸ ਧੂੰਏਂ ਵਿਚੋਂ ਟਿੱਡੀਆਂ ਪ੍ਰਿਥਿਵੀ ਉਪਰੋਂ ਨਿਕਲ ਗਈਆਂ, ਜਿਹਾ ਪ੍ਰਿਥਿਵੀ ਦੇ ਅਠੂਹਾਂ ਨੂੰ ਅਧਿਕਾਰ ਹੁੰਦਾ ਹੈ ਤੇਹਾ ਉਨਾਂ ਨੂੰ ਅਧਿਕਾਰ ਦਿੱਤਾ ਗਿਆ, ਅਰ ਉਨਾਂ ਨੂੰ ਕਹਿਆ ਗਿਆ ਕਿ ਉਨ੍ਹਾਂ ਮਨੁਸ਼ਾਂ ਨੂੰ ਜਿਨਾਂ ਦੇ ਮੱਥੇ ਉਪਰ ਈਸ਼੍ਵਰ ਦੀ ਮੋਹਰ ਨਹੀਂ ਹੈ ਪੰਜ ਮਹੀਨੇ ਉਨ੍ਹਾਂ ਨੂੰ ਪੀੜਾ ਦਿੱਤੀ ਜਾਵੇ॥ ਯੋ० ਪ੍० ਪਰਵ ੯। ਆਯਤ ੧। ੨। ੩। ੪। ੫॥

(ਸਮੀਖਛਕ) ਕੀ, ਨਰਸਿੰਘੇ ਦਾ ਆਵਾਜ਼ ਸੁਨਕੇ ਤਾਰੇ ਉਨ੍ਹਾਂ ਹੀ ਦੂਤਾਂ ਉਪਰ ਅਰ ਉਸੇ ਸ੍ਵਰਗ ਵਿਚ ਡਿੱਗੇ ਹੋਨਗੇ ? ਇੱਥੇ ਤਾਂ ਨਹੀਂ ਡਿੱਗੇ ਭਲਾ ਓਹ ਖੂਹ ਵਾ ਟਿੱਡੀਆਂ ਭੀ ਪ੍ਰਲਯ ਦੇ ਵਾਸਤੇ ਈਸ਼੍ਵਰ ਨੇ ਪਾਲੀਆਂ ਹੋਨਗੀਆਂ, ਅਰ ਮੋਹਰ ਨੂੰ ਦੇਖ ਪੜ੍ਹ ਭੀ ਲੈਂਦੀਆਂ ਹੋਨਗੀਆਂ, ਕਿ ਮੋਹਰ ਵਾਲਿਆਂ ਨੂੰ ਮਤ ਲੜੋ ? ਇਹ ਨਿਰਾ ਭੋਲੇ ਮਨੁਸ਼ਾਂ ਨੂੰ ਡਰ ਪਾਕੇ ਈਸਾਈ ਬਨਾ ਲੈਨ ਦਾ ਧੋਖਾ ਦੇਨਾ ਹੈ, ਕਿ ਜੇਕਰ ਤੁਸੀਂ ਈਸਾਈ ਨਾ ਹੋਵੋਗੇ ਤਾਂ ਤੁਹਾਨੂੰ ਟਿੱਡੀਆਂ ਕੱਟਨਗੀਆਂ, ਅਜੇਹੀਆਂ ਗੱਲਾਂ ਵਿਦਿਆ ਹੀਨ ਦੇਸ਼ ਵਿਚ ਚਲ ਸਕਦੀਆਂ ਹਨ ਆਰਯਾਵਰਤ ਵਿਚ ਨਹੀਂ ਕੀ ਓਹ ਪ੍ਰਲਯ ਦੀ ਗੱਲ ਹੋ ਸਕਦੀ ਹੈ ? ॥ ੧੦੮॥

੧੦੯–ਅਰ ਘੁੜਚੜ੍ਹਿਆਂ ਦੀ ਸੈਨਾ ਦੀ ਗਿਨਤੀ ਵੀਹ ਕ੍ਰੋੜ ਸੀ ਯੋ० ਪ੍० ਪਰਵ ੯। ਆਯਤ ੧੬॥

(ਸਮੀਖਛਕ) ਭਲਾ ਇੱਨੇ ਘੋੜੇ ਸਰਗ ਵਿਚ ਕਿੱਥੇ ਠਹਿਰਦੇ, ਕਿੱਥੇ ਚੁਗਦੇ, ਅਰ ਕਿੱਥੇ ਰਹਿੰਦੇ, ਅਰ ਕਿੰਨੀ ਲਿਦ ਕਰਦੇ ਸਨ ? ਅਰ ਉਸਦੀ ਬਦਬੋ ਭੀ ਸ੍ਵਰਗ ਵਿਚ ਕਿੰਨੀ ਹੁੰਦੀ ਹੋਵੇਗੀ ? ਬਸ ਅਜੇਹੇ ਸ੍ਵਰਗ, ਅਜੇਹੇ ਈਸ਼੍ਵਰ ਅਰ ਅਜੇਹੇ ਮਤ ਦੇ ਵਾਸਤੇ ਅਸਾਂ ਸਾਰਿਆਂ ਆਰਯਾਂ ਨੇ ਤਿਲਾਂਜਲੀ ਦੇ ਦਿੱਤੀ ਹੈ, ਅਜੇਹਾ ਬਖੇੜਾ ਈਸਾਈਆਂ ਦੇ ਸਿਰ ਉਪਰੋਂ ਭੀ ਸਰਵਸ਼ਕਤੀਮਾਨ ਦੀ ਕ੍ਰਿਪਾ ਕਰਕੇ ਦੂਰ ਹੋ ਜਾਵੇ ਤਾਂ ਬਹੁਤ ਅੱਛਾ ਹੋਵੇ ॥ ੧੦੯ ॥

੧੧੦–ਅਰ ਮੈਂਨੇ ਦੂਜੇ ਬਲਵਾਨ ਦੂਤ ਨੂੰ ਸ੍ਵਰਗ ਥੀਂ ਉਤਰਦੇ ਦੇਖਿਆ ਜੋ ਬੱਦਲ ਨੂੰ ਉਪਰ ਓਢਿਆ ਹੋਇਆ ਸੀ, ਅਰ ਉਸਦੇ ਸਿਰ ਉਪਰ ਬੱਦਲ ਦਾ ਧਨੁਸ਼ ਸੀ, ਅਰ ਉਸਦਾ ਮੁੰਹ ਸੂਰਯ ਦੇ ਵਾਙਣ, ਅਰ ਉਸਦੇ ਪੈਰ ਅੱਗਦੇ ਥੰਮਾਂ ਵਾਙਣ ਸਨ। ਅਰ ਉਸਨੇ ਅਪਨਾ ਸੱਜਾ ਪੈਰ ਸਮੁੰਦ੍ ਉਪਰ, ਅਰ ਖੱਬਾ ਪ੍ਰਿਥਿਵੀ ਉੱਪਰ ਰਖਿਆ॥ ਯੋ० ਪ੍० ਪਰਵ ੧੦। ਆਯਤ ੧। ੨। ੩॥

(ਸਮੀਖਛਕ) ਹੁਨ ਦੇਖੋ ਇਨਾਂ ਦੂਤਾਂ ਦੀ ਕਥਾ ਜੋ ਪੁਰਾਣਾਂ ਦਾ ਛੱਟਾਂ ਦੀ ਕਥਾ ਨਾਲੋਂ ਭੀ ਵਧਕੇ ਹੈ ॥ ੧੧੦॥

Generated by CamScanner from intsig.com

੧੧੧—ਅਰ ਲੱਗੀ ਦੇ ਵਾਛਣ ਇਕ ਨਰਕਟ ਮੈਨੂੰ ਦਿੱਤਾ ਗਿਆ, ਅਰ ਆਖਿਆ ਗਿਆ ਕਿ ਉੱਠ ਈਸ਼ੁਰ ਦੇ ਮੰਦਿਰ ਨੂੰ ਅਰ ਵੇਦੀ ਅਰ ਉਸ ਵਿਚੋਂ ਭਜਨ ਕਰਨ ਵਾਲਿਆਂ ਨੂੰ ਮਿਨ ॥ ਯੋ੦ ਪ੍ਰ੦। ਪ੦ ੧੧। ਆ੦। ੧॥

(ਸਮੀਖਛਕ) ਇੱਥੇ ਤਾਂ ਕੀ, ਪਰੰਤੂ ਈਸਾਈਆਂ ਦੇ ਸ੍ਵਰਗ ਵਿਚ ਭੀ ਮੰਦਿਰ ਬਨਾਏ ਅਰ ਨਾਪੇ ਜਾਂਦੇ ਹਨ, ਅੱਛਾ ਹੈ ਉਨ੍ਹਾਂਦਾ ਜਿਹਾ ਸ੍ਵਰਗ ਹੈ ਓਹੋ ਜਿਹੀਆਂ ਗੱਲਾਂ ਹਨ, ਏਸ ਵਾਸਤੇ ਇੱਥੇ ਪ੍ਰਭੂ ਭੋਜਨ ਵਿੱਚ ਈਸਾ ਦੇ ਸ਼ਰੀਰ ਦੇ ਅੰਗ ਮਾਂਸ, ਲਹੂਦੀ ਭਾਵਨਾ ਕਰਕੇ ਖਾਂਦੇ ਪੀਂਦੇ ਹਨ ਅਰ ਗਿਰਜੇ ਵਿੱਚਭੀ ਸੂਲੀ ਆਦੀਦਾ ਆਕਾਰ ਬਨਾਨਾ ਆਦੀ ਭੀ ਬੁੱਤਪਰਸਤੀ ਹੈ ॥ ੧੧੧ ॥

੧੧੨—ਅਰ ਸ੍ਵਰਗ ਵਿਚ ਈਸ਼ੁਰ ਦਾ ਮੰਦਿਰ ਖੋਲਿਆ ਗਿਆ, ਅਰ ਉਸਦੇ ਨੇਮ ਦਾ ਸੰਦੂਕ ਉਸਦੇ ਮੰਦਿਰ ਵਿਚ ਦਿਖਾਈ ਦਿੱਤਾ ॥ ਯੋ੦ ਪ੍ਰ੦ । ਪ੦ ੧੧ । ਆਯਤ ੧੯ ॥

(ਸਮੀਖਛਕ) ਸ੍ਵਰਗ ਵਿਚ ਜੋ ਮੰਦਿਰ ਹੈ ਸੋ ਹਰ ਵੇਲੇ ਬੰਦ ਰਹਿੰਦਾ ਹੋਵੇਗਾ, ਕਦੀ ਕਦੀ ਖੋਲਿਆ ਜਾਂਦਾ ਹੋਵੇਗਾ, ਕੀ, ਪਰਮੇਸ਼ੁਰ ਦਾ ਭੀ ਕੋਈ ਮੰਦਿਰ ਹੋ ਸਕਦਾ ਹੈ ? ਜੋ ਵੇਦੋਕਤ ਪਰਮਾਤਮਾ ਸਰਵਵਿਆਪਕ ਹੈ ਉਸਦਾ ਕੋਈ ਭੀ ਮੰਦਿਰ ਨਹੀਂ ਹੋ ਸਕਦਾ । ਹਾਂ ਈਸਾਈਆਂ ਦਾ ਜੋ ਪਰਮੇਸ਼ੁਰ ਆਕਾਰ ਵਾਲਾ ਹੈ ਉਸਦਾ ਚਾਹੇ ਸ੍ਵਰਗ ਵਿੱਚ ਹੋਵੇ ਚਾਹੇ ਪ੍ਰਿਥਿਵੀ ਵਿੱਚ ਹੋਵੇ, ਅਰ ਜਹੀ ਲੀਲਾ ਟਨ ਟਨ, ਪੂੰ ਪੂੰ ਦੀ ਇੱਥੇ ਹੁੰਦੀ ਹੈ ਉਹੋ ਜਹੀ ਈਸਾਈਆਂ ਦੇ ਸ੍ਵਰਗ ਵਿਚ ਭੀ । ਅਰ ਨੇਮਦਾ ਸੰਦੂਕ ਭੀ ਕਦੀ ਕਦੀ ਈਸਾਈ ਲੋਗ ਵੇਖਦੇ ਹੋਨਗੇ, ਉਸਥੀਂ ਨਾਜਾਨੇ ਕੀ ਮਤਲਬ ਸਿੱਧ ਕਰਦੇ ਹੋਨਗੇ, ਸੱਚ ਤਾਂ ਇਹ ਹੈ ਕਿ ਇਹ ਸਾਰੀਆਂ ਗੱਲਾਂ ਮਨੁਸ਼ ਦੇ ਲੁਭਾਨਦੀਆਂ ਹਨ ॥ ੧੧੨ ॥

੧੧੩—ਅਰ ਇਕ ਵੱਡਾ ਆਸ਼ਚਰਯ ਸ੍ਵਰਗ ਵਿਚ ਦਿਖਾਈ ਦਿੱਤਾ ਅਰਥਾਤ ਇਕ ਇਸਤ੍ਰੀ ਜੋ ਸੂਰਯ ਓਢਿਆ ਹੋਇਆ ਹੈ ਅਰ ਚੰਦ੍ਰਮਾ ਉਸਦੇ ਪੈਰਾਂ ਤਲੇ ਹੈ, ਅਰ ਉਸਦੇ ਸਿਰ ਉੱਪਰ ਬਾਰਾਂ ਤਾਰਿਆ ਦਾ ਮੁਕਟ ਹੈ ਅਰ ਓਹ ਗਰਭਵਤੀ ਹੋਕੇ ਚੀਕਾਂ ਮਾਰਦੀ ਹੈ, ਕਿਉਂਕਿ ਪ੍ਰਸੂਤ ਦੀ ਪੀੜ ਉਸਨੂੰ ਲੱਗੀ ਹੈ, ਅਰ ਓਹ ਜਨਨ ਨੂੰ ਦੁੱਖੀ ਹੈ। ਹੋਰ ਦੂਜਾ ਆਸ਼ਚਰਯ ਸ੍ਵਰਗ ਵਿਚ ਦਿਖਾਈ ਦਿੱਤਾ, ਅਰ ਵੇਖੋ ! ਬੜਾ ਲਾਲ ਅਜਗਰ ਹੈ ਜਿਸਦੇ ਸੱਤ ਸਿਰ ਅਰ ਦਸ ਸਿੰਗ ਹਨ ਅਰ ਉਸਦੇ ਸਿੰਗ ਉੱਪਰ ਸਤ ਰਾਜਮੁਕਟ ਹਨ, ਅਰ ਉਸਦੀ ਪੂਛ ਨੇ ਆਕਾਸ਼ ਦੇ ਤਾਰਿਆਂ ਦੀ ਇਕ ਤਿਹਾਈ ਨੂੰ ਖਿਚਕੇ ਉਨ੍ਹਾਂ ਨੂੰ ਪ੍ਰਿਥਿਵੀ ਉੱਪਰ ਸੁੱਟਿਆ ॥ ਯੋ੦ । ਪ੍ਰ੦ । ਪ੦ ੧੨ । ਆਯਤ ੧ । ੨ । ੩ । ੪ ॥

(ਸਮੀਖਛਕ) ਹੁਨ ਵੇਖੋ ਲੰਬੇ ਚੌੜੇ ਗਪੌੜੇ ਇਨ੍ਹਾਂ ਦੇ ਸ੍ਵਰਗ ਵਿਚ ਭੀ ਵਿਚਾਰੀ ਇਸਤ੍ਰੀ ਚੀਕਾਂ ਮਾਰਦੀ ਹੈ, ਉਸਦਾ ਦੁੱਖ ਕੋਈ ਨਹੀਂ ਸੁਨਦਾ, ਨਾ ਦੂਰ ਕਰ ਸਕਦਾ ਹੈ, ਅਰ ਉਸ ਅਜਗਰ ਦੀ ਪੂਛ ਕਿੱਨੀ ਵੱਡੀ ਸੀ ਜਿਸਨੇ

Generated by CamScanner from intsig.com

ਤਾਰਿਆਂ ਨੂੰ ਪ੍ਰਿਥਿਵੀ ਉੱਪਰ ਇਕ ਤਿਹਾਈ ਸੁੱਟਿਆ, ਭਲਾ ਪ੍ਰਿਥਿਵੀ ਤਾਂ ਛੋਟੀ ਹੈ ਅਰ ਤਾਰੇ ਭੀ ਵਡੇ ਵਡੇ ਲੋਕ ਹਨ, ਏਸ ਪ੍ਰਿਥਿਵੀ ਉੱਪਰ ਇਕ ਭੀ ਨਹੀਂ ਸਮਾ ਸਕਦਾ, ਕਿੰਤੂ ਇੱਥੇ ਇਹਾ ਅਨੁਮਾਨ ਕਰਨਾ ਚਾਹੀਏ ਕਿ ਇਹ ਤਾਰਿਆਂ ਦੀ ਤਿਹਾਈ ਏਸ ਬਾਤ ਦੇ ਲਿਖਨ ਵਾਲੇ ਦੇ ਘਰ ਉੱਪਰ ਡਿੱਗੇ ਹੋਨਗੇ, ਅਰ ਜਿਸ ਅਜਗਰ ਦੀ ਪੂਛ ਇੱਨੀ ਵੱਡੀ ਸੀ ਜਿਸ ਥੀਂ ਸਾਰਿਆਂ ਤਾਰਿਆਂ ਦੀ ਤਿਹਾਈ ਵਲ੍ਹੇਟਕੇ ਪ੍ਰਿਥਿਵੀ ਉੱਪਰ ਸੁੱਟ ਦਿੱਤੀ, ਓਹ ਅਜਗਰ ਭੀ ਉੱਸੇ ਘਰ ਵਿਚ ਰਹਿੰਦਾ ਹੋਵੇਗਾ ॥ ੧੧੩ ॥

੧੧੪—ਅਰ ਸ੍ਵਰਗ ਵਿਚ ਲੜਾਈ ਹੋਈ 'ਮੀਕਾਏਲ' ਅਰ ਉਸਦੇ ਦੂਤ ਅਜਗਰ ਨਾਲ ਲੜੇ ਅਰ ਅਜਗਰ ਅਰ ਉਸਦੇ ਦੂਤ ਲੜੇ ॥ ਯੋ० । ਪ੍ਰ० । ਪ० ੧੨ । ਆਯਤ ੭ ॥

(ਸਮੀਖਛਕ) ਜੋ ਕੋਈ ਈਸਾਈਆਂ ਦੇ ਸ੍ਵਰਗ ਵਿਚ ਜਾਂਦਾ ਹੋਵੇਗਾ ਓਹ ਭੀ ਲੜਾਈ ਵਿਚ ਦੁੱਖ ਪਾਂਦਾ ਹੋਵੇਗਾ, ਅਜੇਹੇ ਸ੍ਵਰਗ ਦੀ ਇੱਥੋਂ ਹੀ ਥੀਂ ਆਸ਼ਾ ਛੱਡਕੇ ਹੱਥ ਜੋੜਕੇ ਬੈਠ ਰਹੋ, ਜਿੱਥੇ ਆਰਾਮ ਨਾ ਹੋਵੇ ਅਰ ਉਪਦ੍ਰਵ ਮਚਿਆ ਰਹੇ ਓਹ ਈਸਾਈਆਂ ਦੇ ਯੋਗ ਹੈ ॥ ੧੧੪ ॥

੧੧੫—ਅਰ ਓਹ ਵੱਡਾ ਅਜਗਰ ਸੁੱਟਿਆ ਗਿਆ, ਹਾਂ ਓਹ ਪੁਰਾਨਾ ਸੱਪ ਜੋ 'ਦਿਆਬਲ' ਅਰ ਸ਼ੈਤਾਨ ਕਹਾਉਂਦਾ ਹੈ ਜੋ ਸਾਰੇ ਸੰਸਾਰ ਦਾ ਭਰਮਾਨ ਵਾਲਾ ਹੈ ॥ ਯੋ० । ਪ੍ਰ० । ਪ० ੧੨ । ਆਯਤ ੯ ॥

(ਸਮੀਖਛਕ) ਕੀ, ਜਦ ਓਹ ਸ਼ੈਤਾਨ ਸ੍ਵਰਗ ਵਿਚ ਸੀ ਤਦ ਲੋਗਾਂ ਨੂੰ ਨਹੀਂ ਭਰਮਾਂਦਾ ਸੀ ? ਅਰ ਉਸਨੂੰ ਜਨਮਭਰ ਕੈਦਖਾਨੇ ਵਿਚ ਰਖਿਆ ਅਥਵਾ ਮਾਰ ਕਿਉਂ ਨਾ ਸੁੱਟਿਆ ? ਉਸਨੂੰ ਜ਼ਮੀਨ ਉੱਪਰ ਕਿਉਂ ਸੁੱਟ ਦਿੱਤਾ ? ਜੇਕਰ ਸਾਰੇ ਸੰਸਾਰ ਦਾ ਭਰਮਾਨ ਵਾਲਾ ਸ਼ੈਤਾਨ ਹੈ ਤਾਂ ਸ਼ੈਤਾਨ ਨੂੰ ਭਰਮਾਨ ਵਾਲਾ ਕੌਨ ਹੈ ? ਜੇਕਰ ਸ਼ੈਤਾਨ ਅਪਨੇ ਆਪ ਭਰਮਿਆ ਹੈ ਤਾਂ ਸ਼ੈਤਾਨ ਦੇ ਬਿਨਾ ਭਰਮਨਹਾਰੇ ਭਰਮਨਗੇ, ਅਰ ਜੇਕਰ ਉਸਨੂੰ ਭਰਮਾਨ ਵਾਲਾ ਪਰਮੇਸ਼ੁਰ ਹੈ ਤਾਂ ਓਹ ਈਸ਼ੁਰ ਹੀ ਨਾ ਠਹਰਿਆ। ਮਲੂਮ ਤਾਂ ਇਹ ਹੁੰਦਾ ਹੈ ਕਿ ਈਸਾਈਆਂ ਦਾ ਈਸ਼ੁਰ ਭੀ ਸ਼ੈਤਾਨ ਥੀਂ ਡਰਦਾ ਹੋਵੇਗਾ, ਕਿਉਂਕਿ ਜੋ ਸ਼ੈਤਾਨ ਥੀਂ ਜ਼ੋਰਾਵਰ ਹੈ ਤਾਂ ਈਸ਼ੁਰ ਨੇ ਉਸਨੂੰ ਕਸੂਰ ਕਰਨ ਦੇ ਵੇਲੇ ਹੀ ਦੰਡ ਕਿਉਂ ਨਾ ਦਿੱਤਾ ? ਜਗਤ ਵਿਚ ਸ਼ੈਤਾਨ ਦਾ ਜਿੱਨਾ ਰਾਜ ਹੈ ਉਸਦੇ ਸਾਮਨੇ ਹਜ਼ਾਰਵਾਂ ਹਿੱਸਾ ਭੀ ਈਸਾਈਆਂ ਦੇ ਈਸ਼ੁਰ ਦਾ ਰਾਜ ਨਹੀਂ, ਏਸ ਵਾਸਤੇ ਈਸਾਈਆਂ ਦਾ ਈਸ਼ੁਰ ਉਸ ਨੂੰ ਹਟਾ ਨਹੀਂ ਸੱਕਦਾ ਹੋਵੇਗਾ, ਏਸ ਥੀਂ ਇਹ ਸਿੱਧ ਹੋਇਆ ਕਿ ਜਿਹਾ ਏਸ ਵੇਲੇ ਦੇ ਰਾਜ ਅਧਿਕਾਰੀ ਈਸਾਈ, ਡਾਕੂ ਚੋਰ ਆਦੀ ਨੂੰ ਜਲਦੀ ਦੰਡ ਦਿੰਦੇ ਹਨ, ਉਹੋ ਜਿਹਾ ਭੀ ਈਸਾਈਆਂ ਦਾ ਈਸ਼ੁਰ ਨਹੀਂ, ਫੇਰ ਕੌਨ ਅਜੇਹਾ ਨਿਰਬੁੱਧੀ ਮਨੁਸ਼ ਹੈ ਜੋ ਵੈਦਿਕਮਤ ਨੂੰ ਛਡਕੇ ਕਪੋਲ

Generated by CamScanner from intsig.com

ਕਲਪਿਤ ਈਸਾਈਆਂ ਦਾ ਮਤ ਅੰਗੀਕਾਰ ਕਰੇ ? ॥ ੧੧੫ ॥

੧੧੬–ਹਾਏ ਪ੍ਰਿਥਿਵੀ ਅਰ ਸਮੁੰਦ੍ ਦੇ ਰਹਿਨ ਵਾਲਿਓ ! ਕਿਉਂਕਿ ਸ਼ੈਤਾਨ ਤੁਹਾਡੇ ਪਾਸ ਉਤਰਿਆ ਹੈ। ਯੋ० ਪ੍ਰ० । ਪ० ੧੨। ਆ० ੧੨॥

(ਸਮੀਖਛਕ) ਕੀ ਓਹ ਈਸ਼੍ਵਰ ਉੱਥੋਂ ਹੀ ਦਾ ਰਖਛਕ ਅਰ ਸ੍ਵਾਮੀ ਹੈ ? ਪ੍ਰਿਥਿਵੀ ਮਨੁਸ਼ਆਦੀ ਪ੍ਰਾਣੀਆਂ ਦਾ ਰਖਛਕ ਅਰ ਸ੍ਵਾਮੀ ਨਹੀਂ ਹੈ ? ਜੇਕਰ ਪ੍ਰਿਥਿਵੀ ਦਾ ਭੀ ਰਾਜਾ ਹੈ ਤਾਂ ਸ਼ੈਤਾਨ ਨੂੰ ਕਿਉਂ ਨਾ ਮਾਰ ਸੱਕਿਆ ? ਈਸ਼੍ਵਰ ਵੇਖਦਾ ਰਹਿੰਦਾ ਹੈ ਅਰ ਸ਼ੈਤਾਨ ਬਹਕਾਂਦਾ ਫਿਰਦਾ ਹੈ ਤਾਂ ਭੀ ਉਸ ਨੂੰ ਮਨ੍ਹਾਂ ਕਰਦਾ ਨਹੀਂ, ਮਲ੍ਹੂਮ ਤਾਂ ਇਹ ਹੁੰਦਾ ਹੈ ਕਿ ਇਕ ਅੱਛਾ ਈਸ਼੍ਵਰ, ਅਰ ਇਕ ਸਾਮਰਥ ਦੁਸ਼ਟ ਦੂਜਾ ਈਸ਼੍ਵਰ ਹੋਰਹਿਆ ਹੈ ॥ ੧੧੬ ॥

੧੧੭–ਅਰ ਬਤਾਲੀ ਮਹੀਨੇ ਤਕ ਯੁੱਧ ਕਰਨ ਦਾ ਅਧਿਕਾਰ ਉਸ ਨੂੰ ਦਿੱਤਾ ਗਿਆ। ਅਰ ਉਸ ਨੇ ਈਸ਼੍ਵਰ ਦੇ ਵਿਰੁੱਧ ਨਿੰਦਿਆ ਕਰਨ ਨੂੰ ਅਪਨਾ ਮੁੰਹ ਖੋਲਿਆ ਕਿ ਉਸਦੇ ਨਾਉਂ ਦੀ ਅਰ ਉਸਦੇ ਤੰਬੂ ਦੀ ਅਰ ਸ੍ਵਰਗ ਵਿਚ ਰਹਿਨ ਵਾਲਿਆਂ ਦੀ ਨਿੰਦਿਆ ਕਰੇ। ਅਰ ਉਸ ਨੂੰ ਇਹ ਦਿੱਤਾ ਗਿਆ ਕਿ ਪਵਿਤ੍ਰ ਲੋਗਾਂ ਨਾਲ ਲੜਾਈ ਕਰੇ, ਅਰ ਉਨ੍ਹਾਂ ਉੱਪਰ ਜੈ ਕਰੇ, ਅਰ ਹਰ ਇੱਕ ਕੁਲ ਅਰ ਭਾਸ਼ਾ ਅਰ ਦੇਸ਼ ਉੱਪਰ ਉਸ ਨੂੰ ਅਧਿਕਾਰ ਦਿੱਤਾ ਗਿਆ ॥ ਯੋ० । ਪ੍० ਪ० ੧੩ । ਆ० ੫ । ੬ । ੭॥

(ਸਮੀਖਛਕ) ਭਲਾ ਜੋ ਪ੍ਰਿਥਿਵੀ ਦੇ ਲੋਗਾਂ ਨੂੰ ਬਹਕਾਨ ਦੇ ਵਾਸਤੇ ਸ਼ੈਤਾਨ ਅਰ ਪਸ਼ੂ ਆਦੀ ਨੂੰ ਭੇਜੇ, ਅਰ ਪਵਿਤ੍ਰ ਮਨੁਸ਼ਾਂ ਨਾਲ ਲੜਾਈ ਕਰਾਵੇ ਓਹ ਕੰਮ ਡਾਕੂਆਂ ਦੇ ਸਰਦਾਰ ਦੇ ਫਾਬਣ ਹਨ ਵਾ ਨਹੀਂ ? ਅਜੇਹਾ ਕੰਮ ਈਸ਼੍ਵਰ ਯਾ ਈਸ਼੍ਵਰ ਦੇ ਭਗਤਾਂ ਦਾ ਨਹੀਂ ਹੋ ਸਕਦਾ ॥ ੧੧੭ ॥

੧੧੮–ਅਰ ਮੈਂ ਨੇ ਨਜ਼ਰ ਕੀਤੀ ਅਰ ਵੇਖੋ ਮੇਮਨਾ ਸਿਯੋਨ ਪਰਬਤ ਉੱਪਰ ਖਲੋਤਾ ਹੈ, ਅਰ ਉਸਦੇ ਨਾਲ ਇਕਲੱਖ ਚੁਤਾਲੀ ਹਜ਼ਾਰ ਸਨ, ਜਿਨ੍ਹਾਂ ਦੇ ਮੱਥੇ ਉੱਪਰ ਉਸਦਾ ਨਾਉਂ ਅਰ ਉਸਦੇ ਪਿਤਾ ਦਾ ਨਾਉਂ ਲਿਖਿਆ ਹੈ। ਯੋ० । ੭० । ਪਰਵ ੧੪ । ਆਯਤ ੧ ॥

(ਸਮੀਖਛਕ) ਹੁਨ ਵੇਖੋ ! ਜਿੱਥੇ ਈਸਾ ਦਾ ਪਿਤਾ ਰਹਿੰਦਾ ਸੀ ਉੱਥੇ ਹੀ ਉੱਸੇ ਸਿਯੋਨ ਪਹਾੜ ਉੱਪਰ ਉਸਦਾ ਮੁੰਡਾ ਭੀ ਰਹਿੰਦਾ ਸੀ, ਪਰੰਤੂ ਇਕ ਲੱਖ ਚੁਤਾਲੀ ਹਜ਼ਾਰ ਮਨੁਸ਼ਾਂ ਦੀ ਗਿਣਤੀ ਕਿਸਤਰਾਂ ਕੀਤੀ ? ਇਕ ਲੱਖ ਚੁਤਾਲੀ ਹਜ਼ਾਰ ਹੀ ਸ੍ਵਰਗ ਦੇ ਵਾਸੀ ਹੋਏ, ਬਾਕੀ ਕ੍ਰੋੜਾਂ ਈਸਾਈਆਂ ਦੇ ਸਿਰਾਂ ਉੱਪਰ ਨਾ ਮੋਹਰ ਲੱਗੀ, ਕੀ ਇਹ ਸਾਰੇ ਨਰਕ ਵਿਚ ਗਏ ? ਈਸਾਈਆਂ ਨੂੰ ਚਾਹੀਏ ਕਿ ਸਿਯੋਨ ਪਰਬਤ ਜਾਕੇ ਵੇਖਨ ਕਿ ਈਸਾ ਦਾ ਪਿਤਾ ਅਰ ਉਨ੍ਹਾਂ ਦੀ ਸੈਨਾ ਉੱਥੇ ਹੈ ਵਾ ਨਹੀਂ ? ਜੇਕਰ ਹੋਵੇ ਤਾਂ ਇਹ ਲੇਖ ਠੀਕ ਹੈ, ਨਹੀਂ ਤਾਂ ਝੂਠ, ਜੇਕਰ ਕਿਧਰੋਂ ਉੱਥੇ ਆਇਆ ਤਾਂ ਕਿੱਥੋਂ ਆਇਆ ? ਜੇਕਰ

Generated by CamScanner from intsig.com

ਆਖੋ ਸ੍ਵਰਗ ਥੀਂ ਤਾਂ ਕੀ ਓਹ ਪਖਛੀ ਹਨ ਕਿ ਇੱਨੀ ਵੱਡੀ ਸੈਨਾ ਅਰ ਆਪ ਉੱਪਰ ਨੋਠਾਂ ਉੱਡਕੇ ਆਇਆ ਜਾਇਆ ਕਰਦੇ ਹਨ? ਜੇਕਰ ਓਹ ਆਇਆ, ਜਾਇਆ ਕਰਦਾ ਹੈ ਤਾਂ ਇਕ ਜ਼ਿਲੇ ਦੇ ਨਿਆਯਾਧੀਸ਼ ਦੇ ਵਾਙਣ ਹੋਇਆ, ਅਰ ਓਹ ਇਕ ਦੋ ਵਾ ਤਿੰਨ ਹੋਵੇ ਤਾਂ ਨਹੀਂ ਬਨ ਸਕੇਗਾ, ਕਿੰਤੂ ਥੋੜੇ ਥੀਂ ਥੋੜ, ਇਕ ਇਕ ਭੂਗੋਲ ਵਿਚ ਇਕ ਇਕ ਈਸ਼ੁਰ ਚਾਹੀਏ, ਕਿਉਂ ਇਕ ਦੋ, ਤਿੰਨ ਅਨੇਕ ਬ੍ਰਹਮੰਡਾਂ ਦਾ ਨਿਆਯ ਕਰਨੇ ਅਰ ਸਬ ਜਗਹ ਇਕੱਠੇ ਫਿਰਨ ਵਿਚ ਸਾਮਰਥ ਕਦੀ ਨਹੀਂ ਹੋ ਸਕਦੇ ॥ ੧੧੮॥

੧੧੯–ਆਤਮਾ ਕਹਿੰਦਾ ਹੈ ਹਾਂ ਕਿ ਓਹ ਅਪਨੇ ਪੂਯਤਨ ਨਾਲ਼ ਵਿਸ਼੍ਰਾਮ ਕਰਨਗੇ, ਪਰੰਤੂ ਉਨ੍ਹਾਂ ਦੇ ਕਰਮ ਉਨ੍ਹਾਂ ਦੇ ਨਾਲ ਹੋ ਲੈਂਦੇ ਹਨ। ਯੋ०। ਪ੍ਰ०। ਪਰਵ ੧੪। ਆਯਤ ੧੩

(ਸਮੀਖਛਕ) ਵੇਖੋ ਈਸਾਈਆਂ ਦਾ ਈਸ਼ੁਰ ਤਾਂ ਕਹਿੰਦਾ ਹੈ ਕਿ ਉਨ੍ਹਾਂ ਦੇ ਕਰਮ ਉਨ੍ਹਾਂ ਦੇ ਨਾਲ ਰਹਨਗੇ ਅਰਥਾਤ ਕਰਮਾਂ ਅਨੁਸਾਰ ਫਲ ਸ਼ਾਰਿਆਂ ਨੂੰ ਦਿੱਤੇ ਜਾਨਗੇ ਅਰ ਇਹ ਲੋਗ ਕਹਿੰਦੇ ਹਨ ਕਿ ਈਸਾ ਪਾਪਾਂ ਨੂੰ ਲੈ ਲਵੇਗਾ ਅਰ ਖਛਮਾ ਭੀ ਕੀਤੇ ਜਾਨਗੇ, ਇੱਥੇ ਸਿਆਨੇ ਵਿਚਾਰਨ ਕਿ ਈਸ਼ੁਰ ਦਾ ਵਚਨ ਸੱਚਾ ਵਾ ਈਸਾਈਆਂ ਦਾ ? ਇਕ ਗੱਲ ਵਿਚ ਦੋ ਤਾਂ ਸੱਚੇ ਹੋਹੀ ਨਹੀਂ ਸਕਦੇ ਇਨ੍ਹਾ ਵਿਚੋਂ ਇਕ ਝੂਠਾ ਜ਼ਰੂਰ ਹੋਵੇਗਾ, ਅਸਾਂ ਨੂੰ ਕੀ, ਭਾਵੇਂ ਈਸਾਈਆਂ ਦਾ ਈਸ਼ੁਰ ਝੂਠਾ ਹੋਵੇ ਵਾ ਈਸਾਈ ਲੋਗ ॥ ੧੧੯॥

੧੨੦–ਅਰ ਉਸ ਨੂੰ 'ਈਸ਼ੁਰ ਦੇ ਕ੍ਰੋਧ ਦੇ ਵੱਡੇ ਕੋਹਲ੍ਹੂ ਦੇ ਕੁੰਡ ਵਿਚ ਸੁੱਟਿਆ। ਅਰ ਕੋਹਲ੍ਹੂ ਦੇ ਕੁੰਡ ਵਿਚ ਪੀੜਨਾ ਨਗਰਦੇ ਬਾਹਿਰ ਕੀਤਾ ਗਿਆ, ਅਰ ਕੋਹਲ੍ਹੂ ਦੇ ਕੁੰਡ ਵਿਚੋਂ ਘੋੜਿਆਂ ਦੀ ਲਗਾਮ ਤਕ ਲਹੂ ਇਕ ਸੌ ਕੋਹ ਤਕ ਵਗ ਨਿਕਲਿਆ ॥ ਯੋ०। ਪ੍ਰ०। ਪਰਵ ੧੪। ਆਯਤ ੧੯। ੨० ॥

(ਸਮੀਖਛਕ) ਹੁਨ ਵੇਖੋ! ਇਨ੍ਹਾਂ ਦੇ ਗਪੌੜੇ ਪੁਰਾਣਾਂ ਥੀਂ ਭੀ ਵਧਕੇ ਹਨ ਵਾ ਨਹੀਂ ? ਈਸਾਈਆਂ ਦਾ ਈਸ਼ੁਰ ਕ੍ਰੋਧ ਕਰਨ ਵੇਲੇ ਬਹੁਤ ਦੁਖੀ ਹੋ ਜਾਂਦਾ ਹੋਵੇਗਾ, ਅਰ ਜੋ ਉਸਦੇ ਕ੍ਰੋਧ ਦੇ ਕੁੰਡ ਭਰੇ ਹਨ, ਕੀ ਉਸਦਾ ਕ੍ਰੋਧ ਜਲ ਹੈ ? ਵਾ ਹੋਰ ਵਗਨ ਵਾਲਾ ਪਦਾਰਥ ਹੈ? ਕਿ ਜਿਸ ਦੇ ਕੁੰਡ ਭਰੇ ਹਨ? ਅਰ ਸੌ ਕੋਹ ਤਕ ਲਹੂ ਦਾ ਵਹਨਾ ਨਹੀਂ ਬਨਦਾ ਹੈ, ਕਿਉਂਕਿ ਲਹੂ ਹਵਾ ਲੱਗਨ ਥੀਂ ਝੱਟ ਜੰਮ ਜਾਂਦਾ ਹੈ, ਫੇਰ ਕੀਕਨ ਵਗ ਸਕਦਾ ਹੈ? ਏਸਵਾਸਤੇ ਅਜੇਹੀਆਂ ਗੱਲਾਂ ਝੂਠੀਆਂ ਹੁੰਦੀਆਂ ਹਨ ॥ ੧੨੦ ॥

੧੨੧—ਅਰ ਵੇਖੋ ਸ੍ਵਰਗ ਵਿਚ ਉਗਾਹ ਦੇ ਤੰਬੂ ਦਾ ਮੰਦਿਰ ਖੋਲਿਆ ਗਿਆ ॥ ਯੋ०। ਪ੍ਰ० ੫੦। ੧੫। ਆਯਤ ੫ ॥

(ਸਮੀਖਛਕ) ਜੇਕਰ ਈਸਾਈਆਂ ਦਾ ਈਸ਼ੁਰ ਸਰਵੱਗ ਹੁੰਦਾ ਤਾਂ ਉਗਾਹਾਂ ਦਾ ਕੀ ਕੰਮ ? ਕਿਉਂਕਿ ਓਹ ਆਪ ਸਬ ਕੁਝ ਜਾਨਦਾ ਹੁੰਦਾ, ਏਸ

Generated by CamScanner from intsig.com

ਥੀਂ ਸਥਭਰਾਂ ਨਾਲ ਇਹੀ ਨਿਸ਼ਚੇ ਹੁੰਦਾ ਹੈ ਕਿ ਇਨ੍ਹਾਂ ਦਾ ਈਸ਼ੂਰ ਸਰਵੱਗ ਨਹੀਂ, ਕਿਉਂਕਿ ਮਨੁੱਸ਼ ਵਾਛਣ ਅਲਪੱਗ ਹੈ, ਉੱਥੇ ਈਸ਼ੂਰਭਾ ਦਾ ਕੀਕੰਮ ਕਰ ਸੱਕਦਾ ਹੈ ? ਨਹੀਂ ਨਹੀਂ ਹੋਰ ਇਸੇ ਪ੍ਰਕਰਣ ਵਿਚ ਦੂਭਾਂ ਦੀਆਂ ਵੱਡੀਆਂ ਵੱਡੀਆਂ ਅਨਹੁੰਦੀਆਂ ਗੱਲਾਂ ਲਿਖੀਆਂ ਹਨ, ਉਨ੍ਹਾਂ ਨੂੰ ਸੱਚ ਕੋਈ ਨਹੀਂ ਮੰਨ ਸਕਦਾ, ਕਿੱਥੋਂ ਝਕ ਲਿਖੀਏ ਇਸੇ ਪ੍ਰਕਰਣ ਵਿਚ ਸਥਭਰਾਂ ਅਜੇਹੀਆਂ ਹੀ ਗੱਲਾਂ ਭਰੀਆਂ ਹਨ ॥ ੧੨੧ ॥

੧੨੨—ਅਰ ਈਸ਼ੂਰ ਨੇ ਉਸਦੇ ਖੋਟੇ ਕਰਮਾਂ ਨੂੰ ਯਾਦ ਕੀਭਾ ਹੈ। ਜਿਹਾ ਭੁਹਾਨੂੰ ਉਸਨੇ ਦਿੱਭਾ ਹੈ ਭਿਹਾ ਉਸਨੂੰ ਭਰ ਦੇਵੋ, ਅਰ ਉਸਦੇ ਕਰਮਾਂ ਦੇ ਅਨੁਸਾਰ ਦੂਨਾ ਉਸਨੂੰ ਦੇ ਦੇਵੋ॥ ਯੋ० ਪ੍० ਪ० ੧੮ । ਆਯਤ ਪ । ੬ ॥

(ਸਮੀਖਛਕ) ਵੇਖੋ ! ਪ੍ਰਤਖਛ ਈਸਾਈਆਂ ਦਾ ਈਸ਼ੂਰ ਅਨਿਆਯ ਕਰਨ ਵਾਲਾ ਹੈ, ਕਿਉਂਕਿ ਨਿਆਯ ਉੱਸੇ ਨੂੰ ਕਹਿੰਦੇ ਹਨ ਕਿ ਜਿਸਨੇ ਜਿਹਾ ਵਾ ਜਿੱਨਾ ਕਰਮ ਕੀਭਾ ਉਸਨੂੰ ਓਹੋ ਜਿਹਾ ਅਰ ਉੱਨਾ ਹੀ ਫਲ਼ ਦੇਨਾ ਉਸ ਥੀਂ ਘੱਟ ਵੱਧ ਦੇਨਾ ਅਨਿਆਯ ਹੈ, ਜੇਹੜੇ ਅਨਿਆਯ ਕਰਨ ਵਾਲੇ ਦੀ ਉਪਾਸਨਾ ਕਰਦੇ ਹਨ ਓਹ ਅਨਿਆਯ ਕਰਨ ਵਾਲੇ ਕਿਉਂ ਨਾ ਹੋਨ॥੧੨੨॥

੧੨੩—ਕਿਉਂਕਿ ਮੇਮਨੇ ਦਾ ਵਿਆਹ ਆਗਿਆ ਹੈ, ਅਰ ਉਸਦੀ ਇਸਤ੍ਰੀ ਨੇ ਅਪਨੇ ਨੂੰ ਭਿਆਰ ਕੀਭਾ ਹੈ ॥ ਯੋ० ਪ੍० । ਪ० ੧੯ । ਆਯਤ ੭॥

(ਸਮੀਖਛਕ) ਹੁਨ ਸੁਨੋ ! ਈਸਾਈਆਂ ਦੇ ਸ੍ਵਰਗ ਵਿਚ ਵਿਵਾਹ ਭੀ ਹੁੰਦੇ ਹਨ! ਕਿਉਂਕਿ ਈਸਾ ਦਾ ਵਿਵਾਹ ਈਸ਼ੂਰ ਨੇ ਉੱਥੇ ਹੀ ਕੀਭਾ, ਪੁੱਛਨਾ ਚਾਹੀਏ ਕਿ ਉਸਦੇ ਮੌਹਰਾ, ਸੱਸ, ਸਾਲ਼ਾ ਆਦੀ ਕੌਨ ਸਨ ? ਅਰ ਮੁੰਡੇ ਬਾਲੇ ਕਿੰਨੇ ਹੋਏ ? ਅਰ ਵੀਰਯ ਦੇ ਨਾਸ਼ ਹੋਨ ਥੀਂ ਬਲ, ਬੁੱਧੀ, ਪਰਾਕ੍ਰਮ, ਉਮਰ ਆਦੀ ਦੇ ਭੀ ਘਟਨ ਥੀਂ ਹੁਨ ਭਕ ਈਸਾ ਨੇ ਉੱਥੇ ਸ਼ਰੀਰ ਭਿਆਗ ਕੀਭਾ ਹੋਵੇਗਾ, ਕਿਉਂਕਿ ਸੰਯੋਗ ਭੇ ਉਭਪੰਨ ਹੋਏ ਪਦਾਰਥ ਦਾ ਵਿਜੋੜਾ ਜ਼ਰੂਰ ਹੁੰਦਾ ਹੈ, ਹੁਨ ਭਕ ਈਸਾਈਆਂ ਨੇ ਉਸਦੇ ਵਿਸ਼ੂਾਸ ਵਿਚ ਧੋਖਾ ਖਾਦਾ, ਅਰ ਨਾ ਜਾਨੇ ਕਿੱਥੋਂ ਭਕ ਧੋਖੇ ਵਿਚ ਰਹਿਨਗੇ ॥ ੧੨੩ ॥

੧੨੪—ਅਰ ਉਸਨੇ ਅਜਗਰ ਨੂੰ ਅਰ ਪੁਰਾਨੇ ਸੱਪ ਨੂੰ ਜੋ ਦਿਯਾਬਲ ਅਰ ਸ਼ੈਭਾਨ ਹੈ ਪਕੜਕੇ ਉਸਨੂੰ ਹਜ਼ਾਰ ਵਰ੍ਹੇ ਭਕ ਬਨ੍ਹ ਰਖਿਆ । ਅਰ ਉਸਨੂੰ ਅਥਾਹ ਕੁੰਡ ਵਿਚ ਸੁੱਟਿਆ ਅਰ ਬੰਦ ਕਰਕੇ ਉਸਨੂੰ ਮੋਹਰ ਲਾਈ ਜਿਸ ਕਰਕੇ ਓਹ ਜਦ ਭਕ ਹਜ਼ਾਰ ਵਰ੍ਹੇ ਪੂਰੇ ਨਾ ਹੋਨ ਭਦ ਭਕ ਫਿਰ ਦੇਸ਼ਾਂ ਦੇ ਲੋਗਾਂ ਨੂੰ ਨਾ ਭਰਮਾਵੇ ॥ ਯੋ० । ਪ੍० ਪ० ੨੦ । ਆਯਤ ੨ ।੩॥

(ਸਮੀਖਛਕ) ਵੇਖੋ । ਮਸੇ ਮਸੇ ਕਰਕੇ ਸ਼ੈਭਾਨ ਨੂੰ ਪਕੜਿਆ ਅਰ ਹਜ਼ਾਰ ਵਰ੍ਹੇ ਭਕ ਬੰਦ ਕੀਭਾ ਫਿਰ ਭੀ ਛੁੱਟ ਗਿਆ, ਕੀ ਫਿਰ ਨਾ ਭਰਮਾਵੇਗਾ? ਅਜੇਹੇ ਦੁਸ਼ਟ ਨੂੰ ਭਾਂ ਕੈਦਖਾਨੇ ਹੀ ਵਿਚ ਰਖਨਾ ਵਾ ਮਾਰੇ ਬਿਨਾ ਛਡਨਾ ਹੀ

Generated by CamScanner from intsig.com

ਨਹੀਂ। ਪਰੰਤੂ ਇਹ ਸ਼ੈਤਾਨ ਦਾ ਹੋਨਾ ਈਸਾਈਆਂ ਦਾ ਭ੍ਰਮ ਮਾਤ੍ਰ ਹੈ, ਅਸਲ ਵਿਚ ਕੁਝ ਭੀ ਨਹੀਂ, ਨਿਰਾ ਲੋਗਾਂ ਨੂੰ ਡਰਾਕੇ ਅਪਨੇ ਜਾਲ ਵਿਚ ਲਿਆਉਨ ਦਾ ਉਪਾਯ ਰਚਿਆ ਹੈ। ਜਿਸਤਰਾਂ ਕਿਸੇ ਧੂਰਤ ਨੇ ਕਿੰਨਿਆਂ ਭੋਲੇ ਮਨੁਸ਼ਾਂ ਨੂੰ ਕਿਹਾ ਕਿ ਚਲੋ ਤੁਹਾਨੂੰ ਦੇਵਤਾ ਦਾ ਦਰਸ਼ਨ ਕਰਾਵਾਂ, ਕਿਸੇ ਅਕੱਲੀ ਜਗਹ ਵਿਚ ਲੈਜਾਕੇ ਇਕ ਮਨੁਸ਼ ਨੂੰ ਚਤੁਰਭੁਜ ਬਨਾਕੇ ਰਖਿਆ, ਝਾੜੀ ਵਿਚ ਖਲਵਾਕੇ ਆਖਿਆ ਕਿ ਅੱਖਾਂ ਮੀਚਲੈ ਜਦ ਮੈਂ ਕਹਾਂ ਤਦ ਖੋਲਨੀਆਂ, ਫਿਰ ਜਦ ਕਹਾਂ ਤਦਭੀ ਮੀਚ ਲੈਨੀਆਂ, ਜਿਹੜਾ ਨਾ ਮੀਚੇਗਾ ਓਹ ਅਨ੍ਹਾਂ ਹੋਜਾਵੇਗਾ, ਅਜੇਹੀਆਂ ਇਨ੍ਹਾਂ ਮਤਵਾਲਿਆਂ ਦੀਆਂ ਗੱਲਾਂ ਹਨ ਕਿ ਜੇਹੜਾ ਸਾਡਾ ਮਜ਼ਹਬ ਨਾ ਮੰਨੇਗਾ ਓਹ ਸ਼ੈਤਾਨਦਾ ਬਕਾਇਆ ਹੋਇਆ ਹੈ, ਜਦ ਓਹ ਸਾਮਨੇ ਆਇਆ ਤਦ ਆਖਿਆ ਵੇਖੋ ! ਅਰ ਫੇਰ ਜਲਦੀ ਕਹਿਆ ਕਿ ਮੀਚ ਲਵੋ, ਜਦ ਫੇਰ ਝਾੜੀ ਵਿਚ ਛਿਪ ਗਿਆ ਤਦ ਕਹਿਆ ਖੋਲੋ। ਵੇਖਿਆ ਨਾਰਾਇਣ ਨੂੰ ਸਾਰਿਆਂ ਨੇ ਦਰਸ਼ਨ ਕੀਤਾ, ਉਹੋ ਜਿਹੀ ਲੀਲਾ ਮਜ਼ਹਬਵਾਲਿਆਂ ਦੀ ਹੈ, ਇਸਵਾਸਤੇ ਇਨ੍ਹਾਂ ਦੀ ਮਾਇਆ ਵਿਚ ਕਿਸੇ ਨੂੰ ਨਾ ਫਸਨਾ ਚਾਹੀਏ ॥ ੧੨੪ ॥

੧੨੫–ਜਿਸਦੇ ਸਾਮਨੇ ਥੀਂ ਪ੍ਰਿਥਿਵੀ ਅਰ ਆਕਾਸ਼ ਨੱਠ ਗਏ, ਅਰ ਉਨ੍ਹਾਂ ਦੇ ਵਾਸਤੇ ਜਗਹ ਨਾ ਮਿਲੀ ਅਰ ਮੈਂਨੇ ਕੀ ਨਿੱਕੇ ਕੀ ਵੱਡੇ ਸਾਰੇ ਮੋਇਆਂ ਨੂੰ ਈਸ਼ੂਰ ਦੇ ਅੱਗੇ ਖਲੋਤੇ ਦੇਖਿਆ, ਅਰ ਪੁਸਤਕ ਖੋਲਦੇ ਗਏ, ਅਰ ਇਕ ਪੁਸਤਕ ਅਰਥਾਤ ਜੀਵਾਂ ਦਾ ਪੁਸਤਕ ਖੋਲਿਆ ਗਿਆ, ਅਰ ਪੁਸਤਕਾਂ ਵਿਚ ਲਿਖੀਆਂ ਹੋਈਆਂ ਗੱਲਾਂ ਥੀਂ ਮੋਏਹੋਇਆਂਦਾ ਵਿਚਾਰ ਉਨ੍ਹਾਂਦੇ ਕਰਮਾਂ ਦੇ ਅਨੁਸਾਰ ਕੀਤਾ ਗਿਆ॥ ਯੋ० । ਪ੍ਰ० । ਪ० ੨੦ । ਆ० ੧੧ । ੧੨ ॥

(ਸਮੀਖਛਕ) ਇਹ ਵੇਖੋ। ਮੂੰਹੈਪਨ ਦੀ ਗੱਲ, ਭਲਾ ਪ੍ਰਿਥਿਵੀ ਅਰ ਆਕਾਸ਼ ਕਿਸ ਤਰਾਂ ਨੱਠ ਸੱਕਨਗੇ ? ਅਰ ਓਹ ਕਿਸ ਉੱਪਰ ਠਹਿਰਨਗੇ ਜਿਸਦੇ ਸਾਮਨੇ ਥੀਂ ਨੱਠੇ! ਅਰ ਉਸਦਾ ਸਿੰਘਾਸਨ ਅਰ ਓਹ ਕਿੱਥੇ ਠਹਰਿਆ ? ਅਰ ਮੁਰਦੇ ਪਰਮੇਸ਼ੂਰ ਦੇ ਸਾਮਨੇ ਖੜੇ ਕੀਤੇ ਗਏ ਤਾਂ ਪਰਮੇਸ਼ੂਰ ਭੀ ਬੈਠਾਸੀ ਵਾ ਖੜਾ ਹੋਵੇਗਾ ?ਕੀ ਇੱਥੇ ਭੀ ਕਚੈਹਰੀ ਅਰ ਦੁਕਾਨਦੇ ਵਾਙਣ ਈਸ਼ੂਰ ਦਾ ਵਿਹਾਰ ਹੈ ਜੇਹੜਾ ਕਿ ਪੁਸਤਕ ਦੇ ਲੇਖ ਦੇ ਅਨੁਸਾਰ ਹੁੰਦਾ ਹੈ ? ਅਰ ਸਾਰਿਆਂ ਜੀਵਾਂਦਾ ਹਾਲ ਈਸ਼ੂਰਨੇ ਲਿਖਿਆ ਵਾ ਉਸਦੇ ਗੁਮਾਸ਼ਤੇਆਂਨੇ? ਅਜੇਹੀਆਂ ਅਜੇਹੀਆਂ ਗੱਲਾਂ ਥੀਂ ਅਨੀਸ਼ੂਰ ਨੂੰ ਈਸ਼ੂਰ ਅਰ ਈਸ਼ੂਰ ਨੂੰ ਅਨੀਸ਼ੂਰ ਈਸਾਈ ਆਦੀ ਮਤ ਵਾਲਿਆਂ ਨੇ ਬਨਾ ਦਿੱਤਾ ॥ ੧੨੫ ॥

੧੨੬–ਉਨ੍ਹਾਂ ਵਿਚੋਂ ਇਕ ਮੇਰੇ ਪਾਸ ਆਇਆ ਅਰ ਮੇਰੇ ਨਾਲ ਬੋਲਿਆ ਕਿ ਆ ਮੈਂ ਵਹੁਟੀ ਅਰਥਾਤ ਮੇਮਨੇ ਦੀ ਇਸਤ੍ਰੀ ਨੂੰ ਤੈਨੂੰ ਦਿਖਾਵਾਂਗਾ ॥ ਯੋ० ਪ੍ਰ० ਪਰਵ ੨੧ । ਆਯਤ ੯ ।

(ਸਮੀਖਛਕ) ਭਲਾ ਈਸਾ ਨੇ ਸ੍ਵਰਗ ਵਿਚ ਵਹੁਟੀ ਅਰਥਾਤ ਇਸ-ਤ

Generated by CamScanner from intsig.com

ਅੱਛੀ ਪਾਈ ਮੌਜ ਕਰਦਾ ਹੋਵੇਗਾ, ਜੇਹੜੇ ਜੇਹੜੇ ਈਸਾਈ ਉੱਥੇ ਜਾਂਦੇ ਹੋਨਗੇ ਉਨਾਂ ਨੂੰ ਭੀ ਉੱਥੇ ਇਸਤ੍ਰੀਆਂ ਮਿਲਦੀਆਂ ਹੋਨਗੀਆਂ? ਅਰ ਲੜਕੇ ਬਾਲੇ ਹੁੰਦੇ ਹੋਨਗੇ ? ਅਰ ਬਹੁਤ ਭੀੜ ਦੇ ਹੋਜਾਨ ਥੀਂ ਬੀਮਾਰੀ ਪੈਦਾ ਹੋਕੇ ਮਰਦੇ ਭੀ ਹੋਨਗੇ। ਅਜੇਹੇ ਮ੍ਰਰਗ ਨੂੰ ਦੂਰ ਥੀਂ ਹੱਥ ਹੀ ਜੋੜਨਾ ਅੱਛਾ ਹੈ ॥ ੧੨੬ ॥

੧੨੭–ਅਰ ਉਸਨੇ ਉਸ ਨਲ ਨਾਲ ਨਗਰ ਨੂੰ ਨਾਪਿਆ ਕਿ ਸਾਢੇ ਸੱਤ ਸੈ ਕੋਹ ਦਾ ਹੈ, ਉਸਦੀ ਲੰਬਾਈ ਅਰ ਚੁੜਿਆਈ ਅਰ ਉਚਿਆਈ ਇਕੋ ਜੇਹੀ ਹੈ। ਅਰ ਉਸਨੇ ਉਸਦੀ ਕੰਧ ਨੂੰ ਮਨੁਸ਼ ਦੇ ਅਰਥਾਤ ਦੂਤ ਦੇ ਨਾਪ ਨਾਲ ਨਾਪਿਆ ਕਿ ਇਕ ਸੌ ਚੁਤਾਲੀ ਹੱਥ ਦੀ ਹੈ, ਅਰ ਉਸਦੀ ਕੰਧ ਦੀ ਚੁੜਿਆਈ ਸੂਰਯ ਦੀ ਸ਼ਕਲ ਦੀ ਸੀ, ਅਰ ਨਗਰ ਸਾਫ ਸੋਨੇ ਦਾ ਸੀ ਜੋ ਨਿਰਮਲ ਕਚ ਦੇ ਵਾਛਣ ਸੀ। ਅਰ ਨਗਰ ਕੇ ਕੰਧ ਦੀ ਨੀਹਾਂ ਹਰ ਇਕ ਬਹੁਤੇ ਮੁੱਲ ਦੇ ਪੱਥਰ ਨਾਲ ਸਵਾਰੀਆਂ ਹੋਈਆਂ ਸਨ,ਪਹਿਲੀ ਨੀਂਹ ਸੂਰਯ ਕਾਂਤਮਣੀ ਦੀ ਸੀ, ਦੂਜੀ ਨੀਲਮਣੀ ਦੀ, ਤੀਜੀ ਲਾਲੜੀ ਦੀ,ਚੌਥੀ ਮਰਕਤ ਦੀ, ਪੰਜਵੀਂ ਗੋਮੇਦਕ ਦੀ, ਛੀਵੀਂ ਮਾਣਿਕ ਦੀ, ਸਤਵੀਂ ਪੀਤਮਣੀ ਦੀ, ਅਠਵੀਂ ਪੈਰੋਜ਼ ਦੀ, ਨੌਵੀਂ ਪੁਖਰਾਜ ਦੀ, ਦਸਵੀਂ ਲਹਸਨੀਏ ਦੀ, ਯਾਰ੍ਹਵੀਂ ਧੂਮ੍ਰਕਾਂਤ ਦੀ, ਬਾਰ੍ਹਵੀਂ ਮਰਟੀਸ਼ ਦੀ। ਅਰ ਬਾਰਾਂ ਫਾਟਕ ਬਾਰਾਂ ਮੋਤੀ ਸਨ, ਇਕ ਇਕ ਮੋਤੀ ਥੀਂ ਇਕ ਇਕ ਫਾਟਕ ਬਨਿਆ ਸੀ, ਅਰ ਨਗਰ ਦੀ ਸੜਕ ਸਾਫ ਕਚਦੇ ਵਾਛਣ ਸੋਨੇ ਦੀ ਸੀ। ਯੋਹੰਨਾ ਪ੍ਰ੦ ਪ੦ ੨੧। ਆਯਤ ੧੬ ੧੭। ੧੮। ੧੯। ੨੦। ੨੧ ॥

(ਸਮੀਖਛਕ) ਸੁਨੋ ਈਸਾਈਆਂ ਦੇ ਮ੍ਰਰਗ ਦਾ ਵਰਣਨ ! ਜੇਕਰ ਈਸਾਈ ਮਰਦੇ ਜਾਂਦੇ ਅਰ ਜੰਮਦੇ ਜਾਂਦੇ ਹਨ ਤਾਂ ਇੱਨੇ ਵੱਡੇ ਸ਼ਹਿਰ ਵਿਚ ਕਿਸ ਤਰਾਂ ਸਮਾ ਸੱਕਨਗੇ ? ਕਿਉਂਕਿ ਉਸ ਵਿਚ ਮਨੁਸ਼ਾਂ ਦਾ ਆਉਨ ਹੁੰਦਾ ਹੈ, ਅਰ ਉਸ ਥੀਂ ਨਿਕਲਦੇ ਨਹੀਂ, ਅਰ ਜੋ ਇਹ ਬਹੁਤ ਮੁਲ ਵਾਲੇ ਰਤਨਾਂ ਦੀ ਬਨੀ ਹੋਈ ਨਗਰੀ ਮੰਨੀ ਹੈ ਅਰ ਸਾਰੀ ਸੋਨੇ ਦੀ ਹੈ ਇਤਿਆਦੀ ਲੇਖ ਨਿਰਾ ਭੋਲੇ ਭੋਲੇ ਮਨੁਸ਼ਾਂਨੂੰ ਏਕਾਕੇ ਫਸਾਨ ਦੀ ਲੀਲਾ ਹੈ। ਭਲਾ ਲੰਬਿਆਈ ਚੁੜਿਆਈ ਤਾਂ ਉਸ ਨਗਰ ਦੀ ਲਿਖੀ ਸੋ ਹੋ ਸਕਦੀ ਪਰੰਤੂ ਉਚਿਆਈ ਸਾਢੇ ਸਤ ਸੈ ਕੋਹ ਕਿਸ ਤਰਾਂ ਨਾਲ ਹੋ ਸਕਦੀ ਹੈ ? ਇਹ ਸਬ ਤਰਾਂ ਝੂਠ ਕਪੋਲ ਕਲਪਨਾ ਦੀ ਗੱਲ ਹੈ, ਅਰ ਇੱਨੇ ਵੱਡੇ ਮੋਤੀ ਕਿਥੋਂ ਥੀਂ ਆਏ ਹੋਨਗੇ ? ਇਸ ਲੇਖ ਦੇ ਲਿਖਨ ਵਾਲੇ ਦੇ ਘਰ ਦੇ ਘੜੇ ਵਿਚੋਂ, ਇਹ ਗਪੌੜਾ ਪੁਰਾਣ ਦਾ ਭੀ ਪਿਉ ਹੈ ॥ ੧੨੭ ॥

੧੨੮–ਅਰ ਕੋਈ ਅਪਵਿਤ੍ਰ ਵਸਤੂ ਅਵਾ ਭੈੜਾ ਕੰਮ ਕਰਨ ਵਾਲਾ ਅਥਵਾ ਝੂਠ ਉੱਪਰ ਚਲਨ ਵਾਲਾ ਉਸ ਵਿਚ ਕਿਸੇ ਤਰਾਂ ਨਾਲ ਪ੍ਰਵੇਸ਼ ਨਾ ਕਰੇਗਾ॥ ਯੋ੦ ਪ੍ਰ੦ ਪਰਵ ੨੦। ਆਯਤ ੨੭ ॥

Generated by CamScanner from intsig.com

(ਸਮੀਖਛਕ) ਜੇ ਅਜੇਹੀ ਗੱਲ ਹੈ ਤਾਂ ਈਸਾਈ ਲੋਗ ਕਿਉਂ ਕਹਿੰਦੇ ਹਨ ਕਿ ਪਾਪੀ ਲੋਗ ਭੀ ਸ੍ਵਰਗ ਵਿਚ ਈਸਾਈ ਹੋਨ ਕਰਕੇ ਜਾ ਸਕਦੇ ਹਨ, ਇਹ ਠੀਕ ਗੱਲ ਨਹੀਂ ਹੈ, ਜੇਕਰ ਅਜੇਹਾ ਹੈ ਤਾਂ ਯੋਹੱਨਾ ਸੁਪਨੇਦੀ ਝੂਠੀਗੱਲਾਂ ਦਾ ਕਹਿਨ ਵਾਲਾ ਸ੍ਵਰਗ ਵਿਚ ਪ੍ਰਵੇਸ਼ ਕਦੀ ਨਾ ਕਰ ਸੱਕਿਆ ਹੋਵੇਗਾ, ਅਰ ਈਸਾ ਭੀ ਸ੍ਵਰਗ ਵਿਚ ਨਾ ਗਿਆ ਹੋਵੇਗਾ, ਕਿਉਂਕਿ ਜਦ ਅਕੱਲਾ ਪਾਪੀ ਸ੍ਵਰਗ ਨੂੰ ਪ੍ਰਾਪਤ ਨਹੀਂ ਹੋ ਸਕਦਾ ਤਾਂ ਜੋ ਅਨੇਕ ਪਾਪੀਆਂ ਦੇ ਪਾਪ ਦੇ ਭਾਰ ਨਾਲ ਭਰਿਆ ਹੈ ਓਹ ਕਿਸ ਤਰਾਂ ਸ੍ਵਰਗਵਾਸੀ ਹੋ ਸਕਦਾ ਹੈ ? ॥ ੧੨੮॥

੧੨੯–ਅਰ ਹੁਨ ਕੋਈ ਸ੍ਰਾਪ ਨਾ ਹੋਵੇਗਾ, ਅਰ ਈਸ਼੍ਵਰ ਦਾ ਅਰ ਮੇਮਨੇ ਦਾ ਸਿੰਘਾਸਨ ਉਸ ਵਿਚ ਹੋਵੇਗਾ, ਅਰ ਉਸਦੇ ਨੌਕਰ ਉਸਦੀ ਸੇਵਾ ਕਰਨਗੇ, ਅਰ ਉਸਦਾ ਮੁੰਹ ਦੇਖਨਗੇ, ਅਰ ਉਸਦਾ ਨਾਮ ਉਨਾਂ ਦੇ ਮੱਥੇ ਉੱਪਰ ਹੋਵੇਗਾ, ਅਰ ਉੱਥੇ ਰਾਤ ਨਾ ਹੋਵੇਗੀ, ਅਰ ਉਨਾਂ ਨੂੰ ਦੀਵੇ ਦਾ ਅਥਵਾ ਸੂਰਯ ਦੇ ਚਾਨਨੇ ਦਾ ਮਤਲਬ ਨਹੀਂ, ਕਿਉਂਕਿ ਪਰਮੇਸ਼੍ਵਰ ਈਸ਼ਰ ਉਨਾਂ ਨੂੰ ਚਾਨਨਾ ਦੇਵੇਗਾ, ਓਹ ਸਦਾ ਸਥਦਾ ਰਾਜ ਕਰਨਗੇ ॥ ਯੋਹੱਨਾ ਪ੍ਰ੦ ਪਰਵ ੨੨ । ਆਯਤ ੩ । ੪ । ੫ ॥

(ਸਮੀਖਛਕ) ਦੇਖੋ ! ਇਹੀ ਈਸਾਈਆਂ ਦਾ ਸ੍ਵਰਗ ਵਿਚ ਰਹਿਨਾ ਕੀ ਈਸ਼੍ਵਰ ਅਰ ਈਸਾ ਸਿੰਘਾਸਨ ਉਪਰ ਹਮੇਸ਼ਾ ਬੈਠੇ ਰਹਿਨਗੇ ? ਅਰ ਉਨਾਂ ਦੇ ਨੌਕਰ ਉਨਾਂ ਦੇ ਸਾਮਨੇ ਹਮੇਸ਼ਾ ਮੁੰਹ ਦੇਖਿਆ ਕਰਨਗੇ ? ਹੁਨ ਇਹ ਭਾਂ ਦੱਸੀਏ ਤੁਹਾਡੇ ਈਸ਼੍ਵਰ ਦਾ ਮੁੰਹ ਫਰੰਗੀਆਂ ਦੇ ਵਾਙਣ ਗੋਰਾ ਵਾ ਅਫਰੀਕਾ ਵਾਲਿਆਂ ਦੇ ਵਾਙਣ ਕਾਲਾ ਅਥਵਾ ਹੋਰਨਾਂ ਦੇਸ਼ ਵਾਲਿਆਂ ਦੇ ਵਾਙਣ ਹੈ ? ਇਹ ਤੁਹਾਡਾ ਸ੍ਵਰਗ ਭੀ ਬੰਧਨ ਹੈ, ਕਿਉਂਕਿ ਜਿੱਥੇ ਛੁਟਿਆਈ ਵਡਿਆਈ ਹੈ, ਅਰ ਉੱਸੇ ਇਕ ਨਗਰ ਵਿਚ ਰਹਿਨਾ ਜ਼ਰੂਰ ਹੈ ਤਾਂ ਉਥੇ ਦੁੱਖ ਕਿਉਂ ਨਾ ਹੁੰਦਾ ਹੋਵੇਗਾ ? ਜੋ ਮੁੰਹ ਵਾਲਾ ਹੈ ਓਹ ਈਸ਼੍ਵਰ ਸਰਵੱਗ, ਸਰਵੇਸ਼੍ਵਰ ਕਦੀ ਨਹੀਂ ਹੋਸਕਦਾ ॥ ੧੨੯ ॥

੧੩੦–ਦੇਖ ਮੈਂ ਸ਼ਤਾਬੀ ਆਉਂਦਾ ਹਾਂ, ਅਰ ਮੇਰਾ ਪ੍ਰਤੀਫਲ ਮੇਰੇ ਨਾਲ ਹੈ, ਜਿਸ ਥੀਂ ਹਰ ਇੱਕ ਨੂੰ ਜਿਹਾ ਉਸਦਾ ਕਾਰਯ ਠਹਰੇਗਾ ਉਹੋ ਜਿਹਾ ਫਲ ਦੇਵਾਂਗਾ ॥ ਯੋ० ਪ੍ਰ० ਪਰਵ ੨੨ । ਆਯਤ ੧੨ ॥

(ਸਮੀਖਛਕ) ਜਦ ਇਹਾ ਗੱਲ ਹੈ ਕਿ ਕਰਮਾਂ ਦੇ ਅਨੁਸਾਰ ਫਲ ਪਾਂਦੇ ਹਨ ਤਾਂ ਪਾਪਾਂ ਦੀ ਖਛਮਾ ਕਦੀ ਨਹੀਂ ਹੁੰਦੀ, ਅਰ ਜੇਕਰ ਖਛਮਾ ਹੁੰਦੀ ਹੈ ਤਾਂ ਇੰਜੀਲ ਦੀਆਂ ਗੱਲਾਂ ਝੂਠੀਆਂ, ਜੇਕਰ ਕੋਈ ਕਹੇ ਕਿ ਖਛਮਾ ਕਰਨਾ ਭੀ ਇੰਜੀਲ ਵਿਚ ਲਿਖਿਆ ਹੈ ਤਾਂ ਪੂਰਵਾਪਰ ਵਿਰੋਧ (ਪਹਿਲਾਂ ਕੁਝ ਕਹਿਨਾ ਪਿੱਛੋਂ ਹੋਰ ਕਹਨਾ ਅਰਥਾਤ ਹਲਫਦਰੋਗੀ) ਹੋਈ ਤਾਂ ਝੂਠ ਹੈ, ਏਸ ਦਾ ਮੰਨਨਾ ਛੱਡ ਦੇਓ ॥

Generated by CamScanner from intsig.com

ਹੁਨ ਕਿੱਥੋਂ ਤਕ ਲਿਖੀਏ ਇਨ੍ਹਾਂ ਦੀ ਬਾਇਬਲ ਵਿਚ ਲੱਖਾਂ ਗੱਲਾਂ ਖੰਡਨ ਯੋਗ ਹਨ, ਇਹ ਤਾਂ ਥੋੜਾ ਜਿਹਾ ਨਮੂਨਾ ਈਸਾਈਆਂ ਦੀ ਬਾਇਬਲ ਪੁਸਤਕ ਦਾ ਵਿਖਾਇਆ ਹੈ, ਇੱਨੇ ਹੀ ਨਾਲ ਬੁਧਵਾਨ ਲੋਗ ਬਹੁਤ ਸਮਝ ਲੈਨਗੇ, ਥੋੜੀ ਜਿਹੀਆਂ ਗੱਲਾਂ ਨੂੰ ਛੱਡਕੇ ਬਾਕੀ ਸਬ ਝੂਠ ਦੇ ਨਾਲ ਸੱਚ ਭੀ ਸ਼ੁੱਧ ਨਹੀਂ ਰਹਿੰਦਾ ਹੈ, ਉੱਸੇ ਤਰਾਂ ਨਾਲ ਹੀ ਬਾਇਬਲ ਪੁਸਤਕ ਭੀ ਮੰਨਨ ਯੋਗ ਨਹੀਂ ਹੋ ਸਕਦੀ, ਕਿੰਤੂ ਓਹ ਸੱਚ ਤਾਂ ਵੇਦਾਂ ਦੇ ਮੰਨਨ ਨਾਲ ਮਿਲਦਾ ਹੈ ॥

ਇਤਿ ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮਿਕ੍ਰਿਤੇ ਸਤ੍ਯਾਰਥਪ੍ਰਕਾਸ਼ੇ ਸੁਭਾਸ਼ਾਵਿਭੂਸ਼ਿਤ ਕ੍ਰਿਸ਼ਚੀਨਮਤਵਿਸ਼ਯੇ ਤ੍ਰਿਯੋਦਸ਼ः ਸਮੁੱਲਾਸः ਸੰਪੂਰਣः ॥੧੩॥

—o—

ਸ਼੍ਰੀਮੱਦਯਾਨੰਦਸਰਸ੍ਵਤੀਸ੍ਵਾਮੀ ਕ੍ਰਿਤ ਸਤ੍ਯਾਰਥਪ੍ਰਕਾਸ਼ ਸੁਭਾਸ਼ਾਵਿਭੂਸ਼ਿਤ ਦੇ ਕ੍ਰਿਚੀਯਨ ਮਤ ਵਿਸ਼ਯ ਦਾ ਤੇਰਵਾਂ ਸਮੁੱਲਾਸ ਸਮਾਪਤ ਹੋਇਆ ॥ ੧੩ ॥

—o—

Generated by CamScanner from intsig.com

ਅਨੁ ਭੂਮਿਕਾ। (੪)

—o—

ਜੋ ਏਹ ਚੌਦਵਾਂ ਸਮੁੱਲਾਸ ਮੁਸਲਮਾਨਾਂ ਦੇ ਮਤ ਦੇ ਵਿਸ਼ਯ ਵਿੱਚ ਹੈ ਸੋ ਨਿਰਾ ਕੁਰਾਨ ਦਾ ਮਤਲਬ ਲਿਖਿਆ ਹੈ, ਹੋਰ ਕਿਸੇ ਗ੍ਰੰਥ ਦੇ ਮਤਦੇ ਅਨੁਸਾਰ ਨਹੀਂ, ਕਿਉਂਕਿ ਮੁਸਲਮਾਨ ਕੁਰਾਨ ਉੱਤੇ ਹੀ ਪੂਰਾ ਪੂਰਾ ਵਿਸ਼ਵਾਸ ਰੱਖਦੇ ਹਨ, ਭਾਵੇਂ ਫਿਰਕੇ ਹੋਨਦੇ ਕਾਰਣ ਕਿਸੇ ਸ਼ਬਦ ਅਰਥ ਆਦੀ ਵਿਸ਼ਯ ਵਿਚ ਵਿਰੁੱਧ ਬਾਤ ਹੈ ਤਾਂ ਭੀ ਕੁਰਾਨ ਉੱਤੇ ਸਬ ਇੱਕਮਤ ਹਨ, ਜੋ ਕੁਰਾਨ ਅਰਬੀ ਭਾਸ਼ਾ ਵਿਚ ਹੈ ਉਸਦਾ ਮੌਲਵੀਆਂ ਨੇ ਉਰਦੂ ਵਿਚ ਅਨੁਵਾਦ ਕੀਤਾ ਹੈ, ਉਸ ਅਨੁਵਾਦ ਨੂੰ ਦੇਵਨਾਗਰੀ ਅਖਛਰਾਂ ਅਰ ਆਰਯ ਭਾਸ਼ਾ ਵਿਚ ਕਰਾਕੇ ਫਿਰ ਅਰਬੀ ਦੇ ਵਡੇ ਵਡੇ ਵਿਦਵਾਨਾਂ ਕੋਲੋਂ ਸ਼ੁੱਧ ਕਰਵਾਕੇ ਲਿਖਿਆ ਗਿਆ ਹੈ,ਜੇਕਰ ਕੋਈ ਆਖੇ ਕਿ ਏਹ ਅਰਥ ਠੀਕ ਨਹੀਂ ਹਨ ਤਾਂ ਉਸਨੂੰ ਚਾਹੀਦਾ ਹੈ ਕਿ ਮੌਲਵੀ ਸਾਹਿਬਾਂ ਦੇ ਤਰਜਮਿਆਂ ਦਾ ਪਹਿਲੋਂ ਖੰਡਨ ਕਰੇ, ਫੇਰ ਏਸ ਵਿਸ਼ਯ ਉੱਤੇ ਲਿਖੇ, ਕਿਉਂਕਿ ਏਹ ਲੇਖ ਕੇਵਲ ਸਨੁਸ਼ਾਂ ਦੀ ਉੱਨਤੀ ਅਰ ਸੱਤ ਅਸੱਤ ਦੇ ਨਿਰਣਯ ਦੇ ਵਾਸਤੇ ਸਬ ਮਤਾਂ ਦੇ ਵਿਸ਼ਿਆਂ ਦਾ ਥੋੜਾਥੋੜਾ ਗਿਆਨ ਹੋਵੇ,ਤਾਕਿ ਮਨੁਸ਼ਾਂ ਨੂੰ ਇਕ ਦੂਜੇ ਨਾਲ ਵਿਚਾਰ ਕਰਨ ਦਾ ਸਮਯ ਮਿਲੇ ਅਰ ਇਕ ਦੂਜੇ ਦੇ ਦੋਸ਼ਾਂ ਦਾ ਖੰਡਨ ਕਰਕੇ ਗੁਣਾਂ ਦਾ ਗ੍ਰਹਣ ਕਰਨ, ਨਾ ਕਿਸੇ ਹੋਰ ਮਤ ਉੱਤੇ ਨਾ ਏਸ ਮਤ ਉੱਤੇ ਝੂਠ ਮੂਠ ਬੁਰਿਆਈ ਵਾ ਭਲਿਆਈ ਲਗਾਨ ਦਾ ਮਤਲਬ ਹੈ,ਕਿਉਂਕਿ ਜੈਹੜੀ ਭਲਿਆਈ ਹੈ ਓਹੋ ਭਲਿਆਈ, ਅਰ ਜੋ ਬੁਰਿਆਈ ਹੈ ਓਹੋ ਬੁਰਿਆਈ ਸਬ ਨੂੰ ਮਲੂਮ ਹੋਵੇ, ਨਾ ਕੋਈ ਕਿਸੇ ਉੱਤੇ ਝੂਠ ਚਲਾ ਸੱਕੇ, ਅਰ ਨਾ ਸੱਚ ਨੂੰ ਟੋਕ ਸਕੇ, ਅਰ ਸੱਚ ਝੂਠ ਵਿਸ਼ਯ ਪ੍ਰਕਾਸ਼ ਕਰਨ ਉੱਤੇ ਭੀ ਜਿਸਦੀ ਇਛਿਆ ਹੋਵੇ ਓਹ ਨਾ ਮੰਨੇ ਵਾ ਮੰਨੇ ਕਿਸੇ ਉੱਤੇ ਜ਼ਬਰਦਸਤੀਨਹੀਂ ਕੀਤੀ ਜਾਂਦੀ, ਅਰ ਇਹੋ ਸੱਜਨਾਂ ਦੀ ਰੀਤੀ ਹੈ ਕਿ ਅਪਨੇ ਵਾ ਪਰਾਏ ਦੋਸ਼ਾਂ ਨੂੰ ਦੋਸ਼ ਅਰ ਗੁਣਾਂ ਨੂੰ ਗੁਣ ਜਾਨਕੇ ਗੁਣਾਂ ਦਾ ਗ੍ਰਹਣ ਅਰ ਦੋਸ਼ਾਂ ਦਾ ਤਿਆਗ ਕਰਨ ਅਰ ਹਠੀਆਂ ਦਾ ਹਠ, ਦੁਰਾਗ੍ਰਹ ਘੱਟ ਕਰਨ ਕਰਾਨ, ਕਿਉਂ ਕਿ ਪਖਛਪਾਤ ਕਰਕੇ ਕੀ ਕੀ ਅਨਰਥ ਜਗਤ ਵਿਚ ਨਹੀਂ ਹੋਏ ਅਰ ਨਹੀਂ ਹੁੰਦੇ ਹਨ, ਸਤ ਤਾਂ ਏਹ ਹੈ ਕਿ ਏਸ ਅਨਿਸ਼ਚਿਤ ਖਛਣਭੰਗੁਰ ਜੀਵਨ ਵਿਚ ਪਰਾਈ ਹਾਨੀ ਕਰਕੇ ਲਾਭ ਥੀਂ ਆਪ ਪਰੇ ਰਹਨਾ ਅਰ ਹੋਰਨਾਂ ਨੂੰ ਰੱਖਨਾ ਮਨੁਸ਼ਪਨ ਥੀਂ ਬਾਹਰ ਹੈ, ਏਸ ਵਿਚ ਜੋ ਕੁਝ ਵਿਰੋਧ ਲਿਖਿਆ ਗਿਆ ਹੋਵੇ ਉਸ ਨੂੰ ਸੱਜਨਲੋਗ ਦੱਸਦੇਨਗੇ, ਫੇਰ ਜੋ ਮੁਨਾਸਬ ਹੋਵੇਗਾ ਤਾਂ ਮੰਨਿਆਂ

Generated by CamScanner from intsig.com

ਜਾਵੇਗਾ, ਕਿਉਂਕਿ ਏਹ ਲੇਖ ਹਠ ਦੁਰਾਗ੍ਰਹ, ਈਰਸ਼ਾ, ਦ੍ਵੇਸ਼, ਵਾਦ, ਵਿਵਾਦ ਅਰ ਵਿਰੋਧ ਘਟਾਨ ਦੇ ਵਾਸਤੇ ਕੀਤਾ ਗਿਆ ਹੈ, ਨਾ ਕਿ ਇਨਾਂ ਨੂੰ ਵਧਾਨ ਦੇ ਵਾਸਤੇ, ਕਿਉਂਕਿ ਇਕ ਦੂਜੇ ਦੀ ਹਾਨੀ ਕਰਨ ਤੋਂ ਵਖਰਾ ਰਹਕੇ ਇਕ ਦੂਜੇ ਨੂੰ ਲਾਭ ਪੁਚਾਨਾ ਸਾਡਾ ਮੁਖ ਕਰਮ ਹੈ। ਹੁਨ ਏਸ ਚੌਦਵੇਂ ਸਮੁੱਲਾਸ ਵਿਚ ਮੁਸਲਮਾਨਾਂ ਦੇ ਮਤ ਦਾ ਵਿਸ਼ਯ ਸਬ ਸੱਜਨਾਂ ਦੇ ਸਾਮਨੇ ਨਿਵੇਦਨ ਕਰਨਾ ਹਾਂ, ਵਿਚਾਰਕੇ ਇਸ਼ਟ ਦਾ ਗ੍ਰਹਣ, ਅਰ ਅਨਿਸ਼ਟ ਦਾ ਤਿਆਗ ਕਰੋ।

ਅਲਮਿਤਿਵਿਸਤਰੇਣ ਬੁੱਧਿਮੱਦਵਰਯੇਸੁ ॥

॥ ਇਤਸੁਨੁਭੂਮਿਕਾ ॥

——o——

ਚੌਦਵਾਂ ਸਮੁੱਲਾਸ

ਯਵਨਾਂ ਅਰਥਾਤ ਮੁਸਲਮਾਨਾਂ ਦੇ ਮਤ ਦਾ ਵਿਸ਼ਯ।

੧—ਆਰੰਭ ਨਾਲ ਨਾਮ ਅੱਲਾਹ ਦੇ, ਖਛਮਾ ਕਰਨ ਵਾਲਾ ਦਿਆਲੂ॥ ਮੰਜ਼ਿਲ ੧। ਸਿਪਾਰਾ ੧। ਸੂਰਤ ੧।

(ਸਮੀਖਛਕ) ਮੁਸਲਮਾਨ ਲੋਗ ਏਸ ਤਰਾਂ ਕਹਿੰਦੇ ਹਨ ਕਿ ਏਹ ਕੁਰਾਨ ਖ਼ੁਦਾ ਦਾ ਕਹਿਆ ਹੋਇਆ ਹੈ, ਪਰੰਤੂ ਏਸ ਵਚਨ ਤੋਂ ਮਲੂਮ ਹੁੰਦਾ ਹੈ ਕਿ ਏਸਦਾ ਬਨਾਨ ਵਾਲਾ ਕੋਈ ਦੂਜਾ ਹੈ, ਕਿਉਂਕਿ ਜੋ ਪਰਮੇਸ਼ੁਰ ਦਾ ਬਨਾਇਆ ਹੁੰਦਾ ਤਾਂ "ਆਰੰਭ ਨਾਲ ਨਾਮ ਅੱਲਾਹ ਦੇ" ਅਜੇਹਾ ਨਾ ਕਹਿੰਦਾ ਕਿੰਤੂ "ਆਰੰਭ ਵਾਸਤੇ ਉਪਦੇਸ਼ ਮਨੁਸ਼ਾਂ ਦੇ" ਏਸਤਰਾਂ ਕਹਿੰਦਾ! ਜੇਕਰ ਮਨੁਸ਼ਾਂ ਨੂੰ ਸ਼ਿਖਛਾ ਕਰਦਾ ਹੈ ਕਿ ਤੁਸੀਂ ਏਸਤਰਾਂ ਕਹੋ ਤਾਂਭੀ ਠੀਕ ਨਹੀਂ, ਕਿਉਂਕਿ ਏਸਥੀਂ ਪਾਪਦਾ ਆਰੰਭ ਭੀ ਖ਼ੁਦਾ ਦੇ ਨਾਮ ਨਾਲ ਹੋਕੇ ਉਸਦਾ ਨਾਮ ਭੀ ਦੂਸ਼ਿਤ ਹੋਜਾਵੇਗਾ। ਜੇ ਓਹ ਖਛਮਾ ਅਰ ਦਇਆ ਕਰਨਹਾਰਾ ਹੈ ਤਾਂ ਉਸਨੇ ਅਪਨੀ ਸ੍ਰਿਸ਼ਟੀ ਵਿਚ ਮਨੁਸ਼ਾਂ ਦੇ ਸੁਖ ਦੇ ਵਾਸਤੇ ਹੋਰਨਾਂ ਪ੍ਰਾਣੀਆਂ ਨੂੰ ਮਾਰਕੇ ਅਤਸੈਤ ਪੀੜ ਦਿਵਾਕੇ, ਮਰਵਾਕੇ, ਮਾਂਸ ਖਾਨ ਦੀ ਆਗ੍ਯਿਆ ਕਿਉਂ ਦਿੱਤੀ? ਕਾ ਓਹ ਪ੍ਰਾਣੀ ਅਨਅਪਰਾਧੀ ਅਰ ਪਰਮੇਸ਼ੁਰ ਦੇ ਬਨਾਏ ਹੋਏ ਨਹੀਂ? ਅਰ ਏਹ ਭੀ ਕਹਿਨਾ ਸੀ ਕਿ "ਪਰਮੇਸ਼ੁਰ ਦੇ ਨਾਮ ਉੱਤੇ ਚੰਗੀਆਂ ਗੱਲਾਂ ਦਾ ਆਰੰਭ, ਬੁਰੀਆਂ ਦਾ ਨਹੀਂ" ਏਹ ਕਥਨ ਗੋਲ ਮਾਲ ਹੈ, ਕੀ ਚੋਰੀ, ਜਾਰੀ, ਮਿਥਿਆਭਾਸ਼ਣ ਆਦੀ ਅਧਰਮ ਦਾ ਭੀ ਆਰੰਭ ਪਰਮੇਸ਼ੁਰ ਦੇ ਨਾਮ ਉੱਤੇ ਕੀਤਾ ਜਾਵੇ? ਏਸਤੋਂ ਹੀ ਵੇਖ ਲੌ, ਕਿ ਕਸਾਈ, ਆਦੀ ਮੁਸਲ਼ਮਾਨ ਗਊ ਆਦੀ ਦੇ ਗਲ਼ ਕੱਟਨ ਵਿੱਚ ਭੀ "ਬਿਸਮਿੱਲਾਹ" ਏਸ ਵਚਨ ਨੂੰ ਪੜ੍ਹਦੇ ਹਨ, ਜੇ ਏਹੋ ਏਸਦਾ ਉੱਪਰ ਕਹਿਆ ਅਰਥ ਹੈ ਤਾਂ ਬੁਰਾਈਆਂ ਦਾ ਆਰੰਭ ਭੀ ਪਰਮੇਸ਼ੁਰ ਦੇ ਨਾਮ ਉੱਪਰ ਮੁਸਲਮਾਨ ਕਰਦੇ ਹਨ, ਅਰ ਮੁਸਲਮਾਨਾਂ ਦਾ "ਖ਼ੁਦਾ" ਦਇਆਲੂ ਭੀ ਨਹੀਂ ਰਹੇਗਾ, ਕਿਉਂਕਿ ਉਸਦੀ ਦਇਆ ਉਨ੍ਹਾਂ ਪਸ਼ੂਆਂ ਉੱਤੇ ਨਾ ਰਹੀ! ਅਰ ਜੋ ਮੁਸਲਮਾਨ ਲੋਗ

Generated by CamScanner from intsig.com

ऐसदा अरथ नहीं जानदे तां ऐस वरनदा प्रगट होना ही विअरथ है, जे मुसलमान लोग ऐसदा अरथ होर करदे हन तां ओह सिॱधा अरथ की है ? ॥ १ ॥

२—सब सतुतीआं ईशूर दे वासते हन, जो पालन करन हारा है सब संसार दा । खछमा करन वाला दइआलू है ॥ मं० १ । सि० १ सूरतुल फातिहा । आयत १ । २ ॥

(समीखछक) जे कुरान दा खुदा संसार दा पालन करनहारा हुंदा अते सब ऊॱते खछमा अते दइआ करन वाला हुंदा तां होरनां मत वालिआं अर पशू आदी नूं भी मुसलमानां दे हॱथें मरवान दा हुकम ना दिंदा । अते जे खछमा करन वाला है तां की पापीआं ऊॱतेभी खछमा करेगा ? अर जे ऐसतरां दा है त अॱगे लिखांगे कि "काफरां नूं वॱढ मुटे" अरथात जो कुरान अर पैगंबर नूं ना मंने ओह काफर है ऐसतरां दी गॱल किउं कहिंदा ? ऐस लई कुरान ईशूरकृित नहीं दिॱसदा ॥ २ ॥

३—मालिक दिन निआय दा ॥ तेरी ही असीं भगती करने हां अर तेरे कोलों ही सहाइता चाहने हां । दॱस सानूं सिॱधा रसता ।मं०१ । सि० १ । सूरत १ आयत ३ । ४ । ५ ॥

(समीखछक) की, खुदा निॱत निआय नहीं करदा ? किसे इॱक दिन निआय करदा है ऐसतों हनेर मलूम हुंदा है । ऊॱसे दी भगती करनी अर ऊॱसे थीं सहाइता चाहनी तां ठीक, परैतू की, बुरी गॱल दी भी सहाइता चाहनी ? अर सिॱधा राह इक मुसलमानां दा ही है वा दूजिआं दा भी ? सिॱधे राह नूं मुसलमान किउं नहीं ग्रहण करदे ? की,सिॱधा राह बुरिआई दे पासे दा तां नहीं चाहुंदे ? जेकर भलिआई सब दी इॱक है तां फेर मुसलमानां ही विच विशेश कुझ ना रहिआ, अते जे दूजिआं दी भलिआई नहीं मंनदे तां पखछपाती हन ॥ ३ ॥

४—उनां लोगां दा रसता कि जिनां ऊॱते तैंने दइआ कीती, अर उनांदा मारग ना विखा कि जिनां दे ऊॱते तैंने गज़ब अरथात अतमंतकरोधदी दृिशटी कीती, अर ना गुमराहां दा मारग सानूं दॱस । मं० १ । सि० १ । सूरत १ । आयत ६ । ७ ॥

(समीखछक) जद मुसलमान लोग पूरवजनम अर पूरव कृित पाप पुंन नहीं मंनदे तां इकनां ऊॱते दइआ करने अर इकनां ऊॱते ना करन नाल खुदा पखछपाती हो जावेगा, किउंकि बिना

Generated by CamScanner from intsig.com

ਪਾਪ ਪੁੰਨ ਸੁਖ ਦੁਖ ਦੇਨਾ ਨਿਰੀ ਅਨਿਆਯ ਦੀ ਬਾਤ ਹੈ, ਅਰ ਬਿਨਾ ਸਬਬ ਤੋਂ ਕਿਸੇ ਉੱਤੇ ਦਇਆ ਅਰ ਕਿਸੇ ਉੱਤੇ ਕ੍ਰੋਧ ਦੀ ਦ੍ਰਿਸ਼ਟੀ ਕਰਨਾ ਭੀ ਸ੍ਵਭਾਵ ਤੋਂ ਬਾਹਰ ਹੈ। ਓਹ ਦਇਆ ਅਥਵਾ ਕ੍ਰੋਧ ਨਹੀਂ ਕਰ ਸੱਕਦਾ ਅਰ ਜਦ ਉਨ੍ਹਾਂਦੇ ਪੂਰਵ ਸੰਚਿਤ ਪੁੰਨ, ਪਾਪਹੀ ਨਹੀਂ ਤਾਂ ਕਿਸੇਉੱਤੇ ਦਇਆ ਅਰ ਕਿਸੇ ਉੱਤੇ ਕ੍ਰੋਧ ਕਰਨਾ ਨਹੀਂ ਹੋਸਕਦਾ । ਅਰ ਏਸ ਸੂਰਤ ਦੀ ਟਿੱਪਣੀ ਉੱਤੇ ਲਿਖਿਆ ਹੈ ਕਿ "ਏਹ ਸੂਰਤ ਅੱਲਾਹ ਸਾਹਿਬ ਨੇ ਮਨੁਸ਼ਾਂ ਦੇ ਮੂੰਹ ਥੀਂ ਅਖਵਾਈ ਕਿ ਸਦਾ ਏਸ ਪ੍ਰਕਾਰ ਨਾਲ ਕਿਹਾ ਕਰਨ" ਜੇ ਏਹ ਬਾਤ ਹੈ ਤਾਂ "ਅਲਫ਼, ਬੇ" ਆਦੀ ਅਖਛਰ ਭੀ ਖ਼ੁਦਾ ਹੀ ਨੇ ਪੜ੍ਹਾਏ ਹੋਨਗੇ? ਜੋ ਕਹੋ ਕਿ ਬਿਨਾ ਅਖਛਰ ਗਿਆਨ ਦੇ ਏਸ ਸੂਰਃ ਨੂੰ ਕਿਸਤਰਾਂ ਪੜ੍ਹ ਸੱਕ, ਕੀ ਸੈਗ ਵਿਚੋਂ ਹੀ ਬੁਲਾਏ ਅਰ ਬੋਲਦੇ ਗਏ ? ਜੇ ਏਸਤਰਾਂ ਹੈ ਤਾਂ ਸਾਰਾ ਕੁਰਾਨ ਹੀ ਕੰਠਥੀਂ ਪੜ੍ਹਾਇਆ ਹੋਵੇਗਾ, ਏਸ ਥੀਂ ਏਹ ਸਮਝਨਾ ਚਾਹੀਏ ਕਿ ਜਿਸ ਪੁਸਤਕ ਵਿਚ ਪਖਛਪਾਤ ਦੀਆਂ ਬਾਤਾਂ ਪਾਈਆਂ ਜਾਨ ਓਹ ਪੁਸਤਕ ਈਸ਼੍ਵਰਕ੍ਰਿਤ ਨਹੀਂ ਹੋਸਕਦਾ, ਜਿਸਤਰਾਂ ਕਿ ਅਰਬੀ ਭਾਸ਼ਾ ਵਿਚ ਉਤਾਰਨ ਨਾਲ ਅਰਬ ਵਾਲਿਆਂ ਨੂੰ ਏਸ ਦਾ ਪੜ੍ਹਨਾ ਸੌਖਾ, ਹੋਰ ਭਾਸ਼ਾ ਬੋਲਨ ਵਾਲਿਆਂ ਨੂੰ ਔਖਾ ਹੁੰਦਾ ਹੈ, ਏਸ ਥੀਂ ਖ਼ੁਦਾ ਵਿਚ ਪਖਛਪਾਤ ਆਉਂਦਾ ਹੈ, ਅਰ ਜਿਸਤਰਾਂ ਪਰਮੇਸ਼੍ਵਰ ਨੇ ਸ੍ਰਿਸ਼ਟੀ ਦੇ ਸਬ ਦੇਸ਼ਾਂ ਦੇ ਮਨੁੱਸ਼ਾਂ ਉੱਤੇ ਨਿਆਯ ਦ੍ਰਿਸ਼ਟੀ ਨਾਲ ਸਾਰਿਆਂ ਦੇਸ਼ਾਂ ਦੀਆਂ ਬੋਲੀਆਂ ਥੀਂ ਨਿਰਾਲੀ ਸੰਸਕ੍ਰਿਤ ਭਾਸ਼ਾ ਕਿ ਜੋ ਸਬ ਦੇਸ਼ ਵਾਲਿਆਂ ਦੇ ਵਾਸਤੇ ਬਰਾਬਰ ਮੇਹਨਤ ਕਰਨ ਨਾਲ ਆਉਂਦੀ ਹੈ ਉਸ ਵਿਚ ਵੇਦਾਂ ਦਾ ਪ੍ਰਕਾਸ਼ ਕੀਤਾ ਹੈ, ਏਸਤਰਾਂ ਕਰਦਾ ਤਾਂ ਏਹ ਦੋਸ਼ ਨਾ ਆਉਂਦਾ ॥ ੪ ॥

੫–ਏਹ ਪੁਸਤਕ ਕਿ ਜਿਸ ਵਿਚ ਸੰਦੇਹ ਨਹੀਂ ਪਰਹੇਜ਼ਗਾਰਾਂ ਨੂੰ ਰਾਹ ਵਿਖਾਂਦੀ ਹੈ। ਜੋ ਕਿ ਈਮਾਨ ਲਿਆਉਂਦੇ ਹਨ ਨਾਲ ਪਰੋਖਛ ਦੇ, ਨਿਮਾਜ਼ ਪੜ੍ਹਦੇ ਅਰ ਉਸ ਵਸਤੂ ਥੀਂ ਜੋ ਅਸਾਂ ਨੇ ਦਿੱਤੀ ਖਰਚ ਕਰਦੇ ਹਨ। ਅਰ ਓਹ ਲੋਗ ਜੋ ਉਸ ਕਿਤਾਬ ਉੱਤੇ ਈਮਾਨ ਲਿਆਉਂਦੇ ਹਨ, ਜੋ ਰੱਖਦੇ ਹਨ ਤੇਰੀ ਵੱਲ ਵਾ ਤੇਰੇ ਤੋਂ ਪਹਿਲੋਂ ਉਤਾਰੀ ਗਈ ਅਰ ਵਿਸ਼੍ਵਾਸ ਕਿਆਮਤ ਉੱਤੇ ਰੱਖਦੇ ਹਨ, ਏਹ ਲੋਗ ਅਪਨੇ ਮਾਲਿਕ ਦੀ ਸ਼ਿਖਛਾ ਉੱਤੇ ਹਨ ਅਰ ਏਹ ਹੀ ਛੁਟਕਾਰਾ ਪਾਨ ਵਾਲੇ ਹਨ। ਨਿਸ਼ਚੇ ਜੋ ਕਾਫਰ ਹੋਏ ਅਰ ਉਨ੍ਹਾਂ ਉੱਤੇ ਤੈਨੂੰ ਡਰਾਨਾ ਨਾ ਡਰਾਨਾ ਬਰਾਬਰ ਹੈ, ਓਹ ਈਮਾਨ ਨਾ ਲਿਆਉਨਗੇ । ਅੱਲਾਹ ਨੇ ਉਨ੍ਹਾਂ ਦੇ ਦਿਲਾਂ, ਕੰਨਾਂ ਉੱਤੇ ਮੋਹਰ ਕਰ ਦਿੱਤੀ,ਅਰ ਉਨ੍ਹਾਂ ਦੀਆਂ ਅੱਖਾਂ ਉੱਤੇ ਪਰਦਾ ਹੈ, ਅਰ ਉਨ੍ਹਾਂ ਦੇ ਵਾਸਤੇ ਵੱਡਾ ਦੁੱਖ ਹੈ॥ ਮੰਨ ੧। ਸਿ੦ ੧੦। ਸੂਰਤ ੨। ਆਯ ੧। ੨। ੩। ੪। ੫। ੬॥

(ਸਮੀਖਛਕ) ਕੀ ਅਪਨੇ ਹੀ ਮੂੰਹ ਥੀਂ ਅਪਨੀ ਕਿਤਾਬਦੀ ਵਡਿਆ ਈ ਕਰਨੀ ਪੁਰਾ ਦੀ ਰੰਡ ਦੀ ਕਾਡ ਨਹੀਂ ? ਜੋ ਧਰਮਾਤਮਾ ਲੋਗ ਹਨ ਓਹ ਤਾਂ

Generated by CamScanner from intsig.com

ਅਪਨੇ ਆਪ ਹੀ ਮੱਚੇ ਮਾਰਗ ਵਿਚ ਹਨ, ਅਰ ਜੋ ਝੂਠੇ ਮਾਰਗ ਉੱਤੇ ਹਨ ਉਨ੍ਹਾਂ ਨੂੰ ਏਹ ਕੁਰਾਨ ਮਾਰਗ ਹੀ ਨਹੀਂ ਵਿਖਾ ਸਕਦਾ, ਫੇਰ ਕਿਸ ਕੰਮ ਦਾ ਰਹਿਆ ? ਕੀ ਪਾਪ ਪੁੰਨ ਅਰ ਪੁਰੁਸ਼ਾਰਥ ਦੇ ਬਿਨਾ ਖ਼ੁਦਾ ਅਪਨੇ ਹੀ ਖ਼ਜ਼ਾਨੇ ਥੀਂ ਖ਼ਰਚ ਕਰਨ ਨੂੰ ਦਿੰਦਾ ਹੈ ? ਜੋ ਦਿੰਦਾ ਹੈ ਤਾਂ ਸਬ ਨੂੰ ਕਿਉਂ ਨਹੀਂ ਦਿੰਦਾ? ਅਰ ਮੁਸਲਮਾਨ ਲੋਗ ਮੇਹਨਤ ਕਿਉਂ ਕਰਦੇ ਹਨ, ਅਰ ਜੋ ਬਾਇਬਲ, ਇੰਜੀਲ ਆਦੀ ਉੱਤੇ ਵਿਸ਼੍ਵਾਸ ਕਰਨਾ ਯੋਗ ਹੈ ਤਾਂ ਮੁਸਲਮਾਨ ਇੰਜੀਲ ਆਦੀ ਉੱਤੇ ਈਮਾਨ ਜਿਹੋ ਜਿਹਾ ਕੁਰਾਨ ਉੱਤੇ ਹੈ ਓਹੋ ਜਿਹਾ ਕਿਉਂ ਨਹੀਂ ਲਿਆਉਂਦੇ ? ਅਰ ਜੋ ਲਿਆਉਂਦੇ ਹਨ ਤਾਂ *ਕੁਰਾਨ ਦਾ ਹੋਨਾ ਕਿਸ ਵਾਸਤੇ ਹੈ ? ਜੇ ਕਹਨ ਕਿ ਕੁਰਾਨ ਵਿਚ ਵਧੀਕ ਬਾਤਾਂ ਹਨ ਤਾਂ ਪਹਿਲੀ ਕਿਤਾਬ ਵਿਚ ਲਿਖਨਾ ਖ਼ੁਦਾ ਭੁੱਲ ਗਿਆ ਹੋਵੇਗਾ ! ਅਰ ਜੋ ਨਹੀਂ ਭੁੱਲਿਆ ਤਾਂ ਕੁਰਾਨ ਦਾ ਬਨਾਨਾ ਨਿਸ਼ਫਲ ਹੈ। ਅਰ ਅਸੀਂ ਵੇਖਦੇ ਹਾਂ ਤਾਂ ਬਾਇਬਲ ਅਰ ਕੁਰਾਨ ਦੀਆਂ ਬਾਤਾਂ ਕੋਈ ਕੋਈ ਨਾ ਮਿਲਦੀਆਂ ਹੋਨਗੀਆਂ,ਨਹੀਂ ਤਾਂ ਸਾਰੀਆਂ ਮਿਲਦੀਆਂ ਹਨ, ਇਕ ਹੀ ਪੁਸਤਕ ਜਿਹਾ ਕਿ ਵੇਦ ਹੈ ਕਿਉਂ ਨਾ ਬਨਾਇਆ ? ਕੀ ਕਿਆਮਤ ਉੱਤੇ ਹੀ ਵਿਸ਼੍ਵਾਸ ਰਖਨਾ ਚਾਹੀਏ ਹੋਰ ਉੱਤੇ ਨਹੀਂ ? ॥ ੩ ॥ ਕੀ, ਈਸਾਈ ਅਰ ਮੁਸਲਮਾਨ ਹੀ ਖ਼ੁਦਾ ਦੀ ਸ਼ਿਖਛਾ ਉੱਤੇ ਹਨ? ਉਨ੍ਹਾਂ ਵਿੱਚ ਕੋਈ ਭੀ ਪਾਪੀ ਨਹੀਂ ਹੈ? ਕੀ, ਜੋ ਈਸਾਈ ਅਰ ਮੁਸਲਮਾਨ ਅਧਰਮੀ ਹਨ ਓਹਭੀ ਛੁਟਕਾਰਾ ਪਾਨਗੇ? ਅਰ ਦੂਜੇ ਧਰਮਾਤਮਾ ਭੀ ਨਾ ਪਾਨ ਤਾਂ ਵੱਡੇ ਅਨਿਆਯ ਅਰ ਹਨੇਰ ਦੀ ਬਾਤ ਨਹੀਂ ਹੈ ? ॥ ੪ ॥ ਅਰ ਕੀ, ਜੋ ਲੋਗ ਮੁਸਲਮਾਨੀ ਮਤ ਨੂੰ ਨਾ ਮੰਨਨ ਉਨ੍ਹਾਂਨੂੰ ਹੀ ਕਾਫਰ ਕਹਨਾ ਏਹ ਇਕਤਰਫੀ ਡਿਗਰੀ ਨਹੀਂ ਹੈ ॥ ੫ ॥ ਜੇ ਪਰਮਸ਼੍ਵਰਹੀ ਨੇ ਉਨ੍ਹਾਂਦੇ ਅੰਤਹਕਰਣ ਅਰ ਕੰਨਾਂ ਉੱਤੇ ਮੋਹਰ ਲਗਾਈ ਅਰ ਉੱਸੇ ਕਰਕੇ ਓਹ ਪਾਪ ਕਰਦੇ ਹਨ ਤਾਂ ਉਨ੍ਹਾਂਦਾ ਕੁਝ ਭੀ ਦੋਸ਼ ਨਹੀਂ, ਏਹ ਦੋਸ਼ ਖ਼ੁਦਾਦਾ ਹੀ ਹੈ, ਫੇਰ ਉਨ੍ਹਾਂ ਉੱਤੇ ਸੁਖ, ਦੁੱਖ ਵਾ ਪਾਪ, ਪੁੰਨ ਨਹੀਂ ਹੋ ਸੱਕਦਾ ਫੇਰ ਉਨ੍ਹਾਂਨੂੰ ਦੁੱਖ ਕਿਉਂ ਦਿੰਦਾਹੈ ? ਕਿਉਂਕਿ ਉਨ੍ਹਾਂਨੇ ਪਾਪ ਵਾ ਪੁੰਨ ਅਪਨੇ ਆਪ ਆਜ਼ਾਦੀ ਨਾਲ ਨਹੀਂ ਕੀਤਾ ॥ ੬ ॥ ੫ ॥

੬—ਉਨ੍ਹਾਂਦੇ ਦਿਲਾਂ ਵਿਚ ਰੋਗ ਹੈ, ਅੱਲਾਹ ਨੇ ਉਨ੍ਹਾਂਦਾ ਰੋਗ ਵਧਾ ਦਿੱਤਾ। ਮੰ० ੧। ਸਿ० ੧। ਸੂ० ੨। ਆਯਤ ੯॥

(ਸਮੀਖਛਕ) ਭਲਾ ਬਗੈਰ ਅਪਰਾਧ ਦੇ ਖ਼ੁਦਾ ਨੇ ਉਨ੍ਹਾਂਦਾ ਰੋਗ ਵਧਾ ਦਿੱਤਾ, ਦਇਆ ਨਾ ਆਈ, ਉਨ੍ਹਾਂ ਵਿਚਾਰਿਆਂ ਨੂੰ ਬੜਾ ਦੁੱਖ ਹੋਇਆ ਹੋਵੇਗਾ! ਕੀ ਏਹ ਸ਼ੈਤਾਨ ਥੀਂ ਵਧਕੇ ਸ਼ੈਤਾਨਪਨ ਦਾ ਕੰਮ ਨਹੀਂ ਹੈ ? ਕਿਸੇ ਦੇ

*ਅਸਲ ਵਿਚ ਏਹ ਸ਼ਬਦ 'ਕੁਰਆਨ' ਹੈ, ਪਰੰਤੂ ਭਾਸ਼ਾ ਵਿਚ ਲੋਗਾਂ ਦੇ ਬੋਲਨ ਵਿਚ ਕੁਰਾਨ ਆਉਂਦਾ ਹੈ ਏਸ ਲਈ ਅਜੇਹਾ ਹੀ ਲਿਖਿਆ ਹੈ॥

Generated by CamScanner from intsig.com

ਮਨ ਉੱਤੇ ਮੋਹਰ ਲਗਾਨੀ, ਕਿਸੇਦਾ ਰੋਗ ਵਧਾਨਾ ਏਹ ਖ਼ੁਦਾ ਦਾ ਕੰਮ ਨਹੀਂ ਹੋ ਸੱਕਦਾ, ਕਿਉਂਕਿ ਰੋਗਦਾ ਵਧਨਾ ਅਪਨੇ ਪਾਪਾਂ ਕਰਕੇ ਹੈ ॥ ੬ ॥

੭—ਜਿਸਨੇ ਤੁਹਾਡੇ ਵਾਸਤੇ ਜਮੀਂਨ ਵਿਛੌਨਾ ਅਰ ਆਸਮਾਨਦੀ ਛੱਤ ਨੂੰ ਬਨਾਇਆ। ਮੰ੦ ੧। ਸਿ੦ ੧। ਸੂ੦ ੨। ਆ੦ ੨੧ ॥

(ਸਮੀਖਛਕ) ਭਲਾ ਆਸਮਾਨ ਛੱਤ ਕਿਸੇਦੀ ਹੋ ਸੱਕਦੀ ਹੈ ? ਏਹ ਅਵਿਦਿਆ ਦੀ ਬਾਤ ਹੈ, ਆਕਾਸ਼ ਨੂੰ ਛੱਤ ਵਰਗਾ ਮੰਨਨਾ ਹਾਸੇ ਦੀ ਬਾਤ ਹੈ, ਜੇਕਰ ਕਿਸੇ ਪ੍ਰਕਾਰ ਦੀ ਪ੍ਰਿਥਿਵੀ ਨੂੰ ਆਸਮਾਨ ਮੰਨਦੇ ਹੋਨ ਤਾਂ ਉਨ੍ਹਾਂ ਦੇ ਘਰ ਦੀ ਬਾਤ ਹੈ ॥ ੭ ॥

੮—ਜੇ ਤੁਸੀਂ ਉਸ ਵਸਤੂ ਥੀਂ ਸੰਦੇਹ ਵਿਚ ਹੋ ਜੋ ਅਸਾਂ ਨੇ ਅਪਨੇ ਪੈਗੰਬਰ ਦੇ ਉੱਤੇ ਉਤਾਰੀ ਤਾਂ ਓਹੋ ਜਿਹੀ ਇਕ ਸੂਰਤ ਲੈ ਆਓ ਅਰ ਸਾਖਛੀਆਂ ਅਪਨਿਆਂ ਨੂੰ ਪੁਕਾਰੋ, ਅੱਲਾਹ ਦੇ ਬਿਨਾ ਤੁਸੀਂ ਸੱਚੇ ਹੋ ਜੋ ਤੁਸੀਂ॥ ਅਰ ਕਦੀ ਨਾ ਕਰੋਗੇ ਤਾਂ ਉਸ ਅੱਗ ਥੀਂ ਡਰੋ ਕਿ ਜਿਸਦਾ ਬਾਲਨ ਮਨੁੱਸ਼ ਹੈ, ਅਰ ਕਾਫਰਾਂ ਦੇ ਵਾਸਤੇ ਪੱਥਰ ਤਿਆਰ ਕੀਤੇ ਗਏ ਹਨ ॥ ਮੰ੦ ੧। ਸਿ੦ ੧। ਸੂ੦ ੨। ਆਯਤ ੨੨। ੨੩ ॥

(ਸਮੀਖਛਕ) ਭਲਾ ਏਹ ਕੋਈ ਬਾਤ ਹੈ ਕਿ ਉਸ ਵਰਗੀ ਕੋਈ ਸੂਰਤ ਨਾ ਬਨੇ। ਕੀ ਅਕਬਰ ਬਾਦਸ਼ਾਹ ਦੇ ਸਮੇਂ ਵਿਚ ਮੌਲਵੀ ਫੈਜ਼ੀ ਨੇ ਬਿਨਾ ਨੁਕਤੇ ਕਾ ਕੁਰਾਨ ਨਹੀਂ ਬਨਾ ਲੀਤਾ ਸੀ ! ਓਹ ਕੇਹੜੀ ਦੋਜ਼ਖ਼ ਦੀ ਅੱਗ ਹੈ ? ਕੀ ਏਸ ਅੱਗ ਥੀਂ ਨਾ ਡਰਨਾ ਚਾਹੀਏ ? ਏਸਦਾ ਭੀ ਇੰਧਨ ਜੋ ਕੁਝ ਪਵੇ ਸਬ ਹੈ। ਜੀਕਨ ਕੁਰਾਨ ਵਿਚ ਲਿਖਿਆ ਹੈ ਕਿ ਕਾਫਰਾਂ ਦੇ ਵਾਸਤੇ ਪੱਥਰ ਤਿਆਰ ਕੀਤੇ ਗਏ ਹਨ, ਤਾਂ ਉਕਨ ਪੁਰਾਣਾਂ ਵਿਚ ਲਿਖਿਆ ਹੈ ਕਿ ਮਲੇੱਛਾਂ ਦੇ ਲਈ ਘੋਰ ਨਰਕ ਬਨਿਆ ਹੈ ! ਹੁਨ ਕਹੋ ਕਿਸਦੀ ਬਾਤ ਸੱਚ ਮੰਨੀ ਜਾਵੇ, ਅਪਨੇ ਅਪਨੇ ਵਚਨ ਥੀਂ ਦੋਨੋਂ ਮ੍ਰਗਗਾਮੀ ਅਰ ਦੂਜੇ ਦੇ ਮਤ ਥੀਂ ਦੋਨੋਂ ਨਰਕਗਾਮੀ ਹੁੰਦੇ ਹਨ, ਏਸ ਲਈ ਇਨ੍ਹਾਂ ਸਬਨਾਂ ਦਾ ਝਗੜਾ ਝੂਠਾ ਹੈ, ਕਿੰਤੂ ਜੋਜੋ ਧਰਮ ਉੱਤੇ ਚੱਲਨਵਾਲੇ ਹਨ ਓਹ ਸੁਖ ਅਰ ਜੋ ਪਾਪੀਹਨ ਓਹ ਸਬ ਮਤਾਂ ਵਿੱਚ ਦੁੱਖ ਪਾਨਗੇ ॥ ੮ ॥

੯—ਅਰ ਆਨੰਦ ਦਾ ਸਨੇਹਾ ਦੇਹ ਕਿ ਉਨਾਂ ਲੋਗਾਂ ਨੂੰ ਕਿ ਈਮਾਨ ਲਿਆਏ ਅਰ ਕੰਮ ਕੀਤੇ ਚੰਗੇ. ਏਹ ਕਿ ਉਨ੍ਹਾਂ ਵਾਸਤੇ ਬਹਿਸ਼ਤ ਹਨ ਜਿਨ੍ਹਾਂ ਦੇ ਹੇਠਾਂ ਵਗਦੀਆਂ ਹਨ ਨੈਹਰਾਂ, ਜਦ ਉਸ ਵਿਚੋਂ ਮੇਵਿਆਂ ਦੇ ਭੋਜਨ ਦਿਤੇ ਜਾਨਗੇ ਤਦ ਕਹਨਗੇ ਕਿ ਓਹ ਵਸਤੂਆਂ ਹਨ ਜੋ ਅਸੀਂ ਪਹਿਲੇ ਏਸ ਥੀਂ ਦਿੱਤੇ ਗਏ ਸਾਂ, ਅਰ ਉਨ੍ਹਾਂਦੇ ਵਾਸਤੇ ਪਵਿਤ੍ਰ ਬੀਬੀਆਂ ਸਦਾ ਉੱਥੇ ਰਹਿਨ ਵਾਲੀਆਂ ਹਨ ॥ ਮੰਜਲ ੧। ਸਿਪਾਰਾ ੧। ਸੂਰਤ ੨। ਆਯਤ ੨੪ ॥

(ਸਮੀਖਛਕ) ਭਲਾ ਏਹ ਕੁਰਾਨ ਦਾ ਬਹਿਸ਼ਤ (ਸੁਰਗ) ਸੰਸਾਰ

Generated by CamScanner from intsig.com

ਤੋਂ ਕੇਹੜੀ ਗੱਲ ਵਿਚ ਉੱਤਮ ਹੈ ? ਕਿਉਂਕਿ ਜੇਹੜੇ ਪਦਾਰਥ ਸੰਸਾਰ ਵਿਚ ਹਨ ਓਹੋ ਹੀ ਮੁਸਲਮਾਨਾਂ ਦੇ ਸੁਰਗ ਵਿਚ ਹਨ ! ਅਰ ਇੱਨੀ ਗੱਲ ਵਧੀਕ ਹੈ ਕਿ ਇੱਥੇ ਜਿਸ ਤ੍ਰਹਾਂ ਪੁਰੁਸ਼ ਜੰਮਦੇ, ਮਰਦੇ ਅਰ ਆਉਂਦੇ, ਜਾਂਦੇ ਹਨ,ਉਕਨ ਸੁਰਗ ਵਿਚ ਨਹੀਂ, ਕਿੰਤੂ ਏੱਥੇ ਦੀਆਂ ਇਸਤ੍ਰੀਆਂ ਸਦਾ ਨਹੀਂ ਰਹਿੰਦੀਆਂ ਅਰ ਉੱਥੇ ਬੀਬੀਆਂ ਅਰਥਾਤ ਉੱਤਮ ਇਸਤ੍ਰੀਆਂ ਸਦਾ ਰਹਿੰਦੀਆਂ ਹਨ। ਤਾਂ ਜਦ ਤਕ ਕਿਆਮਤ ਦੀ ਰਾਤ ਨਾ ਆਵੇਗੀ ਤਦ ਤਕ ਉਨ੍ਹਾਂ ਵਿਚਾਰੀਆਂ ਦੇ ਦਿਨ ਕੀਕਨ ਕੱਟਦੇ ਹੋਨਗੇ ? ਹਾਂ ਜੇ ਖ਼ੁਦਾ ਦੀ ਉਨ੍ਹਾਂ ਤੇ ਕ੍ਰਿਪਾ ਹੁੰਦੀ ਹੋਵੇਗੀ ਅਰ ਖ਼ੁਦਾਦੇ ਹੀ ਆਸ਼੍ਰੇ ਸਮਾ ਕੱਟਦੀਆਂ ਹੋਨਗੀਆਂ ਤਾਂ ਠੀਕ ਹੈ, ਕਿਉਂਕਿ ਏਹ ਮੁਸਲਮਾਨਾਂ ਦਾ ਸੁਰਗ ਗੋਕਲੀਏ ਗੁਸਾਈਆਂ ਦੇ ਗੋਲੋਕ ਅਰ ਮੰਦਿਰ ਦੀ ਨਿਆਈਂ ਵਿੱਸਦਾ ਹੈ, ਕਿਉਂਕਿ ਉੱਥੇ ਇਸਤ੍ਰੀਆਂ ਦਾ ਮਾਨ ਬਹੁਤ ਪੁਰੁਸ਼ਾਂ ਦਾ ਨਹੀਂ,ਉਕਨ ਹੀ ਖ਼ੁਦਾ ਦੇ ਘਰ ਵਿਚ ਇਸਤ੍ਰੀਆਂ ਦਾ ਮਾਨ ਵਧੀਕ ਅਰ ਉਨ੍ਹਾਂ ਉੱਤੇ ਖ਼ੁਦਾ ਦਾ ਪ੍ਰੇਮ ਭੀਬਹੁਤਹੈ, ਉਨ੍ਹਾਂ ਪੁਰੁਸ਼ਾਂ ਉੱਤੇ ਨਹੀਂ ਕਿਉਂਕਿ ਬੀਬੀਆਂ ਨੂੰ ਖ਼ੁਦਾ ਨੇ ਸੁਰਗ ਵਿਚ ਸਦਾ ਰਖਿਆ ਅਰ ਪੁਰੁਸ਼ਾਂ ਨੂੰ ਨਹੀਂ, ਓਹ ਬੀਬੀਆਂ ਬਗੈਰ ਖ਼ੁਦਾਦੀ ਮਰਜ਼ੀ ਸੁਰਗ ਵਿਚ ਕੀਕਨ ਠੈਹਰ ਸੱਕਦੀਆਂ? ਜੇ ਏਹ ਬਾਤ ਈਕਨ ਹੀ ਹੋਵੇ ਤਾਂ ਖ਼ੁਦਾ ਇਸਤ੍ਰੀਆਂ ਵਿਚ ਫਸਜਾਵੇ ॥ ੯ ॥

੧੦–ਆਦਮ ਨੂੰ ਸਾਰੇ ਨਾਮ ਸਿਖਾਏ, ਫੇਰ ਫਰਿਸ਼ਤਿਆਂ ਦੇ ਸਾਮਨੇ ਕਰਕੇ ਕਹਿਆ ਜੋ ਤੁਸੀਂ ਸੱਚੇ ਹੋ ਮੈਨੂੰ ਉਨ੍ਹਾਂ ਦੇ ਨਾਮ ਦੱਸੋ । ਕਹਿਆ ਹੇ ਆਦਮ ਉਨ੍ਹਾਂ ਨੂੰ ਉਨ੍ਹਾਂਦੇ ਨਾਮ ਦੱਸ ਦਹ,ਤਦ ਉਸਨੇ ਦੱਸ ਦਿੱਤੇ (ਤਦ ਖ਼ੁਦਾ ਨੇ ਫਰਿਸ਼ਤਿਆਂ ਨੂੰ) ਕਹਿਆ ਕੀ ਮੈਂਨੇ ਤੁਹਾਨੂੰ ਨਹੀਂ ਕਹਿਆ ਸੀ ਕਿ ਨਿਸ਼ਚੇ ਮੈਂ ਪ੍ਰਿਥਿਵੀ ਅਰ ਆਸਮਾਨ ਦੀ ਛਿਪੀਆਂ ਹੋਈਆਂ ਵਸਤੂਆਂ ਨੂੰ ਅਰ ਪ੍ਰਗਟ ਛਿਪੇ ਕਰਮਾਂ ਨੂੰ ਜਾਨਨਾ ਹਾਂ ॥ ਮੰਜ਼ਲ ੧ । ਸਿਪਾਰਾ ੧ । ਸੂਰਤ ੨ । ਆਯਤ ੨੯ । ੩੧ ॥

(ਸਮੀਖਛਕ) ਭਲਾ ਈਕਨ ਫਰਿਸ਼ਤਿਆਂ ਨੂੰ ਧੋਖਾ ਦੇਕੇ ਅਪਨੀ ਵਡਿਆਈ ਕਰਨਾ ਖ਼ੁਦਾ ਦਾ ਕੰਮ ਹੋ ਸੱਕਦਾ ਹੈ ? ਏਹ ਤਾਂ ਇਕ ਦੰਭ ਦੀ ਬਾਤ ਹੈ, ਏਸ ਨੂੰ ਕੋਈ ਵਿਦਵਾਨ ਨਹੀਂ ਮੰਨ ਸਕਦਾ, ਅਰ ਨਾ ਈਕਨ ਅਭਿਮਾਨ ਕਰਦਾ। ਕੀ ਏਸ ਤਰਾਂ ਦੀਆਂ ਬਾਤਾਂ ਨਾਲ ਹੀ ਖ਼ੁਦਾ ਅਪਨੀ ਸਿੱਧਤਾਈ ਜਮਾਨਾ ਚਾਹੁੰਦਾ ਹੈ ? ਹਾਂ ਜੰਗਲੀ ਮਨੁਖ਼ਾਂ ਵਿਚ ਕੋਈ ਕਿਹਾ ਹੀ ਪਾਖੰਡ ਚਲਾ ਲਵੇ ਚਲ ਸਕਦਾ ਹੈ ਸਭਜ ਜਨਾਂ ਵਿਚ ਨਹੀਂ ॥ ੧੦ ॥

੧੧–ਜਦ ਅਸਾਂ ਨੇ ਫਰਿਸ਼ਤਿਆਂ ਨੂੰ ਕਹਿਆ ਕਿ ਬਾਬਾ ਆਦਮ ਨੂੰ ਡੰਡੌਤ ਕਰੋ, ਦੇਖਾ ਸਣਨਾਂ ਨੇ ਡੰਡੌਤ ਕੰਤਾ, ਪਰੰਤੂ ਸ਼ੈਤਾਨ ਨੇ ਨਾ ਮੰਨਿਆ ਅਰ ਅਭਿਮਾਨ ਕੀਤਾ ਕਿਉਂਕਿ ਓਹ ਭੀ ਇਕ ਕਾਫਰ ਸੀ ॥ ਮੰਜ਼ਲ ੧ । ਸਿਪਾਰਾ ੧ । ਸੂਰਤ ੨ । ਆਯਤ ੩੨ ॥

Generated by CamScanner from intsig.com

(ਸਮੀਖਛਕ) ਏਸ ਥੀਂ ਖ਼ੁਦਾ ਸਰਵੱਗ ਨਹੀਂ ਅਰਥਾਤ ਭੂਤ, ਭਵਿੱਸ਼ਤ ਅਰ ਵਰਤਮਾਨ ਦੀਆਂ ਪੂਰੀਆਂ ਬਾਤਾਂ ਨਹੀਂ ਜਾਨਦਾ, ਜੇ ਜਾਨਦਾ ਹੋਵੇ ਤਾਂ ਸ਼ੈਤਾਨ ਨੂੰ ਪੈਦਾ ਹੀ ਕਿਉਂ ਕੀਤਾ, ਅਰ ਖ਼ੁਦਾ ਵਿਚ ਕੁਝ ਤੇਜ ਭੀ ਨਹੀਂ ਹੈ ਕਿਉਂਕਿ ਸ਼ੈਤਾਨ ਨੇ ਖ਼ੁਦਾ ਦਾ ਹੁਕਮ ਹੀ ਨਾ ਮੰਨਿਆਂ ਅਰ ਖ਼ੁਦਾ ਉਸਦਾ ਕੁਝ ਭੀ ਨਾ ਕਰ ਸੱਕਿਆ। ਅਰ ਦੇਖੋ ਇਕ ਸ਼ੈਤਾਨ ਕਾਫਰ ਨੇ ਖ਼ੁਦਾ ਦਾ ਭੀ ਛੱਕਾ ਛੁਡਾ ਦਿੱਤਾ ਤਾਂ ਮੁਸਲਮਾਨਾਂ ਦੇ ਕਥਨ ਅਨੁਸਾਰ ਹੋਰ ਜਿੱਥੇ ਕ੍ਰੋੜਾਂ ਕਾਫਰ ਹਨ ਉੱਥੇ ਮੁਸਲਮਾਨਾਂ ਦੇ ਖ਼ੁਦਾ ਅਰ ਮੁਸਲਮਾਨਾਂ ਦੀ ਕੀ ਚਲ ਸੱਕਦੀ ਹੈ ? ਕਦੀ ਕਦੀ ਖ਼ੁਦਾ ਭੀ ਕਿਸੇ ਦਾ ਰੋਗ ਵਧਾਦਾ ਕਿਸੇ ਨੂੰ ਗੁਮਰਾਹ ਕਰ ਦਿੰਦਾ ਹੈ,ਖ਼ੁਦਾ ਨੇ ਏਹ ਬਾਤਾਂ ਸ਼ੈਤਾਨ ਕੋਲੋਂ ਸਿੱਖੀਆਂ ਹੋਨਗੀਆਂ ਅਰ ਸ਼ੈਤਾਨ ਨੇ ਖ਼ੁਦਾ ਥੀਂ, ਕਿਉਂਕਿ ਬਗੈਰ ਖ਼ੁਦਾ ਦੇ ਸ਼ੈਤਾਨ ਦਾ ਉਸਤਾਦ ਹੋਰ ਕੋਈ ਨਹੀਂ ਹੋਸਕਦਾ ॥ ੧੧ ॥

੧੨–ਅਸਾਂ ਨੇ ਕਹਿਆ ਕਿ ਹੇ ਆਦਮ ਤੂੰ ਅਰ ਤੇਰੀ ਜੋਰੂ ਸ੍ਵਰਗਵਿਚ ਰਹਕੇ ਆਨੰਦ ਵਿਚ ਜਿੱਥੇ ਚਾਹੋ ਖਾਓ, ਪਰੰਤੂ ਮਤ ਨਜ਼ੀਕ ਜਾਓ ਉਸ ਦ੍ਰਖਤ ਦੇ ਕਿ ਪਾਪੀ ਹੋ ਜਾਓਗੇ। ਸ਼ੈਤਾਨਨੇ ਉਨ੍ਹਾਂ ਨੂੰ ਭਿਗਾਇਆ ਕਿ ਉਨ੍ਹਾਂ ਨੇ ਸ੍ਵਰਗ ਦਾ ਆਨੰਦ ਖੋ ਦਿੱਤਾ, ਤਦ ਅਸਾਂ ਨੇ ਕਹਿਆ ਕਿ ਉਤਰੋ ਤੁਹਾਡੇ ਵਿਚ ਕੋਈ ਇਕ ਦੂਜੇ ਦੇ ਸ਼ਤ੍ਰੂ ਹਨ, ਤੁਹਾਡਾ ਠਿਕਾਨਾ ਪ੍ਰਿਥਿਵੀ ਹੈ, ਅਰ ਇੱਕ ਸਮੇਂ ਤਕ ਲਾਭ ਹੈ,ਆਦੰਮ ਅਪਨੇ ਮਾਲਿਕ ਦੀ ਕੁਝ ਬਾਤਾਂ ਸਿੱਖਕੇ ਪ੍ਰਿਥਿਵੀ ਉੱਤੇ ਆਗਿਆ। ਮੰਃ ੧। ਸਿਃ ੧। ਸੂਃ ੨। ਆਃ ੩੩। ੩੪। ੩੫ ॥

(ਸਮੀਖਛਕ) ਹੁਨ ਦੇਖੋ ਖ਼ੁਦਾ ਦੀ ਅਲਪੱਗਤਾ, ਹੁਨੇ ਤਾਂ ਸ੍ਵਰਗ ਵਿਚ ਰਹਿਨ ਦਾ ਆਸ਼ੀਰਵਾਦ ਦਿੱਤਾ ਅਰ ਫਿਰ ਥੋੜੀ ਦੇਰ ਵਿਚ ਕਿਹਾ ਕਿ ਬਾਹਿਰ ਨਿਕਲੋ, ਜੇ ਅੱਗੇ ਦੀਆਂ ਬਾਤਾਂ ਨੂੰ ਜਾਨਦਾ ਹੁੰਦਾ ਤਾਂ ਵਰ ਹੀ ਕਿਉਂ ਦਿੰਦਾ ? ਅਰ ਬਹਕਾਨ ਵਾਲੇ ਸ਼ੈਤਾਨ ਨੂੰ ਦੰਡ ਨਾ ਦੇਨ ਥੀਂ ਅਸਮਰਥ ਭੀ ਨਜ਼ਰ ਆਉਂਦਾ ਹੈ, ਅਰ ਓਹ ਦ੍ਰਖਤ ਜਿਸਦੇ ਵਾਸਤੇ ਉਤਪੰਨ ਕੀਤਾਸੀ? ਕੀ, ਅਪਨੇ ਲਈ ਵਾ ਦੂਸਰੇ ਵਾਸਤੇ, ਜੇ ਦੂਜੇ ਦੇ ਲਈ ਤਾਂ ਕਿਉਂ ਰੋਕਿਆ? ਏਸ ਲਈ ਏਹ ਬਾਤਾਂ ਨਾ ਖ਼ੁਦਾਦੀਆਂ ਅਰ ਨਾ ਉਸਦੇ ਬਨਾਏ ਪੁਸਤਕ ਵਿਚ ਹੋ ਸਕਦੀਆਂ ਹਨ, ਆਦਮ ਸਾਹਿਬ ਖ਼ੁਦਾ ਕੋਲੋਂ ਕਿੰਨੀਆਂ ਗੱਲਾਂ ਸਿੱਖ ਆਏ? ਅਰ ਜਦ ਪ੍ਰਿਥਿਵੀ ਉੱਤੇ ਆਦਮ ਸਾਹਿਬ ਆਏ ਤਦ ਕਿਸ ਤਰਾਂ ਆਏ ? ਕੀ ਓਹ ਸ੍ਵਰਗ ਪਹਾੜ ਉੱਤੇ ਹੈ ਜਾਂ ਆਕਾਸ਼ ਉੱਤੇ? ਉਸ ਤੋਂ ਕੀਕਨ ਉਤਰਆਏ? ਅਥਵਾ ਪਖਛੀ ਦੇ ਤੁੱਲ ਆਏ ? ਅਥਵਾ ਜੀਕਨ ਉਪਰੋਂ ਪੱਥਰ ਡਿੱਗ ਪਵੇ ? ਏਸ ਵਿਚ ਏਹ ਮਲੂਮ ਹੁੰਦਾ ਹੈ ਕਿ ਜਦ ਆਦਮ ਸਾਹਿਬ ਮਿੱਟੀ ਥੀਂ ਬਨਾਏ ਗਏ ਤਾਂ ਇਨ੍ਹਾਂ ਦੇ ਸ੍ਵਰਗ ਵਿਚ ਭੀ ਮਿੱਟੀ ਹੋਵੇਗੀ ? ਅਰ ਜਿੱਨੇ ਉੱਥੇ ਹੋਰ ਹਨ ਓਹ ਭੀ ਊਕਨ ਹੀ ਫਰਿਸ਼ਤੇ ਆਦੀ ਹੋਨਗੇ, ਕਿਉਂਕਿ ਮਿੱਟੀ ਦੇ ਸ਼ਰੀਰ

Generated by CamScanner from intsig.com

ਬਗੈਰ ਇੰਦ੍ਰੀ ਭਾਗ ਨਹੀਂ ਹੋ ਸਕਦੇ, ਜਦ ਮਿੱਟੀ ਦੇ ਸ਼ਰੀਰ ਹਨ ਤਾਂ ਮੌਤ ਭੀ ਜ਼ਰੂਰ ਹੋਨੀ ਚਾਹੀਏ, ਜੇਕਰ ਮੌਤ ਹੁੰਦੀ ਹੈ ਤਾਂ ਓਹ ਉੱਥੋਂ ਕਿੱਥ ਜਾਂਦੇ ਹਨ ? ਅਰ ਮੌਤ ਨਹੀਂ ਹੁੰਦੀ ਤਾਂ ਉਨ੍ਹਾਂ ਦਾ ਜਨਮ ਭੀ ਨਹੀਂ ਹੋਇਆ, ਜਦ ਜਨਮ ਹੈ ਤਾਂ ਮੌਤ ਜ਼ਰੂਰੀ ਹੈ, ਜੇਕਰ ਈਕਨ ਹੈ ਤਾਂ ਕੁਰਾਨ ਵਿਚ ਲਿਖਿਆ ਹੈ ਕਿ ਬੀਬੀਆਂ ਸਦਾ ਸੁਰਗ ਵਿਚ ਹਹਿੰਦੀਆਂ ਹਨ ਸੋ ਝੂਠਾ ਹੋ ਜਾਵੇਗਾ, ਕਿਉਂਕਿ ਉਨ੍ਹਾਂ ਦੀ ਭੀ ਮੌਤ ਜ਼ਰੂਰ ਹੋਵੇਗੀ, ਜਦ ਈਕਨ ਹੈ ਤਾਂ ਬਹਿਸ਼ਤ ਵਿਚ ਜਾਨ ਵਾਲਿਆਂ ਦੀ ਭੀ ਮੌਤ ਜ਼ਰੂਰ ਹੋਵੇਗੀ ॥ ੧੨ ॥

੧੩–ਓਸ ਦਿਨ ਥੀਂ ਡਰੋ ਕਿ ਜਦ ਕੋਈ ਜੀਵ ਕਿਸੇ ਜੀਵ ਉੱਤੇ ਭਰੋਸਾ ਨਾ ਰੱਖੇਗਾ, ਨਾ ਉਸਦੀ ਸਫ਼ਰਿਸ਼ ਸ੍ਵੀਕਾਰ ਕੀਤੀ ਜਾਵੇਗੀ, ਨਾ ਉਸ ਤੋਂ ਬਦਲਾ ਲੀਤਾ ਜਾਵੇਗਾ, ਅਰ ਨਾ ਓਹ ਸਹਾਇਤਾ ਪ ਨਗੇ ॥ ਮੰਜ਼ਲ ੧। ਸਿਪਾਰਾ ੧। ਸੂਰਤ ੨। ਆਯਤ ੪੬ ॥

(ਸਮੀਖਛਕ) ਕੀ ਏਸ ਵੇਲੇ ਨਾ ਡਰਨ ? ਬੁਰਾਈ ਕਰਨ ਵਿਚ ਸਬ ਦਿਨ ਡਰਨਾ ਚਾਹੀਏ ? ਜਦ ਸਫ਼ਾਰਿਸ਼ ਨਾ ਮੰਨੀ ਜਾਵੇਗੀ ਤਾਂ ਫੇਰ ਪੈਗੰਬਰ ਦੀ ਉਗਾਹੀ ਵਾ ਸਫ਼ਰਿਸ਼ ਥੀਂ ਖ਼ੁਦਾ ਸੁਰਗ ਦੇਵੇਗਾ ਏਹ ਬਾਤ ਕਿਉਂਕਰ ਸੱਚ ਹੋ ਸਕੇਗੀ ? ਕੀ, ਖ਼ੁਦਾ ਬਹਿਸ਼ਤ ਵਾਲਿਆਂ ਦਾ ਹੀ ਸਹਾਇਕ ਹੈ ਦੋਜ਼ਖ਼ ਵਾਲਿਆਂ ਦਾ ਨਹੀਂ ? ਜੇਕਰ ਈਕਨ ਹੈ ਤਾਂ ਖ਼ੁਦਾ ਪਖਛਪਾਤੀ ਹੈ ॥ ੧੩ ॥

੧੪–ਅਸਾਂ ਨੇ ਮੂਸਾ ਨੂੰ ਕਿਤਾਬ ਅਰ *ਮੁਹਜਜ਼ੇ ਦਿੱਤੇ, ਅਸਾਂਨੇਉਨ੍ਹਾਂ ਨੂੰ ਕਹਿਆ ਕਿ ਤੁਸੀਂ ਭੈੜੇ ਬਾਂਦਰ ਹੋ ਜਾਓ, ਏਹ ਇਕ ਡਰ ਦਿਤਾ ਜੋ ਉਨਾਂ ਦੇ ਸਾਮਨੇ ਅਰ ਪਿੱਛੇ ਸਨ ਉਨ੍ਹਾਂ ਨੂੰ ਅਰ ਸ਼ਿਖਛਾ ਈਮਾਨਦਾਰਾਂ ਨੂੰ। ਮੰਜ਼ਲ੧। ਸਿਪਾਰਾ ੧। ਸੂਰਤ ੨। ਆਯਤ ੫੦। ੬੧ ॥

(ਸਮੀਖਛਕ) ਜੇ ਮੂਸਾ ਨੂੰ ਕਿਤਾਬ ਦਿੱਤੀ ਤਾਂ ਕੁਰਾਨ ਦਾ ਹੋਨਾ ਵਿਅਰਥ ਹੈ ਅਰ ਉਸਨੂੰ ਆਸ਼ਚਰਯ ਸ਼ਕਤੀ ਦਿੱਤੀ ਇਹ ਬਾਇਬਲ ਅਰ ਕੁਰਾਨ ਵਿਚ ਭੀ ਲਿਖਿਆ ਹੈ, ਪਰੰਤੂ ਇਹ ਬਾਤ ਮੰਨਨ ਯੋਗ ਨਹੀਂ, ਕਿਉਂਕਿ ਜੇ ਈਕਨ ਹੁੰਦਾ ਤਾਂ ਹੁਨ ਭੀ ਹੁੰਦਾ, ਜੇ ਹੁਨ ਨਹੀਂ ਤਾਂ ਪਹਿਲੇ ਭੀ ਨਾ ਸੀ, ਜੀਕਨ ਪੇਟੂ ਲੋਗ ਅੱਜ ਕਲ ਭੀ ਅਵਿਦਵਾਨਾਂ ਦੇ ਸਾਮਨੇ ਵਿਦਵਾਨ ਬਨ ਜਾਂਦੇ ਹਨ ਉਕਨ ਉਸ ਸਮੇ ਭੀ ਕਪਟ ਕੀਤਾ ਹੋਵੇਗਾ, ਕਿਉਂਕਿ ਖ਼ੁਦਾ ਅਰ ਉਸਦੇ ਸੇਵਕ ਹੁਨਭੀ ਮਾਜੂਦ ਹਨ ਫੇਰ ਏਸ ਵੇਲੇ ਖ਼ੁਦਾ ਆਸ਼ਚਰਯ ਸ਼ਕਤੀ ਕਿਉਂ ਨਹੀਂ ਦਿੰਦਾ? ਅਰ ਨਹੀਂ ਕਰ ਸਕਦੇ, ਜੇ ਮੂਸਾ ਨੂੰ ਕਿਤਾਬ ਦਿੱਤੀ ਸੀ ਤਾਂ ਫੇਰ ਕੁਰਾਨ ਦੇ ਦੇਨ ਦੀ ਕੀ ਜ਼ਰੂਰਤ ਸੀ ? ਕਿਉਂਕਿ ਜ ਭਲਾਈ ਬੁਰਾਈ ਕਰਨੇ ਅਰ ਨਾ ਕਰਨ ਦਾ ਉਪਦੇਸ਼ ਸਬ ਥਾਂ ਇਕੋ ਜਿਹਾ ਹੋਵੇ ਤਾਂ ਫੇਰ ਭਿੰਨ ਭਿੰਨ ਪੁਸਤਕ

---

*ਕਰਾਮਾਤਾਂ, ਆਸ਼ਚਰਯ ਸ਼ਕਤੀਆਂ।

Generated by CamScanner from intsig.com

ਕਥਨ ਕਰਕੇ ਪੁਨਰੁਕਤ ਦੋਸ਼ ਹੁੰਦਾ ਹੈ, ਕੀ ਮੂਸਾ ਆਦੀ ਨੂੰ ਦਿੱਤੀ ਹੋਈ ਪੁਸਤਕ ਵਿਚ ਖੁਦਾ ਭੁੱਲ ਗਿਆ ਸੀ ? ਜੇ ਖੁਦਾ ਨੇ ਹੈਰੇ ਥਾਂਦਰ ਹੋ ਜਾਨਾ ਕੰਵਲ ਛਡਾਉਨ ਦੇ ਵਾਸਤੇ ਕਹਿਆ ਸੀ ਤਾਂ ਉਸਦਾ ਕਹਨਾ ਮਿਥਿਆਹੋਇਆ ਵਾ ਛਲ ਕੀਤਾ ? ਜੋ ਏਸ ਤਰਾਂ ਦੀਆਂ ਗੱਲਾਂ ਕਰਦਾ ਅਰ ਜਿਸ ਵਿਚ ਏਸ ਤਰਾਂ ਦੀਆਂ ਬਾਤਾਂ ਹਨ ਓਹ ਨਾ ਖੁਦਾ ਅਰ ਨਾ ਏਹ ਪੁਸਤਕ ਖੁਦਾਦਾ ਬਨਾਇਆ ਹੋ ਸਕਦਾ ਹੈ ॥ ੧੪ ॥

੧੫–ਏਸ ਤਰਾਂ ਖੁਦਾ ਮੁਰਦਿਆਂ ਨੂੰ ਜਿਵਾਂਦਾ ਹੈ ਅਰ ਤੁਹਾਨੂੰ ਅਪਨੀਆ ਨਿਸ਼ਾਨੀਆਂ ਦਿਖਾਂਦਾ ਹੈ ਕਿ ਤੁਸੀਂ ਸਮਝੋ॥ ਮੰਜ਼ਲ ੧।ਸਿਪਾਰਾ ੧। ਸੂਰਤ ੨ । ਆਯਤ ੬੭ ॥

(ਸਮੀਖਛਕ) ਕੀ ਮੁਰਦਿਆਂ ਨੂੰ ਜੁਆਂਦਾ ਸੀ ਤਾਂ ਹੁਨ ਕਿਉਂ ਨਹੀਂ ਜੁਆਂਦਾ ? ਕੀ ਕਿਆਮਤ ਦੀ ਰਾਤ ਤਕ ਕਬਰਾਂ ਵਿਚ ਪਏ ਰਹਨਗੇ ? ਅੱਜ ਕਲ ਦੋਹੇਸੂਰਦ ਹਨ, ਕੀ ਇੱਨੀਆਂ ਹੀ ਈਸ਼ੂਰ ਦੀਆਂ ਨਿਸ਼ਾਨੀਆਂ ਹਨ, ਪ੍ਰਿਥਵੀ, ਸੂਰਯ, ਚੰਦ੍ਰਮਾਂ ਆਦੀ ਨਿਸ਼ਾਨੀਆਂ ਨਹੀਂ ਹਨ ? ਕੀ ਸੰਸਾਰ ਵਿਚ ਜੋ ਨਾਨਾ ਪ੍ਰਕਾਰ ਦੀ ਰਚਨਾ ਵਿਸ਼ੇਸ਼ ਪ੍ਰਤਖਛ ਦਿੱਸਦੀਆਂ ਹਨ ਏਹ ਨਿਸ਼ਾਨੀਆਂ ਘੱਟ ਹਨ ? ॥ ੧੫ ॥

੧੬–ਓਹ ਸਦਾ ਬਹਿਸ਼ਤ ਅਰਥਾਤ ਵੈਕੁੰਠ ਵਿਚ ਰਹਿਨ ਵਾਲੇ ਹਨ ॥ ਮੰਜ਼ਲ ੧ । ਸਿਪਾਰਾ ੧ । ਸੂਰਤ ੨ । ਆਯਤ ੭੫ ॥

(ਸਮੀਖਛਕ) ਕੋਈ ਭੀ ਜੀਵ ਅਨੰਤ ਪਾਪ ਪੁੰਨ ਕਰਨ ਦਾ ਸਾਮਰੱਥ ਨਹੀਂ ਰਖਦਾ ਏਸ ਲਈ ਸਦਾ ਸੁਰਗ, ਨਰਕ ਵਿਚ ਨਹੀਂ ਰਹ ਸਕਦੇ, ਅਰ ਜੇ ਖੁਦਾ ਅਜੇਹਾ ਕਰੇ ਤਾਂ ਓਹ ਅਨਿਆਯ ਕਰਨ ਵਾਲਾ ਅਰ ਅਵਿਦਵਾਨ ਹੋਜਾਵੇ, ਕਿਆਮਤ ਦੀ ਰਾਤ ਨਿਆਯ ਹੋਵੇਗਾ ਤਾਂ ਮਨੁਸ਼ਾਂ ਦੇ ਪਾਪ ਪੁੰਨ ਬਰਾਬਰ ਹੋਨੇ ਚਾਹੀਦੇ ਹਨ, ਜੇ ਕਰਮ ਅਨੰਤ ਨਹੀਂ ਹੈ ਉਸਦਾ ਛਲ ਅਨੰਤ ਕੀਕਨ ਹੋ ਸਕਦਾ ਹੈ ? ਅਰ ਸ੍ਰਿਸ਼ਟੀ ਹੋਇਆਂ ਸੱਤ ਅੱਠ ਹਜ਼ਾਰ ਵਰ੍ਹੇਆਂ ਥੀਂ ਉਰੇ ਹੀ ਦੱਸਦੇ ਹਨ, ਕੀ ਏਸਦੇ ਪੂਰਵ ਖੁਦਾ ਨਿਕੰਮਾ ਬੈਠਾ ਸੀ ? ਅਰ ਕਿਆਮਤ ਦੇ ਪਿੱਛੇ ਭੀ ਨਿਕੰਮਾ ਰਹੇਗਾ ? ਏਹ ਬਾਤਾਂ ਸਭ ਲੜਕਿਆਂ ਦੇ ਸਮਾਨ ਹਨ, ਕਿਉਂਕਿ ਪਰਮੇਸ਼ੂਰ ਦੇ ਕੰਮ ਸਦਾ ਰਹਿੰਦੇ ਹੰਨ, ਅਰ ਜਿੰਨੇ ਜਿਸਦੇ ਪਾਪ ਪੁੰਨ ਹਨ ਉੱਨਾ ਹੀ ਉਸਨੂੰ ਫਲ ਦਿੰਦਾ ਹੈ, ਏਸ-ਲਈ ਕੁਰਾਨ ਦੀ ਇਹ ਗੱਲ ਸੱਚੀ ਨਹੀਂ ॥ ੧੬ ॥

੧੭—ਜਦ ਅਸਾਂ ਨੇ ਤੁਹਾਡੇ ਪਾਸੋਂ ਪ੍ਰਤਿਗਿਆ ਕਰਾਈ ਨਾ ਵਗਾਨਾ ਲਹੂ ਅਪਨੇ ਆਪਸ ਦੇ ਅਰ ਕਿਸੇ ਅਪਨੇ ਆਪਸ ਨੂੰ ਘਰਾਂ ਥੀਂ ਨਾ ਕਢਨਾ, ਫੇਰ ਪ੍ਰਤਿਗਿਆ ਕੀਤੀ ਤੁਸਾਂ ਨੇ ਏਸਦੇ ਤੁਸੀਂ ਹੀ ਸਾਖੀ ਹੋ, ਤੁਸੀਂ ਓਹ ਲੋਗ ਹੋ ਕਿ ਅਪਨੇ ਆਪਸ ਨੂੰ ਮਾਰ ਸੁੱਟਦੇਹੋ, ਇਕ ਗਿਰਹ ਨੂੰ ਆਪਸ

Generated by CamScanner from intsig.com

विचों, घरां उनुं दिआं थीं कॱढ दिंदे हो ॥ मं० १। सि० १। सू० २। आयत २२। २९ ॥

(समीखछक) भला प्रतिगिआ करानी अर करनी अलपॱग जीवां दी बात है या परमेशुर दी ? जद परमेशुर सरवॱग है तां अजेही कड़ाकूट संसारी मनुशां दी निआईं किउं करेगा ? भला इह किहड़ी भली गॱल है कि आपस दा लहु ना वगाना, अपने मतवालिआं नुं घर थीं ना कॱढना अरथात दूजे मतवालिआं दा लहु वगाना अर घर थीं कॱढ देना एह झूठी, मूरखता अर पखछपात दी बात है। की, परमेशुर पहिलों ही नहीं जानदा सी कि एह प्रतिगिआ थीं विरुॱध करनगे ? एस थीं मलूम हुंदा है कि मुसलमानां दा खुदा भी ईसाईआं दी बहुत सारी उपमा रॱखदा है, अर एह कुरान सतंत्र नहीं बन सकदा, किउंकि एस विच थोड़ीआं जिहीआं गॱलां नुं छॱडके बाकी सब बातां बाइबल दीआं हन ॥ १७ ॥

१९—एह लोग हन कि जिनुं ने आखरत दे बदले ज़िंदगी ऐॱथों दी मुॱल लै लीती उनुं थीं पाप कदी हलका ना कीता जावेगा अर ना उनुं नुं सहाइता दिॱती जावेगी ॥ मं० १। सि० १। सूरत २। आयत २९ ॥

(समीखछक) भला अजेहीआं ईरशा देश दीआं बातां कदी ईशुर दी वलों होसकदीआंहन? जिनुं लोगां दे पाप हलके कीते जानगे वा जिनुं नुं सहाइता दिॱती जावेगी ओह कौन हन ? जेकर ओह पापी हन अर पापां दा दंड दिॱते बिना हलके कीते जानगे तां अनिआय होवेगा, जेकर दंड देके हलके कीते जानगे तां जिनुं दा बिआन एस आइत विच है एह भी सज़ा पाके हलके हो सॱकदे हन, अर दंड देके भी हलके ना कीते जानगे तां भी अनिआय होवेगा, जे पापां थीं हलके कीते जान वालिआं थीं प्रयोजन धरमातमा लोगां दा है तां उनुंदे पाप तां आप ही हलके हन खुदा की करेगा ? एसलई एह लेख विदवानां दा नहीं, अर असल विच धरमातमा मनुशां नुं सुख अर अधरमीआं नुं दुॱख उनुं दे करमां दे अनुसार सदा देना चाहीदे ॥ १९ ॥

१९—निशचे असां ने मूसा नुं किताब दिॱती अर उसदे पिॱछे असीं पैगंबर नुं लिआए, अर मरयम दे पुत्र ईसा नुं प्रगट मुहंजज़े अरथात दैवीशकती अर सामरथ दिॱती उसदे नाल

Generated by CamScanner from intsig.com

*ਰੂਹੁਲਕੁਦਸ ਦੇ ਜਦ ਤੁਹਾਡੇ ਪਾਸ ਉਸ ਵਸਤੂ ਸੰਗ ਪੈਗੰਬਰ ਆਇਆ ਕਿ ਜਿਸ ਨੂੰ ਤੁਹਾਡਾ ਜੀ ਚਾਹੁੰਦਾ ਨਹੀਂ ਫੇਰ ਤੁਸਾਂਨੇ ਅਭਿਮਾਨ ਕੀਤਾ ਇਕ ਮਤ ਨੂੰ ਝੁਠਲਾਇਆ ਅਰ ਇਕਨੂੰ ਮਾਰਸੁੱਟਦੇ ਹੋ ॥ ਮੰ० ੧। ਸਿ० ੧। ਸੂਰਤ ੨। ਆਯਤ ੮੦ ॥

(ਸਮੀਖਛਕ) ਜਦ ਕੁਰਾਨ ਵਿਚ ਸਾਖਛੀ ਹੈ ਕਿ ਮੂਸਾਨੂੰ ਕਿਤਾਬ ਦਿੱਤੀ ਤਾਂ ਉਸਦਾ ਮੰਨਨਾ ਮੁਸਲਮਾਨਾਂ ਨੂੰ ਜ਼ਰੂਰੀ ਹੋਇਆ, ਅਰ ਜੋ ਜੋ ਉਸ ਗ੍ਰੰਥ ਵਿਚ ਦੋਸ਼ ਹਨ ਓਹ ਭੀ ਮੁਸਲਮਾਨਾਂ ਦੇ ਮਤ ਵਿੱਚ ਆਗਏ, ਅਰ ਮੁਹਜਜ਼ੇ ਅਰਥਾਤ ਦੈਵੀਸ਼ਕਤੀਆਂ ਦੀਆਂ ਬਾਤਾਂ ਐਵੇਂ ਹਨ, ਭੋਲੇ ਭਾਲੇ ਮਨੁਸ਼ਾਂ ਨੂੰ ਬਹਕਾਨਦੇ ਲਈ ਝੂਠਮੂਠ ਚਲਾ ਲਈਆਂ ਹਨ, ਕਿਉਂਕਿ ਸ੍ਰਿਸ਼ਟੀਕ੍ਰਮ ਅਰ ਵਿਦਿਆ ਥੀਂ ਵਿਰੁੱਧ ਸਭ ਬਾਤਾਂ ਝੂਠੀਆਂ ਹੀ ਹੁੰਦੀਆਂ ਹਨ, ਜੇ ਉਸ ਵੇਲੇ ਮੁਹਜਜ਼ੇ ਸਨ ਤਾਂ ਏਸਵੇਲੇ ਕਿਉਂ ਨਹੀਂ ? ਜੋ ਏਸ ਸਮੇਂ ਨਹੀਂ ਤਾਂ ਉਸ ਸਮੇਂ ਭੀ ਨਹੀਂ ਸਨ ਇਸ ਵਿਚ ਕੁਝਭੀ ਸੰਦੇਹ ਨਹੀਂ ॥ ੧੯ ॥

੨੦—ਅਰ ਏਸਥੀਂ ਪਹਿਲੋਂ ਕਾਫਰਾਂ ਉੱਤੇ ਵਿਜੈ ਚਾਹੁੰਦੇ ਸਨ, ਜੋ ਕੁਝ ਪਛਾਨਿਆ ਸੀ ਜਦ ਉਨ੍ਹਾਂ ਦੇ ਪਾਸ ਓਹ ਆਇਆ ਝੱਟ ਕਾਫਰ ਹੋਗਏ ਕਾਫਰਾਂ ਉੱਤੇ ਲਾਨਤ ਹੈ ਅੱਲਾਹ ਦੀ ॥ ਮੰ० ੧। ਸਿ० ੧। ਸੂਰਤ ੨। ਆਯਤ ੯੨ ॥

(ਸਮੀਖਛਕ) ਕੀ ਜੀਕਨ ਤੁਸੀਂ ਹੋਰ ਮਤਵਾਲਿਆਂ ਨੂੰ ਕਾਫਰ ਕਹਿੰਦੇ ਹੋ, ਊਕਨ ਓਹ ਤੁਹਾਨੂੰ ਕਾਫਰ ਨਹੀਂ ਕਹਿੰਦੇ ਹਨ ? ਅਰ ਉਨ੍ਹਾਂ ਦੇ ਮਤ ਦੇ ਈਸ਼ੁਰ ਵੱਲੋਂ ਧਿੱਕਾਰ ਦਿੰਦੇ ਹਨ, ਫਿਰ ਕਹੋ ਕੌਨ ਸੱਚਾ ਅਰ ਕੌਨ ਝੂਠਾ ? ਜੇ ਵਿਚਾਰ ਕੇ ਵੇਖਦੇ ਹਾਂ ਤਾਂ ਸਭ ਮਤ ਵਾਲਿਆਂ ਵਿਚ ਝੂਠ ਪਾਇਆ ਜਾਂਦਾ ਹੈ, ਅਰ ਜੋ ਸੱਚ ਹੈ ਸੋ ਸਭਨਾਂ ਵਿੱਚ ਇੱਕੋ ਜਿਹਾ ਹੈ ਏਹ ਸਭ ਲਜ਼ਾਈਆਂ ਮੂਰਖਤਾ ਦੀਆਂ ਹਨ ॥ ੨੦ ॥

੨੧—ਆਨੰਦ ਦਾ ਸਨੇਹਾ ਈਮਾਨਦਾਰਾ ਨੂੰ ਅੱਲਾਹ ਫਰਿਸ਼ਤਿਆਂ, ਪੈਗੰਬਰਾਂ, ਜਬਰਾਈਲ, ਅਰ ਮੇਕਾਈਲ ਦਾ ਜੋ ਵੈਰੀ ਹੈ ਅੱਲਾਹ ਭੀ ਅਜੇਹੇ ਕਾਫਰਾਂ ਦਾ ਵੈਰੀ ਹੈ ॥ ਮੰ० ੧। ਸਿ० ੧। ਸੂ० ੨। ਆ० ੯੮ ॥

(ਸਮੀਖਛਕ) ਜਦ ਮੁਸਲਮਾਨ ਕਹਿੰਦੇ ਹਨ ਕਿ (ਖੁਦਾ ਲਾਸ਼ਰੀਕ) ਹੈ ਫੇਰ ਇਹ ਫੌਜ ਦੀ ਫੌਜ (ਸ਼ਰੀਕ) ਕਿੱਥੋਂ ਥੀਂ ਕਰ ਦਿੱਤੀ ? ਕੀ ਜਿਹੜਾ ਹੋਰਨਾਂ ਦਾ ਵੈਰੀ ਓਹ ਖੁਦਾ ਦਾ ਭੀ ਵੈਰੀ ਹੈ ? ਜੇਕਰ ਈਕਨ ਹੈ ਤਾਂ ਠੀਕ ਨਹੀਂ, ਕਿਉਂਕਿ ਈਸ਼ੁਰ ਕਿਸੇ ਦਾ ਵੈਰੀ ਨਹੀਂ ਹੋ ਸੱਕਦਾ ॥ ੨੧ ॥

---

* ਰੂਹੁਲਕੁਦਸ ਕਹਿੰਦੇ ਹਨ ਜਬ੍ਰਾਈਲ ਨੂੰ ਜੋਕਿ ਹਰਦਮ ਮਸੀਹ ਦੇ ਨਾਲ ਰਹਿੰਦਾ ਸੀ ॥

Generated by CamScanner from intsig.com

२२–अर कहो कि खछमा मंगने हां असी खछमा करांगे तुहाड्डे पाप अर वधीक भलाई करन वालिआं दे ॥ मं० १ । सि० १ । सू० २ । आयत ५४ ॥

(समीखछक) क़ुरा एह ख़ुदा दा उपदेश सब नूं पापी बनान वाला है या नहीं ? किउंकि जद पाप खछमा होन दा आश़ूय मनुश़ां नूं मिलदा है तद पापां थीं कोई भी नहीं छुटदा, एस लई एहकन कहन वाला ख़ुदा अर एह ख़ुदा दा बनाइआ होइआ ग्रंथ नहीं हो सॱकदा, किउंकि ओह निआयकारी है अनिआय कदी नहीं करदा, अर पाप खछमा करन विच अनिआयकारी हो सकदा है ॥ २२ ॥

२३–जद मूसा ने आपनी क़ौम दे वासते पानी मंगिआ असांने कहिआ कि अपना डंडा पॱथर उॱते मार उस विचों बारां सूए वग टुरे ॥ मं० १ । सि० १ । सू० २ । आयत ५६ ॥

(समीखछक) हुन वेखो ! इनां अनहुंदीआं गॱलां दे बराबर दूजा कोई कहेगा ? इक पॱथर दी सिल विच डंडा मारन नाल बारां झरनिआं दा फुॱटना सरवथा असंभव है, हां उस पॱथर नूं अंदरों पोला करके उस विच पानी भरके बारां छेक करन नाल हो सकदा है होर तरां नहीं ॥ २३ ॥

२४–अर अॱलाह खाहश़करदा है जिसनूं चाहुंदा है नाल दइआ अपनी दे ॥ मं० १ । सि० १ । सू० २ आयत ८७ ॥

(समीखछक) की जो मुॱख अर दइआ करन दे योग ना होवे उसनूं भी प्रधान बनांदा अर उस उॱते दइआ करदा है ? जे अजेहा है तां ख़ुदा बड़ा गड़बड़ीआ है, किउंकि फेर चंगा कंम कौन करेगा, अर बुरे कंम नूं कौन छॱडेगा ? किउंकि ख़ुदाई प्रसंनता उॱते भरोसा करके हन करम फल ते नहीं, एसलई सारिआं नूं अनासथा (ना आश़रा) होके करमां दे ना करन विच रुची होवेगी ॥ २४ ॥

२५–अजेहा ना होवे कि काफर लोग ईरश़ा करके तुसानूं ईमान तों फेर देन, किउंकि उनां विचों ईमान वालिआं दे बहुत सारे दोसत हन ॥ मं० १ । सि० १ । सू० २ । आयत १०१ ॥

(समीखछक) हुन वेखीए ख़ुदा ही उनां नूं दॱसदा है कि तुहाड्डे ईमान नूं काफर लोग फेरा ना देन, की ओह सरवॱग नहीं है ? अजेहीआं गॱलां ख़ुदा दीआं नहीं हो सॱकदीआं हन ॥ २५ ॥

Generated by CamScanner from intsig.com

੨੬–ਤੁਸੀਂ ਜਿੱਧਰ ਮੂੰਹ ਕਰੋ ਉੱਧਰ ਮੂੰਹ ਅੱਲਾਹ ਦਾ ਹੈ ॥ ਮੰ० ੧। ਸਿ० ੧। ਸੂ० ੨। ਆਯਤ ੧੦੭ ॥

(ਸਮੀਖਛਕ) ਜੇ ਇਹਬਾਤ ਸੱਚੀ ਹੈ ਤਾਂ ਮੁਸਲਮਾਨ ਕਿਬਲੇ ਦੇ ਵੱਲ ਮੂੰਹ ਕਿਉਂ ਕਰਦੇ ਹਨ ? ਜੇ ਕਹੋ ਸਾਨੂੰ ਕਿਬਲੇ ਵੱਲ ਮੂੰਹ ਕਰਨ ਦਾ ਹੁਕਮ ਹੈ ਤਾਂ ਏਹ ਭੀ ਹੁਕਮ ਹੈ ਕਿ ਭਾਵੇਂ ਜਿੱਧਰ ਮੂੰਹ ਕਰੋ, ਕੀ ਏਹ ਗੱਲ ਸੱਚੀ ਅਤ ਦੂਜੀ ਝੂਠੀ ਹੋਵੇਗੀ? ਅਰ ਜੋ ਅੱਲਾਹ ਦਾ ਮੂੰਹ ਹੈ ਤਾਂ ਓਹ ਸਬ ਪਾਸਿਆਂ ਵੱਲ ਹੋਨਹੀਂ ਸੱਕਦਾ, ਕਿਉਂਕਿ ਇਕਮੰਹ ਇਕਵੱਲ ਰਹੇਗਾ ਸਬਨਾਂ ਪਾਸਿਆਂ ਵੱਲ ਕਿਉਂਕਰ ਰਹ ਸੱਕੇਗਾ? ਏਸਲਈ ਏਹ ਗੱਲ ਬਨਦੀ ਨਹੀਂ ॥੨੬॥

੨੭–ਜੋ ਆਸਮਾਨ ਅਰ ਜ਼ਮੀਨ ਦਾ ਉਤਪੰਨ ਕਰਨਵਾਲਾ ਹੈ ਜਦ ਓਹ ਕੁਝ ਕਰਨਾ ਚਾਹੁੰਦਾ ਹੈ ਏਹ ਨਹੀਂ ਕਿ ਉਸਨੂੰ ਕਰਨਾ ਪੈਂਦਾ ਹੈ ਕਿੰਤੂ ਉਸਨੂੰ ਕਹਿੰਦਾ ਹੈ ਕਿ ਹੋ ਜਾ ਬੱਸ ਓਹ ਹੋ ਜਾਂਦਾ ਹੈ ॥ ਮੰ ੧। ਸਿ ੧। ਸੂ ੨। ਆਯਤ ੧੦੯ ॥

(ਸਮੀਖਛਕ) ਭਲਾ ਖੁਦਾ ਨੇ ਹੁਕਮ ਦਿੱਤਾ ਕਿ ਹੋਜਾ ਤਾਂ ਹੁਕਮ ਕਿਸ ਨੇ ਸੁਨਿਆ ? ਅਰ ਕਿਸਨੂੰ ਸੁਨਾਇਆ ? ਅਰ ਕੌਨ ਬਨ ਗਿਆ ? ਕਿਸ ਕਾਰਣ ਥੀਂ ਬਨਾਇਆ ? ਜਦ ਏਹ ਲਿਖਦੇ ਹਨ ਕਿ ਸ੍ਰਿਸ਼ਟੀ ਦੇ ਪਹਲੇ ਬਿਨਾ ਖੁਦਾ ਦੇ ਕੋਈ ਭੀ ਦੂਜੀਵਸਤੂ ਨਾ ਸੀ ਤਾਂ ਏਹ ਸੰਸਾਰ ਕਿੱਥੋਂਆਇਆ? ਬਿਨਾ ਕਾਰਣ ਦੇ ਕੋਈਭੀ ਕਾਰਯ ਨਹੀਂ ਹੁੰਦਾ ਤਾਂ ਇੱਨਾ ਬੜਾ ਜਗਤ ਕਾਰਣ ਦੇ ਬਿਨਾ ਕਿੱਥੋਂ ਹੋਇਆ? ਏਹਬਾਤ ਨਿਰੀ ਬੱਚਿਆਂਦੀ ਹੈ । (ਪੂਰਵਪਖਛੀ) ਨਹੀਂ ਨਹੀਂ ਖੁਦਾ ਦੀ ਇਛਿਆਥੀਂ। (ਉੱਤਰਪਖਛੀ) ਕੀ ਤੁਹਾਡੀ ਇਛਿਆ ਤੇ ਮੱਖੀ ਦੀ ਟੰਗ ਭੀ ਬਨ ਸਕਦੀ ਹੈ? ਜੋ ਕਹਿੰਦੇਹੋ ਖੁਦਾ ਦੀ ਇਛਿਆ ਥੀਂ ਏਹ ਸਬ ਕੁਝ ਜਗਤ ਬਨ ਗਿਆ। (ਪੂਰਵਪਖਛੀ) ਖੁਦਾ ਸਰਵਸ਼ਕਤੀਮਾਨ ਹੈ, ਏਸਲਈ ਜੋ ਚਾਹੇ ਸੋ ਕਰ ਲੈਂਦਾਹੈ ॥ (ਉੱਤਰਪਖਛੀ) ਸਰਵਸ਼ਕਤੀਮਾਨ ਦਾ ਕੀ ਅਰਥ ਹੈ? (ਪੂਰਵਪਖਛੀ) ਜੋ ਚਾਹੇ ਸੋ ਕਰ ਸੱਕੇ। (ਉੱਤਰਪਖਛੀ) ਕੀ ਖੁਦਾ ਦੂਜਾ ਖੁਦਾ ਭੀ ਬਨਾ ਸੱਕਦਾ ਹੈ ? ਅਪਨੇ ਆਪ ਮਰ ਸੱਕਦਾ ਹੈ ? ਮੂਰਖ ਰੋਗੀ ਅਰ ਅਗਿਆਨੀ ਭੀ ਬਨ ਸਕਦਾ ਹੈ? (ਪੂਰਵਪਖਛੀ) ਅਜੇਹਾ ਕਦੀ ਨਹੀਂ ਬਨ ਸੱਕਦਾ। (ਉੱਤਰਪਖਛੀ)ਏਸ ਲਈ ਪਰਮੇਸ਼ੁਰ ਅਪਨੇ ਅਰ ਦੂਸਿਆਂ ਦੇ ਗੁਣ, ਕਰਮ, ਸੁਭਾਵ ਦੇ ਵਿਰੁੱਧ ਕੁਝਭੀ ਨਹੀਂ ਕਰ ਸੱਕਦਾ, ਜੀਕਨ ਸੰਸਾਰ ਵਿਚ ਕਿਸੇ ਵਸਤੂ ਦੇ ਬਨਨ ਬਨਾਨ ਵਿਚ ਤਿੰਨ ਪਦਾਰਥ ਪਹਿਲੋਂ ਜ਼ਰੂਰ ਹੁੰਦੇ ਹਨ। (੧) ਬਨਾਨਵਾਲਾ ਜੀਕਨ ਕੁਮਿਹਾਰ (੨) ਘੜਾ ਬਨਨਵਾਲੀ ਮਿੱਟੀ ਅਰ (੩) ਉਸਦਾ ਸਾਧਨ ਜਿਸ ਨਾਲ ਘੜਾ ਬਨਾਇਆ ਜਾਂਦਾ ਹੈ, ਜੀਕਨ ਕੁਮਿਹਾਰ ਮਿੱਟੀ ਅਰ ਸਾਧਨ ਨਾਲ ਘੜ ਬਨਾਂਦਾ ਹੈ, ਅਰ ਬਨਨ ਵਾਲੇ ਘੜੇ ਤੋਂ ਪਹਿਲੇ ਕੁਮਿਹਾਰ ਮਿੱਟੀ ਆਰ

Generated by CamScanner from intsig.com

साधन हुंदे हन ऊकन ही जगत दे बनन थीं पहिलां जगत दा कारण प्रकृती अर उनुं दे गुण, करम, सुभाव, अनादी हन, ऐस लई ऐह कुरान दी बात सरवथा असंभव है ॥ २७ ॥

२८—जद असां ने लोगां दे लई काबे नुं पवित्र सथान सुख देन वाला बनाइआ तुसीं निमाज़ दे वासते इबराहीम दे सथान नुं पकड़ो । मं० १ । सि० १ । सू० २ । आयत ११७ ॥

(समीखछक) की काबे तों पहिलों पवित्र सथान ख़ुदा ने कोई भी ना बनाइआ सी ? जे बनाइआ सी तां काबे दे बनान दी कुझ ज़रूरत ना सी, जो नहीं बनाइआ सी तां विचारे पहिले उतपंन होइआं होइआं नुं पवित्र सथान दे बगैर ही रखिआ सी, पहिलां ईशुर नुं पवित्र सथान बनाना याद ना रहिआ होवेगा ॥ २८ ॥

२९–ओह कौन मनुश हन जो इबराहीम दे दीन तों फिर जांन, परैंतु जिसने अपनी जान नुं मूरख बनाइआ अर निशचे असां ने दुनीआं विच उसे नुं पसंद कीता अर निशचे आख़रत विच ओहो हीं नेक हन । मं० १ । सि० १ । सू० २ । आ० १२२ ॥

(समीखछक) ऐह कंकन हो सकदा है कि जो इबराहीम दे दीन नुं नहीं मंनदे ओह सब मुरख हन, इबराहीम नुं ही ख़ुदा ने पसंद कीता ऐसदा की कारण है ? जेकर धरमातमा होन दे कारण कीता तां धरमातमा होर भी बहुत हो सकदे हन । जेकर बिना धरमातुमा होनदे ही पसंद कीता तां अनिआय होइआ । हां इह तां ठीकहै कि जो धरमातमा है ओहो ईशुर दा पिआरा हुंदा है अधरमी नहीं ॥ २९ ॥

३०—निशचे असीं तेरे मुंह नुं आसमान विच फिरदा वेखने हां, ज़रूर असीं तैनुं उस किबले नुं फरांगे कि पसंद करे उसनुं बस अपना मुंह मसजदुलहराम दी वल फेर जिथे किते तुसीं हो, अपना मुंह उस वल फेर लो । मं० १ । सि० २ । सूरत २ । आयत १३५ ॥

(समीखछक) की ऐह छोटी बुतपरसती है ? नहीं वडी । (पूरवपखछी) असीं मुसलमान लोग बुतपरसत (मूरतीपूजक) नहीं हां किंतु बुतशिकन अरथात मूरती नुं तोड़न वाले हां, किउंकि असीं किबलेनुं ख़ुदानहीं समझदे।(उत्तरपखछी) जिनुंनुं तुसीं बुतपरसत (मूरतीपूजक) समझदे हो ओह भी उनुं मूरतीआं नुं ईशुर नहीं समझदे किंतु उनुं दे सामने परमेशुर दी भगती करदे हन, जेकर बुतां नुं तोड़नहार हो तां उस मसजिद किबले वडे बुतनुं किउं नहीं तोड़िआ ? (पूरवपखछी)

Generated by CamScanner from intsig.com

ਵਾਹਜੀ ਸਾਡੇ ਤਾਂ ਕਿਬਲੇ ਦੇ ਵੱਲ ਮੂੰਹ ਫੇਰਨਦਾ ਕੁਰਾਨ ਵਿਚ ਹੁਕਮ ਹੈ ਅਰ ਇਨ੍ਹਾਂਨੂੰ ਵੇਦ ਵਿੱਚ ਨਹੀਂ ਹੈ ਫੇਰ ਓਹ ਬੁਤਪ੍ਰਸਤ ਕਿਉਂ ਨਹੀਂ, ਅਰ ਅਸੀਂ ਕਿਉਂ ? ਕਿਉਂਕਿ ਸਾਨੂੰ ਖ਼ੁਦਾ ਦਾ ਹੁਕਮ ਮੰਨਨਾ ਜ਼ਰੂਰ ਹੈ। (ਉੱਤਰਪਖਛੀ) ਜੀਕਨ ਤੁਹ ਡੇ ਲਈ ਕੁਰਾਨ ਵਿਚ ਹੁਕਮ ਹੈ ਉੱਕਨ ਉਨ੍ਹਾਂ ਦੇ ਲਈ ਪੁਰਾਣ ਵਿਚ ਆਗਿਆ ਹੈ, ਜੀਕਨ ਤੁਸੀਂ ਕੁਰਾਨ ਨੂੰ ਖ਼ੁਦਾ ਦਾ ਕਲਾਮ (ਵਾਕ) ਸਮਝਦੇ ਹੋ ਉੱਕਨ ਪੁਰਾਣੀ ਭੀ ਪੁਰਾਣਾਂ ਨੂੰ ਖ਼ੁਦਾ ਦੇ ਅਵਤਾਰ ਵਿਆਸਜੀ ਦਾ ਵਚਨ ਸਮਝਦੇ ਹਨ। ਤੁਹਾਡੇ ਵਿਚ ਅਰ ਇਨ੍ਹਾਂ ਵਿਚ ਬਤਪ੍ਰਸਤੀ ਦਾ ਕੁਝ ਭਿੰਨ ਭੇਦ ਨਹੀਂ ਹੈ, ਉਲਟੇ ਤੁਸੀਂ ਵੱਡੇ ਬੁਤਪ੍ਰਸਤ (ਮੂਰਤੀਪੂਜਕ) ਅਰ ਏਹ ਛੋਟੇ ਹਨ, ਕਿਉਂਕਿਜਦਤਕ ਕੋਈ ਮਨੁਸ਼ ਅਪਨੇਘਰ ਵਿਚੋਂ ਵੜੀਹੋਈ ਬਿੱਲੀ ਨੂੰ ਕੱਢਨ ਲੱਗੇ ਤਦ ਤਕ ਉਸਦੇ ਘਰ ਵਿਚ ਊਠ ਵੜਜਾਵੇ ਉੱਕਨ ਹੀ ਮੁਹੱਮਦ ਸਾਹਿਬ ਨੇ ਛੋਦੇ ਬੁੱਤ (ਮੂਰਤੀ) ਨੂੰ ਮੁਸਲਮਾਨਾਂ ਦੇ ਮਤ ਥੀਂ ਕੱਢਿਆ ਪਰੰਤੂ ਵੱਡਾ ਬੁੱਤ (ਮੂਰਤੀ) ਜਿਹੜਾ ਕਿ ਪਹਾੜ ਵਾਙਣ ਮੱਕੇ ਦੀ ਮਸੀਤ ਹੈ ਓਹ ਸਭਨਾਂ ਮੁਸਲ਼ਮਾਨਾਂ ਦੇ ਮਤ ਵਿਚ ਘੁਸੇੜ ਦਿੱਤੀ, ਕੀ ਏਹ ਛੋਟੀ ਬੁੱਤਪ੍ਰਸਤੀ ਹੈ ? ਹਾਂ ਜੀਕਨ ਅਸੀਂ ਲੋਗ ਵੈਦਿਕ ਹਾਂ ਉੱਕਨ ਤੁਸੀਂ ਲੋਗ ਭੀ ਵੈਦਿਕ ਹੋ ਜਾਓ ਤਾਂ ਬੁੱਤਪ੍ਰਸਤੀ ਆਦੀ ਬੁਰਾਈਆਂ ਥੀਂ ਬਲ ਸੱਕੋ ਹੋਰਤਰਾਂ ਨਹੀਂ। ਤੁਸੀਂ ਜਦ ਤਕ ਅਪਨੀ ਵੱਡੀ ਬੁਤਪ੍ਰਸਤੀ ਨੂੰ ਨਾ ਕੱਢ ਦੇਓ ਤਦ ਤਕ ਦੂਜੇ ਛੋਟੇ ਬੁਤਪ੍ਰਸਤਾਂ (ਮੂਰਤੀਪੂਜਕਾਂ) ਦੇ ਖੰਡਨ ਥੀਂ ਲੱਜਿਤ ਹੋਕੇ ਪਰੇ ਰਹਨਾ ਚਾਹੀਏ, ਅਰ ਆਪ ਨੂੰ ਬੁਤਪ੍ਰਸਤੀ ਥੀਂ ਪਰੇ ਕਰਕੇ ਪਵਿਤ੍ਰ ਕਰਨਾ ਚਾਹੀਏ ॥ ੩੦ ॥

੩੧—ਜੋ ਲੋਗ ਅੱਲਾਹ ਦੇ ਰਾਹ ਵਿਚ ਮਾਰੇ ਜਾਂਦੇ ਹਨ ਉਨ੍ਹਾਂ ਦੇ ਵਾਸਤੇ ਏਹ ਮਤ ਕਹੋ ਕਿ ਏਹ ਮੁਰਦੇ ਹਨ ਕਿੰਤੂ ਓਹ ਜੀਉਂਦੇ ਹਨ। ਮੰ੦੧। ਸਿ੦ ੨। ਸੂ੦ ੨। ਆਯਤ ੧੪੪ ॥

(ਸਮੀਖਛਕ) ਭਲਾ ਈਸ਼ੁਰ ਦੇ ਮਾਰਗ ਵਿਚ ਮਰਨੇ ਮਾਰਨੇ ਦੀ ਕੀ ਜ਼ਰੂਰਤ ਹੈ ? ਏਹ ਕਿਉਂ ਨਹੀਂ ਕਹਿੰਦੇ ਹੋ ਕਿ ਏਹ ਬਾਤ ਅਪਨੇ ਮਤਲਬ ਸਿੱਧ ਕਰਨ ਦੇ ਵਾਸਤੇ ਹੈ ਕਿ ਇਹ ਲੋਭ ਦੇਵਾਂਗੇ ਤਾਂ ਲੋਗ ਖ਼ੂਬ ਲੜਨਗੇ, ਅਪਨੀ ਜਿੱਤ ਹੋਵੇਗੀ, ਮਾਰਨ ਥੀਂ ਨਾਂ ਡਰਾਂਗੇ, ਲੁਟ ਮਾਰ ਕਰਨ ਕਰਕੇ ਐਸ਼ੁਰਯ ਪ੍ਰਾਪਤ ਹੋਵੇਗਾ, ਫੇਰ ਵਿਸ਼ਿਆਨੰਦ ਕਰਾਂਗੇ ਇਤਿਆਦੀ ਪ੍ਰਯੋਜਨ ਦੇ ਲਈ ਏਹ ਉਲਟਾ ਵਿਹਾਰ ਕੀਤਾ ਹੈ ॥ ੩੧ ॥

੩੨—ਅਰ ਇਹ ਕੀ ਅੱਲਾਹ ਛਾਢਾ ਦੁਖ ਦੇਨ ਵਾਲਾ ਹੈ, ਸ਼ੈਤਾਨ ਦੇ ਪਿੱਛੇ ਮਤ ਚੱਲੋ ਨਿਸ਼ਚੇ ਓਹ ਤੁਹਾਡਾ ਪ੍ਰਤਖਛ ਵੈਰੀ ਹੇ, ਉਸਦੇ ਬਗੈਰ ਹੋਰ ਕੋਈ ਨਹੀਂ ਕਿ ਬੁਰਿਆਈ ਅਰ ਨਿਰਲੱਜਤਾ ਦੀ ਆਗਿਆ ਦੇਵੇ, ਅਰ ਇਹ ਕਿ ਤੁਸੀਂ ਕਹੋ ਅੱਲਾਹ ਉੱਤੇ ਜੋ ਨਹੀਂ ਜਾਨਦੇ॥ ਮੰਜ਼ਲ ੧।ਸਿਪਾਰਾ ੨। ਰਸੂਤ ੨। ਆਯਤ ੧੫੧। ੧੫੪। ੧੫੫ ॥

Generated by CamScanner from intsig.com

(ਸਮੀਖਛਕ) ਕੀ ਡਾਢਾ ਦੁਖ ਦੇਨ ਵਾਲਾ ਦਇਆਲੂ ਖੁਦਾ ਪਾਪੀਆਂ ਪੁੰਨਾਤਮਾ ਉੱਤੇ ਹੈ ਅਥਵਾ ਮੁਸਲਮਾਨਾਂ ਉੱਤੇ ਦਇਆਲੂ ਅਰ ਹੋਰਨਾਂ ਉੱਤੇ ਦਇਆ ਹੀਨ ਹੈ ? ਜੇ ਕਰ ਅਜੇਹਾ ਹੈ ਤਾਂ ਓਹ ਈਸ਼੍ਵਰ ਹੀ ਨਹੀਂ ਹੋਸਕਦਾ, ਅਰ ਪਖਛਪਾਤੀ ਨਹੀਂ ਹੈ ਤਾਂ ਜੋ ਮਨੁਸ਼ ਕਿਤੇ ਧਰਮ ਕਰੇਗਾ ਉਸਉੱਤੇ ਈਸ਼੍ਵਰ ਦਇਆਲੂ, ਅਰ ਜੇ ਅਧਰਮ ਕਰੇਗਾ ਉਸ ਉੱਤੇ ਦੰਡਦਾਤਾ ਹੋਵੇਗਾ, ਤਾਂ ਫੇਰ ਵਿਚਕਾਰ ਮੁਹੱਮਦ ਸਾਹਿਬ ਅਰ ਕੁਰਾਨ ਨੂੰ ਮੰਨਨਾ ਜ਼ਰੂਰੀ ਨਾ ਰਹਿਆ, ਅਰ ਜੋ ਸਬ ਨੂੰ ਬੁਰਿਆਈ ਕਰਾਨ ਵਾਲਾ ਮਨੁਸ਼ ਪਾਤ੍ਰ ਦਾ ਵੈਰੀ ਸ਼ੈਤਾਨ ਹੈ ਉਸਨੂੰ ਖੁਦਾ ਨੇ ਪੈਦਾ ਹੀ ਕਿਉਂ ਕੀਤਾ ? ਕੀ ਓਹ ਅੱਗੇ ਦੀ ਗੱਲ ਨਹੀਂ ਜਾਨਦਾ ਸੀ ? ਜੇ ਕਹੋ ਕਿ ਜਾਨਦਾ ਸੀ ਪਰੰਤੂ ਪਰੀਖਛਾ ਦੇ ਲਈ ਬਨਾਇਆ ਤਾਂਭੀ ਨਹੀਂ ਬਨ ਸਕਦਾ, ਕਿਉਂ ਜੋ ਪਰੀਖਛਾ ਕਰਨਾ ਅਲਪੱਗ ਦਾ ਕੰਮ ਹੈ, ਸਰਵੱਗ ਤਾਂ ਸਬ ਜੀਵਾਂ ਦੇ ਚੰਗੇ ਮੰਦੇ ਕਰਮਾਂ ਨੂੰ ਸਦਾ ਥੀਂ ਠੀਕ ਠੀਕ ਜਾਨਦਾ ਹੈ, ਅਰ ਸ਼ੈਤਾਨ ਸਬ ਨੂੰ ਬਹਕਾਂਦਾ ਹੈ ਤਾਂ ਸ਼ੈਤਾਨ ਨੂੰ ਕਿਸਨੇ ਬਹਕਾਇਆ ? ਜੇ ਕਹੋ ਕਿ ਸ਼ੈਤਾਨ ਆਪ ਥੀਂ ਆਪ ਬਹਕਦਾ ਹੈ ਤਾਂ ਹੋਰ ਭੀ ਅਪਨੇ ਆਪ ਬਹਕ ਸਕਦੇ ਹਨ ਵਿਚਕਾਰ ਸ਼ੈਤਾਨ ਦਾ ਕੀ ਕੰਮ ? ਅਰ ਜੇ ਖੁਦਾ ਨੇ ਸ਼ੈਤਾਨ ਨੂੰ ਬਹਕਾਇਆ ਤਾਂ ਖੁਦਾ ਸ਼ੈਤਾਨ ਦਾ ਭੀ ਸ਼ੈਤਾਨ ਠਹਰੇਗਾ, ਅਜੇਹੀ ਬਾਤ ਈਸ਼੍ਵਰ ਦੀ ਨਹੀਂ ਹੋ ਸਕਦੀ, ਅਰ ਜੋ ਕੋਈ ਬਹਕਾਂਦਾ ਹੈ ਓਹ ਕੁਸੰਗ ਤਥਾ ਅਵਿਦਿਆ ਥੀਂ ਭ੍ਰਮ ਵਿਚ ਹੁੰਦਾ ਹੈ ॥ ੩੨ ॥

੩੩—ਤੁਹਾਡੇ ਉੱਤੇ ਮੁਰਦਾਰ, ਲਹੂ ਅਰ ਗੋਸ਼ਤ ਸੂਰਦਾ ਹਰਾਮ ਹੈ ਅਰ ਅੱਲਾਹ ਦੇ ਬਿਨਾ ਜਿਸ ਉੱਤੇ ਕੁਝ ਪੁਕਾਰਿਆ ਜਾਵੇ ॥ ਮੰਜ਼ਲ ੧। ਸਿਪਾਰਾ ੨। ਸੂਰਤ ੨। ਆਯਤ ੧੫੯ ॥

(ਸਮੀਖਛਕ) ਏਥੇ ਵਿਚਾਰਨਾ ਚਾਹੀਏ ਕਿ ਮੁਰਦਾ ਭਾਵੇਂ ਆਪ ਥੀਂ ਆਪ ਮਰੇ ਵਾ ਕਿਸੇ ਦੇ ਮਾਰਨ ਨਾਲ ਦੋਨੋਂ ਬਰਾਬਰ ਹਨ। ਹਾਂ ਇਨ੍ਹਾਂ ਵਿਚ ਕੁਝ ਭੇਦ ਭੀ ਹੈ, ਤਥਾਪੀ ਮੁਰਦੇਪਨ ਵਿਚ ਕੁਝ ਭੇਦ ਨਹੀਂ, ਅਰ ਜਦ ਇਕ ਸੂਰਦਾ ਨਿਸ਼ੇਧ ਕੀਤਾ ਤਾਂ ਕੀ ਮਨੁਸ਼ ਦਾ ਮਾਂਸ ਖਾਨਾ ਉਚਿਤ ਹੈ ? ਕੀ ਇਹ ਗੱਲ ਚੰਗੀ ਹੋ ਸਕਦੀ ਹੈ ਕਿ ਪਰਮੇਸ਼੍ਵਰ ਦੇ ਨਾਮ ਉੱਤੇ ਵੈਰੀ ਆਦੀਨੂੰ ਅਤਜੰਤ ਦੁਖ ਦੇਕੇ ਪ੍ਰਾਣ ਹੱਤਿਆ ਕਰਨੀ ? ਏਸ ਥੀਂ ਈਸ਼੍ਵਰ ਦਾ ਨਾਮ ਕਲੰਕਿਤ ਹੋ ਜਾਂਦਾ ਹੈ, ਤਾਂ ਈਸ਼੍ਵਰ ਨੇ ਬਿਨਾ ਪੂਰਵਜਨਮ ਦੇ ਅਪਰਾਧ ਦੇ, ਮੁਸਲਮਾਨਾਂ ਦੇ ਹਥੋਂ ਡਾਢਾ ਦੁਖ ਕਿਉਂ ਦਿਵਾਇਆ? ਕੀ ਉਨ੍ਹਾਂ ਉੱਤੇ ਦਇਆਲੂ ਨਹੀਂ ਹੈ ? ਉਨਾਂ ਨੂੰ ਪੁਤ੍ਰ ਦੀ ਨਿਆਈਂ ਨਹੀਂ ਮੰਨਦਾ ? ਜਿਸ ਵਸਤੂ ਥੀਂ ਵਧੀਕ ਉਪਕਾਰ ਹੋਵੇ ਉਨ੍ਹਾਂ ਗਊ ਆਦੀ ਦੇ ਮਾਰਨ ਦਾ ਨਿਸ਼ੇਧ ਨਾ ਕਰਨਾ ਜਾਨੋਂ ਹੱਤਿਆ ਕਰਾਕੇ ਖੁਦਾ ਜਗਤ ਦੀ ਹਾਨੀ ਕਰਾਂਦਾ ਹੈ, ਹਿੰਸਾ ਰੂਪੀ ਪਾਪ ਥੀਂ

Generated by CamScanner from intsig.com

ਕਲੰਕਿਤ ਭੀ ਹੋ ਜਾਂਦਾ ਹੈ, ਅਜੇਹੀਆਂ ਬਾਤਾਂ ਖ਼ੁਦਾ ਅਰ ਖ਼ੁਦਾ ਦੇ ਗ੍ਰੰਥ ਦੀਆਂ ਕਦੀ ਨਹੀਂ ਹੋ ਸਕਦੀਆਂ ॥ ੩੩ ॥

੩੪–ਰੋਜ਼ੇ ਦੀ ਰਾਤ ਤੁਹਾਡੇ ਵਾਸਤੇ ਹਲਾਲ ਕੀਤੀ ਗਈ ਕਿ ਮਦਨ ਉਤਸਵ ਕਰਨਾ ਅਪਨੀਆਂ ਵਹੁਟੀਆਂ ਨਾਲ, ਓਹ ਤੁਹਾਡੇ ਵਾਸਤੇ ਪਰਦਾ ਹਨ, ਅਰ ਤੁਸੀਂ ਉਨ੍ਹਾਂ ਦੇ ਵਾਸਤੇ ਪਰਦਾ ਹੋ, ਅੱਲਾਹ ਨੇ ਜਾਨਿਆ ਕਿ ਤੁਸੀਂ ਚੋਰੀ ਕਰਦੇ ਹੋ ਅਰਥਾਤ ਵਜਭਿਚਾਰ ਬੱਸ ਫਿਰ ਅੱਲਾਹ ਨੇ ਖਛਮਾ ਕੀਤਾ ਤੁਹਾਨੂੰ, ਬੱਸ ਉਨ੍ਹਾਂ ਨੂੰ ਮਿਲੋ ਅਰ ਲੱਭੋ ਜੋ ਅੱਲਾਹ ਨੇ ਤੁਹਾਡੇ ਵਾਸਤੇ ਲਿਖ ਦਿੱਤਾ ਹੈ ਅਰਥਾਤ ਸੰਤਾਨ, ਖਾਓ ਪੀਓ ਏਥੋਂ ਤਕ ਕਿ ਪ੍ਰਗਟ ਹੋਵੇ ਤੁਹਾਡੇ ਵਾਸਤੇ ਕਾਲੇ ਧਾਗੇ ਥੀਂ ਸੁਪੈਦ ਧਾਗਾ, ਵਾ ਰਾਤ ਥੀਂ ਜਦ ਦਿਨ ਨਿਕਲੇ ॥ ਮੰਜ਼ਲ ੧। ਸਿਪਾਰਾ ੨। ਸੂਰਤ ੨। ਆਯਤ ੧੭੨ ॥

(ਸਮੀਖਛਕ) ਏਥੋਂ ਏਹ ਨਿਸ਼ਚੇ ਹੁੰਦਾ ਹੈ ਕਿ ਜਦ ਮੁਸਲਮਾਨਾਂ ਦਾ ਮਤ ਚਲਿਆ ਵਾ ਉਸ ਤੋਂ ਪਹਿਲੇ ਕਿਸੇ ਨੇ ਕਿਸੀ ਪੌਰਾਣਿਕ ਨੂੰ ਪੁੱਛਿਆ ਹੋਵੇਗਾ ਕਿ ਚੰਦ੍ਰਾਇਣਬ੍ਰਤ ਜੋ ਇਕ ਮਹੀਨੇ ਭਰਦਾ ਹੁੰਦਾ ਹੈ ਉਸਦੀ ਵਿਧੀ ਕੀ ਹੈ ? ਓਹ ਸ਼ਾਸਤ੍ਰਵਿਧੀ ਜੋ ਕਿ ਦੁਪਹਿਰ ਵੇਲੇ ਚੰਦ੍ਰਮਾ ਦੀ ਕਲਾ ਘਟਨ ਵਧਨ ਦੇ ਅਨੁਸਾਰ ਗ੍ਰਾਹੀਆਂ ਦਾ ਘਟਨਾ ਵਧਨਾ ਅਰ ਦੁਪਹਿਰ ਦਿਨ ਵਿਚ ਖਾਨਾ ਲਿਖਿਆ ਹੈ ਉਸ ਨੂੰ ਨਾ ਜਾਨਕੇ ਕਹਿਆ ਹੋਵੇਗਾ ਕਿ ਚੰਦ੍ਰਮਾ ਦਾ ਦਰਸ਼ਨ ਕਰਕੇ ਖਾਨਾ, ਉਸ ਨੂੰ ਇਨ੍ਹਾਂ ਮੁਸਲਮਾਨ ਲੋਗਾਂ ਨੇ ਏਸ ਪ੍ਰਕਾਰ ਦਾ ਕਰ ਲੀਤਾ, ਪਰੰਤੂ ਬ੍ਰਤ ਵਿਚ ਇਸਤ੍ਰੀਸਮਾਗਮ ਦਾ ਤਿਆਗ ਹੈ । ਇਕਗੱਲ ਖ਼ੁਦਾ ਨੇ ਵਧੀਕ ਕਹ ਦਿੱਤੀ ਕਿ ਤੁਸੀਂ ਇਸਤ੍ਰੀਆਂ ਦਾ ਭੀ ਸਮਾਗਮ ਭਲੇ ਹੀ ਕੀਤਾ ਕਰੋ, ਅਰ ਰਾਤ ਵਿਚ ਭਾਵੇਂ ਅਨੇਕਵਾਰ ਖਾਓ, ਭਲਾ ਇਹ ਬ੍ਰਤ ਕੀ ਹੋਇਆ ? ਦਿਨ ਨੂੰ ਨਾ ਖਾਧਾ ਰਾਤ ਨੂੰ ਖਾਂਦੇ ਰਹੇ ਇਹ ਸ੍ਰਿਸ਼ਟੀ ਕ੍ਰਮ ਥੀਂ ਉਲਟ ਹੈ ਕਿ ਦਿਨ ਵਿਚ ਨਾ ਖਾਨਾ ਰਾਤ ਨੂੰ ਖਾਨਾ ॥ ੩੪ ॥

੩੫–ਅੱਲਾਹ ਦੇ ਮਾਰਗ ਵਿਚ ਲੜੋ ਉਨ੍ਹਾਂ ਨਾਲ ਜੋ ਤੁਹਾਡੇ ਨਾਲ ਲੜਦੇ ਹਨ। ਮਾਰ ਸੁੱਟੋ ਤੁਸੀਂ ਉਨਾਂ ਨੂੰ ਜਿੱਥੇ ਪਾਓ ਕਤਲ ਥੀਂ ਬੁਰਾ ਕੁਫ਼ਰ ਹੈ ਏਥੋਂ ਤਕ ਉਨ੍ਹਾਂ ਨਾਲ ਲੜੋ ਕਿ ਕੁਫਰ ਨਾ ਰਹੇ ਅਰ ਹੋਵੇ ਦੀਨ ਅੱਲਾਹ ਦਾ, ਉਨ੍ਹਾਂ ਨੇ ਜਿੱਨੀ ਵਧੀਕੀ ਕੀਤੀ ਤੁਹਾਡੇ ਉੱਤੇ ਉੱਨੀ ਹੀ ਤੁਸੀਂ ਉਨ੍ਹਾਂ ਦੇ ਨਾਲ ਕਰੋ ॥ ਮੰ੦ ੧। ਸਿ੦ ੧। ਸੂ੦ ੨। ਆਯਤ ੧੭੪। ੧੭੫। ੧੭੬। ੧੭੭। ੧੭੮। ੧੭੯ ॥

(ਸਮੀਕਛਕ) ਜੇ ਕੁਰਾਨ ਵਿਚ ਅਜੇਹੀਆਂ ਬਾਤਾਂ ਨਾ ਹੁੰਦੀਆਂ ਤਾਂ ਮੁਸਲਮਾਨ ਲੋਗ ਇੱਨਾਬੜਾ ਅਪਰਾਧ ਜੋਕਿ ਹੋਰ ਮਤਵਾਲਿਆਂ ਉੱਤੇ ਕੀਤਾ ਹੈ ਨਾ ਕਰਦੇ, ਅਰ ਖਿਨਾ ਅਪਰਾਧ ਦੇ ਮਾਰਨਾ ਉਨ੍ਹਾਂ ਉੱਤੇ ਵੱਡਾ ਪਾਪ ਹੈ, ਜਿਹੜਾ ਮੁਸਲਮਾਨਾਂ ਦੇ ਮਤ ਦਾ ਗ੍ਰਹਣ ਨਾ ਕਰਨਾ ਹੈ ਉਸਨੂੰ ਕੁਫਰ ਕਹਿੰਦੇ

Generated by CamScanner from intsig.com

ਹਨ ਅਰਥਾਤ ਕੁਫਰ ਥੀਂ ਕਤਲ ਨੂੰ ਮੁਸਲਮਾਨ ਲੋਗ ਚੰਗਾ ਮੰਨਦੇ ਹਨ ਅਰਥਾਤ ਜੋ ਸਾਡੇ ਦੀਨ ਨੂੰ ਨਾ ਮੰਨੇਗਾ ਉਸਨੂੰ ਅਸੀਂ ਕਤਲ ਕਰਾਂਗੇ, ਸੋ ਕਰਦੇ ਹੀ ਆਏ, ਮਜ਼ਹਬ ਉੱਤੇ ਲੜਦੇ ਲੜਦੇ ਆਪ ਹੀ ਨਾਸ ਆਦੀ ਥੀਂ ਨਸ਼ਟ ਹੋਗਏ ਅਰ ਉਨ੍ਹਾਂ ਦਾ ਮਨ ਹੋਰ ਮਤਵਾਲਿਆਂ ਉੱਤੇ ਅਤੀ ਕਠੋਰ ਰਹਿੰਦਾ ਰੈ, ਕੀ ਚੋਰੀ ਦਾ ਬਦਲਾ ਚੋਰੀ ਹੈ? ਕਿ ਜਿੱਨਾ ਅਪਰਾਧ ਸਾਡਾ ਚੋਰ ਆਦੀ ਚੋਰੀ ਕਰਕੇ ਕਰਨ ਕੀ ਅਸੀਂ ਭੀ ਚੋਰੀ ਕਰੀਏ ? ਇਹ ਸਰਵਥਾ ਅਨਿਆਯ ਦੀ ਬਾਤ ਹੈ, ਕੀ ਕੋਈ ਅਗਿਆਨੀ ਸਾਨੂੰ ਗਾਲਾਂ ਦੇਵੇ ਕੀ ਅਸੀਂ ਭੀ ਉਸਨੂੰ ਗਾਲਾਂ ਦੇਈਏ ? ਏਹ ਬਾਤ ਨਾ ਈਸ਼ੂਰ ਦੀ ਨਾ ਈਸ਼ੂਰ ਦੇ ਭਗਤ ਵਿਦਵਾਨ ਦੀ ਅਰ ਨਾ ਈਸ਼ੂਰ ਦੇ ਕਹੇ ਗ਼ੈਬ ਦੀ ਹੋ ਸੱਕਦੀ ਹੈ, ਏਹ ਤਾਂ ਨਿਰੇ ਸ਼ਾਂਥੀ ਗਿਆਨ ਰਹਿਤ ਮਨੁਸ਼ ਦੀ ਹੈ ॥ ੩੫ ॥

੩੬–ਅੱਲਾਹ ਝਗੜੇ ਨੂੰ ਮਿਤ੍ਰ ਨਹੀਂ ਰਖਦਾ, ਹੇ ਲੋਗੋ ਜੋ ਈਮਾਨ ਲਿਆਏ ਹੋ ਇਸਲਾਮ ਵਿਚ ਪ੍ਰਵੇਸ਼ ਕਰੋ॥ ਮੰ੧ ੧। ਸਿ੦ ੨। ਸੂ੦ ੨। ਆ੦ ੧੯੦। ੧੯੩ ॥

(ਸਮੀਖਛਕ) ਜੇ ਝਗੜਾ ਕਰਨ ਨੂੰ ਖ਼ੁਦਾ ਮਿਤ੍ਰ ਨਹੀਂ ਸਨਝਦਾ ਤਾਂ ਕਿਉਂ ਆਪ ਹੀ ਮੁਸਲਮਾਨਾਂ ਨੂੰ ਝਗੜਾ ਕਰਨ ਵਿਚ ਪ੍ਰੇਰਣਾ ਕਰਦਾ? ਅਰ ਝਗੜਾ ਕਰਨ ਵਾਲੇ ਮੁਸਲਮਾਨਾਂ ਨਾਲ ਮਿਤ੍ਰਤਾ ਕਿਉਂ ਕਰਦਾ ਹੈ । ਕੀ ਮੁਸਲਮਾਨਾਂ ਦੇ ਮਤ ਵਿਚ ਮਿਲਨ ਨਾਲ ਹੀ ਖ਼ੁਦਾ ਰਾਜ਼ੀ ਹੈ ਮੁਸਲਮਾਨਾਂ ਦਾਹੀ ਪਖਛੇ ਹੈ ਸਬ ਸੰਸਾਰ ਦਾ ਈਸ਼ੂਰ ਨਹੀਂ, ਏਸ ਥੀਂ ਏੱਥੇ ਇਹ ਮਲੂਮ ਹੁੰਦਾ ਹੈ ਕਿ ਨਾ ਕੁਰਾਨ ਈਸ਼ੂਰਕ੍ਰਿਤ ਅਰ ਨਾ ਏਸ ਵਿਚ ਕਿਹਾ ਹੋਇਆ ਈਸ਼ੂਰ ਹੋ ਸੱਕਦਾ ਹੈ॥ ੩੬ ॥

੩੭–ਖ਼ੁਦਾ ਜਿਸਨੂੰ ਚਾਹੇ ਅਨੰਤ ਰਿਜ਼ਕ ਦੇਵੇ ॥ ਮੰ੦ ੧। ਸਿ੦ ੨। ਸੂ੦ ੨। ਆਯਤ ੧੯੭ ॥

(ਸਮੀਖਛਕ) ਕੀ ਬਿਨਾ ਪਾਪ ਪੁੰਨ ਦੇ ਖ਼ੁਦਾ ਐਵੇਂ ਹੀ ਰਿਜ਼ਕ ਦਿੰਦਾ ਹੈ? ਫੇਰ ਭਲਾਈ ਬੁਰਾਈ ਦਾ ਕਰਨਾ ਇੱਕੋ ਜਿਹਾ ਹੀ ਹੋਇਆ, ਕਿਉਂ ਕਿ ਸੁਖ ਦੁੱਖ ਪ੍ਰਾਪਤ ਹੋਨਾ ਉਸਦੀ ਇਛਿਆ ਉੱਤੇ ਹੈ, ਏਸ ਲਈ ਧਰਮ ਤੋਂ ਬੇਮੁਖ ਹੋਕੇ ਮੁਸਲਮਾਨ ਲੋਗ ਮਨਮਾਨੇ ਕਰਮ ਕਰਦੇ ਹਨ ਅਰ ਕੋਈ ਕੋਈ ਏਸ ਕੁਰਾਨ ਦੀ ਕਹੀ ਹੋਈ ਗੱਲ ਉੱਤੇ ਨਿਸ਼ਚਾ ਨਾ ਕਰਕੇ ਧਰਮਾਤਮਾ ਭੀ ਹੁੰਦੇ ਹਨ॥ ੩੭ ॥

੩੮–ਪ੍ਰਸ਼ਨ ਕਰਦੇ ਹਨ ਤੇਰੇ ਅੱਗੇ ਰਜਸ੍ਵਲਾ ਨੂੰ ਕਹੋ ਓਹ ਅਪਵਿਤ੍ਰ ਹਨ, ਵੱਖਰੇ ਰਹੋ ਰਿਤੁ ਸਮੇਂ ਵਿਚ ਉਨ੍ਹਾਂ ਦੇ ਕੋਲ ਮਤ ਜਾਓ, ਜਦ ਤਕ ਓਹ ਪਵਿਤ੍ਰ ਨਾ ਹੋਨ, ਜਦ ਨ੍ਹਾ ਲੈਨ ਉਨ੍ਹਾਂਦੇ ਪਾਸ ਉਸ ਥਾਂ ਥੀਂ ਜਾਓ, ਖ਼ੁਦਾ ਨੇ ਆਗਿਆ ਦਿੱਤੀ। ਤੁਹਾਡੀਆਂ ਵਹੁਟੀਆਂ ਤੁਹਾਡੇ ਵਾਸਤੇ ਖੇਤੀਆਂ ਹਨ, ਬੱਸ

Generated by CamScanner from intsig.com

ਜਾਓ ਜਿਸਤਰਾ ਚਾਹੋ ਅਪਨੇ ਖੇਤਵਿਚ ਤੁਹਾਨੂੰ ਅੱਲਾਹ ਲਗਵ (ਵਜ਼ਰਥ) ਸਹੁੰ ਵਿਚ ਨਹੀਂ ਪਕੜਦਾ। ਮੰ० ੧। ਸਿ० ੨। ਸੂ० ੨।ਆ० ੨੦੫।੨੦੬।੨੦੯

(ਸਮੀਖਛਕ) ਜੋ ਏਹ ਰਜਸ੍ਵਲਦਾ ਸਪਰਸ਼ ਨ ਕਰਨਾ ਲਿਖਿਆ ਹੈ ਓਹ ਚੰਗੀ ਬਾਤ ਹੈ, ਪਰੰਤੂ ਜੋ ਇਹ ਇਸਤ੍ਰੀਆਂ ਨੂੰ ਖੇਤੀ ਦੇ ਤੁੱਲ ਲਿਖਿਆਹੈ,ਅਰ ਜੀਕਨ ਜਿਸਤਰਾਂ ਨਾਲ ਚਾਹੋ ਜਾਓ ਇਹ ਮਨੁਸ਼ਾਂ ਨੂੰ ਵਿਸ਼ਯੀ ਕਰਨ ਦਾ ਕਾਰਣ ਹੈ, ਜੇ ਖੁਦਾ ਐਵੇਂ ਸਹੁੰ ਵਿੱਚ ਨਹੀਂ ਪਕੜਦਾ ਤਾਂ ਸਬ ਝੂਠ ਬੋਲਨਗੇ, ਸਹੁੰ ਤੋੜਨਗੇ। ਏਸਥੀਂ ਖੁਦਾ ਝੂਠਦਾ ਪ੍ਰੇਰਤਕ ਹੋਵੇਗਾ ॥ ੩੮॥

੩੯–ਓਹ ਕੌਨ ਮਨੁਸ਼ ਹੈ ਜੋ ਅੱਲਾਹ ਨੂੰ ਉਧਾਰ ਦੇਵੇ, ਅੱਛਾ ਬਸ ਅੱਲਾਹ ਦੂਨਾ ਕਰੇ ਉਸਨੂੰ ਉਸਦੇ ਵਾਸਤੇ। ਮੰ० ੧ ਸਿ० ੨। ਸੂ० ੨। ਆ० ੨੨੭ ॥

(ਸਮੀਖਛਕ) ਭਲਾ ਖੁਦਾ ਨੂੰ *ਉਧਾਰ ਲੈਨ ਦਾ ਕੀ ਪ੍ਰਯੋਜਨ ? ਜਿਸਨੇ ਸਾਰੇ ਸੰਸਾਰ ਨੂੰ ਬਨਾਇਆ ਓਹ ਮਨੁਸ਼ ਤੋਂ ਕਰਜ਼ ਲੈਂਦਾ ਹੈ ? ਕਦਾਪੀ ਨਹੀਂ। ਇਹ ਤਾਂ ਬਿਨਾ ਸਮਝੇ ਕਿਹਾ ਜਾ ਸੱਕਦਾ ਹੈ, ਕੀ ਉਸਦਾ ਖਜ਼ਾਨਾ ਖਾਲੀ ਹੋਗਿਆ ਸੀ ? ਕੀ ਓਹ ਹੁੰਡੀ ਪਰਚਾ ਵਪਾਰ ਆਦੀ ਵਿਚ ਮਗਨ ਹੋਨ ਕਰਕੇ ਟੋਟੇ ਵਿਚ ਫਸ ਗਿਆ ਸੀ ਜੋ ਓਹ ਉਧਾਰ ਲੈਨ ਲੱਗਾ, ਅਰ ਇੱਕ ਦਾ ਦੋ ਦੇਨਾ ਸ੍ਵੀਕਾਰ ਕਰਦਾ ਹੈ, ਕੀ ਇਹ ਸ਼ਾਹੂਕਾਰਾਂ ਦਾ ਕੰਮ ਹੈ ? ਕਿੰਤੂ ਅਜੇਹਾ ਕੰਮ ਤਾਂ ਦਿਵਾਲੀਆਂ ਦਾ ਖ਼ਰਚ ਵਧੀਕ ਕਰਨ ਵਾਲੇ ਅਰ ਆਮਦਨ ਘਟ ਹੋਨ ਵਾਲਿਆਂ ਨੇ ਕਰਨਾ ਪੈਂਦਾ ਹੈ ਈਸ਼੍ਵਰ ਨੂੰ ਨਹੀਂ ॥ ੩੮॥

੪੦—ਉਨ੍ਹਾਂ ਵਿਚੋਂ ਕੋਈ ਈਮਾਨ ਨਾ ਲਿਆਇਆ ਅਰ ਕੋਈ ਕਾਫਰ ਹੋਇਆ, ਜੋ ਅੱਲਾਹ ਚਾਹੁੰਦਾ ਨਾ ਲੜਦੇ, ਜੋ ਚਾਹੁੰਦਾ ਹੈ ਅੱਲਾਹ ਕਰਦਾ ਹੈ। ਮੰ० ੧। ਸਿ० ੩। ਸੂ० ੨। ਆਯਤ ੨੩੫ ॥

(ਸਮੀਖਛਕ) ਕੀ ਜਿੰਨੀ ਲੜਾਈ ਹੁੰਦੀ ਹੈ ਓਹ ਈਸ਼੍ਵਰ ਦੀ ਇੱਛਿਆ ਨਾਲ ਹੁੰਦੀ ਹੈ ? ਕੀ ਓਹ ਅਧਰਮ ਕਰਨਾ ਚਾਹੇ ਤਾਂ ਕਰ ਸੱਕਦਾ ਹੈ ? ਜੇ ਇਹ ਗੱਲ ਹੈ ਤਾਂ ਓਹ ਖੁਦਾ ਹੀ ਨਹੀਂ, ਕਿਉਂਕਿ ਭਲੇ ਮਨੁਸ਼ਾਂ ਦਾ ਇਹ ਕੰਮ ਨਹੀਂ ਕਿ ਸ਼ਾਂਤਾ ਭੰਗ ਕਰਕੇ ਲੜਾਈ ਕਰਾਨ, ਏਸ ਤੋਂ ਵਿਦਿਤ ਹੁੰਦਾ ਹੈ

---

*ਇਸ ਆਇਤ ਦੇ ਭਾਸ਼ ਵਿਚ ਤਫਸੀਰਹੁਸੈਨੀ ਵਿੱਚ ਲਿਖਿਆ ਹੈ ਕਿ ਇਕ ਮਨੁਸ਼ ਮੁਹੱਮਦ ਸਾਹਿਬ ਦੇ ਪਾਸ ਆਇਆ, ਉਸ ਨੇ ਕਹਿਆ ਕਿ ਹੇ ਰਸੂਲ ਅੱਲਾਹ ਖੁਦਾ ਕਿਉਂ ਕਰਜ਼ ਮੰਗਦਾ ਹੈ ? ਉਨ੍ਹਾਂ ਨੇ ਉੱਤਰ ਦਿਤਾ ਕਿ ਤੁਹਾਨੂੰ ਬਹਿਸ਼ਤ ਵਿਚ ਲੈ ਜਾਂਨ ਦੇ ਵਾਸਤੇ, ਉਸਨੇ ਕਹਿਆ ਜੇ ਤੁਸੀਂ ਜ਼ਮਾਨਤ ਦੇਓ ਤਾਂ ਮੈਂ ਦੇਵਾਂ, ਮੁਹਮੱਦ ਸਾਹਿਬ ਨੇ ਉਸ ਨੂੰ ਜ਼ਮਾਨਤ ਦਿੱਤੀ। ਖੁਦਾ ਦਾ ਅਤਬਾਰ ਨਾ ਰੱਹਿਆ ਉਸਦੇ ਦੂਤ ਦਾ ਹੋਇਆ ॥

Generated by CamScanner from intsig.com

कि इह कुरान ना ईशूर दा बनाइआ, अर ना किसे धरमात्मा विदवानां दा रचिआ होइआ है ॥ ४० ॥

४१—जोकुश आसमान उॅते, ज़मीन उॅते है मब उॅसे दे लइी है ॥ चाहे उस दी कुरसी ने आसमान अर ज़मींन नूं समा लीता है ॥ मं० १ । सि० ३ । सू० ५ । आयत २३७ ॥

(समीखछक) जो आकाश अर भूमी विच पदारथ हन ओह सब जीवां दे वासते परमेशूर ने उतपंन कीते हन, अपने वासते नहीं, किउंकि ओह पूरण काम है अरथात उस नूं किसे पदारथ दी लोड़ नहीं, जद उसदी कुरसी है तां ओह इॅकदेशी है जो इॅकदेशी हुंदा है ओह ईशूर नहीं कहाउंदा, किउंकि ईशूर तां विआपक है ॥ ४१ ॥

४२—अॅलाह सूरज नूं पूरव वॅलों लिआउंदा है बॅस तूं पॅछम वलों लै आ, बॅस जो काफर हैरान होइआ सी निशचे अॅलाह पापीआं नूं राह नहीं दिखांदा ॥ मं० १ । सि० ३ । सू० २ । आयत २४० ॥

(समीखछक) वेखो इह अविदिआ दी बात ! सूरज ना पूरव थी पॅछम अर ना पॅछम थीं पूरव कदी आउंदा जांदा है ओह तां अपनी परिधी विॅच भौंदा रहिंदा है, एस थीं निशचे जानिआं जांदा है कि कुरान दे थनान वाले नूं ना खगोल अर ना भुगोल विदिआ आउंदी सी । जो पापीआं नूं राह नहीं दॅसदा तां पुंन आतमा मनुॅशां दे लइी भी मुसलमानां दे खुदा दी ज़रूरत नहीं, किउंकि धरमी तां धरम दे राह विच ही हुंदे हन, राह तां धरम तों भुॅले होए मनुॅशां नूं दॅसना हुंदा है, सो करतवज दे ना कटन करके कुरान दे करता दी वॅडी भुॅल है ॥ ४२ ॥

४३—किहा दोहां जानवरां थीं लै उनां दी मूरत पछान रॅख, फेर हर पहाड़ उॅते उनां विचों इॅक इॅक दा टुकड़ा रॅखदे, फेर उनां नूं हाक मार दौड़दे तेरे कोल चले आउनगे ॥ मं० १ । सि० ३ । सू० २ । आयत २४२ ॥

(समीखछक) वाह वाह देखो जी मुसलमानां दा खुदा भानमती दी निआईं खेड कर रहिआ है, की इनां ही बातां थीं खुदा दी खुदाई है ? बुधवान लोग अजेहे खुदा नूं तिलांजली देके दूर रहनगे. अ, र मूरख लोग फसनगे, एसथीं खुदा दी वडिआई दे बॅदल बुरिआई उसदे पॅले पवेगी ॥ ४३ ॥

Generated by CamScanner from intsig.com

੪੪—ਜਿਸਨੂੰ ਚਾਹੇ ਨੀਤੀ ਦਿੰਦਾ ਹੈ॥ ਮੰ੦ ੧। ਸਿ੦ ੩। ਸੂ੦ ੨। ਆਯਤ ੨੫੧॥

(ਸਮੀਖਛਕ) ਜਦ ਜਿਸਨੂੰ ਚਾਹੁੰਦਾ ਹੈ ਉਸਨੂੰ ਨੀਤੀ ਦਿੰਦਾ ਹੈ ਤਾਂ ਜਿਸਨੂੰ ਨਹੀਂ ਚਾਹੁੰਦਾ ਉਸਨੂੰ ਅਨੀਤੀ ਦਿੰਦਾ ਹੋਵੇਗਾ? ਇਹ ਬ੍ਰਤ ਈਸ਼ੁਰਦੀ ਨਹੀਂ ਕਿੰਤੂ ਜੋ ਪਖਛਪਾਤ ਛੱਡਕੇ ਸਬਨੂੰ ਨੀਤੀ ਦਾ ਉਪਦੇਸ਼ ਕਰਦਾ ਹੈ ਓਹੋ ਈਸ਼ੁਰ ਅਰ ਆਪ੍ਤ ਹੋ ਸਕਦਾ ਹੈ ਹੋਰ ਨਹੀਂ॥ ੪੪॥

੪੫—ਓਹ ਜਿਸਨੂੰ ਚਾਹੇਗਾ ਖਛਮਾ ਕਰੇਗਾ, ਜਿਸਨੂੰ ਚਾਹੇ ਦੰਡ ਦੇਵੇਗਾ, ਕਿਉਂਕਿ ਓਹ ਸਬ ਵਸਤੁਆਂ ਉੱਤੇ ਬਲਵਾਨ ਹੈ॥ ਮੰ੦ ੧। ਸਿ੦ ੩। ਸੂ੦ ੨। ਆਯਤ ੨੬੬॥

(ਸਮੀਖਛਕ) ਕੀ ਖਛਮਾਦੇ ਯੋਗਜ ਉੱਤੇ ਖਛਮਾ ਨਾ ਕਰਨਾ, ਅਯੋਗਜ ਉੱਤੇ ਖਛਮਾ ਕਰਨਾ ਗਬਰਰੀਡ ਰਾਜਾਦੇ ਤੁਲ ਇਹ ਕਰਮ ਨਹੀਂਹੈ? ਜੇਕਰ ਈਸ਼ੁਰ ਜਿਸਨੂੰ ਚਾਹੁੰਦਾ ਪਾਪੀ ਵਾ ਪੁੰਨਆਤਮਾ ਬਨਾਂਦਾ ਹੈ ਤਾਂ ਜੀਵ ਨੂੰ ਪਾਪ ਪੁੰਨ ਨਾ ਲਗਨਾ ਚਾਹੀਏ? ਜਦ ਈਸ਼ੁਰ ਨੇ ਉਸਨੂੰ ਈਕਨ ਹੀ ਕੀਤਾ ਤਾਂ ਜੀਵ ਨੂੰ ਦੁੱਖ ਸੁਖ ਭੀ ਹੋਨਾ ਨਾ ਚਾਹੀਏ, ਜੀਕਨ ਮੈਨਾਪਤੀ ਦੀ ਆਗਿਆ ਨਾਲ ਕਿਸੇ ਨੌਕਰ ਨੇ ਕਿਸੀ ਨੂੰ ਮਾਰਿਆ ਤਾਂ ਉਸਦਾ ਫਲ ਭਾਗੀ ਓਹ ਨਹੀਂ ਹੁੰਦਾ, ਉਕਨ ਓਹ ਭੀ ਨਹੀਂ॥ ੪੫॥

੪੬—ਕਹੋ ਏਸ ਤੋਂ ਚੰਗੀ ਹੋਰ ਕੀ ਪਰਹੇਜ਼ਗਾਰਾਂ ਨੂੰ ਖਬਰ ਦੇਵਾਂ ਕਿ ਅੱਲਾਹ ਵੱਲੋਂ ਬਹਿਸ਼ਤ ਹਨ ਜਿਨ੍ਹਾਂ ਵਿੱਚ ਨਹਿਰਾਂ ਚਲਦੀਆਂ ਹਨ, ਉਨ੍ਹਾਂ ਵਿੱਚ ਸਦਾ ਰਹਨ ਵਾਲੀਆਂ ਸ਼ੁੱਧ ਬੀਬੀਆਂ ਹਨ, ਅੱਲਾਹ ਉਨ੍ਹਾਂ ਨੂੰ ਵੇਖਨ ਵਾਲਾ ਹੈ ਨਾਲ ਬੰਦਿਆਂ ਦੇ॥ ਮੰ੦ ੧। ਸਿ੦ ੩। ਸੂ੦ ੩। ਆ੦ ੧੨॥

(ਸਮੀਖਛਕ) ਇਹ ਭਲਾ ਮ੍ਰਗ ਹੈ ਯਾ ਕੰਜਰੀਆਂ ਦਾ ਪਿੰਡ? ਏਸਨੂੰ ਈਸ਼ੁਰ ਕਹਨਾ ਚਾਹੀਏ ਯਾ ਜਨਾਨੀਆਂ ਦਾ ਪਿਆਰਾ? ਕੋਈ ਭੀ ਬੁਧਵਾਨ ਅਜੇਹੀਆਂ ਗੱਲਾਂ ਜਿਸ ਵਿਚ ਹੋਨ ਉਸਨੂੰ ਪਰਮੇਸ਼੍ਵਰ ਦਾ ਬਨਾਇਆ ਗ੍ਰੰਥ ਮੰਨ ਸਕਦਾ ਹੈ? ਇਹ ਪਖਛਪਾਤ ਕਿਉਂ ਕਰਦਾ ਹੈ? ਜੇਹੜੀਆਂ ਬੀਬੀਆਂ ਬਹਿਸ਼ਤ ਵਿਚ ਸਦਾ ਰਹਿੰਦੀਆਂ ਹਨ ਓਹਇੱਥੋਂ ਜਨਮ ਪਾਕੇ ਉੱਥੇ ਗਈਆਂ ਹਨ, ਵਾ ਉੱਥੇ ਹੀ ਉਤਪੰਨ ਹੋਈਆਂ ਹਨ? ਜੇਕਰ ਇੱਥੋਂ ਜਨਮ ਪਾਕੇ ਉੱਥੇ ਗਈਆਂ ਹਨ, ਅਰ ਜੇ ਕਿਆਮਤ ਦੀ ਰਾਤ ਤੋਂ ਪਹਲੋਂ ਹੀ ਉੱਥੇ ਬੀਬੀਆਂ ਨੂੰ ਬੁਲਾ ਲੀਤਾ ਤਾਂ ਉਨ੍ਹਾਂ ਦੇ ਖਾਉਂਦਾਂ ਨੂੰ ਕਿਉਂ ਨਾ ਬੁਲਾਲੀਤਾ? ਅਰ ਕਿਆਮਤ ਦੀ ਰਾਤ ਵਿਚ ਸਬਦਾ ਨਿਆਯ ਹੋਵੇਗਾ ਏਸ ਨਿਯਮਨੂੰਕਿਉਂ ਤੋੜਿਆ? ਜੇਕਰ ਉੱਥੇ ਜੰਮੀਆਂ ਹਨ ਤਾਂ ਕਿਆਮਤ ਤਕ ਓਹ ਕੀਕਨ ਨਿਰ੍ਵਾਹ ਕਰਦੀਆਂ ਹਨ? ਜੇ ਉਨਾਂ ਦੇ ਵਾਸਤੇ ਪੁਰੁਸ਼ ਭੀ ਹਨ ਤਾਂ ਏੱਥੋਂ ਬਹਿਸ਼ਤ ਵਿਚ ਜਾਨ ਵਾਲੇ ਮੁਸਲਮਾਨਾਂ ਨੂੰ ਖ਼ੁਦਾ ਬੀਬੀਆਂ ਕਿੱਥੋਂ ਦੇਵੇਗਾ?

Generated by CamScanner from intsig.com

अर जिस तरां बीबीआं बहिशत विच सदा रहन वालीआं बनाईआं गईआं ऊकन पुरुशांनूं उॅथे सदा रहन वाले किउं नहीं बनाइआ? ऐस लई मुसलमानां दा खुदा अनिआयकारी बे समझ है॥ ४६॥

४७–निशचे अॅलाह वलों दीन इसलाम दा है॥ मंज़ल १। सिपारा ३। सूरत ३। आयत १६॥

(समीखछक) की अॅलाह मुसलमानां दा ही है होरना दा नहीं? की तेरां सौ (१३००) वरेआं तों पहिलों ईशर वलों धरम हैगा ही नहीं सी ऐस थीं इह कुरान ईशर दा बनाइआ तां नहीं किंतू किसे पखछपाती दा बनाइआ है॥ ४७॥

४८–हर इक जीव नूं पूरा दिॅता जावेगा जो कुझ उसने कमाइआ अर ओह ना अनिआय कीते जानगे। कहो या अॅलाह हूंही मुलक दा मालिक हैं, जिस नूं चाहें दिंदा हैं, जिस कोलों चाहें खोंदा हैं जिसनूं चाहें वडिआई दिंदा हैं, जिसनूं चाहें बेइज़ती नहीं दिंदा, है सब कुझ तेरे ही हॅथ विच है, हर इक वसतू उॅते हूंही बलवान हैं, रात नूं दिन विच अर दिन नूं रात विच प्रवेश करांना हैं अर मृतक नूं जीवित थीं जीवित नूं मृतक थीं कॅढदा है अर जिसनूं चाहें अनंत अॅन देंदा है। मुसलमानां नूं उचित है कि काफरां नूं मित्र ना बनान बिना मुसलमानां दे जो कोई ऐह करे बॅस ओह अॅलाह दे वलों नहीं। कहो जे तुसीं चाहुंदे हो अॅलाह नूं तां पखछकरो मेरा? अॅलाह चाहेगा हुहानूं अर हुहाडे पाप खछमा करेगा निशचे करुणामय है। मंज़ल १। सिपारा ३। सूरत ३। आयत २१। २२। २३। २४। २७॥

(समीखछक) जद हर इक जीव नूं करमां दा पूरा पूरा फल दिॅता जावेगा तां खछमा नहीं कीता जावेगा, अर जे खछमा कीता जावेगा तां पूरा पूरा फल नहीं दिॅता जावेगा, अर अनिआय होवेगा! जद बिना उॅतमकरमां दे राज देवेगा तांभी अनिआयकारी होजावेगा, भला जीवित थीं मृतक अर मृतक थीं जीवित कदी हो सकदा है? किउंकि ईशर दी विवसथा अछेद अभेद है, कदी अदल बदल नहीं हो सकदी। हुन देखो पखछपात दीआं बातां कि जो मसलमानां दे मत विच नहीं हन, उनां नूं काफर ठहिरांना, उनां विचों चंगीआं नाल भी मित्रता ना रखनी, अर मुसलमानां विचों दुशटां नाल भी मित्रता रखन दे वासते उपदेश करना ईशर नूं ईशरता थीं बाहिर

Generated by CamScanner from intsig.com

ਕਰ ਦਿੰਦਾ ਹੈ।ਏਹ ਲਈ ਏਹ ਕੁਰਾਨ ਅਰ ਕੁਰਾਨਦਾ ਖ਼ੁਦਾ ਅਰ ਮੁਸਲਮਾਨ ਲੋਗ ਨਿਰੇ ਪਛਪਾਤੀ ਅਵਿਦਆ ਦੇ ਭਰੇ ਹੋਏ ਹਨ, ਏਸ ਲਈ ਮੁਸਲਮਾਨ ਲੋਗ ਹਨੇਰੇ ਵਿਚ ਹਨ, ਅਰ ਦੇਖੋ ਮੁਹੱਮਦਸਾਹਿਬ ਦੀ ਲੀਲਾ ਕਿ ਜੋ ਤੁਸੀਂ ਮੇਰਾ ਪਖਛ ਕਰੋਗੇ ਤਾਂ ਖ਼ੁਦਾ ਤੁਹਾਡਾ ਪਖਛ ਕਰੇਗਾ, ਅਰ ਜੋ ਤੁਸੀਂ ਪਖਛਪਾਤ ਰੂਪੀ ਪਾਪ ਕਰੋਗੇ ਉਸਨੂੰ ਖਛਮਾ ਭੀ ਕਰੇਗਾ। ਏਸ ਥੀਂ ਸਿੱਧ ਹੁੰਦਾ ਹੈ ਕਿ ਮੁਹੱਮਦ ਸਾਹਿਬ ਦਾ ਅੰਤਹਕਰਣ ਸ਼ੁੱਧ ਨਹੀਂ ਸੀ, ਏਸ ਲਈ ਅਪਨੇ ਮਤ੍ਲਬ ਸਿੱਧ ਕਰਨ ਦੇ ਵਾਸਤੇ ਮੁਹੱਮਦ ਸਾਹਿਬ ਨੇ ਕੁਰਾਨ ਬਨਾਇਆ ਵਾਂ ਬਨਵਾਇਆ ਏਹ ਮਲੂਮ ਹੁੰਦਾ ਹੈ॥ ੪੯॥

੪੯–ਜਿਸ ਸਮੇਂ ਕਿਹਾ ਫਰਿਸ਼ਤੇਆਂ ਨੇ ਕਿ ਹੇ ਮਰਯਮ ਤੈਨੂੰ ਅੱਲਾਹ ਨੇ ਪਸੰਦ ਕੀਤਾ ਅਰ ਪਵਿਤ੍ ਕੀਤਾ ਉੱਪਰ ਜਗਤਦੀ ਇਸਤ੍ਰੀਆਂ ਦੇ॥ਮੰ੦ ੧। ਸਿਪਾਰਾ ੩। ਸੂਰਤ ੩। ਆਯਤ ੩੫॥

(ਸਮੀਖਛਕ) ਭਲਾ ਜਦ ਅੱਜਕੱਲ ਖ਼ੁਦਾਦੇ ਫਰਿਸ਼ਤੇ ਅਰ ਖ਼ੁਦਾ ਕਿਸੇ ਨਾਲ ਬਾਤਾਂ ਕਰਨ ਨੂੰ ਨਹੀਂ ਆਉਂਦੇ ਤਾਂ ਪਹਿਲੋਂ ਕਿਸਤਰਾਂ ਨਾਲ ਆਏ ਹੋਨਗੇ ? ਜੇ ਕਹੋ ਕਿ ਪਹਿਲੇ ਦੇ ਮਨੁਸ਼ ਪੁੰਨਆਤਮਾ ਸਨ ਹੁਨਦੇਨਹੀਂ ਤਾਂ ਏਹ ਬਾਤ ਝੂਠੀ ਹੈ, ਕਿੰਤੂ ਜਿਸ ਵਲੇ ਈਸਾਈ ਅਰ ਮੁਸਲਮਾਨਾਂ ਦਾ ਮਤ ਚੱਲਿਆ ਸੀ ਉਸਵੇਲੇ ਉਨਾਂ ਦੇਸ਼ਾਂ ਵਿਚ ਜੰਗਲੀ ਅਰ ਵਿਦਿਆਹੀਨ ਮਨੁਸ਼ ਵਧੀਕ ਸਨ, ਇਸੇ ਕਰਕੇ ਅਜੇਹੇ ਵਿਦਿਆਵਿਰੁੱਧ ਮਤ ਚੱਲ ਗਏ, ਹੁਨ ਵਿਦਵਾਨ ਵਧੀਕ ਹਨ ਏਸਲਈ ਨਹੀਂ ਚੱਲ ਸਕਦਾ, ਕਿੰਤੂ ਜੋ ਕੋ ਅਜੇਹੇ ਢੋਕੇ ਮਜ਼ਹਬ ਹਨ ਓਹ ਭੀ ਅਸਤ ਹੁੰਦੇ ਜਾਂਦੇ ਹਨ, ਵਧਨ ਦਾ ਤਾਂ ਕੀ ਕਹਨਾ॥ ੪੯॥

੫੦–ਉਸਨੂੰ ਕਹਿੰਦਾ ਹੈ ਕਿ ਹੋ ਬੱਸ ਹੋ ਜਾਂਦਾ ਹੈ, ਕਾਫਰਾਂ ਨੇ ਧੋਖਾ ਦਿੱਤਾ, ਈਸ਼ੂਰ ਨੇ ਧੋਖਾ ਦਿੱਤਾ, ਈਸ਼ੂਰ ਬਹੁਤ ਮਕਰ ਕਰਨ ਵਾਲਾ ਹੈ॥ ਮੰਜ਼ਲ ੧। ਸਿਪਾਰਾ ੩। ਸੂਰਤ ੩। ਆਯਤ ੩੯। ੪੬॥

(ਸਮੀਖਛਕ) ਜਦ ਮੁਸਲਮਾਨ ਲੋਗ ਬਗੈਰ ਖ਼ੁਦਾ ਦੇ ਦੂਜੀ ਚੀਜ਼ ਨਹੀਂ ਮੰਨਦੇ ਤਾਂ ਖ਼ੁਦਾ ਨੇ ਕਿਸਨੂੰ ਕਿਹਾ ? ਅਰ ਉਸਦੇ ਕਹਨ ਨਾਲ ਕੌਨ ਹੋ ਗਿਆ ? ਏਸਦਾ ਉੱਤਰ ਮੁਸਲਮਾਨ ਸੌਤਾਂ ਜਨਮਾਂ ਵਿਚ ਭੀ ਨਹੀਂ ਦੇ ਸੱਕਨਗੇ? ਕਿਉਂਕਿ ਬਿਨਾ ਉਪਾਦਾਨ ਕਾਰਣ ਦੇ ਕਾਰਯ ਕਦੀ ਨਹੀਂ ਹੋ ਸੱਕਦਾ, ਬਿਨਾ ਕਾਰਣ ਦੇ ਕਾਰਯ ਕਹਨਾ ਜਾਨੋ ਅਪਨੇਮਾਤਾ ਪਿਤਾ ਦੇ ਬਗੈਰ ਮੇਰਾ ਸ਼ਰੀਰ ਹੋਗਿਆ ਅਜੇਹੀ ਬਾਤ ਹੈ। ਜੋ ਧੋਖਾ ਖਾਂਦਾ ਅਰਥਾਤ ਛਲ ਅਰ ਦੰਭ ਕਰਦਾ ਹੈ ਓਹ ਈਸ਼ੂਰ ਤਾਂ ਕਦੀ ਨਹੀਂ ਹੋ ਸਕਦਾ, ਕਿੰਤੂ ਉੱਤਮ ਮਨੁਸ਼ ਭੀ ਅਜੇਹਾ ਕੰਮ ਨਹੀਂ ਕਰ ਸਕਦਾ॥

੫੧– ਕੀ ਤੁਹਾਨੂੰ ਇਹ ਬਹੁਤ ਨਾ ਹੋਵੇਗਾ ਕਿ ਅੱਲਾਹ ਤੁਹਾਨੂੰ ਤਿੰਨ

Generated by CamScanner from intsig.com

ਹਜ਼ਾਰ ਫਰਿਸ਼ਤਿਆਂ ਦੇ ਨਾਲ ਸਹਾਇਤਾ ਦੇਵੇ ॥ ਮੰ० ੧ । ਸਿ० ੪ । ਸੂ० ੩ । ਆਯਤ ੧੧੦ ॥

(ਸਮੀਖਛਕ) ਜੇ ਮੁਸਲਮਾਨਾਂ ਨੂੰ ਤਿੰਨ ਹਜ਼ਾਰ ਫਰਿਸ਼ਤਿਆਂ ਦੇ ਨਾਲ ਸਹਾਇਤਾ ਦਿੰਦਾ ਸੀ ਤਾਂ ਹੁਨ ਮੁਸਲਮਾਨਾਂ ਦੀ ਬਾਦਸ਼ਾਹੀ ਬਹੁਤ ਸਾਰੀ ਨਸ਼ਟ ਹੋਗਈ ਅਰ ਹੁੰਦੀ ਜਾਂਦੀ ਹੈ ਕਿਉਂ ਸਹਾਇਤਾ ਨਹੀਂ ਦਿੰਦਾ ? ਏਸਲਈ ਇਹ ਬਾਤ ਨਿਰੀ ਲੋਭ ਦੇਕੇ ਮੂਰਖਾਂ ਨੂੰ ਫਸਾਨ ਦੇ ਲਈ ਮਹਾ ਅਨਿਆਯ ਦੀ ਹੈ ॥ ੫੧ ॥

੫੨–ਅਰ ਕਾਫਰਾਂਉੱਤੇ ਸਾਨੂੰ ਸਹਾਇਤਾਦੇਹ,ਅੱਲਾਹ ਤੁਹਾਡਾ ਉੱਤਮ ਸਹਾਇਤਾ ਦੇਨ ਵਾਲਾ ਕੰਮ ਬਨਾਨ ਵਾਲਾ ਹੈ । ਜੇ ਤੁਸੀਂ ਅੱਲਾਹ ਦੇ ਮਾਰਗ ਵਿਚ ਮਾਰੇਜਾਓ ਵਾ ਮਰਜਾਓ ਅੱਲਾਹ ਦੀ ਦਇਆ ਬਹੁਤ ਅੱਛੀ ਹੈ ॥ ਮੰ० ੧। ਸਿ० ੪ । ਸੂ० ੩। ਆਯਤ ੧੩੦ । ੧੩੩ । ੧੪੦ ॥

(ਸਮੀਖਛਕ) ਹੁਨ ਵੇਖੋ ! ਮੁਸਲਮਾਨਾਂ ਦੀ ਭੁੱਲ ਕਿ ਜਿਹੜੇ ਅਪਨੇ ਮਤ ਥੀਂ ਭਿੰਨ ਹਨ ਉਨ੍ਹਾਂ ਦੇ ਮਾਰਨਦੇ ਵਾਸਤੇ ਖੁਦਾ ਦੀ ਪ੍ਰਾਰਥਨਾ ਕਰਦੇਹਨ, ਕੀ ਪਰਮੇਸ਼ੁਰ ਭੋਲਾ ਹੈ ਜੋ ਇਨ੍ਹਾਂਦੀਬਾਤ ਮੰਨ ਲਵੇ? ਜੇਕਰ ਮੁਸਲਮਾਨਾਂ ਦਾ ਕੰਮ ਬਨਾਨ ਵਾਲਾ ਅੱਲਾਹ ਹੀ ਹੈ ਤਾਂ ਫੇਰ ਮੁਸਲਮਾਨਾਂ ਦੇ ਕੰਮ ਨਸ਼ਟ ਕਿਉਂ ਹੁੰਦੇ ਹਨ ? ਅਰ ਖੁਦਾ ਭੀ ਮੁਸਲਮਾਨਾਂ ਦੇ ਨਾਲ ਮੋਹ ਵਿਚ ਫਸਿਆ ਹੋਇਆ ਨਜ਼ਰ ਆਉਂਦਾ ਹੈ, ਜੇ ਏਸਤਰਾਂ ਦਾ ਪਖਛਪਾਤੀ ਖੁਦਾ ਹੈ ਤਾਂ ਧਰਮਾਤਮਾ ਪੁਰੁਸ਼ਾਂ ਦੇ ਉਪਾਸਨਾ ਦੇ ਯੋਗ ਨਹੀਂ ਹੋ ਸੱਕਦਾ ॥ ੫੨ ॥

੫੩–ਅਰ ਅੱਲਾਹ ਤੁਹਾਨੂੰ ਪਰੋਖਛ ਦੀਆਂ ਗੱਲਾਂ ਜਾਨਨ ਵਾਲਾ ਨਹੀਂ ਕਰਦਾ, ਪਰੰਤੂ ਅਪਨੇ ਪੈਗੰਬਰਾਂ ਥੀਂ ਜਿਸਨੂੰ ਚਾਹੇ ਪਸੰਦ ਕਰੇ, ਬੱਸ ਅੱਲਾਹ ਅਰ ਉਸਦੇ ਰਸੂਲ ਦੇ ਨਾਲ ਈਮਾਨ ਲਿਆਓ ॥ ਮੰ० ੧ । ਸਿ० ੪ । ਸੂ० ੩ । ਆਯਤ ੧੫੯ ॥

(ਸਮੀਖਛਕ)ਜਦ ਮੁਸਲਮਾਨ ਲੋਗ ਬਿਨਾ ਖੁਦਾ ਦੇ ਕਿਸੇ ਦੇ ਨਾਲ ਈਮਾਨ ਨਹੀਂ ਲਿਆਉਂਦੇ ਅਰ ਨਾ ਕਿਸੇ ਨੂੰ ਖੁਦਾ ਦਾ ਸ਼ਰੀਕ ਮੰਨਦੇ ਹਨ ਤਾਂ ਪੈਗੰਬਰ ਸਾਹਿਬ ਨੂੰ ਕਿਉਂ ਈਮਾਨ ਵਿਚ ਖੁਦਾ ਦੇ ਨਾਲ ਸ਼ਰੀਕ ਕੀਤਾ? ਅੱਲਾਹ ਨੇ ਪੈਗੰਬਰ ਦੇ ਨਾਲ ਈਮਾਨ ਲਿਆਉਨਾ ਲਿਖਿਆ, ਏਸਲਈ ਪੈਗੰਬਰ ਭੀ ਸ਼ਰੀਕ ਹੋਗਿਆ, ਫੇਰ ਲਾਸ਼ਰੀਕ (ਅਦ੍ਵਿਤੀਯ) ਕਹਨਾ ਠੀਕ ਨਾ ਹੋਇਆ । ਜੇਕਰ ਏਸਦਾ ਅਰਥ ਇਹ ਸਮਝਿਆ ਜਾਵੇ ਕਿ ਮੁਹੱਮਦ ਸਾਹਿਬ ਦੇ ਪੈਗੰਬਰ ਹੋਨ ਉੱਤੇ ਈਮਾਨ ਲਿਆਉਨਾ ਚਾਹੀਏ ਤਾਂ ਇਹ ਪ੍ਰਸ਼ਨ ਹੁੰਦਾ ਹੈ ਕਿ ਮੁਹੱਮਦ ਸਾਹਿਬ ਦੇ ਹੋਨ ਦੀ ਕੀ ਜ਼ਰੂਰਤ ਹੈ? ਜੇਕਰ ਖੁਦਾ ਉਨ੍ਹਾਂ ਦਾ ਪੈਗੰਬਰ ਕੀਤੇ ਬਿਨਾ ਅਪਨਾ ਮਨਭਾਉਂਦਾ ਕੰਮ ਨਹੀਂ ਕਰ ਸੱਕਦਾ ਤਾਂ ਜ਼ਰੂਰ ਅਸਮਰਥ ਹੋਇਆ॥ ੫੩ ॥

Generated by CamScanner from intsig.com

੫੪–ਹੇ ਈਮਾਨ ਵਾਲਿਓ ਸੰਤੋਸ਼ ਕਰੋ, ਪਰਸਪਰ ਥੰਮੇ ਰੱਖੋ, ਅਰ ਲੜਾਈ ਵਿਚ ਲੱਗੇ ਰਹੋ, ਅੱਲਾਹ ਥੀਂ ਡਰੋ ਕਿ ਤੁਸੀਂ ਛੁਟਕਾਰਾ ਪਾਓ ॥ ਮੰ० ੧। ਸਿ० ੪। ਸੂ० ੩। ਆਯਤ ੧੭੮ ॥

(ਸਮੀਖਛਕ) ਇਹ ਕੁਰਾਨ ਦਾ ਖ਼ੁਦਾ ਅਰ ਪੈਗੰਬਰ ਦੋਨੋਂ ਲੜਾਈ ਬਾਜ਼ ਸਨ, ਜਿਹੜਾ ਲੜਾਈ ਦੀ ਆਗਿਆ ਦਿੰਦਾ ਹੈ ਓਹ ਸ਼ਾਂਤੀ ਭੰਗ ਕਰਨ ਵਾਲਾ ਹੁੰਦਾ ਹੈ, ਕੀ ਨਾਮਮਾਤ੍ਰ ਖ਼ੁਦਾ ਥੀਂ ਡਰਨ ਨਾਲ ਛੁਟਕਾਰਾ ਪਾਇਆ ਜਾਂਦਾ ਹੈ? ਵਾ ਅਧਰਮਯੁਕਤ ਲੜਾਈ ਆਦੀ ਥੀਂ ਡਰਨ ਨਾਲ? ਜੇ ਪਹਿਲਾ ਪਖਛ ਹੈ ਤਾਂ ਡਰਨਾ ਨਾ ਡਰਨਾ ਬਰਾਬਰ ? ਅਰ ਜੋ ਦੂਜਾ ਪਖਛ ਹੈ ਤਾਂ ਠੀਕ ਹੈ ॥ ੫੪ ॥

੫੫–ਇਹ ਅੱਲਾਹ ਦੀਆਂ ਹੱਦਾਂ ਹਨ ਜਿਹੜਾ ਅੱਲਾਹ ਅਰ ਉਸਦੇ ਰਸੂਲ ਦੀ ਆਗਿਆ ਮੰਨੇਗਾ ਓਹ ਬਹਿਸ਼ਤ ਵਿਚ ਪਹੁੰਚੇਗਾ ਜਿਨ੍ਹਾਂ ਵਿਚ ਨਹਿਰਾਂ ਚਲਦੀਆਂ ਹਨ ਅਰ ਇਹੀ ਵਡਾ ਮਤਲਬ ਹੈ ॥ ਜਿਹੜਾ ਅੱਲਾਹ ਦੀ ਅਰ ਉਸਦੇ ਰਸੂਲ ਦੀ ਆਗਿਆ ਭੰਗ ਕਰੇਗਾ ਅਰ ਉਸਦੀ ਹੱਦਾਂ ਤੋਂ ਬਾਹਰ ਹੋ ਜਾਵੇਗਾ ਓਹ ਸਦਾ ਰਹਨ ਵਾਲੀ ਅੱਗ ਵਿਚ ਸਾੜਿਆ ਜਾਵੇਗਾ, ਅਰ ਉਸਦੇ ਲਈ ਖ਼ਰਾਬ ਕਰਨ ਵਾਲਾ ਦੁੱਖ ਹੈ ॥ ਮੰ० ੧। ਸਿ० ੪। ਸੂ० ੪। ਆਯਤ ੧੩। ੧੪ ॥

(ਸਮੀਖਛਕ) ਖ਼ੁਦਾ ਹੀ ਨੇ ਮੁਹੱਮਦ ਸਾਹਿਬ ਪੈਗੰਬਰ ਨੂੰ ਅਧਨਾ ਸ਼ਰੀਕ ਕਰ ਲੀਤਾਹੈ, ਅਰ ਖ਼ੁਦਾ ਨੇ ਕੁਰਾਨ ਵਿੱਚਹੀ ਲਿਖਿਆ ਹੈ, ਅਰ ਵੇਖੋ! ਖ਼ੁਦਾ ਪੈਗੰਬਰ ਸਾਹਿਬ ਦੇ ਨਾਲ ਕਿਹਾ ਫਸਿਆ ਹੈ ਕਿ ਜਿਸਨੇ ਬਹਿਸ਼ਤ ਵਿਚ ਰਸੂਲ ਦੀ ਸਾਂਝ ਕਰ ਦਿੱਤੀ ਹੈ, ਕਿਸੇ ਇੱਕ ਬਾਤ ਵਿਚ ਭੀ ਮੁਸਲਮਾਨਾਂ ਦਾ ਖ਼ੁਦਾ ਸ੍ਵੰਤ੍ਰ ਨਹੀਂ ਤਾਂ ਲਾਸ਼ਰੀਕ ਕਹਨਾ ਵਿਅਰਥ ਹੈ, ਅਜੇਹੀਆਂ ਅਜੇਹੀਆਂ ਗੱਲਾਂ ਈਸ਼੍ਵਰ ਦੀ ਕਹੀ ਹੋਈ ਪੁਸਤਕ ਵਿਕ ਨਹੀਂ ਹੋ ਸੱਕਦੀਆਂ ॥ ੫੫ ॥

੫੬–ਅਰ ਇੱਕ ਤ੍ਰਿਸਰੇਨੂ ਦੇ ਬਰਾਬਰ ਭੀ ਅੱਲਾਹ ਅਨਿਆਯ ਨਹੀਂ ਕਰਦਾ, ਅਰ ਜਿਹੜੀ ਭਲਿਆਈ ਹੋਵੇ ਉਸਦਾ ਦੂਨਾ ਕਰੇਗਾ ਉਸਨੂੰ ॥ ਮੰ० ੧। ਸਿਪਾਰਾ ੫। ਸੂ० ੪। ਆਯਤ ੪੭ ॥

(ਸਮੀਖਛਕ) ਜੋ ਇਕ ਤ੍ਰਿਸਰੇਨੂ ਭੀ ਖ਼ੁਦਾ ਅਨਿਆਯ ਨਹੀਂ ਕਰਦਾ ਤਾਂ ਪੁੰਨ ਨੂੰ ਦੂਨਾ ਕਿਉਂ ਦਿੰਦਾ ਹੈ ? ਅਰ ਮੁਸਲਮਾਨਾਂ ਦਾ ਪਖਛ ਕਿਉਂ ਕਰਦਾ ਹੈ ? ਸੱਚਮੁੱਚ ਦੂਨਾ ਵਾ ਘੱਟ ਫਲ ਕਰਮਾਂਦਾਦੇਵੇ ਤਾਂ ਖ਼ੁਦਾ ਅਨਿਆਯਕਾਰੀ ਹੋ ਜਾਵੇ ॥ ੫੬ ॥

੫੭–ਜਦ ਤੇਰੇ ਪਾਸੋਂ ਬਾਹਿਰ ਨਿਕਲਦੇ ਹਨ ਤਾਂ ਤੇਰੇ ਕਹਨ ਤੋਂ ਬਗੈਰ (ਉਲਟਾ) ਸੋਚਦੇ ਹਨ, ਅੱਲਾਹ ਉਨ੍ਹਾਂ ਦੀ ਸਲਾਹ ਨੂੰ ਲਿਖਦਾ ਹੈ, ਅੱਲਾਹ ਨੇ ਉਨ੍ਹਾਂਦੀ ਕਮਾਈ ਵਸਤੂ ਦੇ ਕਾਰਣ ਉਨ੍ਹਾਂਨੂੰ ਉਲਟਾ ਕੀਤਾ, ਕੀ ਤੁਸੀਂ

Generated by CamScanner from intsig.com

ਚਾਹੁੰਦੇ ਹੋ ਕਿ ਅੱਲਾਹ ਦੇ ਗੁਮਰਾਹ ਕੀਤੇ ਹੋਏ ਨੂੰ ਮਾਰਗ ਉੱਤੇ ਲਿਆਓ, ਬੱਸ ਜਿਸਨੂੰ ਅੱਲਾਹ ਗੁਮਰਾਹ ਕਰੇ ਉਸਨੂੰ ਕਦੀ ਭੀ ਮਾਰਗ ਨਾ ਪਾਵੇਗਾ॥ ਮੰ੦ ੧। ਸਿ੦ ੫। ਸ੦ ੪ ਆਯਤ ੮੦। ੮੭॥

(ਸਮੀਖਛਕ) ਜੋ ਅੱਲਾਹ ਬਾਤਾਂ ਨੂੰ ਲਿਖਕੇ ਬਹੀਖਾਤਾ ਬਨਾਂਦਾ ਜਾਂਦਾ ਹੈ ਤਾਂ ਸਰਵੱਗ ਨਹੀਂ ਹੈ! ਜੇ ਸਰਵੱਗ ਹੈ ਤਾਂ ਲਿਖਨ ਦਾ ਕੀ ਕੰਮ? ਅਰ ਜੋ ਮੁਸਲਮਾਨ ਕਹਿੰਦੇ ਹਨ ਕਿ ਸ਼ੈਤਾਨ ਹੀ ਸਬ ਨੂੰ ਬਹਕਾਨ ਥੀਂ ਦੁਸ਼ਟ ਹੋਇਆ ਹੈ ਤਾਂ ਜਦ ਖ਼ੁਦਾ ਹੀ ਜੀਵਾਂ ਨੂੰ ਗੁਮਰਾਹ ਕਰਦਾਹੈ ਤਾਂ ਖ਼ੁਦਾ ਅਰ ਸ਼ੈਤਾਨ ਵਿਚ ਕੀ ਭੇਦ ਰਹਿਆ? ਹਾਂ ਇੱਨਾ ਭੇਦ ਕਹ ਸੱਕਨੇ ਹਾਂ ਕਿ ਖ਼ੁਦਾ ਵੱਡਾ ਸ਼ੈਤਾਨ, ਓਹ ਛੋਟਾ ਸ਼ੈਤਾਨ, ਕਿਉਂਕਿ ਮੁਸਲਮਾਨਾਂ ਦਾ ਹੀ ਆਖਨਾ ਹੈ ਕਿ ਜੋ ਬਹਕਾਂਦਾ ਹੈ ਉਹੋ ਸ਼ੈਤਾਨ ਹੈ ਤਾਂ ਏਸ ਪ੍ਰਤਿਗਿਆ ਥੀਂ ਖ਼ੁਦਾ ਨੂੰ ਭੀ ਸ਼ੈਤਾਨ ਬਨਾ ਦਿੱਤਾ॥ ੫੭॥

੫੮—ਅਰ ਅਪਨੇ ਰੱਥਾਂ ਨੂੰ ਨਾ ਰੋਕਨ ਤਾਂ ਉਨ੍ਹਾਂ ਨੂੰ ਪਕੜ ਲੌ, ਅਰ ਜਿੱਥੇ ਪਾਓ ਮਾਰ ਸੁੱਟੋ। ਮੁਸਲਮਾਨ ਨੂੰ ਮੁਸਲਮਾਨ ਦਾ ਮਾਰਨਾ ਯੋਗ ਨਹੀਂ, ਜੋ ਕੋਈ ਅਨਜਾਨੇ ਮਾਰ ਸੁੱਟੇ ਬੱਸ ਇਕ ਗਰਦਨ ਮੁਸਲਮਾਨ ਦਾ ਛੋਡਨਾ ਹੈ, ਅਰ ਖ਼ੂਨ ਬਹਾ ਉਨ੍ਹਾਂ ਲੋਕਾਂ ਵੱਲੋਂ ਹੋਈ ਜੋ ਉਸ ਕੌਮ ਦੇ ਹੋਨ, ਤੁਹਾਡੇ ਲਈ ਦਾਨ ਕਰਦੇਨਗੇ, ਜੋ ਵੈਰੀ ਦੇ ਕੰਮ ਵਿੱਚੋਂ ਹਨ, ਅਰ ਜੋ ਕੋਈ ਮੁਸਲਮਾਨ ਨੂੰ ਜਾਨਕੇ ਮਾਰ ਸੁੱਟੇ ਓਹ ਸਦਾ ਦੋਜ਼ਖ਼ ਵਿਚ ਰਹੇਗਾ, ਉਸ ਉੱਤੇ ਅੱਲਾਹ ਦਾ ਕ੍ਰੋਧ ਅਰ ਲਾਨਤ ਹੈ॥ ਮੰ੦ ੧। ਸਿ੦ ੫। ਸੂ੦ ੪। ਆ੦ ੯੦।੯੧।੯੨॥

(ਸਮੀਖਛਕ) ਹੁਨ ਵੇਖੋ ਮਹਾਪਖਛਪਾਤ ਦੀ ਬਾਤ ਹੈ, ਕਿ ਜਿਹੜਾ ਮੁਸਲਮਾਨ ਨਾ ਹੋਵੇ ਉਸ ਨੂੰ ਜਿੱਥੇ ਪਾਓ ਮਾਰ ਸੁੱਟੋ, ਅਰ ਮੁਸਲਮਾਨਾਂ ਨੂੰ ਨਾ ਮਾਰਨਾ, ਭੁੱਲ ਨਾਲ ਮੁਸਲਮਾਨਾਂ ਨੂੰ ਮਾਰਨ ਵਿਚ ਪ੍ਰਾਯਸ਼ਚਿੱਤ, ਅਰ ਹੋਰਨਾਂ ਨੂੰ ਮਾਰਨ ਨਾਲ ਬਹਿਸ਼ਤ ਮਿਲੇਗਾ, ਅਜੇਹੇ ਉਪਦੇਸ਼ ਨੂੰ ਖੂਹ ਵਿਚ ਪਾਨਾ ਚਾਹੀਏ, ਅਜੇਹੇ ਅਜੇਹੇ ਗ੍ਰੰਥ ਅਜੇਹੇ ਅਜੇਹੇ ਪੈਗੰਬਰ, ਅਜੇਹੇ ਅਜੇਹੇ ਖ਼ੁਦਾ ਅਰ ਅਜੇਹੇ ਮਤ ਥੀਂ ਬਗੈਰ ਹਾਨੀ ਦੇ ਲਾਭ ਕੁਝ ਭੀ ਨਹੀਂ। ਅਜੇਹਾਂ ਦਾ ਨਾ ਹੋਨਾ ਅੱਛਾ, ਅਰ ਅਜੇਹੇ ਪ੍ਰਮਾਦ ਦੇ ਭਰੇ ਹੋਏ ਮਤਾਂ ਥੀਂ ਬੁਧਵਾਨਾਂ ਨੂੰ ਪਰੇ ਰਹੁਕੇ ਵੇਦ ਵਿਚ ਕਹੀਆਂ ਹੋਈਆਂ ਸਬ ਬਾਤਾਂ ਨੂੰ ਮੰਨਨਾ ਚਾਹੀਏ। ਕਿਉਂਕਿ ਉਸ ਵਿਚ ਅਸੱਤ ਕਿੰਚਿਤ ਮਾਤ੍ਰ ਭੀ ਨਹੀਂ ਹੈ ਅਰ ਜੋ ਮੁਸਲਮਾਨ ਨੂੰ ਮਾਰੇ ਉਸਨੂੰ ਦੋਜ਼ਖ਼ ਮਿਲੇ। ਅਰ ਦੂਜੇ ਮਤਵਾਲੇ ਕਹਿੰਦੇ ਹਨ ਕਿ ਮੁਸਲਮਾਨ ਨੂੰ ਮਾਰੇ ਤਾਂ ਸੁਰਗ ਮਿਲੇ, ਹੁਨ ਕਹੋ ਇਨ੍ਹਾਂ ਦੋਹਾਂ ਮਤਾਂ ਵਿੱਚੋਂ ਕਿਸ ਨੂੰ ਮੰਨੀਏਂ, ਕਿਸਨੂੰ ਛੱਡੀਏ, ਕਿੰਤੂ ਅਜੇਹੇ ਮੂੜ੍ਹ ਮਨਘੜਤ ਮਤਾਂ ਨੂੰ ਛੱਡਕੇ ਵੇਦ ਵਿਚ ਕਹਿਆ ਹੋਇਆ ਮਤ ਸਬ ਮਨੁਸ਼ਾਂ ਦੇ ਸ੍ਵੀਕਾਰ ਕਰਨੇ ਯੋਗ ਹੈ ਕਿ ਜਿਸ ਵਿਚ ਤੋਂ ਰਯ ਮਾਰਗ ਅਰਥਾਤ ਸ੍ਰੇਸ਼ਟ ਪੁਰੁਸ਼ਾਂਦੇ ਮਾਰਗ ਵਿਚ ਚਲਨਾ ਅਰ ਦੇਸਜੂ

Generated by CamScanner from intsig.com

ਅਰਥਾਤ ਦੁਸ਼ਟਾਂ ਦੇ ਮਾਰਗ ਥੀਂ ਵੱਖਰਾ ਰਹਨਾ ਲਿਖਿਆ ਹੈ ਇਹ ਸਾਤਿਆਂ ਨਾਲੋਂ ਉੱਤਮ ਹੈ ॥ ੫੮ ॥

੫੯–ਅਰ ਸ਼ਿਖਛਾ ਪ੍ਰਗਟ ਹੋਨ ਦੇ ਪਿੱਛੇ ਜਿਸਨੇ ਰਸੂਲ ਨਾਲ ਵਿਰੋਧ ਕੀਤਾ, ਅਰ ਮੁਸਲਮਾਨਾਂ ਨਾਲ ਵਿਰੋਧ ਪਖਛ ਕੀਤਾ ਜ਼ਰੂਰ ਅਸੀਂ ਉਸਨੂੰ ਦੋਜ਼ਖ਼ ਵਿੱਚ ਭੇਜਾਂਗੇ ॥ ਮ੦ ੧ । ਸਿ੦ ੫ । ਸੂ੦ ੪ । ਆਯਤ ੧੯੩ ॥

(ਸਮੀਖਛਕ) ਹੁਨ ਵੇਖੋ ! ਖ਼ੁਦਾ ਅਰ ਰਸੂਲਦੀ ਪਖਛਪਾਤ ਦੀ ਗੱਲ, ਮੁਹੱਮਦ ਸਾਹਿਬ ਆਦੀ ਸਮਝਦੇ ਸਨ ਕਿ ਜੋ ਖ਼ੁਦਾ ਦੇ ਨਾਮ ਥੀਂ ਅੱਜ ਹੀ ਅਸੀਂ ਨਾ ਲਿਖਾਂਗੇ ਤਾਂ ਅਪਨਾ ਮਜ਼ਹਬ ਨਾ ਵਧੇਗਾ, ਅਰ ਪਦਾਰਥ ਨਾ ਮਿਲਨਗੇ, ਆਨੰਦ ਭੋਗ ਨਾ ਹੋਵੇਗਾ, ਏਸਤੋਂ ਮਲੂਮ ਹੁੰਦਾ ਹੈ ਕਿ ਓਹ ਅਖਨੇ ਮਤਲਬ ਸਿੱਧ ਕਰਨ ਵਿੱਚ ਪੂਰੇ ਸਨ ਅਰ ਹੋਰਨਾਂ ਦੇ ਮਤਲਬ ਵਿਗਾੜਨ ਵਿਚ, ਏਸਲ ਈ ਅਨਾਪਤ ਸਨ, ਇਨ੍ਹਾਂ ਦੀ ਬਾਤ ਦਾ ਪ੍ਰਮਾਣ ਆਪਤ ਵਿਦਵਾਨਾਂ ਦੇ ਸਾਮਨੇ ਕਦੀ ਨਹੀਂ ਹੋ ਸਕਦਾ ॥ ੫੯ ॥

੬੦–ਜੋ ਅੱਲਾਹ ਫਰਿਸ਼ਤਿਆਂ, ਕਿਤਾਬਾਂ, ਰਸੂਲ ਅਰ ਕਿਆਮਤ ਦੇ ਨਾਲ ਕੁਫਰ ਕਰੇ ਨਿਸ਼ਦੇ ਓਹ ਗੁਮਰਾਹ ਹੈ । ਨਿਸ਼ਚੈ ਜੋ ਲੋਗ ਈਮਾਨ ਲਿਆਏ, ਫੇਰ ਕਾਫਰ ਹੋਏ, ਫੇਰ ਫੇਰ ਈਮਾਨ ਲਿਆਏ, ਫੇਰ ਫਿਰ ਗਏ, ਅਰ ਕੁਫਰ ਵਿਚ ਵਧੀਕ ਵਧੇ ਅੱਲਾਹ ਉਨ੍ਹਾਂਨੂੰ ਕਦੀ ਖਛਮਾ ਨਾ ਕਰੇਗਾ ਅਰ ਨਾ ਮਾਰਗ ਦਿਖਾਵੇਗਾ॥੬੦॥ਮੰ੦੧ । ਸਿ੦ ੫ । ਸੂ੦ ੪ । ਆ੦॥੧੩੭,੧੩੫॥

(ਸਮੀਖਛਕ) ਕੀ ਹੁਨ ਭੀ ਖ਼ੁਦਾ ਲ ਸ਼ਰੀਕ ਰਹਿ ਸੱਕਦਾ ਹੈ ? ਕੀ ਲਾਸ਼ਰੀਕ ਕਹੇਦੇ ਜਾਨਾ ਅਰ ਉਸਦੇ ਨਾਲ ਬਹੁਤਸਾਰੇ ਸ਼ਰੀਕ ਭੀ ਮੰਨਦੇ ਜਾਨਾ ਇਹ ਪਰਸਪਰਵਿਰੁੱਧ ਬਾਤ ਨਹੀਂ ਹੈ ? ਕੀ ਤਿਨ ਬਾਰ ਖਛਮਾ ਦੇ ਪਿੱਛੋਂ ਖ਼ੁਦਾ ਖਛਮਾ ਨਹੀਂ ਕਰਦਾ ? ਅਰ ਤਿੰਨ ਬਾਰ ਕੁਫਰ ਕਰਨ ਉੱਤੇ ਰਾਹ ਵਿਖਾਂਦਾ ਹੈ ? ਵਾ ਚੌਥੀ ਬਾਰ ਤੋਂ ਅੱਗੇ ਨਹੀਂ ਵਿਖਾਂਦਾ ? ਜੇਕਰ ਚਾਰ ਚਾਰ ਬਾਰ ਭੀ ਕੁਫ਼ਰ ਸਬ ਲੋਗ ਕਰਨ ਤਾਂ ਕੁਫ਼ਰ ਬਹੁਤ ਹੀ ਵਧ ਜਾਵੇ ।. ੬੦ ॥

੬੧–ਨਿਸ਼ਚੈ ਅੱਲਾਹ ਬੁਰੇ ਲੋਗਾਂ ਅਰ ਕਾਫ਼ਰਾਂ ਨੂੰ ਅਕੱਠਾ ਕਰੇਗਾ ਦੋਜ਼ਖ਼ ਵਿੱਚ,ਨਿਸ਼ਚੇ ਬੁਰੇ ਲੋਗ ਧੋਖਾ ਦਿੰਦੇ ਹਨ ਅੱਲਾਹ ਨੂੰ ਅਰ ਉਨ੍ਹਾਂਨੂੰ ਓਹ ਧੋਖਾ ਦਿੰਦਾ ਹੈ, ਹੇ ਈਮਾਨ ਵਾਲਿਓ ! ਮੁਸਲਮਾਨਾਂ ਨੂੰ ਛੱਡ ਕਾਫ਼ਰਾਂ ਨੂੰ ਮਿਤ੍ਰ ਮਤ ਬਨਾਓ ॥ ਮੰ੦ ੧ । ਸਿ੦ ੫ । ਸੂ੦ ੪ । ਆ੦ ੧੩੮ । ੧੪੧ । ੧੪੩ ॥

(ਸਮੀਖਛਕ) ਮੁਸਲਮਾਨਾਂ ਦੇ ਸੰਗ ਅਰ ਹੋਰ ਲੋਗਾਂ ਦੇ ਨਰਕ ਵਿੱਚ ਜਾਨਦਾ ਕੀ ਪ੍ਰਮਾਣ ? ਵਾਹ ਜੀ ਵਾਹ ! ਜੋ ਬੁਰੇ ਲੋਗਾਂ ਦੇ ਧੋਖੇ ਵਿਚ ਆਉਂਦਾ ਅਰ ਹੋਰਨਾਂ ਨੂੰ ਧੋਖਾ ਦਿੰਦਾ ਹੈ ਅਜੇਹਾ ਖ਼ੁਦਾ ਸਾਡੇ ਕੋਲੋਂ ਦੂਰ ਰਹੇ, ਕਿੰਤੂ ਜਿਹੜੇ ਧੋਖੇਬਾਜ਼ ਹਨ ਉਨ੍ਹਾਂ ਨਾਲ ਜਾਕੇ ਮੇਲ ਕਰੇ ਅਰ ਓਹ ਉਸ ਨਾਲ ਮੇਲ ਕਰਨ ਕਿਉਂਕਿ:—

Generated by CamScanner from intsig.com

*ਯਾਦ੍ਰਿਸ਼ੀ ਸੀਤਲਾਦੇਵੀ ਤਾਦ੍ਰਿਸ਼ਃ ਖਰਵਾਹਨਃ।

ਜਿਹੇ ਨੂੰ ਤਿਹਾ ਮਿਲੇ ਤਦੇ ਨਿਰਵਾਹ ਹੁੰਦਾ ਹੈ ਜਿਸਦਾ ਖ਼ੁਦਾ ਧੋਖੇਬਾਜ਼ ਹੈ ਉਸਦੇ ਉਪਾਸਕ ਲੋਗ ਧੋਖੇਬਾਜ਼ ਕਿਉਂ ਨਾ ਹੋਨ ? ਕੀ ਦੁਸ਼ਟ ਮੁਸਲਮਾਨ ਹੋਵੇ ਉਸ ਨਾਲ ਮਿਤ੍ਰਤਾ ਅਰ ਹੋਰ ਭਲੇ ਲੋਗ ਨਾਲ ਜੋ ਮੁਸਲਮਾਨ ਨਾ ਹੋਵੇ ਵੈਰ ਕਰਨਾ ਕਿਸੇ ਨੂੰ ਉਚਿਤ ਹੋਸਕਦਾ ਹੈ ? ॥ ੬੧ ॥

੬੨–ਹੇ ਲੋਗੋ ! ਨਿਸ਼ਚੇ ਤੁਹਾਡੇ ਪਾਸ ਸੱਤ ਦੇ ਨਾਲ ਖ਼ੁਦਾ ਦੀ ਵੱਲੋਂ ਪੈਗੰਬਰ ਆਇਆ, ਬੱਸ ਤੁਸੀਂ ਉਨ੍ਹਾਂ ਉੱਤੇ ਈਮਾਨ ਲਿਆਓ । ਅੱਲਾਹ ਮਾਬੂਦ (ਪੂਜ) ਅਕੱਲਾ ਹੈ ॥ ਮੰ० ੧ । ਸਿ० ੬ । ਸੂ० ੪ । ਆ० ੬੭ ।੬੮॥

(ਸਮੀਖਛਕ) ਕੀ ਜਦ ਪੈਗੰਬਰ ਉੱਤੇ ਈਮਾਨ ਲਿਆਉਨਾ ਲਿਖਿਆ ਤਾਂ ਈਮਾਨ ਵਿਚ ਪੈਗੰਬਰ ਖ਼ੁਦਾ ਦਾ ਸ਼ਰੀਕ ਅਰਥਾਤ ਸਾਂਝੀ ਹੋਇਆ ਯਾ ਨਹੀਂ ? ਜਦ ਅੱਲਾਹ ਇੱਕਦੇਸ਼ੀ ਹੈ ਵਿਆਪਕ ਨਹੀਂ ਤਦੇ ਤਾਂ ਉਸਦੇ ਕੋਲੋਂ ਪੈਗੰਬਰ ਆਉਂਦੇ ਜਾਂਦੇ ਹਨ ਤਾਂ ਓਹ ਈਸ਼ੁਰ ਭੀ ਨਹੀਂ ਹੋਸੱਕਦਾ । ਕਿਦੇ ਸਰੱਵਦੇਸ਼ੀ ਲਿਖਦੇ ਹਨ ਕਿਦੇ ਇੱਕਦੇਸ਼ੀ। ਏਸ ਥੀਂ ਮਲੂਮ ਹੁੰਦਾ ਹੈ ਕਿ ਕੁਰਾਨ ਇੱਕ ਦਾ ਬਨਾਇਆ ਨਹੀਂ ਕਿੰਤੂ ਬਹੁਤਿਆਂ ਨੇ ਬਨਾਇਆ ਹੈ ॥ ੬੨ ॥

੬੩–ਤੁਹਾਡੇ ਉੱਤੇ ਹਰਾਮ ਕੀਤਾ ਮੁਰਦਾਰ, ਲਹੂ, ਸੂਰ ਦਾ ਮਾਂਸ ਜਿਸ ਉੱਤੇ ਅੱਲਾਹ ਦੇ ਬਿਨਾ ਕੁਝ ਹੋਰ ਪੜ੍ਹਿਆ ਜਾਵੇ, ਗਲਾਂ ਘੁੱਦੇ, ਲਾਠੀ ਮਾਰੇ, ਉੱਪਰੋਂ ਡਿੱਗ ਪਵੇ, ਸਿੰਗ ਮਾਰੇ ਅਰ† ਦਰਿੰਦੇ ਦਾ ਖਾਧਾ ਹੋਇਆ ॥ ਮੰਜ਼ਲ ੧ । ਸਿਪਾਰਾ ੬ । ਸੂਰਤ ੫। ਆਯਤ ੩ ॥

(ਸਮੀਖਛਕ) ਕੀ ਇੱਨੇ ਹੀ ਪਦਾਰਥ ਹਰਾਮ ਹਨ ਹੋਰ ਬਹੁਤਸਾਰੇ ਪਸ਼ੂ ਤਥਾ ਤਿਰਯਕ ਜੀਵ ਕੀੜੇ ਆਦੀ ਮੁਸਲਮਾਨਾਂ ਨੂੰ ਹਲਾਲ ਹੋਨਗੇ ? ਏਸਵਾਸਤੇ ਇਹ ਮਨੁਸ਼ਾਂ ਦੀ ਘੜਿਤ ਹੈ ਈਸ਼ੁਰ ਦੀ ਨਹੀਂ, ਏਸਲਈ ਏਸਦਾ ਪ੍ਰਮਾਣ ਭੀ ਨਹੀਂ ॥ ੬੩ ॥

੬੪–ਅਰ ਅੱਲਾਹ ਨੂੰ ਚੰਗਾ ਉਧਾਰ ਦੇਓ, ਜ਼ਰੂਰ ਮੈਂ ਤੁਹਾਡੀ ਬੁਰਿਆਈ ਦੂਰ ਕਰਾਂਗਾ ਅਰ ਤੁਹਾਨੂੰ ਸੁਰਗ ਵਿਚ ਭੇਜਾਂਗਾ ॥ ਮੰ० ੨ । ਸਿ० ੧। ਸੂ० ੫ । ਆਯਤ ੧੦ ॥

(ਸਮੀਖਛਕ) ਵਾਹਜੀ! ਮੁਸਲਮਾਨਾਂ ਦੇ ਖ਼ੁਦਾ ਦੇ ਘਰ ਵਿਚ ਕੁਝ ਭੀ ਧਨ ਵਿਸ਼ੇਸ਼ ਨਹੀਂ ਰਹਿਆ ਹੋਵੇਗਾ? ਜੇ ਵਿਸ਼ੇਸ਼ ਹੁੰਦਾ ਤਾਂ ਉਧਾਰ ਕਿਉਂ ਮੰਗਦਾ ? ਅਰ ਉਨ੍ਹਾਂਨੂੰ ਕਿਉਂ ਬਹਕਾਂਦਾ ਕਿ ਤੁਹਾਡੀ ਬੁਰਿਆਈ ਛੁਡਾਕੇ ਤੁਹਾਨੂੰ

---

* (ਅਰਥ) ਜਿਹੀ ਸ਼ੀਤਲਾ ਦੇਵੀ ਤਿਹੀ ਉਸਦੀ ਸਵਾਰੀ ਖੋਤਾ ਹੈ।

† ਫ ਤਨੰ ਵਾਲੰ ਸ਼ੇਰ ਬਘਿਆੜ ਆਦੀ ਜੀਵ। (ਅਨੁਵਾਦਕਰਤਾ)

Generated by CamScanner from intsig.com

ਸੁਰਗ ਵਿਚ ਭੇਜਾਂਗਾ ? ਏੱਥੇ ਮਲੂਮ ਹੁੰਦਾ ਹੈ ਕਿ ਖ਼ੁਦਾ ਦਾ ਨਾਮ ਲੈਕੇ ਮੁਹੱਮਦ ਸਾਹਿਬ ਨੇ ਅਪਨਾ ਮਤਲਬ ਕੱਢਿਆ ਹੈ ॥ ੬੪ ॥

੬੫–ਜਿਸਨੂੰ ਚਾਹੁੰਦਾ ਹੈ ਖਛਮਾ ਕਰਦਾ ਹੈ, ਜਿਸਨੂੰ ਚਾਹੇ ਦੁੱਖ ਦਿੰਦਾ ਹੈ ? ਜੋ ਕੁਝ ਕਿਸੇਨੂੰ ਭੀ ਨਾ ਦਿੱਤਾ ਓਹ ਤੁਹਾਨੂੰ ਦਿੱਤਾ ॥ ਮੰ੦ ੨ ਸਿ੦ ੬। ਸੂਰਤ ੫। ਆਯਤ ੧੬। ੧੮ ॥

(ਸਮੀਖਛਕ) ਜੀਕਨ ਸ਼ੈਤਾਨ ਜਿਸਨੂੰ ਚਾਹੁੰਦਾ ਪਾਪੀ ਬਨਾਂਦਾ, ਉਕਨ ਹੀ ਮੁਸਲਮਾਨਾਂ ਦਾ ਖ਼ੁਦਾ ਭੀ ਸ਼ੈਤਾਨ ਦਾ ਕੰਮ ਕਰਦਾ ਹੈ, ਜੇ ਈਕਨ ਹੈ ਤਾਂ ਫੇਰ ਸੁਰਗ ਅਰ ਨਰਕ ਵਿੱਚ ਖ਼ੁਦਾ ਜਾਵੇ ਕਿਉਂਕਿ ਓਹ ਪਾਪ ਪੁੰਨ ਕਰਨ ਵਾਲਾ ਹੋਇਆ ਜੀਵ ਪਰਾਧੀਨ ਹਨ। ਜੀਕਨ ਫ਼ੌਜ ਸੇਨਾਪਤੀ ਦੇ ਆਧੀਨ ਦਖਛਾ ਕਰਦੀ ਅਰ ਕਿਸੇ ਨੂੰ ਮਾਰਦੀ ਹੈ, ਉਸਦੀ ਭਲਿਆਈ ਬੁਰਿਆਈ ਸੇਨਾਪਤੀ ਨੂੰ ਹੁੰਦੀ ਹੈ ਸੇਨਾ ਨੂੰ ਨਹੀਂ ॥ ੬੫ ॥

੬੬–ਆਗਿਆ ਮੰਨੋ ਅੱਲਾਹ ਦੀ ਅਰ ਆਗਿਆ ਮੰਨੋ ਰਸੂਲ ਦੀ ॥ ਮੰਃ ੨। ਸਿਃ ੭। ਸੂਃ ੫। ਆਃ ੯੯ ॥

(ਸਮੀਖਛਕ) ਵੇਖੋ! ਇਹ ਬਾਤ ਖ਼ੁਦਾ ਦੇ ਸ਼ਰੀਕ ਹੋਨਦੀ ਹੈ ਫੇਰ ਖ਼ੁਦਾ ਨੂੰ ਲ ਸ਼ਰੀਕ (ਅਦ੍ਵਿਤੀਯ) ਮੰਨਨਾ ਵਿਅਰਥ ਹੈ ॥ ੬੬ ॥

੬੭–ਅੱਲਾਹ ਨੇ ਖਛਮਾ ਕੀਤਾ ਜੋ ਹੋਚੁਕਿਆ ਅਰ ਜੋ ਕੋਈ ਫੇਰ ਕਰੇਗਾ ਅੱਲਾਹ ਉਸ ਕੋਲੋਂ ਬਦਲਾ ਲਵੇਗਾ ॥ ਮੰ੦ ੨। ਸਿ੦ ੭। ਸੂ੦ ੫। ਆਯਤ ੯੨ ॥

(ਸਮੀਖਛਕ) ਕੀਤੇ ਹੋਏ ਪਾਪਾਂ ਦਾ ਖਛਮਾ ਕਰਨ। ਜਾਨੋ ਪਾਪਾਂ ਦੇ ਕਰਨ ਦੀ ਆਗਿਆ ਦੇ ਕੇ ਵਧਾਨਾ ਹੈ। ਪਾਪ ਖਛਮਾ ਕਰਨ ਦੀ ਬਾਤ ਜਿਸ ਗ੍ਰੰਥ ਵਿੱਚ ਹੋਵੇ ਉਹ ਨਾ ਈਸ਼ੁਰ ਅਰ ਨਾ ਕਿਸੇ ਵਿਦਵਾਨ ਦਾ ਬਨਾਇਆ ਹੈ ਕਿੰਤੂ ਪਾਪ ਦੇ ਵਧਾਨ ਵਾਲਾ ਹੈ। ਹਾਂ ਅੱਗੇ ਆਉਨ ਵਾਲੇ ਪਾਪ ਦੇ ਦੁਭਾਨ ਦੇ ਲਈ ਕਿਸੇਅੱਗੇ ਪ੍ਰਾਰਥਨਾ ਅਰ ਆਪ ਛੱਡਨ ਦੇ ਲਈ ਪੁਰੁਸ਼ਾਰਥ ਪਸ਼ਚਾਤਾਪ ਕਰਨਾ ਉਚਿਤ ਹੈ, ਪਰੰਤੂ ਨਿਰਾ ਪਸ਼ਚਾਤਾਪ ਕਰਦਾ ਰਹੇ ਛੱਡੇ ਨਹੀਂ ਤਾਂ ਭੀ ਕੁਝ ਨਹੀਂ ਹੋ ਸਕਦਾ ॥ ੬੭ ॥

੬੮–ਅਰ ਉਸ ਮਨੁਸ਼ ਤੋਂ ਵਧੀਕਪਾਪੀ ਕੌਨ ਹੈ ਜੋ ਅੱਲਾਹ ਉੱਤੇ ਝੂਠ ਬਨ੍ਹਦਾ ਹੈ ਅਰ ਕਹਿੰਦਾ ਹੈ ਕਿ ਮੇਰੀ ਤਰਫ ਬਹੀ ਕੀਤੀ ਗਈ, ਪਰੰਤੂ ਉਸਦੀ ਤਰੱਫ ਨਹੀਂ ਕੀਤੀ ਗਈ, ਅਰ ਜੋ ਕਹਿੰਦਾ ਹੈ ਕਿ ਮੈਂ ਭੀ ਉਤਾਰਾਂਗਾ। ਕਿ ਜੀਕਨ ਅੱਲਾਹ ਉਤਾਰਦਾ ਹੈ ॥ ਮੰ੦ ੨। ਸਿ੦ ੭। ਸੂ੦ ੬। ਆ੦ ੯੪ ॥

(ਸਮੀਖਛਕ) ਏਸ ਬਾਤ ਤੋਂ ਸਿੱਧ ਹੁੰਦਾ ਹੈ ਕਿ ਜਦ ਮੁਹੱਮਦ ਸਾਹਿਬ ਕਹਿੰਦੇ ਸਨ ਕਿ ਮੇਰੇ ਪਾਸ ਖ਼ੁਦਾ ਵਲੋਂ ਆਇਤਾਂ ਆਉਂਦੀਆਂ ਹਨ ਤਦ ਕਿਸੇ ਦੂਜੇ ਨੇ ਭੀ ਮੁਹੱਮਦ ਸਾਹਿਬ ਦੇ ਤੁੱਲ ਲੀਲਾ ਰਚੀ ਹੋਵੇਗੀ ਕਿ ਮੇਰੇ

Generated by CamScanner from intsig.com

ਪਾਸ ਭੀ ਆਇਆਂ ਉਤਰਦੀਆਂ ਹਨ ਤੈਨੂੰ ਭੀ ਪੈਗ਼ੰਬਰ ਮੰਨੋ. ਏਸ ਨੂੰ ਹਟਾਨ ਅਰ ਅਪਨੀ ਵਡਿਆਈ ਵਧਾਨ ਵਾਸਤੇ ਮੁਹੱਮਦ ਸਾਹਿਬ ਨੇ ਇਹ ਉਪਾਯ ਕੀਤਾ ਹੋਵੇਗਾ ॥ ੬੮ ॥

੬੯–ਜ਼ਰੂਰ ਅਸਾਂ ਨੇ ਤੁਹਾਨੂੰ ਉਤਪੰਨ ਕੀਤਾ ਫੇਰ ਤੁਹਾਡੀਆਂ ਸੂਰਤਾਂ ਬਨਾਈਆਂ, ਫਰਿਸ਼ਤਿਆਂ ਨੇ ਕਹਿਆ ਕਿ ਆਦਮ ਨੂੰ ਸਜਦਾਂ ਕਰੋ, ਬੱਸ ਉਨਾਂ ਨੇ ਸਜਦਾ ਕੀਤਾ, ਪਰੰਤੂ ਸ਼ੈਤਾਨ ਸਜਦਾ ਕਰਨ ਵਾਲਿਆਂ ਵਿਚੋਂ ਨਾਹੋਇਆ। ਆਖਿਆ ਜਦ ਮੈਂ ਨੇ ਤੈਨੂੰ ਆਗਿਆ ਦਿੱਤੀ ਫੇਰ ਕਿਸਨੇ ਰੋਕਿਆ ਕਿਤੋਂ ਸਜਦਾ ਨਾ ਕੀਤਾ, ਕਹਿਆ ਮੈਂ ਉਸ ਤੋਂ ਚੰਗਾ ਹਾਂ ਤੈਂ ਮੈਨੂੰ ਅੱਗ ਥੀਂ ਅਰ ਉਸ ਨੂੰ ਮਿੱਟੀ ਥੀਂ ਉਤਪੰਨ ਕੀਤਾ। ਕਿਹਾ ਬੱਸ ਉਸ ਵਿਚੋਂ ਉਤਰ ਇਹ ਤੇਰੇ ਯੋਗ ਨਹੀਂ ਹੈ ਕਿ ਤੂੰ ਉਸ ਵਿਚ ਅਭਿਮਾਨ ਕਰ। ਕਹਿਆ ਉਸਦਿਨ ਤੀਕ ਢਿੱਲ ਦੇਹ ਕਿ ਕਬਰਾਂ ਵਿਚੋਂ ਉਠਾਏ ਜਾਨ। ਕਹਿਆ ਨਿਸ਼ਚੇ ਤੂੰ ਢਿੱਲ ਦਿੱਤੇ ਗਿਆਂ ਵਿਚੋਂ ਹੈਂ। ਕਹਿਆ ਬੱਸ ਏਸਦੀ ਸਹੁੰ ਹੈ ਕਿ ਤੈਂ ਮੈਨੂੰ ਕੁਰਾਹ ਵਿਚ ਪਾਇਆ, ਜ਼ਰੂਰ ਮੈਂ ਉਨਾਂ ਦੇ ਲਈ ਤੇਰੇ ਸਿੱਧੇ ਮਾਰਗ ਉੱਤੇ ਬੈਠਾਂਗਾ। ਅਰ ਬਹੁਤ ਕਰਕੇ ਤੂੰ ਉਨਾਂ ਨੂੰ ਧੰਨਵਾਦ ਕਰਨ ਵਾਲਾ ਨਾਪਾਵੇਗਾ। ਕਹਿਆ ਉਸਨੂੰ ਦੁਰਦਸ਼ਾ ਦੇ ਨਾਲ ਨਿਕਲ ਜ਼ਰੂਰ ਜੋ ਕੋਈ ਉਨਾਂ ਵਿਚੋਂ ਤੇਰਾ ਪਖਛ ਕਰੇਗਾ ਤੁਹਾਡੇ ਸਭਨਾਂ ਨਾਲ ਦੋਜ਼ਖ਼ ਨੂੰ ਭਰਾਂਗਾ ॥ ਮੰਜ਼ਲ ੨। ਸਿਪਾਰਾ ੮। ਸੂਰਤ ੭। ਆਯਤ ੧੦।੧੧। ੧੨। ੧੩। ੧੪। ੧੫। ੧੬। ੧੭ ॥

(ਸਮੀਖਛਕ) ਹੁਨ ਧਿਆਨ ਦੇਕੇ ਸੁਨੋ ਖ਼ੁਦਾ ਅਰ ਸ਼ੈਤ ਨ ਦੇ ਝਗੜੇ ਨੂੰ ਇਕ ਫਰਿਸ਼ਤਾ ਜੋਕਨ ਕਿ ਚਪੜਾਸੀ ਹੋਵੇ ਸੀ, ਓਹ ਭੀ ਖ਼ੁਦਾ ਕੋਲੋਂ ਨਾ ਦਬਿਆ, ਅਰ ਖ਼ੁਦਾ ਉਸਦੇ ਆਤਮਾ ਨੂੰ ਪਵਿਤ੍ਰ ਭੀ ਨਾ ਕਰ ਸਕਿਆ ਫੇਰ ਅਜੇਹੇ ਬਾਗ਼ੀ (ਯਾਕੀ) ਨੂੰ ਜੋ ਪਾਪੀ ਬਨਾਕੇ ਗਦਰ ਕਰਨ ਵਾਲਾ ਸੀ ਉਸਨੂੰ ਖ਼ੁਦਾਨੇ ਛੱਡ ਦਿੱਤਾ। ਖ਼ੁਦਾ ਦੀ ਇਹ ਵਡੀ ਭੁੱਲ ਹੈ। ਸ਼ੈਤਾਨ ਤਾਂ ਸਥ ਨੂੰ ਬਹਕਾਨ ਵਾਲਾ ਅਰ ਖ਼ੁਦਾ ਸ਼ੈਤਾਨ ਨੂੰ ਬਹਕਾਨ ਵਾਲਾ ਹੋਨ ਕਰਕੇ ਇਹ ਸਿੱਧ ਹੁੰਦਾ ਹੈ ਕਿ ਸ਼ੈਤਨ ਦਾ ਭੀ ਸ਼ੈਤਾਨ ਖ਼ੁਦਾ ਹੈ, ਕਿਉਂਕਿ ਸ਼ੈਤਾਨ ਪ੍ਰਤਖਛ ਕਹਿੰਦਾ ਹੈ ਕਿ ਤੈਂ ਮੈਨੂੰ ਕੁਰਾਹੀ ਬਨਾਇਆ। ਏਸ ਥੀਂ ਖ਼ੁਦਾ ਵਿਚ ਪਵਿਤ੍ਰਤਾ ਭੀ ਨਹੀਂ ਪਾਈ ਜਾਂਦੀ, ਅਰ ਸਥ ਬੁਰਾਈਆਂ ਦਾ ਚਲਾਨ ਵਾਲਾ ਮੂਲ ਕਾਰਣ ਖ਼ੁਦਾ ਹੋਇਆ। ਅਜੇਹਾ ਖ਼ੁਦਾ ਮੁਸਲਮਾਨਾਂ ਹੀ ਦਾ ਹੋ ਸਕਦਾ ਹੈ ਹੋਰਨਾਂ ਭਲੇ ਵਿਦਵਾਨਾਂ ਦਾ ਨਹੀਂ, ਅਰ ਫਰਿਸ਼ਤਿਆਂ ਨਾਲ ਮਨੁਸ਼ ਦੀ ਨਿਆਈਂ ਥਾਤਾਂ ਕਰਨ ਕਰਕੇ ਦੇਹਧਾਰੀ ਅਲਪੱਗ, ਨਿਆਯ ਤੋਂ ਰਹਿਤ ਮੁਸਲਮਾਨਾਂ ਦਾ ਖ਼ੁਦਾ ਹੈ। ਇਸੇ ਵਾਸਤੇ ਵਿਦਵਾਨ ਲੋਗ ਇਸਲਾਮ ਦੇ ਮਜ਼ਹਬ ਨੂੰ ਪਸੰਦ ਨਹੀਂ ਕਰਦੇ ॥ ੬੯ ॥

੭੦–ਨਿਸ਼ਚੇ ਤੁਹਾਡਾ ਮਾਲਿਕ ਅੱਲਾਹ ਹੈ ਜਿਸ ਨੇ ਆਸਮਾਨਾਂ ਅਰ

ਜ਼ਮੀਨ ਨੂੰ ਛੀਆਂ ਦਿਨਾਂ ਵਿਚ ਉਤਪੰਨ ਕੀਤਾ, ਫੇਰ ਆਰਾਮ ਪਾਇਆ ਅਰਸ਼ ਉੱਤੇ। ਦੀਨਤਾ ਨਾਲ ਅਪਨੇ ਮਾਲਿਕ ਨੂੰ ਪੁਕਾਰੇ ॥ ਮੰਜ਼ਲ ੨। ਸਿਪਾਰਾ ੮। ਸੂਰਤ ੭। ਆਯਤ ੫੪। ੫੪ ॥

(ਸਮੀਖਛਕ) ਭਲਾ ਜੋ ਛੀਆਂ ਦਿਨਾਂ ਵਿਚ ਜਗਤ ਨੂੰ ਬਨਾਵੇ (ਅਤਸ਼) ਅਰਥਾਤ ਉੱਪਰਦੇ ਆਕਾਸ਼ ਵਿਚ ਸਿੰਘਾਸਨ ਉੱਤੇ ਆਰਾਮ ਕਰੇ ਓਹ ਈਸ਼ੁਰ ਸਰਵਸ਼ਕਤੀਮਾਨ ਅਰ ਵਿਆਪਕ ਕਦੇ ਹੋ ਸਕਦਾ ਹੈ ? ਏਸ ਦੇ ਨਾ ਹੋਨ ਥੀਂ ਓਹ ਖ਼ੁਦਾ ਭੀ ਨਹੀਂ ਅਖਵਾ ਸਕਦਾ। ਕੀ ਤੁਹਾਡਾ ਖ਼ੁਦਾ ਛੋਰਾ ਹੈ ਜੋ ਹਾਕਾਂ ਮਾਰਨ ਨਾਲ ਸੁਨਦਾ ਹੈ ? ਇਹ ਸਭ ਗੱਲਾਂ ਅਨੀਸ਼ੁਰਕ੍ਰਿਤ ਹਨ। ਏਸਥੀਂ ਕੁਰਾਨ ਈਸ਼ੁਰ ਦਾ ਬਨਾਇਆ ਨਹੀਂ ਹੋਸਕਦਾ, ਜੇਕਰ ਛੀ ਦਿਨਾਂ ਵਿਚ ਜਗਤ ਬਨਾਇਆ, ਸੱਤਵੇਂ ਦਿਹਾੜੇ ਅਰਸ਼ ਉੱਤੇ ਆਰਾਮ ਕੀਤਾ ਤਾਂ ਥੱਕ ਭੀ ਗਿਆ ਹੋਵੇਗਾ, ਅਰ ਹੁਨ ਤਕ ਸੁੱਤਾ ਹੈ ਵਾ ਜਾਗਦਾ ਹੈ ? ਜੇਕਰ ਜਾਗ਼ਦਾ ਹੈ ਤਾਂ ਹੁਨ ਕੁਝ ਕੰਮ ਕਰਦਾ ਹੈ ਵਾ ਨਿਕੰਮਾ ਸੈਨ ਸਪੱਟਾ ਅਰ ਐਸ਼ ਮੌਜ ਕਰਦਾ ਫਿਰਦਾ ਹੈ॥ ੭੦ ॥

੭੧–ਮਤਫਿਰੋ ਪ੍ਰਿਥਿਵੀ ਉੱਤੇ ਝਗੜਾ ਕਰਦੇ ॥ ਮੰਃ ੨। ਸਿਃ ੮। ਸੂਃ ੭। ਆਯਤ ੭੩ ॥

(ਸਮੀਖਛਕ) ਇਹ ਬਾਤ ਤਾਂ ਚੰਗੀ ਹੈ ਪਰੰਤੂ ਏਸ ਤੋਂ ਉਲਟ ਦੂਜੀਆਂ ਥਾਵਾਂ ਵਿਚ ਜਹਾਦ ਕਰਨਾ ਅਰ ਕਾਫ਼ਰਾਂ ਨੂੰ ਮਾਰਨਾ ਭੀ ਲਿਖਿਆ ਹੈ, ਹੁਨ ਦੱਸੋ ਅਗਲੇ ਪਿਛਲੇ ਦਾ ਵਿਰੋਧ ਨਹੀਂ ਹੈ ? ਏਸ ਥੀਂ ਇਹ ਮਲੂਮ ਹੁੰਦਾ ਹੈ ਕਿ ਜਦ ਮੁਹੱਮਦਸਾਹਿਬ ਨਿਰਬਲ ਹੋਏ ਹੋਨਗੇ ਤਦ ਉਨ੍ਹਾਂ ਨੇ ਇਹ ਉਪਾਯ ਰਚਿਆ ਹੋਵੇਗਾ ਅਰ ਜਦ ਬਲਵਾਨ ਹੋਏ ਹੋਨਗੇ ਤਦ ਝਗੜਾ ਮਚਾਇਆ ਹੋਵੇਗਾ, ਏਸਲਈ ਇਹ ਬਾਤਾਂ ਇਕ ਦੂਜੇ ਦੇ ਵਿਰੁੱਧ ਹੋਨ ਕਰਕੇ ਦੋਨੋਂ ਸੱਚੀਆਂ ਨਹੀਂ ਹਨ ॥ ੭੧ ॥

੭੨–ਬੱਸ ਇੱਕ ਹੀ ਵਾਰ ਅਪਨਾ ਸੋਟਾ ਸੁੱਟ ਪਾਇਆ ਅਰ ਓਹ ਅਜਗਰ ਸੀ ਪ੍ਰਤਖਛ ॥ ਮੰਃ ੨। ਸਿਃ ੯। ਸੂਃ ੭। ਆਃ ੧੦੫ ॥

(ਸਮੀਖਛਕ) ਹੁਨ ਏਸ ਦੇ ਲਿਖਨ ਤੋਂ ਮਲੂਮ ਹੁੰਦਾ ਹੈ ਕਿ ਅਜੇਹੀਆਂ ਝੂਠੀਆਂ ਗੱਲਾਂ ਨੂੰ ਖ਼ੁਦਾ ਅਰ ਮੁਹੱਮਦ ਸਾਹਿਬ ਭੀ ਮੰਨਦੇ ਸਨ, ਜੇ ਈਕਨ ਹੈ ਤਾਂ ਇਹ ਦੋਨੋਂ ਵਿਦਵਾਨ ਨਹੀਂ ਸਨ। ਕਿਉਂਕਿ ਜੀਕਨ ਅੱਖ ਥੀਂ ਵੇਖਨੇ ਅਰ ਕੰਨ ਨਾਲ ਸੁਨਨੇ ਨੂੰ ਉਲਟਾ ਕੋਈ ਨਹੀਂ ਕਰ ਸੱਕਦਾ ਏਸ ਲਈ ਇਹ ਇੰਦ੍ਰਜਾਲ ਦੀਆਂ ਬਾਤਾਂ ਹਨ ॥ ੭੨ ॥

੭੩–ਬੱਸ ਅਸਾਂ ਨੇ ਉਸ ਉੱਤੇ ਮੀਂਹ ਦਾ ਤੂਫ਼ਾਨ ਭੇਜਿਆ, ਮਕੜੀ, ਚਿਚੜੀ ਅਰ ਡੱਡੂ ਅਰ ਲਹੂ। ਬੱਸ ਉਨ੍ਹਾਂ ਥੀਂ ਅਸਾਂ ਨੇ ਬਦਲਾ ਲੀਤਾ, ਅਰ ਉਨ੍ਹਾਂ ਨੂੰ ਡੁਬਾ ਦਿਤਾ ਦਰਯਾ ਵਿਚ। ਅਰ ਅਸਾਂ ਨੇ ਬਨੀ ਇਸਰਾਈਲ

Generated by CamScanner from intsig.com

ਨੂੰ ਦਰਯਾ ਥੀਂ ਪਾਰ ਉਤਾਰ ਦਿੱਤਾ। ਨਿਸ਼ਚੇ ਓਹ ਦੀਨ ਝੂਠਾ ਹੈ ਕਿ ਜਿਸ ਵਿੱਚ ਹਨ ਅਰ ਉਨ੍ਹਾਂ ਦਾ ਕਾਰਯ ਭੀ ਝੂਠਾ ਹੈ॥ ਮੰਃ ੨। ਸਿਃ ੯। ਸੂਃ ੭। ਆਯਤ ੧੩੦। ੧੩੩। ੧੩੭। ੧੩੯॥

(ਸਮੀਖਛਕ) ਹੁਨ ਵੇਖੀਏ ਜੀਕਨ ਕੋਈ ਪਾਖੰਡੀ ਕਿਸੇ ਨੂੰ ਡਰਪਾਵੇ ਕਿ ਅਸੀਂ ਤੇਰੇ ਉੱਤੇ ਸੱਪਾਂ ਨੂੰ ਮਾਰਨ ਦੇ ਲਈ ਭੇਜਾਂਗੇ ਈਕਨ ਇਹ ਭੀ ਬਾਤਹੈ। ਭਲਾ ਜੋ ਅਜੇਹਾ ਪਖਛਪਾਤੀ ਕਿ ਇਕ ਜਾਤੀ ਨੂੰ ਡੁਬਾ ਦੇਵੇ ਅਰ ਦੂਜੇ ਨੂੰ ਪਾਰ ਉਤਾਰੇ ਓਹ ਅਧਰਮੀ ਖ਼ੁਦਾ ਕਿਉਂ ਨਹੀਂ ? ਜੋ ਦੂਜੇਆਂ ਮਤਾਂ ਨੂੰ ਕਿ ਜਿਸ ਵਿਚ ਹਜ਼ਾਰਾਂ ਕ੍ਰੋੜਾਂ ਮਨੁਸ਼ ਹੋਨ ਝੂਠਾ ਦੱਸੇ ਅਰ ਅਪਨੇ ਨੂੰ ਸੱਚਾ ਉਸ ਥੀਂ ਪਰੇ ਝੂਠਾ ਦੂਜਾ ਮਤ ਕੌਨ ਹੋਸਕਦਾ ਹੈ ? ਕਿਉਂਕਿ ਕਿਸੇ ਮਤ ਵਿਚ ਸਬ ਮਨੁਸ਼ ਬੁਰੇ ਅਰ ਭਲੇ ਨਹੀਂ ਹੋਸੱਕਦੇ, ਇਹ ਇੱਕਤਰਫੀ ਡਿਗਰੀ ਕਰਨਾ ਮਹਾਮੂਰਖਾਂ ਦਾ ਮਤ ਹੈ। ਕੀ ਤੌਰੇਤ ਜ਼ਬੂਰ ਦਾ ਦੀਨ ਜੋ ਕਿ ਉਨ੍ਹਾਂ ਦਾ ਸੀ, ਝੂਠਾ ਹੋਗਿਆ ? ਵਾ ਉਨ੍ਹਾਂ ਦਾ ਕੋਈ ਹੋਰ ਮਜ਼ਹਬ ਸੀ ਕਿ ਜਿਸ ਨੂੰ ਝੂਠਾ ਕਿਹਾ, ਅਰ ਜੇ ਓਹ ਹੋਰ ਮਜ਼ਹਬ ਸੀ ਤਾਂ ਕਿਹੜਾ ਸੀ ਦੱਸੋ ਕਿ ਜਿਸਦਾ ਨਾਮ ਕੁਰਾਨ ਵਿਚ ਹੋਵੇ॥ ੭੩॥

੭੪–ਬੱਸ ਤੈਨੂੰ ਅਲਬੱਤਾ ਵੇਖ ਸੱਕੇਗਾ ਜਦ ਪ੍ਰਕਾਸ਼ ਕੀਤਾ ਉਸਦੇ ਮਾਲਿਕ ਨੇ ਪਹਾੜ ਦੀ ਤਰਫ਼ ਉਸਨੂੰ ਪ੍ਰਮਾਣੂ ਪ੍ਰਮਾਣੂ ਕੀਤਾ ਡਿੱਗ ਪਿਆ ਮੂਸਾ ਬਿਹੋਸ਼॥ ਮੰਃ ੨। ਸਿਃ ੯। ਸੂਃ ੭। ਆਃ ੧੪੨॥

(ਸਮੀਖਛਕ) ਜੋ ਵੇਖਨ ਵਿੱਚ ਆਉਂਦਾ ਹੈ ਓਹ ਵਿਆਪਕ ਨਹੀਂ ਹੋ ਸਕਦਾ, ਅਰ ਅਜੇਹੇ ਚਮਤਕਾਰ ਕਰਦਾ ਫਿਰਦਾ ਸੀ ਤਾਂ ਖ਼ੁਦਾ ਏਸ ਵੇਲੇ ਅਜੇਹੇ ਚਮਤਕਾਰ ਕਿਸੇ ਨੂੰ ਕਿਉਂ ਨਹੀਂ ਵਿਖਾਂਦਾ ? ਸਰਵਥਾ ਵਿਰੁੱਧ ਹੋਨ ਕਰਕੇ ਇਹ ਬਾਤ ਮੰਨਨ ਯੋਗ ਨਹੀਂ॥ ੭੪॥

੭੫–ਅਰ ਅਪਨੇ ਮਾਲਿਕ ਨੂੰ ਦੀਨਤਾ ਡਰ ਥੀਂ ਮਨ ਵਿਚ ਯਾਦ ਕਰ ਹੌਲੀ ਆਵਾਜ਼ ਨਾਲ ਸਵੇਰੇ ਅਰ ਤ੍ਰਕਾਲਾਂ ਵੇਲੇ॥ ਮੰਃ ੨। ਸਿਃ ੯। ਸੂਰਤ ੭। ਆਯਤ ੨੦੪॥

(ਸਮੀਖਛਕ) ਕਿਦੇ ਕਿਦੇ ਕੁਰਾਨ ਵਿਚ ਲਿਖਿਆ ਹੈ ਕਿ ਉੱਚੀ ਆਵਾਜ਼ ਨਾਲ ਅਪਨੇ ਮਾਲਿਕ ਨੂੰ ਪੁਕਾਰ, ਅਰ ਕਿਦੇ ਕਿਦੇ ਹੌਲੀ ਹੌਲੀ ਈਸ਼ੂਰ ਦਾ ਸਿਮਰਣ ਕਰ, ਹੁਨ ਦੱਸੋ ਕੇਹੜੀ ਗੱਲ ਸੱਚੀ ਹੈ ? ਅਰ ਕੇਹੜੀ ਝੂਠੀ ? ਜੋ ਇੱਕ ਬਾਤ ਦੂਜੀ ਬਾਤਦੇ ਵਿਰੁੱਧ ਹੁੰਦੀ ਹੈ ਓਹ ਸੁਦਾਈਆਂ ਦੀਆਂ ਗੱਲਾਂ ਦੀ ਨਿਆਈਂ ਹੁੰਦੀਹੈ। ਜੇਕਰ ਕੋਈ ਗੱਲ ਭਰਮਨਾਲ ਵਿਰੁੱਧ ਨਿਕਲ ਜਾਵੇ ਉਸਨੂੰ ਮੰਨਲੌ ਤਾਂ ਕੁਝ ਚਿੰਤਾ ਨਹੀਂ॥ ੭੫॥

੭੬–ਪ੍ਰਸ਼ਨ ਕਰਦੇ ਹਨ ਤੈਨੂੰ ਲੁਟਦਾ ਕਹੋ ਲੁਟਨ ਵਾਸਤੇ ਅੱਲਾਹ ਦੇ ਅਰ ਰਸੂਲਦੇ ਅਰ ਡਰੋ ਅੱਲਾਹ ਥੀਂ॥ ਮੰਃ ੨। ਸਿਃ੯। ਸੂਃ ੯। ਆਃ੧॥

Generated by CamScanner from intsig.com

(ਸਮੀਖਛਕ) ਜੋ ਲੁੱਟ ਮਚਾਨ, ਡਾਕੂ ਦੇ ਕੰਮ ਕਰਨ, ਕਰਾਨ ਅਰ ਖ਼ੁਦਾ ਤਥਾ ਪੈਗੰਬਰ ਅਰ ਈਮਾਨਦਾਰ ਭੀ ਬਨਨ ਇਹ ਵੱਡੇ ਆਸ਼ਚਰਯਦੀ ਬਾਤ ਹੈ. ਅਰ ਅੱਲਾਹ ਦਾ ਡਰ ਦੱਸਦੇ ਅਰ ਡਾਕਾ ਆਦੀ ਭੈੜੇ ਕੰਮ ਭੀ ਕਰਦੇ ਜਾਨ, ਅਰ ਉੱਤਮ ਮਤ ਸਾਡਾ ਹੈ ਕਹਿੰਦੇਆਂ ਲੱਜਿਆ ਭੀ ਨਹੀਂ,ਹਠ ਛੱਡਕੇ ਸੱਚੇ ਵੇਦਮਤਦਾ ਗ੍ਰਹਣ ਨਾ ਕਰਨ ਏਸਤੋਂ ਵਧੀਕ ਕੋਈ ਬੁਰਿਆਈ ਦੂਜੀ ਹੋਵੇਗੀ ? ॥ ੭੬ ॥

੭੭–ਅਰ ਕੱਟੋ ਜੜ੍ਹ ਕਾਫ਼ਰਾਂਦੀ ਮੈਂ ਤੁਹਾਨੂੰ ਸਹਾਇਤਾ ਦੇਵਾਂਗਾ ਨਾਲ ਹਜ਼ਾਰ ਫਰਿਸ਼ਤਿਆਂ ਦੇ ਪਿੱਛੇ ਪਿੱਛੇ ਆਉਨ ਵਾਲੇ। ਜ਼ਰੂਰ ਮੈਂ ਕਾਫ਼ਰਾਂ ਦੇ ਦਿਲਾਂ ਵਿਚ ਡਰ ਪਾਵਾਂਗਾ,ਬੱਸ ਮਾਰੋ ਉੱਪਰ ਗਰਦਨਾਂਦੇ ਮਾਰੋ ਉਨ੍ਹਾਂਵਿਚੋਂ ਹਰਇਕ ਗੀਢ ਉੱਤੇ ॥ ਮੰਃ ੨ । ਸ਼ਿਃ ੯ । ਸੂਃ ੮ । ਆਃ ੭ । ੯ । ੧੨ ॥

(ਸਮੀਖਛਕ) ਵਾਹਜੀ ਵਾਹ ! ਕਿਹਾ ਖ਼ੁਦਾ ਅਰ ਕਿਹੇ ਪੈਗੰਬਰ ਦਇਆ ਹੀਨ ਜੋ ਮੁਸਲਮਾਨੀ ਮਤਥੀਂ ਭਿੰਨ ਕਾਫ਼ਰਾਂ ਦੀ ਜੜ੍ਹ ਕਟਵਾਵੇ ਅਰ ਖ਼ੁਦਾ ਆਗਿਆ ਦੇਵੇ ਉਨ੍ਹਾਂ ਦੀਆਂ ਗਰਦਨਾਂ ਮਾਰੋ ਅਰ ਹੱਥ ਪੈਰ ਦੇ ਜੋੜਾਂ ਨੂੰ ਕੱਟਨਦੀ ਸਹਾਇਤਾ ਅਰ ਸਲਾਹ ਦੇਵੇ, ਅਜੇਹਾ ਖ਼ੁਦਾ ਰਾਵਣ ਤੋਂ ਕੀ ਦੁਸ਼ ਘੱਟ ਹੈ ? ਇਹ ਸਬ ਪ੍ਰਪੰਚ ਕੁਰਾਨ ਦੇ ਬਨਾਨਵਾਲੇ ਦਾ ਹੈ ਖ਼ੁਦਾ ਦਾ ਨਹੀਂ ? ਜੇਕਰ ਖ਼ੁਦਾ ਦਾ ਹੋਵੇ ਤਾਂ ਅਜੇਹਾ ਖ਼ੁਦਾ ਸਾਡੇ ਕੋਲੋਂ ਪਰੇ ਅਰ ਅਸੀਂ ਉਸਤੋਂ ਪਰੇ ਰਹੀਏ ॥ ੭੭ ॥

੭੮–ਅੱਲਾਹ ਮੁਸਲਮਾਨਾਂਦੇ ਨਾਲ ਹੈ। ਹੇ ਲੋਗੋ ਜੋ ਈਮਾਨ ਲਿਆਏ ਹੋ ਹਾਕਾਂ ਮਾਰਨੀਆਂ ਮਨਜ਼ੂਰ ਕਰੋ ਵਾਸਤੇ ਅੱਲਾਹ ਦੇ, ਅਰ ਵਾਸਤੇ ਰਸੂਲ ਦੇ। ਹੇ ਲੋਗੋ ਜੋ ਈਮਾਨ ਲਿਆਏਹੋ ਮਤ ਚੋਰੀ ਕਰੋ ਅੱਲਾਹ ਦੀ, ਰਸੂਲ ਦੀ, ਅਰ ਮਤ ਚੋਰੀ ਕਰੋ ਅਮਾਨਤ ਅਪਨੀ ਦੀ। ਅਰ ਮਕਰ ਕਰਦਾ ਸੋ ਅੱਲਾਹ ਅਰ ਅੱਲਾਹ ਚੰਗਾ ਮਕਰ ਕਰਨ ਵਾਲਿਆਂ ਦਾ ਹੈ ॥ ਮੰਜ਼ਲ ੨ । ਸਿਪਾਰਾ ੯। ਸੂਰਤ ੮। ਆਯਤ ੧੯ । ੨੫ । ੨੭ । ੩੦ ॥

(ਸਮੀਖਛਕ) ਕੀ ਅੱਲਾਹ ਮੁਸਲਮਾਨਾਂ ਦਾ ਪਖਛਪਾਤੀ ਹੈ? ਜੇ ਏਸ ਤਰਾਂ ਦਾ ਹੈ ਤਾਂ ਅਧਰਮ ਕਰਦਾ ਹੈ, ਨਹੀਂ ਤਾ ਈਸ਼ੁਰ ਸਬ ਸ੍ਰਿਸ਼ਟੀ ਭਰਦਾ ਹੈ। ਕੀ ਖ਼ੁਦਾ ਬਿਨਾ ਹਾਕਾਂ ਮਾਰਿਆਂ ਨਹੀਂ ਸੁਨ ਸੱਕਦਾ? ਭੋਰਾ ਹੈ ? ਅਰ ਉਸਦੇ ਨਾਲ ਰਸੂਲ ਨੂੰ ਭਾਈਵਾਲ ਕਰਨਾ ਬਹੁਤ ਬੁਰੀ ਬਾਤ ਨਹ.ਂ ਹੈ ? ਅੱਲਾਹ ਦਾ ਕਿਹੜਾ ਖ਼ਜ਼ਾਨਾ ਭਰਿਆ ਹੈ ਜੋ ਚੋਰੀ ਕਰੇਗਾ ? ਕੀ ਰਸੂਲ ਅਰ ਅਪਨੀ ਅਮਾਨਤ ਦੀ ਚੋਰੀ ਛੱਡਕੇ ਹੋਰ ਸਬ ਦੀ ਚੋਰੀ ਕੀਤਾ ਕਰੇ ? ਅਜੇਹਾ ਉਪਦੇਸ਼ ਅਵਿਦਵਾਨ ਅਰ ਅਧਰਮੀਆਂ ਦਾ ਹੋ ਸਕਦਾ ਹੈ । ਭਲਾ ਜੋ ਮਕਰ ਕਰਦਾ ਅਰ ਜੋ ਮਕਰ ਕਰਨ ਵਾਲਿਆਂ ਦਾ ਸੰਗੀ ਹੈ ਓਹ ਖ਼ੁਦਾ ਕਪਟੀ, ਛਲੀ ਅਰ ਅਧਰਮੀ ਕਿਉਂਨਹੀਂ ? ਏਸ ਲਈ ਇਹ ਕੁਰਾਨ ਖ਼ੁਦਾ

Generated by CamScanner from intsig.com

ਦਾ ਬਨਾਇਆ ਹੋਇਆ ਨਹੀਂ ਹੈ । ਕਿਸੇ ਕਪਟੀ ਛਲੀ ਦਾ ਬਨਾਇਆ ਹੋਵੇਗਾ,ਨਹੀਂਤਾਂ ਅਜੇਹੀਆਂ ਉਲਟੀਆਂ ਬਾਤਾਂ ਲਿਖੀਆਂਕਿਉਂ ਹੁੰਦੀਆਂ॥੭੮॥

੭੯–ਅਰ ਲੜੋ ਉਸ ਨਾਲ ਏੱਥੋਂ ਤਕ ਕਿ ਨਾ ਰਹੇ ਫਿੱਤਨਾਅਰਥਾਤ ਬਲ ਕਾਫਰਾਂ ਦਾ ਅਰ ਹੋਵੇ ਦੀਨ ਤਮਾਮ ਵਾਸਤੇ ਅੱਲਾਹ ਦੇ ਅਰ ਜਾਨੋ ਤੁਸੀਂ ਇਹ ਕਿ ਜੋ ਕੁਝ ਤੁਸੀਂ ਲੁੱਟੋ ਕਿਸੇ ਵਸਤੂ ਥੀਂ ਨਿਸ਼ਚੇ ਵਾਸਤੇ ਅੱਲਾਹ ਦੇ ਹੈ ਪੰਜਵਾਂ ਹਿੱਸਾ ਉਸਦਾ ਅਰ ਵਾਸਤੇ ਰਸੂਲ ਦੇ॥ ਮੰਜ਼ਲ ੨। ਸਿਪਾਰਾ ੯। ਸੂਰਤ ੮। ਆਯਤ ੩੯। ੪੧॥

(ਸਮੀਖਛਕ) ਅਜੇਹੇ ਅਨਿਆਯ ਨਾਲ ਲੜਨ ਲੜਾਨ ਵਾਲਾ ਮੁਸਲਮਾਨਾਂ ਦੇ ਖੁਦਾ ਥੀਂ ਭਿੰਨ ਸ਼ਾਂਤੀ ਭੰਗ ਕਰਨਵਾਲਾ ਦੂਜਾ ਕੌਨ ਹੋਵੇਗਾ? ਹੁਨ ਵੇਖੋ ! ਇਹ ਮਜ਼ਹਬ ਕਿ ਅੱਲਾਹ ਅਰ ਰਸੂਲ ਦੇ ਵਾਸਤੇ ਸਬ ਜਗਤ ਨੂੰ ਲੁੱਟਨਾ ਲੁਟਵਾਨਾ ਲੁਟੇਰਿਆਂ ਦਾ ਕੰਮ ਨਹੀਂ ਹੈ? ਅਰ ਲੁੱਟਦੇ ਮਾਲ ਵਿਚ ਖੁਦਾ ਦਾ ਹਿੱਸੇਦਾਰਬਨਨਾਜਾਨੋ ਡਾਕੂ ਬਨਨਾ ਹੈ,ਅਰ ਅਜੇਹੇ ਲੁਟੇਰਿਆਂ ਦਾ ਪਖਛਪਾਤੀ ਬਨਨਾ ਖੁਦਾ ਆਪਨੀ ਖੁਦਾਈ ਵਿਚ ਵੱਟਾ ਲਗਾਂਦਾ ਹੈ । ਬੜੇ ਆਸ਼ਚਰਯ ਦੀ ਬਾਤ ਹੈ ਕਿ ਅਜੇਹਾ ਰੂੰਥ, ਅਜੇਹਾ ਖੁਦਾ ਅਰ ਅਜੇਹੇ ਪੈਗੰਬਰ ਸੰਸਾਰ ਵਿਚ ਅਜੇਹੀ ਉਪਾਧੀ ਅਰ ਸ਼ਾਂਤੀ ਭੰਗ ਕਰਕੇ ਮਨੁਸ਼ਾਂ ਨੂੰ ਦੁੱਖ ਦੇਨ ਦੇ ਲਈ ਕਿੱਥੋਂ ਆਇਆ ? ਜੇ ਅਜੇਹੇ ਅਜੇਹੇ ਮਤ ਜਗਤ ਵਿਚ ਪ੍ਰਚਲਿਤ ਨਾ ਹੁੰਦੇ ਤਾਂ ਸਬ ਜਗਤ ਆਨੰਦ ਵਿਚ ਬਨਿਆ ਰਹਿੰਦਾ ॥ ੭੯ ॥

੮੦–ਅਰ ਕਦੀ ਵੇਖੋ ਜਦ ਕਾਫਰਾਂ ਨੂੰ ਫਰਿਸ਼ਤੇ ਕਬਜ਼ ਕਰਦੇ ਹਨ ਮਾਰਦੇ ਹਨ ਮੂੰਹ ਉਨ੍ਹਾਂ ਦੇ ਅਰ ਪਿੱਠਾਂ ਉਨ੍ਹਾਂ ਦੀਆਂ ਅਰ ਕਹਿੰਦੇ ਚੱਖੋ ਦੁੱਖ ਸੜਨ ਦਾ। ਅਸਾਂ ਨੇ ਉਨ੍ਹਾਂ ਦੇ ਪਾਪ ਥੀਂ ਉਨ੍ਹਾਂਨੂੰ ਮਾਰਿਆ, ਅਤ ਅਸਾਂ ਨੇ 'ਫਿਰਅਉਨ' ਦੀ ਕੌਮ ਨੂੰ ਡੁਬਾ ਦਿੱਤਾ । ਅਰ ਤਿਆਰੀ ਕਰੋ ਵਾਸਤੇ ਉਨ੍ਹਾਂ ਦੇ ਜੋ ਕੁਝ ਤੁਸੀਂ ਕਰਸੱਕੋ ॥ ਮੰਃ ੨। ਸਿਃ ੯। ਸੂਃ ੮। ਆਃ ੫੦।੫੪। ੫੯ ॥

(ਸਮੀਖਛਕ) ਕਿਉਂਜੀ ਅੱਜਕੱਲ ਰੂਸ ਨੇ ਰੂਮ ਆਦੀ ਅਰ ਇੰਗਲੈਂਡ ਨੇ ਮਿਸਰ ਦੀ ਦੁਰਦਸ਼ਾ ਕਰ ਸੁਟੀ ਫਰਿਸ਼ਤੇ ਕਿੱਥੇ ਸੌਂ ਗਏ ? ਅਰ ਅਪਨੇ ਸੇਵਕਾਂ ਦੇ ਵੈਰੀਆਂ ਨੂੰ ਖੁਦਾ ਪਹਲੇ ਮਾਰਦਾ ਡੁਬਾਂਦਾ ਸੀ, ਜੇ ਇਹ ਬਾਤ ਸੱਚੀ ਹੋਵੇ ਤਾਂ ਅੱਜਕੱਲ ਭੀ ਅਜੇਹਾ ਕਰਨ, ਜਿਸਥੀਂ ਅਜੇਹਾ ਨਹੀਂ ਹੁੰਦਾ ਏਸਲਈ ਇਹ ਬਾਤ ਮੰਨਨ ਯੋਗ ਨਹੀਂ । ਹੁਨ ਵੇਖੋ ਇਹ ਕਿਹੀ ਬੁਰੀ ਆਗਿਆ ਹੈ ਕਿ ਜੋ ਕੁਝ ਤੁਸੀਂ ਕਰ ਸੱਕੋ ਓਹ ਭਿੰਨ ਮਤ ਵਾਲਿਆਂ ਦੇ ਲਈ ਦੁੱਖਦਾਇਕ ਕਰਮ ਕਰੋ । ਅਜੇਹੀ ਆਗਿਆ ਵਿਦਵਾਨ ਅਰ ਧਰਮਾਤਮਾ ਦਇਆਵਾਨ ਦੀ ਨਹੀਂ ਹੋ ਸੱਕਦੀ । ਫੇਰ ਲਿਖਦੇਹਨ ਕਿ ਖੁਦਾ ਦਇਆਲੂ ਅਰ ਨਿਆਯ-ਕਾਰੀ ਹੈ ਅਜੇਹੀਆਂ ਬਾਤਾਂ ਥੀਂ ਮੁਸਲਮਾਨਾਂ ਦੇ ਖੁਦਾ ਥੀਂ ਨਿਆਯ ਅਰ ਦਇਆ ਆਦੀ ਦੈਵੀ ਗੁਣ ਦੂਰ ਵੱਸਦੇ ਹਨ ॥ ੮੦ ॥

Generated by CamScanner from intsig.com

੯੧–ਹੇ ਨਬੀ ਬਚਤ ਹੈ ਤੈਨੂੰ ਅੱਲਾਹ ਅਰ ਉਨ੍ਹਾਂਨੂੰ ਜਿਨ੍ਹਾਂ ਨੇ ਮੁਸਲਮਾਨਾਂ ਨਾਲ ਤੇਰਾ ਪਖਛ ਕੀਤਾ, ਹੇ ਨਬੀ ਰਕਾਬਤ ਅਰਥਾਤ ਚਾਹਤਸਕਾ ਦੇਹ ਮੁਸਲਮਾਨਾਂ ਨੂੰ ਉੱਪਰ ਲੜਾਈ ਦੇ ਜੋ ਹੋਨ ਤੁਹਾਡੇ ਵਿਚੋਂਵੀਹ ਆਦਮੀ ਸੰਤੋਸ਼ ਕਰਨਵਾਲੇ ਤਾਂ ਜਿੱਤਨ ਦੋ ਸੌਨੂੰ। ਬੱਸ ਖਾਓ ਉਸ ਵਸਤੂ ਥੀਂ ਕਿ ਲੁੱਟੀ ਹੈ ਤੁਸਾਂਨੇ ਹਲਾਲ ਪਵਿਤ੍ਰ, ਅਰ ਡਰੋ ਅੱਲਾਹ ਥੀਂ ਓਹ ਖਛਮਾ ਕਰਨਵਾਲਾ ਦਇਆਲੂ ਹੈ॥ ਮੰਜ਼ਲ ੨। ਸਿਪਾਰਾ ੧੦। ਸੂਰਤ ੮। ਆਯਤ ੬੩।੬੪।੬੮॥

(ਸਮੀਖਛਕ) ਭਲਾ ਇਹ ਕਿਹੜੇ ਨਿਆਯ ਵਿਦਵੱਤਾ ਅਰ ਧਰਮ ਦੀ ਬਾਤ ਹੈ ਕਿਜੋਅਪਨਾਪਖਛ ਕਰੇ ਅਰ ਭਾਵੇਂ ਅਨਿਆਯ ਭੀਕਰੇ ਉੱਸਦਾਪਖਛ ਅਰ ਲਾਭ ਪੁਚਾਵੇ, ਅਰ ਜੋ ਪ੍ਰਜਾ ਵਿਚ ਸ਼ਾਂਤੀ ਭੰਗ ਕਰਕੇ ਲੜਾਈ ਕਰ ਕਰਾਵੇ ਅਰ ਲੁੱਟ ਮਾਰਦੇ ਪਦਾਰਥਾਂ ਨੂੰ ਹਲਾਲ ਦੱਸੇ ਅਰ ਫੇਰ ਉਸਦਾ ਨਾਮ ਖਛਮਾਵਾਨ ਦਇਆਲੂ ਲਿਖੇ ਇਹ ਬਾਤ ਖੁਦਾਦੀ ਤਾਂ ਕੀ ਕਿੰਤੂ ਕਿਸੇ ਭਲੇ ਆਦਮੀ ਦੀ ਭੀ ਨਹੀਂ ਹੋ ਸਕਦੀ। ਅਜੇਹੀਆਂ ਅਜੇਹੀਆਂ ਬਾਤਾਂ ਕਰਕੇ ਕੁਰਾਨ ਈਸ਼ੂਰ ਦਾ ਵਾਕ ਕਦੀ ਨਹੀਂ ਹੋ ਸਕਦਾ॥ ੯੧॥

੯੨–ਸਦਾ ਰਹਨਗੇ ਵਿਚ ਉਸਦੇ ਅੱਲਾਹ ਕੋਲਹੇ ਉਸਦੇ ਪੁੰਨ ਵਡਾ॥ ਹੇ ਲੋਗੋ ਜੇ ਈਮਾਨ ਲਿਆਏ ਹੋ ਮਤ ਪਕੜੋ ਪਿਵਾਂ ਅਪਨੇਆਂ ਨੂੰ, ਅਰ ਭਰਾਵਾਂ ਅਪਨੇਆਨੂੰ,ਮਿਤ੍ਰ ਜੋ ਧਾਰ ਰੱਖਨ ਕੁਫਰਨੂੰ ਉੱਪਰ ਈਮਾਨ ਦੇ॥ ਫੇਰ ਉਤਾਰੀ ਅੱਲਾਹ ਨੇ ਤਸੱਲੀ ਅਪਨੀ ਉੱਪਰ ਰਸੂਲ ਅਪਨੇ ਦੇ ਅਰ ਉੱਪਰ ਮੁਸਲਮਾਨਾਂ ਦੇ ਅਰ ਉਤਾਰੇ ਲਸ਼ਕਰ ਨਹੀਂ ਦੇਖਿਆ ਤੁਸਾਂ ਨੇ ਉਨਾਂ ਨੂੰ ਅਰ ਪੀੜਾ ਦਿੱਤੀ ਉਨਾਂ ਲੋਗਾਂ ਨੂੰ ਅਰ ਟਿਹੋ ਦੇਂਦ ਹੈ ਕਾਫਰਾਂ ਨੂੰ। ਫੇਰ ਫੇਰ ਆਵੇਗਾ ਅੱਲਾਹ ਪਿਛੇ ਉਸ ਦੇ ਉੱਪਰ। ਅਰ ਲੜਾਈ ਕਰੋ ਉਨਾਂ ਲੋਗਾਂ ਨਾਲ ਜੋ ਈਮਾਨ ਨਹੀਂ ਲਿਆਉਂਦੇ॥ ਮੰਜ਼ਲ ੨। ਸਿਪਾਰਾ ੧੦। ਸੂਰਤ ੯। ਆਯਤ ੨੧। ੨। ੨੫। ੨੬। ੨੯॥

(ਸਮੀਖਛਕ) ਭਲਾ ਜੇ ਬਹਿਸ਼ਤ ਵਾਲਿਆਂ ਦੇ ਕੋਲ ਅੱਲਾਹ ਰਹਿੰਦਾ ਹੈ ਤਾਂ ਸਰਵਵਿਆਪਕ ਕਿਸਤਰਾਂ ਨਾਲ ਹੋ ਸੱਕਦਾ ਹੈ? ਜੇ ਸਰਵਵਿਆਪਕ ਨਹੀਂ ਤਾਂ ਸ੍ਰਿਸ਼ਟੀ ਕਰਤਾ ਅਰ ਨਿਆਯ ਦੇ ਕਰਨ ਵਾਲਾ ਨਹੀਂ ਹੋ ਸੱਕਦਾ, ਅਰ ਅਪਨੇ ਮਾਤਾ, ਪਿਤਾ, ਭ੍ਰਾਤਾ ਅਰ ਮਿਤ੍ਰ ਨੂੰ ਛੁਡਵਾਨਾ ਨਿਰੇ ਅਨਿਆਯ ਦੀ ਬਾਤ ਹੈ। ਹਾਂ ਜੋ ਓਹ ਬੁਰਾ ਉਪਦੇਸ਼ ਕਰਨ ਨਾ ਮੰਨਨਾ। ਪਰੰਤੂ ਉਨ੍ਹਾਂ ਦੀ ਸੇਵਾ ਸਦਾ ਕਰਨੀ ਚਾਹੀਏ। ਜੇ ਪਹਿਲੇ ਖੁਦਾ ਮੁਸਲਮਾਨਾਂ ਉੱਤੇ ਰਾਜ਼ੀ ਸੀ ਅਰ ਉਨ੍ਹਾਂ ਦੀ ਸਹਾਇਤਾ ਵਾਸਤੇ ਲਸ਼ਕਰ ਉਤਾਰਦਾ ਸੀ ਇਹ ਗੱਲ ਸੱਚ ਹੋਵੇ ਤਾਂ ਹੁਨ ਅਜੇਹਾ ਕਿਉਂ ਨਹੀਂ ਕਰਦਾ? ਅਰ ਜੋ ਪਹਿਲੋਂ ਕਾਫਰਾਂ ਨੂੰ ਦੇਂਦ ਦਿੰਦਾ ਅਰ ਫੇਰ ਉਨ੍ਹਾਂ ਦੇ ਉੱਪਰ ਆਉਂਦਾ ਸੀ ਤਾਂ ਹੁਨ ਕਿੱਥੇ ਗਿਆ? ਕੀ ਬਿਨਾ ਲੜਾਈ ਦੇ ਈਮਾਨ ਖੁਦਾ ਨਹੀਂ ਬਨਾ ਸੱਕਦਾ? ਅਜੇਹੇ ਖੁਦਾ ਨੂੰ ਸਾਡੇ

Generated by CamScanner from intsig.com

ਵੱਲੋਂ ਸਦਾ ਤਿਲਾਂਜਲੀ ਹੈ ਖ਼ੁਦਾ ਕੀ ਹੈ ਟਿਕ ਖਿਡਾਰੂ ਹੈ ॥ ੮੨ ॥

੮੨–ਅਰ ਅਸੀਂ ਵਾਟ ਦੇਖਨ ਵਾਲ਼ੇ ਹਾਂ ਵਾਸਤੇ ਤੁਹਾਡੇ ਇਹ ਕਿ ਪੁਚਾਵੇ ਤੁਹਾਨੂੰ ਅੱਲਾਹ ਪੀੜਾ ਅਪਨੇ ਪਾਸ ਥੀਂ ਵਾ ਸਾਡੇ ਹੱਥਾਂ ਥੀਂ॥ ਮੰਜ਼ਲ੨। ਸਿਪਾਰਾ ੧੦। ਸੂਰਤ ੯। ਆਯਤ ੫੨ ॥

(ਸਮੀਖਛਕ) ਕੀ ਮੁਸਲਮਾਨ ਹੀ ਈਸ਼ੁਰ ਦੀ 'ਪੁਲਸ' ਬਨਗਏਹਨ? ਕਿ ਆਪ ਨੇ ਹੱਥੋਂ ਵਾ ਮੁਸਲਮਾਨਾਂ ਦੇ ਹੱਥੋਂ ਹੋਰ ਕਿਸੇ ਮਤ ਵਾਲਿਆਂਨੂੰ ਪਕੜਾ ਦਿੰਦਾਹੈ ? ਕੀ ਦੂਜੇ ਕੋੜਾਂ ਮਨੁਸ਼ ਈਸ਼ੁਰ ਨੂੰ ਪਿਆਰੇ ਨਹੀਂ ? ਮੁਸਲਮਾਨਾਂ ਵਿਚ ਪਾਪੀ ਭੀ ਪਿਆਰੇ ਹਨ ? ਜੇਕਰ ਅਜੇਹਾ ਹੈ ਤਾਂ ਅੰਧੇਰਨਗਰੀ ਗਬਰ ਗੰਡ ਰਾਜਾ ਦੀ ਵਿਵਸਥਾ ਨਜ਼ਰ ਆਉਂਦੀ ਹੈ। ਆਸ਼ਚਰਯ ਹੈ ਕਿ ਜੋ ਬੁਧਵਾਨ ਮੁਸਲਮਾਨ ਹਨ ਉਹਭੀ ਏਸ ਨਿਰਮੂਲ ਪੋਲੇ ਮਤ ਨੂੰ ਮੰਨਦੇ ਹਨ ॥ ੮੩ ॥

੮੪–ਪ੍ਰਤਿਗਿਆ ਕੀਤੀ ਹੈ ਅੱਲਾਹ ਨੇ ਈਮਾਨ ਵਾਲਿਆਂਨਾਲ, ਅਰ ਈਮਾਨ ਵਾਲਿਆਂ ਦੇ ਵਾਸਤੇ ਸੁਰਗ ਹਨ, ਚਲਦੀਆਂ ਹਨ ਹੇਠਾਂ ਉਨ੍ਹਾਂ ਦੇ ਨਹਰਾਂ ਸਦਾ ਰਹਨ ਵਾਲੀਆਂ ਵਿਚ ਉਸਦੇ ਅਰ ਘਰ ਪਵਿਤ੍ਰ ਸੁਰਗ 'ਅਦਨ' ਦੇ ਅਰ ਪ੍ਰਸੰਨਤਾ ਅੱਲਾਹ ਦੀ ਅਰ ਵੱਡੀ ਹੈ, ਅਰ ਇਹ ਕਿ ਓਹ ਹੈ ਮੁਰਾਦ ਪਾਨਾ ਵੱਡਾ। ਬੱਸ ਠੱਠਾ ਕਰਦੇ ਹਨ ਉਨ੍ਹਾਂ ਨਾਲ, ਠੱਠਾ ਕੀਤਾ ਅੱਲਾਹ ਨੇ ਉਨ੍ਹਾਂ ਨਾਲ ॥ ਮੰਜ਼ਲ ੨। ਸਿਪਾਰਾ ੧੦। ਸੂਰਤ ੯। ਆਯਤ ੭੨। ੮੦ ॥

(ਸਮੀਖਛਕ) ਇਹ ਖ਼ੁਦਾ ਦਾ ਨਾਮ ਲੈਕੇ ਇਸਤ੍ਰੀ ਪੁਰੁਸ਼ਾਂ ਨੂੰ ਅਪਨੇ ਮਤਲਬ ਦੇ ਲਈ ਲੋਭ ਦੇਨਾ ਹੈ, ਕਿਉਂ ਜੋ ਅਜੇਹਾ ਲੋਭ ਨਾ ਦਿੰਦੇ ਤਾਂ ਕੋਈ ਮੁਹੱਮਦ ਸਾਹਿਬ ਦੇ ਜਾਲ਼ ਵਿਚ ਨਾ ਫਸਦਾ, ਈਕਨ ਹੀ ਹੋਰ ਮਤਵਾਲੇ ਭੀ ਕੀਤਾ ਕਰਦੇ ਹਨ। ਮਨੁਸ਼ ਲੋਗ ਤਾਂ ਆਪਸ ਵਿਚ ਠੱਠਾ ਕੀਤਾ ਹੀ ਕਰਦੇ ਹਨ ਪਰੰਤੂ ਖ਼ੁਦਾ ਨੂੰ ਕਿਸੇ ਨਾਲ ਠੱਠਾ ਕਰਨਾ ਉਚਿਤ ਨਹੀਂ ਹੈ ਇਹ ਕੁਰਾਨ ਕੀ ਹੈ, ਵੱਡੀ ਖੇਡ ਹੈ ॥ ੮੪ ॥

੮੫–ਪਰੰਤੂ ਰਸੂਲ ਅਰ ਜੋ ਲੋਗ ਕਿ ਨਾਲ ਉਸਦੇ ਈਮਾਨ ਲਿਆਏ ਜਹਾਦ ਕੀਤਾ ਉਨ੍ਹਾਂ ਨੇ ਨਾਲ ਧਨ ਅਪਨੇ ਦੇ, ਤਥਾ ਜਾਨ ਅਪਨੀ ਦੇ ਅਰ ਇਨ੍ਹਾਂ ਲੋਗਾਂ ਦੇ ਲਈ ਭਲਿਆਈ ਹੈ । ਅਰ ਮੋਹਰ ਰੱਖੀ ਅੱਲਾਹ ਨੇ ਉੱਪਰ ਦਿਲਾਂ ਉਨ੍ਹਾਂਦੇ ਕਿ ਬੱਸ ਓਹ ਨਹੀਂਜਾਨਦੇ। ਮੰਜ਼ਲ ੨। ਸਿਪਾਰਾ੧੦। ਸੂਰਤ ੯। ਆਯਤ ੮੯। ੯੨ ॥

(ਸਮੀਖਛਕ) ਹੁਨ ਵੇਖੋ ਮਤਲਬਸਿੰਧੂ ਦੀ ਬਾਤ ਕਿ ਉਹੋ ਹੀ ਭਲੇ ਹਨ ਜੋ ਮੁਹੱਮਦ ਸਾਹਿਬ ਦੇ ਨਾਲ ਈਮਾਨ ਲਿਆਏ, ਅਰ ਜੋ ਨਹੀਂਲਿਆਏ ਓਹ ਬੁਰੇ ਹਨ। ਕੀ, ਇਹ ਗੱਲ ਪਖਛਪਾਤ ਅਰ ਅਵਿਦਿਆ ਦੀ ਭਰੀ ਹੋਈ ਨਹੀਂ ਹੈ? ਜਦ ਖ਼ੁਦਾ ਨੇ ਮੋਹਰ ਲਗਾ ਦਿੱਤੀ ਤਾਂ ਉਨ੍ਹਾਂ ਦਾ ਅਪਰਾਧ ਪਾਪ

Generated by CamScanner from intsig.com

ਕਰਨ ਵਿਚ ਕੋਈ ਨਹੀਂ ਕਿੰਤੂ ਖ਼ੁਦਾ ਦਾ ਹੀ ਅਪਰਾਧ ਹੈ, ਕਿਉਂਕਿ ਉਨ੍ਹਾਂ ਵਿਚਾਰਿਆਂ ਨੂੰ ਭਲਿਆਈ ਥੀਂ ਦਿਲ਼ਾਂ ਉੱਤੇ ਮੋਹਰ ਲਗਾਕੇ ਰੋਕ ਦਿੱਤੇ ਇਹ ਕਿੱਨਾ ਵੱਡਾ ਅਨਿਆਯ ਹੈ॥ ੮੫॥

੮੬–ਲੈ ਮਾਲ ਉਨ੍ਹਾਂਦੇਵਿਚੋਂ ਖ਼ੈਰਾਤ (ਦਾਨ ਕਿ ਪਵਿਤ੍ਰ ਕਰੇ ਤੂੰ ਉਨ੍ਹਾਂ ਨੂੰ ਅਰਥਾਤ ਬਾਹਿਰ ਲ਼ੀ,ਅਰ ਸੁੱਧ ਕਰੇਂ ਤੂੰ ਉਨ੍ਹਾਂ ਨੂੰ ਸਾਥ ਉਸਦੇ ਅਰਥਾਤ ਗੁਪਤ ਵਿਚ। ਨਿਸ਼ਚੇ ਅੱਲਾਹ ਨੇ ਮੁੱਲ਼ ਲੀਤੀਆਂਹਨ ਮੁਸਲ਼ਮਾਨਾਂ ਤੋਂ ਜਾਨਾਂ ਉਨ੍ਹਾਂ ਦੀਆਂ ਅਰ ਮਾਲ ਉਨ੍ਹਾਂ ਦੇ ਬਦਲੇ ਕਿ ਵਾਸਤੇ ਉਨ੍ਹਾਂ ਦੇ ਸ੍ਵਰਗ ਹੈ, ਲੜਨਗੇ ਵਿਚ ਮਾਰਗ ਅੱਲ਼ਾਹ ਦੇ, ਬੱਸ ਮਾਰਨਗੇ ਅਰ ਮਰ ਜਾਨਗੇ॥ ਮੰਃ ੨। ਸਿਃ ੧੧। ਸੂਃ ੯। ਆਯਤ ੧੦੨। ੧੧੦॥

(ਸਮੀਖਛਕ) ਵਾਹਜੀ ਵਾਹ! ਮੁਹੱਮਦ ਸਾਹਿਬ ਤੁਸਾਂ ਨੇ ਤਾਂ ਗੋਕਲੀਏ ਗੁਸਾਈਆਂ ਦੀ ਬਰਾਬਰੀ ਕਰ ਲੀਤੀ, ਕਿਉਂਕਿ ਉਨ੍ਹਾਂ ਦਾ ਮਾਲ ਲੈਨਾ ਅਰ ਉਨ੍ਹਾਂ ਨੂੰ ਪਵਿਤ੍ਰ ਕਰਨਾ ਏਹੋ ਬਾਤ ਤਾਂ ਗੁਸਾਈਆਂ ਦੀ ਹੈ। ਵਾਹ ਖ਼ੁਦਾ ਜੀ! ਤੁਸਾਂ ਨੇ ਚੰਗੀ ਸੌਦਾਗਰੀ ਲਾਈ ਕਿ ਮੁਸਲਮਾਨਾਂ ਦੇ ਹੱਥੋਂ ਹੋਰ ਗਰੀਬਾਂ ਦੇ ਪ੍ਰਾਣ ਲੈਨਾ ਹੀ ਲਾਭ ਸਮਝਿਆ, ਅਰ ਉਨ੍ਹਾਂ ਅਨਾਥਾਂ ਨੂੰ ਮਰਵਾਕੇ ਉਨ੍ਹਾਂ ਨਿਰਦਈ ਮਨੁਸ਼ਾਂ ਨੂੰ ਸ੍ਵਰਗ ਦੇਨ ਥੀਂ ਦਇਆ ਅਰ ਨਿਆਯ ਪਾਸੋਂ ਮੁਸਲਮਾਨਾਂ ਦਾ ਖ਼ੁਦਾ ਹੱਥ ਧੋ ਬੈਠਿਆ ਅਰ ਅਪਨੀ ਖ਼ੁਦਾਈ ਵਿਚ ਵੱਟਾ ਲਾਕੇ ਬੁਧਵਾਨ ਧਰਮਾਤਮਾ ਲੋਗਾਂ ਵਿੱਚ ਘ੍ਰਿਣਾ ਕਰਨ ਯੋਗ ਹੋਗਿਆ॥ ੮੬।

੮੭–ਹੇ ਲੋਗੋ ਜੋ ਈਮਾਨ ਲਿਆਏ ਹੋ ਲੜੋ ਉਨ੍ਹਾਂ ਲੋਗਾਂ ਨਾਲ ਕਿ ਪਾਸ ਤੁਹਾਡੇ ਹਨ ਕਾਫ਼ਰਾਂ ਥੀਂ ਅਰ ਚਾਹੀਏ ਕਿ ਪਾਵਨ ਵਿਚ ਤੁਹਾਡੇ ਦ੍ਰਿੜ੍ਹਤਾ, ਕਿਉਂ ਨਹੀਂ ਵੇਖਦੇ ਇਹ ਕਿ ਓਹ ਬਲ਼ਾਵਾਂ ਵਿਚ ਪਾਏ ਜਾਂਦੇ ਹਨ ਹਰ ਵਰ੍ਹੇ ਦੇ ਇਕਵਾਰ ਯਾ ਦੋ ਵਾਰ,ਫਿਰ ਓਹ ਨਹੀਂ ਤੋਬਾ ਕਰਦੇ ਅਰ ਨਾ ਓਹ ਸ਼ਿਖਛਾ ਪਕੜ੍ਹਦੇ ਹਨ॥ ਮੰਃ ੨। ਸਿਃ ੧੧। ਸੂਃ ੯। ਆਃ ੧੨੨। ੧੨੫॥

(ਸਮੀਖਛਕ) ਵੇਖੋ ਇਹ ਭੀ ਇਕ ਵਿਸ਼੍ਵਾਸਘਾਤ ਦੀਆਂ ਬਾਤਾਂ ਖ਼ੁਦਾ ਮੁਸਲਮਾਨਾਂ ਨੂੰ ਸਿਖਾਂਦਾ ਹੈ ਕਿ ਭਾਵੇਂ ਗੁਆਂਢੀ ਹੋਨ ਵਾ ਕਿਸੇ ਦੇ ਨੌਕਰ ਹੋਨ ਜਦ ਵੇਲਾ ਪਾਨ ਤਦੇਹੀ ਲੜਾਈ ਵਾ ਘਾਤ ਕਰਨ। ਅਜੇਹੀਆਂ ਬਾਤਾਂ ਮੁਸਲਮਾਨਾਂ ਥੀਂ ਬਹੁਤ ਬਨ ਗਈਆਂ ਹਨ, ਇੱਸੇ ਕੁਰਾਨ ਦੇ ਲੇਖਥੀਂ ਹੁਨ ਤਾਂ ਮੁਸਲਮਾਨ ਸਮਝਕੇ ਇਨ੍ਹਾਂ ਕੁਰਾਨਦੀਆਂ ਬੁਰਿਆਈਆਂ ਨੂੰ ਛੱਡਦੇਨ ਤਾਂ ਬਹੁਤ ਚੰਗਾ ਹੈ॥ ੮੭॥

੮੮–ਨਿਸ਼ਚੇ ਪਾਲਨਹਾਰਾ ਤੁਹਾਡਾ ਅੱਲਾਹ ਹੈ ਜਿਸਨੇ ਪੈਦਾ ਕੀਤਾ ਆਸਮਾਨਾਂ ਨੂੰ ਅਰ ਜ਼ਮੀਨ ਨੂੰ ਵਿਚ ਛੀਆਂ ਦਿਨਾਂ ਦੇ,ਫਿਰ ਆਰਾਮ ਪਾਇਆ ਉੱਤੇ ਅਰਸ਼ਦੇ,ਤਦਬੀਰ ਕਰਦਾਹੈ ਕੰਮਦੀ॥ ਮੰਃ ੩। ਸਿਃ ੧੧। ਸੂਃ੧੦।ਆਃ੩॥

(ਸਮੀਖਛਕ) ਆਸਮਾਨ ਆਕਾਸ਼ ਇੱਕ ਹੈ ਅਰ ਬਿਨਾ ਬਨਿਆ

Generated by CamScanner from intsig.com

ਹੋਇਆ ਅਨਾਦੀ ਹੈ, ਉਸਦਾ ਬਨਾਨਾ ਲਿਖਨ ਥੀਂ ਨਿਸ਼ਚੈ ਹੋਇਆ ਕਿ ਓਹ ਕੁਰਾਨ ਦੇ ਬਨਾਨਵਾਲ਼ਾ ਪਦਾਰਥਵਿਦਿਆ ਨੂੰ ਨਹੀਂ ਜਾਨਦਾ ਸੀ। ਕੀ ਪਰਮੇਸ਼ੁਰ ਨੂੰ ਛੀ ਦਿਨ ਤਕ ਬਨਾਨਾ ਪੈਂਦਾ ਹੈ? ਤਾਂ ਜੋ "ਹੋ ਮੇਰ ਹੁਕਮ ਥੀਂ ਅਰ ਹੋ ਗਿਆ" ਜਦ ਕੁਰਾਨ ਵਿਚ ਅਜੇਹਾ ਲਿਖਿਆ ਹੈ ਤਾਂ ਫੇਰ ਛੀ ਦਿਨ ਕਦੀ ਨਹੀਂ ਲੱਗ ਸੱਕਦੇ, ਏਸ ਲਈ ਛੀ ਦਿਨ ਲਗਨਾ ਝੂਠ ਹੈ। ਜੇ ਓਹ ਵਿਆਪਕ ਹੁੰਦਾ ਤਾਂ ਉੱਪਰ ਆਕਾਸ਼ ਵਿਚ ਕਿਉਂ ਠਹਿਰਦਾ? ਅਰ ਜਦ ਕੰਮ ਦੀ ਤਦਬੀਰ ਕਰਦਾ ਹੈ ਤਾਂ ਠੀਕ ਤੁਹਾਡਾ ਖ਼ੁਦਾ ਮਨੁਸ਼ ਦੇ ਸਮਾਨ ਹੈ, ਕਿਉਂਕਿ ਜੋ ਸਰਵੱਗ ਹੈ ਓਹ ਬੈਠਾ ਬੈਠਾ ਕੀ ਤਦਬੀਰ ਕਰੇਗਾ। ਏਸ ਥੀਂ ਮਲੂਮ ਹੁੰਦਾ ਹੈ ਕਿ ਈਸ਼ੁਰ ਨਾ ਜਾਨਨ ਵਾਲ਼ੇ ਜੰਗਲ਼ੀ ਲੋਗਾਂ ਨੇ ਇਹ ਗ੍ਰੰਥ ਬਨਾਇਆ ਹੋਵੇਗਾ॥ ੮੯॥

੮੯–ਸ਼ਿਖਛਾ ਅਰ ਦਇਆ ਵਾਸਤੇ ਮੁਸਲਮਾਨਾਂ ਦੇ॥ ਮੰਜ਼ਲ਼ ੩। ਸਿਃ ੧੧। ਸੂਃ ੧੦। ਆਃ ੫੫॥

(ਸਮੀਖਛਕ) ਕੀ ਇਹ ਖ਼ੁਦਾ ਮੁਸਲ਼ਮਾਨਾਂ ਦਾ ਹੀ ਹੇ? ਦੂਜੇਆਂ ਦਾ ਨਹੀਂ? ਅਰ ਪਖਛਪਾਤੀ ਹੈ ਕਿ ਮੁਸਲ਼ਮਾਨਾਂ ਉੱਤੇ ਹੀ ਦਇਆ ਕਰੇ ਹੋਰਨਾਂ ਮਨੁਸ਼ਾਂ ਉੱਤੇ ਨਹੀਂ, ਜੇਕਰ ਮੁਸਲਮਾਨ ਈਮਾਨਦਾਰਾਂ ਨੂੰ ਕਹਿੰਦੇ ਹਨ ਤਾਂ ਉਨ੍ਹਾਂ ਦੇ ਲਈ ਸ਼ਿਖਛਾ ਦੀ ਜ਼ਰੂਰਤ ਹੀ ਨਹੀਂ, ਅਰ ਮੁਸਲਮਾਨਾਂ ਥਾਂ ਭਿੰਨ ਲੋਗਾਂ ਨੂੰ ਉਪਦੇਸ਼ ਨਹੀਂਕਰਦਾ ਤਾਂ ਖ਼ੁਦਾ ਦੀ ਵਿਦਿਆ ਹੀ ਵਿਅਰਥਹੈ॥੮੯॥

੯੦–ਪਰੀਖਛਾ ਲਵੇ ਤੁਹਾਡੀ ਕੌਨ ਤੁਹਾਡੇ ਵਿਚੋਂ ਦੇਗਾ ਹੈ ਕਰਮਾਂ ਵਿਚ ਜੋ ਕਹੇ ਤੂੰ ਜ਼ਰੂਰ ਉਠਾਏ ਜਾਓਗੇ ਤੁਸੀਂ ਪਿੱਛੇ ਮੌਤ ਦੇ॥ ਮੰਃ ੩। ਸਿਃ ੧੧। ਸੂਃ ੧੧। ਆਃ ੭॥

(ਸਮੀਖਛਕ) ਜਦ ਕਰਮਾਂ ਦੀ ਪਰੀਖਛਾ ਕਰਦਾ ਹੈ ਤਾਂ ਸਰਵੱਗ ਹੀ ਨਹੀਂ, ਅਰ ਜੋ ਮੌਤ ਤੋਂ ਪਿਛੋਂ ਉਠਾਂਦਾ ਹੈ ਤਾਂ ਦੋਹਾ ਸਪੁਰਦ ਰੱਖਦਾ ਹੈ, ਅਰ ਅਪਨੇ ਨਿਯਮ ਜੋ ਕਿ ਮਰੇ ਹੋਏ ਨਾ ਜੀਉਨ ਉਸ ਨੂੰ ਤੋੜਦਾ ਹੈ ਇਹ ਤਾਂ ਖ਼ੁਦਾ ਨੂੰ ਵੱਟਾ ਲਗਾਨਾ ਹੈ॥ ੯੦॥

੯੧–ਅਰ ਕਹਿਆ ਗਿਆ ਹੈ ਪ੍ਰਿਥਿਵੀ ਅਪਨਾ ਪਾਨੀ ਨਿਗਲ ਜਾਹ ਅਰ ਹੇ ਆਸਮਾਨ ਬੱਸ ਕਰ ਅਰ ਪਾਨੀ ਸੁੱਕ ਗਿਆ, ਅਰ ਹੈ ਕੌਮ ਇਹ ਹੈ ਨਿਸ਼ਾਨੀ ਊਠਨੀ ਅੱਲਾਹ ਦੀ ਵਾਸਤੇ ਤੁਹਾਡੇ, ਬੱਸ ਛੱਡ ਦੇਓ ਉਸਨੂੰ ਵਿਚ ਪ੍ਰਿਥਿਵੀ ਅੱਲਾਹ ਦੇ ਖਾਂਦੀ ਫਿਰੇ॥ ਮੰਃ ੩। ਸਿਃ ੧੧। ਸੂਃ ੧੧ ਆਃ ੪ ।੯੩॥

(ਸਮੀਖਛਕ) ਕੀ ਮੁੰਡੇਆਂ ਵਾਲੀ ਗੱਲ ਹੈ! ਜ਼ਮੀਨ ਅਰ ਆਸਮਾਨ ਕਦੀ ਗੱਲ ਸੁਨ ਸੱਕਦੇ ਹਨ? ਵਾਹਜੀ ਵਾਹ! ਖ਼ੁਦਾ ਦੀ ਊਠਨੀ ਭੀ ਹੈ ਤਾਂ ਊਠ ਭੀ ਹੋਵੇਗਾ, ਤਾਂ ਹਾਥੀ, ਘੋੜੇ, ਖੋਤੇ ਆਦੀ ਭੀ ਹੋਨਗੇ, ਅਰ ਖ਼ੁਦਾ ਦਾ ਊਠਨੀ ਨੂੰ ਖੇਤ ਖੁਆਨਾ ਕਿਹੀ ਚੰਗੀ ਬਾਤ ਹੈ? ਕੀ ਊਠਨੀ ਉੱਤੇ ਚੜ੍ਹਦਾ

Generated by CamScanner from intsig.com

ਭੀ ਹੈ ? ਜੇਕਰ ਇਹ ਬਾਤਾਂ ਹਨ ਤਾਂ ਨਵਾਬੀ ਵਰਗੀ ਘਸੜ ਫਸੜ ਖੁਦਾ ਦੇ ਘਰ ਵਿਚ ਭੀ ਹੋਈ ॥ ੯੧ ॥

੯੨–ਅਰ ਸਦਾ ਰਹਨ ਵਾਲੇ ਵਿਚ ਉਸਦੇ ਜਦ ਤਕ ਕਿ ਰਹਿਨ ਆਸਮਾਨ ਅਰ ਪ੍ਰਿਥਿਵੀ ॥ ਅਰ ਜੋ ਲੋਗ ਸੁਭਾਗੀ ਹੋਏ ਬੱਸ ਸ੍ਵਰਗ ਦੇ ਸਦਾ ਰਹਨ ਵਾਲੇ ਹਨ। ਦ ਤਕ ਰਹਿਨ ਆਸਮਾਨ ਅਰ ਪ੍ਰਿਥਿਵੀ ॥ ਮੰਃ ੩ । ਸਿਪਾਰਾ ੧੨ । ਸੂਰਤ ੧੧ । ਆਯਤ ੧੦੫ । ੧੦੭ ॥

(ਸਮੀਖਛਕ) ਜਦ ਦੋਜ਼ਖ਼ (ਨਰਕ) ਅਰ ਬਹਿਸ਼ਤ (ਸ੍ਵਰਗ) ਵਿਚ ਕਿਆਮਤ ਦੇ ਪਿਛੋਂ ਸਬ ਲੋਗ ਜਾਨਗੇ ਫਿਰ ਆਸਮਾਨ ਅਰ ਪ੍ਰਿਥਿਵੀ ਕਿਸ ਵਾਸਤੇ ਰਹੇਗੀ ? ਅਰ ਜਦ ਦੋਜ਼ਖ਼ ਅਰ ਬਹਿਸ਼ਤ ਦੇ ਰਹਿਨ ਦੀ ਆਸਮਾਨ ਜ਼ਮੀਨ ਦੇ ਰਹਨ ਤਕ ਮੁਦਤ ਹੋਈ ਤਾਂ ਸਦਾ ਰਹਨਗੇ ਸ੍ਵਰਗ ਵਾ ਨਰਕ ਵਿਚ ਇਹ ਬਾਤ ਝੂਠੀ ਹੋਈ, ਅਜੇਹਾ ਕਥਨ ਅਵਿਦਵਾਨਾਂ ਦਾ ਹੁੰਦਾ ਹੈ ਈਸ਼੍ਵਰ ਵਾ ਵਿਦਵਾਨਾਂ ਦਾ ਨਹੀਂ ॥ ੯੨ ॥

੯੩–ਜਦ ਯੂਸਫ਼ ਨੇ ਅਪਨੇ ਪਿਤਾ ਨੂੰ ਕਹਿਆ ਕਿ ਹੇ ਪਿਤਾ ਮੇਰੇ ਮੈਂਨੇ ਇਕ ਸੁਪਨੇ ਵਿਚ ਡਿੱਠਾ ॥ ਮੰਜ਼ਲ ੩ । ਸਿਪਾਰਾ ੧੨ । ਸੂਰਤ ੧੨। ਆਯਤ ੪ ਥੀਂ ੫੯ ਤਕ ॥

(ਸਮੀਖਛਕ) ਏਸ ਪ੍ਰਕਰਣ ਵਿਚ ਪਿਤਾ ਪੁਤ੍ਰ ਦਾ ਸੰਵਾਦ ਰੂਪ ਕਿੱਸਾ ਕਹਾਨੀ ਭਲੀ ਹੈ, ਏਸ ਲਈ ਕੁਰਾਨ ਈਸ਼੍ਵਰ ਦਾ ਬਨਾਇਆ ਨਹੀਂ ਕਿਸੇ ਮਨੁਸ਼ ਨੇ ਮਨੁਸ਼ਾਂ ਦਾ ਇਤਿਹਾਸ ਲਿਖ ਦਿੱਤਾ ਹੈ ॥ ੯੩ ॥

੯੪–ਅੱਲਾਹ ਓਹ ਹੈ ਕਿ ਜਿਸਨੇ ਖਲਵਾਇਆ ਆਸਮਾਨਾਂ ਨੂੰ ਬਗੈਰ ਥੰਮਾਂ ਦੇ, ਦੇਖਦੇ ਹੋ ਤੁਸੀਂ ਉਸਨੂੰ ਫੇਰ ਠਹਰਾਇਆ ਉੱਪਰ ਅਰਸ਼ਦੇ, ਆਗਿਆ ਮੰਨਨ ਵਾਲਾ ਕੀਤਾ ਸੂਰਯ ਅਰ ਚੰਦ੍ਰਮਾ ਨੂੰ ਅਰ ਓਹੋ ਹੈ ਜਿਸਨੇ ਵਿਛਾਇਆ ਪ੍ਰਿਥਿਵੀ ਨੂੰ । ਉਤਾਰਿਆ ਆਸਮਾਨ ਉੱਤੋਂ ਪਾਨੀ, ਬੱਸਵਗਪਏ ਨਾਲੇ ਨਾਲ ਅੰਦਾਜ਼ੇ ਅਪਨੇ ਦੇ। ਅੱਲਾਹ ਖੋਲਦਾ ਹੈ ਭੋਜਨ ਨੂੰ ਵਾਸਤੇ ਜਿਸਦੇ ਚਾਹੇ ਅਰ ਤੰਗ ਕਰਦਾ ਹੈ ॥ ਮੰਜ਼ਲ ੩ । ਸਿਪਾਰਾ ੧੩ । ਸੂਰਤ ੧੩। ਆਯਤ ੨ । ੩ । ੧੭ । ੨੬ ॥

(ਸਮੀਖਛਕ) ਮੁਸਲਮਾਨਾਂ ਦਾ ਖੁਦਾ ਪਦਾਰਥ ਵਿਦਿਆ ਕੁਝ ਭੀ ਨਹੀਂ ਜਾਨਦਾ ਸੀ, ਜੇ ਜਾਨਦਾ ਤਾਂ ਭਾਰਾ ਨਾ ਹਨ ਕਰਕੇ ਆਸਮਾਨ ਨੂੰ ਥੰਮ ਲਗਾਨ ਦੀ ਕਥਾ ਕਹਾਨੀ ਕੁਝ ਭੀ ਨਾ ਲਿਖਦਾ, ਜੇਕਰ ਖੁਦਾ ਅਰਸ਼ਰੂਪੀ ਇਕ ਥਾਂ ਵਿਚ ਰਹਿੰਦਾ ਹੈ ਤਾਂ ਓਹ ਸਰਵਸ਼ਕਤੀਮਾਨ ਅਰ ਸਰਵਵਿਆਪਕ ਨਹੀਂ ਹੋ ਸਕਦਾ । ਅਰ ਜੋ ਖੁਦਾ ਬੱਦਲਾਂ ਦੀ ਵਿਦਿਆ ਜਾਨਦਾ ਤਾਂ ਆਕਾਸ਼ ਥੀਂ ਪਾਨੀ ਉਤਾਰਿਆ ਲਿਖਿਆ ਫੇਰ ਇਹ ਕਿਉਂ ਨਾ ਲਿਖਿਆ ਕਿ ਜ਼ਮੀਨ ਤੋਂ ਪਾਨੀ ਉੱਪਰ ਚੜ੍ਹਾਇਆ ? ਏਸ ਥੀਂ ਨਿਸ਼ਚੇ ਹੋਇਆ ਕਿ ਕੁਰਾਨ ਦਾ

Generated by CamScanner from intsig.com

ਬਨਾਨ ਵਾਲਾ ਬਦਲਾਂ ਦੀ ਵਿਦਿਆ ਨੂੰ ਭੀ ਨਹੀਂ ਜਾਨਦਾ ਸੀ । ਅਰ ਜੇ ਬਗੈਰ ਅੱਛੇ ਬੁਰੇ ਕੰਮਾਂ ਦੇ ਸੁਖ ਦੁਖ ਦਿੰਦਾ ਹੈ ਤਾਂ ਪਖਛਪਾਤੀ ਅਨਿਆਯ-ਕਾਰੀ ਨਿਰਅਖਛਰ ਭੱਟ ਹੇ ॥ ੯੪ ॥

੯੫–ਕਹੋ ਨਿਸ਼ਚੇ ਅੱਲਾਹ ਗੁਮਰਾਹ ਕਰਦਾ ਹੈ, ਜਿਸ ਨੂੰ ਚਾਹੁੰਦਾ ਹੈ ਮਾਰਗ ਵਿਖਾਂਦਾ ਹੈ, ਤਰਫ਼ ਅਪਨੀ ਉਸ ਮਨੁਸ਼ ਨੂੰ ਲਗਾਂਦਾ ਹੈ ॥ ਮੰਃ ੩ ॥ ਸਿਪਾਰਾ ੧੩ । ਸੂਰਤ ੧੩ । ਆਯਤ ੨੭ ॥

(ਸਮੀਖਛਕ) ਜਦ ਅੱਲਾਹ ਗੁਮਰਾਹ ਕਰਦਾ ਹੈ ਤਾਂ ਖ਼ੁਦਾ ਅਰਸ਼ੈਤਾਨ ਵਿਚ ਕੀ ਫਰਕ ਹੋਇਆ ? ਜਦ ਕਿ ਸ਼ੈਤਾਨ ਦੂਜਿਆਂ ਨੂੰ ਗੁਮਰਾਹ ਅਰਥਾਤ ਬਹਕਾਨ ਕਰਕੇ ਬੁਰਾ ਕਹਾਂਦਾ ਹੈ ਤਦ ਖ਼ੁਦਾ ਭੀ ਓਹੋ ਜਿਹਾ ਹੀ ਕੰਮ ਕਰਨ ਨਾਲ ਬੁਰਾ ਸ਼ੈਤਾਨ ਕਿਉਂ ਨਹੀਂ ? ਅਰ ਬਹਕਾਨਦੇ ਪਾਪ ਕਰਕੇ ਨਰਕਗਾਮੀ ਕਿਉਂ ਨਹੀਂ ਹੋਨਾ ਚਾਹੀਏ ? ॥ ੯੫ ॥

੯੬–ਜਿਸ ਤਰਾਂ ਉਤਾਰਿਆ ਅਸਾਂਨੇ ਏਸ ਕੁਰਾਨ ਨੂੰ ਅਰਬੀ ਜੋ ਪਖਛ ਕਰੇਗਾ ਤੂੰ ਉਨਾਂ ਦੀ ਇੱਛਿਆ ਦਾ ਪਿੱਛੇ ਏਸਦੀ ਆਈ ਤੇਰੇ ਕੋਲ ਵਿਦਿਆ ਥੀਂ । ਬੱਸ ਬਿਨਾ ਏਸਦੇ ਨਹੀਂ ਕਿ ਉਪਰ ਤੇਰੇ ਸਨੇਹਾ ਪੁਚਾਨਾ ਹੈ ਅਰ ਉੱਪਰ ਸਾਡੇ ਹੈ ਹਿਸਾਬ ਲੈਨਾ॥ ਮੰਜਲ ੩ ।ਸਿਪਾਰਾ ੧੩।ਸੂਰਤ ੧੩। ਆਯਤ ੩੭ । ੪੦ ॥

(ਸਮੀਖਛਕ) ਕੁਰਾਨ ਕਿਹੜੇ ਪਾਸਿਓਂ ਉਤਾਰਿਆ? ਕੀ ਖ਼ੁਦਾ ਉੱਪਰ ਰਹਿੰਦਾ ਹ ? ਜੇ ਇਹ ਬਾਤ ਸੱਚੀ ਹੈ ਤਾਂ ਓਹ ਇਕਦੇਸ਼ੀ ਹੋਨ ਕਰਕੇ ਈਸ਼ੁਰ ਹੀ ਨਹੀਂ ਹੋਸਕਦਾ, ਕਿਉਂਕਿ ਈਸ਼ੁਰ ਸਬ ਠਕਾਨੇ ਇਕੋਜਿਹਾ ਵਿਆਪਕ ਹੈ ਸਨੇਹਾ ਪੁਚਾਨਾ ਹਲਕਾਰੇ ਦਾ ਕੰਮ ਹੈ , ਅਰ ਹਲਕਾਰੇ ਦੀ ਜ਼ਰੂਰਤ ਉੱਸੇ ਨੂੰ ਹੁੰਦੀ ਹੈ ਮਨੁਸ਼ ਦੀ ਨਿਆਈਂ ਇਕ ਦੇਸ਼ੀ ਹੋਵੇ, ਅਰ ਹਿਸਾਬ ਲੈਨਾ ਦੇਨਾ ਭੀ ਮਨੁਸ਼ ਦਾ ਕੰਮ ਹੈ ਈਸ਼ੁਰ ਦਾ ਨਹੀਂ, ਕਿਉਂਕਿ ਓਹ ਸਰਵੱਗ ਹੈ ਇਹ ਨਿਸ਼ਚੇ ਹੁੰਦਾ ਹੈ ਕਿ ਕਿਸੇ ਅਲਪੱਗ ਮਨੁਸ਼ ਦਾ ਬਨਾਇਆ ਕੁਰਾਂਨ ਹੈ ॥ ੯੬ ॥

੯੭–ਅਰ ਕੀਤਾ ਸੂਰਯ ਚੰਦ੍ਰਮਾ ਨੂੰ ਸਦਾ ਫਿਰਨ ਵਾਲੇ । ਨਿਸ਼ਚੇ ਆਦਮੀ ਜ਼ਰੂਰ ਅਨਿਆ ਯ ਅਰ ਪਾਪ ਕਰਨ ਵਾਲਾ ਹੈ ॥ ਮੰ੦ ੩। ਸਿ੦ ੧੩ । ਸੂ੦ ੧੪ । ਆ੦ ੩੩ । ੩੪ ॥

(ਸਮੀਖਛਕ) ਕੀ ਚੰਦ੍ਰਮਾ, ਸੂਰਯ ਸਦਾ ਫਿਰਦੇ, ਅਰ ਜ਼ਮੀਨ ਨਹੀਂ ਫਿਰਦੀ ? ਜੇ ਜ਼ਮੀਨ ਨਾ ਫਿਰੇ ਤਾਂ ਕਈਆਂ ਵਰ੍ਹਿਆਂ ਦਾ ਦਿਨ ਰਾਤ ਹੋਵੇ । ਅਰ ਜੋ ਮਨੁਸ਼ ਨਿਸ਼ਚੇ ਅਨਿਆਯ ਅਰ ਪਾਪ ਕਰਨਵਾਲਾ ਹੈ ਤਾਂ ਕੁਰਾਨ ਦੀ ਸ਼ਿਖਛਾ ਕਰਨੀ ਵਿਅਰਥ ਹੈ, ਕਿਉ ਕਿ ਜਿਨ੍ਹਾਂ ਦਾ ਸ੍ਵਭਾਵ ਪਾਪ ਹੀ ਕਰਨ ਦਾ ਹੈ ਤਾਂ ਉਨ੍ਹਾਂ ਵਿਚ ਪੁੰਨਆਤਮਾ ਕਦੀ ਨਾ ਹੋਵੇਗਾ, ਅਰ ਸੰਸਾਰ ਵਿਚ ਪੁੰਨਆਤਮਾ ਅਰ ਪਾਪੀ ਸਦਾ ਦਿੱਸਦੇ ਹਨ, ਏਸਲਈ ਅਜੇਹੀ ਬਾਤ

Generated by CamScanner from intsig.com

ਈਸ਼ੁਰਕ੍ਰਿਤ ਗ੍ਰੰਥਦੀ ਨਹੀਂ ਹੋ ਸੱਕਦੀ ॥ ੯੭ ॥

੯੮—ਬੱਸ ਠੀਕ ਕਰਾਂ ਮੈਂ ਉਸਨੂੰ ਅਰ ਫੂਕ ਦੇਵਾਂ ਵਿਚ ਉਸਦੇ ਰੂਹ ਅਪਨੀ ਧੀਂ, ਬੱਸ ਡਿੱਗ ਪੌ ਵਾਸਤੇ ਉਸਦੇ ਸਜਦੇ ਕਰਦੇ ਹੋਏ । ਕਹਿਆ ਹੇ ਰੱਬ ਮੇਰੇ ਏਸ ਕਾਰਣ ਕਿ ਗੁਮਰਾਹ ਕੀਤਾ ਤੈਂ ਮੈਨੂੰ, ਜ਼ਰੂਰ ਸ਼ੋਭਾ ਦੇਵਾਂਗਾ ਮੈਂ ਵਾਸਤੇ ਉਨ੍ਹਾਂ ਦੇ ਵਿਚ ਪ੍ਰਿਥਿਵੀ ਦੇ, ਅਰ ਗੁਮਰਾਹ ਕਰਾਂਗਾ ॥ ਮੰਃ ੩ । ਸਿਃ ੧੪ । ਸੂਃ ੧੫ । ਆ੦ ੩੯ ਥੀਂ ੪੬ ਤਕ ॥

(ਸਮੀਖਛਕ) ਜੇ ਖ਼ੁਦਾ ਨੇ ਅਪਨੀ ਰੂਹ ਆਦਮ ਸਾਹਿਬ ਵਿਚ ਪਾਈ ਤਾਂ ਓਹ ਭੀ ਖ਼ੁਦਾ ਹੋਇਆ, ਅਰ ਜੋ ਓਹ ਖ਼ੁਦਾ ਨਾ ਸੀ ਤਾਂ ਸਜਦਾ ਅਰਥਾਤ ਨਮਸਕਾਰ ਆਦੀ ਭਗਤੀ ਕਰਨ ਵਿਚ ਅਪਨਾ ਸ਼ਰੀਕ ਕਿਉਂ ਕੀਤਾ ? ਜਦ ਸ਼ੈਤਾਨ ਨੂੰ ਗੁਮਰਾਹ ਕਰਨ ਵਾਲਾ ਖ਼ੁਦਾ ਹੀ ਹੈ ਤਾਂ ਓਹ ਸ਼ੈਤਾਨ ਦਾ ਭੀ ਸ਼ੈਤਾਨ ਵੱਡਾ ਭਰਾ ਗੁਰੂ ਕਿਉਂ ਨਹੀਂ ? ਕਿਉਂਕਿ ਤੁਸੀਂ ਲੋਗ ਬਹਕਾਨ ਵਾਲੇ ਨੂੰ ਸ਼ੈਤਾਨ ਮੰਨਦੇ ਹੋ ਤਾਂ ਖ਼ੁਦਾ ਨੇ ਭੀ ਸ਼ੈਤਾਨ ਨੂੰ ਬਹਕਾਇਆ, ਅਰ ਪ੍ਰਤਖਛ ਸ਼ੈਤਾਨ ਨੇ ਕਹਿਆ ਕਿ ਮੈਂ ਬਹਕਾਵਾਂਗਾ ਫੇਰ ਭੀ ਉਸਨੂੰ ਦੰਡ ਦੇਕੇ ਕੈਦ ਕਿਉਂ ਨਾ ਕੀਤਾ ? ਅਰ ਮਾਰ ਕਿਉਂ ਨਾ ਸੁੱਟਿਆ ? । ੯੮ ॥

੯੯—ਅਰ ਨਿਸ਼ਚੇ ਭੇਜੇ ਅਸਾਂ ਨੇ ਵਿਚ ਹਰ ਉੱਮਤ ਦੇ ਪੈਗੰਬਰ । ਜਦ ਚਾਹਨੇ ਹਾਂ ਅਸੀਂ ਉਸਨੂੰ ਇਹ ਕਹਨੇ ਹਾਂ ਅਸੀਂ ਉਸਨੂੰ ਹੋ ਪੱਸ ਹੋ ਜਾਂਦੀ ਹੈ। ਮੰਃ ੩ । ਸਿਃ ੧੪ । ਸੂਃ ੧੬ । ਆਃ ੩੫ । ੩੯ ॥

(ਸਮੀਖਛਕ) ਜੇ ਸਬ ਕੌਮ ਉੱਤੇ ਪੈਗੰਬਰ ਭੇਜੇ ਹਨ ਤਾਂ ਸਬ ਲੋਗ ਜਿਹੜੇ ਕਿ ਪੈਗੰਬਰ ਦੀ ਸਲਾਹ ਉੱਤੇ ਚੱਲਦੇ ਹਨ ਓਹ ਕਾਫਰ ਕਿਉਂ ? ਕੀ ਦੂਜੇ ਪੈਗੰਬਰ ਦਾ ਮਾਨ ਨਹੀਂ ਬਿਨਾ ਦੂਹਾਡੇ ਪੈਗੰਬਰ ਦੇ, ਇਹ ਸਰਵਥਾ ਪਖਛਪਾਤ ਦੀ ਬਾਤ ਹੈ, ਜੇ ਸਬ ਦੇਸ਼ਵਿਚ ਪੈਗੰਬਰ ਭੇਜੇ ਤਾਂ ਆਰਯਾਵਰਤ ਵਿਚ ਕਿਹੜਾ ਭੇਜਿਆ ? ਏਸ ਲਾਈ ਇਹ ਬਾਤ ਮੰਨਨ ਯੋਗ ਨਹੀਂ ਜਦ ਖ਼ੁਦਾ ਚਾਹੁੰਦਾ ਹੈ ਅਰ ਕਹਿੰਦਾ ਹੈ ਕਿ ਜ਼ਮੀਨ ਹੋਜਾ ਓਹ ਜੜ ਕਦੀ ਨਹੀਂ ਸੁਨ ਸੱਕਦੀ, ਖ਼ੁਦਾ ਦਾ ਹੁਕਮ ਕੀਕਨ ਬਨ ਸੱਕੇਗਾ ? ਅਰ ਬਿਨਾ ਖ਼ੁਦਾ ਦੇ ਦੂਜੀ ਚੀਜ਼ ਨਹੀਂ ਮੰਨਦੇ ਤਾਂ ਸੁਨਿਆਂ ਕਿਸ ਨੇ ? ਅਰ ਹੋ ਕਿਹੜਾ ਗਿਆ ? ਇਹ ਸਬ ਅਵਿਦਿਆ ਦੀਆਂ ਬਾਤਾਂ ਹਨ, ਅਜੇਹੀਆਂ ਬਾਤਾਂ ਨੂੰ ਅਜਾਨ ਲੋਗ ਮੰਨ ਲੈਂਦੇ ਹਨ ॥ ੯੯ ॥

੧੦੦—ਅਰ ਨਿਯਤ ਕਰਦੇ ਹਨ ਵਾਸਤੇ ਅੱਲਾਹ ਦੇ ਬੇਟੀਆਂ, ਪਵਿਤ੍ਰਤਾ ਹੈ ਉਸ ਨੂੰ ਅਰ ਵਾਸਤੇ ਉਨ੍ਹਾਂ ਦੇ ਹਨ ਜੋ ਕੁਝ ਚਾਹੁਨ। ਕਸਮ ਅੱਲਾਹ ਦੀ ਜ਼ਰੂਰ ਭੇਜੇ ਅਸਾਂ ਨੇ ਪੈਗੰਬਰ ॥ ਮੰਃ ੩ । ਸਿਃ ੧੪। ਸੂਃ ੧੬। ਆਯਤ ੫੬ । ੬੨ ॥

(ਸਮੀਖਛਕ) ਅੱਲਾਹ ਧੀਆਂ ਨਾਲ ਕੀ ਕਰੇਗਾ ? ਧੀਆਂ ਤਾਂ ਕਿਸੇ

Generated by CamScanner from intsig.com

ਮਨੁਸ਼ ਨੂੰ ਚਾਹੀਏ, ਕਿਉਂ ਥੋਟੇ ਨਿਯਤ ਨਹੀਂ ਕੀਤੇ ਜਾਂਦੇ ? ਅਰ ਧੀਆਂ ਨੀਯਤ ਕੀਤੀਆਂ ਜਾਂਦੀਆਂ ਹਨ, ਏਸਦਾ ਕੀ ਕਾਰਣ ਹੈ ? ਦੱਸੋ ਕਸਮ ਖਾਨਾ ਝੂਠੇਆਂ ਦਾ ਕੰਮ ਹੈ ਖ਼ੁਦਾ ਦੀ ਬਾਤ ਨਹੀਂ, ਕਿਉਂਕਿ ਬਹੁਤ ਕਰਕੇ ਸੰਸਾਰ ਵਿਚ ਅਜੇਹਾ ਵੇਖਨ ਵਿਚ ਆਉਂਦਾ ਹੈ ਕਿ ਜੇਹੜਾ ਝੂਠਾ ਹੁੰਦਾ ਹੈ ਉਹੋ ਸਹੁੰ ਖਾਂਦਾ ਹੈ ਸੱਚਾ ਸਹੁੰ ਕਿਉਂ ਖਾਵੇ?॥ ੧੦੦॥

੧੦੧—ਇਹ ਲੋਗ ਓਹ ਹਨ ਕਿ ਮੋਹਰ ਰੱਖੀ ਅੱਲਾਹ ਨੇ ਉੱਪਰ ਦਿਲ ਉਨ੍ਹਾਂ ਦੇ ਅਰ ਕੰਨਾਂ ਉਨ੍ਹਾਂ ਦੇ ਅਰ ਅੱਖਾਂ ਉਨ੍ਹਾਂ ਦੀਆਂ ਦੇ ਅਰ ਇਹ ਲੋਗ ਓਹ ਹਨ ਬੇਖ਼ਬਰ ॥ ਅਰ ਪੂਰਾ ਦਿੱਤਾ ਜਾਵੇਗਾ ਹਰ ਜੀਵ ਨੂੰ ਜੋ ਕੁਝ ਕੀਤਾ ਹੈ ਅਰ ਓਹ ਅਨਿਆਯ ਨਾ ਕੀਤੇ ਜਾਨਗੇ ॥ ਮੰਃ ੩ । ਸਿਃ ੧੪। ਸੂਃ ੧੬ । ਆਯਤ ੧੧੫। ੧੧੮ ॥

(ਸਮੀਖਛਕ) ਜਦ ਖ਼ੁਦਾ ਹੀ ਨੇ ਮੋਹਰ ਲਗਾ ਦਿੱਤੀ ਤਾਂ ਓਹ ਵਿਚਾਰੇ ਬਗੈਰ ਅਪਰਾਧ ਮਾਰੇ ਗਏ, ਕਿਉਂਕਿ ਉਨ੍ਹਾਂ ਨੂੰ ਪਰਾਧੀਨ ਕਰ ਦਿੱਤਾ, ਇਹ ਕਿੰਨਾ ਵੱਡਾ ਅਪਰਾਧ ਹੈ ? ਅਰ ਵੈਰ ਕਹਿੰਦੇ ਹਨ ਕਿ ਜਿਸ ਨੇ ਜਿੰਨਾ ਕੀਤਾ ਹੈ ਉੱਨਾ ਹੀ ਉਸ ਨੂੰ ਦਿਤਾ ਜਾਵੇਗਾ ਘੱਟ ਵੱਧ ਨਹੀਂ, ਭਲਾ ਉਨ੍ਹਾਂ ਨੇ ਸੁਤੰਤ੍ਰਤਾ ਨਾਲ ਪਾਪ ਕੀਤੇ ਹੀ ਨਹੀਂ ਕਿੰਤੂ ਖ਼ੁਦਾ ਦੇ ਕਰਾਨ ਨਾਲ ਕੀਤੇ, ਫੇਰ ਉਨ੍ਹਾਂਦਾ ਅਪਰਾਧ ਹੀ ਨਾ ਹੋਇਆ, ਉਨ੍ਹਾਂ ਨੂੰ ਫਲ ਨਾ ਮਿਲਨਾ ਚਾਹੀਏ, ਏਸਦਾ ਫਲ ਖ਼ੁਦਾ ਨੂੰ ਮਿਲਨਾ ਉਚਿਤ ਹੈ। ਅਰ ਜੇ ਖ਼ਮਾ ਕੀਤੀ ਜਾਂਦੀ ਹੈ ਤਾਂ ਨਿਆਯ ਉੜ ਜਾਂਦਾ ਹੈ। ਅਜੇਹਾ ਹਠੀ ਦੁਖਾਤਮਾ ਈਸ਼ੁਰਦਾ ਕਦੀ ਨਹੀਂ ਹੋ ਸਕਦਾ, ਕਿੰਤੂ ਨਿਰਬੁੱਧ ਮੂੰਡਿਆਂ ਦਾ ਹੁੰਦਾ ਹੈ ॥ ੧੦੧ ॥

੧੦੨—ਅਰ ਕੀਤਾ ਅਸਾਂਨੇ ਦੋਜ਼ਖ਼ ਨੂੰ ਵਾਸਤੇ ਕਾਫਰਾਂ ਦੇ ਘੇਰਨਵਾਲਾ ਸਥਾਨ ॥ ਅਰ ਹਰ ਆਦਮੀ ਨੂੰ ਲਗਾ ਦਿੱਤਾ ਅਸਾਂਨੇ ਉਸਨੂੰ ਮਹਮਾਲਨਾਮਾ (ਕਰਮਪਤ੍ਰ) ਉਸਦਾ ਵਿਚ ਗਰਦਨ ਉਸਦੀਦੇ, ਅਰ ਕੱਢਾਂਗੇ ਵਾਸਤੇ ਉਸਦੇ ਦਿਨ ਕਿਆਮਤ ਦੇ ਇੱਕ ਕਿਤਾਬ ਕਿ ਵੇਖੇਗਾ ਉਸਨੂੰ ਖੁੱਲੀ ਹੋਈ ॥ ਅਰ ਬਹੁਤ ਮਾਰੇ ਅਸਾਂਨੇ ਕਰਨੂਨ ਥੀਂ ਪਿੱਛੇ ਨੂਹਦੇ ॥ ਮੰਃ ੪। ਸਿਃ ੧੫। ਸੂਃ ੧੭। ਆਃ ੭। ੧੨। ੧੬ ॥

(ਸਮੀਖਛਕ) ਜੇਕਰ ਕਾਫ਼ਰ ਉਹਾਹੀ ਹਨ ਕਿ ਜਿਹੜੇ ਕੁਰਾਨ, ਪੈਗੰਬਰ, ਅਰ ਕੁਰਾਨਦੇ ਕਹੇ ਖ਼ੁਦਾ, ਸੱਤਵੇਂ ਆਸਮਾਨ ਅਰ ਨਿਮਾਜ਼ ਆਦੀਨੂੰ ਨਾ ਮੰਨਨ, ਅਰ ਉਨ੍ਹਾਂਦੇ ਲਈ ਦੋਜ਼ਖ਼ ਹੋਵੇ ਤਾਂ ਇਹ ਬਾਤ ਨਿਰੇ ਪਖਛਪਾਤ ਦੀ ਠਹਰੇ, ਕਿਉਂ-ਕਿ ਕੁਰਾਨਹੀ ਦੇ ਮੰਨਨਵਾਲੇ ਸਭ ਚੰਗੇ ਅਰ ਹੋਰ ਦੇ ਮੰਨਨਵਾਲੇ ਸਭ ਬੁਰੇ ਕਦੀ ਹੋਸੱਕਦੇਹਨ ? ਇਹ ਵੱਡੀ ਬਾਲਪਨੇਦੀ ਗੱਲਹੈ ਕਿ ਹਰਇਕਦੀ ਗਰਦਨ ਵਿਚ ਕਰਮ ਪੁਸਤਕ, ਅਸੀਂ ਤਾਂ ਕਿਸੇ ਇਕ ਦੀ ਗਰਦਨ ਵਿਚ ਨਹੀਂ ਵੇਖਦੇ। ਜੇਕਰ ਏਸਦਾ ਪ੍ਰਯੋਜਨ ਕਰਮਾਂ ਦਾ ਫਲ ਦੇਨਾ ਹੈ ਤਾਂ ਫੇਰ ਮਨੁਸ਼ਾਂ ਦੇ ਦਿਲਾਂ

Generated by CamScanner from intsig.com

ਅੱਖਾਂ ਆਦੀ ਉੱਤੇ ਮੋਹਤ ਰੱਖਨਾ ਅਰ ਪਾਪਾਂ ਦਾ ਖਛਮਾ ਕਰਨਾ ਕੀ ਖੇਡ ਮਚਾਈ ਹੈ ? ਕਿਆਮਤ ਦੀ ਰਾਤ ਨੂੰ ਕਿਤਾਬ ਕੱਢੇਗਾ ਤਾਂ ਖ਼ੁਦਾ ਅਰ ਅੱਜ ਕੱਲ ਓਹ ਕਿਤਾਬ ਕਿੱਥੇ ਹੈ ? ਕੀ ਸ਼ਾਹੂਕਾਰ ਦੀ ਵਹੀ ਦੀ ਨਿਆਈਂ ਲਿਖਦਾ ਰਹਿੰਦਾ ਹੈ ? ਏੱਥੇ ਇਹ ਵਿਚਾਰਨਾ ਚਾਹੀਏ ਕਿ ਜੇ ਪਹਲਾਂ ਜਨਮ ਨਹੀਂ ਤਾਂ ਜੀਵਾਂ ਦੇ ਕਰਮ ਹੋ ਨਹੀਂ ਹੋ ਸਕਦੇ ਤਾਂ ਫੇਰ ਕਰਮ ਦੀ ਰੇਖਾ ਕੀ ਲਿਖੀ ? ਅਰ ਜੇਕਿਨਾ ਕਰਮਾਂ ਦੇ ਲਿਖਿਆ ਤਾਂ ਉਨਾਂ ਉੱਤੇ ਅਨਿਆਯ ਕੀਤਾ, ਕਿਉਂਕਿ ਬਿਨਾ ਚੰਗੇ ਬੁਰੇ ਕਰਮਾਂ ਦੇ ਉਨਾਂ ਨੂੰ ਦੁਖ ਸੁਖ ਕਿਉਂ ਦਿੱਤਾ ? ਜੇ ਕਹੋ ਕਿ ਖ਼ੁਦਾ ਦੀ ਮਰਜ਼ੀ ਤਾਂ ਭੀ ਉਸ ਨੇ ਅਨਿਆਯ ਕੀਤਾ। ਅਨਿਆਯ ਉੱਸੇ ਨੂੰ ਕਹਿੰਦੇ ਹਨ ਕਿ ਬਗੈਰ ਬੁਰੇ ਭਲੇ ਕਰਮ ਕੀਤੇ ਦੁਖ ਸੁਖ ਰੂਪੀ ਫਲ ਘੱਟ ਵੱਧ ਦੇਨਾ ਅਰ ਉਸ ਵੇਲੇ ਖ਼ੁਦਾ ਹੀ ਕਿਤਾਬ ਪੜ੍ਹੇਗਾ ਵਾ ਕੋਈ ਸਰਿਸ਼ਤੇਦਾਰ ਸੁਨਾਵੇਗਾ ? ਜੇ ਖ਼ੁਦਾ ਨੇ ਹੀ ਦੀਰਘ ਕਾਲ ਸੰਬੰਧੀ ਜੀਵਾਂ ਨੂੰ ਬਿਨਾ ਅਪਰਾਧ ਮਾਰਿਆ ਤਾਂ ਓਹ ਅਨਿਆਯਕਾਰੀ ਹੋਗਿਆ, ਜੋ ਅਨਿਆਯਕਾਰੀ ਹੁੰਦਾ ਹੈ ਓਹ ਖ਼ੁਦਾ ਹੀ ਨਹੀਂ ਹੋ ਸਕਦਾ ॥੧੦੨॥

੧੦੩—ਅਰ ਦਿੱਤਾਅਸਾਂਨੇ ਸਮੁੰਦ੍ਰਨੂੰ ਊਠਨੀਪ੍ਰਮਾਣ ਅਰ ਬਹਕਾ ਜਿਸ ਨੂੰ ਬਹਕਾ ਸਕੇ। ਜਿਸ ਦਿਨ ਬੁਲਾਵਾਂਗੇ ਅਸੀਂ ਸਬ ਲੋਗਾਂ ਨੂੰ ਨਾਲ ਪੇਸ਼ਵਾ ਉਨਾਂ ਦੇ ਬੱਸ ਜੋ ਕੋਈ ਦਿੱਤਾ ਗਿਆ ਅਹਮਾਲਨਾਮਾ ਉਸਦਾ ਵਿਚ ਸੱਜੇ ਹੱਥ ਉਸਦੇ ਦੇ ॥ ਮੰਃ ੪। ਸਿਪਾਰਾ ੧੫। ਸੂਰਤ ੧੭। ਆਯਤ ੫੭। ੬੨। ੬੯ ॥

(ਸਮੀਖਛਕ) ਵਾਹ ਜੀ ! ਜਿੰਨੀਆਂ ਖ਼ੁਦਾ ਦੀਆਂ ਆਸ਼ਚਰਯ ਵਾਲੀਆਂ ਨਿਸ਼ਾਨੀਆਂ ਹਨ ਉਨਾਂ ਵਿਚੋਂ ਇਕ ਊਠਨੀ ਭੀ ਖ਼ੁਦਾ ਦੇ ਹੋਨ ਵਿਚ ਪ੍ਰਮਾਣ ਅਥਵਾ ਪਰੀਖਛਾ ਵਿਚ ਸਾਧਕ ਹੈ ? ਜੇਕਰ ਖ਼ੁਦਾ ਨੇ ਸ਼ੈਤਾਨ ਨੂੰ ਬਹਕਾਨ ਦਾ ਹੁਕਮ ਦਿੱਤਾ ਤਾਂ ਖ਼ੁਦਾ ਹੀ ਸ਼ੈਤਾਨ ਦਾ ਸਰਦਾਰ ਅਰ ਸਬ ਪਾਪ ਕਰਾਨ ਵਾਲਾ ਠਹਰਿਆ, ਅਜੇਹੇ ਨੂੰ ਖ਼ੁਦਾ ਕਹਨਾ ਨਿਰੀ ਕਮਸਮਝੀ ਦੀ ਬਾਤ ਹੈ, ਜਦ ਕਿਆਮਤ ਅਰਥਾਤ ਪਰਲੇ ਵਿਚ ਨਿਆਯ ਕਰਨ ਕਰਾਨ ਦੇ ਲਈ ਪੈਗੰਬਰ ਅਰ ਉਨਾਂ ਦੇ ਉਪਦੇਸ਼ ਮੰਨਨ ਵਾਲਿਆਂ ਨੂੰ ਖ਼ੁਦਾ ਬੁਲਾਵੇਗਾ ਤਾਂ ਜਦ ਤਕ ਪਰਲੇ ਨਾ ਹੋਵੇਗੀ ਤਦ ਤਕ ਸਬ ਦੌਰੇ ਸਪੁਰਦ ਰਹਨਗੇ, ਅਰ ਦੌਰਾ ਸਪੁਰਦ ਸਬਨੂੰ ਦੁਖਦਾਇਕ ਹੈ, ਜਦ ਤਕ ਨਿਆਯ ਨਾ ਕੀਤਾ ਜਾਵੇ। ਏਸ ਲਈ ਜਲਦੀ ਨਿਆਯ ਕਰਨਾ ਨਿਆਯਾਧੀਸ਼ ਦਾ ਉੱਤਮ ਕੰਮ ਹੈ, ਇਹ ਤਾਂ ਪੋਪਾਂ ਬਾਈ ਦਾ ਨਿਆਯ ਠਹਰਿਆ। ਜੀਕਨ ਕੋਈ ਨਿਆਯਾਧੀਸ਼ ਕਹਨ ਕਿ ਜਦ ਤਕ ਪੰਜਾਹ ਵਰ੍ਹੇਆਂ ਤਕ ਦੇ ਚੋਰ ਅਰ ਸਾਹੂਕਾਰ ਇਕੱਠੇ ਨਾ ਹੋਨ ਤਦ ਤਕ ਉਨਾਂ ਨੂੰ ਦੰਡ ਵਾ ਪ੍ਰਤਿਸ਼ਠਾ ਨਾ ਕਰਨੀ ਚਾਹੀਏ, ਊਕਨ ਹੀ ਇਹ ਹੋਇਆ ਕਿ ਇਕ ਤਾਂ ਪੰਜਾਹ ਵਰ੍ਹੇਆਂ ਤਕ ਦੌਰਾ ਸਪੁਰਦ ਰਹਿਆ ਅਰ ਇਕ ਅੱਜ ਹੀ ਪਕੜਿਆ ਗਿਆ ਅਜੇਹਾ ਨਿਆਯ ਦਾ ਕੰਮ ਨਹੀਂ ਹੋਸਕਦਾ,

Generated by CamScanner from intsig.com

ਨਿਆਯ ਦੇ ਵਾਸਤੇ ਤਾਂ ਵੇਦ ਅਰ ਮਨੁਸਮ੍ਰਿਤੀ ਦੇਖੋ ਜਿਸ ਵਿਚ ਖਛਣ ਮਾਤ੍ਰ ਭੀ ਢਿੱਲ ਨਹੀਂ ਪੈਂਦੀ ਅਰ ਅਪਨੇ ਅਪਨੇ ਕਰਮ ਅਨੁਸਾਰ ਦੰਡ ਵਾ ਪ੍ਰਤਿਸ਼ਠਾ ਸਦਾ ਪਾਂਦੇ ਰਹਿੰਦੇ ਹਨ, ਦੂਜਾ ਪੈਗੰਬਰਾਂ ਨੂੰ ਉਗਾਹ ਦੇ ਭੁੱਲ ਰਖਨ ਨਾਲ ਈਸ਼੍ਵਰ ਦੀ ਸਰਵੱਗਤਾ ਦੀ ਹਾਨੀ ਹੈ। ਭਲਾ ਅਜੇਹਾ ਪੁਸਤਕ ਈਸ਼੍ਵਰਕ੍ਰਿਤ ਅਰ ਅਜੇਹੇ ਪੁਸਤਕ ਦਾ ਉਪਦੇਸ਼ ਕਰਨ ਵਾਲਾ ਈਸ਼੍ਵਰ ਕਦੀ ਹੋ ਸਕਦਾ ਹੈ ? ਕਦੀ ਨਹੀਂ ॥ ੧੦੩ ॥

੧੦੪–ਇਹ ਲੋਗ ਵਾਸਤੇ ਉਨਾਂ ਦੇ ਹਨ ਬਾਗ਼ ਸਦਾ ਰਹਨ ਦੇ, ਚਲਦੀਆਂ ਹਨ ਹੇਠਾਂ ਉਨਾਂ ਦੇ ਨਹਰਾਂ, ਗਹਨੇ ਪੁਵਾਏ ਜਾਨਗੇ ਵਿਚ ਉਸਦੇ ਕੰਙਣ ਸੋਨੇ ਦੇ,ਅਰ ਪੁਸ਼ਾਕ ਪਾਨਗੇ ਵਸਤ੍ਰਸਾਵੇ਼ਲਾਈਦੇ ਅਰਤਾਫਤੇਦੇਤਕੀਏ ਕੀਤੇ ਹੋਏ, ਵਿਚ ਉਸਦੇ ਉਪਰ ਤਖਤੀਆਂ ਦੇ ਚੰਗਾ ਹੈ ਪੁੰਨ ਅਰ ਅੱਛੀ ਹੈ ਬਹਿਸ਼ਤ ਲਾਭ ਉਠਾਨਦੀ॥ ਮੰਜ਼ਲ ੪ ਸਿਪਾਰਾ੧੫ ਸੂਰਤ ੧੮।ਆਯਤ ੩੦

(ਸਮੀਖਛਕ) ਵਾਹ ਜੀ ਵਾਹ ! ਕੀ ਕੁਰਾਨ ਦਾ ਸ੍ਵਰਗ ਹੈ ਜਿਸ ਵਿਚ ਬਾਗ, ਗਹਨੇ, ਕਪੜੇ, ਗੱਦੀਆਂ, ਸਿਰ੍ਹਾਨੇ ਆਨੰਦ ਦੇ ਵਾਸਤੇ ਹਨ, ਭਲਾ ਕੋਈ ਬੁਧਵਾਨ ਇੱਥੇ ਵਿਚਾਰ ਕਰੇ ਤਾਂ ਏੱਥੇ ਤੋਂ ਉੱਥੇ ਮੁਸਲਮਾਨਾਂ ਦੇ ਬਹਿਸ਼ਤ ਵਿਚ ਵਧੀਕ ਕੁਝ ਭੀ ਨਹੀਂ ਹੈ, ਬਿਨਾ ਅਨਿਆਯ ਦੇ ਓਹ ਇਹ ਕਿ ਕਰਮ ਉਨਾਂ ਦੇ ਅੰਤ ਵਾਲੇ ਅਤ ਫਲ਼ ਉਨਾਂ ਦਾ ਅਨੰਤ, ਅਰ ਜੋ ਮਿੱਠਾ ਨਿੱਤ ਪਾਵੇ ਤਾਂ ਥੋੜੇ ਦਿਨਾਂ ਵਿਚ ਜ਼ਹਿਰ ਵਰਗਾ ਪ੍ਰਤੀਤ ਹੁੰਦਾ ਹੈ, ਜਦ ਸਦਾ ਓਹ ਸੁਖ ਭੋਗਨਗੇ ਤਾਂ ਉਨਾਂ ਨੂੰ ਸੁਖ ਹੀ ਦੁੱਖ ਰੂਪ ਹੋ ਜਾਵੇਗਾ,ਏਸ ਲਈ ਮਹਾ ਕਲਪਤਕ ਮੁਕਤੀ ਸੁਖ ਭੋਗਕੇ ਪੁਨਰਜਨਮ ਪਾਨਾ ਹੀ ਸਤ ਸਿੱਧਾਂਤ ਹੈ ॥੧੦੪

੧੦੫–ਅਰ ਇਹ ਬਸਤੀਆਂ ਹਨ ਕਿ ਮਾਰਿਆ ਅਸਾਂ ਨੇ ਉਨਾਂ ਨੂੰ ਜਦ ਅਨਿਆਯ ਕੀਤਾ ਉਨਾਂ ਨੇ ਅਰ ਅਸਾਂ ਨੇ ਉਨਾਂ ਨੂੰ ਮਾਰਨ ਦੀ ਪ੍ਰਤਿਗਿਆ ਸਥਾਪਨ ਕੀਤਾ ।ਮੰਜ਼ਲ ੪।ਸਿਪਾਰਾ੧੫। ਸੂਰਤ ੧੮।ਆਯ ੫੭॥

(ਸਮੀਖਛਕ) ਭਲਾ ਸਭ ਬਸਤੀ ਭਰ ਪਾਪੀ ਹੋ ਸਕਦੀ ਹੈ ? ਅਰ ਪਿੱਛੇ ਥੀਂ ਪ੍ਰਤਿਗਿਆ ਕਰਨ ਨਾਲ ਈਸ਼੍ਵਰ ਸਰਵੱਗ ਨਹੀਂ ਰਹਿਆ,ਕਿਉਂਕਿ ਜਦ ਉਨਾਂ ਦਾ ਅਨਿਆਯ ਡਿੱਠਾ ਤਾਂ ਪ੍ਰਤਿਗਿਆ ਕੀਤੀ ਪਹਿਲੋਂ ਨਹੀਂ ਜਾਨਦਾ ਸੀ? ਏਸਤੋਂ ਵਿਦਿਆਹੀਨ ਭੀ ਠਹਿਰਿਆ ॥ ੧੦੫॥

੧੦੬–ਅਰ ਓਹ ਜੋ ਮੰਡਾ ਥੱਸ ਸਨ ਮਾਤਾ ਪਿਤਾ ਉਸਦੇ ਈਮਾਨ ਵਾਲੇ, ਥੱਸ ਭਰੇ ਅਸੀਂ ਇਹ ਕਿ ਪਕੜੇ ਉਨਾਂ ਨੂੰ ਸਰਕਸ਼ੀ ਵਿਚ ਅਰ ਕੁਫਰ ਵਿਚ । ਏੱਥੋਂ ਤਕ ਕਿ ਪਹੁੰਚਿਆ ਜਗਹ ਡੁੱਣਨੇ ਸ੍ਵਰਯ ਦੀ, ਪਾਇਆ ਉਸਨੇ ਡੁੱਥਦਾ ਸੀ ਵਿਚ ਚਸ਼ਮੇਂ ਚਿੱਕੜ ਦੇ। ਕਹਿਆ ਉਨਾਂ ਨੇ ਹੇ ਜ਼ੁਲ ਕਰਨੈਨ ਨਿਸ਼ਚੇ ਯਾਜੂਜ, ਮਾਜੂਜ ਫਸਾਦ ਕਰਨੇ ਵਾਲੇ ਹਨ । ਵਿਚ ਜ਼ਮੀਨ ਦੇ ॥ ਮੰਜ਼ਲ ੪ ਸਿਪਾਰਾ ੧੬ । ਸੂਰਤ ੧੮। ਆਯਤ ੭੮। ੮੪। ੯੨ ॥

Generated by CamScanner from intsig.com

(ਸਮੀਖਛਕ) ਭਲਾ ਇਹ ਖ਼ੁਦਾ ਦੀ ਕਿੰਨੀ ਬੇਸਮਝੀ ਹੈ ! ਸ਼ੈਕਾ ਤੋਂ ਡਰਿਆ ਕਿ ਲੜਕਿਆਂ ਦੇ ਮਾਤਾ, ਪਿਤਾ ਕਦੇ ਮੇਰੇ ਮਾਰਗ ਥੀਂ ਬਹਕਾਕੇ ਉਲਟੇ ਨਾ ਕਰ ਦਿੱਤੇ ਜਾਨ, ਇਹ ਕਦੀ ਈਸ਼ੂਰ ਦੀ ਬਾਤ ਨਹੀਂ ਹੋ ਸੱਕਦੀ, ਹੁਨ ਅਗਲੀ ਅਵਿਦਿਆ ਦੀ ਬਾਤ ਵੇਖੋ ਕਿ ਏਸ ਕਿਤਾਬ ਦਾ ਬਨਾਨ ਵਾਲਾ ਸੂਰਯ ਨੂੰ ਇਕ ਝੀਲ ਵਿਚ ਰਾਤ ਨੂੰ ਡੁੱਬਿਆ ਹੋਇਆ ਜਾਨਦਾ ਹੈ, ਫੇਰ ਸਵੇਰਵੇਲੇ ਨਿਕਲਦਾ ਹੈ, ਭਲਾ ਸੂਰਯ ਤਾਂ ਪ੍ਰਿਥਿਵੀ ਥੀਂ ਬਹੁਤ ਵੱਡਾ ਹੈ ਓਹ ਨਦੀ ਵਾ ਸਮੁਦ੍ ਵਿਚ ਕੀਕਨ ਡੁੱਬ ਸੱਕੇਗਾ? ਏਸਥੀਂ ਇਹ ਮਲੂਮ ਹੋਇਆ ਕਿ ਕੁਰਾਨ ਦੇ ਬਨਾਨ ਵਾਲੇ ਨੂੰ ਭੂਗੋਲ ਖਗੋਲ ਦੀ ਵਿਦਿਆ ਨਹੀਂ ਸੀ, ਜੇ ਹੁੰਦੀ ਤਾਂ ਅਜੇਹੀ ਵਿਦਿਆ ਵਿਰੁੱਧ ਬਾਤ ਕਿਉਂ ਲਿਖ ਦਿੰਦੇ ? ਅਰ ਏਸ ਪੁਸਤਕ ਦੇ ਮੰਨਨ ਵਾਲਿਆਂ ਨੂੰ ਭੀ ਵਿਦਿਆ ਨਹੀਂ ਹੈ, ਜੇ ਹੁੰਦੀ ਤਾਂ ਅਜੇਹੀ ਮਿਥਿਆ ਬਾਤਾਂ ਦੀ ਭਰੀ ਹੋਈ ਕਿਤਾਬ ਨੂੰ ਕਿਉਂ ਮੰਨਦੇ ? ਹੁਨ ਵੇਖੋ ਖ਼ੁਦਾ ਦਾ ਅਨਿਆਯ ਆਪੇ ਹੀ ਪ੍ਰਿਥਿਵੀ ਦਾ ਬਨਾਨ ਵਾਲਾ ਰਾਜਾ ਅਤੇ ਨਿਆਯਾਧੀਸ਼ ਹੈ, ਅਰ ਯਾਜੂਜ, ਮਾਜੂਜ ਨੂੰ ਜ਼ਮੀਨ ਉੱਤੇ ਫਸਾਦ ਭੀ ਕਰਨ ਦਿੰਦਾ ਹੈ, ਇਹ ਈਸ਼ੂਰਤਾ ਦੀ ਬਾਤ ਥੀਂ ਵਿਰੁੱਧ ਹੈ, ਏਸਲਈ ਅਜੇਹੀ ਕਿਤਾਬ ਨੂੰ ਜੰਗਲੀ ਲੋਗ ਮੰਨਿਆ ਕਰਦੇ ਹਨ ਵਿਦਵਾਨ ਨਹੀਂ ॥ ੧੦੬ ॥

੧੦੭—ਅਰ ਯਾਦ ਕਰੋ ਵਿਚ ਕਿਤਾਬ ਦੇ ਮਰਯਮ ਨੂੰ ਜਦ ਜਾ ਪਈ ਲੋਗਾਂ ਅਪਨਿਆਂ ਥੀਂ ਮਕਾਨ ਪੂਰਥੀ ਵਿਚ । ਬੱਸ ਪਾਇਆ ਉਨ੍ਹਾਂ ਥੀਂ ਇੱਧਰ ਪਰਦਾ, ਬੱਸ ਭੇਜਿਆ ਅਸਾਂ ਨੇ ਰੂਹ ਅਪਨੀ ਨੂੰ ਅਰਥਾਤ ਫਰਿਸ਼ਤਾ, ਬੱਸ ਸੂਰਤ ਪਕੜੀ ਵਾਸਤੇ ਉਸਦੇ ਆਦਮੀ ਪੁਸ਼ਟ ਦੀ। ਕਹਨ ਲੱਗੀ ਨਿਸ਼ਚੇ ਮੈਂ ਸ਼ਰਣ ਪਕੜਦੀ ਹਾਂ ਰਹਮਾਨ ਦੀ ਤੇਰੇ ਕੋਲੋਂ ਜੋ ਹੈਂ ਤੂੰ ਪਰਹੇਜ਼ਗਾਰ। ਕਹਨ ਲੱਗਾ ਬਿਨਾ ਏਸਦੇ ਨਹੀਂ ਕਿ ਮੈਂ ਭੇਜਿਆ ਹੋਇਆ ਹਾਂ ਮਾਲਕ ਤੇਰੇ ਕੋਲੋਂ ਤਾਕਿ ਦੇ ਜਾਵਾਂ ਮੈਂ ਤੈਨੂੰ ਮੁੰਡਾ ਪਵਿਤ੍ । ਕਹਿਆ ਕਿਸਤਰਾਂ ਹੋਵੇਗਾ ਵ ਸਤੇ ਮੇਰੇ ਲੜਕਾ ਨਹੀਂ ਹੱਥ ਲਗਾਇਆ ਮੈਂਨੂੰ ਆਦਮੀ ਨੇ, ਨਹੀਂ ਮੈਂ ਬੁਰੇ ਕੰਮ ਕਰਨ ਵਾਲੀ । ਬੱਸ ਗਰਭ ਵਾਲੀ ਹੋਗਈ ਸਾਥ ਉਸਦੇ, ਅਰ ਜਾ ਪਈ ਨਾਲ ਉਸਦੇ ਮਕਾਨ ਦੂਰ ਅਰਥਾਤ ਜੰਗਲ ਵਿਚ ॥ ਮੰਜ਼ਲ ੪। ਸਿਪਾਰਾ ੧੬ । ਸੂਰਤ ੧੯ । ਆਯਤ ੧੫ । ੧੬ । ੧੭ । ੧੮ । ੧੯ । ੨੧॥

(ਸਮੀਖਛਕ) ਹੁਨ ਬੁਧਵਾਨ ਵਿਚਾਰ ਲੈਨ ਕਿ ਫਰਿਸ਼ਤੇ ਸਭ ਖ਼ੁਦਾ ਦੀ ਰੂਹ ਹਨ ਤਾਂ ਖ਼ੁਦਾ ਥੀਂ ਅਲਗ ਪਦਾਰਥ ਨਹੀਂ ਹੋ ਸਕਦੇ, ਦੂਜਾ ਇਹ ਅਨਿਆਯ ਕਿ ਓਹ ਮਰਯਮ ਕੁਆਰੀ ਦੇ ਮੁੰਡਾ ਹੋਨਾ ਕਿਸੇ ਦਾ ਸੰਗ ਕਰਨਾ ਨਹੀਂ ਚਾਹੁੰਦੀ ਸੀ ਪਰੰਤੂ ਖ਼ੁਦਾ ਦੇ ਹੁਕਮ ਨਾਲ ਫਰਿਸ਼ਤੇ ਨੇ ਉਸਨੂੰ ਗਰਭਵਤੀ ਕੀਤਾ ਇਹ ਨਿਆਯ ਥੀਂ ਵਿਰੁਧ ਬਾਤ ਹੈ। ਏਥੇ ਹੋਰਭੀ ਗੰਦੀਆਂ ਗੱਲਾਂ ਬਹੁਤ ਲਿਖੀਆਂ ਹਨ ਉਨ੍ਹਾਂ ਨੂੰ ਲਿਖਨਾ ਉਚਿਤ ਨਹੀਂ ਸਮਝਿਆ ॥੧੦੭॥

Generated by CamScanner from intsig.com

੧੦੮–ਕੀ ਨਹੀਂ ਡਿੱਠਾ ਤੈਂ ਇਹ ਕਿ ਭੇਜਿਆ ਅਸਾਂ ਨੇ ਸ਼ੈਤਾਨ ਨੂੰ ਉੱਪਰ ਕਾਫਰਾਂ ਦੇ, ਬਹਕਾਂਦੇ ਹਨ ਉਨ੍ਹਾਂ ਨੂੰ ਬਹਕਾਨ ਕਰਕੇ ॥ ਮੰਜ਼ਲ ੪। ਸਿਪਾਰਾ ੧੬। ਸੂਰਤ ੧੯। ਆਯਤ ੮੧॥

(ਸਮੀਖਛਕ) ਜੇ ਖ਼ੁਦਾ ਹੀ ਸ਼ੈਤਾਨ ਨੂੰ ਬਹਕਾਨ ਦੇ ਲਈ ਭੇਜਦਾ ਹੈ ਤਾਂ ਬਹਕਾਨ ਵਾਲਿਆਂ ਦਾ ਕੁਝਦੋਸ਼ ਨਹੀਂ ਹੋ ਸਕਦਾ, ਅਰ ਨਾ ਉਨ੍ਹਾਂ ਨੂੰ ਦੰਡ ਹੋ ਸਕਦਾ, ਅਰ ਨਾ ਸ਼ੈਤਾਨ ਨੂੰ ਕਿਉਂਕਿ ਇਹ ਖ਼ੁਦਾ ਦੇ ਹੁਕਮ ਥੀਂ ਸਬ ਹੁੰਦਾ ਹੈ, ਏਸ ਦਾ ਫਲ ਖ਼ੁਦਾ ਨੂੰ ਹੋਨਾ ਚਾਹੀਏ। ਜੇ ਸੱਚਾ ਨਿਆਯ-ਕਾਰੀ ਹੈ ਤਾਂ ਉਸਦਾ ਫਲ ਦੋਜ਼ਖ਼ਆਪਹੀ ਭੋਗੇ, ਅਰ ਜੋ ਨਿਆਯ ਨੂੰ ਛੱਡਕੇ ਅਨਿਆਯ ਨੂੰ ਕਰੇ ਤਾਂ ਅਨਿਆਯਕਾਰੀ ਹੋਇਆ, ਅਨਿਆਯਕਾਰੀ ਹੀ ਪਾਪੀ ਕਹਾਂਦਾ ਹੈ ॥ ੧੦੮ ॥

੧੦੯–ਅਰ ਨਿਸ਼ਚੇ ਖਛਮਾ ਕਰਨ ਵਾਲਾ ਹਾਂ ਵਾਸਤੇ ਉਸ ਮਨੁਸ਼ ਦੇ ਤੋਬਾ ਕੀਤੀ ਅਰ ਈਮਾਨ ਲਿਆਇਆ, ਕਰਮ ਕੀਤੇ ਚੰਗੇ, ਫੇਰ ਰਾਹ ਪਾਇਆ ॥ ਮੰਜ਼ਲ ੪। ਸਿਪਾਰਾ ੧੬। ਸੂਰਤ ੨੦। ਆਯਤ ੭੮ ॥

(ਸਮੀਖਛਕ) ਜੋ ਤੋਬਾ ਥੀਂ ਪਾਪਖਛਮਾ ਕਰਨਦੀ ਬਾਤ ਕੁਰਾਨ ਵਿਚਹੈ ਇਹ ਸਬਨੂੰ ਪਾਪੀ ਕਰਾਨੇ ਵਾਲੀ ਹੈ, ਕਿਉਂਕਿ ਪਾਪੀਆਂ ਨੂੰ ਏਸ ਥੀਂ ਪਾਪ ਕਰਨ ਦਾ ਹੌਸਲਾ ਬਹੁਤ ਵਧ ਜਾਂਦਾ ਹੈ, ਏਸ ਲਈ ਇਹ ਕਿਤਾਬ ਅਰ ਏਸਦਾ ਬਨਾਨ ਵਾਲਾ ਪਾਪੀਆਂ ਨੂੰ ਪਾਪ ਕਰਾਨ ਵਿਚ ਹੌਸਲਾ ਵਧਾਨ ਵਾਲੇ ਹਨ, ਏਸਲਈ ਏਹ ਪੁਸਤਕ ਪਰਮੇਸ਼੍ਵਰਕ੍ਰਿਤ ਅਰ ਏਸਵਿਚ ਕਹਿਆ ਹੋਇਆ ਪਰਮੇਸ਼੍ਵਰ ਭੀ ਨਹੀਂ ਹੋ ਸੱਕਦਾ ॥ ੧੦੯ ॥

੧੧੦–ਅਰ ਕੀਤੇ ਅਸਾਂ ਨੇ ਵਿਚ ਜ਼ਮੀਨ ਦੇ ਪਹਾੜ, ਅਜੇਹਾ ਨਾ ਹੋਵੇ ਕਿ ਹਲ ਜਾਵੇ ॥ ਮੰਜ਼ਲ ੪। ਸਿਪਾਰਾ ੧੭। ਸੂਰਤ ੨੧। ਆਯਤ ੩੦ ॥

(ਸਮੀਖਛਕ) ਜੇਕਰ ਕੁਰਾਨ ਦਾ ਬਨਾਨ ਵਾਲਾ ਪ੍ਰਿਥਿਵੀ ਦਾ ਫਿਰਨਾ ਆਦੀ ਜਾਨਦਾ ਤਾਂ ਇਹ ਬਾਤ ਕਦੀ ਨਾ ਕਹਿੰਦਾ ਕਿ ਪਹਾੜਾਂ ਦੇ ਧਰਨ ਨਾਲ ਜ਼ਮੀਨ ਨਹੀਂ ਹਲਦੀ, ਸ਼ੰਕਾ ਹੋਈ ਕਿ ਜੇ ਪਹਾੜ ਨਾ ਧਰਦਾ ਤਾਂ ਹਿਲਜਾਂਦੀ, ਏਸ ਕਹਨ ਉੱਤੇ ਭੀ ਭੁਚਾਲ ਵਿਚ ਕਿਉਂ ਡਿਗ ਜਾਂਦੀ ਹੈ? ੧੧੦ ॥

੧੧੧–ਅਰ ਸ਼ਿਖਛਾ ਦਿੱਤੀ ਅਸਾਂ ਨੇ ਉਸ ਔਰਤ ਨੂੰ, ਅਰ ਰਖਛਾ ਕੀਤੀ ਉਸ ਨੇ ਅਪਨੇ ਗੁਪਤ ਅੰਗਾਂਦੀ, ਬੱਸ ਫੂਕ ਦਿੱਤੀ ਅਸਾਂ ਨੇ ਵਿਚ ਉਸ ਦੇ ਰੂਹ ਅਪਨੀ ਨੂੰ ॥ ਮੰ੦ ੪। ਸਿ੦ ੧੭। ਸੂ੦ ੨੧। ਆਯਤ ੮੯ ॥

(ਸਮੀਖਛਕ) ਅਜੇਹੀਆਂ ਗੰਦੀਆਂ ਗੱਲਾਂ ਖ਼ੁਦਾ ਦੀ ਕਿਤਾਬ ਵਿਚ ਖ਼ੁਦਾ ਦੀ ਤਾਂ ਕੀ ਕਿਸੇ ਭਲੇ ਮਨੁਸ਼ ਦੀ ਭੀ ਨਹੀਂ ਹੁੰਦੀਆਂ, ਜਦ ਮਨੁਸ਼ਾਂ ਵਿਚ ਅਜੇਹੀਆਂ ਬਾਤਾਂ ਦਾ ਲਿਖਨਾ ਚੰਗਾ ਨਹੀਂ ਤਾਂ ਪਰਮੇਸ਼੍ਵਰ ਦੇ ਸਾਮਨੇ ਕਿਉਂਕਰ ਚੰਗਾ ਹੋ ਸੱਕਦਾ ਹੈ ? ਅਜੇਹੀਆਂ ਗੱਲਾਂ ਨਾਲ ਕਰਾਨ

Generated by CamScanner from intsig.com

ਦੋਸ਼ ਵਾਲਾ ਹੁੰਦਾ ਹੈ, ਜੇਕਰ ਅੱਛੀ ਬਾਤ ਹੁੰਦੀ ਤਾਂ ਬੜੀ ਵਡਿਆਈ ਹੁੰਦੀ ਜੀਕਨ ਵੇਦਾਂ ਦੀ ॥ ੧੧੧ ॥

੧੧੨–ਕੀ ਨਹੀਂ ਵੇਖਿਆ ਤੈਂਨੇ ਕਿ ਅੱਲਾਹ ਨੂੰ ਸਜਦਾ ਕਰਦੇ ਹਨ ਜੋ ਕੋਈ ਵਿਚ ਆਸਮਾਨਾਂ ਅਰ ਜ਼ਮੀਨ ਦੇ ਹਨ, ਸੂਰਜ ਅਰ ਚੰਦ, ਤਾਰੇ ਅਰ ਪਹਾੜ, ਦ੍ਰਖਤ, ਅਰ ਜਾਨਵਰ। ਪੁਆਏ ਜਾਨਗੇ ਵਿਚ ਉਸਦੇ ਕੰਙਣ ਸੋਨੇ ਦੇ ਅਰ ਮੋਤੀ ਅਰ ਪਹਰਾਵਾ ਉਨ੍ਹਾਂ ਦਾ ਵਿਚ ਉਸਦੇ ਰੇਸ਼ਮੀ ਹੈ ॥ ਅਰ ਪਵਿਤ੍ਰ ਰੱਖ ਘਰ ਮੇਰੇ ਨੂੰ ਵਾਸਤੇ ਗਿਰਦ ਫਿਰਨ ਵਾਲਿਆਂ ਦੇ ਅਰ ਖਲੋਤੇ ਰਹਨ ਵਾਲਿਆਂ ਦੇ ॥ ਫੇਰ ਚਾਹੀਏ ਕਿ ਦੂਰ ਕਰਨ ਮੈਲ ਅਪਨੇ ਅਰ ਪੂਰੀ ਕਰਨ ਭੇਟਾ ਅਪਨੀਆਂ ਅਰ ਦੌਹਾਂ ਪਾਸੇ ਫਿਰ ਘਰ ਕਦੀਮ ਦੇ ਤਾਂ ਕਿ ਨਾਮ ਅੱਲਾਹ ਦਾ ਯਾਦ ਕਰਨ ॥ ਮੰਃ ੪। ਸਿਃ ੧੭। ਸੂਰਤ ੨੨। ਆਯਤ ੧੯। ੨੩। ੨੫। ੨੮। ੩੩ ॥

(ਸਮੀਖਛਕ) ਭਲਾ ਜੋ ਜੜ ਵਸਤੂ ਹਨ ਪਰਮੇਸ਼ੁਰ ਨੂੰ ਜਾਨ ਹੀ ਨਹੀਂ ਸੱਕਦੇ ਫੇਰ ਓਹ ਉਸਦੀ ਭਗਤੀ ਕਿਉਂਕਰ ਕਰ ਸੱਕਦੇ ਹਨ? ਏਸ ਲਈ ਇਹ ਪੁਸਤਕ ਈਸ਼ੁਰ ਕ੍ਰਿਤ ਤਾਂ ਕਦੀ ਨਹੀਂ ਹੋ ਸਕਦਾ ਕਿੰਤੂ ਕਿਸੇ ਭਰਮੀ ਦਾ ਬਨਾਇਆ ਹੋਇਆ ਦਿੱਸਦਾ ਹੈ, ਵਾਹ! ਬੜਾ ਚੰਗਾ ਸੁਰਗ ਹੈ ਜਿੱਥੇ ਸੋਨੇ ਮੋਤੀ ਦੇ ਗਹਨੇ ਅਰ ਰੇਸ਼ਮੀ ਕਪੜੇ ਪਾਨ ਨੂੰ ਮਿਲਨ ਇਹ ਸੁਰਗ ਏੱਥੋਂ ਦੇ ਰਾਜਿਆਂ ਦੇ ਘਰ ਤੋਂ ਵਧੀਕ ਨਹੀਂ ਨਜ਼ਰ ਆਉਂਦਾ! ਅਰ ਜਦ ਪਰਮੇਸ਼ੁਰ ਦਾ ਘਰ ਹੈ ਤਾਂ ਓਹ ਉੱਸੇ ਘਰ ਵਿਚ ਰਹਿੰਦਾ ਭੀ ਹੋਵੇਗਾ ਫੇਰ ਬੁੱਤਪ੍ਰਸਤੀ (ਮੂਰਤੀਪੂਜਾ) ਕਿਉਂ ਨਾ ਹੋਈ? ਅਰ ਦੂਜੇ ਬੁੱਤਪ੍ਰਸਤਾਂ ਦਾ ਖੰਡਨ ਕਿਉਂ ਕਰਦੇ ਹਨ? ਜਦ ਖੁਦਾ ਭੇਟ ਲੈਂਦਾ ਅਪਨੇ ਘਰ ਦੀ ਪ੍ਰਦਖਛਣਾ ਕਰਨ ਦੀ ਆਗਿਆ ਦਿੰਦਾ ਹੈ ਅਰ ਪਸ਼ੂਆਂ ਨੂੰ ਮਰਵਾਕੇ ਖੁਆਂਦਾ ਹੈ ਤਾਂ ਇਹ ਖੁਦਾ ਮੰਦਿਰ ਵਾਲੇ ਹੋਰ ਭੈਰੋਂ, ਦੁਰਗਾ ਦੀ ਨਿਆਈਂ ਹੋਇਆ, ਅਰ ਮਹਾ ਬੁਤਪ੍ਰਸਤੀ ਦਾ ਚਲਾਨ ਵਾਲਾ ਹੋਇਆ, ਕਿਉਂਕਿ ਮੂਰਤਾਂ ਕੋਲੋਂ ਮਸੀਤ ਵੱਡਾ ਬੁੱਤ ਹੈ, ਏਸ ਲਈ ਖੁਦਾ ਅਰ ਮੁਸਲਮਾਨ ਵੱਡੇ ਮੂਰਤੀਪੂਜਕ, ਪੁਰਾਣੀ ਤਥਾ ਜੈਨੀ ਛੋਟੇ ਮੂਰਤੀਪੂਜਕ ਹਨ ॥ ੧੧੨ ॥

੧੧੩–ਫੇਰ ਨਿਸ਼ਚੇ ਤੁਸੀਂ ਦਿਨ ਕਿਆਮਤ ਦੇ ਉਠਾਏ ਜਾਓਗੇ ॥ ਮੰਃ ੪। ਸਿਃ ੧੮। ਸੂਃ ੨੩। ਆਃ ੧੬ ॥

(ਸਮੀਖਛਕ) ਕਿਆਮਤ ਤਕ ਮੁਰਦੇ ਕਬਰ ਵਿਚ ਰਹਨਗੇ ਵਾ ਕਿਸੀ ਹੋਰ ਜਗਹ? ਜੇ ਉਨ੍ਹਾਂ ਹੀ ਵਿਚ ਰਹਨਗੇ ਤਾਂ ਸੜੇ ਹੋਏ ਬਦਬੋ ਵਾਲੇ ਸ਼ਰੀਰ ਵਿਚ ਰਹਕੇ ਪੁੰਨ ਆਤਮਾਭੀ ਦੁਖ ਭੋਗ ਕਰਨਗੇ? ਇਹ ਨਿਆਯ ਅਨਿਆਯ ਹੈ, ਅਰ ਬਦਬੋ ਵਧੀਕ ਹੋਕੇ ਰੋਗ ਉਤਪੱਤੀ ਕਰਨ ਥੀਂ ਖੁਦਾ ਅਰ ਮੁਸਲਮਾਨ ਪਾਪ ਦੇ ਭਾਗੀ ਹੋਨਗੇ ॥ ੧੧੩ ॥

Generated by CamScanner from intsig.com

੧੧੪–ਉਸ ਦਿਨ ਦੀ ਉਗਾਹੀ ਦੇਨਗੇ ਉੱਪਰ ਉਨ੍ਹਾਂ ਦੇ ਜ਼ਬਾਨਾਂ ਉਨ੍ਹਾਂਦੀਆਂ, ਅਰ ਹੱਥ ਉਨ੍ਹਾਂਦੇ, ਅਰ ਪੈਰ ਉਨ੍ਹਾਂਦੇ ਨਾਲ ਉਸ ਵਸਤੂਦੇ ਕਿ ਸਨ ਕਰਦੇ ॥ ਅੱਲਾਹ ਨੂਰ ਹੈ ਆਸਮਾਨਾਂਦਾ ਅਰ ਜ਼ਮੀਨਦਾ ਨੂਰ (ਪ੍ਰਕਾਸ਼) ਉਸਦੇ ਕਿ ਸਦ੍ਰਿਸ਼ ਤਾਕੀ ਦੇ ਹੈ ਵਿਚ ਉਸਦੇ ਦੀਵਾ ਨੋਵੇ ਅਰ ਦੀਵੇ ਵਿਚ ਕੰਦੀਲ ਸ਼ੀਸ਼ਿਆਂਦੇ ਹੈ ਓਹ ਕੰਦੀਲ ਮਾਨੋਂ ਕਿ ਤਾਰਾ ਹੈ ਚਮਕਦਾ ਪ੍ਰਕਾਸ਼ਮਾਨ ਕੀਤਾ ਜਾਂਦਾ ਹੈ ਦੀਵਾ ਦ੍ਰਖ਼ਤ ਸ਼ੁਭ ਜੇਤੂਨਦੇਖੀਂ ਨਾ ਪੂਰਵ ਦੇ ਵੱਲ ਹੈ ਨਾ ਪੱਛਮ ਦੇ ਕੋਲ ਹੈ, ਤੇਲ ਉਸਦਾ ਰੋਸ਼ਨ ਹੋਜਾਵੇ ਜੋ ਨਾ ਲੱਗੇ ਉੱਪਰ ਰੋਸ਼ਨੀ ਦੇ ਰਾਹ ਵਿਖਾਂਦਾ ਹੈ ਅੱਲਾਹ ਨੂਰ ਅਪਨੇ ਦੇ ਜਿਸਨੂੰ ਚਾਹੁੰਦਾ ਹੈ ॥ ਮੰਃ ੪। ਸਿਃ ੧੯। ਸੂਃ ੨੪। ਆਃ ੨੩। ੩੪ ॥

(ਸਮੀਖਛਕ) ਹੱਥ ਪੈਰ ਆਦੀ ਜੜ ਹੋਨਦੇ ਕਾਰਣ ਉਗਾਹੀ ਕਦੀ ਨਹੀਂ ਦੇ ਸੱਕਦੇ। ਇਹ ਬਾਤ ਸ੍ਰਿਸ਼ਟੀ ਕ੍ਰਮਦੇ ਵਿਰੁੱਧ ਹੋਨ ਕਰਕੇ ਮਿਥਿਆ ਹੈ, ਕੀ ਖ਼ੁਦਾ ਅੱਗ ਯਾ ਬਿਜਲੀ ਹੈ? ਜੀਕਨ ਇਹ ਦ੍ਰਿਸ਼ਟਾਂਤ ਦਿੰਦੇ ਹਨ ਈਕਨ ਦ੍ਰਿਸ਼ਟਾਂਤ ਈਸ਼ੂਰ ਵਿੱਚ ਨਹੀਂ ਘੱਟ ਸੱਕਦਾ, ਹਾਂ ਕਿਸੇ ਸਾਕਾਰ ਵਸਤੂ ਵਿਚ ਘੱਟ ਸੱਕਦਾ ਹੈ ॥ ੧੧੪ ॥

੧੧੫–ਅਰ ਅੱਲਾਹ ਨੇ ਉਤਪੰਨ ਕੀਤਾ ਹਰ ਜਾਨਵਰ ਨੂੰ ਪਾਨੀਥੀਂ ਬੱਸ ਕੋਈ ਉਨ੍ਹਾਂ ਵਿੱਚੋਂ ਓਹ ਹੈ ਕਿ ਜੋ ਚੱਲਦਾ ਹੈ ਪੇਟ ਅਪਨੇ ਦੇ ॥ ਅਰ ਜੋ ਕੋਈ ਆਗਿਆ ਪਾਲਨ ਕਰੇ ਅੱਲਾਹਦੀ ਰਸੂਲ ਉਸਦੇਦੀ। ਕਹੋ ਆਗਿਆ ਪਾਲਨ ਕਰੋ ਖ਼ੁਦਾ ਦੀ ਰਸੂਲ ਉਸਦੇ ਦੀ, ਅਰ ਆਗਿਆ ਪਾਲਨ ਕਰੋ ਰਸੂਲ ਦੀ ਤਾਂ ਕਿ ਦਇਆ ਕੀਤੇ ਜਾਓ ॥ ਮੰਃ ੪। ਸਿਃ ੧੯। ਸੂਃ ੨੪। ਆਯਤ ੪੪। ੫੧। ੫੩। ੫੫ ॥

(ਸਮੀਖਛਕ) ਇਹ ਕਿਹੜੀ ਵਿਦਿਆ ਦੀ ਗੱਲ ਹੈ ਕਿ ਜਿਨ੍ਹਾਂ ਜਾਨਵਰਾਂ ਦੇ ਸ਼ਰੀਰ ਵਿਚ ਸਬ ਤੱਤ ਨਜ਼ਰ ਆਉਂਦੇ ਹਨ ਉਨ੍ਹਾਂ ਨੂੰ ਕਹਨਾ ਕਿ ਨਿਰੇ ਪਾਨੀ ਤੋਂ ਉਤਪੰਨ ਕੀਤਾ, ਇਹ ਨਿਰੀ ਅਵਿਦਿਆ ਦੀ ਗੱਲ ਹੈ, ਜਦ ਅੱਲਾਹ ਦੇ ਨਾਲ ਪੈਗੰਬਰ ਦੀ ਆਗਿਆ ਪਾਲਨ ਕਰਨੀ ਹੁੰਦੀ ਹੈ ਤਾਂ ਖ਼ੁਦਾ ਦਾ ਸ਼ਰੀਕ ਹੋਗਿਆ ਵਾ ਨਹੀਂ? ਜੇਕਰ ਈਕਨ ਹੈ ਤਾਂ ਕਿਉਂ ਖ਼ੁਦਾ ਨੂੰ ਲਾਸ਼ਰੀਕ ਕੁਰਾਨ ਵਿਚ ਲਿਖਿਆ ਅਰ ਕਹਿੰਦੇ ਹੋ ॥ ੧੧੫ ॥

੧੧੬–ਅਰ ਜਿਸ ਦਿਨ ਨੂੰ ਫਟ ਜਾਵੇਗਾ ਆਸਮਾਨ ਨਾਲ ਬਦਲੀ ਦੇ ਅਰ ਉਤਾਰੇ ਜਾਨਗੇ ਫਰਿਸ਼ਤੇ, ਬੱਸ ਮਤ ਕਹਿਆ ਮੰਨ ਕਾਫ਼ਰਾਂ ਦਾ, ਅਰ ਝਗੜਾ ਕਰ ਉਸਦੇ ਨਾਲ ਝਗੜਾ ਵੱਡਾ। ਅਰ ਵਟਾ ਸੁੱਟਦਾ ਹੈ ਅੱਲਾਹ ਬੁਰਾਈਆਂ ਉਨ੍ਹਾਂ ਦੀਆਂ ਨੂੰ ਭਲਾਈਆਂ ਨਾਲ। ਅਰ ਜੋ ਕੋਈ ਤੋਬਾ ਕਰੇ ਅਰ ਕੰਮ ਕਰੇ ਅੱਛੇ ਬੱਸ ਨਿਸ਼ਚੇ ਆਉਂਦਾ ਹੈ ਤਰਫ ਅੱਲਾਹ ਦੀ ॥ ਮੰ੦ ੪। ਸਿ੦ ੧੯। ਸੂ੦ ੨੫। ਆਯਤ ੨੪। ੪੯। ੬੭। ੬੮ ॥

Generated by CamScanner from intsig.com

(ਸਮੀਖਛਕ) ਇਹ ਬਾਤ ਕਦੀ ਸੱਚ ਨਹੀਂ ਹੋ ਸੱਕਦੀ ਹੈ ਕਿ ਆਕਾਸ਼ ਬੱਦਲਾਂ ਦੇ ਨਾਲ ਫਟ ਜਾਵੇ ਜੇਕਰ ਆਕਾਸ਼ ਕੋਈ ਮੂਰਤੀਮਾਨ ਪਦਾਰਥ ਹੋਵੇ ਤਾਂ ਫਟ ਸੱਕਦਾ ਹੈ, ਇਹ ਮੁਸਲਮਾਨਾਂ ਦਾ ਕੁਰਾਨ ਸ਼ਾਂਤੀ ਭੰਗ ਕਰਕੇ ਗਦਰ ਝਗੜਾ ਮਚਾਨਵਾਲਾ ਹੈ, ਏਸਲਈ ਧਰਮਾਤਮਾ ਵਿਦਵਾਨ ਲੋਗ ਏਸ ਨੂੰ ਨਹੀਂ ਮੰਨਦੇ। ਇਹਭੀ ਚੰਗਾ ਨਿਆਯ ਹੈ ਕਿ ਜੋ ਪਾਪ ਅਰ ਪੁੰਨ ਦਾ ਅਦਲਾ ਬਦਲਾ ਹੋਜਾਵੇ, ਕੀ ਇਹ ਤਿਲ ਅਰ ਮਾਂਹ ਦੀ ਤਰਾਂ ਬਾਤ ਹੈ ਜੋ ਵੱਟਾ ਸੱਟਾ ਹੋ ਜਾਵੇ, ਏਥਾ ਕਰਨਨਾਲ ਦੁਏ ਅਰ ਈਸ਼ੂਰ ਮਿਲੇ ਤਾਂ ਕੋਈ ਭੀ ਪਾਪ ਕਰਨ ਥੀਂ ਨਾ ਡਰੇ, ਏਸ ਲਈ ਇਹ ਸਬ ਬਾਤਾਂ ਵਿਦਿਆ ਤੋਂ ਵਿਰੁੱਧ ਹਨ ॥ ੧੧੬ ॥

੧੧੭—ਬਹੀ ਭੇਜੀ ਅਸਾਂ ਨੇ ਤਰਫ ਮੂਸਾ ਦੀ ਇਹ ਕਿ ਲੈ ਚੱਲ ਰਾਤ ਨੂੰ ਬੰਦਿਆਂ ਮੇਰਿਆਂ ਨੂੰ ਨਿਸ਼ਚੇ ਤੁਸੀਂ ਪਿੱਛਾ ਕੀਤੇ ਜਾਓਗੇ। ਫੇਰ ਭੇਜੇ ਲੋਗ ਫਿਰਅੌਨ ਨੇ ਵਿਚ ਨਗਰਾਂ ਦੇ ਜਮਾ ਕਰਨ ਵਾਲੇ। ਨਾ ਰ ਓਹ ਪੁਰੁਸ਼ ਕਿ ਜਿਸ ਨੇ ਪੈਦਾ ਕੀਤਾ ਮੈਂਨੂੰ, ਬੱਸ ਓਹੀ ਮਾਰਗ ਵਿਖਾਂਦਾ ਹੈ। ਨਾ ਰ ਓਹ ਜੋ ਖੁਆਂਦਾ ਹੈ ਮੈਂਨੂੰ ਪਿਆਂਦਾ ਹੈ ਮੈਂਨੂੰ। ਅਰ ਉਸ ਪੁਰੁਸ਼ ਦੀ ਆਸ਼ਾ ਰੱਖਦਾ ਹਾਂ ਮੈਂ ਏਹ ਕਿ ਖਛਮਾ ਕਰੇ ਵਾਸਤੇ ਮੇਰਾ ਅਪਰਾਧ ਦਿਨ ਕਿਆਮਤ ਦੇ। ਮੰ० ੫। ਸਿ० ੧੯। ਸੂ० ੨੬। ਆ० ੫੦। ੫੧। ੭੬। ੭੭। ੮੦॥

(ਸਮੀਖਛਕ) ਜਦ ਖੁਦਾ ਨੇ ਮੂਸਾ ਵੱਲ ਬਹੀ ਭੇਜੀ ਫੇਰ ਦਾਊਦ ਈਸਾ ਅਰ ਮੁਹੱਮਦ ਸਾਹਿਬ ਦੇ ਵੱਲ ਕਿਤਾਬ ਕਿਉਂ ਭੇਜੀ ? ਕਿਉਂਕਿ ਪਰਮੇਸ਼ੂਰ ਦੀ ਬਾਤ ਸਦਾ ਇੱਕੋ ਜਿਹੀ ਅਰ ਭੁੱਲ ਤੋਂ ਰਹਿਤ ਹੁੰਦੀ ਹੈ ਅਰ ਉਸਦੇ ਪਿੱਛੇ ਕੁਰਾਨ ਤਕ ਪੁਸਤਕਾਂ ਦਾ ਭੇਜਨਾ ਪਹਿਲੀ ਕਿਤਾਬ ਨੂੰ ਆਦਣ ਭੁੱਲ ਯੁਕਤ ਮੰਨਿਆ ਜਾਵੇਗਾ, ਤੇ ਕਰ ਏਹ ਤਿੰਨ ਪੁਸਤਕ ਸੱਚੇ ਹਨ ਤਾਂ ਇਹ ਕੁਰਾਨ ਝੂਠਾ ਹੋਵੇਗਾ, ਚਹੁੰ ਦਾ ਜੋ ਕਿ ਪਰਸਪਰ ਬਹੁਤ ਵਿਰੋਧ ਦੱਖਦੇ ਹਨ ਉਨ੍ਹਾਂ ਦਾ ਸਰਵਥਾ ਸੱਚ ਹੋਨਾ ਨਹੀਂ ਹੋਸੱਕਦਾ, ਤੇ ਕਰ ਖੁਦਾ ਨੇ ਜੂਹ ਅਰਥਾਤ ਜੀਵ ਪੈਦਾ ਕੀਤੇ ਹਨ ਤਾਂ ਓਹ ਮਰਭੀ ਜਾਨਗੇ ਅਰਥਾਤ ਉਨ੍ਹਾਂ ਦਾ ਕਦੀ ਅਭਾਵ ਭੀ ਹੋਵੇਗਾ, ਜੇ ਪਰਮੇਸ਼ੂਰ ਹੀ ਮਨੁਸ਼ ਆਦੀ ਪ੍ਰਾਣੀਆਂ ਨੂੰ ਖੁਆਂਦਾ ਪਿਲਾਂਦਾ ਹੈ ਤਾਂ ਕਿਸੇ ਨੂੰ ਰੋਗ ਹੋਨਾ ਨਾ ਚਾਹੀਏ, ਅਰ ਸਬ ਨੂੰ ਤੁਲ ਭੋਜਨ ਦੇਨਾ ਚਾਹੀਏ, ਪਖਛਾਤ ਨਾਲ ਇੱਕ ਨੂੰ ਉੱਤਮ, ਅਰ ਦੂਜੇ ਨੂੰ ਅਧਮ, ਜਿਸ ਤਰਾਂ ਕਿ ਰਾਜੇ ਅਰ ਕੰਗਾਲ ਨੂੰ ਉੱਤਮ ਅਰ ਅਧਮ ਭੋਜਨ ਮਿਲਦਾ ਹੈ ਨਾ ਹੋਨਾ ਚਾਹੀਏ, ਜਦ ਪਰਮੇਸ਼ੂਰ ਹੀ ਖੁਆਨ ਪਿਆਨ ਅਰ ਪੱਥ ਕਰਾਨ ਵਾਲਾ ਹੈ ਤਾਂ ਰੋਗ ਹੀ ਨਾ ਹੋਨਾ ਚਾਹੀਏ, ਪਰੰਤੂ ਮੁਸਲਮਾਨ ਆਦੀ ਨੂੰ ਭੀ ਰੋਗ ਹੁੰਦੇ ਹਨ, ਜੇਕਰ ਖੁਦਾ ਹੀ ਰੋਗ ਛੁਡਾਕੇ ਆਰਾਮ ਕਰਨ ਵਾਲਾ ਹੈ ਤਾਂ ਮੁਸਲਮਾਨਾਂ ਦੇ ਸ਼ਰੀਰਾਂ ਵਿਚ ਰੋਗ ਨਾ ਰਹਨਾ ਚਾਹੀਏ, ਜੇਕਰ ਰਹਿੰਦਾਹੈ ਤਾਂ

Generated by CamScanner from intsig.com

ਖ਼ੁਦਾ ਵੈਦ ਨਹੀਂ ਹੈ, ਜੇਕਰ ਪੂਰਾ ਵੈਦ ਹੈ ਤਾਂ ਮੁਸੱਲਮਾਨਾਂ. ਦੇ ਸ਼ਰੀਰ ਵਿਚ ਰੋਗ ਕਿਉਂ ਰਹਿੰਦੇ ਹਨ। ਜੇਕਰ ਉਹੋ ਮਾਰਦਾ ਅਰ ਜੁਆਂਦਾ ਹੈ ਤਾਂ ਉੱਸੇ ਖ਼ੁਦਾ ਨੂੰ ਪਾਪ, ਪੁੰਨ ਲਗਦਾ ਹੋਵੇਗਾ। ਜੇਕਰ ਜਨਮ ਜਨਮਾਂਤਰ ਦੇ ਕਰਮ ਅਨੁਸਾਰ ਵਿਵਸਥਾ ਕਰਦਾ ਹੈ ਤਾਂ ਉਸਨੂੰ ਕੁਝ ਭੀ ਅਪਰਾਧ ਨਹੀਂ। ਜੇਕਰ ਓਹ ਪਾਪ ਖਛਮਾ ਅਰ ਨਿਆਯ ਕਿਆਮਤ ਦੀ ਰਾਤ ਵਿਚ ਕਰਦਾ ਹੈ ਤਾਂ ਖ਼ੁਦਾ ਪਾਪ ਵਧਾਨ ਵਾਲਾ ਹੋਕੇ ਪਾਪ ਯੁਕਤ ਹੋਵੇਗਾ। ਜੇਕਰ ਖਛਮਾ ਨਹੀਂ ਕਰਦਾ ਤਾਂ ਇਹ ਕੁਰਾਨ ਦੀ ਬਾਤ ਝੂਠੀ ਹੋਨ ਤੋਂ ਬਚ ਨਹੀਂ ਸੱਕਦੀ ਹੈ॥ ੧੧੭॥

੧੧੮–ਨਹੀਂ ਤੂੰ ਆਦਮੀ ਵਾਛਨ ਸਾਡੇ, ਬੱਸ ਲੈ ਆ ਕੁਝ ਨਿਸ਼ਾਨੀ ਜੋ ਹੈ ਤੂੰ ਸੱਚਿਆਂਵਿਚੋਂ। ਕਹਿਆ ਇਹ ਊਠਨੀ ਹੈ ਵਾਸਤੇ ਉਸਦੇ ਪਾਨੀਪੀਨਾ ਹੈ ਇਕ ਵਾਰ॥ ਮੰ੦ ੫। ਸਿ੦ ੧੯। ਸੂ੦ ੨੬। ਆ੦ ੧੫੦। ੧੫੧॥

(ਸਮੀਖਛਕ) ਭਲਾ ਏਸ ਬਾਤ ਨੂੰ ਕੋਈ ਮੰਨ ਸਕਦਾ ਹੈ ਕਿ ਪੱਥਰ ਤੋਂ ਊਠਨੀ ਨਿਕਲੇ? ਓਹ ਜੰਗਲੀ ਸਨ ਕਿ ਜਿਨ੍ਹਾਂ ਨੇ ਏਸ ਬਾਤ ਨੂੰ ਮੰਨ ਲੀਤਾ. ਅਰ ਊਠਨੀ ਦੀ ਨਿਸ਼ਾਨੀ ਦੇਨੀ ਨਿਰੇ ਜੰਗਲੀ ਆਦਮੀਆਂ ਦਾ ਵਿਹਾਰ ਹੈ ਈਸ਼ੁਰਕ੍ਰਿਤ ਨਹੀਂ ਜੇਕਰ ਇਹ ਕਿਤਾਬ ਈਸ਼ੁਰਕ੍ਰਿਤ ਹੁੰਦੀ ਤਾਂ ਅਜੇਹੀਆਂ ਵਿਅਰਥ ਬਾਤਾਂ ਏਸ ਵਿਚ ਨਾ ਹੁੰਦੀਆਂ॥ ੧੧੮॥

੧੧੯–ਹੇ ਮੂਸਾ ਬਾਤ ਇਹ ਹੈ ਨਿਸ਼ਚੇ ਮੈਂ ਅੱਲਾਹ ਹਾਂ ਡਾਢਾ। ਅਰ ਸੁੱਟ ਦੇਹ ਡੰਡਾ ਆਪਨਾ, ਬੱਸ ਜਦ ਕਿ ਵੇਖਿਆ ਉਸਨੂੰ ਹਲਦਾ ਸੀ ਮਾਨੋ ਕਿ ਓਹ ਸੱਪ ਹੈ। ਹੇ ਮੂਸਾ ਮਤ ਡਰ ਨਿਸ਼ਚੇ ਨਹੀਂ ਡਰਦੇ ਨੇੜੇ ਮੇਰੇ ਪੈਗੰਬਰ। ਅੱਲਾਹ ਨਹੀਂ ਕੋਈ ਪੂਜ, ਪਰੰਤੂ ਓਹ ਮਾਲਕ ਅਰਸ਼ ਵੱਡੇ ਦਾ ਇਹ ਕਿ ਮਤ ਸਿਰ ਚੁੱਕੋ ਉੱਪਰ ਮੇਰੇ ਅਰ ਚਲੇ ਆਓ ਮੇਰੇਪਾਸ ਮੁਸਲਮਾਨ ਹੋਕੇ॥ ਮੰਜ਼ਲ ੫। ਸਿ੦ ੧੯। ਸੂ੦ ੨੭। ਆ੦ ੯। ੧੦। ੨੬। ੩੧॥

(ਸਮੀਖਛਕ) ਹੋਰ ਭੀ ਵੇਖੋ ਅਪਨੇ ਮੂੰਹ ਆਪ ਅੱਲਾਹ ਜ਼ਬਰਦਸਤ ਬਨਦਾ ਹੈ, ਅਪਨੇ ਮੂੰਹ ਨਾਲ ਅਪਨੀ ਵਡਿਆਈ ਕਰਨੀ ਚੰਗੇ ਪੁਰੁਸ਼ ਦਾ ਭੀ ਕੰਮ ਨਹੀਂ ਤਾਂ ਖ਼ੁਦਾ ਦਾ ਕਿਉਂਕਰ ਹੋ ਸੱਕਦਾ ਹੈ? ਤਦੇ ਤਾਂ ਇੰਦ੍ਰਜਾਲ ਦਾ ਲਟਕਾ ਵਿਖਾਕੇ ਜੰਗਲੀ ਮਨੁਸ਼ਾਂ ਨੰ ਬੱਸ ਕਰਕੇ ਆਪ ਜੰਗਲ ਦਾ ਖ਼ੁਦਾ ਬਨ ਬੈਠਾ। ਅਜੇਹੀ ਗੱਲ ਈਸ਼ੁਰ ਦੀ ਕਿਤਾਬ ਵਿਚ ਕਦੀ ਨਹੀਂ ਹੋ ਸਕਦੀ ਜੇਕਰ ਓਹ ਵੱਡੇ ਅਰਸ਼ ਅਰਥਾਤ ਸੱਤਵੇਂ ਆਸਮਾਨ ਦਾ ਮਾਲਿਕ ਹੈ ਤਾਂ ਓਹ ਇੱਕ ਦੇਸ਼ੀ ਹੋਨ ਕਰਕੇ ਈਸ਼ੁਰ ਨਹੀਂ ਹੋ ਸੱਕਦਾ ਹੈ, ਜੇਕਰ ਅਭਿਮਨ ਕਰਨਾ ਬੁਰਾ ਹੈ ਤਾਂ ਖ਼ੁਦਾ ਅਰ ਮੁਹਮਦ ਸਾਹਿਬ ਨੇ ਅਪਨੀ ਉਸਤਤ ਨਾਲ ਪੁਸਤਕ ਕਿਉਂ ਭਰ ਦਿੱਤੇ? ਮੁਹੱਮਦ ਸਾਹਿਬ ਨੇ ਅਨੇਕ ਮਾਰੇ ਏਸ ਥੀਂ ਸਿਰ ਚੁੱਕਨਾ ਹੋਇਆ ਕਿ ਨਹੀਂ? ਇਹ ਮਹਾਨ ਪੁਨਰੁਕਤ ਅਰ ਪੂਰਵਾਪਰ ਵਿਰੁੱਧ ਬਾਤਾਂ ਨਾਲ ਭਰਿਆ ਹੋਇਆ ਹੈ॥ ੧੧੯॥

Generated by CamScanner from intsig.com

੧੨੦–ਅਰ ਦੇਖੇਂਗਾ ਤੂੰ ਪਹਾੜਾਂ ਨੂੰ ਅਨੁਮਾਨ ਕਰਦਾ ਹੈਂ ਤੂੰ ਉਨਾਂ ਨੂੰ ਜੰਮੇ ਹੋਏ ਅਰ ਚਲੇ ਜਾਂਦੇ ਹਨ ਸਦ੍ਰਿਸ਼ ਚਲਣ ਵਾਲੇ ਬੱਦਲਾਂਦੀ,ਕਾਰਾਗਰੀ ਅੱਲਾਹ ਦੀ ਜਿਸਨੇ ਦ੍ਰਿੜ੍ਹ ਕੀਤਾ ਹਰ ਵਸਤੂ ਨੂੰ ਨਿਸ਼ਚੇ ਓਹ ਖ਼ਬਰਦਾਰ ਹੈ ਉਸ ਵਸਤੂ ਦੇ ਜਿ ਕਰਦੇ ਹੋ ॥ ਮੰਜ਼ਲ ੫। ਸਿਪਾਰਾ ੨੦ । ਸੂ: ੨੭।ਆ:੮੮॥

(ਸਮੀਖਛਕ) ਬੱਦਲਾਂਦੇ ਸਮਾਨ ਪਹਾੜਾਂ ਦਾ ਚੱਲਨਾ,ਕੁਰਾਨ ਬਨਾਨ ਵਾਲਿਆਂ ਦੇ ਦੇਸ਼ ਵਿਚ ਹੁੰਦਾ ਹੋਵੇਗਾ ਹੋਰਥਾਂ ਨਹੀਂ,ਅਤ ਖ਼ੁਦਾ ਦੀ ਖਬਰਦਾਰੀ ਸ਼ੈਤਾਨ ਯਾਕੀ ਨੂੰ ਨਾ ਪਕੜਨੇ ਅਤ ਨਾ ਦੰਡ ਦੇਨ ਥੀਂ ਹੀ ਮਲੂਮ ਹੁੰਦੀ ਹੈ ਕਿ ਜਿਸ ਨੇ ਇਕ ਯਾਕੀ ਨੂੰ ਭੀ ਹੁਨ ਤਕ ਨਾ ਪਕੜ ਪਾਇਆ ਨਾ ਦੰਡ ਦਿੱਤਾ, ਏਸ ਥੀਂ ਵਧੀਕ ਬੇਖ਼ਬਰੀ ਕੀ ਹੋਵੇਗੀ ॥ ੧੨੦ ॥

੧੨੧–ਬੱਸ ਮੁੜਾ ਮਾਰਿਆ ਉਸਨੂੰ ਮੂਸਾ ਨੇ ਬੱਸ ਪੂਰੀ ਕੀਤੀ ਆਯੂ ਉਸਦੀ। ਕਹਿਆ ਹ ਰੱਬ ਮੇਰੇ ਨਿਸ਼ਚੇ ਮੈਂਨੇ ਅਨਿਆਯ ਕੀਤਾ ਜਾਨ ਅਪਨੀ ਨੂੰ, ਬੱਸ ਖਛਮਾ ਕਰ ਮੈਨੂੰ ਬੱਸ ਖਛਸਾ ਕਰ ਦਿੱਤਾ ਉਸਨੂੰ, ਨਿਸ਼ਚੇ ਓਹ ਖਛਮਾ ਕਰਨ ਵਾਲਾ ਦਇਆਲੂ ਹੈ ਅਤ ਮਾਲਿਕ ਤੇਰਾ ਉਤਪੰਨ ਕਰਦਾ ਹੈ ਜੋ ਕੁਝ ਚਾਹੁੰਦਾ ਹੈ ਅਰ ਪਸੰਦ ਕਰਦਾ ਹੈ ॥ ਮੰਜ਼ਲ ੫ । ਸਿਪਾਰਾ ੨੦ । ਸੂਰਤ ੨੮ । ਆਯਤ ੧੪ । ੧੫ । ੬੬ ॥

(ਸਮੀਖਛਕ) ਹੁਨ ਹੋਰ ਭੀ ਦੇਖੋ ! ਮੁਸਲਮਾਨ ਅਰ ਈਸਾਈਆਂ ਦੇ ਪੈਗੰਬਰ ਅਰ ਖ਼ੁਦਾ, ਕਿ ਮੂਸਾ ਪੈਗੰਬਰ ਮਨੁਸ਼ ਦੀ ਹੱਤਿਆ ਕੀਤਾ ਕਰੇ ਅਰ ਖ਼ੁਦਾ ਖਛਮਾ ਕੀਤਾ ਕਰੇ ਇਹ ਦੋਨੋਂ ਅਨਿਆਯਕਾਰੀ ਹਨ ਵਾ ਨਹੀਂ ? ਕੀ ਅਪਨੀ ਇੱਛਿਆ ਨਾਲ ਜਿਹੀ ਚਾਹੁੰਦਾ ਹੈ ਤੇਹੀ ਉਤਪੱਤੀ ਕਰਦਾ ਹੈ ? ਕੀ ਉਸਨੇ ਅਪਨੀ ਇੱਛਿਆ ਹੀ ਥੀਂ ਇਕ ਨੂੰ ਰਾਜਾ ਦੂਜੇ ਨੂੰ ਕੰਗਾਲ ਅਰ ਇਕ ਨੂੰ ਵਿਦਵਾਨ ਅਰ ਦੂਜੇ ਨੂੰ ਮੂਰਖ ਆਦੀ ਕੀਤਾ ਹੈ ? ਜੇਕਰ ਅਜੇਹਾ ਹੈ ਤਾਂ ਨਾ ਕੁਰਾਨ ਸੱਚ ਅਰ ਨਾ ਅਨਿਆਯਕਾਰੀ ਹੋਨ ਥੀਂ ਇਹ ਖ਼ੁਦਾ ਹੀ ਹੋਸਕਦਾ ਹੈ ॥ ੧੨੧ ॥

੧੨੨–ਅਰ ਅਗਿਆ ਦਿੱਤੀ ਅਸਾਂ ਮਨੁਸ਼ ਨੂੰ ਨਾਲ ਮਾਂ, ਪਿਉ ਦੇ ਭਲਾਈ ਕਰਨਾ, ਜੋ ਝਗੜਾ ਕਰਨ ਤੇਰੇ ਨਾਲ ਦੋਨੋਂ ਇਹ ਕਿ ਸ਼ਰੀਕ ਲਿਆਵੇਂ ਤੂੰ ਸੰਗ ਮੇਰੇ ਉਸ ਵਸਤੂ ਨੂੰ ਕਿ ਨਹੀਂ ਵਾਸਤੇ ਤੇਰੇ ਸੰਗ ਉਸਦੇ ਗਿਆਨ, ਬੱਸ ਮੱਤ ਕਹਿਆ ਮੰਨ ਉਨ੍ਹਾਂ ਦੁਹਾਂ ਦਾ ਤਰਫ ਮੇਰੀ ਹੈ। ਅਰ ਜ਼ਰੂਰ ਭੇਜਿਆ ਅਸਾਂ ਨੇ ਨੂਹ ਨੂੰ ਤਰਫ ਕੌਮ ਉਸਦੀ ਦੇ ਕਿ ਬੱਸ ਰਹਿਆ ਵਿਚ ਉਨ੍ਹਾਂ ਦੇ ਹਜ਼ਾਹ ਵਰ੍ਹੇ, ਪਰੰਤੂ ਪੰਜਾਹ ਵਰ੍ਹੇ ਘੱਟ ॥ ਮੰ੦ ੫ । ਸਿ੦ ੨੦ । ੨੧ । ਸੂ੦ ੨੯ । ਆ੦ ੭ । ੧੩ ॥

(ਸਮੀਖਛਕ) ਮਾਤਾ ਪਿਤਾ ਦੀ ਸੇਵਾ ਕਰਨੀ ਤਾਂ ਅੱਛੀ ਹੀ ਹੈ ਖ਼ੁਦਾ ਦੇ ਨਾਲ ਸ਼ਰੀਕ ਕਰਨ ਦੇ ਵਾਸਤੇ ਕਹੇ ਤਾਂ ਉਨ੍ਹਾਂ ਦਾ ਕਹਿਆ ਮੰਨਨਾ ਇਹ

Generated by CamScanner from intsig.com

ਭੀ ਠੀਕ ਹੈ, ਪਰੰਤੂ ਜੇਕਰ ਮਾਤਾ, ਪਿਤਾ ਝੂਠ ਬੋਲਨ ਆਦੀ ਦੀ ਆਗਿਆ ਦੇਨ ਤਾਂ ਕੀ ਮੰਨ ਲੈਨੀ ਚਾਹੀਏ ? ਏਸ ਲਈ ਇਹ ਬਾਤ ਅੱਧੀ ਅੱਛੀ ਅਰ ਅੱਧੀ ਬੁਰੀ ਹੈ। ਕੀ ਨੂਹ ਆਦੀ ਪੈਗੰਬਰਾਂ ਨੂੰ ਹੀਖੁ ਦਾ ਸੰਸਾਰ ਵਿਚ ਭੇਜਦਾ ਹੈ ਤਾਂ ਹੋਰਨਾਂ ਜੀਵਾਂਨੂੰ ਕੌਨ ਭੇਜਦਾਹੈ? ਜੇਕਰ ਸਬਨੂੰ ਓਹੋ ਭੇਜਦਾ ਹੈ ਤਾਂਸਾਰੇ ਪੈਗੰਬਰ ਕਿਉਂ ਨਹੀਂ ? ਅਰ ਪਹਲੇ ਮਨੁਸ਼ਾਂ ਦੀ ਹਜ਼ਾਰ ਵਰ੍ਹੇ ਦੀ ਉਮਰ ਹੁੰਦੀ ਸੀ ਤਾਂ ਹੁਨ ਕਿਉਂਨਹੀਂਹੁੰਦੀ? ਏਸਲਈ ਇਹ ਬਾਤ ਠੀਕ ਨਹੀਂ ॥ ੧੨੨ ॥

੧੨੩–ਅੱਲਾਹ ਪਹਲੀ ਵਾਰ ਕਰਦਾ ਹੈ ਉਤਪੱਤੀ, ਫਿਤ ਦੂਜੀ ਵਾਰ ਕਰੇਗਾ ਉਸਨੂੰ, ਫਿਰ ਉਸੀ ਦੀ ਤਰਫ ਫੇਰ ਜਾਓਗੇ। ਅਰ ਜਿਸ ਦਿਨ ਬਤਪਾ ਅਰਥਾਤ ਖੜੀ ਹੋਵੇਗੀ ਕਿਆਮਤ ਨਿਰਾਸ਼ ਹੋਨਗੇ ਪਾਪੀ। ਬੱਸ ਜੋ ਲੋਗ ਕਿ ਈਮਾਨ ਲਿਆਏ ਅਰ ਕੰਮ ਕੀਤੇ ਚੰਗੇ ਬੱਸ ਓਹ ਵਿਚ ਬਾਗ਼ ਦੇ ਸਿੰਗਾਰ ਕੀਤ ਜਾਨਗੇ। ਅਰ ਜੋ ਭੇਜ ਦੇਵਾਂ ਅਸੀਂ ਇਕ ਬਾਰ ਬੱਸ ਦੇਖਨ ਉਸ ਖੇਤੀ ਨੂੰ ਪੀਲੀ ਹੋਈ। ਇਸੇ ਪ੍ਰਕਾਰ ਮੋਹਤ ਰੱਖਤਾ ਹੈ ਅੱਲਾਹ ਉੱਪਰ ਦਿਲ ਉਨਾਂ ਲੋਗਾਂ ਦੇ ਕਿ ਨਹੀਂ ਜਾਨਦੇ ॥ ਮੰਜ਼ਲ ੫। ਸਿਪਾਰਾ ੨੧। ਸੂਰਤ ੩੦। ਆਯਤ ੧੦। ੧੧। ੫੦। ੫੯ ॥

(ਸਮੀਖਛਕ) ਜੇਕਰ ਅੱਲਾਹ ਦੋ ਵਾਰੀ ਉਤਪੱਤੀ ਕਰਦਾ ਹੈ ਤੀਜੀਵੇਰੀ ਨਹੀਂ ਤਾਂ ਉਤਪੱਤੀ ਦੀ ਆਦਿ ਅਰ ਦੂਜੀ ਵਾਰ ਦੇ ਅੰਤ ਵਿਚ ਨਿਕੰਮਾਂ ਬੈਠਾ ਰਹਿੰਦਾ ਹੋਵੇਗਾ ? ਅਰ ਇਕ ਤਥਾ ਦੋ ਵੇਰੀ ਉਤਪੱਤੀ ਦੇ ਪਿੱਛੇ ਉਸਦਾ ਸਾਮਰਥ ਨਿਕੰਮਾ ਅਰ ਵਿਅਰਥ ਹੋ ਜਾਵੇਗਾ, ਜੇਕਰ ਨਿਆਯ ਕਰਨ ਦਦਿਨ ਪਾਪੀ ਲੋਗ ਨਿਰਾਸ਼ ਹੋਨ ਤਾਂ ਚੰਗੀ ਬਾਤ ਹੈ,ਪਰੰਤੂ ਏਸਦਾ ਪ੍ਰਯੋਜਨ ਇਹ ਤਾਂ ਕਿਦੇ ਨਹੀਂ ਹੈ ਕਿ ਮੁਸਲਮਾਨਾਂ ਦੇ ਬਗ਼ੈਰ ਸਬ ਪਾਪੀ ਸਮਝਕੇ ਨਿਰਾਸ਼ ਕੀਤੇ ਜਾਨ ਕਿਉਂਕਿ ਕੁਰਾਨ ਵਿਚ ਕਈ ਥਾਵਾਂ ਵਿਚ ਪਾਪੀਆਂ ਥੀਂ ਹੋਰਨਾਂ ਦਾ ਹੀ ਪ੍ਰਯੋਜਨ ਹੈ। ਨੇਕਰ ਬਗੀਚਿਆਂ ਵਿਚ ਰਖਨਾ ਅਰ ਸਿੰਗਾਰ ਕਰਾਨਾ ਹੀ ਮੁਸਲਮਾਨਾਂ ਦਾ ਬਹਿਸ਼ਤ ਹੈ ਤਾਂ ਏਸ ਸੰਸਾਰ ਦੇ ਤੁੱਲ ਹੋਇਆ ? ਅਰ ਉੱਥੇ ਮਾਲੀ ਅਰ ਸੁਨਿਆਰੇ ਭੀ ਹੋਨਗੇ ? ਅਥਵਾ ਖ਼ੁਦਾ ਹੀ ਮਾਲੀ ਅਰ ਸੁਨਿਆਰੇ ਆਦੀ ਦਾ ਕੰਮ ਕਰਦਾ ਹੋਵੇਗਾ ? ਜੇਕਰ ਕਿਸੇ ਨੂੰ ਘੱਟ ਗਹਨਾ ਮਿਲਦਾ ਹੋਵੇਗਾ ਤਾਂ ਚੋਰੀ ਭੀ ਹੁੰਦੀ ਹੋਵੇਗੀ ? ਅਰ ਬਹਿਸ਼ਤ ਥੀਂ ਚੋਰੀ ਕਰਨ ਵਾਲਿਆਂ ਨੂੰ ਦੋਜ਼ਖ਼ ਵਿਚ ਭੀ ਸੱਟਦਾ ਹੋਵੇਗਾ ? ਜੇਕਰ ਈਕਨ ਹੁੰਦਾ ਹੋਵੇਗਾ ਤਾਂ ਸਦਾ ਬਹਿਸ਼ਤ ਵਿਚ ਰਹਨਗੇ ਇਹ ਬਾਤ ਝੂਠੀ ਹੋ ਜਾਵੇਗੀ। ਜੇ ਜ਼ਿਮੀਦਾਰਾਂ ਦੀ ਖੇਤੀ ਉੱਤੇ ਭੀ ਖ਼ੁਦਾ ਦੀ ਨਜ਼ਰ ਹੈ ਸੋ ਇਹ ਵਿਦਿਆ ਖੇਤੀ ਕਰਨ ਦੇ ਅਨੁਭਵ ਨਾਲ ਹੀ ਹੁੰਦੀ ਹੈ। ਅਰ ਜੇਕਰ ਮੰਨਿਆ ਜਾਵੇ ਕਿ ਖ਼ੁਦਾ ਨੇ ਅਪਨੀ ਵਿਦਿਆ ਥੀਂ ਸਬ ਬਾਤ ਜਾਨ ਲੀਤੀ ਹੈ ਤਾਂ ਅਜੇਹਾ ਭੈ ਦੇਨਾ ਅਪਨਾ ਧਰਮ ਪ੍ਰਸਿੱਧ ਕਰਨਾਂ ਹੈ। ਜੇਕਰ ਅੱਲਾਹ ਨੇ ਜੀਵਾਂ ਦੇ

Generated by CamScanner from intsig.com

ਦਿਲਾਂ ਉੱਤੇ ਮੋਹਰ ਲਾਕੇ ਪਾਪ ਕਰਾਇਆ ਤਾਂ ਉਸ ਪਾਪ ਦਾ ਭਾਗੀ ਉਹੋ ਹੋਵੇ ਜੀਵ ਨਹੀਂ ਹੋ ਸਕਦੇ. ਜੀਕਨ ਜਿੱਤ ਹਾਰ ਸੇਨਾਧੀਸ਼ ਦੀ ਹੁੰਦੀ ਹੈ ਉਕਨ ਹੀ ਏਹ ਸਭ ਪਾਪ ਖ਼ੁਦਾ ਹੀ ਨੂੰ ਪ੍ਰਾਪਤ ਹੋਨ ॥ ੧੨੩ ॥

੧੨੪–ਏਹ ਆਇਤਾਂ ਹਨ ਕਿਤਾਬ ਹਿਕਮਤ ਵਾਲੇ ਦੀ। ਉਤਪੰਨ ਕੀਤਾ ਆਸਮਾਨਾਂ ਨੂੰ ਬਿਨਾ ਥੰਮਾਂ ਦੇ ਦੇਖਦੇ ਹੋ ਤੁਸੀਂ ਉਸਨ ਅਤੇ ਰੱਖੇ ਵਿਚ ਪ੍ਰਿਥਿਵੀ ਦੇ ਪਹਾੜ, ਅਜੇਹਾ ਨਾ ਹੋਵੇ ਕਿ ਹਲ ਜਾਵੇ। ਕਿਉਂ ਨਹੀਂ ਵੇਖਿਆ ਤੈਂ ਇਹ ਕਿ ਅੱਲਾਹ ਪ੍ਰਵੇਸ਼ ਕਰਾਂਦਾ ਹੈ ਰਾਤ ਨੂੰ ਵਿਚ ਦਿਨ ਦੇ ਅਤ ਪ੍ਰਵੇਸ਼ ਕਰਾਂਦਾ ਹੈ ਦਿਨ ਨੂੰ ਵਿਚ ਰਾਤ ਦੇ। ਕੀ ਨਹੀਂ ਵੇਖਿਆ ਕਿ ਕਿਸ਼ਤੀਆਂ ਚੱਲ਼ਦੀਆਂ ਹਨ ਵਿਚ ਦਰਯਾ ਦੇ ਨਾਲ਼ ਪਦਾਰਥਾਂ ਅੱਲਾਹ ਦੇ ਤਾਂ ਕਿ ਦਿੱਸਨ ਤੁਹਾਨੂੰ ਨਿਸ਼ਾਨੀਆਂ ਅਪਨੀਆਂ ॥ ਮੰ੦ ੫। ਸਿ੦ ੨੧। ਸੂ੭ ੩੧। ਆ੦ ੧। ੯। ੨੯। ੩੦ ॥

(ਸਮੀਖਛਕ) ਵਾਹ ਜੀ ਵਾਹ! ਹਿਕਮਤ ਵਾਲੀ ਕਿਤਾਬ! ਕਿ ਜਿਸ ਵਿਚ ਸਰਵਥਾ ਵਿਦਿਆ ਤੇਂ ਵਿਰੁੱਧ ਆਕਾਸ਼ ਦਾ ਉਤਪੱਤੀ ਅਰ ਉਸ ਵਿਚ ਥੰਮ ਲਗਾਨ ਦੀ ਸ਼ੰਕਾ ਅਰ ਪ੍ਰਿਥਿਵੀ ਨੂੰ ਖ਼ਲੋਤੀ ਰਖਨ ਦੇ ਲਈ ਪਹਾੜ ਰਖਨਾ ਥੋੜੀ ਜਿਹੀ ਵਿਦਿਆ ਵਾਲਾ ਭੀ ਅਜੇਹਾ ਲੇਖ ਕਦੀ ਨਹੀਂ ਕਰਦਾ ਅਰ ਨਾ ਮੰਨਦਾ, ਅਰ ਅਕਲ਼ ਵੇਖੋ ਕਿ ਜਿੱਥੇ ਦਿਨ ਹੈ ਉੱਥੇ ਰਾਤ ਨਹੀਂ ਅਰ ਜਿੱਥੇ ਰਾਤ ਹੈ ਉੱਥੇ ਦਿਨ ਨਹੀਂ ਉਸਨੂੰ ਇਕ ਦੂਜੇ ਵਿਚ ਪ੍ਰਵੇਸ਼ ਕਰਾਨਾ ਲਿਖਦਾ ਹੈ ਇਹ ਬੜੇ ਅਵਿਦਵਾਨਾਂ ਦੀ ਬਾਤ ਹੈ ਏਸ ਲਈ ਇਹ ਕੁਰਾਨ ਵਿਦਿਆ ਦੀ ਪੁਸਤਕ ਨਹੀਂ ਹੋ ਸਕਦੀ। ਕੀ ਇਹ ਵਿਦਿਆ ਵਿਰੁੱਧ ਬਾਤ ਨਹੀਂ ਹੈ ਕਿ ਥੋੜੀਆਂ ਮਨੁਸ਼ ਅਰ ਕ੍ਰਿਯਾ ਕੌਸ਼ਲ ਆਦੀ ਨਾਲ ਚਲਦੀਆਂ ਹਨ ਵਾ ਖ਼ੁਦਾ ਦੀ ਕ੍ਰਿਪਾ ਨਾਲ, ਜੇਕਰ ਲੋਹੇ ਵਾ ਪੱਥਰਾਂ ਦੀ ਏੜੀ ਬਨਾਕੇ ਸਮੁਦ੍ ਵਿਚ ਚਲਾਈਏ ਤਾਂ ਖ਼ੁਦਾ ਦੀ ਨਿਸ਼ਾਨੀ ਡੁੱਬ ਜਾਏ ਵਾ ਨਹੀਂ? ਏਸ ਲਈ ਇਹ ਪੁਸਤਕ ਨਾ ਵਿਦਵਾਨ ਅਰ ਨਾ ਈਸ਼ੂਰ ਦਾ ਬਨਾਇਆ ਹੋ ਸਕਦਾ ਹੈ ॥ ੧੨੪ ॥

੧੨੫–ਤਦਬੀਰ ਕਰਦਾ ਹੈ ਕੰਮ ਦੀ ਆਸਮਾਨ ਥੀਂ ਤਰਫ਼ ਪ੍ਰਿਥਿਵੀ ਦੀ ਫੇਰ ਚੜ੍ਹ ਜਾਂਦਾ ਹੈ ਤਰਫ ਉਸਦੀ ਵਿਚ ਇਕ ਦਿਨ ਦੇ ਕਿ ਹੈ ਅਵਧੀ ਉਸਦੀ ਹਜ਼ਾਰ ਵਰ੍ਹੇ ਉਨ੍ਹਾਂ ਵਰ੍ਹਿਆਂ ਥੀਂ ਕਿ ਗਿਨਦੇਹੋ ਤੁਸੀਂ। ਇਹਹੈ ਜਾਨਨ ਵਾਲਾ ਗੈਬ (ਗੁਪਤ) ਦਾ ਅਰ ਪ੍ਰਤਖਛ ਦਾ ਗਾਲਬ (ਸ਼ਕਤੀਮਾਨ) ਦਇਆਲੂ ਫੇਰ ਪੁਸ਼ਟ ਕੀਤਾ ਉਸਨੂੰ ਅਤ ਫੁਕਿਆ ਵਿਚ ਰੂਹ ਅਪਨੀ ਥੀਂ। ਕੀ ਗ਼ਬਜ਼ ਕਰੇਗਾ ਤੁਹਾਨੂੰ ਫਰਿਸ਼ਤਾ ਮੌਤ ਦਾ ਓਹ ਜੋ ਨਿਯਤ ਕੀਤਾ ਗਿਆ ਹੈ ਨਾਲ ਤੁਹਾਡੇ। ਅਰ ਜੋ ਚਾਹੁੰਦੇ ਅਸੀਂ ਜ਼ਰੂਰ ਦਿੰਦੇ ਅਸੀਂ ਹਰਇਕ ਜੀਵਨੂੰ ਸ਼ਿਖਛਾ ਉਸਦੀ, ਪਰੰਤੂ ਸਿੱਧ ਹੋਈ ਬਾਤ ਮੇਰੀ ਹੋਰਥੀਂ ਕਿ ਜ਼ਰੂਰ ਭਰਾਂਗਾ ਦੋਜ਼ਖ਼

Generated by CamScanner from intsig.com

जिनां अर आदमीआं नाल इकॅठे॥ मं० ५। सि० २१। सू० ३२। आ० ४। ५। ७। ८। ११॥

(समीखछक) हुन ठीक सिॅध होगिआ कि मुसलमानां दा खुदा मनुश दी निआईं इॅकदेशी है, किउंकि जो विआपक हुंदा तां इक देश नाल पूबंध करना अत उतजना चड़ना नहीं हो सॅकदा, जेकर खुदा फरिशते नूं भेजदा है तां भी आप इॅकदेशी होगिआ। आप आसमान उॅते टंगिआ बैठा है? अत फरिशतिआं नूं दुड़ांदा है? जेकर फरिशते वॅछी लैके कोइ मामला विगाड़ देन दा किसे मुरदे नूं छॅड जान तां खुदा नूं की मलूम होसकदा है? मलूम तां उसनूं होवे कि जो सरवॅग तथा सरवविआपक होवे सो तां है ही नहीं, हुंदा तां फरिशतिआं दे भेजने तथा कई लोगां दी कई पूकार नाल परीखछा लैन दा की कंम सी? अर इॅक हज़ार वरेआं विच तथा आउन जान पूबंध करन नाल सरवशकतीमान भी नहों। जेकर मौत दा फरिशता है तां उस फरिशते दे मारन वाली किहड़ी मौत है? जेकर ओह निॅत है तां अमरपन विच खुदा दे बराबर शरीक होॅइआ, इक फरिशता इक समय विच दोज़ख भरन दे वासते जीवां नूं शिखछा नहीं कर सकदा अर उनां नूं बिना पाप कीते अपनी मरज़ी नाल दोज़ख भरके उनां नूं दुॅख देके तमाशा वेखदा है? तां ओह खुदा पापी अनिआयकारी अर दइआहीन है। अजेहीआं गॅलां जिस किताब विच होन ना ओह विदवान अर ईशूरकृित। अर जिहड़ी दइआ निआय तों हीन है ओह ईशूर भी कदी नहीं होसॅकदा॥१२५॥

१२६—कहो कि कदी ना नछा देगा नॅठना तुहानूं जे नॅठो तुसीं मौत वा कतल थीं। हे बीबीओ नबी दा जो कोई आवे तुहाडे विचों निरलॅजता पूतखछ दे दूना कीता जावेगा वासते उसदे अज़ाब अर है इह उॅपर अॅलाह दे सहिज॥ मं० ५।सि० २१।सू० ३३।आ० १६।३०

(समीखछक) इह मुहॅमदसाहिब ने एसलई लिखिआ लिखवावाइआ होवेगा कि लड़ाई विच कोई ना नॅठे, साडी जिॅत होवे, मरन तों भी ना डरे, ओशूरज वधे, मज़हब वधाईए। अर जेकर बीबी निरलॅजता नालना आवे तां को पैगंबर साहिब निरलॅजहो के आउन? बीबीआं उॅते अज़ाब (पीड़ा) होवे? पैगंबर साहिब उॅते अज़ाब ना होवे इह किस घर दा निआय है?॥ १२६॥

Generated by CamScanner from intsig.com

੧੨੭–ਅਰ ਅਟਕੀ ਰਹੋ ਵਿਚ ਘਰਾਂ ਅਪਨੇ ਦੇ, ਆਗਿਆ ਪਾਲਨ ਕਰੋ ਅੱਲਾਹ ਅਰ ਰਸੂਲ ਦੀ ਇਨਾ ਏਸਦੇ ਨਹੀਂ। ਵੱਸ ਜਦ ਪੂਰੀ ਕਰ ਲਈ ਜ਼ੈਦ ਨੇ ਅਪਨੀ ਹਾਜਤ ਉਸਨੂੰ ਵਿਆਹ ਦਿੱਤਾ ਅਸਾਂ ਨੇ ਤੈਨੂੰ ਉਸਨੂੰ ਤਾਂ ਕਿ ਨਾ ਹੋਵੇ ਉੱਪਰ ਈਮਾਨ ਵਾਲਿਆਂ ਦੇ ਤੰਗੀ ਵਿਚ ਬੀਬੀਆਂ ਥੀਂ, ਲੈਪਾਲਕਾਂ ਉਨਾਂ ਦੇ ਥੀਂ, ਜਦ ਅਦਾ ਕਰ ਲੈਨ ਉਨਾਂ ਥੀਂ ਹਾਜਿਤ ਅਰ ਹੈ ਆਗਿਆ ਖ਼ੁਦਾ ਦੀ ਕੀਤੀ ਗਈ। ਨਹੀਂ ਹੈ ਉਪਰ ਨਬੀ ਦੇ ਕੁਝ ਤੰਗੀਵਿਚ ਉਸ ਵਸਤੁ ਦੇ। ਨਹੀਂ ਹੈ ਮੁਹੱਮਦ ਪਿਉ ਕਿਸੇ ਮਰਦਾਂ ਦਾ ਅਰ ਹਲਾਲ ਕੀਤੀ ਇਸਤ੍ਰੀ ਈਮਾਨਵਾਲੀ ਜੋ ਦੇਵੇ ਬਿਨਾ ਮਿਹਰ ਦੇ ਜਾਨ ਅਪਨੀ ਵਾਸਤੇ ਨਬੀ ਦੇ। ਢਿੱਲ ਦੇਵੇਂ ਤੂੰ ਜਿਸਨੂੰ ਚਾਹੇਂ ਉਨਾਂ ਵਿਚੋਂ ਉਨ੍ਹਾਂ ਵਿਚੋਂ, ਅਰ ਜਗਹ ਦੇਵੇਂ ਤਰਫ ਅਪਨੀ ਜਿਸਨੂੰ ਚਾਹੇਂ ਨਹੀਂ ਪਾਪ ਉੱਪਰ ਤੇਰੇ। ਹੇ ਲੋਗੋ ਜੇ ਈਮਾਨ ਲਿਆਏ ਹੋ ਮਤ ਵੜੋ ਘਰਾਂ ਵਿਚ ਪੈਗੰਬਰ ਦੇ॥ ਮੰਜ਼ਲ ੫। ਸਿਪਾਰਾ ੨੨। ਸੂਰਤ ੩੩। ਆਯਤ ੩੩। ੩੭। ੩੮। ੪੦। ੪੭। ੪੮। ੫੦॥

(ਸਮੀਖਛਕ) ਇਹ ਬੜੇ ਅਨਿਆਯ ਦੀ ਬਾਤ ਹੈ ਕਿ ਇਸਤ੍ਰੀ ਘਰ ਵਿਚ ਕੈਦੀ ਵਾਙਣ ਰਹੇ ਅਰ ਪੁਰੁਸ਼ ਖੁਲੇ ਰਹਨ ? ਕੀ ਇਸਤ੍ਰੀਆਂ ਦਾ ਚਿੱਤ ਸੁੱਧ ਵਾਯੂ, ਸੁੱਧ ਦੇਸ਼ ਵਿਚ ਸੈਰ ਕਰਨਾ ਸ੍ਰਿਸ਼ਟੀ ਦੇ ਅਨੇਕ ਪਦਾਰਥ ਦੇਖਨਾ ਨਹੀਂ ਚਾਹੁੰਦਾ ਹੋਵੇਗਾ ? ਇਸੇ ਅਪਰਾਧਕਰਕੇ ਮੁਸਲਮਾਨਾਂ ਦੇ ਮੁੰਡੇ ਜ਼ਿਆਦਾ ਸੈਲਾਨੀ ਅਰ ਵਿਸ਼ਯੀ ਹੁੰਦੇ ਹਨ, ਅੱਲਾਹ ਅਰ ਰਸੂਲ ਦੀ ਇਕ ਅਵਿਰੁੱਧ ਆਗਿਆ ਹੈ ਵਾ ਵੱਖੋ ਵੱਖਰੀ ਵਿਰੁੱਧ ? ਜੇਕਰ ਇੱਕ ਹੈ ਤਾਂ ਤੁਹਾਂਦੀ ਆਗਿਆ ਪਾਲਨ ਕਰੋ ਕਹਨਾ ਵਿਅਰਥ ਹੈ। ਅਤ ਜੇ ਵੱਖੋ ਵੱਖਰੀ ਵਿਰੁੱਧ ਹੈ ਤਾਂ ਇਕ ਸੱਚੀ ਅਰ ਦੂਜੀ ਝੂਠੀ, ਇਕ ਖ਼ੁਦਾ ਦੂਜਾ ਸ਼ੈਤਾਨ ਹੋ ਜਾਵੇਗਾ ਅਰ ਸ਼ਰੀਕ ਭੀ ਹੋਗਿਆ, ਪੰਨ ਹੈ ਕੁਰਾਨ ਦੇ ਖ਼ੁਦਾ ਅਰ ਪੈਗੰਬਰ ਤਥਾ ਕੁਰਾਨ ਨੂੰ ਜਿਸ ਨੂੰ ਦੂਜੇ ਦਾ ਮਤਲਬ ਨਸ਼ਟ ਕਰਕੇ ਅਪਨਾ ਮਤਲਬ ਸਿੱਧ ਕਰਨਾ ਇਸ਼ਟ ਹੋਵੇ ਓਹ ਅਜੇਹੀ ਲੀਲਾ ਜ਼ਰੂਰ ਰਚਦਾ ਹੈ, ਏਸ ਥੀਂ ਇਹ ਭੀ ਸਿੱਧ ਹੋਇਆ ਕਿ ਮੁਹੱਮਦ ਸਹਿਬ ਭਾਰੇ ਕਾਮੀ ਸਨ, ਜੇਕਰ ਨਾ ਹੁੰਦੇ ਤਾਂ ਲੈਪਾਲਕ ਪੁਤ੍ਰ ਦੀ ਇਸਤ੍ਰੀ ਨੂੰ ਜੋ ਪੁਤ੍ਰ ਦੀ ਇਸਤ੍ਰੀ ਸੀ ਅਪਨੀ ਇਸਤ੍ਰੀ ਕਿਉਂ ਕਰ ਲੈਂਦੇ? ਅਰ ਫੇਰ ਅਜੇਹੀਆਂ ਬਾਤਾਂ ਕਰਨ ਵਾਲੇ ਦਾ ਖ਼ੁਦਾ ਭੀ ਪਖਛਪਾਤੀ ਬਨਿਆ ਅਰ ਅਨਿਆਯ ਨੂੰ ਨਿਆਯ ਠਹਿਰਾਇਆ। ਮਨੁਖਾਂ ਵਿਚ ਜੋ ਨੰਗਲੀ ਭੀ ਹੋਵੇਗਾ ਓਹ ਭੀ ਪੁਤ੍ਰ ਦੀ ਵਹੁਟੀ ਨੂੰ ਛੱਡ ਦਿੰਦਾ ਹੈ, ਅਰ ਇਹ ਕਿੱਨੀ ਵਡੀ ਅਨਿਆਯ ਦੀ ਬਾਤ ਹੈ ਕਿ ਨਬੀ ਨੂੰ ਕਾਮ ਲੀਲਾ ਕਰਨ ਵਿਚ ਕੁਝ ਭੀ ਅਟਕਾਉ ਨਹੀਂ ਹੋਨਾ! ਜੇਕਰ ਨਬੀ ਕਿਸੇ ਦਾ ਪਿਤਾ ਨਾ ਸੀ ਤਾਂ ਜ਼ੈਦ (ਲੈਪਾਲਕ) ਪੁਤ੍ਰ ਕਿਸਦਾ ਸੀ ? ਅਰ ਕਿਉਂ ਲਿਖਿਆ? ਿਹ ਉਸਮਤਲਬ ਦੀ ਬਾਤ ਹੈ ਕਿ ਜਿਸ ਕਰਕੇ ਪੁਤ੍ਰ ਦੀ ਇਸਤ੍ਰੀ ਨੂੰ ਭੀ ਘਰ ਵਿਚ ਪਾ ਲੈਨ

Generated by CamScanner from intsig.com

ਨਾਲ ਪੈਗੰਬਰ ਸਾਹਿਬ ਨਾ ਬਚੇ ਹੋਰਨਾਂ ਤੋਂ ਕਿਉਂਕਰ ਬਚੇ ਹੋਨਗੇ? ਅਜੇਹੀ ਚਤੁਰਾਈ ਥੀਂ ਭੀ ਪੂਰੀ ਬਾਤ ਵਿਚ ਨਿੰਦਿਆ ਹੋਨੀ ਕਦੀ ਨਹੀ ਛੁੱਟ ਸਕਦੀ, ਕੀ ਜੋ ਕੋਈ ਪਰਾਈ ਇਸਤ੍ਰੀ ਨੂੰ ਭੀ ਨਬੀ ਥੀਂ ਪ੍ਰਮੰਨ ਹੋਕੇ ਨਿਕਾਹ ਕਰਨਾ ਚਾਹੈ ਤਾਂ ਭੀ ਹਲਾਲ ਹੈ ? ਅਰ ਇਹ ਮਹਾ ਅਧਰਮ ਦੀ ਬਾਤ ਹੈ ਕਿ ਨਬੀ ਜਿਸ ਇਸਤ੍ਰੀ ਨੂੰ ਚਾਹੇ ਛੱਡ ਦੇਵੇ ਅਰ ਮੁਹੱਮਦ ਸਾਹਿਬ ਦੀ ਇਸਤ੍ਰੀਲੋਗ ਜੇਕਰ ਪੈਗੰਬਰ ਦਾ ਅਪਰਾਧੀ ਭੀ ਹੋਵੇ ਤਾਂ ਭੀ ਕਦੀ ਨਾ ਛੱਡ ਸੱਕਨ! ਜੀਕਨ ਪੈਗੰਬਰ ਦੇ ਘਰਾਂ ਵਿਚ ਹੋਰ ਕੋਈ ਵਭਿਚਾਰ ਦ੍ਰਿਸ਼ਟੀ ਨਾਲ ਪ੍ਰਵੇਸ਼ ਨਾ ਕਰਨ ਤਾਂ ਓੁਕਨ ਪੈਗੰਬਰ ਸਾਹਿਬ ਭੀ ਕਿਸੇ ਦੇ ਘਰ ਵਿਚ ਨਾ ਵੜਨ। ਕੀ ਨਬੀ ਜਿਸਦੇ ਘਰ ਵਿਚ ਚਾਹਨ ਨਿਰੰਗ ਜਾ ਵੜਨ ਅਰ ਮਾਨਦੇ ਯੋਗ ਭੀ ਰਹਨ ? ਭਲਾ ਕੇਹੜਾ ਅਜੇਹਾ ਹਿਰਦੇ ਦਾ ਅੰਨਾਂ ਹੈ ਕਿ ਜੋ ਏਸ ਕੁਰਾਨ ਨੂੰ ਈਸ਼ੁਰਕ੍ਰਿਤ ਅਰ ਮੁਹਮਦ ਸਾਹਿਬ ਨੂੰ ਪੈਗੰਬਰ ਅਰ ਕੁਰਾਨ ਵਿਚ ਕਹੇ ਹੋਏ ਈਸ਼ੁਰ ਨੂੰ ਪਰਮੇਸ਼ੁਰ ਮੰਨ ਸੱਕੇ, ਬੜੇ ਆਸ਼ਚਰਯ ਦੀ ਬਾਤ ਹੈ ਕਿ ਅਜੇਹੇ ਯੁਕਤੀਸ਼ੂਨਜ ਦਰਮਵਿਰੁੱਧ ਗੱਲਾਂ ਨਾਲ ਭਰੇ ਹੋਏ ਏਸ ਮਤ ਨੂੰ ਅਰਬਦੇਸ਼ੀ ਨਿਵਾਸੀ ਆਦੀ ਮਨੁਸ਼ਾ ਨੇ ਮੰਨ ਲੀਤਾ ॥ ੧੨੭ ॥

੧੨੮–ਨਹੀਂ ਯੋਗ ਵਾਸਤੇ ਤੁਹਾਡੇ ਇਹ ਕਿ ਦੁੱਖ ਦੇਓ ਰਸੂਲ ਨੂੰ ਇਹ ਕਿ ਨਿਕਾਹ ਕਰੋ ਬੀਬੀਆਂ ਓਸਦੀ ਨੂੰ ਪਿੱਛੋ ਉਸਦੇ ਕਦੀ, ਨਿਸ਼ਚੇ ਇਹ ਹੈ ਨੇੜੇ ਅੱਲਾਹ ਦੇ ਵੱਡਾ ਪਾਪ । ਨਿਸ਼ਚੇ ਜੋ ਲੋਗ ਕਿ ਦੁੱਖ ਦਿੰਦੇ ਹਨ ਅੱਲਾਹ ਨੂੰ ਅਰ ਰਸੂਲ ਉਸਦੇ ਨੂੰ ਫਟਕਾਰ ਕੀਤੀ ਹੈ ਉਨ੍ਹਾਂ ਨੂੰ ਅੱਲਾਹ ਨੇ। ਅਰ ਓਹ ਲੋਗ ਕਿ ਦੁੱਖ ਦਿੰਦੇ ਹਨ ਮੁਸਲਮਾਨਾਂ ਨੂੰ ਅਰ ਮੁਸਲਮਾਨੀਆਂ ਨੂੰ ਬਿਨਾ ਏਸ ਦੇ ਬੁਰਾ ਕੀਤਾ ਹੈ ਉਨਾਂ ਨੇ ਝੱਸ ਨਿਸ਼ਚੇ ਉਠਾਇਆ ਉਨ੍ਹਾਂ ਨੇ ਬਹੁਤਾਨ ਅਰਥਾਤ ਝੂਠ ਅਰ ਪ੍ਰਤੱਖ ਪਾਪ ਲਾਤ ਮਾਰੇ ਜਿੱਥੇ ਲੱਭੇ ਜਾਨ, ਪਕੜੇ ਜਾਨ, ਕਤਲ ਕੀਤੇ ਜਾਨ ਖੂਬ ਮਾਰਿਆ ਜਾਨਾ। ਹੇ ਰੱਬ ਸਾਡੇ ਦੇਹ ਉਨ੍ਹਾਂ ਨੂੰ ਦੂਨਾ ਅਜ਼ਾਬ (ਪੀੜਾ) ਅਰ ਲਾਨਤ (ਫਟਕਾਰ) ਥੀਂ ਵਡੀ ਲਾਨਤ ਕਰ ॥ ਮੰਜ਼ਲ ੫। ਸਿਪਾਰਾ ੨੨ ਸੂਰਤ ੩੩ । ਆਯਤ ੫੦।੫੪।੫੫।੫੮।੬੧।

(ਸਮੀਖ੍ਯਕ) ਵਾਹ ਕੀ ਖੁਦਾ ਅਪਨੀ ਖੁਦਾਈ ਨੂੰ ਧਰਮਦੇ ਨਾਲਦਿਖਾ ਰਹਿਆ ਹੈ, ਜੀਕਨ ਰਸੂਲ ਨੂੰ ਦੁੱਖ ਦੇਨ ਦਾ ਨਿਸ਼ੇਧ ਕਰਨਾ ਤਾਂ ਠੀਕ ਹੈਪਰ ਤੂ ਦੂਸਰੇ ਨੂੰ ਦੁਖ ਦੇਨ ਵਿਚ ਰਸੂਲ ਨੂੰ ਭੀ ਟੋਕਨਾ ਯੋਗ ਸੀ ਸੋ ਕਿਉਂ ਨਾ ਰੋਕਿਆ ? ਕੀ ਕਿਸੇ ਦ ਦੁਖ ਦੇਨ ਨਾਲ ਅੱਲਾਹ ਭੀ ਦੁਖੀ ਹੋ ਜਾਂਦਾ ਹੈ ? ਜੇਕਰ ਅਜੇਹਾ ਹੈ ਤਾਂ ਓਹ ਈਸ਼ੁਰ ਹੀ ਨਹੀਂ ਹੋਸੱਕਦਾ। ਕੀ ਅੱਲਾਹ ਅਰ ਰਸੂਲ ਨੂੰ ਦੁੱਖ ਦੇਨ ਦਾ ਨਿਸ਼ੇਧ ਕਰਨ ਥੀਂ ਇਹ ਨਹੀਂ ਸਿੱਧ ਹੁੰਦਾ ਕਿ ਅੱਲਾਹ ਅਰ ਰਸੂਲ ਜਿਸਨੂੰ ਚਾਹਨ ਦੁਖ ਦੇਨ ? ਹੋਰ ਸਬ ਨੂੰ ਦੁਖ ਦੇਨਾ ਚਾਹੀਏ ? ਜੀਕਨ ਮੁਸਲਮਾਨਾਂ ਅਰ ਮੁਸਲਮਾਨੀਆਂ ਨੂੰ ਦੁੱਖ ਦੇਨਾ ਬੁਰਾ ਹੈ

Generated by CamScanner from intsig.com

ਤਾਂ ਇਨ੍ਹਾਂ ਤੋਂ ਹੋਰ ਮਨੁਸ਼ਾਂ ਨੂੰ ਦੁੱਖ ਦੇਨਾ ਭੀ ਜ਼ਰੂਰ ਬੁਰਾ ਹੈ। ਜੋ ਏਸਤਰਾਂ ਨਾ ਮੰਨੀਏਂ ਤਾਂ ਉਸਦੀ ਇਹ ਬਾਤ ਭੀ ਪਖਛਪਾਤ ਦੀ ਹੈ, ਵਾਹ ਗਦਰਮਚਾਨ ਵਾਲੇ ਖ਼ੁਦਾ ਅਰ ਨਬੀ! ਜੀਕਨ ਏਹ ਨਿਰਦਈ ਸੰਸਾਰ ਵਿਚ ਹਨ ਉਕਨ ਹੋਰ ਬਹੁਤ ਥੋੜੇ ਹੋਨਗੇ, ਜੀਕਨ ਇਹ ਕਿ ਹੋਰ ਲੋਗ ਜਿੱਥੇ ਲੱਭ ਜਾਨ ਮਾਰੇ ਜਾਨ, ਪਕੜੇ ਜਾਨ ਲਿਖਿਆ ਹੈ ਉਕਨ ਹੀ ਮੁਸਲਮਾਨਾਂ ਉੱਤੇ ਕੋਈ ਆਗਿਆ ਦੇਵੇ ਤਾਂ ਮੁਸਲਮਾਨਾਂ ਨੂੰ ਇਹ ਬਾਤ ਬੁਰੀ ਲੱਗੇਗੀ ਵਾ ਨਹੀਂ? ਵਾਹ ਕੀ ਹਿੰਸਾ ਕਰਨ ਵਾਲੇ ਪੈਗੰਬਰ ਆਦੀ ਹਨ ਕਿ ਜੋ ਪਰਮੇਸ਼ੁਰ ਥੀਂ ਪ੍ਰਾਰਥਨਾ ਕਰਕੇ ਅਪਨੇ ਤੋਂ ਦੂਜੇਆਂ ਨੂੰ ਦੂਨਾ ਦੁੱਖ ਦੇਨ ਦੇ ਲਈ ਪ੍ਰਾਰਥਨਾ ਕਰਨਾ ਲਿਖਿਆ ਹੈ ਇਹ ਭੀ ਪਖਛਪਾਤ ਮਤਲਬਸਿੰਧੂਪਨ ਅਰ ਮਹਾਅਧਰਮ ਦੀ ਬਾਤ ਹੈ, ਇੱਸ ਵਾਸਤੇ ਹੁਨ ਤਕ ਭੀ ਮੁਸਲਮਾਨਾਂ ਲੋਗਾਂ ਵਿਚੋਂ ਬਹੁਤ ਸਾਰੇ ਮੂਰਖ ਲੋਕ ਅਜੇਹਾ ਹੀ ਕਰਮ ਕਰਨ ਵਿੱਚ ਨਹੀਂ ਡਰਦੇ, ਇਹ ਠੀਕ ਹੈ ਕਿ ਸ਼ਿਖਛਾ ਦੇ ਬਗ਼ੈਰ ਮਨੁਸ਼ ਪਸ਼ੂ ਦੀ ਨਿਆਈਂ ਰਹਿੰਦਾ ਹੈ॥ ੧੨੮॥

੧੨੯–ਅਰ ਅੱਲਾਹ ਓਹ ਪੁਰੁਸ਼ ਹੈ ਕਿ ਭੇਜਦਾ ਹੈ ਹਵਾਵਾਂ ਨੂੰ ਬੱਸ ਓਹ ਉਠਾਂਦੀਆਂ ਹਨ ਬੱਦਲਾਂ ਨੂੰ ਬਸ ਹਾਂਕ ਲੈਂਦੇ ਹਨ ਤਰਫ ਸ਼ੈਹਰ ਮੁਰਦੇ ਦੀ, ਬੱਸ ਜ਼ਿੰਦਾ ਕੀਤਾ ਅਸਾਂ ਨੇ ਨਾਲ ਉਸ ਦੇ ਜ਼ਮੀਨ ਨੂੰ ਪਿੱਛੇ ਮੌਤ ਉਸਦੀ ਦੇ, ਇੱਸੇਤਰਾਂ ਕਬਰਾਂ ਵਿਚੋਂ ਨਿਕਲਨਾ ਹੈ। ਜਿਸਨੇ ਉਤਾਰਿਆ ਵਿਚ ਘਰ ਸਦਾ ਰਹਨ ਦੇ ਦਇਆ ਅਪਨੀ ਥੀਂ, ਨਹੀਂ ਲੱਗਦੀ ਸਾਨੂੰ ਵਿਚ ਉਸਦੇ ਮੇਹਨਤ, ਅਰ ਨਹੀਂ ਲੱਗਦੀ ਵਿਚ ਉਸਦੇ ਮਾਂਦਗੀ॥ ਮੰ੦ ੫। ਸਿ੦ ੨੨। ਸੂ੦ ੩੫। ਆ੦ ੯। ੩੫॥

(ਸਮੀਖਛਕ) ਵਾਹ ਕੀ ਫਿਲਾਸਫੀ ਖ਼ੁਦਾ ਦੀ ਹੈ ਭੇਜਦਾ ਹੈ ਹਵਾਨੂੰ ਓਹ ਉਠਾਂਦੀਫਿਰਦੀਹੈ ਬੱਦਲਾਂ ਨੂੰ ਅਰ ਖ਼ੁਦਾ ਉਸਥੀਂ ਮੁਰਦਿਆਂ ਨੂੰ ਜੁਆਂਦਾਫਿਰਦਾ ਹੈ, ਇਹਬਾਤ ਈਸ਼ੁਰ ਸੰਬੰਧੀ ਕਦੀ ਨਹੀਂ ਹੋਸਕਦੀ, ਕਿਉਂਕਿ ਈਸ਼ੁਰ ਦਾ ਕੰਮ ਹਰ ਵੇਲੇ ਇੱਕੋ ਜਿਹਾ ਹੁੰਦਾ ਹਿੰਦਾ ਹੈ, ਜੋ ਘਰ ਹੋਵੇਗਾ ਓਹ ਬਿਨਾ ਬਨਾਵਟ ਦੇ ਕਦੀ ਨਹੀਂ ਹੋਸੱਕਦਾ,ਅਰ ਜੋ ਬਨਾਵਟਦਾ ਹੈ ਓਹ ਸਦਾ ਨਹੀਂ ਰਹਸੱਕਦਾ। ਜਿਸਦਾ ਸ਼ਰੀਰ ਹੈ ਓਹ ਮੇਹਨਤ ਦੇ ਬਿਨਾ ਦੁੱਖੀ ਹੁੰਦਾ ਅਰ ਸ਼ਰੀਰ ਵਾਲਾ ਰੋਗੀ ਹੋਏ ਬਗੈਰ ਕਦੀਨਹੀਂ ਬਚਦਾ,ਜੋ ਇਕ ਇਸਤ੍ਰੀਨਾਲ ਸਮਾਗਮ ਕਰਦਾ ਹੈ ਉਹ ਬਿਨਾ ਰੋਗਦੇ ਨਹੀਂ ਬਚਦਾ, ਤਾਂ ਜੋ ਬਹੁਤ ਇਸਤ੍ਰੀਆਂ ਨਾਲ ਵਿਸ਼ਯ ਭੋਗ ਕਰਦਾ ਹੈ ਉਸਦੀ ਕਿਹੀ ਦੁਰਦਸ਼ਾ ਹੁੰਦੀ ਹੋਵੇਗੀ। ਏਸਲਈ ਮੁਸਲਮਾਨਾਂ ਦਾ ਰਹਨਾ ਬਹਿਸ਼ਤ ਵਿਚ ਸੁਖਦਾਇਕ ਸਦਾ ਨਹੀਂ ਹੋਸਕਦਾ॥ ੧੨੯॥

੧੩੦–ਕਸਮ ਹੈ ਕੁਰਾਨ ਦ੍ਰਿੜ੍ਹ ਦੀ ਨਿਸ਼ਚੇ ਤੂੰ ਭੇਜੇ ਹੋਇਆਂ ਵਿਚੋਂ ਹੈ ਉਸ ਉੱਤੇ ਮਾਰਗ ਸਿੱਧ ਦੇ ਉਤਾਰਿਆ ਹੈ ਪ੍ਰਬਲ ਦਇਆਵਾਨ ਨੇ॥ ਮੰ੦ ੫। ਸਿਪਾਰਾ ੨੩। ਸੂਰਤ ੩੬। ਆਯਤ ੧। ੨॥

Generated by CamScanner from intsig.com

(समीखछक) हुन देखो इह कुरान खुदा दा बनाइआ हुंदा तां ओह एसदी सहु किउं खांदा ? जेकर नबी खुदा दा भेजिआ हुंदा तां (लेपालक) बेटे दी इसत्री उॱते मोहित किउं हुंदा? इह कहन मात्र है कि कुरान दे मंनन वाले सिॱधे मारग उॱते हन. किउंकि सिॱधामारग ओहो ही हुंदा है जिस विच सॱच मंनना, सॱच बोलना, सॱच करना, पखछपात रहित निआय धरम दा आचरण करना आदी हन। अर एसथीं उलट दा तिआग करना, सो ना कुरान विच ना मुसलमानां विच अर ना उन्हां दे खुदा विच अजेहा सुभाव है। जेकर सब उॱते प्रबल पैगंबर मुहॱमद साहिब हुंदे तां सब थीं वधीक विदिआवान अर शुभगुण युकत किउं ना हुंदे ? एस लई जीकन कुंजड़ी अपने बेता नूं खॱटा नहीं दॱसदी ऊकन इह बात भी है ॥ १३० ॥

१३१–अर छुकिआ जावेगा विच सूर दे, बॱस चअनचेत ओह कबरां विचों मालिक अपने नूं दौड़नगे अर उगाही देनगे, पैर उनां दे नाल उस वसतु दे कमांदे सन बिना एसदे नहीं कि आगिआ उसदी, जद चाहे उतपंन करना किसे वसतु दा, इह कि कहिंदा वासते उसदे कि हो जा बॱस होजांदा है। मंज़ल ५। सिपारा२३। सूरत ३६। आयत ४८। ६१। २८ ॥

(समीखछक) हुन सुनो ऊटपटांग गॱलां पैर कदी उगाही दे सॱकदे हन? खुदा दे बिना उस समें कौन सी जिसनूं आगिआ दिॱती ? किस ने सुनी अर कौन बन गिआ ? जेकर ना सी तां इह बात झूठी अर जो सी तां ओह बात जो बिना परमेशुर दे कुझ चीज़ नहीं सी अर खुदा ने सब कुझ बना दिॱता ओह झूठी ॥ १३१ ॥

१३२–छिराइआ जावेगा उसदे उॱपर पिआला शराब शुॱध दा। चिॱटी सुआद देन वाली वासते पीन वालिआं दे। कोल उन्हां दे बैठी होनगीआं होठां अॱखां रखन वालीआं सुंदर अॱखां वालीआं। मानों कि एह अंडे हन लुकाए होए। की बॱस असीं नहीं मरांगे ? अर ज़रूर लूत निशचे पैगंबरां विचों सी। जद कि मुकती दिॱती असां ने उसनूं अर लोगां उस दिआं नूं सब नूं। परंतु इक बुॱढी पिॱछे रहन वालेआं विच है। छर मारिआ असां ने होरनां नूं। मः ६। सि०२३। सू० ३७। आ० ४३। ४४। ४६।४७।५६।१२६।१२७।१२८। १२९ ॥

(समीखछक) किउं जी ऐॱथे तां मुसलमान लोग शराब नूं बुरा दॱसदे हन, परंतुइन्हां दे बहिशत विच तां नदीआं दीआं नदीआं

Generated by CamScanner from intsig.com

ਵਗਦੀਆਂ ਹਨ? ਇੱਨਾ ਅੱਛਾ ਹੈ ਕਿ ਇੱਥੇ ਤਾਂ ਕਿਸਤਰਾਂ ਨਾਲ ਸ਼ਰਾਬ ਪੀਨਾ ਛੁਡਾਇਆ ਪਰੰਤੂ ਏੱਥੋਂ ਦੇ ਬੱਦਲ ਉੱਥੇ ਉਨ੍ਹਾਂ ਦੇ ਬਹਿਸ਼ਤ ਵਿਚ ਬੜੀ ਖ਼ਰਾਬੀ ਹੈ। ਮਾਰੇ ਇਸਤ੍ਰੀਆਂ ਦੇ ਉੱਥੇ ਕਿਸੇ ਦਾ ਚਿੱਤ ਸਥਿਰ ਨਹੀਂ ਰਹਿੰਦਾ ਹੋਵੇਗਾ, ਅਰ ਵੱਡੇ ਵੱਡੇ ਰੋਗ ਭੀ ਹੁੰਦੇ ਹੋਨਗੇ! ਜੇਕਰ ਸ਼ਰੀਰ ਵਾਲੇ ਹੋਨਗੇ ਤਾਂ ਜ਼ਰੂਰ ਮਰਨਗੇ? ਅਰ ਜੋ ਸ਼ਰੀਰਵਾਲੇ ਨਾ ਹੋਨਗੇ ਤਾਂ ਭੋਗਬਿਲਾਸ ਹੀ ਨਾ ਕਰ ਸੱਕਨਗੇ ਫੇਰ ਉਨ੍ਹਾਂ ਨੂੰ ਬਹਿਸ਼ਤ ਵਿਚ ਜਾਨਾ ਵਿਅਰਥ ਹੈ। ਜੇਕਰ ਲੂਤ ਨੂੰ ਪੈਗੰਬਰ ਮੰਨਦੇ ਹੋ ਤਾਂ ਜੋ ਬਾਇਬਲ ਵਿੱਚ ਲਿਖਿਆ ਹੈ ਕਿ ਓਸ ਨਾਲ ਓਸਦੀਆਂ ਧੀਆਂ ਨੇ ਸਮਾਗਮ ਕਰਕੇ ਦੋਮੁੰਡੇ ਪੈਦਾ ਕੀਤੇ ਏਸ ਬਾਤ ਨੂੰ ਭੀ ਮੰਨਦੇ ਹੋ ਵਾਨਹੀਂ? ਜੋ ਮੰਨਦੇ ਤਾਂ ਅਜੇਹੇ ਨੂੰ ਪੈਗੰਬਰ ਮੰਨਨਾ ਵਿਅਰਥ ਹੈ, ਅਰ ਜੋ ਅਜੇਹੇ ਅਰ ਅਜੇਹੇ ਦੇ ਸੰਗੀਆਂ ਨੂੰ ਖ਼ੁਦਾ ਮੁਕਤੀ ਦਿੰਦਾ ਹੈ ਤਾਂ ਓਹ ਖ਼ੁਦਾ ਭੀ ਉਹੋ ਜਿਹਾ ਹੀ ਹੈ, ਕਿਉਂਕਿ ਬੁੱਢੀ ਦੀ ਕਹਾਨੀ ਕਹਨ ਵਾਲਾ ਅਰ ਪਖਛਪਾਤ ਨਾਲ ਦੂਜਿਆਂ ਨੂੰ ਮਾਰਨ ਵਾਲਾ ਖ਼ੁਦਾ ਕਦੀ ਨਹੀਂ ਹੋ ਸਕਦਾ, ਅਜੇਹਾ ਖ਼ੁਦਾ ਮੁਸਲਮਾਨਾਂਹੀ ਦੇ ਘਰ ਵਿਚ ਰਹ ਸੱਕਦਾ ਹੈ ਹੋਰ ਥਾਂ ਨਹੀਂ ॥ ੧੩੨ ॥

੧੩੩– ਬਹਿਸ਼ਤ ਹਨ ਸਦਾ ਰਹਨ ਨੂੰ ਖੁੱਲੇ ਹੋਏ ਹਨ ਦਰਵੱਜੇ ਉਨ੍ਹਾਂ ਦੇ ਵਾਸਤੇ ਉਨ੍ਹਾਂ ਦੇ। ਤਕੀਏ ਕੀਤੇ ਹੋਏ ਵਿੱਚ ਉਨ੍ਹਾਂ ਦੇ ਮੰਗਾਨਗੇ ਵਿਚ ਏਸ ਦੇ ਮੇਵੇ ਅਰ ਪੀਨ ਨੂੰ ਵਸਤੂ ਅਰ ਨੇੜੇ ਹੋਨਗੀਆਂ ਉਨ੍ਹਾਂ ਦੇ ਹੇਠਾਂ ਰੱਖਨ ਵਾਲੀਆਂ ਨਜ਼ਰ, ਅਰ ਦੂਜਿਆਂ ਥੀਂ ਬਰਾਬਰ ਉਮਰ। ਬੱਸ ਸਜਦਾ ਕੀਤਾ ਫ਼ਰਿਸ਼ਤਿਆਂ ਨੇ ਸਬਨੇ ਪਰੰਤੂ ਸ਼ੈਤਾਨ ਨੇ ਨਾ ਮੰਨਿਆ ਅਭਿਮਾਨ ਕੀਤਾ ਅਰ ਸੀ ਕਾਫ਼ਰਾਂ ਵਿਚੋਂ। ਹੇ ਸ਼ੈਤਾਨ ਕਿਸ ਵਸਤੂ ਨੇ ਰੋਕਿਆ ਤੈਨੂੰ ਇਹ ਕਿ ਸਜਦਾ ਕਰੇਂ ਵਾਸਤੇ ਉਸ ਵਸਤੂਦੇ ਕਿ ਬਨਾਇਆ ਮੈਂਨੇ ਨਾਲ ਦੋਨੋਂ ਹਥ ਅਪਨੇ ਦੇ, ਕੀ ਅਭਿਮਾਨ ਕੀਤਾ ਤੈਂ ਵਾ ਸੀ ਵੱਡੇ ਅਧਿਕਾਰ ਵਾਲਿਆਂ ਵਿਚੋਂ। ਕਹਿਆ ਕਿ ਮੈਂ ਚੰਗਾ ਹਾਂ ਉਸ ਵਸਤੂ ਥੀਂ ਉਤਪੰਨ ਕੀਤਾ ਤੈਂ ਮੈਨੂੰ ਅੱਗ ਥੀਂ ਉਸਨੂੰ ਮਿੱਟੀ ਥੀਂ। ਕਿਹਾ ਬੱਸ ਨਿਕਲ ਇਨ੍ਹਾਂ ਆਸਮਾਨਾਂ ਵਿਚੋਂ, ਬੱਸ ਨਿਸ਼ਚੇ ਤੂੰ ਚਲਾਇਆ ਗਿਆ ਹੈ। ਨਿਸ਼ਚੇ ਉੱਪਰ ਤੇਰੇ ਫਿਟਕਾਰ ਹੈ ਮੇਰੀ ਦਿਨ ਜਜ਼ਾ (ਫਲ) ਤਕ। ਕਹਿਆ ਹੇ ਮਾਲਕ ਮੇਰੇ ਢਿੱਲ ਦੇਹ ਉਸ ਦਿਨ ਤਕ ਕਿ ਉਠਾਏ ਜਾਂਨਗੇ ਮੁਰਦੇ। ਕਹਿਆ ਬੱਸ ਨਿਸ਼ਚੇ ਤੂੰ ਢਿੱਲ ਦਿੱਤੇ ਗਿਆਂ ਵਿਚੋਂ ਹੈ ਉਸ ਦਿਨ ਸਮਯ ਮਲ੍ਹਮ ਤਕ। ਕਹਿਆ ਕਿ ਬੱਸ ਸਹੁੰ ਹੈ ਵਡਿਆਈ ਤੇਰੀ ਦੀ ਕਿ ਜ਼ਰੂਰ ਗੁਮਰਾਹ ਕਰਾਂਗਾ ਉਸਨੂੰ ਮੈਂ ਅਕੱਠੇ। ਮੰ੦ ੬ ਸਿ੦ ੨੩। ਸੂ੦ ੩੮। ਆ੦। ੪੩। ੪੪। ੪੫। ੬੩। ੬੪। ੬੫। ੬੬। ੬੭। ੬੮। ੬੯। ੭੦। ੭੧। ੭੨।

Generated by CamScanner from intsig.com

(समीखछक) जेकर उथे जिसत्तरां कि कुरान विच बाग़ बाग़ीचे नदीआं मकान आदी लिखे हन उकन हन तां ओह न् सद तों सन तां ना सदा रहसॱकॱहन? किउं कि जो मैंयोग थीं पदारथ टुंदा है ओह मैंयोग दे पहिलों ना सी ज़रुर अॱगे आउन वाले वियोग दे अंत विच ना रहेगा, जद ओह बहिश़त ही ना रहेगा तां उस विच रहन वाले सदा किउंकर रह सॱकदे हन ? किउंकि लिखिआ है कि गॱदी तकीए मेंवे अर पीन दे पदारथ उॱथे मिलनगे, एस थीं इह सिॱध टुंदा है कि जिस समय मुसलमानां दा मज़हब चॱलिआ उस समय अरबदेश़ बहुत धनवान ना सी ऐस लई मुहॱमद साहिब ने तकीए आदी दी कथा सुनाके गरीबां नूं अपने मत विच फसा लीता, अर जिॱथे इसत्रीआं हन उॱथे सदा सुख किॱथे ? ओह इसत्रीआं उॱथे किॱथों आईआं हन ? अथवा बहिश़त दे रहन वालीआं हन ? जेकर आईआं हन तां जानगीआं? अर जो उॱथों दे रहन वालीआं हन तां किआमत तों पहिलों की करदीआं सन ? की निकैमीआं अपनी उमर नूं गुज़ार रहीआं सन ? हुन देखो ख़ुदा दा प्रताप कि जिसदा हुकम हॱर सब फरिश़तिआं ने मंनिआ अर आदमसाहिब नूं नमसकार कीता, अर शैतान ने ना मंनिआ, ख़ुदा ने शैतान कोलों पॱछिआ कहिआ कि मैं ने उस नूं अपने दोहां हॱथां नाल बनाइआ तूं अभिमान मत कर । एस थीं सिॱध टुंदा है कि कुरान दा ख़ुदा दो हॱथ वाला मनुश़ सी, एस लई ओह विआपक वा सरवश़क्तीमान कदी नहीं हो सॱकदा ? अर शैतान ने सॱच कहिआ कि मैं आदम थीं उॱतम हां एस उॱते ख़ुदा ने गुॱसा किउं कीता ? की आसमान विॱच ही ख़ुदा दा घर है ? ज़मीन उॱते नहीं ? तां काबे नूं ख़ुदा दा घर पहलों किउं लिखिआ ? भला परमेश़्वर अपने विचों वा स्रिश़टी विचों वॱखरा किसतरां कॱढ सॱकदा है ? अर ओह स्रिश़टी सब परमेश़्वर दी है, एस थीं मलूम होइआ कि कुरान दा ख़ुदा बहिश़त दा ज़िॱमेदार सी, ख़ुदा ने उसनूं धि्रॱकार दिॱता अर कैद कर लीता । अर शैतान ने कहिआ कि हे मालक ! मैंनूं किआमत तक छॱड देह, ख़ुदा ने खुश़ामद दे मारिआं किआमत दे दिन तक छॱड दिॱता, जद शैतान छुॱटिआ तां ख़ुदा नूं कहिंदा है कि हुन मैं चंगी तरां नाल बहकावांगा अर ग़दर मचावांगा, तद ख़ुदा ने कहिआ कि जिॱनिआं नूंतूं बहकावेंगा मैं उन्हां नूं नरक विच सुॱट देवांगा अर तैनूं भी ॥

Generated by CamScanner from intsig.com

ਹੁਨ ਸੱਜਨ ਲੋਗੋ! ਵਿਚਾਰ ਕਰੋ ਕਿ ਸ਼ੈਤਾਨ ਨੂੰ ਬਹਕਾਨ ਵਾਲਾ ਖ਼ੁਦਾ ਹੈ ਯਾ ਓਹ ਅਪਨੇ ਆਪ ਭਰਮਿਆ ? ਜੇਕਰ ਖ਼ੁਦਾ ਨੇ ਭਰਮਾਇਆ ਤਾਂ ਖ਼ੁਦਾ ਸ਼ੈਤਾਨ ਦਾ ਸ਼ੈਤਾਨ ਠਹਰਿਆ, ਜੇਕਰ ਸ਼ੈਤਾਨ ਅਪਨੇ ਆਪ ਭਰਮਿਆ ਤਾਂ ਹੋਰ ਜੀਵ ਭੀ ਅਪਨੇ ਆਪ ਬਹਕਨਗੇ ਸ਼ੈਤਾਨ ਦੀ ਜ਼ਰੂਰਤ ਨਹੀਂ ਅਰ ਜਿਸ ਤੇ ਏਸ ਸ਼ੈਤਾਨ ਬਾਗ਼ੀ (ਯਾਕੀ) ਨੂੰ ਖ਼ੁਦਾ ਨੇ ਖੁੱਲਾ ਛੱਡ ਦਿੱਤਾ ਏਸ ਤੋਂ ਮਲੂਮ ਹੋਇਆ ਕਿ ਓਹ ਭੀ ਸ਼ੈਤਾਨ ਦਾ ਸ਼ਰੀਕ ਅਧਰਮ ਕਰਨ ਵਿਚ ਹੋਇਆ, ਜੇਕਰ ਆਪ ਚੋਰੀ ਕਰਾਕੇ ਦੰਡ ਦੇਵੇ ਤਾਂ ਉਸਦੇ ਅਨਿਆਯ ਦਾ ਕੁਝ ਭੀ ਪਾਰਾਵਾਰ ਨਹੀਂ ॥ ੧੩੩ ॥

੧੩੪–ਅੱਲਾਹ ਖਛਮਾ ਕਰਦਾ ਹੈ ਪਾਪ ਸਾਰੇ ਨਿਸ਼ਚੇ ਓਹ ਹੈ ਖਛਮਾ ਕਰਨ ਵਾਲਾ ਦਇਆਲੂ। ਅਰ ਜ਼ਮੀਨ ਸਾਰੀ ਮੁੱਠੀ ਵਿਚ ਹੈ ਉਸਦੀ ਦਿਨ ਕਿਆਮਤ ਦੇ, ਅਰ ਆਸਮਾਨ ਵਲ੍ਹੇਟੇ ਹੋਏ ਹਨ ਵਿਚ ਸੱਜੇ ਹੱਥ ਉਸਦੇ ਦੇ। ਅਰ ਚਮਕ ਉਠੇਗੀ ਜ਼ਮੀਨ ਨਾਲ ਪ੍ਰਕਾਸ਼ ਮਾਲਕ ਅਪਨੇ ਦੇ। ਅਰ ਰੱਖੇ ਜਾਨਗੇ ਕਰਮਪਤ੍ਰ, ਅਰ ਲਿਆਇਆ ਜਾਵੇਗਾ ਪੈਗੰਬਰਾਂ ਨੂੰ ਅਰ ਉਗਾਹਾਂ ਨੂੰ ਅਰ ਫੈਸਲਾ ਕੀਤਾ ਜਾਵੇਗਾ ॥ ਮੰ੦ ੬ । ਸਿ੦ ੨੪ । ਸੂ੦ ੩੯ । ਆ੦ ੫੪ । ੬੯ । ੭੦ ॥

(ਸਮੀਖਛਕ) ਜੇਕਰ ਸਾਰੇ ਪਾਪਾਂ ਨੂੰ ਖ਼ੁਦਾ ਖਛਮਾ ਕਰਦਾ ਹੈ ਤਾਂ ਜਾਨੋ ਸਬ ਸੰਸਾਰ ਨੂੰ ਪਾਪੀ ਬਨਾਂਦਾ ਹੈ ਅਰ ਦਇਆਹੀਨ ਹੈ, ਕਿਉਂਕਿ ਇਕ ਦੁਸ਼ਟ ਉੱਤੇ ਦਇਆ ਅਰ ਖਛਮਾ ਕਰਨ ਨਾਲ ਓਹ ਵਧੀਕ ਦੁਸ਼ਟ-ਪਨਾ ਕਰੇਗਾ ਅਰ ਹੋਰ ਬਹੁਤ ਸਾਰੇ ਧਰਮਾਤਮਾ ਮਨੁਸ਼ਾਂ ਨੂੰ ਦੁੱਖ ਪੁਚਾਵੇਗਾ, ਜੇਕਰ ਜ਼ਰਾਜਿੱਨਾਭੀ ਅਪਰਾਧ ਖਛਮਾ ਕੀਤਾ ਜਾਵੇ ਤਾਂ ਅਪਰਾਧ ਹੀ ਅਪਰਾਧ ਜਗਤ ਵਿਚ ਫੈਲ ਜਾਵੇ । ਕੀ ਪਰਮੇਸ਼ੁਰ ਅੱਗ ਵਾਛਨ ਪ੍ਰਕਾਸ਼ ਵਾਲਾ ਹੈ ? ਅਰ ਕਰਮਪਤ੍ਰ ਕਿੱਥੇ ਜਮਾ ਰਹਿੰਦੇ ਹਨ? ਅਰ ਕੌਨ ਲਿਖਦਾ ਹੈ ? ਜੇਕਰ ਪੈਗੰਬਰ ਅਰ ਉਗਾਹਾਂ ਦੇ ਭਰੋਸੇ ਖ਼ੁਦਾ ਨਿਆਯ ਕਰਦਾ ਹੈ ਤਾਂ ਓਹ ਸਰਵੱਗ ਅਰ ਅਸਮਰਥ ਹੈ ਜੇਕਰ ਓਹ ਅਨਿਆਯ ਨਹੀਂਕਰਦਾ ਨਿਆਯ ਹੀ ਕਰਦਾ ਹੈ ਤਾਂ ਕਰਮਾਂ ਦੇ ਅਨੁਸਾਰ ਕਰਦਾ ਹੋਵੇਗਾ ? ਓਹ ਕਰਮ ਅਗਲੇ ਪਿਛਲੇ ਵਰਤਮਾਨ ਜਨਮਾਂ ਦੇ ਹੋ ਸੱਕਦੇ ਹਨ ਤਾਂ ਫੇਰ ਖਛਮਾ ਕਰਦਾ ਦਿਲਾਂ ਤੇ ਭਾਲੇ ਲਗਾਂਦਾ, ਅਰ ਸ਼ਿਖਛਾ ਨਾ ਕਰਨਾ ਸ਼ੈਤਾਨ ਦੁਆਰਾ ਭਰਮਾਨਾ ਦੌਰੇ ਸਪੁਰਦ ਰਖਨਾ ਨਿਰਾ ਅਨਿਆਯ ਹੈ ॥ ੧੩੪ ॥

੧੩੫–ਉਤਾਰਨਾ ਕਿਤਾਬ ਦਾ ਅੱਲਾਹ ਪ੍ਰਬਲ ਜਾਨਨ ਵਾਲੇਦੀ ਵੱਲੋਂ ਹੈ । ਖਛਮਾ ਕਰਨ ਵਾਲਾ ਪਾਪਾਂ ਦਾ ਅਰ ਮਨਜ਼ੂਰ ਕਰਨ ਵਾਲਾ ਤੋਬਾ ਦਾ ॥ ਮੰਜ਼ਲ ੬ । ਸਿਪਾਰਾ ੨੪ । ਸੂਰਤ ੪੦ । ਆਯਤ ੧ । ੨ ॥

(ਸਮੀਖਛਕ) ਇਹ ਬਾਤ ਏਸਲਈ ਹੈ ਕਿ ਭੋਲੇ ਲੋਗ ਅੱਲਾਹ ਦੇ

Generated by CamScanner from intsig.com

ਨਾਮ ਥੀਂ ਏਸ ਪੁਸਤਕ ਨੂੰ ਮੰਨ ਲੈਨ ਕਿ ਜਿਸ ਵਿਚ ਥੋੜਾ ਜਿਹਾ ਸੱਚ ਹੈ ਬਾਕੀ ਝੂਠ ਭਰਿਆ ਹੈ, ਅਰ ਓਹ ਸੱਚ ਭੀ ਝੂਠਦੇ ਨਾਲ ਮਿਲਕੇ ਵਿਗੜਿਆ ਜਿਹਾ ਹੈ, ਏਸਲਈ ਕੁਰਾਨ ਅਰ ਕੁਰਾਨ ਦਾ ਖ਼ੁਦਾ ਅਰ ਏਸਨੂੰ ਮੰਨਨ ਵਾਲੇ ਪਾਪ ਦੇ ਵਧਾਨ ਵਾਲੇ ਅਰ ਪਾਪ ਕਰਨ ਕਰਾਨ ਵਾਲੇ ਹਨ। ਕਿਉਂਕਿ ਪਾਪ ਦਾ ਖਛਮਾ ਕਰਨਾ ਅਤਯੰਤ ਅਧਰਮ ਹੈ, ਕਿੰਤੂ ਏਸ ਕਰਕੇ ਮੁਸਲਮਾਨ ਲੋਗ ਪਾਪ ਅਰ ਉਪਦ੍ਵ ਕਰਨ ਵਿਚ ਘੱਟ ਡਰਦੇ ਹਨ ॥ ੧੩੫ ॥

੧੩੬–ਬੱਸ ਨਿਯਤ ਕੀਤਾ ਉਸਨੂੰ ਨਾਲ ਆਸਮਾਨ ਵਿਚ ਦੋ ਦਿਨ ਦੇ ਅਰ ਸੁੱਟ ਦਿੱਤਾ। ਵਿਚ ਅਸਾਂ ਨੇ ਉਸਦੇ ਕੰਮ ਉਸਦਾ ਏੱਥੋਂ ਤਕ ਕਿ ਜਦ ਜਾਨਗੇ ਉਸਦੇ ਪਾਸ ਉਗਾਹੀ ਦੇਨਗੇ ਉੱਪਰ ਉਨਾਂ ਦੇ ਕੰਨ ਉਨ੍ਹਾਂ ਦੇ ਅਰ ਅੱਖਾਂ ਉਨ੍ਹਾਂ ਦੀਆਂ ਅਰ ਖੱਲ ਉਨ੍ਹਾਂ ਦੀ ਉਨ੍ਹਾਂ ਦੇ ਕਰਮ ਥੀਂ। ਅਰ ਕਹਨਗੇ ਵਾਸਤੇ ਚਮੜੇ ਅਪਨੇ ਦੇ ਕਿਉਂ ਉਗਾਹੀ ਦਿੱਤੀ ਤੈਂ ਉਪਰ ਸਾਡੇ, ਕਹਨਗੇ ਕਿ ਬੁਲਾਇਆ ਹੈ ਸਾਨੂੰ ਅੱਲਾਹ ਨੇ ਜਿਸਨੇ ਬੁਲਾਇਆ ਹਰ ਚੀਜ਼ ਨੂੰ। ਜ਼ਰੂਰ ਜੁਆਨ ਵਾਲਾ ਹੈ ਮੁਰਦਿਆਂ ਨੂੰ ॥ ਮੰਜ਼ਲ ੬। ਸਿਪਾਰਾ ੨੪। ਸੂਰਤ ੪੧। ਆਯਤ ੧੨। ੨੦। ੨੧। ੩੯ ॥

(ਸਮੀਖਛਕ) ਵਾਹ ਜੀ ਵਾਹ ਮੁਸਲਮਾਨੋ ! ਤੁਹਾਡਾ ਖ਼ੁਦਾ ਜਿਸਨੂੰ ਤੁਸੀਂ ਸਰਵਸ਼ਕਤੀਮਾਨ ਮੰਨਦੇ ਹੋ ਓਹ ਸੱਤਾਂ ਆਸਮਾਨਾਂ ਨੂੰ ਦੋ ਦਿਨਾਂ ਵਿਚ ਬਨਾ ਸਕਿਆ ? ਅਸਲ ਵਿਚ ਜੋ ਸਰਵਸ਼ਕਤੀਮਾਨ ਹੈ ਓਹ ਖਛਣਮਾਤ੍ਰ ਵਿਚ ਸਬ ਨੂੰ ਬਨਾ ਸੱਕਦਾ ਹੈ। ਜਦ ਕੰਨ, ਅੱਖ ਖਲੜੀ ਨੂੰ ਈਸ਼੍ਵਰ ਨੇ ਜੜ੍ਹ ਬਨਾਇਆ ਹੈ ਓਹ ਉਗਾਹੀ ਕੀਕਨ ਦੇ ਸਕਨਗੇ ? ਜੇਕਰ ਉਗਾਹੀ ਦਿਵਾਏ ਭਾਂ ਉਸਨੇ ਪਹਿਲੋਂ ਜੜ੍ਹ ਕਿਉਂ ਬਨਾਏ ? ਅਰ ਅਪਨਾ ਪਹਲਾ ਪਿਛਲਾ ਨਿਯਮ ਉਲਟਾ ਕਿਉਂ ਕੀਤਾ ? ਇਕ ਏਸ ਥੀਂ ਭੀ ਵਧਕੇ ਝੂਠੀ ਗੱਲ ਇਹ ਕਿ ਜਦ ਜੀਵਾਂ ਉੱਤੇ ਉਗਾਹੀ ਦਿੱਤੀ ਤਦ ਓਹ ਜੀਵ ਅਪਨੇ ਅਪਨੇ ਚਮੜੇ ਨੂੰ ਪੁੱਛਨ ਲੱਗੇ ਕਿ ਤੈਂ ਸਾਡੇ ਉੱਤ ਉਗਾਹੀ ਕਿਉਂ ਦਿੱਤੀ ? ਚਮੜਾ ਬੋਲੇਗਾ ਕਿ ਖ਼ੁਦਾ ਨੇ ਦਿਵਾਈ ਮੈਂ ਕੀ ਕਰਾਂ, ਭਲਾ ਇਹ ਗੱਲ ਕਦੋ ਹੋ ਸਕਦੀ ਹੈ ? ਜੀਕਨ ਕੋਈ ਕਹੇ ਕਿ ਮੰਢ ਦੇ ਪੁਤ੍ਰ ਦਾ ਮੁੰਹ ਮੈਨੇ ਡਿੱਠਾ, ਜੇਕਰ ਪੁਤ੍ਰ ਹੈ ਤਾਂ ਸੰਢ ਕਿਉਂ ? ਜੇ ਸੰਢ ਹੈ ਤਾਂ ਉਸਦੇ ਪੁਤ੍ਰ ਦਾ ਹੋਨਾ ਨਹੀਂ ਬਨਦਾ। ਇਸੇ ਪ੍ਰਕਾਰ ਦੀ ਏਹ ਭੀ ਝੂਠੀ ਗੱਲ ਹੈ। ਜੇਕਰ ਓਹ ਮੁਰਦਿਆਂ ਨੂੰ ਜੁਆਂਦਾ ਹੈ ਤਾਂ ਪਹਲੋਂ ਮਾਰਿਆ ਹੀ ਕਿਉਂ ? ਕੀ ਆਪ ਭੀ ਮੁਰਦਾ ਹੋ ਸਕਦਾ ਹੈ ਵਾ ਨਹੀਂ? ਜੇਕਰ ਨਹੀਂ ਹੋਸਕਦਾ ਤਾਂ ਮੁਰਦੇਪਨਨੂੰ ਬੁਰਾ ਕਿਉਂ ਸਮਝਦਾ ਹੈ ? ਅਰ ਕ਼ਿਆਮਤ ਦੀ ਰਾਤ ਤਕ ਮੋਏ ਹੋਏ ਜੀਵ ਕੇਹੜੇ ਮੁਸਲਮਾਨ ਦੇ ਘਰ ਵਿਚ ਰਹਨਗੇ ? ਅਰ ਖ਼ੁਦਾ ਨੇ ਬਿਨਾ ਅਪਰਾਧ ਕਿਉਂ

Generated by CamScanner from intsig.com

ਦੌਰੇਸਪੁਰਦ ਰੱਖਿਆ? ਝੱਟ ਨਿਆਯ ਕਿਉਂਨਾ ਕੀਤਾ? ਅਜੇਹੀਆਂਅਜੇਹੀਆਂ ਗੱਲਾਂ ਕਰਕੇ ਈਸ਼੍ਵਰਪਨੇ ਵਿਚ ਵੱਟਾ ਲਗਦਾ ਹੈ ॥ ੧੩੬ ॥

੧੩੭–ਵਾਸਤੇ ਉਸਦੇ ਕੁੰਜੀਆਂ ਹਨ ਆਸਮਾਨਾਂ ਦੀਆਂ ਅਰ ਜ਼ਮੀਨ ਦੀਆਂ ਖੋਲਦਾ ਹੈ ਭੇਜਨ ਜਿਸਦੇ ਵਾਸਤੇ ਚਾਹੁੰਦਾ ਹੈ, ਅਰ ਤੰਗ ਕਰਦਾ ਹੈ। ਉਤਪੰਨ ਕਰਦਾ ਹੈ ਜੋ ਕੁਝ ਚਾਹੁੰਦਾ ਹੈ, ਅਰ ਦਿੰਦਾ ਹੈ ਜਿਸ ਨੂੰ ਚਾਹੇ ਬੇਟੀਆਂ, ਅਰ ਦਿੰਦਾ ਹੈ ਜਿਸ ਨੂੰ ਚਾਹੇ ਬੇਟੇ। ਵਾ ਮਿਲਾ ਦਿੰਦਾ ਹੈ ਉਨ੍ਹਾਂ ਨੂੰ ਪੁਤ੍ਰ ਅਰ ਧੀਆਂ ਨੂੰ ਦਿੰਦਾ ਹੈ ਜਿਸਨੂੰ ਚਾਹੇ ਮੰਢ । ਅਰ ਨਹੀਂ ਹੈ ਸ਼ਕਤੀ ਕਿਸੇ ਆਦਮੀ ਨੂੰ ਕਿ ਬਾਤ ਕਰੇ ਉਸਨਾਲ ਅੱਲਾਹ ਪਰੰਤੂ ਜੀ ਵਿਚ ਪਾਕੇ ਵਾ ਪਿੱਛੇ ਪਰਦੇ * ਦੇ ਥੀਂ ਵਾ ਭੇਜੇ ਫਰਿਸ਼ਤੇ ਸਨੇਹਾ ਲਿਆਨ ਵਾਲੇ ॥ ਮੰ० ੬। ਸਿਪਾਰਾ ੨੫। ਸੂਰਤ ੪੨। ਆਯਤ ੧੦। ੪੭। ੪੮। ੪੯ ॥

(ਸਮੀਖਛਕ) ਖ਼ੁਦਾ ਦੇ ਪਾਸ ਕੁੰਜੀਆਂ ਦਾ ਭੰਡਾਰ ਭਰਿਆ ਹੋਵੇਗਾ ? ਕਿਉਂਕਿ ਸ਼ਬ ਥਾਂ ਦੇ ਜੰਦਰੇ ਖੋਲਨੇ ਹੁੰਦੇ ਹੋਨਗੇ ? ਇਹ ਬਾਲਪਨੇ ਦੀ ਬਾਤ ਹੈ ਕੀ ਜਿਸ ਨੂੰ ਚਾਹੁੰਦਾ ਹੈ ਉਸ ਨੂੰ ਬਿਨਾ ਪੁੰਨ ਕਰਮ ਦੇ ਐਸ਼੍ਵਰਯ ਦਿੰਦਾ ਅਰ ਤੰਗ ਕਰਦਾ ਹੈ ? ਜੇਕਰ ਈਕਨ ਹੈ ਤਾਂ ਓਹ ਵੱਡਾ ਅਨਿਆਯਕਾਰੀਹੈ। ਹੁਨ ਦੇਖੋ ਕੁਰਾਨ ਬਨਾਨ ਵਾਲੇ ਦੀ ਚਤੁਰਾਈ ਕਿ ਜਿਸ ਕਰਕੇ ਇਸਤ੍ਰੀਆਂ ਭੀ ਮੋਹਤ ਹੋਕੇ ਫਸਨ, ਜੇਕਰ ਜੋ ਕੁਝ ਚਾਹੁੰਦਾ ਹੈ ਉਤਪੰਨ ਕਰਦਾ ਹੈ ਤਾਂ ਦੂਜੇ ਖ਼ੁਦਾ ਨੂੰ ਭੀ ਉਤਪੰਨ ਕਰ ਸੱਕਦਾ ਹੈ ਵਾ ਨਹੀਂ ?ਜੇਕਰ ਨਹੀਂ ਕਰ ਸਕਦਾ ਤਾਂ ਸਰਵਸ਼ਕਤੀਮੱਤਾ ਏੱਥੇ ਅਟਕ ਗਈ, ਭਲਾ ਮਨੁਸ਼ਾਂ ਨੂੰ ਤਾਂ ਜਿਸ ਨੂੰ ਚਾਹੇ ਪੁਤ੍ਰ ਧੀਆਂ ਖ਼ੁਦਾ ਦਿੰਦਾਹੈ ਪਰੰਤੂ ਕੁੱਕੜ, ਮੱਛੀ, ਸੂਰ ਆਦੀ ਜਿਨ੍ਹਾਂ ਦੇ ਬਹੁਤ ਪੁਤ੍ਰ ਧੀਆਂ ਹੁੰਦੀਆਂ ਹਨ ਉਨ੍ਹਾ ਨੂੰ ਕੌਨ ਦਿੰਦਾ ਹੈ? ਅਰ ਇਸਤ੍ਰੀ ਪੁਰੁਸ਼ ਦੇ ਸਮਾਗਮ ਬਿਨਾ ਕਿਉਂ ਨਹੀਂ ਦਿੰਦਾ ਹੈ? ਕਿਸੇ ਨੂੰ ਅਪਨੀ ਇਛਿਆ

---

* ਇਸ ਆਯਤ ਦੇ ਭਾਸ਼ਯ 'ਤਫਸੀਰ ਹੁਸੈਨੀ' ਕਿਤਾਬ ਵਿਚ ਲਿਖਿਆ ਹੈ ਕਿ ਮੁਹੱਮਦ ਸਾਹਿਬ ਦੋ ਪਰਦਿਆਂ ਵਿਚ ਸਨ ਅਰ ਖ਼ੁਦਾ ਦੀ ਆਵਾਜ਼ ਸੁਨੀ। ਇਕ ਪਰਦਾ ਜ਼ਰੀ ਦਾ ਸੀ ਦੂਜਾ ਚਿਟੇ ਮੋਤੀਆਂ ਦਾ, ਅਰ ਦੋਹਾਂ ਪਰਦਿਆਂ ਦੇ ਵਿਚ ਸੱਤਰ ਵਰ੍ਹੇ ਚਲਨ ਯੋਗ ਮਾਰਗ ਸੀ, ਬੁਧਵਾਨ ਲੋਗ ਏਸ ਬਾਤ ਨੂੰ ਵਿਚਾਰਨ ਕਿ ਇਹ ਖ਼ੁਦਾ ਹੈ ਵਾ ਪਰਦੇ ਦੇ ਓਹਲੇ ਬਾਤ ਕਰਨਵਾਲੀ ਇਸਤ੍ਰੀ ? ਇਨ੍ਹਾਂ ਲੋਗਾਂ ਨੇ ਤਾਂ ਈਸ਼੍ਵਰ ਦੀ ਹੀ ਦੁਰਦਸ਼ਾ ਕਰ ਦਿੱਤੀ।ਕਿੱਥੇ ਵੇਦ ਤਥਾ ਉਪਨਿਸ਼ਦ ਆਦੀ ਸੱਚੇ ਗ੍ਰੰਥਾਂ ਵਿਚ ਕਹਿਆ ਹੋਇਆ ਸ਼ੁੱਧ ਪਰਮੇਸ਼੍ਵਰ ਅਰ ਕਿੱਥੇ ਕੁਰਾਨ ਵਿਚ ਕਹਿਆ ਹੋਇਆ ਪਰਦੇ ਦੇ ਓਹਲੇ ਬਾਤ ਕਰਨ ਵਾਲਾ ਖ਼ੁਦਾ। ਸਚ ਤਾਂ ਇਹ ਹੈ ਕਿ ਅਰਬ ਦੇ ਮੂਰਖ ਲੋਗ ਸਨ ਉੱਤਮ ਬਾਤ ਲਿਆਉਂਦੇ ਕਿਧੇ ਘਰੋਂ ? ॥

Generated by CamScanner from intsig.com

ਨਾਲ ਸੰਢ ਰਖਕੇਦੁੱਖ ਕਿਉਂ ਦਿੰਦਾ ਹੈ? ਵਾਹ ਕਿਹੋ ਜਿਹਾ ਖ਼ੁਦਾ ਪ੍ਰਤਾਪੀ ਹੈ ਕਿ ਉਸਦੇ ਸਾਮਨੇ ਕੋਈ ਬਾਤ ਹੀ ਨਹੀਂ ਕਰ ਸੱਕਦਾ ! ਪਰੰਤੂ ਉਸਨੇ ਪਹਿਲੇ ਕਹਿਆਹੈ ਕਿ ਪਰਦਾ ਸੁੱਟਕੇ ਬਾਤ ਕਰਸੱਕਦਾਹੈ ਵਾ ਫਰਿਸ਼ਤੇ ਲੋਗ ਖ਼ੁਦਾ ਨਾਲ ਬਾਤ ਕਰਦੇ ਹਨ, ਅਥਵਾ ਪੈਗੰਬਰ ? ਜੇ ਅਜੇਹੀ ਬਾਤ ਹੈ ਤਾਂ ਫਰਿਸ਼ਤੇ ਅਰ ਪੈਗੰਬਰ ਖ਼ੂਬ ਅਪਨਾ ਮਤਲਬ ਕੱਢਦੇ ਹੋਨਗੇ ! ਜੇਕਰ ਕੋਈ ਕਹੇ ਖ਼ੁਦਾ ਸਰਵੱਗ ਸਰਵਵਿਆਪਕ ਹੈ ਤਾਂ ਪਰਦੇ ਦੇ ਓਹਲੇ ਗੱਲ ਕਰਨੀ ਅਥਵਾ ਡਾਕ ਦੇ ਤੁੱਲ ਖ਼ਬਰ ਮੰਗਾਕੇ ਜਾਨਨਾ ਲਿਖਨਾ ਵਿਅਰਥ ਹੈ,ਅਰ ਜੋ ਅਜੇਹਾ ਹੈ ਤਾਂ ਓਹ ਖ਼ੁਦਾ ਹੀ ਨਹੀਂ ਕਿੰਤੂ ਕੋਈ ਚਲਾਕ ਮਨੁਸ਼ ਹੋਵੇਗਾ ਏਸਲਈ ਇਹ ਕੁਰਾਨ ਈਸ਼ੁਰ ਕ੍ਰਿਤ ਕਦੀ ਨਹੀਂ ਹੋ ਸਕਦਾ ॥੧੩੭॥

੧੩੮–ਅਰ ਜਦ ਆਇਆ ਈਸਾ ਨਾਲ ਪ੍ਰਮਾਣ ਪ੍ਰਤਖਛ ਦੇ ।। ਮੰ੦ ੬। ਸਿ੦ ੨੫। ਸੂ੦ ੪੩ । ਆ੦ ੬੨ ॥

(ਸਮੀਖਛਕ) ਜੇਕਰ ਈਸਾ ਭੀ ਭੇਜਿਆ ਹੋਇਆ ਖ਼ੁਦਾ ਦਾ ਹੈ ਤਾਂ ਉਸਦੇ ਉਪਦੇਸ਼ ਥੀਂ ਵਿਰੁੱਧ ਕੁਰਾਨ ਖ਼ੁਦਾ ਨੇ ਕਿਉਂ ਬਨਾਇਆ ? ਅਰ ਕੁਰਾਨ ਥੀਂ ਵਿਰੁੱਧ ਅੰਜੀਲ ਹੈ ਏਸ ਲਈ ਇਹ ਕਿਤਾਬਾਂ ਈਸ਼ੁਰਕ੍ਰਿਤ ਨਹੀਂ ਹਨ ॥ ੧੩੮ ॥

੧੩੯–ਪਕੜੋ ਉਸਨੂੰ ਬੱਸ ਘਸੀਟੋ ਉਸਨੂੰ ਵਿਚੋਂ ਵਿਚ ਨਰਕ ਦੇ । ਇਸੇ ਪ੍ਰਕਾਰ ਰਹਨਗੇ ਅਰ ਵਿਆਹ ਦੇਨਗੇ ਉਨਾਂ ਨੂੰ ਨਾਲ ਗੋਰੀਆਂ ਅੱਛੀਆਂ ਅੱਖਾਂ ਵਾਲੀਆਂ ਦੇ ॥ ਮੰਜ਼ਲ ੬ । ਸਿ੦ ੨੫ । ਸੂਰਤ ੪੪। ਆ੦ ੪੪। ੫੧ ॥

(ਸਮੀਖਛਕ) ਵਾਹ ਚੰਗਾ ਖ਼ੁਦਾ ਨਿਆਯਕਾਰੀ ਹੋਕੇ ਪ੍ਰਾਣੀਆਂ ਨੂੰ ਪਕੜਾਂਦਾ ਅਰ ਘਸੀਟਵਾਂਦਾ ਹੈ, ਜਦ ਮੁਸਲਮਾਨਾਂ ਦਾ ਖ਼ੁਦਾ ਹੀ ਅਜੇਹਾ ਹੈ ਤਾਂ ਉਸਦੇ ਉਪਾਸਕ ਮੁਸਲਮਾਨ ਅਨਾਥ ਨਿਰਬਲਾਂ ਨੂੰ ਪਕੜਨ ਘਸੀਟਨ ਤਾਂ ਏਸ ਵਿਚ ਕੀ ਆਸ਼ਚਰਯ ਹੈ ? ਅਰ ਓਹ ਸੰਸਾਰੀ ਮਨੁਸ਼ ਵਾਛਣਵਿਆਹ ਭੀ ਕਰਾਂਦਾ ਹੈ ਜਾਨੋ ਕਿ ਮੁਸਲਮਾਨਾਂ ਦਾ ਪੋ੍ਹਿਤ ਹੀ ਹੈ ॥ ੧੩੯ ॥

੧੪੦–ਬੱਸ ਜਦ ਤੁਸੀਂ ਮਿਲੋ ਉਨ੍ਹਾਂ ਲੋਗਾਂ ਨੂੰ ਕਿ ਕਾਫ਼ਰ ਹੋਏ ਬੱਸ ਮਾਰੋ ਗਰਦਨ ਉਨ੍ਹਾਂਦੀ ਏਥੋਂ ਤਕ ਕਿ ਜਦ ਚੂਰ ਕਰ ਦੇਓ ਉਨ੍ਹਾਂ ਨੂੰ ਬੱਸਦ੍ਰਿੜ੍ਹ ਕਰੋ ਕੈਦ ਕਰਨਾ । ਅਰ ਬਹੁਤ ਬਸਤੀਆਂ ਹਨ ਕਿ ਓਹ ਬਹੁਤ ਕਠਨ ਸੀ ਸ਼ਕਤੀ ਵਿਚ ਬਸਤੀ ਤੇਰੀ ਥੀਂ ਜਿਸਨੇ ਕੱਢ ਦਿੱਤਾ ਤੈਨੂੰ ਮਾਰਿਆ ਅਸਾਂ ਨੇ ਉਸਨੂੰ ਬੱਸ ਨਾ ਕੋਈ ਹੋਇਆ ਸਹਾਇਤਾ ਦੇਨਵਾਲਾ ਉਨ੍ਹਾਂ ਦਾ । ਵਡਿਆਈ ਉਸ ਬਹਿਸ਼ਤ ਦੀ ਕਿ ਪ੍ਰਤਿਗਿਆ ਕੀਤੇ ਗਏ ਹਨ ਪਰਹੇਜ਼ਗਾਰ, ਵਿਚ ਉਸਦੇ ਨਹਿਰਾਂ ਹਨ ਬਿਨਾ ਵਿਗੜੇ ਪਾਨੀ ਦੇ, ਅਰ ਨਹਿਰਾਂ ਹਨ ਦੁੱਧ ਦੀਆਂ ਕਿ ਨਹੀਂ ਬਦਲਿਆ ਸੁਆਦ ਉਨ੍ਹਾਂ ਦਾ, ਅਰ ਨਹਿਰਾਂ ਹਨ ਸ਼ਰਾਬ ਦੀਆਂ ਸੁਆਦ ਦੇਨ ਵਾਲੀਆਂ ਪੀਨ ਵਾਲਿਆਂ ਨੂੰ ਸ਼ਹਦ ਸਾਫ਼ ਕੀਤੇ ਗਏ ਦੀ, ਅਰ ਵਾਸਤੇ

Generated by CamScanner from intsig.com

ਉਨ੍ਹਾਂ ਦੇ ਵਿਚ ਉਸਦੇ ਮੇਵੇ ਹਨ ਹਰਇਕਪ੍ਰਕਾਰਦੇ ਦਾਨ ਮਾਲਕ ਉਨ੍ਹਾਂਦੇਥੀਂ। ਮੰ੦ ੬। ਮਿ੦ ੨੬। ਸੂ੦ ੪੭। ਆ੦ ੪। ੧੩। ੧੫॥

(ਸਮੀਖਛਕ) ਏਸਲਈ ਇਹ ਕੁਰਾਨ ਖ਼ੁਦਾ ਅਰ ਮੁਸਲਮਾਨ ਗਦਰ ਮਚਾਨੇ ਸਬਨੂੰ ਦੁੱਖ ਦੇਨੇ ਅਰ ਅਪਨਾ ਮਤਲਬ ਸਾਧਨ ਵਾਲੇ ਦਇਆ ਹੀਨ ਹਨ। ਜੀਕਨ ਏੱਥੇ ਲਿਖਿਆ ਹੈ ਉੂਕਨ ਹੀ ਦੂਜਾ ਕੋਈ ਦੂਜੇ ਮਤ ਵਾਲਾ ਮੁਸਲਮਾਨਾਂ ਉੱਤੇ ਕਰੇ ਤਾਂ ਮੁਸਲਮਾਨਾਂ ਨੂੰ ਓਹੋ ਜਿਹਾ ਹੀ ਦੁੱਖ ਜੀਕਨ ਕਿ ਹੋਰ ਨੂੰ ਦਿੰਦੇ ਹਨ ਹੋਵੇ ਯਾ ਨਹੀਂ ? ਅਰ ਖ਼ੁਦਾ ਵੱਡਾ ਪਖਛਪਾਤੀ ਹੈ ਕਿ ਜਿਨ੍ਹਾਂ ਨੇ ਮੁਹੱਮਦ ਸਾਹਿਬ ਨੂੰ ਕੱਢ ਦਿੱਤਾ, ਉਨ੍ਹਾਂ ਨੂੰ ਖ਼ੁਦਾ ਨੇ ਮਾਰਿਆ, ਭਲਾ ਜਿਸ ਵਿਚ ਸ਼ੁੱਧ ਪਾਨੀ, ਦੁੱਧ, ਸ਼ਰਾਬ ਅਰ ਸ਼ਹਦ ਦੀਆਂ ਨਹਿਰਾਂ ਹਨ ਓਹ ਸੰਸਾਰ ਤੋਂ ਵਧੀਕ ਹੋ ਸਕਦਾ ਹੈ? ਅਰ ਦੁੱਧ ਦੀਆਂ ਨਹਿਰਾਂ ਕਦੀ ਹੋ ਸੱਕਦੀਆਂ ਹਨ? ਕਿਉਂਕਿ ਓਹ ਥੋੜੇ ਸਮਯ ਵਿਚ ਵਿਗੜ ਜਾਂਦਾ ਹੈ, ਏਸਲਈ ਬੁਧਵਾਨ ਲੋਗ ਕੁਰਾਨ ਦੇ ਮਤ ਨੂੰ ਨਹੀਂ ਮੰਨਦੇ॥ ੧੪੦॥

੧੪੧–ਜਦ ਕਿ ਹਲਾਈ ਜਾਵੇਗੀ ਪ੍ਰਿਥਿਵੀ ਹਲਾਏ ਜਾਨੇ ਕਰ। ਅਰ ਉਡਾਏ ਜਾਨਗੇ ਪਹਾੜ ਉਡਾਏ ਜਾਨੇਕਰ। ਬੱਸ ਹੋਜਾਨਗੇ ਭੁਨਗੇ ਤਿੱਤਰਬਿੱਤਰ। ਬੱਸ ਸਾਹਿਬ ਸੱਜੇ ਪਾਸੇ ਵਾਲੇ ਕੀ ਹਨ ਸਾਹਿਬ ਸੱਜੇ ਪਾਸੇ ਦੇ । ਅਰ ਖੱਬੇ ਪਾਸੇ ਵਾਲੇ ਕੀ ਹਨ ਖੱਬੇ ਪਾਸੇ ਦੇ। ਉੱਪਰ ਮੰਜੇ ਸੋਨੇ ਦੇ ਤਾਰਾਂ ਨਾਲ ਉਨੇ ਹੋਏ ਹਨ। ਤਕੀਏ ਕੀਤੇ ਹੋਏ ਹਨ ਉੱਪਰ ਉਨ੍ਹਾਂ ਦੇ ਆਮਨੇ ਸਾਮਨੇ । ਅਰ ਫਿਰਨਗੇ ਉੱਪਰ ਉਨ੍ਹਾਂਦੇ ਮੁੰਡੇ ਸਦਾ ਰਹਨਵਾਲੇ। ਨਾਲ ਪਾਨੀ ਦੇ ਭਾਂਡਿਆਂ ਦੇ ਅਰ ਕਰਵਿਆਂਦੇ । ਅਰ ਪਿਆਲਿਆਂਦੇ ਸ਼ਰਾਬ ਸਫਾ ਨਾਲ। ਨਹੀਂ ਮੱਥਾ ਦੁਖਾਏ ਜਾਨਗੇ ਉਸਥੀਂ ਅਰ ਨਾ ਵਿਰੁੱਧ ਬੋਲਨਗੇ। ਅਰ ਮੇਵੇ ਉਸ ਪ੍ਰਕਾਰ ਦੇ ਕਿ ਪਸੰਦ ਕਰਨ ਅਰ ਮਾਂਸ ਜਨੌਰ ਪੰਛੀਆਂ ਦੇ ਉਸ ਪ੍ਰਕਾਰ ਦੇ ਕਿ ਪਸੰਦ ਕਰਨ। ਅਰ ਵਾਸਤੇ ਉਨ੍ਹਾਂ ਦੇ ਇਸਤ੍ਰੀਆਂ ਹਨ ਚੰਗੀਆਂ ਅੱਖਾਂ ਵਾਲੀਆਂ ਵਛਣ ਮੋਤੀਆਂ ਲਕੋਇਆਂ ਹੋਇਆਂਦੇ। ਅਰ ਵਿਛੌਨੇ ਵੱਡੇ। ਨਿਸ਼ਚੇ ਅਸਾਂਨੇ ਉਤਪੰਨ ਕੀਤਾ ਹੈ ਇਸਤ੍ਰੀਆਂ ਨੂੰ ਇਕ ਪ੍ਰਕਾਰ ਦਾ ਉਤਪੰਨ ਕਰਨਾ ਹੈ। ਬੱਸ ਕੀਤਾ ਹੈ ਅਸਾਂਨੇ ਉਨ੍ਹਾਂ ਨੂੰ ਕੁਆਰੀ। ਸੁਹਾਗ ਵਾਲੀਆਂ ਬਰਾਬਰ ਉਮਰ ਵਾਲੀਆਂ। ਬੱਸ ਭਰਨ ਵਾਲੇ ਹੋ ਉਸਥੀਂ ਪੇਟਾਂ ਨੂੰ। ਬੱਸ ਕਸਮ ਖਾਨਾ ਹਾਂ ਮੈਂ ਨਾਲ ਡਿਗਨ ਵਾਲੇ ਤਾਰਿਆਂ ਦੇ॥ ਮੰ੦ ੭। ਸਿ੦ ੨੭। ਸੂ੦ ੫੬। ਆ੦ ੪। ੫। ੬। ੮। ੯। ੧੫। ੧੬। ੧੭। ੧੮। ੧੯। ੨੦। ੨੧। ੨੨। ੨੩। ੨੪। ੩੫। ੩੬। ੩੭। ੩੮। ੫੪। ੭੫॥

(ਸਮੀਖਛਕ) ਹੁਨ ਵੇਖੋ ਕੁਰਾਨ ਬਨਾਨ ਵਾਲੇ ਦੀ ਲੀਲਾ ਨੂੰ, ਭਲਾ ਪ੍ਰਿਥਿਵੀ ਤਾਂ ਹਲਦੀ ਹੀ ਰਹਿੰਦੀ ਹੈ ਉਸ ਸਮੇ ਭੀ ਹਲਦੀ ਹੀ ਰਹੇਗੀ ? ਸ ਥੀਂ ਇਹ ਸਿੱਧ ਹੁੰਦਾ ਹੈ ਕਿ ਕੁਰਾਨ ਬਨਾਨ ਵਾਲਾ ਜ਼ਮੀਂਨ ਨੂੰ ਸਥਿਰ

Generated by CamScanner from intsig.com

ਜਾਨਦਾ ਸੀ ! ਭਲਾ ਪਹਾੜਾਂ ਨੂੰ ਕੀ ਪੰਖੇਰੂ ਦੀ ਨਿਆਈਂ ਉਡਾ ਦੇਵੇਗਾ ? ਜੇਕਰ ਭੁਨਗੇ ਹੋ ਜਾਨਗ ਭਾਂ ਭੀ ਸੂਖਛਮ ਸ਼ਰੀਰਧਾਰੀ ਰਹਨਗੇ ਭਾਂ ਫੇਰ ਉਨ੍ਹਾਂ ਦਾ ਦੂਜਾ ਜਨਮ ਕਿਉਂ ਨਹੀਂ ? ਵਾਹ ਜੀ ! ਜੇ ਖ਼ੁਦਾ ਸ਼ਰੀਰਧਾਰੀ ਨਾ ਹੁੰਦਾ ਭਾਂ ਉਸਦੇ ਸੱਜੇ ਅਰ ਖੱਬੇ ਪਾਸੇ ਕੀਕਨ ਖਲੋ ਸਕਦੇ ? ਜਦ ਉੱਥੇ ਮੰਜੇ ਸੋਨੇ ਦੀ ਭਾਰਾਂ ਨਾਲ ਉਨੇ ਹੋਏ ਹਨ ਭਾਂ ਭਰਖਾਣ ਸੁਨਿਆਰੇ ਭੀ ਉੱਥੇ ਰਹਿੰਦੇ ਹੋਨਗੇ ? ਅਰ ਖਟਮਲ ਕੱਟਦੇ ਹੋਨਗੇ ? ਜੋ ਉਨਾਂ ਨੂੰ ਰਾਤ ਵੇਲੇ ਸੌਨ ਭੀ ਨਹੀਂ ਦਿੰਦੇ ਹੋਨਗੇ ? ਕੀ ਓਹ ਸਿਰ੍ਹਾਨੇ ਲਾਕੇ ਨਿਕੱਮੇ ਬਹਿਸ਼ਤ ਵਿਚ ਬੈਠੇ ਹੀ ਰਹਿੰਦੇ ਹਨ ? ਵਾ ਕੁਝ ਕੰਮ ਕੋਭਾ ਕਰਦੇ ਹਨ ? ਜੇਕਰ ਬੈਠੇ ਹੀ ਰਹਿੰਦੇ ਹੋਨਗੇ ਭਾਂ ਉਨਾਂ ਨੂੰ ਕੁਪਚ ਹੋਨ ਕਰਕੇ ਓਹ ਰੋਗੀ ਹੋਕੇ ਛੇਤੀ ਮਰ ਭੀ ਜਾਂਦੇ ਹੋਨਗੇ ? ਅਰ ਜੇ ਕੰਮ ਕਰਦੇ ਹੋਨਗੇ ਭਾਂ ਜੇਹੀ ਮੇਹਨਤ ਮਜੂਰੀ ਏਥੇ ਕਰਦੇ ਹਨ ਊਕਨ ਹੀ ਉੱਥੇ ਮੇਹਨਤ ਕਰਕੇ ਗੁਜ਼ਾਰਾ ਕਰਦੇ ਹੋਨਗੇ ? ਫੇਰ ਏੱਥੋਂ ਭੋਂ ਉੱਥੋਂ ਬਹਿਸ਼ਤ ਵਿਚ ਵਧੀਕ ਕੀ ਹੈ ? ਕੁਝ ਭੀ ਨਹੀਂ । ਜੇਕਰ ਉੱਥੇ ਮੁੰਡੇ ਸਦਾ ਰਹਿੰਦੇ ਹਨ ਭਾਂ ਉਨ੍ਹਾਂ ਦੇ ਮਾਭਾ, ਪਿਭਾ ਭੀ ਰਹਿੰਦੇ ਹੋਨਗੇ ? ਅਰ ਸੱਸ, ਸੌਹਰਾ ਭੀ ਰਹਿੰਦੇ ਹੋਨਗੇ ? ਭਦ ਭਾਂ ਵੱਡਾ ਭਾਰਾ ਸ਼ਹਰ ਵਸਦਾ ਹੁੰਦੇ ਵੇਗਾ ? ਫੇਰ ਮਲ ਮੂਤ੍ਰ ਆਦੀ ਦੇ ਵਧਨ ਨਾਲ ਰੋਗ ਭੀ ਬਹੁਤ ਸਾਰੇ ਹੁੰਦੇ ਹੋਨਗੇ ? ਕਿਉਂਕਿ ਜਦ ਮੇਵੇ ਖਾਂਨਗੇ ਗਲਾਸਾਂ ਵਿਚ ਪਾਨੀ ਪੀਨਗੇ ਅਰ ਪਿਆਲਿਆਂ ਵਿਚ ਸ਼ਰਾਬ ਪੀਨਗੇ ਨਾ ਉਨ੍ਹਾਂ ਦਾ ਸਿਰ ਦੁਖੇਗਾ ਅਰ ਨ ਕੋਈ ਵਿਰੁੱਧ ਬੋਲੇਗਾ ਮਨ ਭਾਉਂਦਾ ਮੇਵਾ ਖਾਨਗੇ ਅਰ ਜਨੌਰਾਂ ਭਥਾ ਪੰਖੇਰੂਆਂ ਦੇ ਮਾਂਸ ਭੀ ਖਾਨਗੇ ਭਾਂ ਅਨੇਕ ਪ੍ਰਕਾਰ ਦੇ ਦੁੱਖ ਪੰਖੇਰੂਆਂ ਜਨੌਰਾਂ ਨੂੰ ਉੱਥੇ ਹੋਨਗੇ ਹਤਿਆ ਹੋਵੇਗੀ ਅਰ ਹੱਡ ਜਿੱਥੇ ਕਿੱਥੇ ਖਿਲਰੇ ਹੋਏ ਹੋਨਗੇ ਅਰ ਕਸਾਈਆਂ ਦੀਆਂ ਦੁਕਾਨਾਂ ਭੀ ਹੋਨ ਗੀਆਂ । ਵਾਹ ਕੀ ਕਹਨਾ ਇਨਾਂ ਦੇ ਬਹਿਸ਼ਤ ਦੀ ਵਡਿਆਈ ਕਿ ਅਰਬ ਦੇਸ਼ ਥੀਂ ਭੀ ਵਧੀਕ ਨਜ਼ਰ ਆਉਂਦੀ ਹੈ !!! ਅਰ ਜੋ ਮਾਂਸ ਸ਼ਰਾਬ ਖਾ ਪੀਕੇ ਮਸਤ ਹੁੰਦੇ ਹਨ, ਏਸ ਲਈ ਚੰਗੀ ਚੰਗੀ ਇਸਤ੍ਰੀਆ ਅਰ ਮੁੰਡੇ ਭੀ ਉੱਥੇ ਜ਼ਰੂਰ ਰਹਨੇ ਚਾਹੀਏ, ਨਹੀਂ ਭਾਂ ਅਜੇਹੇ ਨਸ਼ੇਬਾਜ਼ਾਂ ਦੇ ਸਿਰ ਵਿਚ ਗਰਮੀ ਚੜ੍ਹ ਜਾਏ ਅਰ ਓਹ ਪਾਗਲ ਹੋ ਜਾਨ । ਜ਼ਰੂਰ ਬਹੁਤ ਇਸਤ੍ਰੀਆਂ ਪੁਰੁਸ਼ਾਂ ਦੇ ਬੈਠਨੇ ਸੋਨੇ ਦੇ ਵਾਸਤੇ ਵਛੌਨੇ ਵੱਡੇ ਵੱਡੇ ਚਾਹੀਏ । ਜਦ ਖ਼ੁਦਾ ਕੁਆਰੀਆਂ ਨੂੰ ਬਹਿਸ਼ਤ ਵਿਚ ਉਤਪੰਨ ਕਰਦਾ ਹੈ ਤਦੇ ਭਾਂ ਕੁਆਰੇ ਮੁੰਡਿਆਂ ਨੂੰ ਭੀ ਉਤਪੰਨ ਕਰਦਾ ਹੈ, ਭਲਾ ਕੁਆਰੀਆਂ ਦਾ ਭਾਂ ਵਿਆਹ ਜੋ ਏੱਥੋਂ ਉਮੈਦਵਾਰ ਹੋਕੇ ਗਏ ਹਨ ਉਨ੍ਹਾਂ ਦੇ ਨਾਲ ਖ਼ੁਦਾ ਨੇ ਲਿਖਿਆ, ਪਰ ਉਨ੍ਹਾਂ ਸਦਾ ਰਹਨ ਵਾਲੇ ਲੜਕੇਆਂ ਦਾ ਕਿਸੇ ਭੀ ਕੁਆਰੀਆਂ ਦੇ ਨਾਲ ਵਿਆਹ ਨਾ ਲਿਖਿਆ, ਕੀ ਓਹ ਭੀ ਉਨਾਂ ਉੱਮੇਦਵਾਰਾਂ ਦੇ ਨਾਲ ਕੁਆਰੀਆਂ

Generated by CamScanner from intsig.com

ਦੀ ਨਿਆਈਂ ਦੇ ਦਿੱਤੇ ਜਾਨਗੇ ? ਏਸ ਦੀ ਵਿਵਸਥਾ ਕੁਝ ਭੀ ਨਾ ਲਿਖੀ, ਇਹ ਖ਼ੁਦਾ ਵਿੱਚ ਵੱਡੀ ਭੁੱਲ ਕਿਉਂ ਹੋਈ ? ਜੇਕਰ ਬਰਾਬਰ ਉਮਰ ਵਾਲੀ ਸੁਹਾਗਨ ਇਸਤ੍ਰੀਆਂ ਖਾਉਂਦਾਂ ਨੂੰ ਪਾਕੇ ਬਹਿਸ਼ਤ ਵਿਚ ਰਹਿੰਦੀਆਂ ਹਨ ਤਾਂ ਠੀਕ ਨਹੀਂ ਹੋਇਆ, ਕਿਉਂਕਿ ਇਸਤ੍ਰੀਆਂ ਤੋਂ ਪੁਰੁਸ਼ ਦੀ ਉਮਰ ਦੂਨੀ ਢਾਈ ਗੁਨਾਂ ਚਾਹੀਏ ਇਹ ਤਾਂ ਮੁਸਲਮਾਨਾਂ ਦੇ ਬਹਿਸ਼ਤ ਦੀ ਕਥਾ ਹੈ ਅਰ ਨਰਕ ਵਾਲੇ ਬੁਹੜ ਦੇ ਦ੍ਰਖਤਾਂ ਨੂੰ ਖਾਕੇ ਪੇਟ ਭਰਨਗੇ ਤਾਂ ਕੰਡਿਆਂ ਵਾਲੇ ਦ੍ਰਖਤ ਭੀ ਨਰਕ ਵਿੱਚ ਹੋਨਗੇ ? ਤਾਂ ਕੰਡੇ ਭੀ ਲੱਗਦੇ ਹੋਨਗੇ ? ਅਰ ਤੱਤਾ ਪਾਨੀ ਪੀਨਗੇ ਇਤਿਆਦੀ ਦੁੱਖ ਨਰਕ ਵਿਚ ਪਾਨਗੇ। ਸਹੁੰ ਦਾ ਖਾਨਾ ਬਹੁਤ ਕਰਕੇ ਝੂਠੇਦਾ ਕੰਮ ਹੈ ਸੱਚੇ ਦਾ ਨਹੀਂ, ਜੇਕਰ ਖ਼ੁਦਾ ਹੀ ਸਹੁੰ ਖਾਂਦਾ ਹੈ ਤਾਂ ਓਹ ਭੀ ਝੂਠ ਤੋਂ ਵੱਖਰਾ ਨਹੀਂ ਹੋ ਸੱਕਦਾ ॥ ੧੪੧ ॥

੧੪੨–ਨਿਸ਼ਚੇ ਅੱਲਾਹ ਮਿਤ੍ਰ ਰਖਦਾ ਹੈ ਉਨ੍ਹਾਂ ਲੋਗਾਂ ਨੂੰ ਕਿ ਲੜਦੇ ਹਨ ਵਿਚ ਮਾਰਗ ਉਸਦੇ ਦੇ ॥ ਮੰਃ ੭। ਸਿਃ ੨੯। ਸੂਃ ੫੯। ਆਃ ੪ ॥

(ਸਮੀਖਛਕ) ਵਾਹ ਠੀਕ ਹੈ ਅਜੇਹੀਆਂ ਅਜੇਹੀਆਂ ਬਾਤਾਂ ਦਾ ਉਪਦੇਸ਼ ਕਰਕੇ ਵਿਚਾਰੇ ਅਰਬਦੇਸ਼ਨਿਵਾਸੀਆਂ ਨੂੰ ਸਬ ਨਾਲ ਲੜਾਕੇ ਵੈਰੀ ਬਨਾਕੇ ਇੱਕ ਦੂਜੇ ਨੂੰ ਦੁੱਖ ਦਿਵਾਇਆ ਅਰ ਮਤ ਦਾ ਝੰਡਾ ਖੜਾ ਕਰਕੇ ਲੜਾਈ ਵਧਾਵੇ ਅਜੇਹੇ ਨੂੰ ਕੋਈ ਬੁਧਵਾਨ ਈਸ਼ੁਰ ਕਦੀ ਨਹੀਂ ਮੰਨਸਕਦਾ। ਜੋ ਜਾਤੀ ਵਿਚ ਵਿਰੋਧ ਵਧਾਵੇ ਓਹੋ ਸਬਨੂੰ ਦੁੱਖਦਾਤਾ ਹੁੰਦਾ ਹੈ ॥ ੧੪੨ ॥

੧੪੩–ਹੇ ਨਬੀ ਕਿਉਂ ਹਰਾਮ ਕਰਦਾ ਹੈਂ ਉਸ ਵਸਤੂ ਨੂੰ ਕਿ ਹਲਾਲ ਕੀਤੀ ਹੈ ਖ਼ੁਦਾ ਨੇ ਤੇਰੇ ਵਾਸਤੇ। ਚਾਹੁੰਦਾ ਹੈਂ ਤੂੰ ਪ੍ਰਸੰਨਤਾ ਬੀਬੀਆਂ ਅਪਨੀਆਂ ਦੀ, ਅਰ ਅੱਲਾਹ ਖਛਮਾ ਕਰਨਵਾਲਾ ਦਇਆਲੂ ਹੈ। ਜਲਦੀ ਹੈ ਮਲਕ ਉਸਦਾ ਜੋ ਓਹ ਤੁਹਾਨੂੰ ਛੱਡ ਦਿੰਦੇ ਤਾਂ ਇਹ ਕਿ ਉਸਨੂੰ ਤੁਹਾਡੇ ਕੋਲੋਂ ਚੰਗੀ ਮੁਸਲਮਾਨ ਅਰ ਈਮਾਨ ਵਾਲੀਆਂ ਬੀਬੀਆਂ ਵਟਾ ਦੇਵੇ ਸੇਵਾ ਕਰਨਵਾਲੀਆਂ, ਤੋਬਾ ਕਰਨਵਾਲੀਆਂ, ਭਗਤੀ ਕਰਨਵਾਲੀਆਂ ਰੋਜ਼ਾ ਰੱਖਨ ਵਾਲੀਆਂ, ਪੁਰੁਸ਼ ਵੇਖੀ ਹੋਈ ਅਰ ਬਿਨ ਵੇਖੀ ਹੋਈ ॥ ਮੰਃ ੭। ਸਿਃ ੨੯। ਸੂਃ ੬੬। ਆਃ੧।੫॥

(ਸਮੀਖਛਕ) ਧਿਆਨ ਦੇਕੇ ਵੇਖਨਾ ਚਾਹੀਏ ਕਿ ਖ਼ੁਦਾ ਕੀ ਹੋਇਆ ਮੁਹੰਮਦ ਸਾਹਿਬ ਦੇ ਘਰ ਦੇ ਅੰਦਰ ਅਰ ਬਾਹਿਰ ਦਾ ਬੰਦੋਬਸਤ ਕਰਨਵਾਲਾ ਨੌਕਰ ਠਹਰਿਆ ॥ ਪਹਲੀ ਆਇਤ ਉੱਤੇ ਦੋ ਕਹਾਨੀਆਂ ਹਨ ਇੱਕ ਤਾਂ ਇਹ ਹੈ ਕਿ ਮੁਹੱਮਦ ਸਾਹਿਬ ਨੂੰ ਸ਼ਹਿਦਦਾ ਸ਼ਰਬਤ ਪਿਆਰਾ ਸੀ, ਉਨ੍ਹਾਂਦੀਆਂ ਕਈ ਬੀਬੀਆਂ ਸਨ ਉਨ੍ਹਾਂ ਵਿਚੋਂ ਇਕ ਦੇ ਘਰ ਪੀਨ ਵਿਚ ਦੇਰ ਲੱਗੀ ਤਾਂ ਦੂਜੀਆਂ ਨੂੰ ਇਹ ਗੱਲ ਸਹੀ ਨਾ ਗਈ ਉਨ੍ਹਾਂ ਦੇ ਕਹਨ ਸੁਨਨ ਦੇ ਪਿੱਛੇ ਮੁਹੱਮਦ ਸਾਹਿਬ ਸਹੁੰ ਖਾ ਗਏ ਕਿ ਅਸੀਂ ਨਾ ਪੀਵਾਂਗੇ। ਦੂਜੀ ਏਹ ਕਿ ਉਨ੍ਹਾਂ ਦੀਆਂ ਕਈ ਬੀਬੀਆਂ ਵਿੱਚੋਂ ਇੱਕ ਦੀ ਵਾਰੀ ਸੀ ਉਸਦੇ ਘਰ ਰਾਤ ਨੂੰ

Generated by CamScanner from intsig.com

ਗਏ ਤਾਂ ਓਹ ਨਾ ਸੀ ਅਪਨੇ ਪੇਕੇ ਗਈ ਸੀ । ਮੁਹੱਮਦ ਸਾਹਿਬ ਨੇ ਇਕ ਦਾਸੀ ਨੂੰ ਬੁਲਾਕੇ ਪਵਿੜ ਕੀਤਾ । ਜਦ ਖੀਬੀ ਨੂੰ ਏਸ ਦੀ ਖ਼ਬਰ ਮਿਲੀ ਤਾਂ ਅਪ੍ਰਸੰਨ ਹੋ ਗਈ, ਤਦ ਮੁਹੱਮਦ ਸਾਹਿਬ ਨੇ ਸਹੁੰ ਖਾਦੀ ਕਿ ਮੈਂ ਅਜੇਹਾ ਨਾ ਕਰਾਂਗਾ। ਅਰ ਬੀਬੀ ਨੂੰ ਭੀ ਕਹ ਦਿੱਤਾ ਕਿ ਤੂੰ ਕਿਸੇ ਕੋਲ ਇਹ ਗੱਲ ਨਾ ਕਰੀਂ, ਬੀਬੀ ਨੇ ਮੰਨਲੀਤਾ ਕਿ ਨਾ ਕਹਾਂਗੀ। ਫੇਰ ਉਨ੍ਹਾਂ ਨੇ ਦੂਜੀ ਬੀਬੀ ਨੂੰ ਜਾਕੇ ਕਹਿਆ ਏਸ ਉੱਤੇ ਇਹ ਆਇਤ ਖ਼ੁਦਾਨੇ ਉਤਾਰੀ,ਜਿਸ ਵਸਤੂ ਨੂੰ ਅਸਾਂ ਨੇ ਤੇਰੇ ਉੱਤੇ ਹਲਾਲ ਕੀਤਾ ਉਸਨੂੰ ਤੂੰ ਹਰਾਮ ਕਿਉਂ ਕਰਦਾ ਹੈਂ! ਬੁਧਵਾਨ ਲੋਗ ਵਿਚਾਰ ਕਰਨ ਕਿ ਭਲਾ ਕਿਦੇ ਖ਼ੁਦਾ ਭੀ ਕਿਸੇਨੇ ਘਰਦਾ ਨਬੇੜਾ ਕਰਦਾ ਫਿਰਦਾ ਹੈ, ਅਰ ਮੁਹੱਮਦ ਸਾਹਿਬ ਦੇ ਤਾਂ ਆਚਰਣ ਇਨ੍ਹਾਂ ਬਾਤਾਂ ਤੋਂ ਪ੍ਰਗਟ ਹੀ ਹਨ, ਕਿਉਂਕਿ ਜੋ ਅਨੇਕ ਵਹੁਟੀਆਂਨੂੰ ਰੱਖੇ ਓਹ ਈਸ਼ੁਰ ਦਾ ਭਗਤ ਵਾ ਪੈਗੰਬਰ ਕੀਕਨ ਹੋ ਸੱਕੇ । ਅਰ ਜੋ ਇਕ ਇਸਤ੍ਰੀ ਦਾ ਪਖਛ-ਪਾਤ ਕਰਕੇ ਨਿਰਾਦਰ ਕਰੇ ਅਰ ਦੂਜੇ ਦਾ ਮਾਨ ਕਰੇ ਓਹ ਪਖਛਪਾਤੀ ਹੋਕੇ ਅਧਰਮੀ ਕਿਉਂ ਨਹੀਂ ? ਅਰ ਜੋ ਬਹੁਤ ਸਾਰੀਆਂ ਇਸਤ੍ਰੀਆਂ ਨਾਲ ਭੀ ਮੰਤੁਸ਼ਟ ਨਾ ਹੋਕੇ ਦਾਸੀਆਂ ਦੇ ਨਾਲ ਫਸੇ ਉਸਦੀ ਲੱਜਿਆ, ਭੈ ਅਰ ਧਰਮ ਕਿਥੋਂ ਰਹੇ? ਕਿਸੇ ਨੇ ਕਹਿਆ ਹੈ ਕਿਃ—

ਕਾਮਾਤੁਰਾਣਾਂ ਨ ਭਯੰ ਨ ਲੱਜਾ ।

ਜੋ ਕਾਮੀ ਮਨੁਸ਼ ਹਨ ਉਨ੍ਹਾਂ ਨੂੰ ਅਧਰਮ ਤੋਂ ਭੈ ਵਾ ਲੱਜਿਆ ਨਹੀਂ ਹੁੰਦੀ ਅਰ ਇਨ੍ਹਾਂ ਦਾ ਖ਼ੁਦਾ ਭੀ ਮੁਹੱਮਦ ਸਾਹਿਬ ਦੀ ਇਸਤ੍ਰੀਆਂ ਅਰ ਪੈਗੰ-ਬਰ ਦੇ ਝਗੜੇ ਦਾ ਨਿਰਣਾ ਕਰਨ ਵਿੱਚ ਜਾਨੋ ਸਰਪੈਂਚ ਬਨਿਆ ਹੈ । ਹੁਨ ਬੁਧਵਾਨ ਲੋਗ ਵਿਚਾਰ ਲੈਨ ਕਿ ਇਹ ਕੁਰਾਨ ਵਿਦਵਾਨ ਵਾ ਈਸ਼ੁਰ ਕ੍ਰਿਤ ਹੈ ਵਾ ਕਿਸੇ ਅਵਿਦਵਾਨ ਮਤਲਬਸਿੰਧੂ ਦਾ ਬਨਾਇਆ ? ਸਾਫ਼ ਮਲੂਮ ਹੋ ਜਾਵੇਗਾ ਅਰ ਦੂਜੀ ਆਇਤ ਤੋਂ ਪ੍ਰਤੀਤ ਹੁੰਦਾ ਹੈ ਕਿ ਮੁਹੱਮਦ ਸਾਹਿਬ ਤੋਂ ਉਨ੍ਹਾਂ ਦੀ ਕੋਈ ਬੀਬੀ ਨਾਖੁਸ਼ ਹੋ ਗਈ ਹੋਵੇਗੀ ਉਸ ਵੇਲੇ ਖ਼ੁਦਾ ਨੇ ਇਹ ਆਇਤ ਉਤਾਰਕੇ ਉਸਨੂੰ ਡਰਾਇਆ ਹੋਵੇਗਾ ਕਿ ਜੇਕਰ ਤੂੰ ਗੜਬੜ ਕਰੇਂਗੀ ਅਰ ਮੁਹੱਮਦ ਸਾਹਿਬ ਤੈਨੂੰ ਛੱਡ ਦੇਨਗੇ ਤਾਂ ਉਨ੍ਹਾਂ ਨੂੰ ਉਨ੍ਹਾਂ ਦਾ ਖ਼ੁਦਾ ਤੇਰੇ ਕੋਲੋਂ ਚੰਗੀਆਂ ਬੀਬੀਆਂ ਦੇਵੇਗਾ ਕਿ ਜੋ ਪੁਰੁਸ਼ ਨਾਲ ਨਾ ਮਿਲੀਆਂ ਹੋਨ। ਜਿਸ ਮਨੁੱਸ਼ ਨੂੰ ਜ਼ਰਾ ਜਿੱਨੀ ਬੁੱਧੀ ਹੈ ਓਹ ਵਿਚਾਰ ਕਰਸੱਕਦਾ ਹੈ ਕਿ ਖ਼ੁਦਾ ਖ਼ਦੂ ਦੇ ਕੰਮ ਹਨ ਵਾ ਅਪਨੇ ਪ੍ਰਯੋਜਨਸਿੱਧੀ ਦੇ ? ਅਜੇਹੀਆਂ ਅਜੇਹੀਆਂ ਬਾਤਾਂ ਤੋਂ ਠੀਕ ਸਿੱਧ ਹੁੰਦਾ ਹੈ ਕਿ ਖ਼ੁਦਾ ਕੋਈ ਨਹੀਂ ਕਹਿੰਦਾ ਸੀ ਨਿਰਾ ਦੇਸ਼ ਕਾਲ ਵੇਖਕੇ ਅਪਨੇ ਪ੍ਰਯੋਜਨ ਦੇ ਸਿੱਧ ਹੋਨ ਦੇ ਲਈ ਖ਼ੁਦਾ ਦੀ ਤਰਫ ਥੀਂ ਮੁਹ ਮਦ ਸਾਹਿਬ ਕਹਿੰਦੇ ਸਨ। ਜਿਹੜੇ ਲੋਗ ਖ਼ੁਦਾ ਦੇ ਵੱਲ ਲਗਾਂਦੇ ਹਨ

Generated by CamScanner from intsig.com

ਉਨ੍ਹਾਂਨੂੰ ਅਸੀਂ ਤਾਂ ਕੀ ਸਾਰੇ ਬੁਧਵਾਨ ਇਹੋ ਕਹਨਗੇ ਕਿ ਖ਼ੁਦਾ ਕੀ ਹੋਇਆ ਮਾਨੋ ਮੁਹੱਮਦ ਸਾਹਿਬ ਦੇ ਲਈ ਬੀਬੀਆਂ ਲਿਆਉਨ ਵਾਲਾ ਨਾਈ ਠਹਰਿਆ ॥ ੧੪੩ ॥

੧੪੪–ਹੇ ਨਬੀ ਝਗੜਾ ਕਰ ਕਾਫਰਾਂ ਅਰ ਲੁਕੇ ਹੋਏ ਵੈਰੀਆਂ ਨਾਲ ਅਰ ਸਖ਼ਤੀ ਕਰ ਉੱਪਰ ਉਨ੍ਹਾਂ ਦੇ ॥ ਮੰਃ ੭। ਸਿਪਾਰਾ ੨੯। ਸੂਰਤ ੬੬। ਆਯਤ ੯ ॥

(ਸਮੀਖਛਕ) ਦੇਖੋ ਮੁਸਲਮਾਨਾਂ ਦੇ ਖ਼ੁਦਾ ਦੀ ਲੀਲਾ ਹੋਰ ਮਤ ਵਾਲਿਆਂ ਨਾਲ ਲੜਨ ਦੇ ਲਈ ਪੈਗੰਬਰ ਅਰ ਮੁਸਲਮਾਨਾਂ ਨੂੰ ਚੁੱਕਦਾ ਹੈ ਇੱਸੇ ਲਈ ਮੁਸਲਮਾਨ ਲੋਗ ਉਪਦ੍ਵ ਕਰਨ ਵਿਚ ਲੱਗੇ ਰਹਿੰਦੇ ਹਨ, ਪਰਮੇਸ਼ੁਰ ਮੁਸਲਮਾਨਾਂ ਉੱਤੇ ਕ੍ਰਿਪਾਦ੍ਰਿਸ਼ਟੀ ਕਰੇ ਜਿਸ ਕਰਕੇ ਇਹ ਲੋਗ ਉਪਦ੍ਵ ਕਰਨਾ ਛੱਡਕੇ ਸਬ ਨਾਲ ਮਿਤ੍ਰਤਾ ਨਾਲ ਵਰਤਨ ॥ ੧੪੪ ॥

੧੪੫–ਫਟ ਜਾਵੇਗਾ ਆਸਮਾਨ ਬੱਸ ਓਹ ਉਸ ਦਿਨ ਸੁਸਤ ਹੋਵੇਗਾ। ਫਰਿਸ਼ਤੇ ਹੋਨਗੇ ਉਪਰ ਉਸਦੇ ਕੰਢਿਆਂ ਦੇ ਅਰ ਉਠਾਨਗੇ ਚੌਕੀ ਮਾਲਕ ਤੇਰੇ ਦੀ ਉਪਰ ਅਪਨੇ ਉਸ ਦਿਨ ਅੱਠ ਜਨੇ। ਉਸ ਦਿਨ ਸਾਮਨੇ ਲਿਆਏ ਜਾਓਗੇ ਤੁਸੀਂ ਨਾ ਲੁਕੀ ਰਹੇਗੀ ਕੋਈ ਗੱਲ ਲੁਕੀ ਹੋਈ । ਬੱਸ ਜੇਹੜਾ ਕੋਈ ਦਿੱਤਾ ਗਿਆ ਕਰਮਪਤ੍ਰ ਅਪਨਾ ਵਿਚ ਸੱਜੇ ਹੱਥ ਅਪਨੇ ਦੇ, ਬੱਸ ਕਹੇਗਾ ਲੌ ਪੜ੍ਹੋ ਕਰਮਪਤ੍ਰ ਮੇਰਾ। ਅਰ ਜੋ ਕੋਈ ਦਿੱਤਾ ਗਿਆ ਕਰਮਪਤ੍ਰ ਵਿਚ ਖੱਬੇ ਹੱਥ ਅਪਨੇ ਦੇ ਬੱਸ ਕਹੇਗਾ ਹਾਏ ਨਾ ਦਿੱਤਾ ਗਿਆ ਹੁੰਦਾ ਮੈਂ ਕਰਮਪਤ੍ਰ ਅਪਨਾ ॥ ਮੰਜ਼ਲ ੭। ਸਿਪਾਰਾ ੨੯। ਸੂਰਤ ੬੯। ਆਯਤ ੧੬। ੧੭। ੧੮। ੧੯। ੨੫ ॥

(ਸਮੀਖਛਕ) ਵਾਹ ਕੀ ਵਿਦਿਆ ਅਰ ਨਿਆਯ ਦੀ ਬਾਤ ਹੈ। ਭਲਾ ਆਕਾਸ਼ ਭੀ ਕਦੀ ਫਟ ਸੱਕਦਾ ਹੈ ? ਕੀ ਓਹ ਕਪੜੇ ਵਰਗਾ ਹੈ ਕਿ ਫਟ ਜਾਵੇ ? ਜੇਕਰ ਉੱਪਰ ਦੇ ਲੋਕ ਨੂੰ ਆਸਮਾਨ ਕਹਿੰਦੇ ਹਨ ਤਾਂ ਇਹ ਬਾਤ ਵਿਦਿਆ ਤੋਂ ਵਿਰੁੱਧ ਹੈ। ਹੁਨ ਕੁਰਾਨ ਦੇ ਖ਼ੁਦਾ ਦੇ ਸ਼ਰੀਰਧਾਰੀ ਹੋਨ ਵਿਚ ਕੁਝ ਸੰਦੇਹ ਨਾ ਰਹਿਆ ਕਿਉਂਕਿ ਚੌਕੀ ਉੱਤੇ ਬੈਠਨਾ ਅੱਠਾਂ ਨੌਕਰਾਂ ਕੋਲੋਂ ਉਠਵਾਨਾ ਬਿਨਾ ਮੂਰਤੀਮਾਨ ਦੇ ਕੁਝ ਭੀ ਨਹੀਂ ਹੋ ਸੱਕਦਾ। ਅਰ ਸਾਮਨੇ ਵਾ ਪਿੱਛੇ ਆਉਨਾ ਮੂਰਤੀਮਾਨ ਦਾ ਹੀ ਹੋ ਸੱਕਦਾ ਹੈ, ਜਦ ਓਹ ਮੂਰਤੀਮਾਨ ਹੈ ਤਾਂ ਇੱਕਦੇਸ਼ੀ ਹੋਨ ਕਰਕੇ ਸਰਵੱਗ, ਸਰਵਵਿਆਪਕ ਸਰਵਸ਼ਕਤੀਮਾਨ, ਨਹੀਂ ਹੋ ਸੱਕਦਾ, ਅਰ ਸਬ ਜੀਵਾਂ ਦੇ ਸਬਨਾਂ ਕਰਮਾਂ ਨੂੰ ਕਦੀ ਨਹੀਂ ਜਾਨ ਸੱਕਦਾ। ਇਹ ਵੱਡੇ ਆਸ਼ਚਰਜ ਦੀ ਗੱਲ ਹੈ ਕਿ ਪੁੰਨਆਤਮਾ ਦੇ ਸੱਜੇ ਹੱਥ ਵਿੱਚ ਪਤ੍ਰ ਦੇਨਾ ਵਚਵਾਨਾ ਬਹਿਸ਼ਤ ਵਿਚ ਭੇਜਨਾ ਅਰ ਪਾਪੀਆਂ ਦੇ ਖੱਬੇ ਹੱਥ ਵਿੱਚ ਕਰਮਪਤ੍ਰ ਦਾ ਦੇਨਾ ਨਰਕ ਵਿੱਚ ਭੇਜਨਾ ਕਰਮਪਤ੍ਰ ਵਾਚਕੇ ਨਿਆਯ

Generated by CamScanner from intsig.com

ਕਰਨਾ ਭਲਾ ਇਹ ਵਿਹਾਰ ਸਰਵੱਗ ਦਾ ਹੋ ਸੱਕਦਾ ਹੈ ? ਕਦੀ ਨਹੀਂ ਇਹ ਸਬ ਲੀਲਾ ਬਾਲਪਨੇ ਦੀ ਹੈ ॥ ੧੪੫ ॥

੧੪੬–ਚੜ੍ਹਦੇ ਹਨ ਫਰਿਸ਼ਤੇ ਅਰ ਆਤਮਾ ਵੱਲ ਉਸਦੀ, ਉਹ ਪੀੜਾ ਹੋਵੇਗੀ ਵਿਚ ਉਸ ਦਿਨ ਦੇ ਕਿ ਹੈ ਅੰਦਾਜ਼ ਉਸਦਾ ਪੰਜਾਹ ਹਜ਼ਾਰ ਵਰ੍ਹੇ । ਜਦ ਕਿ ਨਿਕਲਨਗੇ ਕਬਰਾਂ ਵਿਚੋਂ ਦੌੜਦੇ ਹੋਏ ਮਾਨੋ ਕਿ ਓਹ ਮੂਰਤੀਆਂ ਦੇ ਸਥਾਨ ਵਲ ਦੌੜਦੇ ਹਨ ॥ ° ੭। ਸਿ੦ ੨੯। ਸੂ੦ ੭੦। ਆ੦ ੪।੪੨॥

(ਸਮੀਖਛਕ) ਜੇਕਰ ਪੰਜਾਹ ਹਜ਼ਾਰ ਵਰ੍ਹੇ ਦਿਨ ਦਾ ਅੰਦਾਜ਼ ਹੈ ਤਾਂ ਪੰਜਾਹ ਹਜ਼ਾਰ ਵਰ੍ਹੇ ਦੀ ਰਾਤ ਕਿਉਂ ਨਹੀਂ? ਜੇਕਰ ਉੱਨੀ ਵੱਡੀ ਰਾਤ ਨਹੀਂ ਹੈ ਤਾਂ ਉੱਨਾਂ ਵੱਡਾ ਦਿਨ ਕਦੀ ਨਹੀਂ ਹੋਸਕਦਾ, ਕੀ ਪੰਜਾਹ ਹਜ਼ਾਰ ਵਰ੍ਹੇਆਂ ਤਕ ਖ਼ੁਦਾ ਫਰਿਸ਼ਤੇ ਅਰ ਕਰਮਪਤ੍ਰ ਵਾਲੇ ਖਲੋਤੇ ਵਾ ਬੈਠੇ ਅਥਵਾ ਜਾਗਦੇ ਹੀ ਰਹਨਗੇ ? ਜੇਕਰ ਅਜੇਹਾ ਹੈ ਤਦ ਸਬ ਰੋਗੀ ਹੋਕੇ ਫੇਰ ਮਰ ਹੀ ਜਾਨਗੇ ? ਕੀ ਕਬਰਾਂ ਵਿਚੋਂ ਨਿਕਲਕੇ ਖ਼ੁਦਾ ਦੀ ਕਚਹਰੀ ਵੱਲ ਨੱਠਨਗੇ ? ਉਨਾਂ ਦੇ ਪਾਸ ਸੱਮਨ ਕਬਰਾਂ ਵਿਚ ਕੀਕਨ ਪਹੁੰਚਨਗੇ ? ਅਰ ਉਨਾਂ ਵਿਚਾਰਿਆਂ ਨੂੰ ਜੋ ਕਿ ਪੁੰਨਆਤਮਾ ਵਾ ਪਾਪਆਤਮਾ ਹਨ ਇੱਨੇ ਸਮੇ ਤਕ ਸਬਨਾਂ ਨੂੰ ਕਬਰਾਂ ਵਿਚ ਦੌਰੇ ਸਪੁਰਦ ਕੈਦ ਕਿਉਂ ਰਖਿਆ ? ਅਰ ਅੱਜ ਕੱਲ ਖ਼ੁਦਾ ਦੀ ਕਚਹਰੀ ਬੈਦ ਹੋਵੇਗੀ ? ਅਰ ਖ਼ੁਦਾ ਤਥਾ ਫਰਿਸ਼ਤੇ ਨਿਕੰਮੇ ਬੈਠੇ ਹੋਨਗੇ ? ਅਥਵਾ ਕੀ ਕੰਮ ਕਰਦੇ ਹੋਨਗੇ ? ਅਪਨੇ ਅਪਨੇ ਸਥਾਨਾਂ ਵਿਚ ਬੈਠੇ ਇੱਧਰ ਉੱਧਰ ਫਿਰਦੇ ਸੌਂਦੇ ਨਾਚ ਤਮਾਸ਼ਾ ਦੇਖਦੇ ਵਾ ਮੌਜ ਬਹਾਰ ਕਰਦੇ ਹੋਨਗੇ ? ਅਜੇਹਾ ਹਨੇਰ ਕਿਸੇ ਦੇ ਰਾਜ ਵਿਚ ਨਾ ਹੋਵੇਗਾ ਅਜੇਹੀਆਂ ਅਜੇਹੀਆਂ ਬਾਤਾਂ ਨੂੰ ਬਿਨਾ ਜੰਗਲੀਆਂ ਦੇ ਦੂਜਾ ਕੌਨ ਮੰਨੇਗਾ ॥ ੧੪੬ ॥

੧੪੭–ਨਿਸ਼ਚੇ ਉਤਪੰਨ ਕੀਤਾ ਤੁਹਾਨੂੰ ਕਈ ਪ੍ਰਕਾਰ ਨਾਲ । ਕੀ ਨਹੀਂ ਦੇਖਿਆ ਤੁਸਾਂ ਨੇ ਕੀਕਨ ਉਤਪੰਨ ਕੀਤਾ ਅੱਲਾਹ ਨੇ ਸੱਤਾਂ ਆਸਮਾਨਾਂ ਨੂੰ ਉੱਪਰ ਹੇਠਾਂ ਅਰ ਕੀਤਾ ਚੰਦ੍ਰਮਾ ਨੂੰ ਵਿਚ ਉਸਦੇ ਪ੍ਰਕਾਸ਼ ਕਰਨਵਾਲਾ ਅਰ ਕੀਤਾ ਸੂਰਯ ਨੂੰ ਦੀਵਾ ॥ ਮੰ੦ ੭ । ਸਿ੦ ੨੯ । ਸੂ੦ ੭੧ । ਆ੦ ੧੫ । ੧੫ । ੧੬ ॥

(ਸਮੀਖਛਕ) ਜੇਕਰ ਜੀਵਾਂ ਨੂੰ ਖ਼ੁਦਾ ਨੇ ਉਤਪੰਨ ਕੀਤਾ ਹੈ ਤਾਂ ਓਹ ਨਿੱਤ ਅਮਰ ਕਦੀ ਨਹੀਂ ਰਹ ਸੱਕਦੇ, ਫੇਰ ਬਹਿਸ਼ਤ ਵਿਚ ਸਦਾ ਕੀਕਨ ਰਹ ਸੱਕਨਗੇ? ਜੋ ਵਸਤੂ ਉਤਪੰਨ ਹੁੰਦੀ ਹੈ ਓਹ ਵਸਤੂ ਜ਼ਰੂਰ ਨਸ਼ਟ ਹੋ ਜਾਂਦੀ ਹੈ, ਆਸਮਾਨ ਨੂੰ ਉੱਪਰ ਹੇਠਾਂ ਕੀਕਨ ਬਨਾਸੱਕਦਾਹੈ? ਕਿਉਂਕਿ ਓਹ ਨਿਰਾਕਾਰ ਅਰ ਵਿਭੂ ਪਦਾਰਥ ਹੈ, ਜੇਕਰ ਦੂਜੀ ਚੀਜ਼ ਦਾ ਨਾਉਂ ਆਕਾਸ਼ ਰਖਦੇ ਹੋ ਤਾਂ ਉਸਦਾ ਆਕਾਸ਼ ਨਾਮ ਰਖਨਾ ਵਿਅਰਥ ਹੈ ਜੇਕਰ ਉੱਪਰ ਹੇਠਾਂ ਆਸਮਾਨਾਂ ਨੂੰ ਬਨਾਇਆ ਹੈ ਤਾਂ ਉਨ੍ਹਾਂ ਸਭਨਾਂ ਦੇ ਵਿਚ ਚੰਦ, ਸੂਰਯ ਕਦੀ ਨਹੀਂ ਰਹ

Generated by CamScanner from intsig.com

ਸੱਕਦੇ। ਜੇ ਵਿਚਕਾਰ ਰਖਿਆ ਜਾਵੇ ਤਾਂ ਇਕ ਉੱਪਰ ਅਰ ਇਕ ਹੇਠਾਂ ਦਾ ਪਦਾਰਥ ਪ੍ਰਕਾਸ਼ਮਾਨ ਹੈ ਦੂਜੇ ਤੋਂ ਲੈਕੇ ਸਭ ਵਿਚ ਹਨੇਰਾ ਰਹਨਾ ਚਾਹੀਏ, ਈਕਨ ਨਹੀਂ ਦਿੱਸਦਾ ਏਸਲਈ ਇਹ ਬਾਤ ਸਰਵਥਾ ਝੂਠੀ ਹੈ॥ ੧੪੭॥

੧੪੯–ਏਹ ਕਿ ਮਸੀਤਾਂ ਵਾਸਤੇ ਅੱਲਾਹ ਦੇ ਹਨ। ਬੱਸ ਨਾ ਹਾਕਾਂ ਮਾਰੋ ਨਾਲ ਅੱਲਾਹ ਦੇ ਕਿਸੇ ਨੂੰ॥ ਮੰ੦ ੭।ਸਿ੦ ੨੯।ਸੂ੦।੭੨।ਆ੦ ੧੮॥

(ਸਮੀਖਛਕ) ਜੇਕਰ ਇਹ ਬਾਤ ਸੱਚ ਹੈ ਤਾਂ ਮੁਸਲਮਾਨ ਲੋਗ "ਲਾਇਲਾਹਾ ਇੱਲਿੱਲਾ ਮਹੱਮਦੁਰਰਸੂਲਿੱਲਾ" ਏਸ ਕਲਮੇ ਵਿਚ ਖ਼ੁਦਾ ਦੇ ਸਾਥੀ ਮੁਹੱਮਦ ਸਾਹਿਬ ਨੂੰ ਕਿਉਂ ਹਾਕਾਂ ਮਾਰਦੇ ਹਨ? ਇਹ ਬਾਤ ਕੁਰਾਨ ਥੀਂ ਵਿਰੁੱਧ ਹੈ ਅਰ ਜੋ ਵਿਰੁੱਧ ਨਹੀਂ ਕਰਦੇ ਤਾਂ ਏਸ ਕੁਰਾਨ ਦੀ ਬਾਤ ਨੂੰ ਝੂਠ ਕਰਦੇ ਹਨ, ਜਦ ਮਸੀਤਾਂ ਖ਼ੁਦਾ ਦੇ ਘਰ ਹਨ ਤਾਂ ਮੁਸਲਮਾਨ ਮਹਾ ਮੂਰਤੀ-ਪੂਜਕ ਹੋਏ, ਕਿਉਂਕਿ ਜੇਕਰ ਪੁਰਾਣੀ, ਜੈਨੀ, ਛੋਟੀ ਜਿਹੀ ਮੂਰਤੀ ਨੂੰ ਈਸ਼੍ਵਰ ਦਾ ਘਰ ਮੰਨਨ ਕਰਕੇ ਮੂਰਤੀਪੂਜਕ ਠਹਿਰਦੇ ਹਨ ਤਾਂ ਏਹ ਲੋਗ ਕਿਉਂਨਹੀਂ? ॥ ੧੪੯॥

੧੪੯–ਇਕੱਠਾ ਕੀਤਾ ਜਾਵੇਗਾ ਸੂਰਯ ਅਰਦੰਦ॥ ਮੰ੦ ੭। ਸਿ੦ ੨੯। ਸੂ੦ ੭੫। ਆ੦ ੯॥

(ਸਮੀਖਛਕ) ਭਲਾ ਸੂਰਯ ਚੰਦ ਕਦੀ ਇਕੱਠੇ ਕੀਤੇ ਜਾ ਸੱਕਦੇ ਹਨ? ਵੇਖੋ ਇਹ ਕਿੱਨੀ ਮੂਰਖਤਾਦੀਬਾਤ ਹੈ ਅਰ ਸੂਰਯ ਚੰਦ ਦੇ ਇਕੱਠੇ ਕਰਨ ਵਿਚ ਕੀ ਪ੍ਰਯੋਜਨ ਸੀ? ਹੋਰ ਸਭ ਲੋਕਾਂ ਦੇ ਇਕੱਠੇ ਨਾ ਕਰਨ ਵਿਚ ਕੀ ਯੁਕਤੀ ਹੈ? ਅਜੇਹੀਆਂ ਅਜੇਹੀਆਂ ਅਨਹੁੰਦੀਆਂ ਗੱਲਾਂ ਪਰਮੇਸ਼੍ਵਰਕ੍ਰਿਤ ਕਦੀ ਹੋ ਸੱਕਦੀਆਂ ਹਨ? ਬਿਨਾ ਮੂਰਖਾਂ ਦੇ ਹੋਰ ਕਿਸੇ ਵਿਦ੍ਵਾਨ ਦੀਆਂ ਭੀ ਨਹੀਂ ਹੁੰਦੀਆਂ॥ ੧੪੯॥

੧੫੦–ਅਰ ਫਿਰਨਗੇ ਉੱਪਰ ਉਨ੍ਹਾਂ ਦੇ ਮੁੰਡੇ ਸਦਾ ਰਹਨ ਵਾਲੇ, ਜਦ ਵੇਖੇਂਗਾ ਤੂੰ ਉਨ੍ਹਾਂ ਨੂੰ ਅਨੁਮਾਨ ਕਰੇਂਗਾ ਤੂੰ ਉਨ੍ਹਾਂ ਨੂੰ ਮੋਤੀ ਖਿੰਡੇ ਹੋਏ। ਅਰ ਪੁਆਏ ਜਾਨਗੇ ਕੰਛਨ ਚਾਂਦੀ ਦੇ ਅਰ ਪਿਲਾਵੇਗਾ ਉਨ੍ਹਾਂ ਨੂੰ ਰੱਬ ਉਨ੍ਹਾਂ ਦਾ ਸ਼ਰਾਬ ਪਵਿਤ੍ਰ॥ ਮੰ੦ ੭। ਸਿ੦ ੨੯। ਸੂ੦ ੬੭। ਆ੦ ੧੯। ੨੧॥

(ਸਮੀਖਛਕ) ਕਿਉਂ ਜੀ ਮੋਤੀ ਦੇ ਰੰਗ ਵਾਲੇ ਮੁੰਡੇ ਕਿਉਂ ਰੱਖੇ ਜਾਂਦੇ ਹਨ? ਕੀ ਜੁਆਨ ਲੋਗ ਸੇਵਾ ਵਾ ਇਸਤ੍ਰੀਆਂ ਉਨ੍ਹਾਂ ਨੂੰ ਤ੍ਰਿਪਤ ਨਹੀਂ ਕਰ ਸੱਕਦੀਆਂ? ਕੀ ਆਸ਼ਚਰਯ ਹੈ ਕਿ ਜੋ ਇਹ ਮਹਾਬੁਰਾ ਕੈਮ ਮੁੰਡਿਆਂ ਦੇ ਨਾਲ ਦੁਸ਼ਟ ਲੋਗ ਕਰਦੇ ਹਨ ਉਸਦਾ ਮੂਲ ਏਹੋ ਕੁਰਾਨ ਦਾ ਵਚਨ ਹੋਵੇ। ਅਰ ਬਹਿਸ਼ਤ ਵਿਚ ਸੁਆਮੀ ਸੇਵਕਭਾਵ ਹੋਨ ਕਰਕੇ ਸੁਆਮੀ ਨੂੰ ਆਨੰਦ ਅਰ ਸੇਵਕ ਨੂੰ ਮੇਹਨਤ ਹੋਨ ਕਰਕੇ ਦੁੱਖ ਤਥਾ ਪਖਛਪਾਤ ਕਿਉਂ ਹੈ? ਅਰ ਜਦ ਖ਼ੁਦਾ ਹੀ ਸ਼ਰਾਬ ਪਿਲਾਵੇਗਾ ਤਾਂ ਓਹ ਭੀ ਉਨ੍ਹਾਂ ਦਾ ਨੌਕਰ ਦੀ ਨਿਆਈਂ

Generated by CamScanner from intsig.com

ठहिरेगा, फेर ख़ुदा दा वॅडापन कीकन रह सॅकेगा? अर उॅचे बहिश़त विच इसत्री पुरुश़ दा समागम अर गरभसथिती अर लञ़के बाले भी हुंदे हन वा नहीं? जेकर नहीं हुंदे तां उनुंदा विश़ष सेवन करना विअरथ होइआ। अर जो हुंदे हन तां ओह जीव किॅथों आए? अर बिना ख़ुदा दी सेवा दे बहिश़त विच किउं जैमे? जेकर जैमे तां उनुं नूं बिना ईमान लिआउने अर ख़ुदा भगती करन थीं बहिश़त एवें मिल किआ? कईआं विचारिआं नूं ईमान लिआउने अर कईआं नूं बिना धरम दे सुख मिल जावे, एस थीं वधीक दूजा वॅडा अनिआय किहड़ा होवेगा? ॥ १५० ॥

१५१—बदला दिॅते जानगे करम अनुसार । अर पिआले हन भुरे होए। जिस दिन खलोनगे रूह अर फरिश़ते पंगत बंनुके ॥ मंज़ल २। सिपारा ३०। सूरत २९। आयत २६। ३४। ३९ ॥

(समीखछक) जेकर करम अनुसार फल दिॅता जांदा तां सदा 'बहिश़त' विच रहन वाली इसत्रीआं फरिश़ते अर मोती दे वाछन मुंडिआं नूं किहड़े करम दे अनुसार सदा दे लई बहिश़त मिलिआ? जद पिआले भुर श़राब पीनगे तां मसत होके किउं ना लञ़नगे? 'रूह' नाम एॅथे इक फरिश़ते दा है जो सब फरिश़तिआंउें वॅडा है, की ख़ुदा 'रूह' तथा हर फरिश़तिआं नूं पंगत बॅधी होई खड़े करके पलटन बनुेगा? की पलटन कोलों सब जीवां नूं दंड दिवावेगा? अर ख़ुदा उस समज खलोता होवेगा वा बैठा? जेकर कियामत तक ख़ुदा अपनी सब पलटन इकॅठी करके शैतान नूं पकड़ लवे तां उस दा राज बे खटका हो जावे एसदा नाम ख़ुदाई है ॥ १५१ ॥

१५२—जद कि सूरज वलुेटिआ जावे अर जद कि तारे मैले हो जान अर जद कि पहाड़ चुराए जान अर जद आसमान दी खॅल उुतारी जावे ॥ मंः २। सिः ५०। सूः ९१। आः १। २। ३। ११ ॥

(समीखछक) इह वॅडी बेसमझी दी बात है कि गोल सूरज लोक वलुेटिआ जावेगा अर तारे मैले किउंकर हो सॅकनगे? अर पहाड़ जड़ होन करके कीकन चॅलनगे? अर आकाश नूं की पशू समझिआ कि उस दी खॅल उुतारी जावेगी? इह बड़ी बेसमझी अर जंगलीपन दी बात है ॥१५२ ॥

१५३—अर जद कि आसमान फट जावे अर जद तारे झड़ जान अर जद दरया चीरे जान अर जद कबरां जुआ के उठाईआं

Generated by CamScanner from intsig.com

ਜਾਨ ॥ਮੰਜ਼ਲ ੭ ।ਸਿਪਾਰਾ ੩੦। ਸੂ੦ ੮੨। ਆ੦ ੧। ੨ । ੩ । ੪।

(ਸਮੀਖਛਕ) ਵਾਹ ਜੀ! ਕੁਰਾਨ ਦੇ ਬਨਾਨ ਵਾਲੇ ਗਿਆਨੀ ਪੁਰੁਸ਼ ਆਕਾਸ਼ ਕੀਕਨ ਫਟਸੱਕੇਗਾ? ਅਰ ਤਾਰੇ ਕੀਕਨ ਝੜਸੱਕਨਗੇ? ਅਰ ਦਰਯਾ ਕੀ ਹੈ ਲਕੜ ਹੈ ਕਿ ਚੀਰ ਸੱਕੋਗੇ ? ਅਰ ਕਬਰਾਂ ਕੀ ਮੁਰਦੇ ਹਨ ਕਿ ਜੁਆ ਸੱਟੇਗੇ? ਏਹ ਸਬ ਲੜਕਿਆਂ ਦੀਆਂ ਬਾਤਾਂ ਵਾਛਣ ਹਨ॥੧੫੩ ॥

੧੫੪–ਸਹੁੰ ਹੈ ਆਸਮਾਨ ਬੁਰਜਾਂ ਵਾਲੇ ਦੀ,ਕਿੰਤੂ ਉਹ ਕੁਰਾਨ ਹੈ ਵੱਡਾ ਵਿਚ ਤਖ਼ਤੀ ਰਖਿਆ ਕੀਤੀ ਗਈ ਦੇ ॥ ਮੰਜ਼ਲ ੭। ਸਿਪਾਰਾ ੩੦। ਸੂਰਤ ੮੫। ਆਯਤ ੧। ੨੧ ॥

(ਸਮੀਖਛਕ) ਇਸ ਕੁਰਾਨ ਦੇ ਬਨਾਨ ਵਾਲੇ ਨੇ ਭੂਗੋਲ ਖਗੋਲ ਵਿਦਿਆ ਕੁਝ ਭੀ ਨਹੀਂ ਪੜ੍ਹੀ ਸੀ, ਨਹੀਂ ਤਾਂ ਆਕਾਸ਼ ਨੂੰ ਕਿਲੇ ਵਾਛਣ ਬੁਰਜਾਂ ਵਾਲਾ ਕਿਉਂ ਕਹਿੰਦਾ ? ਜੇਕਰ ਮੇਖ ਆਦੀ ਰਾਸਾਂ ਨੂੰ ਬੁਰਜ ਕਹਿੰਦਾ ਹੈ ਤਾਂ ਹੋਰ ਬੁਰਜ ਕਿਉਂ ਨਹੀਂ? ਏਸ ਲਈ ਏਹ ਬੁਰਜ ਨਹੀਂ ਹਨ? ਕਿੰਤੂ ਸਬ ਤਾਰੇ ਲੋਕ ਹਨ ? ਕੀ ਓਹ ਕੁਰਾਨ ਖੁਦਾ ਦੇ ਪਾਸ ਹੈ? ਜੇਕਰ ਏਹ ਕੁਰਾਨ ਉਸਦਾ ਕੀਤਾ ਹੈ ਤਾਂ ਓਹ ਭੀ ਵਿਦਿਆ ਅਰ ਯੁਕਤੀ ਤੋਂ ਵਿਰੁੱਧ ਅਵਿਦਿਆ ਨਾਲ ਵਧੀਕ ਭਰਿਆ ਹੋਵੇਗਾ ॥੧੫੪ ॥

੧੫੫–ਨਿਸ਼ਚੇ ਓਹ ਮਕਰ ਕਰਦੇ ਹਨ ਇਕ ਮਕਰ, ਅਰ ਮੈਂ ਭੀ ਮਕਰ ਕਰਨਾ ਹਾਂ ਇਕ ਮਕਰ ॥ ਮੰਜ਼ਲ ੭ ਸਿਪਾਰਾ ੩੦। ਸੂਰਤ ੮੬। ਆਯਤ ੧੫। ੧੬ ॥

(ਸਮੀਖਛਕ) ਮਕਰ ਕਹਿੰਦੇ ਹਨ ਠੱਗਪਨੇ ਨੂੰ ਕੀ ਖੁਦਾ ਭੀ ਠੱਗ ਹੈ? ਅਰ ਕੀ ਚੋਰੀਦਾ ਉੱਤਰ ਚੋਰੀ ਅਰ ਝੂਠਦਾ ਉੱਤਰ ਝੂਠਹੈ? ਕੀ ਕੋਈ ਚੋਰ ਭਲੇ ਆਦਮੀ ਦੇ ਘਰ ਵਿਚ ਚੋਰੀ ਕਰੇ ਤਾਂ ਕੀ ਭਲੇ ਆਦਮੀ ਨੂੰ ਚਾਹੀਏ ਕਿ ਉਸਦੇ ਘਰ ਵਿਚ ਜਾਕੇ ਚੋਰੀ ਕਰੇ ? ਵਾਹ! ਵਾਹ !! ਜੀ ਕੁਰਾਨ ਦੇ ਬਨਾਨ ਵਾਲੇ ॥੧੫੫ ॥

੧੫੬–ਅਰ ਜਦ ਆਵੇਗਾ ਮਾਲਕ ਤੇਰਾ ਅਰ ਫਰਿਸ਼ਤੇ ਪੰਗਤ ਬੰਨ੍ਹ ਕੇ ਅਰ ਲਿਆਇਆ ਜਾਵੇ ਗਾ ਦੋਜ਼ਖ਼ ਨੂੰ ॥ਮੰ੦ ੭। ਸਿ੦ ੩੦। ਸੂ੦ ੮੯ । ਆ੦ ੨੧। ੨੨ ॥

(ਸਮੀਖਛਕ) ਕਹੋ ਜੀ ਜੀਕਨ ਕੋਟਵਾਲ ਵਾ ਸੇਨਾਪਤੀ ਅਪਨੀ ਫੌਜ ਨੂੰ ਲੈਕੇ ਪੰਗਤ ਬੰਨ੍ਹ ਕੇ ਫਿਰਦਾ ਰਹੇ ਊਕਨਹੀ ਇਨ੍ਹਾਂ ਦਾਖੁਦਾ ਹੈ? ਕੀ ਦੋਜ਼ਖ਼ ਨੂੰ ਘੜੇ ਵਾਘਣ ਸਮਝਿਆ ਹੈ ਕਿ ਜਿਸਨੂੰ ਉਠਾ ਕੇ ਜਿੱਥੇ ਚਾਹੇ ਉੱਥੇ ਲੈਜਾਵੇ, ਜੇਕਰ ਇੱਨਾਂ ਛੋਟਾ ਹੈ ਤਾਂ ਅਸੰਖਜ ਕੈਦੀ ਉਸ ਵਿਚ ਕੀਕਨ ਸਮਾ ਸੱਕਨਗੇ? ॥ ੧੫੬ ॥

੧੫੭–ਬੱਸ ਕਹਿਆ ਸੀ ਵਾਸਤੇ ਉਨ੍ਹਾਂ ਦੇ ਪੈਗੰਬਰ ਖੁਦਾ ਦੇ ਨੇ ਰਖਛਾ

Generated by CamScanner from intsig.com

ਕਰੋ ਊਠਨੀ ਖ਼ੁਦਾ ਦੀ ਨੂੰ ਅਰ ਪਾਨੀਪਿਲਾਨਾ ਉਸਦੇਨੂੰ । ਬੱਸ ਝੁਠਲਾਇਆ ਉਸਨੂੰ ਬੱਸ ਪੈਰ ਕਟੇ ਉਸਦੇ, ਬੱਸ ਮਰੀ ਪਾਈ ਉੱਪਰ ਉਨ੍ਹਾਂ ਦੇ ਰੱਬ ਉਨ੍ਹਾਂ ਦੇ ਨੇ ॥ ਮੰਜ਼ਲ ੭ । ਸਿਪਾਰਾ ੩੦ । ਸੂਰਤ ੯੧ । ਆਯਤ ੧੩ । ੧੪ ॥

(ਸਮੀਖਛਕ) ਕੀ, ਖ਼ੁਦਾ ਭੀ ਊਠਨੀ ਉੱਤੇ ਚੜ੍ਹਕੇ ਸੈਲ ਕੀਤਾ ਕਰਦਾ ਹੈ ? ਨਹੀਂ ਤਾਂ ਕਿਸ ਵਾਸਤੇ ਰੱਖੀ ? ਅਰ ਬਿਨਾ ਕਿਆਮਤ ਦੇ ਅਪਨਾ ਨਿਯਮ ਤੋੜਕੇ ਉਨ੍ਹਾਂ ਉੱਤੇ ਮਰੀ ਰੋਗ ਕਿਉਂ ਪਾਇਆ ? ਜੇਕਰ ਪਾਇਆ ਤਾਂ ਉਨ੍ਹਾਂ ਨੂੰ ਦੰਡ ਦਿੱਤਾ, ਫੇਰ ਕਿਆਮਤ ਦੀ ਰਾਤ ਵਿਚ ਨਿਆਯ ਅਰ ਉਸ ਰਾਤ ਦਾ ਹੋਨਾ ਝੂਠ ਸਮਝਿਆ ਜਾਵੇਗਾ । ਏਸ ਊਠਨੀ ਦੇ ਲੇਖ ਥੀਂ ਇਹ ਅਨੁਮਾਨ ਹੁੰਦਾ ਹੈ ਕਿ ਅਰਬਦੇਸ਼ ਵਿਚ ਊਠ ਊਠਨੀ ਦੇ ਬਗ਼ੈਰ ਦੂਜੀ ਸਵਾਰੀ ਘੱਟ ਹੁੰਦੀ ਹੈ ਏਸਥੀਂ ਸਿੱਧ ਹੁੰਦਾ ਹੈ ਕਿ ਕਿਸੇ ਅਰਬਦੇਸ਼ ਦੇ ਰਹਨ ਵਾਲੇ ਨੇ ਕੁਰਾਨ ਬਨਾਇਆ ਹੈ ॥ ੧੫੭ ॥

੧੫੮–ਈਕਨ ਜੋ ਨਾਂ ਰੋਕੇਗਾ ਜ਼ਰੂਰ ਘਸੀਟਾਂਗੇ ਅਸੀਂ ਨਾਲ ਵਾਲਾਂ ਮੱਥੇ ਦੇ । ਓਹ ਮੱਥਾ ਕਿ ਝੂਠਾ ਹੈ ਅਰ ਅਪਰਾਧੀ । ਅਸੀਂ ਬੁਲਾਵਾਂਗੇ ਫਰਿਸ਼ਤੇ ਦੋਜ਼ਖ਼ ਦੇ ਨੂੰ ॥ ਮੰਜ਼ਲ ੭। ਸਿਪਾਰਾ ੩੦। ਸੂਰਤ ੯੬। ਆਯਤ ੧੫।੧੬।੧੮॥

(ਸਮੀਖਛਕ) ਏਸ ਨੀਚ ਚਪੜਾਸੀਆਂ ਦੇ ਘਸੀਟਨ ਦੇ ਕੰਮ ਤੋਂ ਭੀ ਖ਼ੁਦਾ ਨਾ ਬਚਿਆ । ਭਲਾ ਮੱਥਾ ਭੀ ਕਦੀ ਝੂਠਾ ਅਰ ਅਪਰਾਧੀ ਹੋ ਸਕਦਾ ਹੈ ਬਿਨਾ ਜੀਵਦੇ ? ਭਲਾ ਇਹ ਕਦੀ ਖ਼ੁਦਾ ਹੋ ਸਕਦਾ ਹੈ ਕਿ ਜੀਕਨ ਜੇਹਲਖਾਨੇ ਦੇ ਦਰੋਗੇ ਨੂੰ ਬੁਲਾਵਾ ਭੇਜੇ ? ॥ ੧੫੮ ॥

੧੫੯–ਨਿਸ਼ਚੇ ਉਤਾਰਿਆ ਅਸਾਂ ਨੇ ਕੁਰਾਨ ਨੂੰ ਵਿਚ ਰਾਤ ਕਦਰ ਦੇ। ਅਰ ਕੀ ਜਾਨੇ ਤੂੰ ਕੀ ਹੈ ਰਾਤ ਕਦਰ ਦੀ । ਉੱਤਰਦੇ ਹਨ ਫਰਿਸ਼ਤੇ ਅਰ ਪਵਿਤ੍ਰ ਆਤਮਾ ਵਿਚ ਉਸਦੇ ਨਾਲ ਆਗਿਆ ਮਾਲਕ ਅਪਨੇ ਦੀ ਵਾਸਤੇ ਪ੍ਰਤੇਕ ਕੰਮਦੇ ॥ ਮੰਃ ੭ । ਸਿਃ ੩੦ । ਸੂਃ ੯੭ । ਆਃ ੧ । ੨ । ੪ ॥

(ਸਮੀਖਛਕ) ਜੇਕਰ ਇਕ ਹੀ ਰਾਤ ਵਿਚ ਕੁਰਾਨ ਉਤਾਰਿਆ ਤਾਂ ਓਹ ਆਇਤ ਅਰਥਾਤ ਉਸ ਸਮਯ ਵਿਚ ਉਤਰੀ ਅਰ ਹੌਲੀ ਹੌਲੀ ਉਤਾਰਿਆ ਇਹ ਬਾਤ ਸੱਚ ਕੀਕਨ ਹੋ ਸੱਕੇਗੀ ? ਅਰ ਰਾਤ ਹਨੇਰੀ ਹੈ ਏਸ ਵਿੱਚ ਕੀ ਪੁੱਛਨਾ ਹੈ, ਅਸੀਂ ਲਿਖ ਆਏ ਹਾਂ ਉੱਪਰ ਹੇਠਾਂ ਕੁਝ ਭੀ ਨਹੀਂ ਹੋਸਕਦਾ । ਅਰ ਏੱਥੇ ਲਿਖਦੇ ਹਨ ਕਿ ਫਰਿਸ਼ਤੇ ਅਰ ਪਵਿਤ੍ਰ ਆਤਮਾ ਖ਼ੁਦਾ ਦੇ ਹੁਕਮ ਨਾਲ ਸੰਸਾਰ ਦੇ ਪ੍ਰਬੰਧ ਕਰਨ ਦੇ ਲਈ ਆਉਂਦੇ ਹਨ, ਏਸ ਤੋਂ ਮਲੂਮ ਹੋਇਆ ਕਿ ਖ਼ੁਦਾ ਮਨੁਸ਼ ਦੀ ਨਿਆਈਂ ਇੱਕਦੇਸ਼ੀ ਹੈ, ਹੁਨ ਤਕ ਡਿੱਠਾ ਸੀ ਕਿ ਖੁਦਾ ਫਰਿਸ਼ਤੇ ਅਰ ਪੈਗੰਬਰ ਤਿੰਨਾਂ ਦੀ ਕਥਾ ਹੈ, ਹੁਨ ਇਕ ਪਵਿ ਆਤਮਾ ਚੌਥੀ ਨਿਕਲ ਪਈ, ਹੁਨ ਨਾ ਜਾਨੀਏ ਇਹ ਚੌਥੀ ਪਵਿਤ੍ਰ ਆਤਮ ਕੀ ਹੈ ? ਏਹ ਤਾਂ ਈਸਾਈਆਂ ਦੇ ਮਤ ਅਰਥਾਤ ਪਿਉ ਪੁਤ੍ਰ ਅਰ ਪਵਿਤ੍ਰ

Generated by CamScanner from intsig.com

ਆਤਮਾ, ਤਿੰਨਾਂ ਦੇ ਮੰਨਨ ਥੀਂ ਚੌਥਾ ਭੀ ਵਧ ਗਿਆ। ਜੇਕਰ ਕਹੋ ਕਿ ਅਸੀਂ ਇਨਾਂ ਤਿੰਨਾਂ ਨੰ ਖ਼ੁਦਾ ਨਹੀਂ ਮੰਨਦੇ ਅਜੇਹਾ ਭੀ ਹੋਵੇ ਪਰੰਤੂ ਜਦ ਪਵਿਤ੍ਰ ਆਤਮਾ ਵੱਖਰੀ ਹੈ ਤਾਂ ਖ਼ੁਦਾ ਫਰਿਸ਼ਤੇ ਅਰ ਪੈਗੰਬਰ ਨੂੰ ਪਵਿਤ੍ਰ ਆਤਮਾ ਕਹਨਾ ਚਾਹੀਏ ਵਾ ਨਹੀਂ ? ਜੇਕਰ ਪਵਿਤ੍ਰ ਆਤਮਾ ਹਨ ਤਾਂ ਇੱਕ ਹੀ ਦਾ ਨਾਮ ਪਵਿਤ੍ਰ ਆਤਮਾ ਕਿਉਂ ? ਅਰ ਘੋੜੇ ਆਦੀ ਜਾਨਵਰ ਰਾਤ ਦਿਨ ਅਰ ਕੁਰਾਨ ਆਦੀ ਦੀਆਂ ਖ਼ੁਦਾ ਸੌਹਾਂ ਖਾਂਦਾ ਹੈ ਸੌਹਾਂ ਖਾਨਾ ਭਲੇ ਲੋਗਾਂ ਦਾ ਕ਼ੰਮ ਨਹੀਂ ॥੧੫੯॥

ਹੁਨ ਏਸ ਕੁਰਾਨ ਦੇ ਵਿਸ਼ੇ ਨੂੰ ਲਿਖਕੇ ਬੁਧਵਾਨਾਂ ਦੇ ਅੱਗੇ ਰੱਖਦਾ ਹਾਂ (ਦੱਸਨ) ਕਿ ਇਹ ਗ੍ਰੰਥ ਕਿਹੋ ਜਿਹਾ ਹੈ। ਮੈਨੂੰ ਪੁੱਛੋ ਤਾਂ ਇਹ ਪੁਸਤਕ ਨਾ ਈਸ਼੍ਵਰ ਨਾ ਵਿਦਵਾਨ ਦੀ ਬਨਾਈ ਅਰ ਨਾ ਵਿਦਿਆ ਦੀ ਹੀ ਹੋ ਸੱਕਦੀ ਹੈ, ਇਹ ਤਾਂ ਬਹੁਤ ਥੋੜਾ ਜਿਹਾ ਦੋਸ਼ ਪ੍ਰਗਟ ਕੀਤਾ ਏਸ ਲਈ ਕਿ ਲੋਗ ਧੋਖੇ ਵਿਚ ਪੈਕੇ ਅਪਨਾ ਜਨਮ ਵਿਅਰਥ ਨਾ ਗੁਆਨ, ਜੋ ਕੁਝ ਏਸ ਵਿਚ ਥੋੜਾ ਜਿਹਾ ਸੱਤ ਹੈ ਓਹ ਵੇਦ ਆਦੀ ਵਿਦਿਆ ਪੁਸਤਕਾਂ ਦੇ ਅਨੁਕੂਲ ਹੋਨ ਕਰਕੇ ਜੀਕਨ ਮੈਨੂੰ ਗ੍ਰਹਣ ਕਰਨੇ ਯੋਗ ਹੈ ਉਂਕਨ ਹੋਰਨਾਂ ਮਤਾਂ ਦੇ ਹਠ ਅਰ ਪਖਛਪਾਤ ਰਹਿਤ ਵਿਦਵਾਨਾਂ ਅਰ ਬੁਧਵਾਨਾਂ ਨੂੰ ਗ੍ਰਹਣ ਕਰਨੇ ਯੋਗ ਹੈ, ਏਸਦੇ ਬਿਨਾ ਜੋ ਕੁਝ ਏਸ ਵਿਚ ਹੈ ਓਹ ਸਬ ਅਵਿਦਿਆ ਅਰ ਭ੍ਰਮ ਜਾਨ ਅਰ ਮਨੁਸ਼ਾਂ ਦੇ ਆਤਮਾ ਨੂੰ ਪਸ਼ੂ ਦੀ ਨਿਆਈਂ ਬਨਾਕੇ ਸ਼ਾਂਤੀ ਭੰਗ ਕਰਾਕੇ ਉਪਦ੍ਰਵ ਮਚਾ ਮਨੁਸ਼ਾਂ ਵਿਚ ਵੈਰ ਵਧਾ ਇਕ ਦੂਜੇ ਦੇ ਦੁੱਖ ਦਾ ਵਧਾਨ ਵਾਲਾ ਵਿਸ਼ਯ ਹੈ। ਅਰ ਇਕ ਗੱਲ ਨੂੰ ਬਾਰ ਬਾਰ ਕਹਨ ਦੇ ਦੋਸ਼ ਨਾਲ ਤਾਂ ਕੁਰਾਨ ਜਾਨੋ ਭਰਿਆ ਪਿਆ ਹੈ ॥

ਪਰਮੇਸ਼੍ਵਰ ਸਬ ਮਨੁਸ਼ਾਂ ਉੱਤੇ ਕ੍ਰਿਪਾ ਕਰੇ ਕਿ ਸਾਰਿਆਂ ਨਾਲ ਸਾਰੇ ਪ੍ਰੀਤੀ, ਇਕ ਦੂਜੇ ਨਾਲ ਮੇਲ ਅਰ ਇਕ ਦੂਜੇ ਦੇ ਸੁਖ ਦੀ ਉੱਨਤੀ ਕਰਨ ਵਿਚ ਲੱਗ ਜਾਨ, ਜੀਕਨ ਮੈਂ ਅਪਨਾ ਵਾ ਦੂਜੇ ਮਤ ਮਤਾਂਤਰਾਂਦਾ ਦੋਸ਼ ਪਖਛਪਾਤ ਰਹਿਤ ਹੋਕੇ ਪ੍ਰਕਾਸ਼ ਕਰਨਾ ਹਾਂ ਇੱਸੇ ਪ੍ਰਕਾਰ ਜੇਕਰ ਸਬ ਵਿਦਵਾਨ ਲੋਗ ਕਰਨ ਤਾਂ ਕੀ ਔਖੀ ਗੱਲ ਹੈ ਕਿ ਇੱਕ ਦੂਜੇ ਦਾ ਵਿਰੋਧ ਛੁੱਟ ਮੇਲ ਹੋਕੇ ਆਨੰਦ ਵਿਚ ਇੱਕਮਤ ਹੋਕੇ ਸੱਤ ਦੀ ਪ੍ਰਾਪਤੀ ਸਿੱਧ ਹੋਵੇ। ਇਹ ਥੋੜਾ ਜਿਹਾ ਕੁਰਾਨ ਦੇ ਵਿਸ਼ੇ ਵਿਚ ਲਿਖਿਆ ਏਸ ਨੂੰ ਬੁਧਵਾਨ ਧਰਮਾਤ੍ਮਾ ਲੋਗ ਗ੍ਰੰਥ ਕਰਤਾ ਦੇ ਅਭਿਪ੍ਰਾਯ ਨੂੰ ਸਮਝਕੇ ਲਾਭ ਲੈਨ। ਜੇਕਰ ਕਿਦੇ ਭ੍ਰਮ ਨਾਲ ਹੋਰ ਤਰਾਂ ਦਾ ਲਿਖਿਆ ਗਿਆ ਹੋਵੇ ਤਾਂ ਉਸ ਨੂੰ ਸ਼ੁੱਧ ਕਰ ਲੈਨ।

ਹੁਨ ਇਕ ਬਾਤ ਇਹ ਬਾਕੀ ਹੈ ਕਿ ਬਹੁਤ ਸਾਰੇ ਮੁਸਲਮਾਨ ਅਜੇਹਾ ਕਹਿਆ ਕਰਦੇ ਅਰ ਲਿਖਿਆ ਵਾ ਛਪਵਾਇਆ ਕਰਦੇ ਹਨ ਕਿ ਸਾਡੇ ਮਤ ਦੀ ਬਾਤ ਅਥਰਵਵੇਦ ਵਿਚ ਲਿਖੀ ਹੈ ਏਸ ਦਾ ਇਹ ਉੱਤਰ ਹੈ ਕਿ ਅਥਰਵਵੇਦ ਵਿਚ ਏਸ ਬਾਤ ਦਾ ਨਾਮ ਨਿਸ਼ਾਨ ਭੀ ਨਹੀਂ ਹੈ ॥

(ਪ੍ਰਸ਼ਨ) ਕੀ ਤੁਸਾਂ ਨੇ ਸਾਰਾ ਅਥਰਵਵੇਦ ਦੇਖਿਆ ਹੈ ? ਜੇਕਰ

Generated by CamScanner from intsig.com

ਵੇਖਿਆ ਹੈ ਤਾਂ ਅੱਲੋਪਨਿਸ਼ਦ ਵੇਖੋ ਇਹ ਸਾਖਛਾਤ ਉਸ ਵਿਚ ਲਿਖੀ ਹੈ ਫੇਰ ਕਿਉਂ ਕਹਿੰਦੇ ਹੋ ਕਿ ਅਥਰਵਵੇਦ ਵਿਚ ਮੁਸਲਮਾਨਾਂ ਦਾ ਨਾਮ ਨਿਸ਼ਾਨ ਭੀ ਨਹੀਂ ॥

ਅਥ ਅੱਲੋਪਨਿਸ਼ਦੰ ਵਜਾਖਜਾਸਜਾਮਃ ।

ਅਸਮੱਾਲਾਂ ਇੱਲੇ ਮਿਤ੍ਰਾਵਰੁਣਾ ਦਿਵਜਾਨਿ ਧੱਤੇ । ਇੱਲੱਲੇ ਵਰੁਣੋ ਰਾਜਾ ਪੁਨਰਦਦੁਃ । ਹਯਾ ਮਿਤ੍ਰੋਇੱਲਾਂ ਇੱਲੱਲੇ ਇੱਲਾਂ ਵਰੁਣੋ ਮਿਤ੍ਰਸਤੇਜਸਕਾਮਃ ॥ ੧ ॥ ਹੋਵਾਰਮਿੰਦ੍ਰੋ ਹੋਤਾਰਮਿੰਦ੍ਰ ਮਹਾਸੁਰਿੰਦ੍ਰਾਃ ਅੱਲੋਜਜੇਸ਼ਠੰ ਸ਼੍ਰੇਸ਼ਠੰ ਪਰਮੰ ਪੂਰਣੰ ਬ੍ਰਹਮਾਣੰ ਅੱਲਾਮ ॥ ੨ ॥ ਅੱਲਾਰਸੂਲ ਮਹਾਮਦਰਕਬਰਸਜ ਅੱਲੋ ਅੱਲਾਮ॥੩॥ ਆਦੱਲਾਬੂਕਮੇਕਕਮ । ਅੱਲਾਬੂਕ ਨਿਖਾਤਕਮ ॥ ੪ ॥ ਅੱਲੋ ਯਜਵੇਨ ਹੁਤਹੁਤ੍ਵਾ । ਅੱਲਾਸੂਰਯ ਚੰਦ੍ਰ ਸਰਵ ਨਖਛਤ੍ਰਾਃ ॥੫॥ ਅੱਲਾ ਰਿਸ਼ੀਣਾਂ ਸਰਵਦਿਵਜਾਂਇੰਦ੍ਰਾਯ ਪੂਰਵੰ ਮਾਯਾ ਪਰਮਮੰਤਰਿਖਛਾਃ॥੬॥ ਅੱਲਾ ਪ੍ਰਿਥਿਵਜਾ ਅੰਤਰਿਖਛੰ ਵਿਸ਼੍ਵਰੂਪਮ ॥੭॥ ਇੱਲਾਂਕਬਰ ਇੱਲਾਂਕਬਰ ਇੱਲਾਂਇੱਲੱਲੇਤਿ ਇੱਲੱਲਾਃ ॥੮॥ ਓਮ ਅੱਲਾਇੱਲੱਲਾ ਅਨਾਦਿਸ੍ਵਰੂਪਾਯ ਅਥਰਵਣਾਸ਼ਜਾਮਾ ਹੁੰ ਹ੍ਰੀਂ ਜਨਾਨ-ਪਸ਼ੁਨਸਿੱਧਾਨ ਜਲਚਰਾਨ ਅਦ੍ਰਿਸ਼ਟੰ ਕੁਰੁ ਕੁਰੁ ਫਟ॥ ੯ ॥ ਅਸੁਰ ਸੰਹਾਰਿਣੀ ਹੁੰ ਹ੍ਰੀਂ ਅੱਲੋਰਸੂਲ ਮਹਮਦ-ਰਕਬਰਸਜ ਅੱਲੋ ਅੱਲਾਮ ਇੱਲੱਲੇਤਿ ਇੱਲੱਲਾਃ॥੧੦॥

ਇਤਿ ਅੱਲੋਪਨਿਸ਼ਤ ਸਮਾਪਤਾ ॥

Generated by CamScanner from intsig.com

ਜੋ ਏਸ ਵਿੱਚ ਪ੍ਰਤਖਛ ਮੁਹੱਮਦ ਸਾਹਿਬ ਰਸੂਲ ਲਿਖਿਆ ਹੈ ਏਸ ਥੀਂ ਸਿੱਧ ਹੁੰਦਾ ਹੈ ਕਿ ਮੁਸਲਮਾਨਾਂ ਦੇ ਮਤ ਦਾ ਵੇਦ ਵਿਚ ਮੂਲ ਹੈ ।

(ਉੱਤਰ) ਜੇਕਰ ਤੁਸਾਂ ਨੇ ਅਥਰਵਵੇਦ ਨਾ ਦੇਖਿਆ ਹੋਵੇ ਤਾਂ ਸਾਡੇ ਪਾਸ ਆਓ ਆਦਿ ਥੀਂ ਅੰਤ ਤਕ ਦੇਖੋ, ਅਥਵਾ ਕਿਸੇ ਅਥਰਵਵੇਦੀ ਦੇ ਪਾਸ ਵੀਹਾਂ ਕਾਂਡਾਂ ਵਾਲੀ ਮੰਤ੍ਰਸੰਘਿਤਾ ਅਥਰਵਵੇਦ ਨੂੰ ਦੇਖ ਲੌ ਕਿਤੇ ਅਪਨੇ ਪੈਗੰਬਰ ਸਹਿਬ ਦਾ ਨਾਮ ਵਾ ਮਤ ਦਾ ਨਿਸ਼ਾਨ ਨਾ ਦੇਖੋਗੇ, ਅਰ ਜੋ ਇਹ ਅੱਲੋਪਨਿਸ਼ਦ ਹੈ ਓਹ ਨਾ ਅਥਰਵਵੇਦ ਵਿਚ ਨਾ ਉਸਦੇ ਗੋਪਥ ਬ੍ਰਾਹਮਣ ਵਾ ਕਿਸੇ ਸ਼ਾਖਾ ਵਿਚ ਹੈ, ਇਹ ਤਾਂ ਅਕਬਰਬਾਦਸ਼ਾਹ ਦੇ ਸਮਯ ਵਿਚ ਅਨੁਮਾਨ ਹੈ ਕਿ ਕਿਸੇ ਨੇ ਬਨਾਈ ਹੈ, ਏਸਦਾ ਬਨਾਨ ਵਾਲਾ ਕੁਝ ਅਰਬੀ ਅਰ ਕੁਝ ਸੰਸਕ੍ਰਿਤ ਭੀ ਪੜ੍ਹਿਆ ਹੋਇਆ ਨਜ਼ਰ ਆਉਂਦਾ ਹੈ, ਕਿਉਂਕਿ ਏਸ ਵਿਚ ਅਰਬੀ ਅਰ ਸੰਸਕ੍ਰਿਤ ਦੇ ਪਦ ਲਿਖੇ ਹੋਏ ਨਜ਼ਰ ਆਉਂਦੇ ਹਨ ਦੇਖੋ (ਅਸ-ਮੱਲਾਂ ਇੱਲੇ ਮਿਤ੍ਰਾ ਵਰੁਣਾ ਦਿਵ੍ਜਾਨੀ ਧੱਤੇ) ਇਤ੍ਯਾਦੀ ਵਿਚ ਜੋ ਕਿ ਦਸ ਅੰਕ ਵਿਚ ਲਿਖਿਆ ਹੈ, ਜੀਕਨ ਏਸ ਵਿਚ (ਅਸਮੱਲਾਂ ਅਰ ਇੱਲੇ) ਅਰਬੀ ਅਰ (ਮਿਤ੍ਰਾ ਵਰੁਣਾ ਦਿਵ੍ਜਾਨੀ ਧੱਤੇ) ਏਹ ਸੰਸਕ੍ਰਿਤ ਪਦ ਲਿਖੇ ਹਨ, ਉਕਨ ਹੀ ਸਬ ਥਾਂ ਦੇਖਨ ਵਿਚ ਆਉਂਦੇ ਹਨ, ਏਸ ਕਰਕੇ ਕਿਸੇ ਸੰਸਕ੍ਰਿਤ ਅਰ ਅਰਬੀ ਦੇ ਪੜ੍ਹੇ ਹੋਏ ਨੇ ਬਨਾਈ ਹੈ, ਜੇਕਰ ਏਸਦਾ ਅਰਥ ਦੇਖਿਆ ਜਾਂਦਾ ਹੈ ਤਾਂ ਇਹ ਬਨਾਉਟੀ ਅਯੁਕਤ ਵੇਦ ਅਰ ਵਿਆਕਰਣ ਰੀਤੀ ਦੇ ਵਿਰੁੱਧ ਹੈ ।

ਜੀਕਨ ਇਹ ਉਪਨਿਸ਼ਦ ਬਨਾਈ ਹੈ ਉਕਨ ਬਹੁਤ ਸਾਰੀਆਂ ਉਪਨਿਸ਼ਦਾਂ ਮਤ ਮਤਾਂਤਰਾਂ ਵਾਲੇ ਪਖਛਪਾਤੀਆਂ ਨੇ ਬਨਾ ਲੀਤੀਆਂ ਹਨ, ਜੀਕਨ ਸੂਰੋਪਨਿਸ਼ਦ,ਨ੍ਰਿਸ਼ਿੰਘਤਾਪਨੀ, ਰਾਮਤਾਪਨੀ, ਗੋਪਾਲਤਾਪਨੀ, ਬਹੁਤ ਸਾਰੀਆਂ ਬਨਾ ਲਈਆਂ ਹਨ ॥

(ਪ੍ਰਸ਼ਨ) ਅੱਜ ਤਕ ਕਿਸੇ ਨੇ ਅਜੇਹਾ ਨਹੀਂ ਕਹਿਆ, ਹੁਨ ਤੁਸੀਂ ਕਹਿੰਦੇ ਹੋ ਅਸੀਂ ਤੁਹਾਡੀ ਬਾਤ ਕੀਕਨ ਮੰਨੀਏਂ ?

(ਉੱਤਰ) ਤੁਹਾਡੇ ਮੰਨਨ ਵਾ ਨਾ ਮਨਨ ਨਾਲ ਸਾਡੀ ਬਾਤ ਝੂਠੀ ਨਹੀਂ ਹੋ ਸੱਕਦੀ ਹੈ ਜਿਸ ਪ੍ਰਕਾਰ ਮੈਂਨੇ ਏਸ ਨੂੰ ਅਯੁਕਤ ਠਹਿਰਾਇਆ ਹੈ ਉੱਸਤਰਾਂ ਜਦ ਤੁਸੀਂ ਅਥਰਵਵੇਦ.ਗੋਪਥ ਵਾ ਏਸਦੀਆਂ ਸ਼ਾਖਾਂ ਥੀਂ ਪੁਰਾਣੀਆਂ ਲਿਖੀਆਂ ਹੋਈਆਂ ਪੁਸਤਕਾਂ ਵਿਚ ਸਚ ਮੁਚ ਲੇਖ ਦੱਸੋ ਅਰ ਅਰਥ ਸੰਗਤੀ ਨਾਲ ਭੀ ਸ਼ੁੱਧ ਕਰੋ ਤਦ ਤਾਂ ਪ੍ਰਮਾਣ ਵਾਲੀ ਗੱਲ ਹੋ ਸੱਕਦੀ ਹੈ ।

(ਪ੍ਰਸ਼ਨ) ਦੇਖੋ ਸਾਡਾ ਮਤ ਕਿਹਾ ਚੰਗਾ ਹੈ ਕਿ ਜਿਸ ਵਿਚ ਸਬ ਪ੍ਰਕਾਰ ਦਾ ਸੁਖ ਅਰ ਅੰਤ ਨੂੰ ਮੁਕਤੀ ਹੁੰਦੀ ਹੈ ॥

(ਉੱਤਰ) ਈਕਨ ਹੀ ਆਪੋ ਅਪਨੇ ਮਤ ਵਾਲੇ ਸਬ ਕਹਿੰਦੇ ਹਨ

Generated by CamScanner from intsig.com

ਕਿ ਸਾਡਾ ਹੀ ਮਤ ਚੰਗਾ ਹੈ ਬਾਕੀ ਸਬ ਮੰਦੇ, ਬਿਨਾ ਸਾਡੇ ਮਤ ਦੇ ਦੂਜੇ ਮਤ ਵਿੱਚ ਮੁਕਤੀ ਨਹੀਂ ਹੋਸਕਦੀ, ਹੁਨ ਅਸੀਂ ਤੁਹਾਡੀ ਬਾਤ ਨੂੰ ਸੱਚਾ ਮੰਨੀਏਂ ਵਾ ਉਨ੍ਹਾਂ ਦੀ ? ਅਸੀਂ ਤਾਂ ਇਹੋ ਮੰਨਦੇ ਹਾਂ ਕਿ ਸੱਚ ਬੋਲਨਾ, ਅਹਿੰਸਾ, ਦਇਆ ਆਦੀ ਸ਼ੁਭ ਗੁਣ ਸਬ ਮਤਾਂ ਵਿਚ ਅੱਛੇ ਹਨ, ਅਰ ਬਾਕੀ ਵਾਦ, ਵਿਵਾਦ, ਈਰਸ਼ਾ ਦ੍ਵੇਸ਼, ਝੂਠ, ਬੋਲਨਾ ਆਦੀ ਕਰਮ ਸਬ ਮਤਾਂ ਵਿਚ ਬੁਰੇ ਹਨ ਜੇਕਰ ਤੁਹਾਨੂੰ ਸੱਚੇ ਮਤ ਦੇ ਗ੍ਰਹਣ ਕਰਨ ਦੀ ਇੱਛਿਆ ਹੋਵੇ ਤਾਂ ਵੇਦਮਤ ਨੂੰ ਗ੍ਰਹਣ ਕਰੋ ॥

ਏਸ ਤੋਂ ਅੱਗੇ ਅਪਨੇ ਮੰਤਵਯਾਮੰਤਵਯ ਦਾ ਪ੍ਰਕਾਸ਼ ਸੰਖਛੇਪ ਨਾਲ ਲਿਖਿਆ ਜਾਵੇਗਾ ॥

ਇਤਿਸ਼੍ਰੀਮੱਦਯਾਨੰਦ ਸਰਸ੍ਵਤੀ ਸ੍ਵਾਮਿਕ੍ਰਿਤੇ ਸਤਜ਼ਾਰਥਪ੍ਰਕਾਸ਼ੇ ਸੁਭਾਸ਼ਾ
ਵਿਭੂਸ਼ਿਤੇ ਯਵਨਮਤਵਿਸ਼ਯੇ ਚਤੁਰਦਸ਼ः
ਸਮੁਲੱਾਸः ਸੰਪੂਰਣः ॥ ੧੪ ॥

ओ३म्
दयानन्द मठ, दीनानगर
(ज़िला गुरदासपुर)

ਸ਼੍ਰੀਮੱਦਯਾਨੰਦਸਰਸ੍ਵਤੀ ਸ੍ਵਾਮੀ ਕ੍ਰਿਤ ਸਤਜ਼ਾਰਥ ਪ੍ਰਕਾਸ਼
ਸੁਭਾਸ਼ਾਵਿਭੂਸ਼ਿਤ ਦੇ ਯਵਨਮਤ ਵਿਸ਼ਯ ਦਾ
ਚੌਦਵਾਂ ਸਮੁੱਲਾਸ ਸਮਾਪਤ ਹੋਇਆ ।

Generated by CamScanner from intsig.com

॥ ਓਮ ॥

ਅਪਨੇ ਮੰਤਵਜਾਮੰਤਵਜ ਦਾ ਪ੍ਰਕਾਸ਼।

ਸਰਵਤੰਤ੍ਰ ਸਿੱਧਾਂਤ ਅਰਥਾਤ ਸਾਮ੍ਰਾਜਸ ਸਰਵਜਨਕ ਧਰਮ ਜਿਸਨੂੰ ਸਦਾ ਥੀਂ ਸਥ ਮੰਨਦੇ ਆਏ, ਮੰਨਦੇਹਨ ਅਰ ਮੰਨਨਗੇ ਭੀ, ਏਸ ਲਈ ਉਸ ਨੂੰ ਸਨਾਤਨ ਨਿੱਤਧਰਮ ਕਹਿੰਦੇ ਹਨ ਕਿ ਜਿਸਦਾ ਵਿਰੋਧੀ ਕੋਈ ਭੀ ਨਾ ਹੋ ਸਕੇ, ਜੇਕਰ ਅਵਿਦਿਆ ਵਾਲੇ ਮਨੁਸ਼ ਅਥਵਾ ਕਿਸੇ ਮਤਵਾਲੇ ਦੇ ਭਰਮਾਏ ਲੋਗ ਜਿਸ ਨੂੰ ਹੋਰ ਤਰਾਂ ਜਾਨਨ ਵਾ ਮੰਨਨ ਉਸਦਾ ਸ੍ਵੀਕਾਰ ਕੋਈ ਭੀ ਬੁਧਵਾਨ ਨਹੀਂ ਕਰਦੇ ਕਿੰਤੁ ਜਿਸਨੂੰ ਆਪਤ ਅਰਥਾਤ ਸੱਤਮਾਨੀ, ਸੱਤਵਾਦੀ, ਸੱਤਕਾਰੀ, ਪਰੋਪਕਾਰੀ, ਪਖਛਪਾਤ ਰਹਿਤ ਵਿਦਵਾਨ ਮੰਨਦੇ ਹਨ ਓਹੋ ਸਥ ਨੂੰ ਮੰਨਨ ਯੋਗ ਅਰ ਜਿਸਨੂੰ ਨਹੀਂ ਮੰਨਦੇ ਓਹ ਨਾ ਮੰਨਨ ਦੇ ਯੋਗ ਹੋਨ ਥੀਂ ਪ੍ਰਮਾਣ ਦੇ ਯੋਗ ਨਹੀਂ ਹੁੰਦਾ ॥

ਹੁਨ ਜੋ ਵੇਦ ਆਦੀ ਸੱਚ ਸ਼ਾਸਤ੍ਰ ਅਰ ਬ੍ਰਹਮਾ ਥੀਂ ਲੈਕੇ ਜੈਮੁਨੀਮੁਨੀ ਪਰਯੰਤਾਂ ਦੇ ਮੰਨੇ ਹੋਏ ਈਸ਼੍ਵਰ ਆਦੀ ਪਦਾਰਥ ਹਨ ਜਿਨ੍ਹਾਂ ਨੂੰ ਕਿ ਮੈਂ ਭੀ ਮੰਨਦਾ ਹਾਂ ਸਥ ਸੱਜਨ ਮਹਾਸ਼ਿਯਾਂ ਦੇ ਸਾਮਨੇ ਪ੍ਰਕਾਸ਼ ਕਰਨਾ ਹਾਂ ॥

ਮੈਂ ਅਪਨਾ ਮੰਤਵਜ ਉਸਨੂੰ ਜਾਨਨਾ ਹਾਂ ਕਿ ਜੋ ਤ੍ਰਿੰਨਕਾਲ ਵਿਚ ਸਥ ਨੂੰ ਇੱਕੋ ਜਿਹਾ ਮੰਨਨ ਦੇ ਯੋਗ ਹੈ, ਮੇਰਾ ਕੋਈ ਨਵੀਨ ਕਲਪਨਾ (ਘੜੰਤ) ਵਾ ਮਤ ਮਤਾਂਤਰ ਚਲਾਨ ਦਾ ਲੇਸ਼ਮਾਤ੍ਰ ਭੀ ਅਭਿਪ੍ਰਾਯ ਨਹੀਂ ਹੈ ਕਿੰਤੁ ਜੋ ਸੱਤ ਹੈ ਉਸਨੂੰ ਮੰਨਨਾ ਮਨਵਾਨਾ ਅਰ ਜੋ ਅਸੱਤ ਹੈ ਉਸਨੂੰ ਛੱਡਨ ਅਰ ਛੁਡਾਨ ਦੀ ਮੈਨੂੰ ਚਾਹ ਹੈ, ਜੇਕਰ ਮੈਂ ਪਖਛਪਾਤ ਕਰਦਾ ਤਾਂ ਆਰਯਾਵਰਤ ਦੇ ਪ੍ਰਚਲਿਤ ਮਤਾਂ ਵਿਚੋਂ ਕਿਸੇ ਇਕ ਮਤ ਨੂੰ ਲੈਕੇ ਹਠ ਕਰਦਾ, ਕਿੰਤੁ ਜੋ ਜੋ ਆਰਯਾਵਰਤ ਵਾ ਹੋਰ ਦੇਸ਼ਾਂ ਵਿਚ ਧਰਮ ਯੁਕਤ ਚਾਲ ਚਲਨ ਹੈ ਉਸਦਾ ਸ੍ਵੀਕਾਰ ਅਰ ਜੋ ਧਰਮ ਯੁਕਤ ਬਾਤਾਂ ਹਨ ਉਨ੍ਹਾਂ ਦਾ ਤਿਆਗ ਨਹੀਂ ਕਰਦਾ, ਨਾ ਕਰਨਾ ਚਾਹਨਾ ਹਾਂ, ਕਿਉਂਕਿ ਅਜੇਹਾ ਕਰਨਾ ਮਨੁਸ਼ਪਨੇ ਤੇਂ ਬਾਹਿਰ ਹੈ। ਮਨੁਸ਼ ਉੱਸੇ ਨੂੰ ਕਹਨਾ ਕਿ ਵਿਚਾਰਵਾਨ ਹੋਕੇ ਅਪਨੇ ਆਤਮਾ ਦੀ ਨਿਆਈਂ ਹੋਰਨਾਂ ਦੇ ਸੁਖ,ਦੁਖ ਅਰ ਹਾਨੀ,ਲਾਭ ਨੂੰ ਸਮਝੇ, ਅਨਿਆਯਕਾਰੀ ਬਲਵਾਨ ਤੋਂ ਭੀ ਨਾ ਡਰੇ ਅਰ ਧਰਮਾਤਮਾ ਨਿਰਬਲ ਤੋਂ ਭੀ ਡਰਦਾ ਰਹੇ। ਇੱਨਾ ਹੀ ਨਹੀਂ ਕਿੰਤੁ ਅਪਨੇ ਸਰਵ ਸਾਮਰਥ ਨਾਲ ਧਰਮਾਤਮਾ ਲੋਗਾਂ ਦੀ ਭਾਵੇਂ ਓਹ ਮਹਾ ਅਨਾਥ ਨਿਰਬਲ ਅਰ ਗੁਣ ਰਹਿਤ ਕਿਉਂ ਨਾ ਹੋਨ ਉਨ੍ਹਾਂ ਦੀ ਰਖਛਾ ਵਾਧਾ ਪਿਆਰ ਨਾਲ ਵਰਤਨਾ ਅਰ ਅਧਰਮੀ ਭਾਵੇਂ

Generated by CamScanner from intsig.com

ਚਕ੍ਰਵਰਤੀ, ਸਨਾਥ, ਮਹਾਬਲਵਾਨ ਅਰ ਗੁਣਵਾਨ ਭੀ ਹੋਵੇ ਤਾਂ ਭੀ ਉਸਦਾ ਨਾਸ਼, ਹਾਨੀ ਅਰ ਅਪ੍ਰਯਾਚਰਣ ਸਦਾ ਕੀਤਾ ਕਰੇ ਅਰਥਾਤ ਜਿੱਥੋਂ ਤਕ ਹੋ ਸੱਕੇ ਉੱਥੋਂ ਤਕ ਅਨਿਆਯਕਾਰੀਆਂ ਦੇ ਬਲ ਦੀ ਹਾਨੀ ਅਰ ਨਿਆਯਕਾਰੀਆਂ ਦੇ ਬਲ ਦੀ ਉੱਨਤੀ ਸਰਵਥਾ ਕੀਤਾ ਕਰੇ। ਏਸ ਕੰਮ ਵਿਚ ਭਾਵੇਂ ਉਸਨੂੰ ਕਿੱਨਾ ਹੀ ਡੱਾਢਾ ਦੁੱਖ ਪ੍ਰਾਪਤ ਹੋਵੇ. ਭਾਵੇਂ ਪ੍ਰਾਣ ਭੀ ਨਿਕਲ ਜਾਨ ਪਰੰਤੂ ਏਸ ਮਨੁਸ਼ਪਨ ਰੂਪੀ ਧਰਮ ਤੋਂ ਪਰੇ ਕਦੀ ਨਾ ਹੋਵੇ, ਏਸ ਵਿਚ ਸ਼੍ਰੀਮਾਨ ਮਹਾਰਾਜਾ ਭਰਤ੍ਰੀ ਹਰੀ ਜੀ ਆਦੀ ਨੇ ਸ਼ਲੋਕ ਕਹੇ ਹਨ ਉਨ੍ਹਾਂ ਦਾ ਲਿਖਨਾ ਲਾਭਕਾਰੀ ਸਮਝਕੇ ਲਿਖਨਾ ਹਾਂ:—

* ਨਿੰਦੰਤੁ ਨੀਤਿਨਿਪੁਣਾ ਯਦਿ ਵਾ ਸਤੁਵੰਤੁ,
ਲਖਛ੍ਮੀਃ ਸਮਾਵਿਸ਼ਤੁ ਗੱਛਤੁ ਵਾ ਯਥੇਸ਼ਟਮ।
ਅਦੈਵ ਵਾ ਮਰਣਮਸਤੁ ਯੁਗਾਂਤਰੇ ਵਾ, ਨਜਾਯਾਤਪਥਃ
ਪ੍ਰਵਿਚਲੰਤਿ ਪਦੰ ਨ ਧੀਰਾਃ ॥੧॥ ਭਰਤ੍ਰਿਹਰਿਃ ॥

ਨਾ ਜਾਤੁਕੱਾਮੱਾਨਭਯੱਾਨਲੋਭਾਦ ਧਰਮੰ ਤਜਜੇੱਜੀਵਿਤਸਜ਼ਾਪਿ ਹੇਤੋਃ। ਧਰਮੋ ਨਿਤਜ਼ਃ ਸੁਖਦੁਃਖੇ ਤ੍ਵਨਿਤਜੇ ਜੀਵੋਨਿਤਜੋ ਹੇਤੁਰਸਜ ਤ੍ਵਨਿਤਜ਼ਃ ॥੨॥ ਮਹਾਭਾਰਤੇ ॥

ਏਕ ਏਵ ਸੁਤਹ੍ਰਿਦਧਰਮੋ ਨਿਧਨੇਪਜ਼ਨੁਯਾਤਿ ਯਃ।
ਸ਼ਰੀਰੇਣ ਸਮੰ ਨਾਸ਼ੰ ਸਰਵਮਨਜੱਧਿ ਗੱਛਤਿ ॥ ੩ ॥ ਮਨੁ

ਸਤਜ਼ਮੇਵਜਯਤੇਨਾਨ੍ਰੁਤੰਸਤਜੇਨ ਪੰਥਾਵਿਤਤੋਦੇਵਯਾਨਃ।
ਯੇ ਨਾਕ੍ਰਮੰਤ੍ਯਰਿਸ਼ਯੋ ਹਜ਼ਾਪਤਕਾਮਾ ਯਤ੍ਰਤਤਸਤਜ਼ਸਜ਼ ਪਰਮੰ ਨਿਧਾਨਮ ॥ ੪ ॥

ਨਹਿ ਸਤਜ਼ਾਤਪਰੋ ਧਰਮੋ ਨਾਨ੍ਰੁਤਾਤਪਾਤਕੰ ਪਰਮ।
ਨਹਿ ਸਤਜ਼ਾਤਪਰੰ ਜਵਾਨੰਤਸਮਾਤ ਸਤਜੰਸਮਾਚਰੇਤ।੫

ਉਪਨਿਸ਼ਧ।

*ਇਨ੍ਹਾਂ ਸੰਸਕ੍ਰਿਤ ਸ਼ਲੋਕਾਂ ਦਾ ਅਰਥ ਇੰਹ ਹੈ ॥

Generated by CamScanner from intsig.com

" ਸਬ ਮਨੁਸ਼ਾਂ ਨੂੰ ਇਹ ਨਿਸ਼ਚੇ ਜਾਨਨਾ ਚਾਹੀਏ ਕਿ ਭਾਵੇਂ ਸੰਸਾਰੀ ਅਪਨੇ ਮਤਲਬ ਦੀ ਨੀਤੀ ਵਿਚ ਵਰਤਨ ਵਾਲੇ ਚਤੁਰ ਪੁਰੁਸ਼ ਨਿੰਦਿਆ ਕਰਨ, ਭਾਵੇਂ ਉਸਤਤੀ ਕਰਨ, ਲਖਛਮੀ ਪ੍ਰਾਪਤ ਹੋਵੇ ਭਾਵੇਂ ਨਸ਼ਟ ਹੋ ਜਾਵੇ, ਅੱਜ ਹੀ ਮਰਨਾ ਹੋਵੇ, ਭਾਵੇਂ ਵਰਿਆਂ ਪਿਛੋਂ ਮੌਤ ਆਵੇ ਤਾਂਭੀ ਜੋ ਮਨੁਸ਼ ਧਰਮ ਯੁਕਤ ਮਾਰਗ ਥੀਂ ਇਕ ਕਦਮ ਭੀ ਵਿਰੁੱਧ ਨਹੀਂ ਚੱਲਦੇ ਉਹੋ ਹੀ ਧੀਰ ਪੁਰੁਸ਼ ਧੰਨਹਨ" (ਭਰਤਰੀ ਹਰੀ) ॥ ੫੧ ॥

"ਮਨੁਸ਼ਾਂ ਨੂੰ ਯੋਗ ਹੈ ਕ੍ਰਿ ਕਾਮਥੀਂ ਅਰਥਾਤ ਝੂਠ ਨਾਲ ਕਾਮਨਾ ਸਿੱਧ ਹੋਨ ਦੇ ਕਾਰਣ ਵਾ ਨਿੰਦਿਆ ਉਸਤਤੀ ਆਦੀ ਦੇ ਭੈ ਥੀਂ ਭੀ ਧਰਮ ਦਾ ਤਿਆਗ ਕਦੀ ਨਾ ਕਰਨ, ਅਰ ਨਾਂ ਲੋਭ ਥੀਂ ਭਾਵੇਂ ਝੂਠੇ ਅਧਰਮ ਥੀਂ ਚਕ੍ਰਵਰਤੀ ਰਾਜ ਭੀ ਮਿਲਦਾ ਹੋਵੇ ਤਥਾਪੀ ਧਰਮ ਨੂੰ ਛੱਡ ਕੇ ਚਕ੍ਰਵਰਤੀ ਰਾਜ ਨੂੰ ਭੀ ਗ੍ਰਹਣ ਨਾ ਕਰਨ, ਭਾਵੇਂ ਭੋਜਨ ਕਪੜਾ ਜਲਪਾਨ ਆਦੀ ਦੀ ਜੀਵਿਕਾ ਭੀ ਅਧਰਸ ਨਾਲ ਹੋ ਸਕੇ, ਭਾਵੇਂ ਪ੍ਰਾਣ ਜਾਂਦੇ ਹੋਨ ਪਰੰਤੂ ਜੀਵਿਕਾ ਦੇ ਲਈ ਭੀ ਧਰਮ ਨੂੰ ਕਦੀ ਨਾ ਛੱਡਨ, ਕਿਉਂਕਿ ਜੀਵ ਅਰ ਧਰਮ ਨਿੱਤ ਹਨ, ਤਥਾ ਸੁਖ ਦੁੱਖ ਦੋਨੋਂ ਅਨਿੱਤ ਹਨ, ਅਨਿੱਤ ਦੇ ਲਈ ਨਿੱਤ ਦਾ ਛੱਡਨਾ ਅਤਯੰਤ ਦੁਸ਼ਟ ਕਰਮ ਹੈ, ਏਸ ਧਰਮ ਤਾ ਹੇਤੂ ਕਿ ਜਿਸ ਸ਼ਰੀਰ ਆਦੀ ਨਾਲ ਧਰਮ ਹੁੰਦਾ ਹੈ ਓਹ ਭੀ ਅਨਿੱਤ ਹੈ, ਧੰਨ ਓਹ ਮਨੁਸ਼ ਹਨ ਜੋ ਅਨਿੱਤ ਸ਼ਰੀਰ ਅਰ ਸੁਖ ਦੁੱਖ ਆਦੀ ਦੇ ਵਿਹਾਰ ਵਿਚ ਪੈਕੇ ਨਿੱਤ ਧਰਮ ਦਾ ਤਿਆਗ ਕਦੀ ਨਹੀਂ ਕਰਦੇ" (ਸਹਾਭਾਰਤ) ॥੨॥ ਇਕ ਇਕੱਲਾ ਪਿਆਰਾ ਧਰਮ ਹੀ ਹੈ ਜੋ ਮਰਨ ਤੇ ਭੀ ਸੰਗ ਜਾਂਦਾ ਹੈ, ਸ਼ਰੀਰ ਦੇ ਨਾਸ਼ ਹੋਨ ਉੱਤੇ ਹੋਰ ਸਬ ਚੀਜ਼ਾਂ ਮੰਗੀਆਂ ਦਾ ਨਾਸ਼ ਹੋ ਜਾਂਦਾ ਹੈ। (ਮਨੂ) ॥ ੩ ॥ਸੱਤ ਦੀਹੀ ਜਿੱਤ ਹੁੰਦੀ ਹੈ ਝੂਠਦੀ ਨਹੀਂ ਵਿਦਵਾਨਾਂ ਦਾ ਮਾਰਗ ਸੱਤ ਕਰਕੇ ਹੀ ਵਿਸਤ੍ਰਿਤ ਹੁੰਦਾ ਹੈ, ਜਿਸ ਕਰਕੇ ਪ੍ਰਾਪਤ ਹੋਨ ਦੀ ਇੱਛਿਆ ਵਾਲੇ ਰਿਸ਼ੀ ਲੋਗ ਪ੍ਰਾਪਤ ਹੁੰਦੇ ਹਨ, ਜਿੱਥੇ ਓਹ ਪ੍ਰਾਪਤ ਹੁੰਦੇ ਹਨ ਉੱਥੇ ਹੀ ਸੱਤ ਦਾ ਪਰਮ ਆਸ਼੍ਰਾ ਹੈ ॥੪॥ ਸੱਤ ਤੋਂ ਪਰੇ ਕੋਈ ਧਰਮ ਨਹੀਂ ਨਾ ਝੂਠ ਤੋਂ ਪਰੇ ਕੋਈ ਵੱਡਾ ਪਾਪ ਹੈ, ਨਾ ਸੱਤ ਤੋਂ ਪਰੇ ਕੋਈ ਗਿਆਨ ਹੈ, ਏਸਲਈ ਸੱਤ ਦਾ ਹੀ ਆਚਰਣ ਕਰਨਾਚਾਹੀਏ ॥੫॥(ਅਨੁਵਾਦਾ ਕਰਤਾ)

ਇਨ੍ਹਾਂ ਹੀ ਮਹਾਸ਼ਿਆਂ ਦੇ ਸ਼ਲੋਕਾਂ ਦੇ ਅਭਿਪ੍ਰਾਯ ਦੇ ਅਨੁਕੂਲ ਸਬ ਨੂੰ ਨਿਸ਼ਚਾ ਰਖਨਾ ਯੋਗ ਹੈ ॥

ਹੁਨ ਮੈਂ ਜਿਨ੍ਹਾਂ ਜਿਨ੍ਹਾਂ ਪਦਾਰਥਾਂ ਨੂੰ ਜਿਹਾ ਜਿਹਾ ਮੰਨਨਾ ਹਾਂ ਉਨ੍ਹਾਂ ਉਨ੍ਹਾਂ ਦਾ ਵਰਣਨ ਸੰਖਛੇਪ ਨਾਲ ਏੱਥੇ ਕਰਨਾ ਹਾਂ ਜਿਨ੍ਹਾਂ ਦਾ ਵਿਸ਼ੇਸ਼ ਵਿਆਖਿਆਨ ਏਸ ਗ੍ਰੰਥ ਵਿਚ ਅਪਨੇ ਅਪਨੇ ਪ੍ਰਕਰਣ ਵਿਚ ਕਰ ਦਿੱਤਾ ਹੈ, ਇਨ੍ਹਾਂ ਵਿਚੋਂ :—

Generated by CamScanner from intsig.com

੧–ਪ੍ਰਥਮ "ਈਸ਼੍ਵਰ" ਕਿ ਜਿਸਦੇ ਬ੍ਰਹਮ, ਪਰਮਾਤਮਾ ਆਦੀ ਨਾਮ ਹਨ, ਜੋ ਸੱਚਿਦਾਨੰਦ ਆਦੀ ਲਖਛਣਾਂ ਵਾਲਾ ਹੈ, ਜਿਸਦੇ ਗੁਣ, ਕਰਮ, ਸ੍ਵਭਾਵ ਪਵਿਤ੍ਰ ਹਨ, ਜੋ ਸਰਵੱਗ, ਨਿਰਾਕਾਰ, ਸਰਵਵਿਆਪਕ, ਅਜਨਮਾ, ਅਨੰਤ, ਸਰਵਸ਼ਕਤੀਮਾਨ, ਦਇਆਲੂ, ਨਿਆਯਕਾਰੀ, ਸਬ ਸ੍ਰਿਸ਼ਟੀ ਦਾ ਕਰਤਾ, ਧਰਤਾ, ਹਰਤਾ, ਸਬ ਜੀਵਾਂ ਦੇ ਕਰਮ ਅਨੁਸਾਰ ਸੱਚੇ ਨਿਆਯ ਦੁਆਰਾ ਫਲ ਦਾ ਦੇਨ ਵਾਲਾ ਆਦੀ ਲਖਛਣ ਯੁਤਕ ਹੈ ਉਸ ਨੂੰ ਪਰਮੇਸ਼੍ਵਰ ਮੰਨਦਾ ਹਾਂ ॥

੨–ਚੌਹਾਂ "ਵੇਦਾਂ" (ਵਿਦਿਆਧਰਮਯੁਕਤਈਸ਼੍ਵਰਪ੍ਰਣੀਤ ਸੰਘਿਤਾ ਮੰਤ੍ਰ ਭਾਗ) ਨੂੰ ਨਿਰਭ੍ਰਾਂਤ ਸ੍ਵਤਃਪ੍ਰਮਾਣ ਮੰਨਨਾ ਹਾਂ ਓਹ ਆਪ ਪ੍ਰਮਾਣ ਰੂਪ ਹਨ ਕਿ ਜਿਨ੍ਹਾਂ ਦੇ ਪ੍ਰਮਾਣ ਹੋਨ ਵਿਚ ਕਿਸੇ ਹੋਰ ਗ੍ਰੰਥ ਦੀ ਲੋੜ ਨਹੀਂ, ਜੀਕਨ ਸੂਰਯ ਵਾ ਦੀਪਕ ਅਪਨੇ ਸ੍ਵਰੂਪ ਦੇ ਆਪ ਪ੍ਰਕਾਸ਼ ਕਰਨ ਵਾਲੇ ਅਰ ਪ੍ਰਿਥਿਵੀ ਆਦੀ ਦੇ ਭੀ ਪ੍ਰਕਾਸ਼ ਕਰਨ ਵਾਲੇ ਹੁੰਦੇ ਹਨ ਉਕਨ ਚਾਰੇ ਵੇਦ ਹਨ, ਅਰ ਚੌਹਾਂ ਵੇਦਾਂ ਦੇ ਬ੍ਰਾਹਮਣ, ਛੀ ਅੰਗ, ਛੀ ਉਪਾਂਗ, ਚਾਰ ਉਪਵੇਦ ੧੧੨੭ (ਯਾਰਾਂ ਸੌ ਸਤਾਈ) ਵੇਦਾਂ ਦੀਆਂ ਸ਼ਾਖਾਂ ਜੋ ਕਿ ਵੇਦਾਂ ਦੇ ਵਿਆਖਿਆਨ ਰੂਪ ਬ੍ਰਹਮਾ ਆਦੀ ਮਹਾਰਿਸ਼ੀਆਂ ਦੇ ਬਨਾਏ ਗ੍ਰੰਥ ਹਨ ਉਨ੍ਹਾਂ ਨੂੰ ਪਰਤਃਪ੍ਰਮਾਣ ਅਰਥਾਤ ਵੇਦਾਂ ਦੇ ਅਨੁਕੂਲ ਹੋਨ ਥੀਂ ਪ੍ਰਮਾਣ ਅਰ ਜੋ ਇਨ੍ਹਾਂ ਵਿਚ ਵੇਦਵਿਰੁੱਧ ਵਚਨ ਹਨ ਉਨਾਂ ਦਾ ਪ੍ਰਮਾਣ ਨਹੀਂ ਕਰਦਾ ਹਾਂ ॥

੩–ਜੋ ਪਖਛਪਾਤ ਰਹਿਤ, ਨਿਆਯ ਆਚਰਣ, ਸੱਤਭਾਸ਼ਣ ਆਦੀ ਯੁਕਤ ਈਸ਼੍ਵਰ ਆਗਿਆ ਵੇਦਾਂ ਤੋਂ ਅਵਿਰੁੱਧ ਹੈ ਉਸਨੂੰ "ਧਰਮ" ਅਰ ਜੋ ਪਖਛਪਾਤ ਸਹਿਤ ਅਨਿਆਯਆਚਰਣ ਮਿਥਿਆਭਾਸ਼ਣ ਆਦੀ ਈਸ਼੍ਵਰ ਆਗਿਆ ਭੰਗ ਵੇਦਵਿਰੁੱਧ ਹੈ ਉਸਨੂੰ "ਅਧਰਮ" ਮੰਨਨਾ ਹਾਂ ॥

੪–ਜੋ ਇੱਛਿਆ, ਦ੍ਵੇਸ਼, ਸੁਖ, ਦੁਖ ਅਰ ਗਿਆਨ ਆਦੀ ਗੁਣ ਯੁਕਤ, ਅਲੱਪਗ ਨਿੱਤ ਹੈ ਉੱਸੇ ਨੂੰ ਜੀਵ ਮੰਨਨਾ ਹਾਂ ॥

੫–ਜੀਵ ਅਰ ਈਸ਼੍ਵਰ ਸ੍ਵਰੂਪ ਅਰ ਵੈਧਰਮਜ ਥੀਂ ਭਿੰਨ ਅਰ ਵਿਆਪਜ, ਵਿਆਪਕ, ਅਰ ਸਾਧਰਮਜ ਥੀਂ ਅਭਿੰਨ ਹਨ ਅਰਥਾਤ ਜੀਕਨ ਆਕਾਸ਼ ਤੋਂ ਮੂਰਤੀਮਾਨ ਦ੍ਰਵਜ ਕਦੀ ਭਿੰਨ ਨਾ ਸੀ, ਨਾ ਹੈ, ਨਾ ਹੋਵੇਗਾ ਅਰ ਨਾ ਕਦੀ ਇੱਕਸੀ, ਨਾ ਹੈ, ਨਾ ਹੋਵੇਗਾ, ਇੱਸੇ ਤਰਾਂ ਪਰਮੇਸ਼੍ਵਰ ਅਰ ਜੀਵ ਨੂੰ ਵਿਆਪਜ, ਵਿਆਪਕ, ਉਪਾਸਜ ਉਪਾਸਕ ਅਰ ਪਿਤਾ ਪੁਤ੍ਰ ਆਦੀ ਸੰਬੰਧ ਯੁਕਤ ਮੰਨਦਾ ਹਾਂ ॥

੬–"ਅਨਾਦੀ ਪਦਾਰਥ" ਤਿੰਨ ਹਨ ਇਕ ਈਸ਼੍ਵਰ, ਦੂਜਃ ਜੀਵ, ਤੀਜੀ ਪ੍ਰਕ੍ਰਿਤੀ ਅਰਥਾਤ ਜਗਤ ਦਾ ਕਾਰਣ ਇਨ੍ਹਾਂ ਨੂੰ ਨਿੱਤ ਭੀ ਕਹਿੰਦੇ ਹਨ । ਜੋ ਨਿੱਤ ਪਦਾਰਥ ਹਨ ਉਨ੍ਹਾਂ ਦੇ ਗੁਣ, ਕਰਮ, ਸ੍ਵਭਾਵ ਭੀ ਨਿੱਤ ਹਨ ॥

Generated by CamScanner from intsig.com

੭–"ਪ੍ਰਵਾਹ ਤੋਂ ਅਨਾਦੀ" ਜੋ ਸੰਜੋਗ ਥੀਂ ਦ੍ਰਵ੍ਯਗੁਣ ਕਰਮ ਉਤਪੰਨ ਹੁੰਦੇ ਹਨ ਓਹ ਵਿਯੋਗ ਦੇ ਪਿੱਛੇ ਨਹੀਂ ਰਹਿੰਦੇ,ਪਰੰਤੂ ਜਿਸ ਥੀਂ ਪਹਲੋਂ ਸੰਜੋਗ ਹੁੰਦਾ ਹੈ ਓਹ ਸਾਮਰਥ ਉਨ੍ਹਾਂ ਵਿੱਚ ਅਨਾਦੀ ਹੈ, ਅਰ ਉਸ ਥੀਂ ਫਿਰਭੀ ਸੰਜੋਗ ਹੋਵੇਗਾ ਤਥਾ ਵਿਯੋਗ ਭੀ, ਇਨ੍ਹਾਂ ਤਿੰਨਾਂ ਨੂੰ ਪ੍ਰਵਾਹ ਤੋਂ ਅਨਾਦੀ ਮੰਨਦਾ ਹਾਂ ॥

੮–"ਸ੍ਰਿਸ਼ਟੀ" ਉਸਨੂੰ ਕਹਿੰਦੇ ਹਨ ਜੋ ਵੱਖੋ ਵੱਖਰੇ ਦ੍ਰਵ੍ਯਾਂ ਦਾ ਗਿਆਨ ਯੁਕਤੀ ਪੂਰਵਕ ਮੇਲ ਹੋਕੇ ਨਾਨਾ ਰੂਪ ਬਨਨਾ ॥

੯–"ਸ੍ਰਿਸ਼ਟੀ ਦਾ ਪ੍ਰਯੋਜਨ" ਇਹੀ ਹੈ ਕਿ ਜਿਸ ਵਿੱਚ ਈਸ਼੍ਵਰ ਦੇ ਸ੍ਰਿਸ਼ਟੀ ਨਿਮਿੱਤ ਗੁਣ, ਕਰਮ, ਸ੍ਵਭਾਵ ਦਾ ਸਫਲ ਹੋਨਾ, ਜੀਕਨ ਕਿਸੇ ਨੇ ਕਿਸੀ ਨੂੰ ਪੁੱਛਿਆ ਕਿ ਅੱਖਾਂ ਕਿਸ ਵਾਸਤੇ ਹਨ ਉਸਨੇ ਕਹਿਆ ਵੇਖਨ ਦੇ ਲਈ, ਉਕਨ ਹੀ ਸ੍ਰਿਸ਼ਟੀ ਕਰਨ ਦੇ ਈਸ਼੍ਵਰ ਦੇ ਸਾਮਰਥ ਦੀ ਸਫਲਤਾ ਸ੍ਰਿਸ਼ਟੀ ਕਰਨ ਵਿੱਚ ਹੈ ਅਰ ਜੀਵਾਂ ਦੇ ਕਰਮਾਂ ਦਾ ਯਥਾਵਤ ਭੋਗ ਕਰਨਾ ਆਦੀ ਭੀ ॥

੧੦–"ਸ੍ਰਿਸ਼ਟੀ ਸਕਰਤ੍ਰਿਕ" ਹੈ, ਏਸਦਾ ਕਰਤਾ ਉੱਪਰ ਕਹਿਆ ਹੋਇਆ ਈਸ਼੍ਵਰ ਹੈ, ਕਿਉਂਕਿ ਸ੍ਰਿਸ਼ਟੀ ਦੀ ਰਚਨਾ ਵੇਖਨੇ ਅਰ ਜੜ ਪਦਾਰਥ ਵਿਚ ਅਪਨੇ ਆਪਯਥਾਯੋਗ ਬੀਜ ਆਦੀ ਸ੍ਵਰੂਪ ਬਨਨ ਦਾ ਸਾਮਰਥ ਨਾ ਹੋਨ ਥੀਂ ਸ੍ਰਿਸ਼ਟੀ ਦਾ "ਕਰਤਾ" ਜ਼ਰੂਰ ਹੈ ॥

੧੧–"ਬੰਧ" ਨਿਮਿੱਤ ਕਰਕੇ ਅਰਥਾਤ ਅਵਿਦਿਆ ਦੇ ਨਿਮਿੱਤ ਕਰਕੇ ਹੈ, ਜੋ ਜੋ ਪਾਪ ਕਰਮ, ਈਸ਼੍ਵਰ ਭਿੰਨ ਉਪਾਸਨਾ, ਅਗਿਆਨ ਆਦੀ ਸਬ ਦੁੱਖ ਫਲ ਕਰਨ ਵਾਲੇ ਹਨ, ਏਸ ਲਈ ਇਹ "ਬੰਧ" ਹੈ ਕਿ ਜਿਸਦੀ ਇੱਛਿਆ ਨਹੀਂ ਅਰ ਭੋਗਨਾ ਪੈਂਦਾ ਹੈ ॥

੧੨–"ਮੁਕਤੀ" ਅਰਥਾਤ ਸਬ ਦੁੱਖਾਂ ਥੀਂ ਛੁੱਟਕੇ ਬੰਧ ਰਹਿਤ ਸਰਵ-ਵਿਆਪਕ ਈਸ਼੍ਵਰ ਅਰ ਉਸਦੀ ਸ੍ਰਿਸ਼ਟੀ ਵਿਚ ਅਪਨੀ ਇੱਛਿਆ ਨਾਲ ਵਿਚਰਨਾ,ਨਿਯਤ ਸਮਯ ਤਕ ਮੁਕਤੀ ਦੇ ਆਨੰਦਨੂੰ ਭੋਗਕੇ ਫੇਰ ਸੰਸਾਰਵਿਚਆਉਨਾ॥

੧੩–"ਮੁਕਤੀ ਦੇ ਸਾਧਨ" ਈਸ਼੍ਵਰ ਉਪਾਸਨਾ ਅਰਥਾਤ ਯੋਗਾਭਿਆਸ, ਧਰਮਾਨੁਸ਼ਠਾਨ, ਬ੍ਰਹਮਚਰਯ ਥੀਂ ਵਿਦਿਆ ਪ੍ਰਾਪਤੀ, ਆਪਤ ਵਿਦਵਾਨਾਂ ਦਾ ਸੰਗ, ਸੱਤਵਿਦਿਆ, ਸੁਵਿਚਾਰ ਅਰ ਪੁਰੁਸ਼ਾਰਥ ਆਦੀ ਹਨ ॥

੧੪–"ਅਰਥ" ਓਹ ਹੈ ਕਿ ਜੋ ਧਰਮ ਹੀ ਨਾਲ ਪ੍ਰਾਪਤ ਕੀਤਾ ਜਾਵੇ ਅਰ ਜੋ ਅਧਰਮ ਨਾਲ ਸਿੱਧ ਹੁੰਦਾ ਹੈ ਉਸਨੂੰ ਅਨਰਥ ਕਹਿੰਦੇ ਹਨ ॥

੧੫–"ਕਾਮ" ਓਹ ਹੈ ਕਿ ਜੋ ਧਰਮ ਅਰ ਅਰਥ ਨਾਲ ਪ੍ਰਾਪਤ ਕੀਤਾ ਜਾਵੇ ॥

੧੬–"ਵਰਣਾਸ਼੍ਰਮ" ਗੁਣ ਕਰਮਾਂ ਦੀ ਯੋਗਤਾ ਨਾਲ ਮੰਨਦਾ ਹਾਂ ॥

੧੭–"ਰਾਜਾ" ਉੱਸੇ ਨੂੰ ਕਹਿੰਦੇ ਹਨ ਜੋ ਸ਼ੁਭਗੁਣ, ਕਰਮ, ਸ੍ਵਭਾਵ ਥੀਂ ਪ੍ਰਕਾਸ਼ਮਾਨ, ਪਖਛਪਾਤ ਰਹਿਤ, ਨਿਆਇ ਧਰਮਦਾ ਸੇਵੀ, ਪ੍ਰਜਾ ਨਾਲ

Generated by CamScanner from intsig.com

पिता वाछ्ण वरते, उनुं नुं पुत्रदी निआईं मंनके उनुंदी उॅनती अर सुख वधान विच सदा यतन कीता करे ॥

१८–"पूजा" उसनुं कहिंदे हन कि जो पवित्र गुण करम सुभाव नुं धारण करके पखछपात रहित निआय धरम दे सेवन नाल राजा अर पूजा दी उॅनती चाहुंदी होई राज विदूह तों रहित राजा दे नाल पुत्र दी निआईं वरते ॥

१९—जो सदा विचार करके असॅत नुं छॅडके सॅत दा गूहण करे अनिआयकारीआं नुं हटावे, अर निआइकारीआं नुं वधावे, अपने आतमा दी निआईं सब दा सुख चाहे सो "निआइकारी" है उस नुं भी ठीक मंनना हां ॥

२०–"देव" विदवानां नुं अर अविदवानां नुं "असुर" पापीआं नुं "राखछस" अनाचारीआं नुं "पिशाच" मंनना हां ॥

२१–उनुं विदवानां, मां, पिउ, आचारज, अतिथी, निआइकारी, राजा अर धरमातमाजन, पतिब्रताइसत्री अर इसत्रीब्रतपती दा सतकार करना "देवपूजा" कहाउंदी है एस तों विपरीत अदेव पूजा, इनुं दीआं मूरतां नुं पूजज अर होर पॅथर आदी जड़ मूरतीआं नुं सरवंथा अपूजज समझना हां ॥

२२–"शिखछा" जिस थीं विदिआ सभजता, धरमातमता, जितेंदरियता आदी वधे, अर अविदिआ आदी दोश हटन उसनुं शिखछा कहिंदे हन ॥

२३–"पुराण" जो ब्रहमा आदी ने बनाए, ऐतरेय आदी ब्राहमण पुसतक हन उनुं नुं पुराण, इतिहास, कलप, गाथा अर नाराशीसी नाम करके मंनना हां, होर भागवत आदी नुं नहीं ॥

२४–"तीरथ" जिस करके दुॅखसागर दे पार उतरन कि जो सॅतभाशण, विदिआ, सतसंग, यम आदी योगाभिआस, पुरुशारथ, विदिआदान आदी शुभ करम हन उॅसे नुं तीरथ समझनाहां होर जल सथल आदी नुं नहीं ॥

२५–"पुरुशारथ प्रारबध तों वॅडा" एस लई है कि जिस थीं संचित प्रारबध बनदे, जिसदे सौरन नाल सब सौरदे, अर जिसदे विगड़न नाल सब विगड़दे हन एस लई प्रारबध दी अपेखछा पुरुशारथ वॅडा है ॥

Generated by CamScanner from intsig.com

੨੬–"ਮਨੁਸ਼"ਨੂੰ ਸਬ ਨਾਲ ਯਥਾਯੋਗ ਅਪਨੇ ਆਤਮਾ ਦੀ ਨਿਆਈਂ ਸੁਖ, ਦੁੱਖ, ਹਾਨੀ, ਲਾਭ ਵਿਚ ਵਰਤਨਾ ਸ੍ਰੇਸ਼ਠ ਦੂਜੀ ਤਰਾਂ ਵਰਤਨਾ ਬੁਰਾ ਸਮਝਨਾ ਹਾਂ ॥

੨੭–"ਸੰਸਕਾਰ"ਉਸਨੂੰ ਕਹਿੰਦੇ ਹਨ ਕਿ ਜਿਸ ਕਰਕੇ ਸ਼ਰੀਰ, ਮਨ, ਅਰ ਆਤਮਾ, ਉੱਤਮ ਹੋਵੇ ਓਹ ਨਿਸ਼ੇਕ ਆਦੀ ਸ਼ਮਸ਼ਾਨਾਤ ਸੋਲਾਂ ਪ੍ਰਕਾਰ ਦਾ ਹੈ ਏਸ ਨੂੰ ਕਰਤੱਵ ਸਮਝਨਾ ਹਾਂ, ਅਰ ਸਾੜਨ ਤੋਂ ਪਿਛੋਂ ਮੋਏ ਹੋਏ ਦੇ ਵਾਸਤੇ ਕੁਝ ਭੀ ਨਾ ਕਰਨਾ ਚਾਹੀਏ ॥

੨੮–"ਯੱਗ" ਉਸਨੂੰ ਕਹਿੰਦੇਹਨ ਕਿ ਜਿਸਵਿਚ ਵਿਦਵਾਨਾਂ ਦਾ ਸਤਕਾਰ ਯਥਾਯੋਗ, ਸ਼ਿਲਪ ਅਰਥਾਤ ਰਸਾਇਨ ਜੋ ਕਿ ਪਦਾਰਥਵਿਦਿਆ ਉਸ ਥੀਂ ਲਾਭ ਅਰ ਵਿਦਿਆ ਆਦੀ ਸ਼ੁਭ ਗੁਣਾਂ ਦਾ ਦਾਨ ਅਗਨੀਹੋਤ੍ਰ ਆਦੀ ਜਿਨ੍ਹਾਂ ਕਰਕੇ ਹਵਾ ਮੀਂਹ, ਪਾਣੀ ਔਸ਼ਧੀ ਦੀ ਪਵਿਤ੍ਰਤਾ ਕਰਕੇ ਸਬ ਜੀਵਾਂ ਨੂੰ ਸੁਖ ਪੁਚਾਨਾ ਹੈ ਉਸਨੂੰ ਉੱਤਮ ਸਮਝਨਾ ਹਾਂ ॥

੨੯–ਜੀਕਨ "ਆਰਯ" ਸ੍ਰੇਸ਼ਠ ਅਰ "ਦਸਯੂ" ਦੁਸ਼ਟ ਮਨੁਸ਼ਾਂ ਨੂੰ ਕਹਿੰਦੇ ਹਨ ਉਕਨ ਹੀ ਮੈਂ ਭੀ ਮੰਨਨਾ ਹਾਂ ॥

੩੦–"ਆਰਯਾਵਰਤ" ਦੇਸ਼ ਏਸ ਭੂਮੀ ਦਾ ਨਾਮ ਏਸ ਲਈ ਹੈ ਕਿ ਏਸ ਵਿਚ ਆਦੀ ਸ੍ਰਿਸ਼ਟ! ਥੀਂ ਆਰਯ ਲੋਗ ਨਿਵਾਸ ਕਰਦੇ ਹਨ, ਪਰੰਤੂ ਏਸ ਦੀ ਅਵਧੀ ਉੱਤਰਵਿਚ ਹਿਮਾਲਾ, ਦੱਖਛਿਣ ਵਿਚ ਬਿੰਧਿਆਚਲ, ਪੱਛਮ ਵਿਚ ਅਟਕ ਅਰ ਪੂਰਵ ਵਿਚ ਬ੍ਰਹਮਪੁਤ੍ਰਾ ਨਦੀ ਹੈ, ਇਨਾਂ ਚੌਹਾਂ ਦੇ ਵਿਚਕਾਰ ਜਿੱਨਾ ਦੇਸ਼ ਹੈ ਉਸ ਨੂੰ "ਆਰਯਾਵਰਤ" ਕਹਿੰਦੇ, ਅਰ ਜੋ ਇਨ੍ਹਾਂ ਵਿਚ ਸਦਾ ਰਹਿੰਦੇ ਹਨ ਉਨ੍ਹਾਂ ਨੂੰ ਭੀ ਆਰਯ ਕਹਿੰਦੇ ਹਨ ॥

੩੧–ਜੋ ਸਾਂਗੋਪਾਂਗ ਵੇਦ ਵਿਦਿਆ ਦਾ ਅਧਿਆਪਕ ਸਤਿਆਚਾਰ ਦਾ ਗ੍ਰਹਣ ਅਰ ਮਿਥ੍ਯਾਚਾਰ ਦਾ ਤ੍ਯਾਗ ਕਰਾਵੇ ਓਹ ਆਚਾਰਯ ਕਹਾਂਦਾ ਹੈ ॥

੩੨–"ਸ਼ਿੱਸ਼"ਉਸਨੂੰ ਕਹਿੰਦੇ ਹਨ ਕਿ ਜੋ ਸੱਤ ਸ਼ਿਖਛਾ ਅਰ ਵਿਦਿਆ ਨੂੰ ਗ੍ਰਹਣ ਕਰਨ ਯੋਗ ਧਰਮਾਤਮਾ ਵਿਦਿਆ ਗ੍ਰਹਣ ਦੀ ਇੱਛਿਆ ਅਰ ਆਚਾਰਯ ਨੂੰ ਪਿਆਰ ਕਰਨ ਵਾਲਾ ਹੈ ॥

੩੩–"ਗੁਰੂ"ਮਾਤਾ ਪਿਤਾ ਅਰ ਜੋ ਸੱਤਦਾ ਗ੍ਰਹਣ ਕਰਾਵੇ ਅਰ ਅਸੱਤ ਨੂੰ ਛੁਡਾਵੇ ਓਹ ਭੀ ਗੁਰੂ ਕਹਾਂਦਾ ਹੈ ॥

੩੪–"ਪ੍ਰੋਹਿਤ" ਜੋ ਯਜਮਾਨ ਦਾ ਹਿਤਕਾਰੀ ਸੱਤ ਦਾ ਉਪਦੇਸ਼ ਕਰਨ ਵਾਲਾ ਹੋਵੇ ॥

੩੫–"ਉਪਾਧਿਆਇ" ਜੋ ਵੇਦਾਂ ਦਾ ਇੱਕ ਦੇਸ਼ ਵਾ ਅੰਗਾਂ ਨੂੰ ਪੜ੍ਹਾਂਦਾ ਹੋਵੇ ॥

Generated by CamScanner from intsig.com

੩੬–"ਸ਼ਿਸ਼ਟਾਚਾਰ" ਜੋ ਧਰਮਾਚਰਣ ਪੂਰਵਕ ਬ੍ਰਹਮਚਰਯ ਥੀਂ ਵਿਦਿਆ ਗ੍ਰਹਣ ਕਰ ਪ੍ਰਤਖਛ ਆਦੀ ਪ੍ਰਮਾਣਾਂ ਦੁਆਰਾ ਸੱਤ ਅਸੱਤ ਦਾ ਨਿਰਣਾ ਕਰਕੇ ਸੱਤ ਦਾ ਗ੍ਰਹਣ ਅਸੱਤ ਦਾ ਪਰੀਤਿਆਗ ਕਰਨਾ ਹੈ ਏਹੋ ਸ਼ਿਸ਼ਟਾਚਾਰ, ਅਰ ਜੋ ਏਸ ਨੂੰ ਕਰਦਾ ਹੈ ਓਹ ਸ਼ਿਸ਼ਟ ਕਹਾਂਦਾ ਹਾਂ ॥

੩੭–ਪ੍ਰਤਖਛ ਆਦੀ "ਅੱਠਾਂ ਪ੍ਰਮਾਣਾਂ" ਨੂੰ ਭੀ ਮੰਨ ਨਾ ਹਾਂ ॥

੩੮–"ਆਪਤ" ਜੋ ਯਥਾਰਥਵਕਤਾ ਧਰਮਾਤਮਾ ਸਬ ਦੇ ਸੁਖ ਦੇ ਵਾਸਤੇ ਪ੍ਰਯਤਨ ਕਰਦਾ ਹੈ ਉੱਸੇ ਨੂੰ "ਆਪਤ" ਕਹਨਾ ਹਾਂ ॥

੩੯–"ਪਰੀਖਛਾ" ਪੰਜ ਪ੍ਰਕਾਰ ਦੀ ਹੈ, ਏਸ ਵਿੱਚੋਂ ੧ ਪ੍ਰਥਮ ਜੋ ਈਸ਼੍ਵਰ ਉਸਦੇ ਗੁਣ, ਕਰਮ, ਅਰ ਸ੍ਵਭਾਵ ਅਰ ਵੇਦ ਵਿਦਿਆ, ੨ ਦੂਜੀ ਪ੍ਰਤਖਛ ਆਦੀ ਅੱਠ ਪ੍ਰਮਾਣ ੩ ਤੀਜੀ ਸ੍ਰਿਸ਼ਟੀਕ੍ਰਮ ੪ ਚੌਥੀ ਆਪਤਾਂ ਦਾ ਵਿਹਾਰ। ਅਰ ੫ ਪੰਜਵੀਂ ਅਪਨੇ ਆਤਮਾ ਦੀ ਪਵਿਤ੍ਰਤਾ, ਵਿਦਿਆ ਇਨ੍ਹਾਂ ਪੰਜਾਂ ਪਰੀਖਛਾ ਨਾਲ ਸੱਤ ਅਸੱਤ ਦਾ ਨਿਰਣਾ ਕਰਕੇ ਸੱਤ ਦਾ ਗ੍ਰਹਣ ਅਸੱਤ ਦਾ ਪਰੀਤਿਆਗ ਕਰਨਾ ਚਾਹੀਏ ॥

੪੦–"ਪਰੋਪਕਾਰ" ਜਿਸ ਥੀਂ ਸਬ ਮਨੁਸ਼ਾਂ ਦੇ ਦੁਰਾਚਾਰ ਦੁਖ ਹਟਨ ਸ਼੍ਰੇਸ਼ਠਾਚਾਰ ਅਰ ਸੁਖ ਵਧੇ ਉਸਦੇ ਕਰਨ ਨੂੰ ਪਰੋਪਕਾਰ ਕਰਨਾ ਹਾਂ ॥

੪੧–"ਸ੍ਵਤੰਤ੍ਰ" "ਪਰਤੰਤ੍ਰ" ਜੀਵ ਅਪਨੇ ਕੰਮਾਂ ਵਿਚ ਸ੍ਵਤੰਤ੍ਰ ਅਰ ਕਰਮ ਫਲ ਭੋਗਨ ਵਿਚ ਈਸ਼੍ਵਰ ਦੀ ਵਿਵਸਥਾ ਥੀਂ ਪਰਤੰਤ੍ਰ ਊਕਨ ਹੀ ਈਸ਼੍ਵਰ ਅਪਨੇ ਮਤਜਾਚਾਰ ਆਦੀ ਕੰਮ ਕਰਨ ਵਿਚ ਸ੍ਵਤੰਤ੍ਰ ਹੈ ॥

੪੨–"ਸ੍ਵਰਗ" ਨਾਮ ਸਖ ਵਿਸ਼ੇਸ਼ ਭੋਗ ਅਰ ਉਸਦੀ ਸਾਮਗ੍ਰੀ ਦੀ ਪ੍ਰਾਪਤੀ ਦਾ ਹੈ ॥

੪੩–"ਨਰਕ" ਜੋ ਦੁੱਖ ਵਿਸ਼ੇਸ਼ ਭੋਗ ਅਰ ਉਸਦੀ ਸਾਮਗ੍ਰੀ ਨੂੰ ਪ੍ਰਾਪਤੀ ਹੋਨਾ ਹੈ ॥

੪੪–"ਜਨਮ" ਜੋ ਸ਼ਰੀਰ ਧਾਰਣ ਕਰਕੇ ਪ੍ਰਗਟ ਹੋਨਾ, ਸੋ ਪੂਰਵਪਰ ਅਰ ਮੱਧ ਭੇਦ ਥੀਂ ਤਿੰਨ ਪ੍ਰਕਾਰ ਦਾ ਮੰਨਨਾ ਹਾਂ ॥

੪੫–ਸ਼ਰੀਰ ਦ ਸੰਯੋਗ ਦਾ ਨਾਮ ਜਨਮ ਅਰ ਵਿਯੋਗਮਾਤ੍ਰ ਨੂੰ ਮ੍ਰਿਤਯੂ (ਮੌਤ) ਕਹਿੰਦੇ ਹਨ ॥

੪੬–"ਵਿਵਾਹ" ਜੋ ਨਿਯਮ ਪੂਰਵਕ ਪ੍ਰਸਿੱਧੀ ਨਾਲ ਅਪਨੀ ਇੱਛਿਆ ਕਰਕੇ ਹੱਥਲੇਵਾ ਕਰਨਾ ਓਹ ਵਿਆਹ ਕਹਾਂਦਾ ਹੈ ॥

੪੭–"ਨਿਯੋਗ" ਵਿਆਹ ਦੇ ਪਿੱਛੋਂ ਪਤੀ ਦੇ ਮਰਜਾਨ ਆਦੀ ਵਿਯੋਗ ਵਿਚ ਅਥਵਾ ਨਾਮਰਦੀ ਆਦੀ ਸਥਿਰ ਰੋਗਾਂ ਵਿੱਚ ਇਸਤ੍ਰੀ ਵਾ ਆਪਤ ਕਾਲ ਵਿੱਚ ਪੁਰੁਸ਼ ਅਪਨੇ ਵਰਣ ਵਾ ਅਪਨੇ ਤੋਂ ਉੱਤਮ ਵਰਣ ਵਾਲੀ ਇਸਤ੍ਰੀ ਯਾਂ ਪੁਰੁਸ਼ ਦੇ ਨਾਲ ਸੰਤਾਨ ਉਤਪੱਤੀ ਕਰਨਾ ॥

Generated by CamScanner from intsig.com

੪੮–"ਸਤੁਤੀ" ਗੁਣ ਕੀਰਤਨ, ਸ਼੍ਰਵਣ ਅਰ ਗਿਆਨ ਹੋਨਾ ਏਸਦਾ ਫਲ ਪ੍ਰੀਤੀ ਆਦੀ ਹੁੰਦੇ ਹਨ ॥

੪੯–"ਪ੍ਰਾਰਥਨਾ" ਅਪਨੇ ਸਾਮਰਥ ਦੇ ਉਪਰਾਂਤ ਈਸ਼੍ਵਰ ਦੇ ਸੰਬੰਧ ਨਾਲ ਜੋ ਵਿਗਿਆਨ ਆਦੀ ਪ੍ਰਾਪਤ ਹੁੰਦੇ ਹਨ ਉਨ੍ਹਾਂ ਦੇ ਲਈ ਈਸ਼੍ਵਰ ਥੀਂ ਯਾਚਨਾ ਕਰਨਾ ਅਰ ਏਸ ਦਾ ਫਲ ਨਿਰ ਅਭਿਮਾਨ ਆਦੀ ਹੁੰਦਾ ਹੈ ॥

੫੦–"ਉਪਾਸਨਾ" ਜੀਕਨ ਈਸ਼੍ਵਰ ਦੇ ਗੁਣ, ਕਰਮ, ਸ੍ਵਭਾਵ ਪਵਿਤ੍ਰ ਹਨ ਉੱਕਨ ਅਪਨੇ ਕਰਨਾ, ਈਸ਼੍ਵਰ ਨੂੰ ਸਰਵਵਿਆਪਕ, ਅਪਨੇ ਨੂੰ ਵਿਆਂਪਜ ਜਾਨਕੇ ਈਸ਼੍ਵਰ ਦੇ ਕੋਲ ਅਸੀਂ ਅਰ ਸਾਡੇ ਕੋਲ ਈਸ਼੍ਵਰ ਹੈ ਅਜੇਹਾ ਨਿਸ਼ਚਾ ਯੋਗਾਭਿਆਸ ਨਾਲ ਸਾਖਛਾਤ ਕਰਨਾ ਉਪਾਸਨਾ ਕਹਾਂਦੀ ਹੈ । ਏਸਦਾ ਫਲ ਗਿਆਨ ਦੀ ਉੱਨਤੀ ਆਦੀ ਹੈ ॥

੫੧–"ਸਗੁਣ, ਨਿਰਗੁਣ, ਸਤੁਤੀ, ਪ੍ਰਾਰਥਨਾ, ਉਪਾਸਨ" ਜੋ ਜੋ ਗੁਣ ਪਰਮੇਸ਼੍ਵਰ ਵਿਚ ਹਨ ਉਨ੍ਹਾਂ ਥੀਂ ਯੁਕਤ, ਅਰ ਜੋ ਜੋ ਗੁਣ ਨਹੀਂ ਹਨ ਉਨ੍ਹਾਂ ਥੀਂ ਪ੍ਰਿਥਕ ਮੰਨਕੇ ਪ੍ਰਸ਼ੰਸਾ ਕਰਨਾ ਸਗੁਣ ਨਿਰਗੁਣ ਸਤੁਤੀ, ਸ਼ੁਭ ਗੁਣਾਂ ਦੇ ਗ੍ਰਹਣ ਦੀ ਈਸ਼੍ਵਰ ਥੀਂ ਇਛਿਆ ਅਰ ਦੋਸ਼ ਛੱਡਨ ਦੇ ਵਾਸਤੇ ਪਰਮਾਤਮਾ ਦੀ ਸਹਾਇਤਾ ਚਾਹੁਨਾ ਸਗੁਣ ਨਿਰਗੁਣ ਪ੍ਰਾਰਥਨਾ, ਅਰ ਸਭ ਗੁਣਾਂ ਦੇ ਸਹਿਤ ਸਭ ਦੋਸ਼ਾਂ ਤੋਂ ਰਹਿਤ ਪਰਮੇਸ਼੍ਵਰ ਨੂੰ ਮੰਨਕੇ ਅਪਨੇ ਆਤਮਾਨੂੰ ਉਸਦੇ ਅਰ ਉਸਦੀ ਆਗਿਆ ਦੇ ਅਰਪਣ ਕਰ ਦੇਨਾ ਸਗੁਣ ਨਿਰਗੁਣ ਉਪਾਸਨਾ ਕਹਾਂਦੀ ਹੈ ॥

ਏਹ ਸੰਖੇਛਪ ਨਾਲ ਅਪਨੇ ਸਿੱਧਾਂਤ ਦਿਖਾ ਦਿੱਤੇ ਹਨ ਇਨ੍ਹਾਂ ਦੀ ਵਿਸ਼ੇਸ਼ ਵਿਆਖਿਆ ਇੱਸੇ "ਸਤ੍ਯਾਰਥ ਪ੍ਰਕਾਸ਼" ਦੇ ਪ੍ਰਕਰਣ ਪ੍ਰਕਰਣ ਵਿਚ ਹੈ,ਤਥਾ ਰਿਗਵੇਦਾਦੀ ਭਾਸ਼੍ਯਭੂਮਿਕਾ ਆਦੀ ਗ੍ਰੰਥਾਂ ਵਿਚ ਭੀ ਲਿਖੀ ਹੈ ਅਰਥਾਤ ਜੋ ਜੋ ਬਾਤ ਸਭ ਦੇ ਵਾਸਤੇ ਮੰਨਨ ਯੋਗ ਹੈ ਉਸਨੂੰ ਮੰਨਦਾ ਅਰਥਾਤ ਜੀਕਨ ਸੱਚ ਬੋਲਨਾ ਸਭ ਦੇ ਸਾਮਨੇ ਅੱਛਾ ਅਰ ਮਿਥਿਆ ਬੋਲਨਾ ਬੁਰਾ ਹੈ, ਅਜੇਹੇ ਸਿੱਧਾਤਾਂ ਨੂੰ ਮੰਨਨਾ ਹਾਂ, ਅਰ ਜੋ ਮਤ ਮਤਾਂਤਰਾਂ ਦੇ ਇਕ ਦੂਜੇ ਦੇ ਵਿਰੁੱਧ ਝਗੜੇ ਹਨ ਉਨ੍ਹਾਂ ਨੂੰ ਮੈਂ ਪਸੰਦ ਨਹੀਂ ਕਰਦਾ, ਕਿਉਂਕਿ ਇਨ੍ਹਾਂ ਹੀ ਮਤਾਂ ਵਾਲਿਆਂ ਨੇ ਅਪਨੇ ਮਤਾਂ ਦਾ ਪ੍ਰਚਾਰ ਕਰਕੇ ਮਨੁਸ਼ਾਂ ਨੂੰ ਫਸਾਕੇ ਇਕ ਦੂਜੇ ਦੇ ਵੈਰੀ ਬਨਾ ਦਿੱਤੇ ਹਨ, ਏਸ ਬਾਤ ਨੂੰ ਹਟਾਕੇ ਸਾਰੇ ਸੱਚ ਦਾ ਪ੍ਰਚਾਰ ਕਰ ਸਭ ਨੂੰ ਇਕ ਮਤ ਵਿੱਚ ਕਰਾਕੇ ਦ੍ਵੇਸ਼ ਛੁਡਾਕੇ ਇਕ ਦੂਜੇ ਨਾਲ ਦ੍ਰਿੜ੍ਹ ਪ੍ਰੀਤੀ ਯੁਕਤ ਕਰਾਕੇ ਸਭ ਥੀਂ ਸਭਨੂੰ ਸੁਖ ਲਾਭ ਪੁਚਾਨ ਦੇ ਲਈ ਮੇਰਾ ਪ੍ਰਯਤਨ ਅਰ ਅਭਿਪ੍ਰਾਯ ਹੈ, ਸਰਵਸ਼ਕਤੀਮਾਨ ਪਰਮਾਤਮਾ ਦੀ ਕ੍ਰਿਪਾ, ਸਹਾਇਤਾ ਅਰ ਆਪਤ ਜਨਾਂ ਦੀ ਸਹਾਨੁਭੂਤੀ ਨਾਲ ਇਹ ਸਿੱਧਾਂਤ ਸਭ ਥਾਂ ਪ੍ਰਿਥਿਵੀ ਵਿੱਚ ਛੇਤੀ ਪ੍ਰਵ੍ਰਿਤ ਹੋ ਜਾਵੇ, ਜਿਸ ਥੀਂ ਸਭ ਲੋਕ ਸਹਜ ਨਾਲ ਧਰਮ, ਅਰਥ,

Generated by CamScanner from intsig.com

ਕਾਮ, ਮੋਖਛ ਦੀ ਸਿੱਧੀ ਕਰਕੇ ਸਦਾ ਉੱਨਤ ਅਰ ਆਨੰਦਿਤ ਹੁੰਦੇ ਰਹਨ ਇਹੋ ਮੇਰਾ ਮੁੱਖ ਪ੍ਰਯੋਜਨ ਹੈ ॥ ਅਲਮਿਤਿਵਿਸਤਰੇਣ ਬੁੱਧਿਮਦਵਰਯੇਸ਼ੁ ॥

ਓਮ ਸ਼ੰਨੋਮਿਤ੍ਰਃ ਸ਼ੰ ਵਰੁਣਃ। ਸ਼ੰਨੋ ਭਵਤ੍ਵਰਯਮਾ। ਸ਼ੰਨ ਇੰਦ੍ਰੋ ਵ੍ਰਿਹਸਪਤਿਃ। ਸ਼ੰਨੋ ਵਿਸ਼ਨ੍ਉਰੁਕ੍ਰਮਃ।ਨਮੋ ਬ੍ਰਹਮਣੇ ਨਮਸਤੇ ਵਾਯੋ। ਤ੍ਵਮੇਵ ਪ੍ਰਤਜ਼ਖਛੰ ਬ੍ਰਹਮਾਸਿ । ਤ੍ਵਾਮੇਵ ਪ੍ਰਤਜ਼ਖਛੰ ਬ੍ਰਹਮਵਾਦਿਸ਼ਮ। ਰਿਤਮਵਾਦਿਸ਼ਮ। ਸਤਜ਼ਮਵਾਦਿਸ਼ਮ।ਤਨਮਾਮਾਵੀਤ।ਤਦਵਕਤਾਰਮਾਵੀਤ। ਆਵੀਨਮਾਮ। ਆਵੀਦਵਕਤਾਰਮ॥

ਓਮ ਸ਼ਾਂਤਿਃ ਸ਼ਾਂਤਿਃ ਸ਼ਾਂਤਿਃ ॥

ਇਤਿ ਸ਼੍ਰੀਮਤਪਰਮਹੰਸਪਰਿਬ੍ਰਾਜਕਾਚਾਰਯਾਣਾਂ ਪਰਮਵਿਦੁਸ਼ਾਂ ਸ਼੍ਰੀ ਵਿਰਜਾਨੰਦ ਸਰਸ੍ਵਤੀ ਸ੍ਵਾਮਿਨਾ ਸ਼ਿਸ਼ਯੇਣ ਸ਼੍ਰੀਮੱਦਦਯਾਨੰਦ ਸਰਸ੍ਵਤੀ ਸ੍ਵਾਮਿਨਾ ਵਿਰਚਿਤਃ ਸ੍ਵਮੰਤਵਯ ਸਿੱਧਾਂਤ ਸਮਨ੍ਵਿਤਃ ਸੁਪ੍ਰਮਾਣਯੁਕਤਃ ਸੁਭਾਸ਼ਾਵਿਭੂਸ਼ਿਤਃ ਸਤਜ਼ਾਰਥਪ੍ਰਕਾਸ਼ੋਅਯੰ ਗ੍ਰੰਥਃ ਸੰਪੂਰਤਿਮਗਮਤ।

ਸ਼੍ਰੀਮਤ ਪਰਮਹੰਸ ਪਰਿਬ੍ਰਾਜਕਾਚਾਰਯ ਪਰਮਵਿਦਵਾਨ ਸ਼੍ਰੀ ਵਿਰਜਾਨੰਦ ਸਰਸ੍ਵਤੀ ਸ੍ਵਾਮੀ ਜੀ ਕੇ ਸ਼ਿਸ਼ਯ ਸ਼੍ਰੀਮੱਦਯਾਨੰਦ ਸਰਸ੍ਵਤੀਸ੍ਵਾਮੀ ਵਿਰਚਿਤ ਸ੍ਵਮੰਤਵਯਾਮੰਤਵਯ ਸਿੱਧਾਂਤ ਸਮੇਤ ਸੁਪ੍ਰਮਾਣ ਯੁਕਤ ਸੁਭਾਸ਼ਾਵਿਭੂਸ਼ਿਤ ਸਤਜ਼ਾਰਥ ਪ੍ਰਕਾਸ਼ ਗ੍ਰੰਥ ਸਮਾਪਤ ਹੋਇਆ ॥

ओ३म्
दयानन्द मठ, दीनानगर
(ज़िला गुरदासपुर)

Generated by CamScanner from intsig.com

ਆਰਯਸਮਾਜ ਦੇ ਨਿਯਮ।

———:o:———

੧—ਸਬ ਸਤ ਵਿਦਿਆ ਅਰ ਵਿਦਿਆ ਥੀਂ ਜੋ ਪਦਾਰਥ ਜਾਨੇ ਜਾਂਦੇ ਹਨ ਉਨ੍ਹਾਂ ਸਭਨਾਂ ਦਾ ਆਦੀ ਮੂਲ ਪਰਮੇਸ਼ੁਰ ਹੈ।

੨—ਪਰਮੇਸ਼ੁਰ ਸੱਚਿਦਾਨੰਦਸਰੂਪ, ਨਿਰਾਕਾਰ, ਸਰਵਸ਼ਕਤੀਮਾਨ, ਨਿਆਯ-ਕਾਰੀ, ਦਇਆਲੂ, ਅਜਨਮਾ, ਅਨੰਤ, ਨਿਰਵਿਕਾਰ, ਅਨਾਦੀ, ਅਨੂਪਮ, ਸਰਵਾਧਾਰ, ਸਰਵੇਸ਼ੁਰ, ਸਰਵਵਿਆਪਕ, ਸਰਵ ਅੰਤ੍ਰਯਾਮੀ, ਅਜਰ, ਅਮਰ, ਅਭੈ, ਨਿੱਤ, ਪਵਿਤ੍ਰ, ਅਰ ਸ੍ਰਿਸ਼ਟੀ ਦਾ ਕਰਤਾ ਹੈ ਉਸੇ ਦੀ ਉਪਾਸਨਾ ਕਰਨੀ ਯੋਗ ਹੈ॥

੩—ਵੇਦ ਸਤ ਵਿਦਿਆ ਦਾ ਪੁਸਤਕ ਹੈ, ਵੇਦ ਦਾ ਪੜ੍ਹਨਾ, ਪੜ੍ਹਾਨਾ ਅਰ ਸੁਨਨਾ ਸੁਨਾਨਾ, ਸਬ ਆਰਯਾਂ ਦਾ ਪਰਮ ਧਰਮ ਹੈ॥

੪—ਸੱਚ ਦੇ ਗ੍ਰਹਣ ਕਰਨੇ ਅਰ ਝੂਠ ਦੇ ਤਿਆਗਨ ਵਿਚ ਸਦਾ ਤਿਆਰ ਰਹਨਾ ਚਾਹੀਏ॥

੫—ਸਬ ਕੰਮ ਧਰਮ ਦੇ ਅਨੁਸਾਰ ਅਰਥਾਤ ਸੱਚ ਅਰ ਝੂਠ ਨੂੰ ਵਿਚਾਰ ਕਰਕੇ ਕਰਨੇ ਚਾਹੀਦੇ ਹਨ॥

੬—ਸੰਸਾਰ ਦਾ ਉਪਕਾਰ ਕਰਨਾ ਏਸ ਸਮਾਜ ਦਾ ਮੁੱਖ ਉੱਦੇਸ਼ ਹੈ ਅਰਥਾਤ ਸ਼ਰੀਰ, ਆਤਮਾ ਅਤੇ ਸਮਾਜ ਸੰਬੰਧੀ ਉੱਨਤੀ ਕਰਨਾ॥

੭—ਸਬ ਨਾਲ ਪ੍ਰੇਮ ਪੂਰਵਕ ਧਰਮ ਦੇ ਅਨੁਸਾਰ ਯਥਾਯੋਗ ਵਰਤਨਾ ਚਾਹੀਏ।

੮—ਅਵਿਦਿਆ ਦਾ ਨਾਸ਼ ਅਰ ਵਿਦਿਆ ਦੀ ਬ੍ਰਿੱਧੀ ਕਰਨੀ ਚਾਹੀਏ॥

੯—ਪ੍ਰਤਯੇਕ ਮਨੁੱਸ਼ ਨੂੰ ਅਪਨੀ ਹੀ ਉੱਨਤੀ ਵਿਚ ਸੰਤੋਸ਼ੀ ਨਾ ਰਹਨਾ ਚਾਹੀਏ ਕਿੰਤੂ ਸਬ ਦੀ ਉੱਨਤੀ ਵਿਚ ਅਪਨੀ ਉੱਨਤੀ ਸਮਝਨੀ ਚਾਹੀਏ॥

੧੦—ਸਬ ਮਨੁੱਸ਼ਾਂ ਨੂੰ ਸਰਵਥਾ ਵਿਰੋਧ ਛੱਡਕੇ ਸਮਾਜ ਸੰਬੰਧੀ ਸਰਵਹਿਤਕਾਰੀ ਨਿਯਮ ਪਾਲਨ ਵਿਚ ਪਰਤੰਤ੍ਰ ਰਹਿਨਾ ਚਾਹੀਏ। ਅਰ ਨਿਜ ਸੰਬੰਧੀ ਨਿਯਮ ਪਾਲਨ ਵਿਚ ਸਬ ਸ੍ਵਤੰਤ੍ਰ ਰਹਿਨ॥

—+:ᔕ:◯:ᔕ:+—

(ਮੂਚਨਾ)ਪੁਰਸ਼ ਇਸਤ੍ਰੀ ਸਭਨਾਂ ਦੇ ਵਾਸਤੇ ਇਹ ਨਿਯਮ ਇੱਕੋ ਜਿਹੇ ਹਨ॥

Generated by CamScanner from intsig.com

ਵਿਗਿਆਪਨ ।

ਪੁਸਤਕਾਲਯ ਆਰਯਸਮਾਜ ਲਾਹੌਰ (ਵੱਛੋਵਾਲੀ)

ਸਬ ਸੱਜਨ ਪੁਰੁਸ਼ਾਂ ਦੀ ਸੇਵਾ ਵਿੱਚ ਪ੍ਰਾਰਥਨਾ ਹੈ ਕਿ ਇਸ ਪੁਸਤਕਾ-ਲਯ ਵਿਚ ਆਰਯਸਮਾਜ (ਵੈਦਿਕਧਰਮ) ਸੰਬੰਧੀ ਪੁਸਤਕਾਂ ਹਰ ਇੱਕਜ਼ਬਾਨ ਵਿੱਚ ਅੰਗ੍ਰੇਜ਼ੀ, ਸ਼ਾਸਤ੍ਰੀ, ਉਰਦੂ, ਗੁਰੁਮੁਖੀ ਆਦਿ ਮਿਲਦੀਆਂ ਹਨ । ਚੂੰਕਿ ਏਹ ਪੁਸਤਕਾਲਯ ਸਮਾਜ ਦੀ ਮਲਕੀਯਤ ਦਾ ਹੈ ਇਸ ਵਾਸਤ ਪੁਸਤਕਾਂ ਉੱਤੇ ਬਹੁਤ ਥੋੜਾ ਨਫਾ ਲੀਤਾ ਜਾਂਦਾ ਹੈ ਅਰ ਉਸ ਵਿਚ ਜੋ ਕੁਝ ਬਚਤ ਰਹਿੰਦੀਹੈ, ਓਹ ਭੀ ਸਮਾਜ ਦੇ ਕੰਮਾਂ ਵਿੱਚ ਖਰਚ ਕੀਤੀ ਜਾਂਦੀਹੈ, ਇਸ ਲਈ ਆਸ਼ਾਹੈ ਕਿ ਸਬਸੱਜਨ ਇਸ ਪੁਸਤਕਾਲਯ ਤੋਂ ਹੀ ਸਬਤਰਾਂ ਦੀਆਂ ਪੁਸਤਕਾਂ ਮੰਗਵਾਇਆ ਕਰਨਗੇ । ਇਸਤੋਂ ਦੋ ਲਾਭਹਨ, ਇੱਕਤਾਂ ਪੁਸਤਕਾਂ ਸਸਤੇ ਮੁੱਲ ਮਿਲਨਗੀਆਂ, ਦੂਜੇ ਨਫੇ ਦਾ ਰੁਪਯਾ ਧਰਮ ਦੇ ਕੰਮਾਂ ਉੱਪਰ ਲੱਗੇਗਾ ॥ ਹੇਠ ਲਿਖੀਆਂ ਗੁਰਮੁਖੀ ਪੋਥੀਆਂ ਇਸ ਪੁਸਤਕਾਲਯ ਤੋਂ ਮਿਲ ਸਕਦੀਆਂ ਹਨ ।

ਖਾਲਸਾ ਮਤ ਪ੍ਰਕਾਸ਼—ਇਸ ਪੁਸਤਕ ਵਿਚ ਇਸ ਬਾਤਦਾ ਨਿਰਣਯ ਕੀਤਾ ਹੈ ਕਿ ਗ੍ਰੰਥ ਸਾਹਿਬ ਈਸ਼੍ਵਰ ਦੀ ਬਾਣੀ ਨਹੀਂ ਬਲਕਿ ਗ੍ਰੰਥ ਸਾਹਿਬ ਦੇ ਅਰ ਸਿੱਖਾਂ ਦੇ ਕਥਨ ਨਾਲ ਵੇਦਾਂ ਨੂੰ ਈਸ਼੍ਵਰ ਦੀ ਬਾਣੀ ਸਿੱਧ ਕੀਤਾ ਹੈ। ਮੁੱਲ ਇੱਕਕਾਪੀ ≡)
ਖਾਲਸਾਮਤਪ੍ਰਕਾਸ਼ ਉਰਦੂ ਵਿਚ =)॥

ਪੰਜਾਬੀ ਸੁਰਮਾ—ਇਹ ਗੁਰ-ਮੁਖੀ ਦਾ ਮਾਹਵਾਰੀ ਰਸਾਲਾ ਪੰਡਿਤ ਧਰਮਦੇਵ ਕਵਿਭੂਸ਼ਨਵੈਦਰਤਨਲਾਹੌਰ ਕੱਢਦੇਰਹੇਹਨ,ਇਸਵਿਚਧਰਮਦੇਉਤਮ ਉਪਦੇਸ਼ ਅਰ ਸਿੱਖਾਂ ਦੇ ਮਤ ਦਾ ਚੰਗੀ ਤਰਾਂ ਵਿਚਾਰ ਕੀਤਾਹੈ, ਹੁਨ ਏਹ ਬੰਦ ਹੋਚੁਕਾ ਹੈ। ਪੁਰਾਨੀਆਂ ਕਾਪੀਆਂਪੜ੍ਹਨ ਯੋਗਹਨ, ਮੁੱਲ ੮ ਪਰਚਿਆਂਦਾ ।॥)

ਪਰਮੇਸ਼੍ਵਰ ਦਾ ਨਾਉਂ—ਇਹ ਪੋਥੀ ਨਿੱਤ ਪਾਠ ਕਰਨਦੇ ਯੋਗ ਹੈ)।

ਗਾਇਤ੍ਰੀ ਮੰਤ੍ਰ—ਅਰ ਬਾਰਾਮਾਹ ਸਤਧਰਮ ਵਿਚਾਰ—ਏਹ ਪੰਜਾਬੀਨਜ਼ਮ ਵਿਚ ਗਾਇਤ੍ਰੀ ਮੰਤ੍ਰ ਦੀ ਵਜਾਖਜਾਹੈ)।
ਸਤ ਧਰਮ ਸ਼ਿਖਛਾ—ਪੰਜਾਬੀ ਬੈਂਤ)।
ਸੱਚ ਦਾ ਵਿਚਾਰ—ਪੰਜਾਬੀਬੈਂਤ)।
ਇਸਤ੍ਰੀ ਸੁਧਾਰ—ਪਹਿਲਾਭਾਗ)॥
ਇਸਤ੍ਰੀ ਸੁਧਾਰ—ਦੂਜਾਭਾਗ)॥
ਇਸਤ੍ਰੀ ਸੁਧਾਰ—ਤੀਜਾਭਾਗ)।
ਉੱਤਮ ਕਿੱਸਾ—ਨਜ਼ਮਪੰਜਾਬੀ)
ਆਰਯਗਾਯਨ—ਭਜਨ ਪੁਸਤਕ ॥—
ਸੰਗੀਤ ਪੁਸ਼ਪਾਦਲੀ ਵੱਡੀ ॥
ਸੰਗੀਤ ਪੁਸ਼ਪਾਵਲੀ ਛੋਟੀ ।
ਸੰਧਿਆ ਅਰਥ ਵਿਧਿ ਸਹਿਤ)
ਸੁੰਦਰ ਭਜਨ

ਮਿਲਨ ਦਾ ਪਤਾ——

ਬੋਸਾਰਾਮ ਪੁਸਤਕਾਧਜ਼ਖਛ ਆਰਯਸਮਾਜ
ਲਾਹੌਰ (ਵੱਛੋਵਾਲੀ)

Generated by CamScanner from intsig.com